ਖੰਡਾ ਬਾਟਾ

ਸੋਹਣ ਸਿੰਘ ਸੀਤਲ

Digitized by Panjab Digital Library | www.panjabdigilib.org

Digitized by Panjab Digital Library / www.panjabdigilib.org

Digitized by Panjab Digital Library | www.panjabdigilib.org

ਸਤਿ ਸ੍ਰੀ ਅਕਾਲ

Digitized by Panjab Digital Library | www.panjabdigilib.org

ਸਿੱਖ ਇਤਿਹਾਸ ਦੇ ਸੋਮੇ

(ਚੌਥਾ ਭਾਗ)

ਲੇਖਕ

ਜੋਗਿੰਦਰ ਸਿੰਘ ਮੀਤਲ

Digitized by Panjab Digital Library | www.panjabdigilib.org

ਕਿੱਥੇ

ਸਿੱਖ ਇਤਿਹਾਸ ਦੇ ਸੋਮੇ

ਪਹਿਲਾ ਭਾਗ ਵਿਚ

੧. ਸ੍ਰੀ ਗੁਰ ਸੋਭਾ, ਕਰਤਾ ਸੈਨਾਪਤੀ

੨. ਗੁਰਬਿਲਾਸ, ਕਰਤਾ ਕੌਇਰ ਸਿੰਘ

੩. ਗੁਰਬਿਲਾਸ, ਛੇਵੀਂ ਪਾਤਸ਼ਾਹੀ

੪. ਗੁਰਬਿਲਾਸ, ਕਰਤਾ ਸੁੱਖਾ ਸਿੰਘ

੫. ਬੰਸਾਵਲੀਨਾਮਾ, ਕਰਤਾ ਕੇਸਰ ਸਿੰਘ ਛਿਬਰ

ਦੂਜਾ ਭਾਗ ਵਿਚ :

੧. ਗੁਰੂ ਨਾਨਕ ਮਹਿਮਾ, ਕਰਤਾ ਸਰੂਪ ਦਾਸ ਭੱਲਾ

੨. ਮਹਿਮਾ ਪ੍ਰਕਾਸ਼, ਕਰਤਾ ਸਰੂਪ ਦਾਸ ਭੱਲਾ।

੩. ਨੌਂ ਗੁਰ-ਪ੍ਰਣਾਲੀਆਂ

ਤੀਜਾ ਭਾਗ ਵਿਚ :

੧. ਨਾਨਕ ਪ੍ਰਕਾਸ਼, ਕਰਤਾ ਕਵੀ ਸੰਤੋਖ ਸਿੰਘ

ਚੌਥਾ ਭਾਗ ਤੁਹਾਡੇ ਹੱਥ ਵਿਚ ਹੈ।

ਪੰਜਵਾਂ ਭਾਗ ਵਿਚ :

੧. 'ਗੁਰ ਪ੍ਰਤਾਪ ਸੂਰਜ' ਦੇ ਅੰਤ ਤਕ, ਦੋ ਰਾਸਾਂ, ਛੇ ਰੁੱਤਾਂ, ਤੇ ਦੋ ਐਨ ਹੰਨ।

Digitized by Panjab Digital Library | www.panjabdigilib.org

ਸਿੱਖ ਇਤਿਹਾਸ ਦੇ ਸੋਮੇ

ਚੌਥਾ ਭਾਗ

(ਇਸ ਵਿਚ ਕਵੀ ਸੰਤੋਖ ਸਿੰਘ ਦੀ ਮਹਾਨ ਰਚਨਾ
'ਗੁਰ ਪ੍ਰਤਾਪ ਸੂਰਜ'
ਦੀਆਂ ਪਹਿਲੀਆਂ ਦਸ ਰਾਸਾਂ ਹਨ।)

ਲੇਖਕ

ਜੋਧ ਸਿੰਘ ਸੀਤਲ'

ਸੀਤਲ ਪੁਸਤਕ ਭੰਡਾਰ

ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ—੨

ਮੁੱਲ [redacted] ਰੁਪੈ

55/00

Digitized by Panjab Digital Library | www.panjabdigilib.org

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪ੍ਰਕਾਸ਼ਕ :
ਸੋਹਣ ਸਿੰਘ 'ਸੀਤਲ'
ਸੀਤਲ ਭਵਨ, ਮਾਡਲ ਗਰਾਮ,
ਲੁਧਿਆਣਾ—੨

ਪਹਿਲੀਵਾਰ, ਨਵੰਬਰ, ੧੯੮੩ ਈ.

ਪ੍ਰਿੰਟਰ :
ਜੀ. ਐਸ. ਪ੍ਰਿੰਟਰਜ਼, ਲੁਧਿਆਣਾ ਵਿਚ ਛਪਿਆ।

ਮੰਗ
ਬਾਬ
ਬੰਸ
ਰਾਮ
ਬੇਦੀ
ਗੁਰ
ਕਥਾ
ਸਿੱਖ
ਹਰੀ
ਅਮ
ਗੁਰੂ
ਅਮ
ਗੋਇ
ਵਰ
ਖਡੂ
ਗੁਰੂ
ਸ਼ੀਹ
ਗੁਰੂ
ਗੁਰੂ
ਸਾਵ
ਹਰੀ
ਸੱਚ

Digitized by Panjab Digital Library | www.panjabdigilib.org

ਤਤਕਰਾ

ਪਹਿਲੀ ਰਾਸ

ਮੰਗਲ	੧੩	ਦਾਤੂ ਨੇ ਗੁਰੂ ਜੀ ਨੂੰ ਲੱਤ ਮਾਰੀ	੪੫
ਬਾਬਾ ਬੁਢਾ—ਰਾਮ ਕੁਇਰ	੧੪	ਗੁਰੂ ਜੀ ਅਗਿਆਤ ਵਾਸ	੪੬
ਬੰਸਾਵਲੀ ਬਾਬਾ ਬੁਢਾ	੧੫	ਸੰਨ੍ਹ ਸਾਹਿਬ	੪੭
ਰਾਮ ਕੁਇਰ ਤੇ ਪਠਾਣ	੧੫	ਸਿੱਖਾਂ ਦੇ ਪ੍ਰਸੰਗ	੪੭
ਬੇਦੀ ਬੰਸ	੧੭	ਰਾਮਦਾਸ ਜੀ ਦੀ ਮੁਢਲੀ ਕਥਾ	੫੨
ਗੁਰ ਪ੍ਰਣਾਲੀ	੧੯	ਮਾਈ ਦਾ ਮੋਇਆ ਪੁਤਰ ਜ਼ਿੰਦਾ	
ਕਥਾ ਗੁਰੂ ਅੰਗਦ ਦੇਵ ਜੀ	੨੧	ਕੀਤਾ	੫੩
ਸਿੱਖਾਂ ਦੇ ਪ੍ਰਸੰਗ	੨੩	ਮੇਂਲੇ ਦੀ ਰੀਤ ਤੋਰੀ	੫੪
ਹਰੀ ਕੇ ਤੇ ਖਡੂਰ ਦੇ ਚੌਧਰੀ	੨੬	ਰਾਮਦਾਸ ਜੀ ਲਾਹੌਰ ਗਏ	੫੫
ਅਮਰਦਾਸ ਜੀ ਮੁਢਲੀ ਕਥਾ	੨੭	ਤੀਰਥ ਯਾਤਰਾ	੫੭
ਗੁਰੂ ਜੀ ਨਾਲ ਮਿਲਾਪ	੨੮	ਕੁਰਛੇਤਰ	੫੮
ਅਮਰਦਾਸ ਜੀ ਨੂੰ ਗੁਰਿਆਈ	੩੨	ਮੇਦਨੀ—ਮਧੁ ਕੈਟਭ ਯੁੱਧ	੫੯
ਗੋਇੰਦਵਾਲ ਵਸਾਉਣਾ	੩੩	ਜਮਨਾ ਦੀ ਕਥਾ	੬੧
ਵਰਣ ਦੇਵਤਾ ਦਾ ਮੇਲ	੩੪	ਸੂਰਜ ਦੀ ਕਥਾ	੬੩
ਖਡੂਰ ਦਾ ਤਪਾ	੩੫	ਪੰਡਤ ਨੂੰ ਬਖ਼ਸ਼ਸ਼	੬੫
ਗੁਰੂ ਅੰਗਦ ਜੀ ਗੋਇੰਦਵਾਲ ਗਏ	੩੭	ਬਾਉਲੀ ਆਰੰਭ	੬੫
ਸ਼ੀਹਾਂ ਉੱਪਲ	੩੭	ਮਾਈਦਾਸ ਵੈਸ਼ਨੋ	੬੭
ਗੁਰੂ ਅੰਗਦ ਜੀ ਸਮਾਣੇ	੩੮	ਮਾਣਕ ਚੰਦ	੬੭
ਗੁਰੂ ਅਮਰਦਾਸ ਜੀ ਗੱਦੀ ਬੈਠੇ	੪੦	ਚਤੜ ਨੂੰ ਘੇਰਾ	੬੮
ਸਾਵਣ ਮੱਲ ਨੂੰ ਹਰੀ ਪੁਰ ਭੇਜਣਾ	੪੨	ਪਤੀ ਬ੍ਰਤ ਮਾਈ	੬੯
ਹਰੀ ਪੁਰ ਦਾ ਰਾਜਾ ਸਿੱਖ ਬਣਿਆਂ	੪੩	ਸਿੱਖਾਂ ਗੱਦੀ ਬਾਰੇ ਪੁਛਿਆ	੭੦
ਸੱਚਨ ਸੱਚ	੪੪	ਬਾਉਲੀ ਮਹਾਤਮ	੭੧

Digitized by Panjab Digital Library | www.panjabdigilib.org

ਜੋਗੀ, ਅਨੰਦ ਦੇ ਰੂਪ ਵਿਚ ਜਨਮਿਆਂ ੭੨
ਤਪਾ—ਮੱਥੇ ਮੁਰਾਰੀ ੭੩
ਖੇਡਾ—ਗੋਂਦੇ ਦੇ ਪੁੱਤਰ ੭੫
ਬੇਨਾ ਪੰਡਤ ਤੇ ਹੋਰ ਸਿੱਖ ੭੭
ਬਾਲਕ ਜ਼ਿੰਦਾ—ਅਕਬਰ ਆਇਆ ੭੮
ਬੀਬੀ ਭਾਨੀ ੭੯
ਭਾਨੀ ਨੂੰ ਵਰ ੮੦
ਪਾਰੋ ਸੁਰਗਵਾਸ-ਮੋਹਰੀ ਟਕੇ ਗਿਣੇ ੮੧
ਰਾਮਦਾਸ ਨੂੰ ਉਮਰ ਤੇ ਗੱਦੀ ੮੧
ਅਮਰਦਾਸ ਜੀ ਸਮਾਣੇ ੮੩

ਦੂਜੀ ਰਾਸ

ਰਾਮਦਾਸ ਨੂੰ ਗੱਦੀ ੮੪
ਸਿੱਧਾਂ ਨਾਲ ਚਰਚਾ ੮੪
ਤਪਾ ਸਿੱਖ ੮੫
ਚਤੌੜ ੮੬
ਚਤੌੜ ਬਾਰੇ ਵਰ ? ੮੭
ਗੋਇੰਦਵਾਲ ਦੀ ਕਥਾ ੮੭
ਅਕਬਰ ਵੱਲੋਂ ਜਾਗੀਰ ੮੮
ਤੀਰਥ ਰਚਣ ਬਾਰੇ ੮੮
ਸੰਤੋਖ ਸਰ ੮੯
ਅੰਮ੍ਰਿਤਸਰ ਦੀ ਸੇਵਾ ੯੦
ਭਾਈ ਸੰਹਾਰੀ ਲਾਹੌਰੋਂ ਆਏ ੯੦
ਅਰਜਨ ਦੇਵ ਜੀ ਦਾ ਲਾਹੌਰ ਜਾਣਾ ੯੧
ਸਿੱਖਾਂ ਨੂੰ ਉਪਦੇਸ਼ ੯੨
ਬਿਧੀ ਚੰਦ ਸ਼ਰਨ ਆਇਆ ੯੩
ਅਰਜਨ ਦੇਵ ਜੀ ਦੀਆਂ ਚਿੱਠੀਆਂ ੯੩
ਅਰਜਨ ਜੀ ਨੂੰ ਲਾਹੌਰੋਂ ਬੁਲਾਇਆ ੯੪
ਪ੍ਰਿਥੀਏ ਪਾਸੋਂ ਚਿੱਠੀਆਂ ਮਿਲੀਆਂ ੯੪
ਅਰਜਨ ਦੇਵ ਜੀ ਨੂੰ ਗੁਰਿਆਈ ੯੪
ਗੁਰੂ ਰਾਮਦਾਸ ਜੀ ਗੋਇੰਦਵਾਲ ੯੫
ਗੁਰੂ ਰਾਮਦਾਸ ਜੀ ਸਮਾਣੇ ੯੫
ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਪੁੱਜੇ ੯੬
ਭਾਈ ਗੁਰਦਾਸ ਅੰਮ੍ਰਿਤਸਰ ੯੭
ਭਾਈ ਕਲਿਆਣਾ ੯੮
ਰਾਜੇ ਸਮੇਤ ਕਲਿਆਣਾ ਅੰਮ੍ਰਿਤਸਰ ੯੮
ਸੁਪਨੇ ਵਿਚ ਰਾਜਾ ਚੰਡਾਲ ਬਣਿਆਂ ੯੯
ਸਤੋਖਸਰ ਵਿਚੋਂ ਜੋਗੀ ਨਿਕਲਿਆ ੧੦੦
ਪਿੰਗਲੇ ਦੀ ਸਾਖੀ ੧੦੧
ਅੰਮ੍ਰਿਤ-ਸਰੋਵਰ ਪਰਗਟ ੧੦੧
ਸਿੱਖਾਂ ਦੇ ਪ੍ਰਸੰਗ ੧੦੨
ਭਾਈ ਭਗਤੂ ੧੦੨
ਭਾਈ ਮੰਢ ੧੦੩
ਭਾਈ ਬਹੋੜਾ ੧੦੫
ਭਾਈ ਬਹਿਲੋ ੧੦੫
ਬੁੱਧੂ ਦਾ ਆਵਾ—ਲੱਖੂ ੧੦੬
ਪੰਡਤ ਗੰਗਾ ਰਾਮ ੧੦੬
ਮਸੰਦਾਂ ਦਾ ਖੋਟ ੧੦੭
ਪ੍ਰਭੂ ਸਰੋਵਰ ਦੀ ਸੇਵਾ ਕਰਨ ਆਇਆ ੧੦੮
ਹਰਿਮੰਦਰ ਦੀ ਉਸਾਰੀ ੧੦੮
ਅੰਮ੍ਰਿਤਸਰ ਨੱਗਰ ਵੱਸਿਆ ੧੦੯
ਬਾਬਾ ਬੁਢਾ ਜੀ ਵੱਲੋਂ ਪ੍ਰਸੰਗ ੧੧੦

ਤੀਜੀ ਰਾਸ

ਮਾਤਾ ਗੰਗਾ ਜੀ ਦੀ ਪੁੱਤਰ ਵਾਸਤੇ ਬੇਨਤੀ ੧੧੨
ਬਾਬਾ ਬੁਢਾ ਜੀ ਦਾ ਵਰ ੧੧੩
ਜਨਮ ਹਰਿਗੋਬਿੰਦ ਜੀ ੧੧੩

Digitized by Panjab Digital Library | www.panjabdigilib.org

ਜ਼ਹਿਰ ਦੇਣ ਵਾਲੀ ਦਾਈ ੧੧੪
ਸਰਪ ਦਾ ਉਧਾਰ ੧੧੫
ਗੁਰੂ ਜੀ ਵਾਪਸ ਅੰਮ੍ਰਿਤਸਰ ੧੧੬
ਹਰਿਗੋਬਿੰਦ ਜੀ ਨੂੰ ਸੀਤਲਾ ੧੧੭
ਪੰਡਤ ਰਾਹੀਂ ਜ਼ਹਿਰ ਦੇਣ ਦਾ ਯਤਨ ੧੨੦
ਪ੍ਰਿਥੀਏ ਨੇ ਝਗੜਨਾ ੧੨੦
ਗੁਰੂ ਜੀ ਤੇ ਮਹਾਂਦੇਵ ੧੨੧
ਪ੍ਰਿਥੀਆ ਸੁਲਹੀ ਨੂੰ ਮਿਲਿਆ ੧੨੧
ਪਿੰਡ ਹੇਹਰ, ਪ੍ਰਿਥੀਏ ਮੰਦਰ ਬਣਾਇਆ ੧੨੨
ਪ੍ਰਿਥੀਆ ਤੇ ਭਾਈ ਗੁਰਦਾਸ ੧੨੨
ਪ੍ਰਿਥੀਆ ਜਹਾਂਗੀਰ ਨੂੰ ਮਿਲਿਆ ੧੨੩
ਪ੍ਰਿਥੀਏ ਨੂੰ ਪਿੰਡ 'ਕੋਠਾ' ਮਿਲਿਆ ੧੨੩
ਪੰਡਤ ਨਾਲ ਚਰਚਾ, ਸਿੱਖ ਬਣਿਆਂ ੧੨੩
ਹਰਿਗੋਬਿੰਦ ਜੀ ਨੂੰ ਬੁਖ਼ਾਰ ੧੨੪
ਹਰਿਗੋਬਿੰਦ ਜੀ ਪੜ੍ਹਨੇ ਬੈਠੇ ੧੨੫
ਪੈੜੇ ਨੇ ਪ੍ਰਾਣ ਸੰਗਲੀ ਲਿਆਂਦੀ ੧੨੫
ਗੁਰੂ ਜੀ ਪੋਥੀਆਂ ਲੈਣ ਗਏ ੧੨੭
ਪੋਥੀਆਂ ਮਿਲੀਆਂ ੧੨੯
ਦਾਤੂ ਦਾ ਦਰਦ ਹਟਾਇਆ ੧੩੦
ਰਾਮ ਸਰ ੧੩੦
ਗੁਰੂ ਗ੍ਰੰਥ ਲਿਖਣਾ ਸ਼ੁਰੂ ੧੩੦
ਸੁਖਮਨੀ—ਸੱਤਾ ਬਲਵੰਡ ੧੩੧
ਭਾਈ ਲੱਧਾ ਉਪਕਾਰੀ ੧੩੨
ਸੱਤੇ ਬਲਵੰਡ ਨੂੰ ਮਾਫ਼ੀ ੧੩੩
ਕਾਹਨਾ, ਪੀਲੂ ਆਦਿ ੧੩੩
ਵੇਦ ਭੱਟਾਂ ਦਾ ਰੂਪ ਧਾਰ ਕੇ ਆਏ ੧੩੫
ਗੁਰੂ ਗ੍ਰੰਥ ਜੀ ਦੀ ਬੀੜ ੧੩੬
ਹਰਿਮੰਦਰ ਤੇ ਗੁਰੂ ਗ੍ਰੰਥ ਦੀ ਮਹਿਮਾ ੧੩੭
ਸਿੱਖਾਂ ਦੇ ਪ੍ਰਸੰਗ ੧੩੭
ਤਰਨ ਤਾਰਨ ਸਰੋਵਰ ੧੪੮
ਭਾਈ ਭਿਖਾਈ ੧੪੯

ਚੌਥੀ ਰਾਸ

ਚੰਦੂ ਨੇ ਲਾਗੀ ਭੇਜੇ ੧੫੦
ਚੰਦੂ ਦੀ ਕੰਨਿਆਂ ਦਾ ਸਗਨ ਮੋੜਿਆ ੧੫੧
ਦੋ ਸਗਾਈਆਂ ੧੫੨
ਚੰਦੂ ਵੈਰੀ ਬਣ ਗਿਆ ੧੫੩
ਹਰਿਗੋਬਿੰਦ ਜੀ ਦਾ ਵਿਆਹ ੧੫੫
ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ ੧੫੬
ਸੁਲਹੀ ਸੜ ਮਰਿਆ ੧੫੬
ਚੰਦੂ ਤੇ ਪ੍ਰਿਥੀਏ ਦਾ ਮੇਲ ੧੫੭
ਮਹਾਂਦੇਵ ਸੁਰਗਵਾਸ ੧੫੮
ਜਹਾਂਗੀਰ ਕਸ਼ਮੀਰ ਨੂੰ ੧੫੮
ਸੁਲਬੀ ਮਰਿਆ ੧੫੮
ਪ੍ਰਿਥੀਆ ਸੁਰਗਵਾਸ ੧੫੯
ਸ੍ਰੀ ਚੰਦ ਨੇ ਭੇਟਾ ਮੰਗੀ ੧੬੦
ਖ਼ੁਸ਼ਰੋ ਦਾ ਆਉਣਾ ੧੬੧
ਗੁਰੂ ਜੀ ਲਾਹੌਰ ਗਏ ੧੬੨
ਅਰਥ ਮੱਲ ਜੀ ਮਿਲੇ ੧੬੨
ਗੁਰੂ ਜੀ ਨੂੰ ਚੰਦੂ ਦੇ ਘਰ ਕਸ਼ਟ ੧੬੩
ਚੰਦੂ ਦੀ ਨੌਂਹ ੧੬੪
ਜੋਤੀ ਜੋਤਿ ਸਮਾਏ ੧੬੫
ਗੁਰੂ ਹਰਿਗੋਬਿੰਦ ਜੀ ਦਾ ਪ੍ਰਣ ੧੬੬
ਅਕਾਲ ਬੁੰਗਾ ਰਚਿਆ ੧੬੮
ਚੰਦੂ ਨੇ ਫਿਰ ਸਗਾਈ ਹਿਤ ਲਾਗੀ ਭੇਜੇ ੧੭੦
ਜਹਾਂਗੀਰ ਦਾ ਸੱਦਾ ੧੭੦
ਗੁਰੂ ਜੀ ਦਾ ਦਿੱਲੀ ਜਾਣਾ ੧੭੧

Digitized by Panjab Digital Library | www.panjabdigilib.org

ਮਜਨੂੰ ਦੇ ਟਿੱਲੇ ਉਤੇ ੧੭੧
ਜਹਾਂਗੀਰ ਨਾਲ ਮੇਲ ੧੭੨
ਸ਼ੇਰ ਮਾਰਿਆ ੧੭੨
ਘਾਹੀ ਸਿੱਖ ੧੭੩
ਨਜੂਮੀ ਸ਼ਾਹ ਕੋਲ, ਗਵਾਲੀਅਰ ਜਾਣਾ ੧੭੪
ਜਹਾਂਗੀਰ ਨੂੰ ਸ਼ੇਰ ਨੇ ਡਰਾਉਣਾ ੧੭੫
ਵਜ਼ੀਰ ਖ਼ਾਂ ਲੈਣ ਗਿਆ ੧੭੬
ਮੀਆਂ ਮੀਰ ਜਹਾਂਗੀਰ ਕੋਲ ੧੭੭
ਬੰਦੀ ਛੋੜ ਦਿੱਲੀ ਆਏ ੧੭੭

ਪੰਜਵੀਂ ਰਾਸ

ਸ਼ਾਹ ਨੇ ਚੰਦੂ ਤੋਂ ਮਾਲਾ ਮੰਗੀ ੧੭੮
ਚੰਦੂ ਗੁਰੂ ਜੀ ਦੇ ਹਵਾਲੇ ੧੭੯
ਮਜਨੂੰ ਦਾ ਪ੍ਰਸੰਗ ੧੮੦
ਅੰਮ੍ਰਿਤਸਰ ਪੁੱਜੇ ੧੮੨
ਗੁਰੂ ਜੀ ਲਾਹੌਰ ੧੮੨
ਚੰਦੂ ਦੀ ਮੌਤ ੧੮੩
ਕਸ਼ਮੀਰ ਨੂੰ ਰਵਾਨਗੀ ੧੮੩
ਗੁਰੂ ਜੀ ਮੇਹਰਬਾਨ ਪਾਸ ੧੮੪
ਸ਼ਾਹ ਨੇ ਘੋੜਾ ਖੋਹਿਆ ੧੮੪
ਕਾਜ਼ੀ ਨਾਲ ਝਗੜਾ ੧੮੫
ਕੌਲਾਂ ੧੮੫
ਮੀਆਂ ਮੀਰ ਤੇ ਗੁਰੂ ਜੀ ੧੮੬
ਕੌਲਾਂ ਗੁਰੂ ਜੀ ਦੀ ਸ਼ਰਣ ੧੮੬
ਕਾਜ਼ੀ ਪੈਸਾ ਲੈਣ ਆਇਆ ੧੮੭
ਕਾਜ਼ੀ ਸ਼ਾਹ ਕੋਲ ਫ਼ਰਯਾਦੀ ੧੮੮
ਗੁਰੂ ਜੀ ਦਾ ਦੂਸਰਾ ਵਿਆਹ ੧੮੮
ਨਾਨਕ ਮਤਾ ਤੇ ਅਲਮਸਤ ੧੮੯
ਸਾਂਈਦਾਸ ਤੈ ਰਾਮੋ ੧੮੯
ਗੁਰੂ ਜੀ ਨਾਨਕ ਮਤੇ ੧੯੦
ਗੁਰੂ ਜੀ ਡਰੋਲੀ ਪੁੱਜੇ ੧੯੧
ਜਨਮ ਬਾਬਾ ਗੁਰਦਿਤਾ ੧੯੨
ਬਾਬਾ ਬੁਢਾ ਜੀ ਨੇ ਚੌਂਕੀ ਤੋਰੀ ੧੯੩
ਗੁਰੂ ਜੀ ਅੰਮ੍ਰਿਤਸਰ ਆਏ ੧੯੩
ਸਿੱਖਾ ਦੇ ਪ੍ਰਸੰਗ ੧੯੪
ਵਕਤਾ ਤੇ ਸ੍ਰੋਤਾ ਦੇ ਗੁਣ ੧੯੫
ਮਾਈ ਭਾਗ ਭਰੀ ੧੯੮
ਗੁਰੂ ਜੀ ਸ੍ਰੀ ਨਗਰ ੧੯੮
ਕੱਟੂ ਸ਼ਾਹ—ਸੇਵਾ ਦਾਸ ੧੯੯
ਕਸ਼ਮੀਰ ਤੋਂ ਵਾਪਸੀ ੨੦੦
ਤੀਸਰਾ ਵਿਆਹ ੨੦੧
ਬੀਬੀ ਵੀਰੋ ਤੇ ਅਣੀ ਰਾਏ ਦਾ ਜਨਮ ੨੦੨
ਜਨਮ ਅਟੱਲ ਰਾਏ ੨੦੨
ਕਉਲਾਂ ਤੇ ਕੌਲਸਰ ੨੦੩
ਗੁਰਦਿਤਾ ਜੀ ਦਾ ਵਿਆਹ ੨੦੪
ਭਾਈ ਮਿਹਰਾ ੨੦੪
ਮਾਤਾ ਗੰਗਾ ਜੀ ਸਮਾਏ ੨੦੫
ਜਨਮ ਤੇਗ਼ ਬਹਾਦਰ ਜੀ ੨੦੫
ਵੀਰੋ ਦੇ ਵਿਆਹ ਦੀ ਤਿਆਰੀ ੨੦੫
ਬਬੇਕ ਸਰ ਰਚਨਾ ੨੦੬

ਛੇਵੀਂ ਰਾਸ

ਨਾਰਦ ਤੇ ਕਲ੍ਹੇ ਆਏ ੨੦੭
ਬਾਜ਼ ਪਕੜਿਆ ੨੦੮
ਸ਼ਾਹੀ ਸੈਨਾ ਦੀ ਚੜ੍ਹਾਈ ੨੦੮
ਲੋਹ ਗੜ੍ਹ ਯੁੱਧ ੨੦੯
ਬੀਬੀ ਵੀਰੋ ਦਾ ਵਿਆਹ ੨੧੨
ਗੁਰੂ ਜੀ ਗੋਇੰਦਵਾਲ ੨੧੩
ਕਰਤਾਰਪੁਰ ਪੁੱਜੇ ੨੧੩
ਕਉਲਾਂ ਸੁਰਗਵਾਸ ੨੧੪

Digitized by Panjab Digital Library | www.panjabdigilib.org

ਪਠਾਣ ਸਿੱਖ ਬਣਿਆਂ ੨੧੪
ਭਗਵਾਨਦਾਸ ਘੇਰੜ ੨੧੫
ਰਤਨ ਚੰਦ ਤੇ ਕਰਮ ਚੰਦ ਸੂਬੇ ਨੂੰ ਚੜ੍ਹਾ ਲਿਆਏ ੨੧੬
ਜੰਗ ਹਰਿਗੋਬਿੰਦਪੁਰਾ ੨੧੭
ਜਪੁਜੀ ਦਾ ਸੁੱਧ ਪਾਠ ੨੧੯
ਹਰਿਗੋਬਿੰਦਪੁਰ ਵਸਾਇਆ ੨੨੦
ਖ਼ਵਾਜਾ ਤੇ ਜਾਨੀ ਮੱਯਦ ੨੨੦
ਕਾਂਸ਼ੀ ਦੀ ਸੰਗਤ—ਬਾਜ਼ ਤੇ ਬਟੇਰ ੨੨੧
ਭਾਈ ਗੁੜੀਆ—ਮੀਆਂ ਦੌਲਾ ੨੨੧
ਪੰਡਤ ਨਿਤਾਨੰਦ ੨੨੨
ਬਾਬਾ ਬੁੱਢਾ ਸੁਰਗਵਾਸ ੨੨੩
ਮਾਈ ਦੇਸਾਂ ਨੂੰ ਸੱਤ ਪੁੱਤ ੨੨੩
ਗਊ ਤੇ ਧਰਤੀ ੨੨੪
ਅੰਮ੍ਰਿਤਸਰ ਆਏ ੨੨੫
ਜਨਮ ਧੀਰ ਮੱਲ ੨੨੫
ਅਟੱਲ ਰਾਏ ਨੇ ਮੋਹਨ ਜਿਵਾਇਆ ੨੨੬
ਅਟੱਲ ਰਾਏ ਸੁਰਗਵਾਸ ੨੨੬

ਸੱਤਵੀਂ ਰਾਸ

ਭਾਈ ਗੁਰਦਾਸ ਨੇ ਘੋੜੇ ਖ਼ਰੀਦੇ ੨੨੭
ਭਾਈ ਗੁਰਦਾਸ ਕਾਂਸ਼ੀ ਵਿਚ ੨੨੮
ਗੁਰਦਾਸ ਕਾਂਸ਼ੀ ਤੋਂ ਅੰਮ੍ਰਿਤਸਰ ੨੨੯
ਸੂਰਜ ਮੱਲ ਦਾ ਵਿਆਹ ੨੩੦
ਸ੍ਰੀ ਚੰਦ—ਬੁੱਢਣ ਸ਼ਾਹ ੨੩੨
ਵਡਾਲੀ ਸੂਰ ਮਾਰਿਆ ੨੩੩
ਚੋਲ੍ਹਾ ਸਾਹਿਬ ਗਏ ੨੩੪
ਭਾਈ ਹੇਮਾ ੨੩੫
ਗੁਰਦਾਸ ਜੀ ਸੁਰਗਵਾਸ ੨੩੫
ਭਾਈ ਜੱਲ੍ਹਣ ੨੩੬
ਜਨਮ ਹਰਿਰਾਏ ਜੀ ੨੩੬
ਭਾਈ ਸਾਧੂ—ਰੂਪਾ ੨੩੭
ਮਾਤਾ ਦਮੋਦਰੀ ਸੁਰਗਵਾਸ ੨੩੮
ਰਾਮੋ ਤੇ ਸਾਂਈਂ ਦਾਸ ਸਮਾਏ ੨੩੯
ਜੋਧ ਸ਼ਾਹ ੨੪੦
ਬਖ਼ਤ ਮੱਲ ਤਾਰਾ ਚੰਦ—ਘੋੜੇ ੨੪੦
ਬਿਧੀ ਚੰਦ ਘਸਿਆਰਾ ੨੪੧
ਬਿਧੀ ਚੰਦ ਘੋੜਾ ਲੈ ਗਿਆ ੨੪੩
ਬਿਧੀ ਚੰਦ ਰਮਲੀ ਬਣਿਆਂ ੨੪੪
ਦੂਜਾ ਘੋੜਾ ਵੀ ਲੈ ਗਿਆ ੨੪੫
ਲਲਾ ਬੇਗ ਦੀ ਚੜ੍ਹਾਈ ੨੪੬
ਜੰਗ ਮਰ੍ਹਾਣ ੨੪੮
ਨਥਾਣੇ ਵਾਲਾ ਕਾਲੂ ਨਾਥ ੨੫੧
ਕਾਂਗੜੇ ਪੁੱਜੇ ੨੫੨
ਫਤੂਹੀ ਰਾਹਕ ੨੫੨
ਕਰਤਾਰਪੁਰ ਪੁੱਜੇ ੨੫੩

ਅੱਠਵੀਂ ਰਾਸ

ਬਿਧੀ ਚੰਦ ਦੀ ਪਹਿਲੀ ਕਹਾਣੀ ੨੫੪
ਬਾਲੂ ਹਸਨਾ ੨੫੬
ਤੇਗ ਬਹਾਦਰ ਜੀ ਦਾ ਵਿਆਹ ੨੫੭
ਪੈਂਦੇ ਖ਼ਾਂ ਨੂੰ ਬਖ਼ਸ਼ਸ਼ਾਂ ੨੫੮
ਉਸਮਾਨ ਖ਼ਾਂ ਤੇ ਬਾਜ਼ ੨੫੯
ਪੈਂਦੇ ਖ਼ਾਂ ਬੇ-ਮੁਖ ੨੬੦
ਕਾਲੇ ਖ਼ਾਂ ਦੀ ਚੜ੍ਹਾਈ ੨੬੧
ਧੀਰ ਮੱਲ ਦੀ ਚਿੱਠੀ ਪੈਂਦੇ ਖ਼ਾਨ ਨੂੰ ੨੬੪
ਜੰਗ ਸ਼ੁਰੂ ੨੬੪
ਪੈਂਦੇ ਖ਼ਾਂ ਦਾ ਅੰਤ ੨੬੬
ਕੀਰਤਪੁਰ ਤਿਆਰੀ ੨੬੮
ਕੀਰਤਪੁਰ ਨੂੰ ਪੁੱਜੇ ੬੬੯
ਬੁਢਣ ਸ਼ਾਹ ਸੁਰਗਵਾਸ ੨੭੦
ਬਿਧੀ ਚੰਦ ਸੁਦਰ ਸ਼ਾਹ ਪਾਸ ੨੭੧

Digitized by Panjab Digital Library | www.panjabdigilib.org

ਗੁਰਦਿਤੇ ਨੇ ਮੋਈ ਗਊ ਜਿਵਾਈ ੨੭੨
ਗੁਰਦਿਤਾ ਜੀ ਸਮਾਏ ੨੭੩
ਧੀਰ ਮੱਲ ਦੀ ਕਠੋਰਤਾ ੨੭੩
ਹਰਿਰਾਏ ਜੀ ਦੀ ਦਸਤਾਰ-ਬੰਦੀ ੨੭੪
ਤੇਗ਼ ਬਹਾਦਰ ਜੀ ੨੭੫
ਬਿਧੀ ਚੰਦ ਸੁਰਗਵਾਸ ੨੭੫
ਮਾਤਾ ਨਾਨਕੀ ਤੇ ਮਰਵਾਹੀ ੨੭੫
ਅਨੰਦ ਜੀ ਦੇ ਦਰਸ਼ਨ ੨੭੬
ਬਾਬਕ ਸੁਰਗਵਾਸ ੨੭੬
ਜਾਤੀ ਮਲਕ ਸੁਰਗਵਾਸ ੨੭੭
ਧੀਰ ਮੱਲ ਦੀ ਹਉਮੈ ੨੭੮
ਹਰਿਰਾਏ ਜੀ ਨੂੰ ਗੁਰਿਆਈ ੨੭੯
ਸੂਰਜ ਮੱਲ ਤੇ ਮਾਤਾ ਮਰਵਾਹੀ ੨੭੯
ਮਾਤਾ ਨਾਨਕੀ ਜੀ ਦੀ ਬੇਨਤੀ ੨੮੦
ਗੁਰੂ ਹਰਿਗੋਬਿੰਦ ਜੀ ਸਮਾਏ ੨੮੧
ਭਾਈ ਭਗਤੂ—ਭਾਈ ਫੇਰੂ ੨੮੨

ਨੌਵੀਂ ਰਾਸ

ਹਰੜ ਤੇ ਲੌਂਗ ੨੮੪
ਬਿਰਧ ਮਾਈ ਦਾ ਪ੍ਰਸਾਦ ਛਕਿਆ ੨੮੫
ਅਜਗਰ ਮੁਕਤ ੨੮੬
ਭਾਈ ਗੋਂਦਾ ਦੀ ਸਮਾਧੀ ੨੮੭
ਰਾਜੇ ਹਾਥੀ ਮੰਗਣ ਆਏ ੨੮੮
ਭਗਤ ਭਗਵਾਨ ੨੮੮
ਸ਼ਾਹ ਜਹਾਨ ਬੀਮਾਰ ੨੮੯
ਸ਼ੁਜਾਅ ਤੇ ਮੁਰਾਦ ਦਾ ਜੰਗ ੨੮੯
ਦਾਰਾ ਤੇ ਔਰੰਗਜ਼ੇਬ ੨੯੦
ਸ਼ਾਹ ਜਹਾਨ ਨਜ਼ਰਬੰਦ ੨੯੦
ਦਾਰਾ ਸ਼ਕੋਹ ਗੁਰੂ ਜੀ ਪਾਸ ੨੯੦
ਦਾਰਾ ਤੇ ਔਰੰਗਜ਼ੇਬ ਦਾ ਜੰਗ ੨੯੧
ਦਾਰਾ ਸ਼ਕੋਹ ਕਤਲ ੨੯੨
ਸਰਮਦ ੨੯੩
ਔਰੰਗਜ਼ੇਬ ਤੇ ਫਕੀਰ ੨੯੬
ਮਥਰਾ, ਜੈਪੁਰ, ਪੁਸ਼ਕਰ ੨੯੭
ਅਜਮੇਰ, ਕਾਂਸ਼ੋ ੨੯੮
ਔਰੰਗਜ਼ੇਬ ਦੀ ਚਿੱਠੀ ਗੁਰੂ ਜੀ ਨੂੰ ੨੯੯
ਦਿੱਲੀ ਜਾਣ ਬਾਰੇ ਵਿਚਾਰ ੨੯੯
ਰਾਮਰਾਏ ਦਿੱਲੀ ਪੁੱਜੇ ੩੦੦
ਰਾਮ ਰਾਏ ਦੀਆਂ ਕਰਾਮਾਤਾਂ ੩੦੧
ਮਿੱਟੀ ਮੁਸਲਮਾਨ ਕੀ ੩੧੦
ਗੁਰੂ ਜੀ ਨੇ ਰਾਮ ਰਾਏ ਨੂੰ ਤਿਆਗ ਦਿਤਾ ੩੧੦
ਰਾਮ ਰਾਏ ਲਾਹੌਰ ਨੂੰ ੩੧੧

ਦਸਵੀਂ ਰਾਸ

ਸੱਤਵੇਂ ਗੁਰੂ ਤੇ ਧੀਰ ਮੱਲ ਦਾ ਮੇਲ ੩੧੩
ਕਰਤਾਰਪੁਰ ਵਸਾਉਣ ਦੀ ਕਥਾ ੩੧੩
ਭਾਈ ਭਗਤੂ ਦਾ ਵਿਆਹ ੩੧੫
ਕੌੜੇ ਤੇ ਮਰੁਾਇ ਕੇ ਰਾਹਕ ੩੧੫
ਜੈਤ ਪਿਰਾਣਾ ਮਰਿਆ ੩੧੭
ਪਿੰਡ ਮਰੁਾਜ ਵੱਸਿਆ ੩੧੮
ਗੌਰਾ ਦਾ ਜਨਮ ੩੧੮
ਭਗਤੂ ਦੀ ਕੁਆਰੀ ਪਤਨੀ ੩੧੮
ਜੱਸੇ ਦੀ ਮੌਤ, ਗੌਰੇ ਨੂੰ ਸਰਾਪ ੩੧੯
ਗੁਰੂ ਜੀ ਦਾ ਡੇਰਾ ਤੁਰਕਾਂ ਦੇ ਘੇਰੇ ਵਿਚ ੩੨੦
ਗੌਰੇ ਦਾ ਤੁਰਕਾਂ ਨਾਲ ਜੰਗ ੩੨੧
ਗੌਰੇ ਦੇ ਸਰਾਪ ਬਖ਼ਸ਼ੇ ੩੨੧
ਪੰਡਤ ਦਾ ਪੁੱਤਰ ਜ਼ਿੰਦਾ ਕੀਤਾ ੩੨੨
ਸ਼ਕਰ ਗੰਗ ਦੀ ਕਥਾ ੩੨੩
ਰਾਮ ਰਾਏ ਬਾਰੇ ੩੨੪

Digitized by Panjab Digital Library | www.panjabdigilib.org

ਧੁੰਧ ਤੇ ਉਤੰਕ ਰਿਖੀ ੩੨੫
ਗਾਲਵ ਤੇ ਰਾਜਾ ਜਜਾਤੀ ੩੨੬
ਗੁਰੂ ਹਰਿਰਾਏ ਜੀ ਸਮਾਏ ੩੨੮
ਰਾਮ ਰਾਏ ਦੀ ਈਰਖਾ ੩੨੮
ਜੈ ਸਿੰਘ ਦਾ ਦੂਤ ਗੁਰੂ ਜੀ ਨੂੰ ਲੈਣ ਆਇਆ ੩੩੦
ਗੁਰੂ ਜੀ ਦਾ ਦਿੱਲੀ ਨੂੰ ਤੁਰਨਾ ੩੩੧
ਝੀਵਰ ਤੋਂ ਗੀਤਾ ਦੇ ਅਰਥ ੩੩੧
ਗੁਰੂ ਜੀ ਦਿੱਲੀ ਪੁੱਜੇ ੩੩੨
ਰਾਮ ਰਾਏ ਵੱਲੋਂ ਸਰਾਪ ੩੩੨
ਗੁਰੂ ਜੀ ਦਾ ਰਾਮ ਰਾਏ ਨੂੰ ਸਰਾਪ ੩੩੩
ਜੈ ਸਿੰਘ ਦੀ ਰਾਣੀ ੩੩੩
ਰਾਜਾ ਸਿੱਖ ਬਣਿਆਂ ੩੩੫
ਸੀਤਲਾ ਨਿਕਲੀ ੩੩੬
ਸੰਗਤ ਨੂੰ ਉਪਦੇਸ਼ ੩੩੬
ਗੁਰੂ ਜੀ ਸਮਾਏ ੩੩੭
ਸਰੀਰ ਦਾ ਸਸਕਾਰ ੩੩੭
ਗੁਰੂ ਦੀ ਭਾਲ ੩੩੮

Digitized by Panjab Digital Library | www.panjabdigilib.org

ਮੁਢਲੀ ਬੇਨਤੀ

'ਸਿੱਖ ਇਤਿਹਾਸ ਦੇ ਸੋਮੇ' ਤੀਜਾ ਭਾਗ ਦੇ ਮੁਖਬੰਦ ਵਿਚ ਅਸੀਂ ਕਵੀ ਸੰਤੋਖ ਸਿੰਘ ਜੀ ਬਾਰੇ ਕਾਫ਼ੀ ਲਿਖ ਆਏ ਹਾਂ। ਉਸ ਵਿਚ ਕਵੀ ਜੀ ਦੀ ਮਹਾਨ ਰਚਨਾ 'ਨਾਨਕ ਪ੍ਰਕਾਸ਼' ਦਾ ਸਾਰੰਸ ਤੇ 'ਟਿਪਣੀ' ਹੈ। ਉਸਦਾ ਅਗਲਾ ਭਾਗ ਹੈ 'ਗੁਰ ਪ੍ਰਤਾਪ ਸੂਰਜ' (ਇਹਨਾਂ ਦੋਹਾਂ ਗ੍ਰੰਥਾਂ ਦਾ ਮਿਲਵਾਂ ਨਾਮ ਹੀ 'ਸੂਰਜ ਪ੍ਰਕਾਸ਼' ਪ੍ਰਸਿੱਧ ਹੈ।)

'ਨਾਨਕ ਪ੍ਰਕਾਸ਼' ਵਿਚ ਵੀ ਕਾਫ਼ੀ ਵਿਸਥਾਰ ਹੈ। ਪਰ ਮਾਲੂਮ ਹੁੰਦਾ ਹੈ, ਕਿ 'ਗੁਰ ਪ੍ਰਤਾਪ ਸੂਰਜ' ਬਾਰੇ ਤਾਂ ਉਹਨਾਂ ਪਹਿਲਾਂ ਹੀ ਧਾਰ ਲਿਆ ਸੀ, ਕਿ ਇਸਦਾ ਆਕਾਰ ਜਿੰਨਾ ਵੱਡਾ ਹੋ ਸੱਕੇ, ਕਰਨਾ ਹੈ। ਇਸ ਲਈ ਕਈ ਥਾਂਈਂ ਤਾਂ ਉਹਨਾਂ ਪਿਛਲੇ ਇਤਿਹਾਸ ਨੂੰ ਦੁਹਰਾਇਆ ਹੈ, ਜਿਸਦੀ ਲੋੜ ਨਹੀਂ ਸੀ। ਤੇ ਕਈ ਥਾਂਈਂ ਬਿਨਾਂ ਅਰਥ ਪੁਰਾਣਕ ਕਥਾਵਾਂ ਘਸੋੜੀਆਂ ਗਈਆਂ ਹਨ। ਫਿਰ ਉਹ ਅਖਵਾਈਆਂ ਵੀ ਗੁਰੂ ਸਾਹਿਬਾਨ ਦੇ ਮੁੱਖੋਂ ਹਨ। ਕੁਛ ਕਥਾਵਾਂ ਤਾਂ ਅਜੇਹੀਆਂ ਹਨ, ਜੋ ਅਜੇਹੇ ਇਤਿਹਾਸਕ ਗ੍ਰੰਥ ਵਿਚ ਸੋਭਾ ਹੀ ਨਹੀਂ ਦੇਂਦੀਆਂ। (ਅਸੀਂ ਉਹਨਾਂ ਬਾਰੇ ਆਪਣੇ ਵੱਲੋਂ ਥਾਂ ਥਾਂ ਟਿਪਣੀ ਕੀਤੀ ਹੈ।)

ਕਵੀ ਜੀ 'ਵਰ' ਤੇ 'ਸਰਾਪ' ਨੂੰ ਬਹੁਤ ਥਾਂ ਦੇਂਦੇ ਹਨ। ਕਿਸੇ ਦੇ ਪੂਰਬਲੇ ਜਨਮ ਬਾਰੇ ਲਿਖਣਾ ਉਹਨਾਂ ਦਾ ਸੁਭਾਉ ਹੈ। ਪਰ ਇਹ ਢੰਗ ਵਰਤਣ ਕਾਰਨ, ਉਹਨਾਂ ਨੇ ਨਿੱਗਰ ਇਤਿਹਾਸ ਨੂੰ ਕਈ ਥਾਂਈਂ ਕਲਪਤ ਬਣਾ ਦਿਤਾ ਹੈ।

ਆਪ ਸੰਸਕ੍ਰਿਤ ਤੇ ਬ੍ਰਜ ਭਾਸ਼ਾ ਦੇ ਮਹਾਨ ਵਿੱਦਵਾਨ ਸਨ। ਪਰ ਸਾਡੀ ਰਾਏ ਹੈ, ਕਿ ਆਪ ਨੂੰ ਫ਼ਾਰਸੀ ਦਾ ਗਿਆਨ ਨਹੀਂ ਸੀ। ਫ਼ਾਰਸੀ ਸ਼ਬਦਾਂ ਦਾ ਉਹ ਬਹੁਤ ਹੀ ਵਿਗੜਿਆ ਰੂਪ ਦੇਂਦੇ ਹਨ। ਜਿਵੇਂ ਹਿਜਵ ਦੀ ਥਾਂ ਹਿਜੋ, ਤਅੱਲੁਕ ਦੀ ਥਾਂ ਤਾਲਖ, ਹਾਜ਼ਰ ਦੀ ਥਾਂ ਹਾਦਰ, ਹਵਸ ਦੀ ਥਾਂ ਹੌਂਸ ਮਸਜਿਦ ਦੀ ਥਾਂ ਮਹਿਜਿਦ ਜਜ਼ੀਆ ਦੀ ਥਾਂ ਜੇਜਵਾ ਖ਼ੁਸ਼ਾਮਦ ਦੀ ਥਾਂ ਕੁਸ਼ਾਮਤ ਜਾਂ ਖ਼ੁਸ਼ਾਮਤ, ਰੁਖ਼ਸਤ ਦੀ ਥਾਂ ਰੁਖਸਦ, ਮੁਬਾਰਕ ਦੀ ਥਾਂ ਮੁਬਾਰਖ ਆਦਿ।

ਧਰਮ ਸੰਬੰਧੀ : ਜਿੰਨੀ ਸ਼ਰਧਾ ਉਹਨਾਂ ਦੇ ਦਿਲ ਵਿਚ ਗੁਰੂ ਸਾਹਿਬਾਨ ਵਾਸਤੇ ਹੈ, ਓਨੀ ਹੀ ਹਿੰਦੂ ਅਵਤਾਰਾਂ ਤੇ ਦੇਵੀ ਦਿਉਤਿਆਂ ਬਾਰੇ ਹੈ। ਸੁਰਸਤੀ ਦੇਵੀ ਦੇ ਉਹ ਪੂਰੇ ਭਗਤ ਹਨ।

ਆਪਣੇ ਵੱਲੋਂ ਅਸਾਂ ਜੋ ਟਿਪਣੀ ਕੀਤੀ ਹੈ ਉਹ ਬਰੈਕਟਾਂ (...) ਵਿਚ ਹੈ ਤੇ ਜੋ ਕਵੀ ਜੀ ਦੀ ਰਚਨਾ ਵਿਚੋਂ ਟੂਕ ਹੈ, ਉਹ ਪੁੱਠੇ ਕਾਮਿਆਂ "..." ਵਿਚ ਹੈ। ਉਹਨਾਂ ਦਾ ਪੂਰਾ ਨਾਮ ਲਿਖਣ ਦੀ ਥਾਂ ਅਸਾਂ ਬਹੁਤੀ ਥਾਂਈਂ 'ਕਵੀ ਜੀ' ਹੀ ਲਿਖਿਆ ਹੈ।

ਇਸ ਭਾਗ ਵਿਚ ਗੁਰ ਪ੍ਰਤਾਪ ਸੂਰਜ' ਦੀਆਂ ਪਹਿਲੀਆਂ ਦਸ ਰਾਸਾਂ ਹਨ। ਅੱਗੇ ਪੰਜਵੇਂ ਭਾਗ ਵਿਚ ਦੋ ਰਾਸਾਂ, ਛੇ ਰੁੱਤਾਂ ਤੇ ਦੋ ਐਨ ਆਉਣਗੇ। ਗੁਰੂ ਦੀ ਕਿਰਪਾ ਨਾਲ ਇਹ ਗ੍ਰੰਥ ਪੂਰਾ ਹੋ ਜਾਵੇਗਾ। ਫ਼ਤਹਿ

ਸੀਤਲ ਭਵਨ ਮਾਡਲ ਗਰਾਮ
ਲੁਧਿਆਣਾ—੨

ਸੋਹਣ ਸਿੰਘ ਸੀਤਲ
੧੦-੮-੮੩

Digitized by Panjab Digital Library | www.panjabdigilib.org

ਅਥ ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ, ਪ੍ਰਥਮ ਰਾਸਿ ਲਿਖਯਤੇ

ਅੰਸੂ ੧

(ਮੰਗਲ)

(ਕਵੀ ਜੀ ਇਸ ਤੋਂ ਪਹਿਲਾਂ 'ਨਾਨਕ ਪ੍ਰਕਾਸ਼' ਲਿਖ ਚੁਕੇ ਹਨ।
ਹੁਣ 'ਗੁਰ ਪ੍ਰਤਾਪ ਸੂਰਜ' ਆਰੰਭ ਕਰਦੇ ਹਨ।)

(ਗ੍ਰੰਥ ਦਾ ਨਾਮ 'ਸੂਰਜ' ਹੈ। ਇਸ ਲਈ ਇਸਦੇ ਭਾਗਾਂ ਵਾਸਤੇ ਸ਼ਬਦ 'ਰਾਸ' ਤੇ ਅੱਗੇ ਕਾਂਡਾਂ ਵਾਸਤੇ 'ਅੰਸੂ'[1] ਦੇਂਦੇ ਹਨ।)

ਆਰੰਭ ਵਿਚ ਅਕਾਲ ਪੁਰਖ ਦੀ ਆਰਾਧਨਾ ਹੈ :

"ਤੀਨੋ ਕਾਲ ਸੁ ਅਚਲ ਰਹਿ, ਅਲੰਬ ਸਕਲ ਜਗਜਾਲਿ।
ਜਾਲ ਕਾਲ ਲਖਿ ਮੁਚਤਿ ਜਿਸਿ, ਕਰਤਾ ਪੁਰਖ ਅਕਾਲ।੧।"

(ਤੀਨੋ ਕਾਲ=ਭੂਤ, ਭਵਿਖ, ਵਰਤਮਾਨ। ਅਚਲ=ਸਦਾ ਇਕ ਰਸ ਰਹਿਣ ਵਾਲਾ। ਅਲੰਬ=ਆਸਰਾ। ਜਗ ਜਾਲਿ=ਜਗਤ ਦਾ ਪਸਾਰਾ। ਜਾਲ ਕਾਲ=ਕਾਲ ਦੀ ਫਾਹੀ। ਲਖਿ=ਜਾਣ ਲਿਆ। ਮੁਚਤਿ=ਛੁਟਦੇ ਹਨ।)

ਸੱਤਵੇਂ ਛੰਦ ਵਿਚ 'ਸਰਸਵਤੀ' ਦੇਵੀ ਦੀ ਉਸਤਤ ਕਰਦੇ ਹਨ।

"ਤਰਨੀ ਬਿਘਨਾ ਗਲਿਤਾਪਤਿ ਕੀ,
ਪਤਿ ਕੀ ਅਤਿ ਰਖਯਕ ਸ੍ਰੀ ਬਰਨੀ।
ਬਰਨੀ ਸੁਖਦਾ ਸ਼ਰਨਾਗਤਿ ਕੀ,
ਗਤਿ ਕੀ ਸਮਤਾ ਗਜ ਕੀ ਕਰਨੀ।
ਕਰ ਨੀਰਜ, ਓਟ ਸੁਧਾਰਤਿਕੀ,
ਰਤਿ ਕੀ ਪ੍ਰਭੁਤਾ ਸਗਰੀ ਹਰਨੀ।
ਹਰਨੀ ਸਮ ਆਂਖ ਸੁ ਸ੍ਰੀ ਮਤਿ ਕੀ
ਮਤਿ ਕੀ ਕਰਤਾ, ਤਨਵੈ ਤਰਨੀ।੭।"

---

1 ਅੰਸੂ=ਅੰਸ਼ੂ=ਕਿਰਣ।

Digitized by Panjab Digital Library | www.panjabdigilib.org

(ਤਰਨੀ=ਬੇੜੀ। ਸਲਿਤਾਪਤਿ=ਨਦੀਆਂ ਦਾ ਪਤੀ, ਸਮੁੰਦਰ। ਸ੍ਰੀ=ਸਰਸਵਤੀ, ਲਛਮੀ (ਪਰ ਏਥੇ ਸਰਸਵਤੀ ਦੇਵੀ ਹੈ)। ਸ੍ਰੀ ਬਰਨੀ=ਬਾਣੀ ਦੀ ਦੇਵੀ ਸਰਸਵਤੀ। ਬਰਨੀ=ਵਰਨਣ ਕੀਤੀ। ਸੁਖਦਾ=ਸੁਖਾ ਦੀ ਦਾਤੀ। ਸ਼ਰਨਾਗਤਿ=ਜੋ ਸ਼ਰਨ ਆਇਆ ਹੈ। ਗਤਿ=ਚਾਲ। ਗਜ=ਹਾਥੀ। ਕਰ=ਹੱਥ। ਨੀਰਜ=ਕੰਵਲ ਸੁਧਾਰਤਿ=ਫਬਨ। ਰਤਿ=ਕਾਮਦੇਵ ਦੀ ਪਤਨੀ। ਹਰਨੀ=ਹਰ ਲੈਣ ਵਾਲੀ। ਹਰਨੀ=ਹਿਰਣੀ, ਹਰਨ ਦੀ ਮਾਦਾ। ਸ੍ਰੀ ਮਤਿ=ਸ੍ਰੀ ਮਤੀ। ਮਤਿ ਕੀ ਕਰਤਾ=ਬੁੱਧੀ ਦੇਣ ਵਾਲੀ। ਤਨਵੈ=ਸੋਹਲ ਅੰਗਾਂ ਵਾਲੀ। ਤਰਨੀ=ਜਵਾਨ ਉਮਰ।

(ਪੁਰਾਤਨ ਕਵੀ ਸਰਸਵਤੀ ਨੂੰ ਕਵਿਤਾ ਦੀ ਦੇਵੀ ਮੰਨਦੇ ਸਨ। ਸੋ ਸੰਤੋਖ ਸਿੰਘ ਜੀ ਨੇ ਵੀ ਸਰਸਵਤੀ ਦੇਵੀ ਦੀ ਅਰਾਧਨਾ ਕਰਨੀ ਜ਼ਰੂਰੀ ਸਮਝੀ ਹੈ। ਸਨਾਤਨੀ ਅਸਰ।)

ਅੱਗੇ ਛੰਦ ਅੱਠ ਤੋਂ ਲੈ ਕੇ ਉੱਨੀ ਤਕ ਦਸ ਗੁਰੂ ਸਾਹਿਬਾਨ ਦੀ ਉਸਤਤ ਹੈ। ਫਿਰ ਸਾਰੇ ਮਹਾਪੁਰਸ਼ਾਂ, ਭਗਤਾਂ, ਅਵਤਾਰਾਂ ਆਦਿ ਨੂੰ ਨਮਸਕਾਰ ਹੈ।

ਫਿਰ ਗੁਰੂ ਗੋਬਿੰਦ ਸਿੰਘ ਜੀ ਤੇ ਖ਼ਾਲਸੇ ਦੀ ਉਸਤਤ ਹੈ।

"ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪ੍ਰਥਮ ਰਾਸੇ
ਮੰਗਲਾ ਚਰਨ ਬਰਨਨੰ ਨਾਮ ਪ੍ਰਥਮੋ ਅੰਸੂ।੧।"

ਅੰਸੂ ੨

(ਬਾਬਾ ਬੁਢਾ—ਰਾਮ ਕੁਇਰ)

ਕਵੀ ਜੀ ਬਾਬਾ ਬੁਢਾ ਜੀ ਤੋਂ ਇਤਿਹਾਸ ਸ਼ੁਰੂ ਕਰਦੇ ਹਨ। ਬਾਲਕ ਗੁਰੂ ਜੀ ਦੀ ਸ਼ਰਨ ਆਇਆ। ਪਿਛੋਂ ਉਸਦਾ ਮਾਤਾ-ਪਿਤਾ ਆ ਗਏ।

"ਸਿੱਖਨ ਕਹਯੋ, 'ਸੁ ਅੰਤਰ ਬੈਸ।'
ਜਾਇ ਨਿਹਾਰਯੋ, ਅਤਿ ਬ੍ਰਿਧ ਜੈਸਾ।...੪।"

ਮਾਪਿਆਂ ਵੇਖਿਆ, ਕਿ ਉਹ ਤਾਂ ਬਾਲਕ ਤੋਂ ਬੁੱਢਾ ਬਣ ਗਿਆ ਹੈ। ਸੋ ਉਹ ਛੱਡ ਕੇ ਚਲੇ ਗਏ।

ਏਥੋਂ 'ਬੁਢਾ' ਨਾਮ ਪੈ ਗਿਆ। ਪੰਜਵੇਂ ਪਾਤਸ਼ਾਹ ਨੇ ਉਸ ਨੂੰ 'ਭਾਈ' ਦੀ ਪਦਵੀ ਬਖ਼ਸ਼ੀ।

"ਪੁਨ ਸ੍ਰੀ ਅਰਜਨ ਕੇ ਢਿਗ ਰਹਯੋ।
'ਭਾਈ' ਪਦ ਕੋ ਤਬ ਤੇ ਲਹਯੋ।...੯।"

ਬਾਬਾ ਬੁਢਾ ਜੀ ਨੇ ਛੇਵੇਂ ਗੁਰੂ ਤਕ ਗੁਰਿਆਈ ਦਾ ਤਿਲਕ ਦਿਤਾ।

"ਸ੍ਰੀ ਗੁਰ ਨਾਨਕ ਸਬ ਤੇ ਆਦੀ।
ਪਾਛੇ ਜੋ ਟਿੱਕੇ ਗੁਰ ਗਾਦੀ।
ਸਭਿਹਿਨਿ ਕਹੁ ਬੁਢਾ ਨਿਜ ਹਾਥ।

Digitized by Panjab Digital Library | www.panjabdigilib.org

ਦੇਤੋ ਰਹਯੋ ਤਿਲਕ ਸੁਭ ਮਾਥ ।੧੧।''

ਬਾਬਾ ਬੁੱਢਾ ਜੀ ਦੀ ਬੰਸ ਵਿਚੋਂ 'ਰਾਮ ਕੁਇਰ' ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦਾ ਤਿਲਕ ਦਿਤਾ ।

ਰਾਮ ਕੁਇਰ ਅੰਮ੍ਰਿਤ ਛਕ ਕੇ ਗੁਰਬਖ਼ਸ ਸਿੰਘ ਬਣ ਗਏ । ਦਸਵੇਂ ਪਾਤਸ਼ਾਹ ਪਿਛੋਂ ਉਹ ਨੱਗਰ 'ਰਮਦਾਸ' (ਜ਼ਿਲਾ ਅੰਮ੍ਰਿਤਸਰ) ਵੱਸ ਗਏ । ਉਹਨਾਂ ਸਿੱਖੀ ਦਾ ਬਹੁਤ ਪਰਚਾਰ ਕੀਤਾ । ਉਹ ਸਿੱਖਾਂ ਨੂੰ ਗੁਰ ਇਤਿਹਾਸ ਸੁਣਾਇਆ ਕਰਦੇ ।

ਸੰਗਤਾਂ ਨੇ ਕਵੀ ਸੰਤੋਖ ਸਿੰਘ ਜੀ ਨੂੰ ਕਿਹਾ, ਕਿ ਪਹਿਲਾਂ ਸਾਨੂੰ ਰਾਮ ਕੁਇਰ ਦੀ ਕਥਾ ਸੁਣਾਓ ।

ਅੰਸੂ ੩

(ਬੰਸਾਵਲੀ ਬਾਬਾ ਬੁਢਾ ਜੀ)

ਬਾਬਾ ਬੁਢਾ ਜੀ ਦਾ ਪੁੱਤਰ ਭਾਣਾ (ਭਾਨਾ) ਹੋਇਆ । ਭਾਣੇ ਦਾ ਪੁੱਤਰ ਸੂਵਣ (ਸਰਵਣ) ਹੋਇਆ । ਸਰਵਣ ਦਾ ਅੱਗੇ 'ਜਲਾਯ' ਤੇ ਜਲਾਲ ਦਾ ਪੁੱਤਰ ਝੰਡਾ ਹੋਇਆ । ਝੰਡੇ ਦਾ ਪੁੱਤਰ ਭਾਈ ਗੁਰਦਿਤਾ ਹੋਇਆ, ਤੇ ਗੁਰਦਿਤਾ ਜੀ ਦਾ ਅੱਗੇ ਰਾਮ ਕੁਇਰ ਹੋਇਆ । ਉਹ ਬੜਾ ਰੁਪੱਸਵੀ ਸੀ ।

ਇਕ ਦਿਨ ਇਕ ਜ਼ਿਮੀਦਾਰ ਭੋਜਨ ਲਿਆਇਆ । ਰਾਮ ਕੁਇਰ ਜੀ ਛਕ ਕੇ ਬੜੇ ਪਰਸੰਨ ਹੋਏ । ਉਹਨਾਂ ਪਛਿਆ, ਇਹ ਕਿਸ ਅਰਥ ਲਿਆਇਆ ਏਂ ? ਜ਼ਿਮੀਦਾਰ ਨੇ ਕਿਹਾ, 'ਜੀ, ਵਰ੍ਹੀਣਾ [ਬਰਸੀ] ਸੀ ।' ਸੁਤੇ ਹੀ ਰਾਮ ਕੁਇਰ ਜੀ ਨੇ ਕਹਿ ਦਿਤਾ, 'ਫ਼ਈ, ਅਜੇਹਾ ਕੰਮ ਤਾਂ ਪਿੰਡ ਵਿਚ ਰੋਜ਼ ਹੋਣਾ ਚਾਹੀਦਾ ਹੈ ।'

ਓਸੇ ਦਿਨ ਤੋਂ ਪਿੰਡ ਵਿਚ ਇੱਕ ਆਦਮੀ ਰੋਜ਼ ਮਰਨ ਲੱਗ ਪਿਆ । ਪਿੰਡ ਦੇ ਲੋਕਾਂ ਨੂੰ ਸਾਰੀ ਗੱਲ ਦਾ ਪਤਾ ਲੱਗਾ, ਤਾਂ ਉਹ ਫਿਰ ਵਧੀਆ ਭੋਜਨ ਲੈ ਕੇ ਗਏ, ਤੇ ਦੱਸਿਆ, ਕਿ ਪਿੰਡ ਵਿਚ ਸ਼ਾਦੀ ਸੀ । ਰਾਮ ਕੁਇਰ ਜੀ ਨੇ ਖ਼ੁਸ਼ ਹੋ ਕੇ ਵਰ ਦਿਤਾ, ਕਿ ਪਿੰਡ ਵਿਚ ਰੋਜ਼ ਸ਼ਾਦੀ ਹੋਇਆ ਕਰੇ ।

ਇਸ ਤਰਾਂ ਰੋਜ਼ ਦੀ ਮੌਤ ਦਾ ਸਰਾਪ ਟਲ ਗਿਆ ।

ਅੰਸੂ ੪

(ਭਾਈ ਰਾਮ ਕੁਇਰ ਦਾ ਪ੍ਰਸੰਗ)

ਇੱਕ ਵਾਰ ਲਾਹੌਰ ਦੀ ਸੈਨਾ ਨੇ ਭਾਈ ਰਾਮ ਕੁਇਰ ਦਾ ਘਰ ਬਾਰ ਲੁੱਟ ਲਿਆ । ਲਾਹੌਰ ਦੇ ਹਾਕਮ ਨੂੰ ਪਤਾ ਲਗਾ, ਤਾਂ ਉਹ ਆਪ ਨੰਗੇ ਪੈਰੀਂ ਸ਼ਰਣ ਆਇਆ । ਉਸ ਨੇ ਬੇਨਤੀ ਕੀਤੀ, ਕਿ ਸੈਨਾ ਨੇ ਗਲਤੀ ਨਾਲ ਆਪ ਦਾ ਸਾਮਾਨ ਲੁਟਿਆ ਹੈ, ਆਪ ਉਸ ਬਾਰੇ ਦੱਸੋ, ਤਾਂ ਮੈਂ ਸਭ ਕੁਛ ਵਾਪਸ ਕਰਾ ਦਿਆਂ । ਰਾਮ

Digitized by Panjab Digital Library | www.panjabdigilib.org

ਕੁਇਰ ਜੀ ਨੇ ਕਿਹਾ, 'ਨਾ ਸਾਡਾ ਕੁਛ ਸੀ, ਤੇ ਨਾ ਕਿਸੇ ਲੁਟਿਆ ਹੈ।' ਹਾਕਮ ਨੇ ਪ੍ਰਭਾਵਤ ਹੋ ਕੇ ਨਾਲ ਚੱਲਣ ਦੀ ਬੇਨਤੀ ਕੀਤੀ।

ਇੱਕ ਬਲਵਾਨ ਘੋੜੇ ਉਤੇ ਬਿਨਾਂ ਲਗਾਮ ਹੀ ਰਾਮ ਕੁਇਰ ਜੀ ਇੱਕ ਪਾਸੇ ਪੈਰ ਕਰ ਕੇ ਬੈਠ ਗਏ। ਖ਼ਾਨ ਵੇਖ ਕੇ ਬੜਾ ਹੈਰਾਨ ਹੋਇਆ। ਉਹ ਰਾਮ ਕੁਇਰ ਜੀ ਨੂੰ ਨਾਲ ਲਾਹੌਰ ਘਰ ਲੈ ਗਿਆ। ਉਸ ਨੇ ਬੜੀ ਸ਼ਰਧਾ ਨਾਲ ਸੇਵਾ ਕੀਤੀ। ਉਸ ਨੇ ਸਾਰਾ ਲੁੱਟਿਆ ਸਾਮਾਨ ਵਾਪਸ ਕਰਾ ਦਿਤਾ। ਫਿਰ ਪਰਖਣ ਵਾਸਤੇ ਉਹਨੇ ਇੱਕ ਅੜੀਅਲ ਘੋੜੀ ਪੇਸ਼ ਕੀਤੀ, ਜੋ ਕਿਸੇ ਨੂੰ ਉਪਰ ਚੜ੍ਹਨ ਨਹੀਂ ਸੀ ਦੇਂਦੀ। ਰਾਮ ਕੁਇਰ ਜੀ ਉਸ ਘੋੜੀ 'ਤੇ ਵੀ ਓਸੇ ਤਰਾਂ ਇਕ ਪਾਸੇ ਪੈਰ ਕਰ ਕੇ ਬੈਠ ਗਏ, ਤੇ ਉਹ ਬੜੀ ਅਸੀਲ ਬਣ ਕੇ ਅਸਵਾਰ ਦੀ ਮਰਜ਼ੀ ਅਨਸਾਰ ਤੁਰੀ ਗਈ। ਲਾਹੌਰ ਸ਼ਹਿਰ ਦੀ ਸੈਰ ਕੀਤੀ। ਖ਼ਾਨ ਨੇ ਕਿਹਾ, 'ਜੀ ਆਪ ਜੀ ਦਾ ਸਾਰਾ ਲੁੱਟਿਆ ਸਾਮਾਨ ਵਾਪਸ ਕਰ ਦਿਤਾ ਹੈ।' ਅੱਗੋਂ ਰਾਮ ਕੁਇਰ ਨੇ ਸੁਭਾਵਕ ਕਿਹਾ, 'ਸਾਡਾ ਲੁੱਟਿਆ ਸਾਮਾਨ ਤੁਸਾਂ ਵਾਪਸ ਕਰ ਦਿਤਾ ਹੈ, ਪਰ ਜੇ ਕਦੇ ਤੁਹਾਡਾ ਲੁੱਟਿਆ ਗਿਆ, ਤਾਂ ਉਹ ਕੌਣ ਵਾਪਸ ਕਰੇਗਾ।'

ਰਾਮ ਕੁਇਰ ਜੀ ਵਾਪਸ 'ਰਮਦਾਸ' ਆ ਗਏ।

ਅੰਸੂ ੫

(ਕਥਾ ਆਰੰਭ)

(ਕਵੀ ਜੀ ਲਿਖਦੇ ਹਨ,) ਜਿਵੇਂ ਭਾਈ ਰਾਮ ਕੁਇਰ ਜੀ, ਭਾਈ ਮਨੀ ਸਿੰਘ ਜੀ ਤੇ ਹੋਰ ਸਿੱਖਾਂ ਨੇ ਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਣਾਈਆਂ, ਮੈਂ ਉਹ ਕਵਿਤਾ ਵਿਚ ਲਿਖ ਰਿਹਾ ਹਾਂ। ਪਹਿਲਾਂ ਮੈਂ 'ਨਾਨਕ ਪ੍ਰਕਾਸ਼' ਲਿਖਿਆ। ਫਿਰ ਕੈਥਲ ਆ ਕੇ 'ਜਪੁ ਜੀ' ਸਾਹਿਬ ਦਾ ਟੀਕਾ ਕੀਤਾ, ਫਿਰ ਰਾਮਾਇਣ ਕਵਿਤਾ ਵਿਚ ਲਿਖੀ। ਉਪਰੰਤ 'ਆਤਮ ਪੁਰਾਨ' ਦੀ ਕਥਾ ਲਿਖੀ।

(ਕਵੀ ਜੀ ਕਹਿੰਦੇ ਹਨ,) ਮੇਰੇ ਚਿਤ ਵਿਚ ਚਰੋਕਣੀ ਚਾਹ ਸੀ ਗੁਰੂ ਜੱਸ ਲਿਖਣ ਦੀ। ਸੋ ਭਾਈ ਰਾਮ ਕੁਇਰ ਦੇ ਮੁੱਖੋਂ ਸੁਣੀ ਵਾਰਤਾ ਮੈਂ 'ਗੁਰ ਪ੍ਰਤਾਪ ਸੂਰਜ' ਵਿਚ ਲਿਖ ਰਿਹਾ ਹਾਂ।

ਏਥੇ ਕਵੀ ਜੀ ਔਰੰਗਜ਼ੇਬ ਦੀ ਫ਼ੌਜ ਦਾ ਜ਼ਿਕਰ ਕਰਦੇ ਹਨ। ਬਾਈ ਲੱਖ ਫ਼ੌਜ, ਦਸ ਹਜ਼ਾਰ ਤੋਪਾਂ, ਪੰਜਾਹ ਹਜ਼ਾਰ ਜ਼ੰਬੂਰਕੇ ਸਨ।

ਰਾਮ ਕੁਇਰ ਜੀ ਨੇ ਗੁਰੂ ਸਾਹਿਬਾਨ ਦੀ ਕਥਾ ਲਿਖਵਾਈ, ਸੋ ਸਾਹਿਬ ਸਿੰਘ ਲਿਖਾਰੀ ਨੇ ਲਿਖੀ।

(ਭਾਈ ਵੀਰ ਸਿੰਘ ਜੀ ਲਿਖਦੇ ਹਨ, ਕਿ 'ਗੁਰ ਪ੍ਰਤਾਪ ਸੂਰਜ' ਲਿਖਣ ਸਮੇਂ ਕੈਥਲ ਨਰੇਸ਼ ਨੇ ਇਹ ਪੋਥੀ ਰਮਦਾਸ ਤੋਂ ਮੰਗਵਾਈ ਸੀ। ਫਿਰ ਕੈਥਲ ਤੋਂ ਗੁੰਮ ਹੋ ਗਈ।)

Digitized by Panjab Digital Library | www.panjabdigilib.org

ਅੰਸੂ ੬

(ਬੇਦੀ ਬੰਸ ਦਾ ਪ੍ਰਸੰਗ)

ਭਾਈ ਰਾਮ ਕੁਇਰ ਜੀ ਸੰਗਤਾਂ ਨੂੰ ਸੁਣਾ ਰਹੇ ਹਨ, ਸੰਸਾਰ ਵਿਚ ਕਈ ਮੱਤ ਚੱਲ ਪਏ ਹਨ, ਤੇ ਲੋਕ ਕੁਰਾਹੇ ਪੈ ਗਏ ਹਨ।

"ਕਰਤਾ ਪੁਰਖ ਬਿਚਾਰਨ ਕੀਨ।
ਜਾਨੇ, ਕਲਿ ਮਹਿ ਜੀਵ ਜਿ ਦੀਨ[1]।
ਸਤਿਨਾਮ ਸਿਮਰਹਿਂ ਸੁਖ ਹੋਇ।
ਇਸ ਬਿਨ ਆਨ ਉਪਾਇ ਨ ਕੋਇ।੭।
ਆਪ ਜਾਇ ਕਰਿ ਸੁਮਤਿ ਬਤਾਵੌਂ।
ਪਰੇ ਕੁਮਗ[2] ਤੇ ਸੁਮਗ[3] ਚਲਾਵੌਂ।
ਮੈਂ ਬਿਨ ਸਰੈ ਕਾਰ ਇਹੁ ਨਾਹੀਂ।
ਯਾਂ ਤੇ ਨਰ ਤਨ ਧਰਿ ਜਗ ਮਾਹੀਂ।੮।
ਘਰ ਕਾਲੂ ਕੇ ਜਨਮੇ ਆਈ।
ਜਨਨੀ ਤ੍ਰਿਪਤਾ ਪਿਖਿ ਹਰਖਾਈ।...੯।"

(ਭਾਵ, ਨਿਰੰਕਾਰ ਆਪ ਗੁਰੂ ਨਾਨਕ ਦਾ ਰੂਪ ਧਾਰ ਕੇ ਜਨਮਿਆਂ। ਇਹ ਗੀਤਾ ਦਾ ਸਿਧਾਂਤ ਹੈ, ਗੁਰਬਾਣੀ ਦਾ ਨਹੀਂ। ਗੁਰੂ ਨਾਨਕ ਦੇਵ ਜੀ ਤਾਂ ਫ਼ੁਰਮਾਉਂਦੇ ਹਨ :

"ਹਮ ਆਦਮੀ ਹਾਂ ਇਕ ਦਮੀ, ਮੁਹਲਤਿ ਮੁਹਤੁ ਨ ਜਾਣਾ।"

(ਧਨਾਸਰੀ; ਮ: ੧ ਪੰਨਾ ੬੬੦)

ਮੂਲੇ ਦੀ ਸਪੁੱਤਰੀ (ਸੁਲੱਖਣੀ ਜੀ) ਗੁਰੂ ਜੀ ਦੇ ਮਹਿਲ ਬਣੇ। ਉਹਨਾਂ ਘਰ ਦੋ ਪੁੱਤਰ ਹੋਏ। ਵੱਡੇ ਸ੍ਰੀ ਚੰਦ ਜੀ ਗ੍ਰਿਸਤੀ ਨਹੀਂ ਬਣੇ, ਪਰ ਛੋਟੇ ਲਖਮੀ ਦਾਸ ਜੀ ਗ੍ਰਿਸਤੀ ਹੋਏ। ਲਖਮੀ ਦਾਸ ਦਾ ਪੁੱਤਰ ਧਰਮ ਚੰਦ ਹੋਇਆ। ਉਸ ਤੋਂ ਪਰਵਾਰ ਵਧਿਆ।

ਲਖਮੀਦਾਸ ਸ਼ਕਾਰ ਖੇਡ ਕੇ ਆਏ। ਘੋੜੇ ਉਤੇ ਸਹੇ ਲਟਕਾਏ ਹੋਏ ਸਨ। ਸ੍ਰੀ ਚੰਦ ਨੇ ਵੇਖ ਕੇ ਆਖਿਆ, ਜੋ ਰੋਜ਼ ਜੀ-ਘਾਤ ਕਰਦੇ ਹੋ, ਇਸ ਦਾ ਲੇਖਾ ਦੇਣਾ ਪਵੇਗਾ।

ਇਹ ਬਚਨ ਲਖਮੀ ਦਾਸ ਨੂੰ ਚੰਗਾ ਨਾ ਲਗਾ। ਉਹ ਪਤਨੀ ਤੇ ਪੁੱਤਰ ਨੂੰ ਲੈ ਕੇ ਭਰਾ ਦੇ ਸਾਮ੍ਹਣੇ ਆਏ, ਤੇ ਕਿਹਾ,

"ਆਇ ਭ੍ਰਾਤ ਸੋਂ ਭਨਯੋ[4] ਜਨਾਏ।
'ਲੇਖਾ ਦੇਨਿ ਅਬਹਿ ਹਮ ਜਾਏਂ।'

---

1 ਦੁਖੀ। 2 ਕੁ ਮਗ=ਕੁ ਮਾਰਗ=ਪੁੱਠੇ ਰਾਹ।
3 ਸੁਮਗ=ਸੁ ਮਾਰਗ=ਸਿੱਧੇ ਰਾਹ। 4 ਕਿਹਾ।

Digitized by Panjab Digital Library | www.panjabdigilib.org

ਸੁਨਤਿ ਸ੍ਰੀ ਚੰਦ ਰਿਦੈ ਬਿਚਾਰਾ।
ਧਰਮ ਚੰਦ ਕੋ ਪਕਰਿ ਉਤਾਰਾ ।੧੮।''

ਲਖਮੀ ਦਾਸ ਬਾਰੇ ਲਿਖਿਆ ਹੈ,

''ਸਹਿਤ ਭਾਰਜਾ[1] ਗਯੋ, ਨ ਆਯੋ।
ਅਵਿਲੋਕਤਿ ਨਰ ਗਨ ਬਿਸਮਾਯੋ ।[2] ।੧੯।''

ਧਰਮ ਚੰਦ ਤੋਂ ਅੱਗੇ ਬੇਦੀ ਬੰਸ ਚੱਲਿਆ।

ਸ੍ਰੀ ਚੰਦ ਜੀ ਭਜਨ ਵਿਚ ਲੀਨ ਰਹਿੰਦੇ। ਜਦੋਂ ਕਿਤੇ ਜਾਂਦੇ, ਆਪਣੇ ਸੇਵਕ ਦੇ ਕੰਧਾੜੇ ਚੜ੍ਹ ਕੇ ਜਾਂਦੇ। ਬਾਬਾ ਸ੍ਰੀ ਚੰਦ ਜੀ ਜਹਾਂਗੀਰ ਦੇ ਬੁਲਾਵੇ 'ਤੇ, 'ਗੋਦੜੀਆ' ਦੇ ਕੰਧਾੜੇ ਚੜ੍ਹ ਕੇ ਲਾਹੌਰ ਗਏ। ਬਾਦਸ਼ਾਹ ਦੇ ਸਨਮੁਖ ਗਏ, ਤਾਂ ਗੋਦੜੀ ਉਤਾਰ ਕੇ ਰੱਖ ਦਿਤੀ। ਲੋਕਾਂ ਵੇਖਿਆ, ਕਿ ਗੋਦੜੀ ਕੰਬ ਰਹੀ ਸੀ, ਜਿਵੇਂ ਕੋਈ ਤੜਪਦਾ ਹੈ। ਜਹਾਂਗੀਰ ਨੇ ਪੁਛਿਆ, ਕਿ ਗੋਦੜੀ ਥੱਲੇ ਕੀ ਤੜਪ ਰਿਹਾ ਹੈ।

''ਸ੍ਰੀ ਚੰਦ ਜੀ ਤਬਹਿ ਬੁਲਾਯੋ।
ਆਵਹੁ ਖਿੰਥਾ ਮਹਿੰ ਜੁ ਟਿਕਾਯੋ।
ਤੁਰਕੇਸ਼ਰ ਕੋ ਅਪਨੋ ਆਪ।
ਕਰਹੁ ਦਿਖਾਵਨ ਸਹਿਤ ਪ੍ਰਤਾਪ ।੩੩।
ਹੁਤੋ ਗੋਦਰੀ ਮਹਿ ਜੁਰ[3] ਭਾਰਾ।
ਸ੍ਰੀ ਗੁਰ ਸੁਤ ਨੇ ਜਬਹਿ ਹਕਾਰਾ[4]।
ਜਹਾਂਗੀਰ ਕੋ ਆਨ ਚਢਯੋ ਹੈ।
ਸੁਸ਼ਕ ਭਯੋ[5] ਮੁਖ, ਕੰਪ[6] ਬਢਯੋ ਹੈ ।੩੪।''

ਜਹਾਂਗੀਰ ਚਰਨੀ ਢੱਠਾ ਤੇ ਭੇਟਾ ਧਰੀ। ਬਾਬਾ ਸ੍ਰੀ ਚੰਦ ਨੇ ਭੇਟਾ ਪ੍ਰਵਾਨ ਨਾ ਕੀਤੀ, ਤੇ ਗੋਦੜੀ ਲੈ ਕੇ ਸੇਵਕ ਦੇ ਕੰਧਾੜੇ ਚੜ੍ਹ ਕੇ ਆਪਣੇ ਅਸਥਾਨ 'ਤੇ ਚਲੇ ਗਏ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਗੁਰਦਿਤਾ ਜੀ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਨੂੰ ਗਏ। ਸ੍ਰੀ ਚੰਦ ਜੀ ਨੇ ਗੱਦੀ ਉਹਨਾਂ ਨੂੰ ਸੌਂਪ ਦਿਤੀ।

''ਕੁਲਹਿ[7] ਉਤਾਰ ਤਬਹਿ ਨਿਜ ਸਿਰ ਤੇ।
ਤਿਨ ਕੇ ਸੀਸ ਧਰੀ ਨਿਜ ਕਰ[8] ਤੇ ।...੪੩।''

ਬਾਬਾ ਗੁਰਦਿੱਤਾ ਜੀ ਦੇ ਅੱਗੇ ਚਾਰ ਮੁਖੀ ਚੇਲੇ ਹੋਏ : ਬਾਲੂ ਹਸਨਾ, ਫੂਲ, ਗੋਂਦਾ ਤੇ ਅਲਮਸਤ।

---

1 ਪਤਨੀ। 2 ਹੈਰਾਨ ਹੋਏ। 3 ਜੁਰ=ਜ੍ਵਰ-ਤਾਪ।
4 ਬੁਲਾਇਆ। 5 ਮੂੰਹ ਸੁਕ ਗਿਆ। 6 ਕੰਬਣੀ।
7 ਟੋਪੀ। 8 ਹੱਥ।

Digitized by Panjab Digital Library | www.panjabdigilib.org

ਅੰਸੂ ੭

(ਗੁਰ ਪ੍ਰਣਾਲੀ)

"ਪੰਦ੍ਰਹਿ ਸਤ ਖਟ ਬੀਸ ਮੈਂ, ਜਨਮ ਗੁਰੂ ਮਹਾਰਾਜ ।
ਸੱਤ੍ਰਹ ਸੰਮਤਿ ਛਿਤਿ[1] ਰਹੇ, ਅਨਿਕ ਗਰੀਬ ਨਿਵਾਜ ।੧।"

(ਮਹਾਰਾਜ-ਗੁਰੂ ਨਾਨਕ ਜੀ ੧੫੨੬ ਬਿ. ਨੂੰ ਪਰਗਟ ਹੋਏ, ਤੇ ਸੱਤਰ ਸਾਲ ਧਰਤੀ 'ਤੇ ਰਹੇ ।) ਤੇ

"ਪੰਦ੍ਰਹ ਸਤ[2] ਛਿਆਨਵੇਂ ਮਾਹੂੰ ।
ਮਾਸ ਅਸੌਜ[3] ਸਰਦ ਰੁਤਿ ਤਾਹੂੰ ।੩।
ਕ੍ਰਿਸ਼ਨਾ ਦਸਮੀ ਪਿਤਰਨ ਦਿਨ ਕੀ ।
ਪ੍ਰਭੂ ਬਿਕੁੰਠ ਗਏ ਸਹਿ ਤਨ ਕੀ[4] ।
ਐਰਾਵਤੀ ਕੂਲ ਅਭਿਰਾਮ ।
ਤਹਿਂ ਕਰਤਾਰ ਪੁਰਾ ਕਯਾ ਗ੍ਰਾਮ ।੪।"

੧੫੯੬, ਅੱਸੂ ਸੁਦੀ ਦਸਵੀਂ, ਨੂੰ ਗੁਰੂ ਜੀ ਸਣ-ਦੇਹ ਬਿਕੁੰਠ ਗਏ । ਹਜ਼ੂਰ ਨੇ ਸੁੰਦਰ ਰਾਵੀ ਦੇ ਕੰਢੇ ਕਰਤਾਰ ਪੁਰ ਵਸਾਇਆ ।

(ਗੁਰਦੇਵ ਦਾ ਸਣਦੇਹ ਜਾਣਾ ਈਸਾਈ ਮਤ ਦਾ ਖਿਆਲ ਹੈ ।)

ਪਿਛੋਂ ਗੁਰੂ ਜੀ ਦੇ ਬਸਤਰ ਦਾ ਸਸਕਾਰ ਕੀਤਾ ਗਿਆ ।

ਹਰੀਕੇ ਪਿੰਡ ਵਿਚ ਬਾਬਾ ਫੇਰੂ ਤੇ ਮਾਤਾ ਦਯਾ ਕੌਰ ਦੇ ਘਰ ਗੁਰੂ ਅੰਗਦ ਦੇਵ ਜੀ ਜਨਮੇ ੧੫੬੭ ਬਿ. ।

ਗੁਰੂ ਅੰਗਦ ਦੇਵ ਜੀ ਦੇ ਮਹਿਲ (ਮਾਤਾ) ਖੀਵੀ ਜੀ ਦੇ ਘਰ ਦੋ ਪੁੱਤਰ ਦਾਤੂ ਤੇ ਦਾਸੂ ਜਨਮੇ ।

"ਨਾਮ ਦਾਸੁ ਅਰ ਦਾਤਾ ਦੂਵਾ ।
ਜਿਨ ਕੇ ਰਿਦੈ ਗਯਾਨ ਦਿਢ ਹੂਵਾ ।
ਦ੍ਵਾਦਸ ਬਰਖ ਟਿਕੇ ਗੁਰ ਗਾਦੀ ।
ਖਸਟ ਮਾਸ ਨੌ ਦਿਨ ਅਹਿਲਾਦੀ[5] ।"

ਦੂਸਰੇ ਗੁਰੂ ਜੀ ਚੇਤ ਸੁਦੀ ਚਾਰ ੧੬੦੯ ਬਿ. ਨੂੰ ਜੋਤੀ ਜੋਤ ਸਮਾਏ । ਤਾਂ ਗੁਰੂ ਅਮਰਦਾਸ ਜੀ ਗੁਰ ਗੱਦੀ 'ਤੇ ਬੈਠੇ ।

"ਗ੍ਰਾਮ ਖਡੂਰ ਕੁਵਿੰਦ[6] ਘਰ ਤਹਿਂ ਸਿਸਕਾਰੀ ਦੇਹ ।
ਅਬ ਲੌ ਖਰਯੋ ਕਰੀਰ ਤਰੁ ਕਿਲਕ[7] ਲਗਯੋ ਪਗ ਜੇਹ ।੧੪।"

ਪਿੰਡ ਬਾਸਰ ਕੇ ਵਿਚ ਤੇਜੋ ਮੱਲ ਤੇ ਰੂਪ ਕੌਰ ਘਰ ਅਮਰਦਾਸ ਜੀ ਜਨਮੇ ।

---

1 ਧਰਤੀ, ਪ੍ਰਿਥਵੀ । 2 ਸੌ । 3 ਅੱਸੂ । 4 ਸਣ ਦੇਹ । 5 ਅਨੰਦ ਦੇਣ ਵਾਲਾ । 6 ਜੁਲਾਹਾ । 7 ਕਿੱਲਾ ।

Digitized by Panjab Digital Library | www.panjabdigilib.org

ਹਜ਼ੂਰ ਬਹੱਤਰ ਬਰਸ ਦੀ ਉਮਰ ਵਿਚ ਗੁਰੂ ਅੰਗਦ ਜੀ ਦੀ ਸ਼ਰਣ ਆਏ ਤੇ ਬਾਰਾਂ ਸਾਲ ਸੇਵਾ ਕਰਕੇ ਚੁਰਾਸੀ ਸਾਲ ਦੀ ਉਮਰ ਵਿਚ ਗੁਰਗੱਦੀ ਬੈਠੇ। ਗੁਰਦੇਵ ਨੇ ਵਰ ਦਿਤਾ,

"ਜਬ ਲਗਿ ਜਗ ਹਮਰੋ ਤਨ ਰਹੈ।
ਸੁਤ ਮ੍ਰਿਤ ਮਾਤ ਪਿਤਾ ਨਹਿੰ ਲਹੈਂ ।੧੯।"

ਦਿੱਲੀ ਦੇ ਬਾਈ ਸੂਬੇ ਸਨ, ਸੋ ਮਹਾਰਾਜ ਨੇ ਬਾਈ ਮੰਜੀਆਂ ਥਾਪੀਆਂ।

ਗੁਰੂ ਅਮਰਦਾਸ ਜੀ ਦੇ ਮਹਿਲ ਮਾਤਾ ਰਾਮੋ ਜੀ ਦੇ ਘਰ ਦੋ ਪੁੱਤਰ : ਮੋਹਨ ਤੇ ਮੋਹਰੀ ਤੇ ਬੀਬੀ ਭਾਨੀ ਹੋਈ।

(ਬੀਬੀ ਦਾਨੀ ਦਾ ਨਾਮ ਨਹੀਂ ਲਿਖਿਆ।)

ਤੀਸਰੇ ਗੁਰੂ ੨੨ ਸਾਲ, ਪੰਜ ਮਹੀਨੇ ਤੇ ਗਿਆਰਾਂ ਦਿਨ ਗੁਰਿਆਈ ਕੀਤੀ, ਤੇ ਭਾਦਰੋਂ ਸੁਦੀ ਪੂਰਨਮਾਸ਼ੀ ਨੂੰ ੧੬੩੧ ਵਿਚ ਜੋਤੀ ਜੋਤ ਸਮਾਏ। ਹਜ਼ੂਰ ਨੇ ੧੦੬ ਬਰਸ ਉਮਰ ਮਾਣੀ, ਤੇ ਬਾਕੀ ਛੇ ਸਾਲ ਰਾਮਦਾਸ ਜੀ ਨੂੰ ਦੇ ਦਿਤੀ।

ਲਾਹੌਰ ਵਿਚ ਹਰਿਦਾਸ ਤੇ ਖੇਮ ਕੌਰ ਦੇ ਘਰ ਰਾਮਦਾਸ ਜੀ ਪਰਗਟ ਹੋਏ। ਬੀਬੀ ਭਾਨੀ ਦਾ ਵਿਆਹ ਰਾਮਦਾਸ ਜੀ ਨਾਲ ਹੋਇਆ। ਉਹਨਾਂ ਘਰ ਤਿੰਨ ਪੁੱਤਰ: ਪ੍ਰਿਥੀਆ, ਮਹਾਦੇਵ ਤੇ ਅਰਜਨ ਦੇਵ ਜੀ ਪਰਗਟ ਹੋਏ।

ਚੌਥੇ ਪਾਤਸ਼ਾਹ ਨੇ ਛੇ ਸਾਲ, ਗਿਆਰਾਂ ਮਹੀਨੇ ਤੇ ਅੱਠ ਦਿਨ ਗੁਰਿਆਈ ਕੀਤੀ। ਭਾਦੋਂ ਸੁਦੀ ਤਿੰਨ, ੧੬੩੮ ਨੂੰ ਗੁਰਦੇਵ ਜੋਤੀ ਜੋਤ ਸਮਾਏ।

ਪੰਜਵੇਂ ਪਾਤਸ਼ਾਹ ਨੇ ਅੰਮ੍ਰਿਤ ਸਰੋਵਰ ਬਣਾਇਆ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਹਜ਼ੂਰ ਦੇ ਮਹਿਲ ਗੰਗਾ ਜੀ ਵਿਚੋਂ ਹਰਿਗੋਬਿੰਦ ਜੀ ਪਰਗਟੇ।

ਪੰਜਵੇਂ ਗੁਰੂ ਜੀ ਨੇ ਚੌਵੀ ਸਾਲ, ਨੌਂ ਮਹੀਨੇ ਤੇ ਇਕ ਦਿਨ ਗੁਰਿਆਈ ਕੀਤੀ। ਹਜ਼ੂਰ ਜੇਠ ਸੁਦੀ ਚਾਰ, ੧੬੬੩ ਬਿ. ਨੂੰ ਸ਼ਹੀਦ ਹੋਏ।

ਅੰਸੂ ੮

(ਗੁਰ ਪਰਨਾਲੀ)

ਗੁਰੂ ਹਰਿਗੋਬਿੰਦ ਸਾਹਿਬ ਵਡਾਲੀ ਵਿਚ ਪਰਗਟ ਹੋਏ। ਉਹਨਾਂ ਦੇ ਤਿੰਨ ਮਹਿਲ ਸਨ : ਦਮੋਦਰੀ, ਮਰਵਾਹੀ ਤੇ ਨਾਨਕੀ ਜੀ। ਹਜ਼ੂਰ ਦੇ ਪੰਜ ਪੁੱਤਰ ਸਨ : ਗੁਰਦਿਤਾ, ਸੂਰਜ ਮੱਲ, ਅਨੀਰਾਏ, ਅਟੱਲ ਰਾਏ, ਤੇ ਤੇਗ ਬਹਾਦਰ ਜੀ। ਹਜ਼ੂਰ ਨੇ ਇਕੱਤੀ ਸਾਲ, ਦਸ ਮਹੀਨੇ, ਛੇ ਦਿਨ ਗੁਰਿਆਈ ਕੀਤੀ। ਚੇਤ ਸੁਦੀ ਪੰਜ, ੧੬੬੫ ਬਿ. ਵਿਚ ਹਜ਼ੂਰ ਜੋਤੀ ਜੋਤ ਸਮਾਏ।

ਛੇਵੇਂ ਪਾਤਜ਼ਾਹ ਨੇ ਬਾਬਾ ਗੁਰਦਿਤਾ ਤੇ ਮਾਤਾ ਨੇਤੀ (ਨੱਤੀ) ਦੇ ਪੁੱਤਰ ਹਰਿ ਰਾਇ ਜੀ ਨੂੰ ਗੱਦੀ ਦਿਤੀ। ਬਾਬਾ ਗੁਰਦਿਤਾ ਜੀ ਦੇ ਦੋ ਪੁੱਤਰ ਸਨ ਹਰਿਰਾਏ ਤੇ ਧੀਰਮੱਲ।

ਹਰਿ ਰਾਏ ਜੀ ਨੇ

Digitized by Panjab Digital Library | www.panjabdigilib.org

"ਬਯਾਹੀ ਮਹਿਲਾਂ ਅਸ਼ਟ ਮਹਾਨੀ ।
ਕਿਸ਼ਨ ਕੁਇਰ, ਕੋਟਿ ਕਲਯਾਨੀ ।੯।
ਤੋਖੀ, ਅਪਰ ਅਨੋਖੀ ਨੀਕੀ ।
ਰਾਮ ਕੁਇਰ, ਅਰ ਨਾਮ ਲਡੀਕੀ ।
ਸਪਤਮ ਹੈ ਸ੍ਰੀ ਪ੍ਰੇਮ ਕੁਮਾਰੀ ।
ਅਸਟਮ ਚੰਦ ਕੌਰ ਸੁਖਕਾਰੀ ।੧੦।"

(ਇਹ ਗੱਲ ਜਚਦੀ ਨਹੀਂ । ਅਸੀਂ "ਮਨੁੱਖਤਾ ਦੇ ਗੁਰੂ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ" ਵਿਚ ਨਿਰਨਾ ਕਰ ਆਏ ਹਾਂ ।)

ਕੀਰਤਪੁਰ ਵਿਚ ਹਰਿਰਾਏ ਸਾਹਿਬ ਜੀ ਦੇ ਘਰ ਦੋ ਪੁੱਤਰ ਹੋਏ ਰਾਮ ਰਾਏ ਤੇ ਹਰਿਕ੍ਰਿਸ਼ਨ ਜੀ ।

ਸੱਤਵੇਂ ਗੁਰੂ ਜੀ ਨੇ ੨੩ ਸਾਲ, ਛੇ ਮਾਹ, ਚੌਦਾਂ ਦਿਨ ਗੁਰਿਆਈ ਕੀਤੀ ।

ਗੁਰੂ ਹਰਿਕ੍ਰਿਸ਼ਨ ਜੀ ੧੭੧੮ ਬਿ. ਕੱਤਕ ਵਦੀ ਨੌਂ ਨੂੰ ਗੱਦੀ 'ਤੇ ਬੈਠੇ । ਦੋ ਸਾਲ, ਪੰਜ ਮਹੀਨੇ ਤੇ ਉੱਨੀ ਦਿਨ ਗੁਰਿਆਈ ਕਰਕੇ ਹਜ਼ੂਰ ਦਿੱਲੀ ਵਿਚ ਚੇਤ ਸੁਦੀ ਚੌਦਾਂ, ੧੭੨੧ ਨੂੰ ਜੋਤਿ ਵਿਚ ਜੋਤਿ ਸਮਾਏ । ਸਮਾਉਣ ਸਮੇਂ ਮਹਾਰਾਜ ਨੇ 'ਬਾਬਾ ਬਕਾਲੇ' ਕਿਹਾ ।

ਗੁਰੂ ਤੇਗ਼ ਬਹਾਦਰ ਜੀ ਛੇਵੇਂ ਗੁਰੂ ਤੇ ਮਾਤਾ ਨਾਨਕੀ ਘਰ ਜਨਮੇ ਅੰਮ੍ਰਿਤਸਰ । ਨੌਵੇਂ ਪਾਤਸ਼ਾਹ ਦੇ ਮਹਿਲ ਮਾਤਾ ਗੁਜਰੀ ਜੀ ਸਨ, ਜਿੰਨ੍ਹਾਂ ਦੇ ਘਰ ਗੁਰੂ ਗੋਬਿੰਦ ਸਿੰਘ ਜੀ ਪਰਗਟੇ ।

ਨੌਂਵੇਂ ਪਾਤਸ਼ਾਹ ਨੇ ਦਸ ਸਾਲ ਸੱਤ ਮਹੀਨੇ, ਇੱਕੀ ਦਿਨ ਗੁਰਿਆਈ ਕੀਤੀ । ਹਜ਼ੂਰ ਮੱਘਰ ਸੁਦੀ ਪੰਜ, ੧੭੩੨ ਬਿ. ਨੂੰ ਦਿੱਲੀ ਵਿਚ ਸ਼ਹੀਦ ਹੋਏ ।

ਫਿਰ ਗੁਰੂ ਗੋਬਿੰਦ ਸਿੰਘ ਜੀ ਗੱਦੀ 'ਤੇ ਬੈਠੇ । ਹਜ਼ੂਰ ਦੇ ਤਿੰਨ ਮਹਿਲ ਸਨ । ਜੀਤੋ ਜੀ ਦੇ ਘਰ ਤਿੰਨ ਪੁੱਤਰ ਹੋਏ । ਦੂਸਰੇ ਸੁਦਰੀ ਜੀ ਸਨ, ਜਿੰਨਾਂ ਘਰ ਅਜੀਤ ਸਿੰਘ ਜੀ ਹੋਏ ।

"ਤੀਸਰ ਸਾਹਿਬ ਦੇਵੀ ਦਾਰਾ ।
ਤਾਂਹਿ ਖ਼ਾਲਸਾ ਪੁਤ੍ਰ ਅਪਾਰਾ ।੩੨।"

ਦਸਵੇਂ ਗੁਰੂ ਜੀ ਨੇ ੩੨ ਸਾਲ, ੧੧ ਮਹੀਨੇ ਗੁਰਿਆਈ ਕੀਤੀ । ਹਜ਼ੂਰ ਕੱਤਕ ਸੁਦੀ ਪੰਜ, ੧੭੬੫ ਨੂੰ ਜੋਤੀ ਜੋਤਿ ਸਮਾਏ ।

ਅੰਸੂ ੯

(ਗੁਰੂ ਅੰਗਦ ਜੀ ਦੀ ਕਥਾ)

ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨ ਕੇ ਗੁਰੂ ਅੰਗਦ ਜੀ ਖਡੂਰ ਆ ਕੇ ਮਾਈ ਭਿਰਾਈ ਦੇ ਕਮਰੇ ਵਿਚ ਬੈਠ ਗਏ । ਹੁਕਮ ਮੰਨ ਕੇ ਭਿਰਾਈ ਨੇ ਦਰ ਬੰਦ ਕਰ ਦਿਤੇ ।

Digitized by Panjab Digital Library | www.panjabdigilib.org

ਇਸ ਤਰਾਂ ਦੂਸਰੇ ਗੁਰੂ ਛੇ ਮਹੀਨੇ ਬੰਦ ਰਹੇ ।

ਸੰਗਤ ਨੂੰ ਨਾਲ ਲੈ ਕੇ ਬਾਬੇ ਬੁੱਢੇ ਨੇ ਆ ਕੇ ਬੂਹਾ ਖੋਲ੍ਹਿਆ । ਗੁਰੂ ਜੀ ਦੀ ਸਮਾਧੀ ਖੁੱਲ੍ਹੀ, ਤਾਂ ਸੰਗਤਾਂ ਦਰਸ਼ਨ ਕੀਤੇ । ਗੁਰੂ ਅੰਗਦ ਦੇਵ ਜੀ ਨੇ ਸਲੋਕ ਉਚਾਰਿਆ :

"ਜਿਸੁ ਪਿਆਰੇ ਜਿਉ ਨੇਹੁ, ਤਿਸੁ ਆਗੈ ਮਰਿ ਚਲੀਐ ।
ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ।"

(ਵਾਰ ਸਿਰੀ ਰਾਗ, ਮ: ੨, ਪੰਨਾ ੮੩)

ਬਾਬਾ ਬੁਢਾ ਜੀ ਨੇ ਕਿਹਾ, ਕਿ ਭਾਈ ਬਾਲੇ ਨੂੰ ਬੁਲਾਓ । ਉਹ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਨਾਲ ਰਿਹਾ ਹੈ । ਉਹ ਗੁਰੂ ਜੀ ਦੀ ਸਾਖੀ ਸੁਣਾਇਗਾ ।

ਗੁਰੂ ਅੰਗਦ ਦੇਵ ਜੀ ਨੇ ਬਾਲੇ ਤੋਂ ਸਾਰੀ ਸਾਖੀ ਸੁਣੀ ।

ਅੰਸੂ ੧੦

(ਗੁਰੂ ਜੀ ਦੀ ਨਿੱਤ ਕਿਰਿਆ)

ਗੁਰਦੇਵ ਪਹਿਰ ਦੇ ਤੜਕੇ ਇਸ਼ਨਾਨ ਕਰਕੇ ਭਜਨ ਕਰਦੇ ਤੇ ਫਿਰ ਕੀਰਤਨ ਹੁੰਦਾ, ਉਪਦੇਸ਼ ਹੁੰਦਾ ।

ਲੰਗਰ ਸਾਰੇ ਇਕੋ ਪੰਗਤ ਵਿਚ ਛਕਦੇ ।

"ਚਤੁਰ ਬਰਨ ਤਹਿਂ ਸਮਸਰ ਬੈਸਹਿਂ ।
ਜੈਸੇ ਰੰਕ, ਰਾਵ ਭੀ ਤੈਸਹਿਂ ।
ਮਾਟੀ ਕੇ ਬਾਸਨ ਹੁਇਂ ਸਾਰੇ ।
ਪੱਤ੍ਰਨ ਮਹਿਂ ਅਚ ਲੇਹਿ ਅਹਾਰੇ ।੧੧।"

(ਚਤੁਰ ਬਰਨ=ਚਾਰ ਵਰਣ : ਬ੍ਰਹਿਮਣ, ਛੱਤਰੀ, ਵੈਸ਼, ਸ਼ੂਦਰ । ਸਮਸਰ=ਬਰਾਬਰ । ਰੰਕ=ਕੰਗਾਲ ਗ਼ਰੀਬ । ਰਾਵ=ਰਾਜਾ, ਅਮੀਰ । ਬਾਸਨ=ਬਰਤਨ । ਅਚਲੇਹਿ ਅਹਾਰ=ਪ੍ਰਸਾਦ ਛਕ ਲੈ ਦੇ ।)

ਪਿਛਲ ਪਹਿਰ ਗੁਰਦੇਵ ਬਾਲਕਾਂ ਤੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਵੇਖਦੇ । ਸ਼ਾਮ ਵੇਲੇ ਹਜ਼ੂਰ ਸੰਗਤਾਂ ਨੂੰ ਉਪਦੇਸ਼ ਕਰਦੇ । ਤੇ ਪਹਿਰ ਰਾਤ ਗਈ ਮਹਾਰਾਜ ਬਿਰਾਜਦੇ ।

ਇਕ ਦਿਨ ਗੋਰਖ ਨਾਥ, ਭਰਥਰੀ, ਚਰਪਟ, ਗੋਪੀ ਚੰਦ, ਈਸ਼ਰ ਨਾਥ ਆਦਿ ਸਿੱਧ ਰਲਕੇ ਗੁਰੂ ਜੀ ਨੂੰ ਪਰਖਣ ਵਾਸਤੇ ਆਏ । ਉਹਨਾਂ ਕਿਹਾ, ਆਪ ਜੋਗ ਕਿਉਂ ਨਹੀਂ ਕਰਦੇ । ਗੁਰੂ ਜੀ ਨੇ ਕਿਹਾ, 'ਅਸਾਂ ਭਗਤੀ ਜੋਗ ਦਾ ਰਸਤਾ ਅਪਨਾਇਆ ਹੈ ।"

ਮਹਾਰਾਜ ਨੇ ਏਥੇ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਸੁਣਾਇਆ,

"ਜੋਗੁ ਨ ਖਿੰਥਾ, ਜੋਗੁ ਨ ਡੰਡੈ, ਜੋਗ ਨ ਭਸਮ ਚੜਾਈਐ ।"

(ਸੂਹੀ ਮ: ੧, ਪੰਨਾ ੭੩੦)

Digitized by Panjab Digital Library | www.panjabdigilib.org

ਹਜ਼ੂਰ ਨੇ ਕਿਹਾ ਕਿ ਸਾਡਾ ਜੋਗ ਇਹ ਹੈ

"ਦੀਖਿਆ ਆਖਿ ਬੁਝਾਇਆ, ਸਿਫ਼ਤੀ ਸਚਿ ਸਮੇਉ ।
ਤਿਨ ਕਉ ਕਿਆ ਉਪਦੇਸੀਐ, ਜਿਨ ਗੁਰੁ ਨਾਨਕ ਦੇਉ ।"

(ਵਾਰ ਮਾਝ ਮ: ੨. ਪੰਨਾ ੧੫੦)

ਸਿੱਧ ਨਮਸਕਾਰ ਕਰਕੇ ਚਲੇ ਗਏ ।

ਪਰਯਾਗ [ਅਲਾਹਾਬਾਦ] ਦੇ ਕਿਲੇ ਵਿਚ ਸ਼ੇਰ ਸ਼ਾਹ ਤੇ ਸਲੇਮ [ਸੁਲੇਮਾਨ] ਹਮਾਯੂੰ ਤੋਂ ਆਕੀ ਹੋ ਬੈਠੇ । ਹਮਾਯੂੰ ਨੇ ਪਰਯਾਗ 'ਤੇ ਹਮਲਾ ਕਰ ਦਿਤਾ । ਹਮਾਯੂੰ ਲੜਾਈ ਵਿਚ ਹਾਰ ਗਿਆ । ਸ਼ੇਰ ਸ਼ਾਹ ਨੇ ਦਿੱਲੀ 'ਤੇ ਕਬਜ਼ਾ ਕਰ ਲਿਆ ।

ਗੁਰੂ ਜੀ ਦਾ ਪਤਾ ਪੁੱਛ ਕੇ ਹਮਾਯੂੰ ਖਡੂਰ ਆਇਆ । ਅੱਗੇ ਗੁਰੂ ਜੀ ਬਾਲਕਾਂ ਦੀ ਖੇਡ ਵਖ ਰਹੇ ਸਨ । ਉਹਨਾਂ ਹਮਾਯੂੰ ਵੱਲ ਤਕਿਆ ਤਕ ਨਾ ।

ਹਮਾਯੂੰ ਨੇ ਕਰੋਧ ਵਿਚ ਆ ਕੇ ਤਲਵਾਰ ਕਢਣੀ ਚਾਹੀ । ਸੋਚਿਆ

"ਹਤੌਂ ਖੈਂਚ ਕਰਿ, ਉਰ ਮਹਿਂ ਠਾਨਹਿ ।
ਤਬ ਮੋਕਹੁ ਇਹੁ ਸ਼ਾਹੁ ਪਛਾਨਹਿ ।
ਉਦੈ ਭਯੋ ਐਚਨ ਕੋ ਜਬੈ ।
ਮੁਸ਼ਟ ਸੰਗ ਕਰ ਚਿਮਟਿਯੋ ਤਬੈ ।੫੫।।"

[ਹਤੌਂ =ਮਾਰ ਦਿਆਂ । ਉਦੈ ਭਯੋ=ਤਿਆਰ ਹੋਇਆ । ਐਚਨ ਕੋ=ਖਿਚਣ ਵਾਸਤੇ । ਕਰ=ਹੱਥ ।]

ਅੱਗੋਂ ਗੁਰੂ ਜੀ ਨੇ ਫ਼ੁਰਮਾਇਆ

"ਸ਼ੇਰ ਸ਼ਾਹ ਸੋਂ ਕਛੁ ਨ ਬਸਾਯੋ ।
ਖੜਗ ਹਤਨ ਹਮ ਪਰ ਚਲ ਆਯੋ ।੫੭।
ਕਾਇਰ ਭਯੋ ਭਾਜ ਕਰਿ ਆਵਾ ।
ਹਮਹਿ ਸੂਰਤਾ ਚਹੈਂ ਦਿਖਾਵਾ ।...੫੮।"

[ਖੜਗ=ਤਲਵਾਰ । ਹਤਨ=ਮਾਰਨ ਵਾਸਤੇ । ਸੂਰਤਾ=ਸੂਰਮਤਾਈ ।]

ਹਮਾਯੂੰ ਨੇ ਮਾਫ਼ੀ ਮੰਗੀ ਤਾਂ ਗੁਰੂ ਜੀ ਨੇ ਕਿਹਾ, 'ਤੂੰ ਤਲਵਾਰ ਨਾ ਉਠਾਉਂਦੋਂ, ਤਾਂ ਹੁਣ ਦਿੱਲੀ ਮਿਲ ਜਾਂਦੀ । ਹੁਣ ਫਿਰ ਆਵੇਂਗਾ, ਤਾਂ ਕਾਰਜ ਸਰੇਗਾ ।'

ਹਮਾਯੂੰ ਸਿੰਧ ਦੇ ਰਸਤੇ ਈਰਾਨ ਚਲਾ ਗਿਆ, ਤੇ ਫਿਰ ਦੁਬਾਰਾ ਆ ਕੇ ਉਸ ਨੇ ਦਿੱਲੀ ਫ਼ਤਹਿ ਕੀਤੀ ।

ਅੰਸੂ ੧੧

(ਸਿੱਖਾਂ ਦਾ ਪ੍ਰਸੰਗ)

ਭਾਈ ਜੀਵਾ ਰੋਜ਼ ਗੁਰੂ ਜੀ ਨੂੰ ਦਹੀਂ ਤੇ ਖਿਚੜੀ ਛਕਾਇਆ ਕਰਦਾ ਸੀ । ਇਕ ਦਿਨ ਹਨੇਰੀ ਚੱਲ ਰਹੀ ਸੀ । ਭਾਈ ਜੀਵੇ ਨੇ ਬੇਨਤੀ ਕੀਤੀ, ਮਹਾਰਾਜ ! ਅੱਜ ਹਨੇਰੀ

Digitized by Panjab Digital Library | www.panjabdigilib.org

ਬੰਦ ਹੋ ਜਾਵੇ, ਤਾਂ ਮੈਂ ਦਹੀਂ ਤੇ ਖਿਚੜੀ ਲੈ ਆਵਾਂ।' ਮਹਾਰਾਜ ਨੇ ਕਿਹਾ, ਐਸੀ ਇੱਛਿਆ ਮਤ ਕਰੋ। ਪ੍ਰਭੂ ਦੀ ਰਜ਼ਾ ਵਿਚ ਰਹੋ। ਹਨੇਰੀ [ਤੇਜ਼ ਹਵਾ] ਨਾਲ ਜਹਾਜ਼ ਚਲਦੇ ਹਨ। ਫਿਰ ਤਾਂਬੇ ਦੀ ਧਰਤੀ ਤੇ ਲੱਖਾਂ ਸੱਪ ਰਹਿੰਦੇ ਹਨ। ਹਵਾ ਨਾਲ ਓਥੇ ਧੂੜ ਪਹੁੰਚਦੀ ਹੈ, ਤਾਂ ਉਹ ਪਲਦੇ ਹਨ। ਸੋ ਹੇ ਜੀਵਾ !

"ਪ੍ਰਭੂ ਆਗਯਾ ਮਹਿਂ ਤਥਾ ਸਦੀਵਾ।
ਰਹੁ ਰਾਜੀ ਬਨਿ ਗੁਰਮੁਖ, ਜੀਵਾ।...੧੭।"

ਗੁੱਜਰ ਨਾਮੀ ਲੁਹਾਰ ਸ਼ਰਣ ਆਇਆ। ਗੁਰੂ ਜੀ ਨੇ ਬਾਣੀ ਪੜ੍ਹਨ ਤੇ ਨੇਕ ਕੰਮ ਕਰਨ ਦਾ ਉਪਦੇਸ਼ ਦਿਤਾ।

ਰਾਜੇ ਨੇ ਕੁਛ ਭਲੇ ਪੁਰਸ਼ ਝੂਠੇ ਦੋਸ਼ ਵਿਚ ਕੈਦ ਕਰ ਛਡੇ ਸਨ। ਪ੍ਰਭੂ ਦੀ ਸਹਾਇਤਾ ਨਾਲ ਉਹ ਬੰਦੀਖ਼ਾਨੇ ਚੋਂ ਨਿਕਲੇ, ਤੇ ਗੁੱਜਰ ਲੁਹਾਰ ਕੋਲ ਆਏ, ਕਿ ਗੁਰ ਦੇ ਨਾਮ 'ਤੇ ਸਾਡੀਆਂ ਬੇੜੀਆਂ ਕੱਟ ਦੇਹ। ਗੁੱਜਰ ਨੇ ਕੱਟ ਦਿਤੀਆਂ।

ਇਕ ਧਿੰਙਾ ਨਾਈ ਸੇਵਾ ਕਰਦਾ ਸੀ। ਗੁਰੂ ਜੀ ਨੇ ਉਪਦੇਸ਼ ਕੀਤਾ, ਕਿ ਗੁਰੂ ਦੀ ਆਗਿਆ ਵਿਚ ਚੱਲੋ।

ਪਾਰੋ ਜੁਲਕਾ ਸ਼ਰਣ, ਆਇਆ ਤੇ ਪੁਛਿਆ, "ਮਹਾਰਾਜ ! 'ਪਰਮ ਹੰਸ' ਦੇ ਕੀ ਅਰਥ ਹਨ ?"

ਮਹਾਰਾਜ ਨੇ ਕਿਹਾ, "ਹੰਸ ਪਾਣੀ ਤੇ ਦੁੱਧ ਨੂੰ ਵੱਖ ਕਰ ਸਕਦਾ ਹੈ। ਸੋ ਪਰਮਹੰਸ ਦੇ ਲਛਣ ਹਨ

"ਪਰਮਹੰਸ ਸੋ ਕਹਿਅਹਿ ਰੂਪ।
ਸਤਿ ਚੇਤਨ, ਆਨੰਦ ਅਨੂਪ।
ਤਨ ਤੇ ਨਯਾਰੋ ਜਾਨਹਿਂ ਐਸੇ।
ਮੰਦਰ ਬਿਖੈ ਬਸਹਿ ਕੋ ਜੈਸੇ।੫੪।...
ਤਨ ਆਤਮ ਸਮਸਰ ਪਯ ਪਾਨੀ[1]।
ਕਰਹਿ ਜੁ ਨਰ ਹੁਇ ਹੰਸ ਸਮਾਨੀ।
ਤਿਨ ਕੋ ਪਰਮਹੰਸ ਹੈ ਨਾਮੂ।
ਪਾਵਹਿ ਬ੍ਰਹਮ ਗਯਾਨ ਅਭਿਰਾਮੂ।੫੬।"

ਇਸ ਉਪਦੇਸ਼ 'ਤੇ ਅਮਲ ਕਰ ਕੇ ਪਾਰੋ ਪਰਮਹੰਸ ਬਣਿਆ।

ਅੰਸੂ ੧੨

(ਸਿੱਖਾਂ ਦੇ ਪ੍ਰਸੰਗ)

ਮੱਲੂ ਸ਼ਾਹੀ ਸ਼ਰਣ ਆਇਆ ਤੇ ਬੇਨਤੀ ਕੀਤੀ, 'ਗੁਰਦੇਵ ! ਮੈਂ ਮੁਗਲਾਂ ਦੀ

---

1 ਸਰੀਰ ਨੂੰ ਪਾਣੀ ਤੇ ਆਤਮਾ ਨੂੰ ਦੁੱਧ (ਪਯ) ਸਮਝੇ।

Digitized by Panjab Digital Library | www.panjabdigilib.org

ਨੌਕਰੀ ਕਰਦਾ ਹਾਂ। ਕੋਈ ਕਲਿਆਣ ਦਾ ਰਸਤਾ ਦੱਸੋ।'

ਗੁਰੂ ਜੀ ਨੇ ਫ਼ੁਰਮਾਇਆ, "ਭਾਈ ਮੱਲੂ ਸ਼ਾਹ! ਦੇਹ ਨੇ ਹਰ ਸਾਲ ਬਿਨਸਣਾ ਹੈ, ਤੇ ਆਤਮਾ ਅਮਰ ਹੈ। ਹਰ ਕਰਮ ਇਹ ਧਾਰ ਕੇ ਕਰੋ।"

ਭਾਈ ਕਿਦਾਰੀ ਸ਼ਰਨ ਆਇਆ, ਤੇ ਬੇਨਤੀ ਕੀਤੀ,

"ਕਾਮ ਕੋਧ ਮਹਿਂ ਜਲਤੋ ਜਗਤ।
ਮੋਹਿ ਉਬਾਰਹੁ ਕਰਿ ਨਿਜ ਭਗਤ।੧੬।"

ਗੁਰੂ ਜੀ ਨੇ ਫ਼ੁਰਮਾਇਆ, "ਅੱਗ ਤੋਂ ਬਚਣ ਵਾਸਤੇ ਜਿਵੇਂ ਪਾਣੀ ਦਾ ਆਸਰਾ ਲਈਦਾ ਹੈ,

"ਤਿਮਿ ਜਗ ਜਲਤਿ ਦੇਖਿ ਕਰਿ ਤਯਾਗੇ।
ਮਿਲਿ ਸਤਿ ਸੰਗਤਿ ਸੇਵਾ ਲਾਗੇ।
ਸਕਲ ਬਿਕਾਰਨਿ ਤਪਤ ਬਿਨਾਸੇ।
ਸੀਤਲਤਾ ਗੁਰ ਸਬਦ ਪ੍ਰਕਾਸੇ।੧੯।"

ਫਿਰ ਦੀਪਾ, ਨਰਾਇਣ ਦਾਸ ਤੇ ਬੂਲਾ ਹਜ਼ੂਰ ਪਾਸ ਆਏ। ਉਹਨਾਂ ਬੇਨਤੀ ਕੀਤੀ, ਕਿ ਜਨਮ ਮਰਣ ਦਾ ਦੁੱਖ ਦੂਰ ਕਰ ਦਿਹੋ।

ਗੁਰੂ ਜੀ ਨੇ ਕਿਹਾ, 'ਕਲਿਆਣ ਦੇ ਚਾਰ ਰਸਤੇ ਹਨ : ਗਿਆਨ, ਵੈਰਾਗ, ਜੋਗ ਤੇ ਭਗਤੀ। ਇਹਨਾਂ ਦੇ ਲੱਛਣ ? ਵੈਰਾਗ [ਬਿਰਾਗ] ਦੋ ਪ੍ਰਕਾਰ ਦਾ ਹੈ, ਇਕ ਤਨ ਦਾ ਹੈ, ਇਕ ਮਨ ਦਾ ਹੈ। ਤਨ ਦਾ ਵੈਰਾਗ ਹੈ :

"ਸਕਲ ਪਦਾਰਥ ਤਯਾਗਨ ਕਰੈ।
ਧਨ, ਬਨਿਤਾ, ਸੁਤ, ਸਭ ਪਰਹਰੈ।
ਹਠ ਕਰ ਬਾਹਰ ਕੋ ਤਜ ਦੇਤਿ।
ਰਹੈ ਵਾਸ਼ਨਾ ਰਿਦੇ ਨਿਕੇਤਿ।੩੦।
ਦੂਸਰ ਬ੍ਰਹਮ ਲੋਕ ਲੌ ਸਾਰੇ।
ਬਾਇਸ ਬਿਸ਼ਟਾ ਸਮ ਨਿਰਧਾਰੇ।
ਰਿਦੇ ਵਾਸ਼ਨਾ ਕਯੋਂ ਹੂੰ ਨ ਧਰੈ।
ਸੁਪਨਿ ਸਮਾਨ ਜਾਨਿ ਪਰਹਰੈ।੩੧।
ਪਾਇ ਪਦਾਰਥ ਪਰਾਲਭੁਧ ਤੇ।
ਭੋਗਤਿ ਹੈਂ, ਪਰ ਮਨ ਨਹਿ ਬੰਧਤੇ।
ਨਿਜ ਸਰੂਪ ਦਿਸ ਬ੍ਰਿਤੀ ਲਗਾਵੈਂ।
ਬਿਸ਼ਯ ਬਾਸ਼ਨਾ ਤੇ ਉਲਟਾਵੈਂ।੩੨।"

[ਧਨ=ਮਾਇਆ। ਬਨਿਤਾ=ਸਿਮਤਰੀ। ਸੁਤ=ਪੁੱਤਰ। ਪਰਹਰੈ=ਤਿਆਗ ਦੇਵੇ। ਰਿਦੇ ਨਿਕੇਤਿ=ਨਿਕੇਤਿ, ਘਰ, ਰਿਦੇ ਰੂਪੀ ਘਰ ਵਿਚ। ਪਰਾਲਭਧ=ਲਿਖੇ ਲੇਖਾਂ ਅਨੁਸਾਰ।]

"ਤਥਾ ਜਗ ਹੈ ਦੋਇ ਪ੍ਰਕਾਰ।

Digitized by Panjab Digital Library | www.panjabdigilib.org

ਇਕ ਤੋ ਕਸ਼ਟ ਜੋਗ ਉਰਧਾਰ ।
ਯਮ, ਨੇਮਾਦਿ ਅਸ਼ਟ ਹੈਂ ਅੰਗ ।
ਸਕਲ ਕਹੈਂ, ਬਹੁ ਵਧੇ ਪ੍ਰਸੰਗ ।੩੩।''[1]

ਆਖ਼ਰੀ ਮਨਜ਼ਲ ਭਗਤੀ ਦੀ ਹੈ । ਪਰਮਾਤਮਾ ਨੂੰ ਪਤੀ ਮੰਨ ਕੇ ਪਤੀ ਬ੍ਰਤ ਇਸਤਰੀ ਵਾਂਗ ਆਗਿਆ ਪਾਲੇ ।

ਇਹ ਉਪਦੇਸ਼ ਸੁਣ ਕੇ ਉਹ ਗੁਰੂ ਦੇ ਸਿੱਖ ਬਣੇ ।

ਅੰਸ਼ ੧੩

(ਹਰੀ ਕੇ ਤੇ ਖਡੂਰ ਦੇ ਚੌਧਰੀ)

ਇਕ ਵਾਰ ਗੁਰੂ ਅੰਗਦ ਦੇਵ ਜੀ ਪਿੰਡ 'ਹਰੀਕੇ' ਗਏ । ਸੰਗਤਾਂ ਇਕੱਠੀਆਂ ਹੋ ਗਈਆਂ । ਸੁਣ ਕੇ ਪਿੰਡ ਦਾ ਚੌਧਰੀ ਵੀ ਆਇਆ । ਉਹ ਮਹਾਰਾਜ ਦੇ ਪਲੰਘ ਉਤੇ ਸਿਰਹਾਣੇ ਵੱਲ ਆ ਬੈਠਾ, ਭਾਵੇਂ ਸੇਵਕਾਂ ਨੇ ਉਹਦੇ ਵਾਸਤੇ ਮੂੜ੍ਹਾ ਰਖਿਆ ਹੋਇਆ ਸੀ । ਗੁਰੂ ਜੀ ਚੁੱਪ ਰਹੇ, ਕੋਈ ਬਚਨ ਨਹੀਂ ਕੀਤਾ । ਕੁਛ ਸਮਾਂ ਬੈਠ ਕੇ ਉਹ ਚਲਾ ਗਿਆ । ਪਿਛੋਂ ਸੰਗਤਾਂ ਨੇ ਕਿਹਾ, 'ਇਹ ਕਿੰਨਾ ਮੂਰਖ ਸੀ । ਮੂੜ੍ਹੇ 'ਤੇ ਬੈਠਣ ਦੀ ਥਾਂ ਮਹਾਰਾਜ ਦੇ ਪਲੰਘ 'ਤੇ ਬੈਠ ਗਿਆ । ਗੁਰਦੇਵ ਦੇ ਮੁੱਖੋਂ ਸੁਭਾਵਕ ਨਿਕਲ ਗਿਆ,

''ਪਲੰਘ ਪੰਘੂਰਾ ਕਛੂ ਨ ਰਹਯੋ ।
ਅਬਿ ਤੇ ਇਨ ਕੋ ਸਭਿ ਕਿਛੂ ਦਹਯੋ ।...੧੨।''

ਸਹਿਜ ਸਹਿਜ ਉਸ ਚੌਧਰੀ ਦਾ ਸਭ ਕੁਛ ਨਾਸ ਹੋ ਗਿਆ ।

ਗੁਰੂ ਜੀ ਫਿਰ ਖਡੂਰ ਆ ਗਏ ।

ਖਡੂਰ ਦਾ ਚੌਧਰੀ ਸ਼ਰਾਬ ਬਹੁਤ ਪੀਂਦਾ ਸੀ । ਇਸ ਲਈ ਉਸਨੂੰ ਮਿਰਗੀ ਦਾ ਰੋਗ ਹੋ ਗਿਆ । ਉਸਨੇ ਆ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ । ਗੁਰਦੇਵ ਨੇ ਫ਼ੁਰਮਾਇਆ, ''ਸ਼ਰਾਬ ਤਿਆਗ ਦੇਹ, ਮਿਰਗੀ ਹਟ ਜਾਇਗੀ । ਪਰ ਫੇਰ ਪੀਵੇਂਗਾ, ਤਾਂ ਮਿਰਗੀ ਨਾਲ ਜਾਨ ਵੀ ਜਾਇਗੀ ।''

ਚੌਧਰੀ ਨੇ ਸ਼ਰਾਬ ਛੱਡ ਦਿਤੀ, ਤਾਂ ਮਿਰਗੀ ਵੀ ਹਟ ਗਈ । ਇਕ ਦਿਨ ਕਾਲੀਆਂ ਘਟਾਂ ਵੇਖਕੇ ਚੌਧਰੀ ਨੇ ਪੀ ਲਈ, ਤੇ ਅਟਾਰੀ 'ਤੇ ਚੜ੍ਹ ਕੇ ਕਹਿਣ ਲਗਾ, ''ਤਪਾ ਜੀ ! ਅੱਜ ਮੈਂ ਪੀ ਲਈ ਜੇ ।'' ਉਸੇ ਵੇਲੇ ਮਿਰਗੀ ਦਾ ਦੌਰਾ ਪਿਆ, ਤੇ ਚੌਧਰੀ ਅਟਾਰੀ ਤੋਂ ਡਿਗ ਕੇ ਮਰ ਗਿਆ ।

ਸੰਗਤ ਵਿਚ ਇਕ ਪੁਰਸ਼ ਰਹਿੰਦਾ ਸੀ, ਪਰ ਹੱਥੀਂ ਸੇਵਾ ਕੋਈ ਨਾ ਕਰਦਾ ।

---

1 (ਇਸ ਦਾ ਵਿਸਥਾਰ ਨਾਨਕ ਪ੍ਰਕਾਸ਼ ਵਿਚ ਆ ਚੁਕਾ ਹੈ । ਵੇਖੋ ::ਸਿੱਖ ਇਤਿਹਾਸ ਦੇ ਸੋਮੇ'' ਤੀਜਾ ਭਾਗ ।)

Digitized by Panjab Digital Library | www.panjabdigilib.org

ਬੁਢਾ ਜੀ ਨੇ ਸਮਝਾਇਆ, ਕਿ ਸੇਵਾ ਕਰਨੀ ਚਾਹੀਦੀ ਹੈ। ਉਸਨੇ ਉਤਰ ਦਿਤਾ, 'ਕਿਸੇ ਸਿੱਖ ਦੇ ਕਹੇ ਮੈਂ ਕੁਛ ਨਹੀਂ ਕਰਨਾ। ਗੁਰੂ ਮਹਾਰਾਜ ਆਪ ਜੋ ਹੁਕਮ ਦੇਣ, ਮੈਂ ਕਰਾਂਗਾ।''

ਇਕ ਦਿਨ ਉਸਨੇ ਮਹਾਰਾਜ ਪਾਸ ਬੇਨਤੀ ਕੀਤੀ,

'''ਬਹੁਤ ਦਿਵਸ ਕੋ ਮੈਂ ਅਭਿਲਾਖੀ।
ਨਿਜ ਮੁਖ ਤੇ ਕਛੁ ਸੇਵ ਨ ਭਾਖੀ।'੪੦।
ਕਰਯੋ ਬਾਕ ਤਬ ਬੇਪਰਵਾਹਿ।
'ਅਗਨ ਜਰਹੁ, ਇਹ ਸੇਵਾ ਆਹਿ।'
ਸੁਨਿ ਤਬਿ ਗਮਨਯੋ ਬਨ ਕੇ ਮਾਂਹੀ।
ਲਕਰੀ ਕਰੀ ਬਟੋਰਨਿ ਤਾਂਹੀ।੪੧।
ਅਗਨਿ ਪ੍ਰਜੁਲਤ ਹੇਰ ਕਰਿ ਡਰਯੋ।
ਗੁਰ ਬਚ ਪਹਿ ਨਹਿਂ ਟਿਕਯੋ ਕਰਯੋ। ..੪੨।''

ਇਕ ਚੋਰ ਮਾਲ ਲਈ ਜਾ ਰਿਹਾ ਸੀ। ਉਸਨੇ ਵੇਖ ਕੇ ਉਸ ਤੋਂ ਪੁਛਿਆ, ਤਾਂ ਉਸਨੇ ਸਭ ਕੁਛ ਸੱਚ ਸੱਚ ਦੱਸ ਦਿਤਾ। ਚੋਰ ਨੇ ਕਿਹਾ,

''ਮੋ ਤੇ ਦਰਬ ਸਰਬ ਅਬ ਲੇਵੋ।
ਸ੍ਰੀ ਗੁਰ ਬਾਕ ਮੋਲ ਮੁਝ ਦੇਵੋ।
ਸੁਨਿ ਕੇ ਧਨ ਲੀਨਸਿ ਲਲਚਾਇ।
ਤਬਿ ਤਸਕਰ ਤਨ ਦੀਨ ਜਲਾਇ।੪੫।''

ਸੌਦਾ ਹੋ ਗਿਆ। ਉਸਨੇ ਧਨ ਲੈ ਲਿਆ, ਤੇ ਚੋਰ (ਤਸਕਰ) ਨੇ ਆਪਣਾ ਆਪ ਉਸ ਚਿਖਾ ਵਿਚ ਸਾੜ ਦਿਤਾ। ਚੋਰ ਵਾਸਤੇ ਬਬਾਣ ਆ ਗਿਆ, ਤੇ ਉਹ ਸੱਚਖੰਡ ਨੂੰ ਗਿਆ।

ਜਿਹੜਾ ਲਾਲਚ ਵਿਚ ਚੋਰੀ ਦਾ ਮਾਲ ਲੈ ਗਿਆ ਸੀ, ਉਹ ਪਕੜਿਆ ਗਿਆ, ਤੇ ਫਾਂਸੀ ਲਗ ਗਿਆ।

ਅੰਸੂ ੧੪

(ਅਮਰਦਾਸ ਜੀ ਦੀ ਮੁਢਲੀ ਕਥਾ)

ਬਾਸਰਕੇ ਨੱਗਰ ਵਿਚ ਤੇਜੋ ਭੱਲੇ ਦੇ ਘਰ ਅਮਰਦਾਸ ਜੀ ਪਰਗਟੇ। ਤੇਜੋ ਜੀ ਦੇ ਤਿੰਨ ਪੁੱਤਰ ਹੋਰ ਵੀ ਸਨ।

''ਅਪਰ ਭਏ ਪੁਨ ਤੀਨ ਸੁਤ ਹਰਖਤਿ ਭਾ ਹੇਰੇ।੩।''

ਅਮਰਦਾਸ ਜੀ ਨੇ ਸੋਚਿਆ, ''ਕੋਈ ਤੀਰਥ ਬ੍ਰਤ ਕਰਨਾ ਚਾਹੀਦਾ ਹੈ।' ਸੋ ਆਪ ਪੈਦਲ ਹਰਿਦਵਾਰ (ਗੰਗਾ ਜੀ) ਗਏ। ਆਪ ਹਰ ਛੇ ਮਹੀਨੇ ਪਿੱਛੋਂ ਗੰਗਾ ਇਸ਼ਨਾਨ ਵਾਸਤੇ ਜਾਂਦੇ। ਇਸਤਰਾਂ ਉੱਨੀ ਵਾਰ ਗਏ। ਸ੍ਰੀ ਅਮਰਦਾਸ ਵੀ ਵੀਹਵੀਂ

Digitized by Panjab Digital Library | www.panjabdigilib.org

ਵਾਰ ਗਏ, ਤਾਂ ਰਸਤੇ ਵਿਚ 'ਮਿਹੜਾ' ਨਾਮ ਦੇ ਪਿੰਡ ਵਿਚ ਦੁਰਗਾ ਨਾਮ ਦੇ ਸਾਰਸ੍ਵਤ ਬ੍ਰਹਿਮਣ ਦੇ ਘਰ ਰਹੇ। ਹਜ਼ੂਰ ਗੰਡੇ 'ਤੇ ਪੈਰ ਧਰ ਕੇ ਲੇਟੇ ਹੋਏ ਸਨ। ਪੰਡਤ ਨੇ ਆਪ ਦੇ ਚਰਣ ਵਿਚ 'ਪਦਮ ਦਾ ਚਿੰਨ੍ਹ' (ਕੰਵਲ ਫੁੱਲ ਦਾ ਨਸ਼ਾਨ) ਵੇਖਿਆ। ਵਿਦਿਆ ਹੋਣ ਲੱਗੇ ਮਹਾਰਾਜ ਪੰਡਤ ਨੂੰ ਦੱਛਣਾ ਦੇਣ ਲਗ। ਪੰਡਤ ਨੇ ਕਿਹਾ, "ਮਹਾਰਾਜ! ਆਪ ਜਾਂ ਰਾਜਾ ਬਣੋਗੇ, ਜਾਂ ਧਰਮ ਗੁਰੂ। ਓਦੋਂ ਮੈਂ ਹਾਜ਼ਰ ਹੋ ਕੇ ਦੱਛਣਾ ਲਵਾਂਗਾ।'

ਹਜ਼ੂਰ ਓਥਾਂ ਵਿਦਿਆ ਹੋਏ, ਤਾਂ ਰਸਤੇ ਵਿਚ ਇਕ ਬ੍ਰਹਮਚਾਰੀ ਮਿਲ ਪਿਆ। ਆਪ ਉਸ ਨੂੰ ਘਰ ਲੈ ਆਏ, ਤੇ ਉਸਦੀ ਬੜੀ ਸੇਵਾ ਕੀਤੀ। ਗੱਲਾਂ ਬਾਤਾਂ ਵਿਚ ਬ੍ਰਹਮਚਾਰੀ ਨੇ ਪੁਛਿਆ, 'ਆਪ ਦਾ ਗੁਰੂ ਕੌਣ ਹੈ।' ਅਮਰਦਾਸ ਜੀ ਨੇ ਕਿਹਾ, ਅਜੇ ਗੁਰੂ ਧਾਰਨ ਨਹੀਂ ਕੀਤਾ।

ਬ੍ਰਹਮਚਾਰੀ ਨੇ ਕਿਹਾ, 'ਨਿਗੁਰੇ ਦੇ ਹੱਥੋਂ ਖਾ ਪੀ ਕੇ ਮੈਂ ਆਪਣਾ ਧਰਮ ਭ੍ਰਸ਼ਟ ਕਰ ਲਿਆ ਹੈ।' ਨਾਰਾਜ਼ ਹੋ ਕੇ ਬ੍ਰਹਮਚਾਰੀ ਚਲਾ ਗਿਆ।

ਅਮਰਦਾਸ ਜੀ ਦੇ ਮਨ ਵਿਚ ਗੁਰੂ ਧਾਰਨ ਦੀ ਪਰਬਲ ਇੱਛਿਆ ਜਾਗ ਉਠੀ। ਗੰਗਾ ਮਾਤਾ ਤੇ ਪ੍ਰਭੂ ਅੱਗੇ ਅਰਦਾਸਾਂ ਕਰਨ ਲੱਗੇ।

ਅੰਸੂ ੧੫

(ਗੁਰੂ ਅੰਗਦ ਦੇਵ ਜੀ ਨਾਲ ਮਿਲਾਪ)

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ, ਅਮਰ ਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਉਹ ਰੋਜ਼ ਅੰਮ੍ਰਿਤ ਵੇਲੇ ਗੁਰਬਾਣੀ ਪੜ੍ਹਦੀ। ਇਕ ਰਾਤ ਅਮਰ ਦਾਸ ਜੀ ਗੁਰੂ ਦੀ ਚਿੰਤਾ ਵਿਚ ਜਾਗਦੇ ਰਹੇ, ਤੇ ਤੜਕੇ ਬੀਬੀ ਅਮਰੋ ਤੋਂ ਬਾਣੀ ਸੁਣੀ।

ਦਿਨ ਚੜ੍ਹੇ ਅਮਰ ਦਾਸ ਜੀ ਆਏ, ਤੇ ਪੁਛਿਆ, "ਪੁੱਤਰ! ਤੂੰ ਤੜਕੇ ਕਿਸ ਦੀ ਬਾਣੀ ਪੜ੍ਹਦੀ ਸੈਂ। ਇਕ ਵਾਰ ਫਿਰ ਸੁਣਾ।"

ਬੀਬੀ ਨੇ ਸਬਦ ਸੁਣਾਇਆ,

"ਕਰਣੀ ਕਾਗਦੁ ਮਨੁ ਮਸਵਾਣੀ,
ਬੁਰਾ ਭਲਾ ਦੁਇ ਲੇਖ ਪਏ।...
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ,
ਤਉ ਨਾਨਕ ਤ੍ਰਿਸਟਸਿ ਦੇਹਾ।"

(ਮਾਰੂ ਮ: ੧, ਪੰਨਾ ੯੯੦)

ਅਮਰ ਦਾਸ ਜੀ ਦੇ ਪੁਛਣ 'ਤੇ ਬੀਬੀ ਨੇ ਦੱਸਿਆ, ਕਿ ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਹੁਣ ਨਾਨਕ ਦੇਵ ਜੀ ਦੀ ਗੱਦੀ ਉਤੇ ਮੇਰੇ ਪਿਤਾ ਜੀ ਹਨ।

ਅਮਰਦਾਸ ਜੀ ਬੀਬੀ ਨੂੰ ਨਾਲ ਲੈ ਕੇ ਖਡੂਰ ਗਏ।

ਪਹਿਲਾਂ ਬੀਬੀ ਇਕੱਲੀ ਅੰਦਰ ਗਈ। ਗੁਰੂ ਜੀ ਨੇ ਫ਼ੁਰਮਾਇਆ,

Digitized by Panjab Digital Library | www.panjabdigilib.org

"ਬਨਹਿ ਨ ਆਵਨਿ ਬਿਨ ਭਨੇ, ਕਯੋਂ ਚਲਿ ਕਰਿ ਆਏ ।
ਜਿਨਹੁ ਸੰਗ ਆਨਯੋ ਹੁਤੋ, ਤਿਸ ਕਯੋਂ ਨਹਿ ਲਯਾਏ ।...੨੩।"

ਬੀਬੀ ਅਮਰ ਦਾਸ ਜੀ ਨੂੰ ਅੰਦਰ ਲੈ ਗਈ ।

"ਲਖ ਸੰਸਾਰ ਸੰਬੰਧ ਕੋ ਹਇ ਸਤਿਗਰ ਠਾਂਢੇ[1] ।
ਗਲ ਮਿਲਬੇ ਕਹੁ ਤਯਾਰ ਭੇ, ਪਟ ਤੇ ਕਰ ਕਾਢੇ[2] ।
ਚਰਨ ਗਹੇ ਸ੍ਰੀ ਅਮਰ ਤਬਿ, ਬੰਦਨ ਕੋ ਠਾਨੀ ।
ਉਚਿਤ ਨਹੀਂ, ਗੁਰ ! ਮਿਲਨ ਕੇ, ਲਿਹੁ ਦਾਸ ਪਛਾਨੀ ।੨੫।"

ਬਾਤ ਚੀਤ ਪਿੱਛੋਂ ਲੰਗਰ ਦਾ ਸਮਾਂ ਹੋ ਗਿਆ । ਸਾਰੇ ਪ੍ਰਸਾਦ ਛਕਣ ਜਾ ਬੈਠੇ ।

"ਪਹਿਤ ਭਾਤ[3] ਬਰਤਯੋ ਪ੍ਰਥਮ, ਪੁਨ ਆਮਿਖ[4] ਆਵਾ ।
ਇਕ ਦਿਸ ਪੰਕਤਿ ਮਹਿ ਦਯੋ, ਤਬ ਇਨ ਦਰਸਾਵਾ । ..੨੬।"

ਅਮਰ ਦਾਸ ਜੀ ਨੇ ਦਿਲ ਵਿਚ ਧਾਰੀ, ਜੇ ਮੈਨੂੰ ਮਾਸ ਨਾ ਦੇਣ, ਤਾਂ ਮੇਰਾ ਧਰਮ ਰਹੇ । ਗੁਰੂ ਜੀ ਨੇ ਰਸੋਈਏ ਨੂੰ ਹੁਕਮ ਦਿਤਾ, ਕਿ ਇਸ ਪੁਰਸ਼ ਨੂੰ ਮਾਸ ਨਹੀਂ ਦੇਣਾ । ਅਮਰ ਦਾਸ ਜੀ ਨੇ ਸਮਝ ਲਿਆ, ਕਿ ਗੁਰੂ ਜਾਣੀ ਜਾਣ ਹੈ । ਫਿਰ ਅਮਰ ਦਾਸ ਜੀ ਦੇ ਦਿਲ ਵਿਚ ਆਈ, ਕਿ ਗੁਰੂ ਜੀ ਆਪਣਾ ਸੀਤ ਪ੍ਰਸਾਦ ਦੇਣ, ਤਾਂ ਠੀਕ ਹੈ । ਗੁਰੂ ਅੰਗਦ ਦੇਵ ਜੀ ਨੇ ਵਧਿਆ ਥਾਲ ਅਮਰਦਾਸ ਜੀ ਅੱਗੇ ਰਖਵਾ ਦਿਤਾ । ਅਮਰ ਦਾਸ ਜੀ ਦੇ ਮਨ ਦੀ ਤਸੱਲੀ ਹੋ ਗਈ ।

(ਕੁਛ ਹੋਰ ਇਤਿਹਾਸਕਾਰਾਂ ਵਾਂਗ ਕਵੀ ਜੀ ਵੀ ਗੁਰੂ ਅੰਗਦ ਦੇਵ ਜੀ ਨੂੰ ਮਾਸਾਹਾਰੀ ਲਿਖਦੇ ਹਨ । ਪਰ ਇਸ ਗੱਲ ਨੂੰ ਮਨ ਮੰਨਦਾ ਨਹੀਂ । ਗੁਰੂ ਅੰਗਦ ਦੇਵ ਜੀ ਪਹਿਲਾਂ ਦੇਵੀ ਭਗਤ ਸਨ, ਤੇ ਖ਼ਾਸ ਕਰ ਵੈਸ਼ਨੋ ਦੇਵੀ ਦੇ ਉਪਾਸ਼ਕ ਸਨ, ਭਾਵ ਵੈਸ਼ਨੋ ਭੋਜਨ ਕਰਦੇ ਸਨ । ਫਿਰ ਖ਼ੁਰਾਕ ਦਾ ਸੰਬੰਧ ਕਿਰਤ ਨਾਲ ਹੈ । ਭਗਤੀ ਭਾਵ ਵਾਲੇ ਸੁਤੇ ਹੀ ਮਾਸ ਤੋਂ ਪਰਹੇਜ਼ ਕਰਦੇ ਹਨ । ਮਾਸ ਜੰਗੀ ਮਨੁੱਖਾਂ ਦੀ ਖ਼ੁਰਾਕ ਹੈ । ਸੋ ਮੇਰੀ ਰਾਏ ਹੈ, ਪੰਜਵੇਂ ਪਾਤਸ਼ਾਹ ਤਕ ਕਿਸੇ ਗੁਰੂ ਦੇ ਲੰਗਰ ਵਿਚ ਵੀ ਮਾਸ ਨਹੀਂ ਸੀ ਵਰਤਦਾ । ਛੇਵੇਂ ਪਾਤਸ਼ਾਹ ਜੰਗੀ ਜਰਨੈਲ ਵੀ ਸਨ, ਸਿੱਖ ਸ਼ਕਾਰ ਖੇਡਦੇ ਸਨ, ਸੋ ਮਾਸ ਦੀ ਵਰਤੋਂ ਜ਼ਰੂਰ ਹੁੰਦੀ ਹੋਵੇਗੀ ।)

ਅੰਸੂ ੧੬

(ਅਮਰ ਦਾਸ ਜੀ ਦਾ ਸੇਵਾ ਭਾਵ)

ਅਮਰ ਦਾਸ ਜੀ ਨੇ ਜਲ ਦੀ ਸੇਵਾ ਸੰਭਾਲ ਲਈ । ਆਪ ਲੰਗਰ ਵਾਸਤੇ ਜਲ ਲਿਆਉਂਦੇ, ਸੰਗਤਾਂ ਨੂੰ ਛਕਾਉਂਦੇ, ਤੇ ਨਿੱਤ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਜੀ ਨੂੰ

---

1 ਖਲੇ ਹੋਏ । 2 ਚਾਦਰ ਵਿਚੋਂ ਹੱਥ ਬਾਹਰ ਕੱਢੇ । 3 ਦਾਲ ਚੌਲ ।
4 ਮਾਸ ।

Digitized by Panjab Digital Library | www.panjabdigilib.org

ਇਸ਼ਨਾਨ ਕਰਾਉਂਦੇ ।

ਸਾਲ ਪਿਛੋਂ ਗੁਰੂ ਜੀ ਨੇ ਡੇਢ ਗਜ਼ ਦਾ ਪਰਨਾ (ਸਿਰੋਪਾਓ ਵਜੋਂ) ਬਖ਼ਸ਼ਿਆ । ਅਮਰ ਦਾਸ ਜੀ ਨੇ ਸਿਰ 'ਤੇ ਬੰਨ੍ਹ ਕੇ ਉਪਰੋਂ ਰੱਸੀ ਨਾਲ ਬੰਨ੍ਹ ਲਿਆ, ਤੇ ਗੁਰੂ ਜੀ ਦੀ ਬਖ਼ਸ਼ਸ਼ ਸਮਝ ਕੇ ਫਿਰ ਨਹੀਂ ਉਤਾਰਿਆ ।

"ਬਰਖ ਬਹੱਤਰ ਭਈ ਆਰਬਲ, ਤਬਿ ਆਏ ਸਤਿਗੁਰ ਕੇ ਪਾਸਿ ।
ਨਿਬਲ ਸਰੀਰ, ਜਰਜਰੀ ਭੂਤ ਸੁ, ਤਉ ਸੇਵਾ ਕੋ ਧਰਹਿ ਹੁਲਾਸਿ ।...੧੦।"

(ਇਸ ਦਾ ਅਰਥ ਬਣਦਾ ਹੈ, ਕਿ ਜਦ ਅਮਰ ਦਾਸ ਜੀ ਗੁਰੂ ਜੀ ਦੀ ਸ਼ਰਣ ਆਏ, ਓਦੋਂ ੭੨ ਬਰਸ ਦੇ ਸਨ । ਭੁੱਟਾਂ ਦੇ ਸਵੱਯਾਂ ਵਿਚ ਆਉਂਦਾ ਹੈ, "ਤੀਸ ਇਕੁ ਅਰ ਪੰਜਿ ਸਿਧੁ ਪੈਂਤੀਸ ਨਖੀਣਉ ।" =੩੦+੧+੫+੩੫=੭੧ ਸਾਲ । ਭਾਵ ਇਕੱਤਰ ਸਾਲ ਦੀ ਉਮਰ ਵਿਚ ਗੁਰੂ ਸ਼ਰਣ ਆਏ । ਸੋ ਉਪਰਲੀ ਪੰਗਤੀ 'ਬਰਖ ਬਹੱਤਰ ਭਈ ਆਰਬਲ, ਤਬਿ ਆਏ ਸਤਿਗੁਰ ਕੇ ਪਾਸਿ ।' ਭੁਲੇਖਾ ਪਾਉ ਹੈ ।)

ਜੇ ਕੋਈ ਸੇਵਕ ਕਹਿ ਦੇਂਦਾ, ਕਿ ਕਦੇ ਘਰ ਜਾ ਕੇ ਪਰਵਾਰ ਦੀ ਵੀ ਖ਼ਬਰ ਲੈ ਆ । ਤਾਂ ਅਮਰ ਦਾਸ ਵੀ ਉਤਰ ਦੇਂਦੇ,

"ਅਬ ਮੇਰੇ ਸਤਿਗੁਰ ਹੈਂ ਸਭਿ ਕਿਛੁ, ਸਦਨ, ਕੁਟੰਬ, ਪਿਤਾ ਅਰ ਮਾਤਿ ।
ਇਹੀ ਸਹਾਇਕ ਹੋਹਿ ਅੰਤ ਕੋ,
ਰਹਿ ਏਕਲ ਜਹਿ ਕੋਇ ਨ ਜਾਤਿ ।...।੧੩।"

ਇਕ ਸਾਲ ਹੋਰ ਬੀਤਣ ਪਿੱਛੋਂ ਗੁਰੂ ਜੀ ਨੇ ਇਕ ਪਰਨਾ ਹੋਰ ਦਿਤਾ । ਅਮਰ ਦਾਸ ਜੀ ਨੇ ਉਹ ਵੀ ਸਿਰ 'ਤੇ ਬੰਨ੍ਹ ਲਿਆ ।

ਅਮਰ ਦਾਸ ਜੀ ਹਰ ਸਮੇਂ ਗੁਰੂ ਜੀ ਦੀ ਸੇਵਾ ਵਿਚ ਰਹਿੰਦੇ ਤੇ ਸੇਵਾ ਕਰਦੇ,

"ਪਾਤ੍ਰ ਸੁਧਾਰਹਿ ਸਤਿਗੁਰ ਕੇ ਸਬ, ਗਰਮੀ ਬਿਖੈ ਸੁ ਹਾਕਹਿਂ ਪੌਨ ।
ਜਬਿ ਜਲ ਪਾਨ ਕਰਹਿ ਲੇ ਆਵਹਿ, ਸੇਜ ਸੁਧਾਰਹਿ ਹਿਤ ਗੁਰ ਸੌਨ ।
ਚਰਣ ਅੰਗੂਠੇ ਮਹਿ ਬ੍ਰਿਣ ਪਾਕੋ, ਨਿਜ ਆਨਨ ਮਹਿ ਰਾਖਹਿਂ ਤੌਨ ।
ਮੁਖ ਕੇ ਗਰਮ ਸ੍ਵਾਸ ਤੇ ਦੁਖ ਨਹਿ, ਯਾਂਤੇ ਧਰਹਿ ਬੈਠ ਰਹਿਂ ਭੌਨ ।੧੯।
ਜਬ ਮੁਖ ਰੁਧਰ ਰਾਂਧਿ ਕਿਛੁ ਆਵਹਿ, ਤਿਸ ਕੋ ਥੂਕ ਦੇਹਿ ਧਰ ਡਾਰ ।
ਸੁਖ ਸੋਂ ਸੈਨ ਕਰਹਿ ਗੁਰ ਪੂਰੇ,
ਨਹਿ ਦੁਖ ਹੁਇ, ਇਮ ਰਿਦੇ ਬਿਚਾਰ ।...੨੦।"

(ਬ੍ਰਿਣ=ਫੋੜਾ । ਇਹ ਘਟਨਾ ਜਚਦੀ ਨਹੀਂ । ਸਰੂਪ ਦਾਸ ਭੱਲਾ ਇਸ ਦਾ ਜ਼ਿਕਰ ਤਕ ਨਹੀਂ ਕਰਦਾ । ਇਹ ਕਹਾਣੀ ਵਿਰੋਧੀਆਂ ਵੱਲੋਂ ਘੜੀ ਗਈ ਜਾਪਦੀ ਹੈ । ਅੰਧ-ਵਿਸ਼ਵਾਸੀਆਂ ਨੇ ਇਸ ਨੂੰ ਸ਼ਰਧਾ ਅਧੀਨ ਪਰਵਾਨ ਕਰ ਲਿਆ ।)

ਗੁਰੂ ਜੀ ਹਰ ਸਾਲ ਇਕ ਪਰਨਾ (ਸਿਰੋਪਾਓ) ਵਜੋਂ ਬਖ਼ਸ਼ਦੇ, ਤੇ ਅਮਰ ਦਾਸ ਜੀ ਉਹ ਸਿਰ 'ਤੇ ਬੰਨ੍ਹ ਲੈਂਦੇ ।

"ਪੰਚ ਬਰਖ ਮਹਿ ਪੰਚ ਦਿਯੇ ਗੁਰ,
ਖਸ਼ਟ ਬਰਖ ਮਹਿ ਖਸ਼ਟੋਂ ਦੀਨ ।

Digitized by Panjab Digital Library | www.panjabdigilib.org

ਸੰਮਤ ਸਪਤਮ ਮਹਿ ਗੁਰ ਸੇਵਤਿ,
ਪਗ ਅੰਗੁਸ਼ਟ ਧਰਹਿ ਮੁਖ ਲੀਨ ।
ਭਯੋ ਕਛੁ ਕ ਪ੍ਰਕਾਸ਼ ਰਿਦੇ ਮਹਿ, ਜਿਮ ਅਰਣੋਦੈ[1] ਹੋਤ ਨਵੀਨ ।
ਕਰਾਮਾਤ ਕੀ ਸ਼ਕਤਿ ਭਈ ਤਬਿ, ਸਿੱਧਾਂ ਫੁਰਨ ਲਗੀ ਮਨ ਚੀਨ ।੨੧।''

ਅਮਰ ਦਾਸ ਜੀ ਨੇ ਆਪਣੀ ਕਰਾਮਾਤ ਨਾਲ ਗੁਰੂ ਅੰਗਦ ਦੇਵ ਜੀ ਦਾ ਰੋਗ ਮਿਟਾ ਦਿਤਾ । ਗੁਰੂ ਅੰਗਦ ਦੇਵ ਜੀ ਜਾਗੇ, ਤੇ ਪੈਰ ਅਰੋਗ ਵੇਖ ਕੇ ਨਾਰਾਜ਼ਗੀ ਨਾਲ ਕਿਹਾ,

''ਸੁਨਿ ਪੁਰਖਾ, ਤੈਂ ਕਯਾ ਇਹੁ ਕੀਨਸਿ,
ਜਰਾ ਸ਼ਕਤਿ ਭੀ ਜਰੀ ਨ ਜਾਇ ।
ਤੀਨ ਲੋਕ ਪਤਿ ਸ੍ਰੀ ਗੁਰ ਨਾਨਕ ਇਸ ਤਨ ਕੋ ਤਿਨ ਸੀਸ ਨਿਵਾਇ ।
ਉਚਿਤ ਕਸ਼ਟ ਕੇ ਹੈ ਇਹ ਸਦ ਹੀ, ਕਯੋਂ ਇਹੁ ਦੀਨੋ ਰੋਗ ਗਵਾਇ ।
ਅਬਿ ਤੇ ਬਹੁਰ ਨ ਕਰਹੁ ਦਿਖਾਵਨਿ,
ਕਿਸ ਅਸਥਾਨ ਕਿਛੂ ਹੁਇ ਜਾਇ ।੨੫।''

(ਲਉ, ਗੁਰੂ ਅੰਗਦ ਦੇਵ ਜੀ ਪੈਰ ਦੇ ਫੋੜੇ ਦਾ ਕਾਰਨ ਦਸਦੇ ਹਨ, ਕਿ ਗੁਰੂ ਨਾਨਕ ਦੇਵ ਜੀ ਨੇ ਸਾਡੇ ਪੈਰਾਂ ਤੇ ਮੱਥਾ ਟੇਕਿਆ ਸੀ, ਇਸ ਵਾਸਤੇ ਫੋੜਾ ਹੋ ਗਿਆ ਸੀ । ਅੰਧ ਵਿਸ਼ਵਾਸ ।)

ਗੁਰੂ ਅੰਗਦ ਦੇਵ ਜੀ ਨੇ ਆਪਣੇ ਅੰਗੂਠੇ ਉਤੇ ਫਿਰ ਫੋੜਾ ਬਣਾ ਲਿਆ ।

''...ਨਿਜ ਸਰੀਰ ਪੁਨ ਤਥਾ ਬਨਾਯਹੁ
ਚਰਣ ਅੰਗੂਠੇ ਬ੍ਰਣ ਜੁ ਬਡੇਰ ।...।੨੮।''

ਅਮਰ ਦਾਸ ਜੀ ਨੇ ਬਾਰਾਂ ਬਰਸ ਸੇਵਾ ਕੀਤੀ । ਹਰ ਸਾਲ ਜੋ ਪਰਨਾ ਮਿਲਦਾ ਰਿਹਾ, ਉਹ ਸਿਰ ਉਤੇ ਬੰਨ੍ਹ ਛਡਦੇ ।

''ਬਡੋ ਮੁਕਟ ਤਿਨ ਕੋ ਤਬ ਹੋਯਹੁ,
ਦਿਨ ਪ੍ਰਤਿ ਭੀਗਹਿ ਨੀਰ ਮਹਾਂਨ ।
ਬਹੁ ਪਪੀਲਕਾ ਬਾਸਾ ਕੀਨਸਿ,
ਅਪਰ ਜੀਵ ਉਪਜੇ ਤਿਸ ਥਾਨ ।੨੯।''

(ਪਪੀਲਕਾ=ਕੀੜੀਆਂ । ਭਾਵ, ਬਾਰਾਂ ਸਾਲ ਸਿਰ ਤੋਂ ਪਰਨੇ ਨਹੀਂ ਉਤਾਰੇ । ਭਿੱਜਦੇ ਰਹਿਣ ਕਾਰਨ ਉਹਨਾਂ ਵਿਚ ਕਈ ਕਿਸਮ ਦੇ ਕਿਰਮ ਚੱਲ ਗਏ । ਅਜੇਹੀਆਂ ਸਾਖੀਆਂ ਤਾਂ ਉਸਤਤ ਦੀ ਥਾਂ ਨਿੰਦਿਆ ਦਾ ਕਾਰਨ ਬਣਦੀਆਂ ਹਨ । ਜੋ ਸਿੱਖ ਰੋਜ਼ ਗੁਰੂ ਜੀ ਦਾ ਇਸ਼ਨਾਨ ਕਰਾਉਂਦਾ ਸੀ, ਆਪ ਉਹਨੇ ਬਾਰਾਂ ਸਾਲ ਇਸ਼ਨਾਨ ਨਾ ਕੀਤਾ ? ਅਨਹੋਣੀ ਗੱਲ । ਨਾ ਮੰਨਣ ਯੋਗ ।)

---

1 ਚੜ੍ਹਦੇ ਸੂਰਜ ਦਾ ।

Digitized by Panjab Digital Library | www.panjabdigilib.org

ਅੰਸੂ ੧੭

(ਅਮਰ ਦਾਸ ਜੀ ਨੂੰ ਗੁਰਿਆਈ ਮਿਲੀ)

ਇਕ ਰਾਤ ਬਾਰਸ਼ ਵਿਚ ਅਮਰ ਦਾਸ ਜੀ ਸਿਰ 'ਤੇ ਪਾਣੀ ਦਾ ਬਰਤਨ (ਗਾਗਰ) ਚੁਕੀ ਆ ਰਹੇ ਸਨ। ਰਸਤੇ ਵਿਚ ਜੁਲਾਹੇ ਦਾ ਘਰ ਸੀ। ਕਰੀਹ ਦੇ ਕਿੱਲੇ ਨਾਲ ਅਮਰ ਦਾਸ ਜੀ ਨੂੰ ਠੇਡਾ ਲੱਗਾ, ਤੇ ਹਜ਼ੂਰ ਖੱਡੀ ਵਿਚ ਡਿਗ ਪਏ।

ਖੜਾਕ ਸੁਣ ਕੇ ਜੁਲਾਹੇ ਨੇ ਪੁਛਿਆ, 'ਕੌਣ ਹੈ ?' ਉਤਰ ਮਿਲਿਆ,

"ਮੈਂ ਸਤਿਗੁਰ ਕੋ ਦਾਸ ਹੌਂ, ਲੈਬੇ ਜਲ ਆਯੋ ।੮।"

"ਸੁਨਤਿ ਜੁਲਾਹੀ ਨੇ ਭਨਯੋ, ਔਰ ਨ ਅਸ ਕੋਊ।
ਨਿਰਥਾਵਾਂ ਅਮਰੂ ਫਿਰਹਿ, ਇਸ ਛਿਨ ਹੈ ਸੋਊ ।੯।"

"ਸੁਨ ਬੋਲੇ ਸ੍ਰੀ ਅਮਰ ਜੀ, ਮੈਂ ਨਹੀਂ ਨਿਥਾਵਾਂ।
ਸੇਵਯੋ ਸਤਿਗੁਰ ਸਭਿ ਬਡੋ ਸ਼ੁਭ ਸੁਭਤਿ ਸੁਭਾਵਾ।
ਤੂੰ ਕਮਲੀ ਹੁਇ ਕਹਿਤ ਹੈਂ, ਬੁਧ ਰਿਦੈ ਨ ਕੋਈ।
ਨਹੀਂ ਮਹਾਤਮ ਕੋ ਲਖਯੋ, ਦਾਤਾ ਜਗ ਜੋਈ ।੧੧।"

"ਭਈ ਜੁਲਾਹੀ ਬਾਵਰੀ, ਤਿਨਕੇ ਬਚ ਭਾਖੇ।
ਦਾਤਨ ਕਾਟਤਿ, ਮੁਖ ਬਕਹਿ, ਉਰ ਜਿਮ ਅਭਿਲਾਖੇ ।੧੩।"

ਦਿਨੇ ਗੁਰੂ ਜੀ ਨੇ ਅਮਰ ਦਾਸ ਜੀ ਤੋਂ ਰਾਤ ਨੂੰ ਹੋਈ ਬੀਤੀ ਬਾਰੇ ਪੁਛਿਆ, ਤਾਂ ਉਹਨਾਂ ਕਿਹਾਂ, 'ਆਪ ਜਾਣੀ ਜਾਣ ਹੋ।'

ਗੁਰੂ ਜੀ ਨੇ ਜੁਲਾਹੇ ਤੇ ਜੁਲਾਹੀ ਨੂੰ ਬੁਲਾ ਲਿਆ। ਗੁਰਦੇਵ ਦੇ ਦਰਸ਼ਨ ਕਰਦਿਆਂ ਹੀ ਜੁਲਾਹੀ ਨੂੰ ਸੁਰਤ ਆ ਗਈ।

"ਦਰਸ਼ਨ ਕੀਨੇ ਸੁਧਿ ਭਈ ਸਮ ਪ੍ਰਥਮ ਜੁਲਾਹੀ ।...੧੭।"

ਜੁਲਾਹੀ ਨੇ ਸਾਰੀ ਗੱਲ ਸਹੀ ਸਹੀ ਦੱਸ ਦਿਤੀ।

ਗੁਰੂ ਅੰਗਦ ਦੇਵ ਜੀ ਨੇ ਅਮਰਦਾਸ ਜੀ ਨੂੰ ਵਰ ਦਿਤੇ,

"ਤੁਮ ਹੋ ਨਿਥਾਵਨ ਥਾਨ। ਕਰਿ ਹੋ ਨਿਮਾਨਹਿਂ ਮਾਨ।
ਬਿਨ ਓਟ ਕੀ ਤੁਮ ਓਟ। ਨਿਧਰੇਨ ਕੀ ਧਿਰ ਕੰਟ ।੨੩।
ਬਿਨ ਜੋਰ ਕੇ ਤੁਮ ਜੋਰ। ਸਮ ਕੋ ਨ ਹੈ ਤੁਮ ਹੋਰ।
ਬਿਨ ਧੀਰ ਕੋ ਬਰ ਧੀਰ। ਸਭਿ ਪੀਰ ਕੇ ਬਡ ਪੀਰ ।੨੪।
ਤੁਮ ਹੋ ਸੁ ਗਈ ਬਹੋੜ। ਨਰ ਬੰਧ ਕੋ ਤਿਹ ਛੋੜ।
ਘੜ ਭੰਨ ਬੇ ਸਮਰੱਥ। ਜਗ ਜੀਵਕਾ ਤੁਮ ਹਥ ।੨੫।"

ਇਸ ਤਰਾਂ ਬਾਰਾਂ ਵਰ ਦਿਤੇ। ਤੇ ਗੁਰੂ ਅੰਗਦ ਦੇਵ ਜੀ ਨੇ ਸੰਗਤ ਵਿਚ ਫ਼ੁਰਮਾਇਆ,

"ਇਸ ਮਹਿ ਮੋ ਮਹਿਂ ਭੇਦ ਨਾ ਕੋਈ।
ਅਹੈ ਏਕ ਕੀ ਦੇਹ ਜੁ ਦੋਈ।

Digitized by Panjab Digital Library | www.panjabdigilib.org

ਬਿਦਤ ਭਏ[1] ਗੁਰ ਸੰਗਤ ਮਾਂਹਿ ।
ਗੁਰ ਸ੍ਰੀ ਅਮਰ, ਅਪਰ[2] ਹੁਇ ਨਾਂਹਿ ।੩੩।''

ਗੁਰੂ ਅੰਗਦ ਦੇਵ ਜੀ ਦੇ ਪੁਛਣ ਤੇ ਗੁਰੂ ਅਮਰਦਾਸ ਜੀ ਨੇ ਦੱਸਿਆ, ਕਿ ਸਾਡੇ ਘਰ ਦੋ ਪੁੱਤਰ—ਮੋਹਨ ਤੇ ਮੋਹਰੀ ਹਨ, ਤੇ ਦੋ ਪੁੱਤਰੀਆਂ ।

ਗੁਰੂ ਅੰਗਦ ਦੇਵ ਜੀ ਨੇ ਹੁਕਮ ਕੀਤਾ, ਕਿ ਹੁਣ ਤੁਸੀਂ ਖਡੂਰ ਛਡ ਕੇ ਹੋਰ ਥਾਂ ਚਲੇ ਜਾਓ, ਨਹੀਂ ਤਾਂ ਦਾਸੂ, ਦਾਤੂ ਤੁਹਾਡੇ ਨਾਲ ਈਰਖਾ ਕਰਨਗੇ ।'

''ਦਾਸੂ, ਦਾਤੂ ਸਦਨ ਰਹੈਂਗੇ ।
ਪਿਖਹਿ ਨ ਤੁਮ, ਇਰਖਾ ਨ ਲਹੈਂਗੇ ।
ਨਾਹਿਂ ਤ ਦੇਖ ਪ੍ਰਤਾਪ ਤਿਹਾਰੋ ।
ਜਰਹਿਂ ਰਿਦੇ ਨਹਿਂ, ਪਰਹਿ ਬਿਗਾਰੇ ।੪੦।''

ਅੰਸੂ ੧੮

(ਅਮਰ ਦਾਸ ਜੀ ਦਾ ਗੋਇੰਦਵਾਲ ਜਾਣਾ)

ਅਗਲੇ ਦਿਨ ਆ ਕੇ ਗੋਂਦੇ ਖੱਤਰੀ ਨੇ ਬੇਨਤੀ ਕੀਤੀ,

''ਮੇਰੋ ਗ੍ਰਾਮ ਉਜਾਰ ਪਰਯੋ ਹੈ ।
ਸਰਬ ਭੂਤ ਨੇ ਬਾਸ ਕਰਯੋ ਹੈ ।
ਦੇਵ ਜਿੰਨ ਬਹੁ ਪ੍ਰੇਤਨਿ ਜਾਤੀ ।
ਤਹਾਂ ਕੀਨ ਬਾਸੋ ਉਤਪਾੜੀ[3] ।੪।''

ਜੇ ਕੋਈ ਦਿਨੇ ਕੰਧ ਉਸਾਰਦਾ ਵੀ ਹੈ, ਤਾਂ ਭੂਤ ਰਾਤ ਨੂੰ ਢਾਹ ਦੇਂਦੇ ਹਨ। ਕਿਰਪਾ ਕਰਕੇ ਆਪ ਉਹ ਨੱਗਰ ਵਸਾਵੋ ।

ਗੁਰੂ ਜੀ ਦੇ ਪੁੱਛਣ ਤੇ ਗੋਂਦੇ ਨੇ ਕਾਰਨ ਦੱਸਿਆ, ਕਿ ਮੇਰਾ ਸ਼ਰੀਕਾਂ ਨਾਲ ਝਗੜਾ ਪੈ ਗਿਆ । ਮੁਕੱਦਮਾ ਦਿੱਲੀ ਤਕ ਗਿਆ । ਮੈਂ ਝੂਠੀ ਸਹੁੰ ਖਾ ਕੇ ਮੁਕੱਦਮਾ ਜਿੱਤ ਲਿਆ । ਹੁਣ ਓਥੇ ਨੱਗਰ ਵਸਾਉਣਾ ਚਾਹੁੰਦਾ ਹਾਂ, ਪਰ ਭੂਤ ਵੱਸਣ ਨਹੀਂ ਦੇਂਦੇ।

ਗੁਰੂ ਅੰਗਦ ਦੇਵ ਜੀ ਨੇ ਦਾਸੂ ਤੇ ਦਾਤੂ ਦੋਹਾਂ ਨੂੰ ਗੋਂਦੇ ਨਾਲ ਜਾਣ ਵਾਸਤੇ ਕਿਹਾ, ਪਰ ਦੋਹਾਂ ਇਨਕਾਰ ਕਰ ਦਿਤਾ । ਅਮਰਦਾਸ ਜੀ ਨੂੰ ਹੁਕਮ ਹੋਇਆ, ਤਾਂ ਆਪ ਫ਼ੌਰਨ ਤਿਆਰ ਹੋ ਪਏ । ਗੁਰੂ ਜੀ ਨੇ ਹੱਥ ਦੀ ਛੜੀ ਦੇ ਕੇ ਹੁਕਮ ਕੀਤਾ, 'ਜਾਓ, ਗੋਂਦੇ ਦੇ ਨਾਮ ਉਤੇ ਗੋਇੰਦਵਾਲ ਵਸਾਓ, ਤੇ ਆਪਣੇ ਵਾਸਤੇ ਵੀ ਓਥੇ ਹੀ ਘਰ ਬਣਾਓ ।''

---

1 ਕਿਹਾ । 2 ਹੋਰ ਕੋਈ ਦੂਸਰਾ । 3 ਉਤਪਾਤੀ=ਉਪੱਦਰਵੀ ।

Digitized by Panjab Digital Library | www.panjabdigilib.org

ਅੰਸੂ ੧੯

(ਗੋਇੰਦਵਾਲ ਵਸਾਉਣਾ)

ਗੁਰੂ ਅਮਰਦਾਸ ਜੀ ਗੋਂਦੇ ਦੇ ਨਾਲ ਤੁਰ ਪਏ। ਤਿੰਨ ਕੋਹ ਤਕ ਪਿਛਲੇ ਪੈਰੀਂ ਗਏ। ਓਥੇ 'ਜਪੁ ਜੀ' ਦਾ ਭੋਗ ਪਾ ਕੇ ਫਿਰ ਗੋਇੰਦਵਾਲ ਵੱਲ ਮੂੰਹ ਕਰਕੇ ਅੱਗੇ ਤੁਰੇ। ਗੁਰੂ ਜੀ ਦੀ ਛੜੀ ਅੱਗੇ ਕਰਕੇ ਹਿਲਾਉਂਦੇ, ਤਾਂ ਭੂਤਾਂ ਦੇ ਸਰੀਰ ਸੜਨ ਲੱਗ ਪੈਂਦੇ। ਉਹ ਛੱਡ ਕੇ ਨੱਸ ਤੁਰੇ। ਇਕ ਭੂਤਨੀ ਗਰਭਵਤੀ ਸੀ। ਉਹ ਡਰ ਕੇ ਨੱਸੀ, ਤਾਂ ਉਸਦੇ ਦੋ ਪੁੱਤਰ ਜੰਮੇਂ। ਚਰ੍ਹੀ (ਜਵਾਰ) ਦੇ ਖੇਤ ਵਿਚ ਉਹ ਦੇਉ ਜੰਮੇ। ਇਕ ਦੀ ਅੱਖ ਵਿਚ ਜਵਾਰ ਦਾ ਮੁੱਢ (ਬੁੱਥਾ) ਵੱਜ ਗਿਆ, ਤਾਂ ਉਹ ਕਾਣਾ ਦੇਉ ਬਣ ਗਿਆ, ਜੋ ਪਿੱਛੋਂ ਬਠਿੰਡੇ ਦੇ ਕਿਲੇ ਵਿਚ ਜਾ ਵੱਸਿਆ। ਜਿਸ ਨੂੰ ਓਥੋਂ ਦਸਵੇਂ ਗੁਰੂ ਜੀ ਨੇ ਕਢਿਆ। ਦੂਸਰਾ ਦੇਉ ਮਸੂਰਪੁਰ ਵਾ ਵੱਸਿਆ।

ਦਰਿਆ ਬਿਆਸ ਦੇ ਕੰਢੇ ਉਤੇ ਸ੍ਰੀ ਅਮਰ ਦਾਸ ਜੀ ਨੇ ਪਹਿਲੇ ਗੁਰੂਆਂ ਦੇ ਨਾਮ 'ਤੇ ਅਰਦਾਸ ਕਰਕੇ ਨੱਗਰ ਦੀ ਨੀਂਹ ਧਰੀ, ਤੇ ਨਾਮ ਰਖਿਆ 'ਗੋਇੰਦਵਾਲ'।

ਬਹੁਤ ਸਾਰੇ ਮਕਾਨ ਬਣਾ ਕੇ ਅਮਰਦਾਸ ਜੀ ਖਡੂਰ ਗੁਰੂ ਜੀ ਪਾਸ ਆਏ। ਗੁਰੂ ਜੀ ਨੇ ਹੁਕਮ ਕੀਤਾ, ਕਿ ਆਪਣੇ ਪਰਵਾਰ ਨੂੰ ਗੋਇੰਦਵਾਲ ਲੈ ਆਵੋ।

ਅਮਰਦਾਸ ਜੀ ਹੁਕਮ ਮੰਨ ਕੇ ਬਾਸਰਕੇ ਗਏ। ਓਥੋਂ ਆਪਣੇ ਪਰਵਾਰ (ਤੇ ਕੁਛ ਹੋਰ ਲੋਕਾਂ) ਨੂੰ ਨਾਲ ਲੈ ਕੇ ਗੋਇੰਦਵਾਲ ਆ ਵੱਸੇ। ਏਥੋਂ ਜਦ ਖਡੂਰ ਗੁਰੂ ਜੀ ਦੇ ਦਰਸ਼ਨ ਨੂੰ ਜਾਂਦੇ, ਤਾਂ ਵਾਪਸ ਪਰਤਦੇ ਤਿੰਨ ਕੋਹ ਤਕ ਪਿਛਲੇ ਪੈਰੀਂ ਪਰਤਦੇ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ,

"ਕੇਤਕ ਸਿੱਖਨ ਤੇ ਸੁਨ ਔਰ।
ਜਲ ਗਾਗਰ ਆਨਤਿ ਇਸ ਠੌਰ ।੩੮।
ਨਦੀ ਬਿਪਾਸਾ ਤੇ ਭਰਿ ਲਯਾਵਹਿਂ।
ਸ੍ਰੀ ਗੁਰ ਕੋ_ ਇਸ਼ਨਾਨ ਕਰਾਵਹਿਂ।
ਲੇਨਿ ਜਾਹਿਂ ਚਲ ਪਾਛਲ ਓਰ।
ਆਨਨ[1] ਰਾਖਹਿਂ ਤਬ ਗੁਰ ਓਰ ।੩੯।"

ਅਮਰਦਾਸ ਜੀ ਦੇ ਸਾਰੇ ਕੁਟੰਭੀ, ਤੇ ਰਾਮਦਾਸ ਵੀ ਗੋਇੰਦਵਾਲ ਆ ਵੱਸੇ।

ਅੰਸੂ ੨੦

(ਵਰਣ ਦੇਵਤੇ ਦਾ ਮੇਲ)

ਪ੍ਰੇਮ ਦੇ ਬੱਧੇ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਗਏ। ਅਮਰਦਾਸ ਜੀ ਅੱਗੋਂ

---

1 ਮੁੱਖ।

Digitized by Panjab Digital Library | www.panjabdigilib.org

ਲੈਣ ਆਏ । ਗੁਰੂ ਅੰਗਦ ਜੀ ਨੇ ਗਲ ਲਾ ਲਏ । ਗੁਰੂ ਜੀ ਨੇ ਸਾਰੇ ਘਰ ਵੇਖੇ । ਫਿਰ ਅਮਰਦਾਸ ਜੀ ਨੂੰ ਨਾਲ ਲੈ ਕੇ ਬਿਆਸ ਕੰਢੇ ਜਾ ਖਲੇ ।

"ਸਲਿਤਾ ਕੂਲ ਸਥਿਤ ਕੋ ਜਾਨ ।[1]
ਜਲਪਤਿ[2] ਪ੍ਰਾਪਤਿ ਭਾ ਤਿਸ ਥਾਨ ।੧੧।
ਰੁਚਿਰ ਜਾਤ ਕੀ ਸਫਰੀ[3] ਏਕਾ ।
ਆਗੇ ਧਰ ਕਰਿ ਮਸਤਕ ਟੇਕਾ ।...੧੨।"

ਗੁਰੂ ਅੰਗਦ ਦੇਵ ਜੀ ਨੇ ਹੁਕਮ ਕੀਤਾ.

"ਸੰਗਤਿ ਮਹਿੰ ਪ੍ਰਸਾਦਿ ਬਰਤੈ ਹੈਂ ।
ਸਭਿ ਤੇ ਆਗੇ ਜਲ ਮਹਿੰ ਦੇ ਹੈਂ ।
ਨਾਮ 'ਬਰਨ' ਕੋ ਕਰਹਿੰ ਉਚਾਰ ।
ਇਮ ਸਿੱਖਨ ਮਹਿੰ ਰੀਤੀ ਡਾਰ ।੧੫।"

(ਪ੍ਰਸਾਦ ਜਲ ਪਰਵਾਹ ਕਰਨਾ, ਸਿੱਖ ਮਤ ਅਨਸਾਰ ਠੀਕ ਨਹੀਂ ਜਾਪਦਾ। ਵੇਖਾ ਵੇਖੀ ਹੈ । ਜਲ ਦੇ ਦੇਵਤਾ 'ਵਰਨ' ਦੀ ਪੂਜਾ ।)

ਕਿਸੇ ਸਿੱਖ ਪਾਸੋਂ ਮੱਛੀ ਬਣਵਾ ਕੇ ਗੁਰੂ ਸਾਹਿਬਾਨ ਨੇ ਖਾਧੀ । ਫਿਰ ਸ੍ਰੀ ਅਮਰ ਦਾਸ ਜੀ ਗੁਰੂ ਜੀ ਨਾਲ ਖਡੂਰ ਗਏ, ਤੇ ਕਈ ਦਿਨ ਓਥੇ ਰਹਿ ਕੇ ਸੇਵਾ ਕੀਤੀ । ਫਿਰ ਗੋਇੰਦਵਾਲ ਆ ਗਏ ।

ਅੰਸੂ ੨੧

(ਖਡੂਰ ਦੇ ਤਪੇ ਦਾ ਪ੍ਰਸੰਗ)

ਖਡੂਰ ਵਿਚ ਤਪੇ ਦੀ ਬੜੀ ਮਾਨਤਾ ਸੀ । ਉਹ ਗੁਰੂ ਜੀ ਨਾਲ ਬੜੀ ਈਰਖਾ ਕਰਦਾ ਸੀ । ਇਕ ਸਾਲ ਬੜੀ ਔੜ ਲਗ ਗਈ, ਬਾਰਸ਼ ਨਾ ਹੋਈ । ਸਾਰੇ ਖਹਿਰੇ ਜੱਟ ਰਲ ਕੇ ਤਪੇ ਪਾਸ ਗਏ । ਉਹਨੇ ਕਿਹਾ, ਤੁਹਾਡੇ ਨੱਗਰ ਵਿਚ ਅੰਗਦ ਗੁਰੂ ਕਹਾਉਂਦਾ ਹੈ, ਤੇ ਗ੍ਰਿਸਤੀ ਹੋ ਕੇ ਪੂਜਾ ਕਰਾਉਂਦਾ ਹੈ । ਉਸਨੂੰ ਪਿੰਡੋਂ ਕੱਢ ਦਿਓ, ਤਾਂ ਮੀਂਹ ਪੈ ਵਾਵੇਗਾ ।

ਅੰਸੂ ੨੨

(ਤਪੇ ਦਾ ਪ੍ਰਸੰਗ ਜਾਰੀ)

ਪਿੰਡ ਦੇ ਜੱਟਾਂ ਨੇ ਜਾ ਕੇ ਗੁਰੂ ਜੀ ਨੂੰ ਕਿਹਾ, ਕਿ ਤੁਹਾਡੇ ਕਾਰਨ ਮੀਂਹ ਨਹੀਂ

---

1 ਨਦੀ ਕਿਨਾਰੇ ਬੈਠੇ ਵੇਖ ਕੇ ।
2 ਵਰਣ ਦੇਵਤਾ, ਜਲ ਦਾ ਦੇਵਤਾ, ਖ਼ਵਾਜਾ ਖ਼ਿਜਰ ।
3 ਸਫ਼ਰੀ=ਮਛਲੀ; ਚੰਗੀ ਜਾਤੀ ਦੀ ਮੱਛੀ ।

Digitized by Panjab Digital Library | www.panjabdigilib.org

ਪੈਂਦਾ, ਸੋ ਆਪ ਨੱਗਰ ਛਡ ਜਾਵੋ ।

(ਏਥੇ ਕਵੀ ਜੀ ਰਾਜਨੀਤੀ ਦਾ ਬੜਾ ਸੁੰਦਰ ਸਿਧਾਂਤ ਪੇਸ਼ ਕਰਦੇ ਹਨ ।)

"ਏਕ ਗ੍ਰਾਮ ਹਿਤ ਦੇਸ ਦੁਖਾਵੈ ।
ਤਉ ਤਿਹ ਤਯਾਗਨ ਹੀ ਬਨ ਆਵੈ ।
ਇਕ ਕੁਲ ਹੇਤ ਗ੍ਰਾਮ ਦੁਖ ਪਾਇ ।
ਤੌ ਤਿਸ ਕੁਲ ਕੋ ਤਯਾਗ ਕਰਾਇ ।੫।
ਇਕ ਕੇ ਤਯਾਗੇ ਕੁਲ ਬਚ ਰਹੇ ।
ਕਰਹਿ ਤਜਨਿ ਯੌਂ ਬੁਧਿ ਜਨ ਕਹੈਂ ।
ਯਾਂ ਤੇ ਤੁਮ ਘਰ ਤਯਾਗਨ ਕਰੇਂ ।
ਸਗਰੋ ਗ੍ਰਾਮ ਚਿੰਤ ਕੋ ਹਰੇਂ ।੬।"

ਗੁਰੂ ਜੀ ਖਡੂਰ ਛੱਡ ਕੇ ਖ਼ਾਨਦਾਨ ਦੇ ਪਿੰਡ ਦੀ ਜੂਹ ਵਿਚ ਇਕ ਥੇਹ 'ਤੇ ਜਾ ਬੈਠੇ ।

ਅੰਸੂ ੨੩

(ਤਪੇ ਦੀ ਮੌਤ)

ਉਸ ਸਮੇਂ ਸ੍ਰੀ ਅਮਰਦਾਸ ਜੀ ਬਾਸਰਕੇ ਗਏ ਹੋਏ ਸਨ । ਆਪ ਖਡੂਰ ਆਏ, ਤਾਂ ਸਾਰੀ ਗੱਲ ਦਾ ਪਤਾ ਲੱਗਾ । ਹਜ਼ੂਰ ਨੇ ਨੱਗਰ ਦੇ ਜੱਟਾਂ ਨੂੰ ਬੁਲਾ ਕੇ ਕਿਹਾ, 'ਜਾਓ, ਤਪੇ ਨੂੰ ਕਹੋ, ਉਹ ਮੀਂਹ ਪੁਆ ਦੇਵੇ । ਜੇ ਉਹ ਨਾਂਹ ਕਰੇ, ਤਾਂ ਸਾਡੇ ਪਾਸ ਆਵੋ । ਅਸੀਂ ਮੀਂਹ ਪੁਆ ਦਿਆਂਗੇ ।'

ਜ਼ਿਮੀਦਾਰਾਂ ਸਾਰੀ ਗੱਲ ਤਪੇ ਨੂੰ ਜਾ ਕਹੀ । ਉਹਨੇ ਅੱਗੋਂ ਗੁੱਸੇ ਨਾਲ ਕਿਹਾ,

"ਤਪੇ ਕੁਛਕ ਰਿਸ ਕਰ ਮੁਖ ਭਾਖੀ ।
ਮੂਠੀ ਮਹਿਂ ਬਰਖਾ ਨਹਿਂ ਰਾਖੀ ।੧੯।"

ਜ਼ਿਮੀਦਾਰ ਅਮਰਦਾਸ ਜੀ ਪਾਸ ਆਏ । ਹਜ਼ੂਰ ਨੇ ਫ਼ੁਰਮਾਇਆ,

"ਰਵਿ ਅਸਤਨ ਤੇ ਪੂਰਬ ਕਾਲ ।
ਜਹਿਂ ਜਹਿਂ ਜਾਇ ਤਪਾ ਦਰ ਹਾਲ ।
ਤਹਿਂ ਤਹਿਂ ਘਨ ਜਲ ਕੇ ਬਰਖਾਵੈ ।
ਭਰਹਿਂ ਖੇਤ, ਥਹੁ ਅੰਨ ਪਕਾਵੈ ।੨੭।"

ਲੋਕ ਤਪੇ ਨੂੰ ਧੂਹ ਕੇ ਖੇਤਾਂ ਵਿਚ ਲੈ ਗਏ । ਤਪਾ ਧੂਹੀਦਾ ਧੂਹੀਦਾ ਮਰ ਗਿਆ । ਮੀਂਹ ਨਾਲ ਸਾਰੇ ਖੇਤ ਭਰ ਗਏ ।

ਅਗਲੇ ਦਿਨ ਅਮਰਦਾਸ ਜੀ ਗੁਰੂ ਜੀ ਪਾਸ ਗਏ, ਤਾਂ ਹਜ਼ੂਰ ਪਿੱਠ ਕਰਕੇ ਬੈਠ ਗਏ, ਕਿ ਤੁਸਾਂ ਕਰਾਮਾਤ ਕਿਉਂ ਵਿਖਾਈ ਹੈ ।

ਬਹੁਤ ਬੇਨਤੀਆਂ ਕਰਕੇ ਅਮਰ ਦਾਸ ਜੀ ਨੇ ਭੁੱਲ ਬਖ਼ਸ਼ਾਈ ।

Digitized by Panjab Digital Library | www.panjabdigilib.org

ਅੰਸੂ ੨੪

(ਗੁਰੂ ਜੀ ਵਾਪਸ ਖਡੂਰ ਆਏ)

ਖਡੂਰ ਦੇ ਸਾਰੇ ਜ਼ਿਮੀਦਾਰ ਭੁੱਲ ਬਖ਼ਸ਼ਾਉਣ ਵਾਸਤੇ ਗੁਰੂ ਜੀ ਦੀ ਸ਼ਰਣ ਜਾ ਪਏ। ਉਹਨਾਂ ਗੁਰੂ ਜੀ ਦਾ ਪਲੰਘ ਉਠਾ ਲਿਆ ਤੇ ਖਡੂਰ ਨੂੰ ਤੁਰ ਪਏ। ਰਸਤੇ ਵਿਚ ਭੈਰੋਪੁਰ ਦਾ ਖੀਉ ਭੱਲਾ ਦਰਸ਼ਨ ਨੂੰ ਆਇਆ। ਉਹਨੇ ਸ਼ਰਧਾ ਨਾਲ ਗੁਰੂ ਜੀ ਨੂੰ ਤੇ ਸੰਗਤ ਨੂੰ ਭੋਜਨ ਛਕਾਇਆ। ਫਿਰ ਸਾਰੀ ਸੰਗਤ ਸਮੇਤ ਗੁਰੂ ਜੀ ਖਡੂਰ ਆ ਟਿਕੇ।

ਕੁਛ ਦਿਨ ਬਾਹਦ ਗੁਰੂ ਜੀ ਦਾ ਹੁਕਮ ਪਾ ਕੇ ਅਮਰਦਾਸ ਜੀ ਗੋਇੰਦਵਾਲ ਚਲੇ ਗਏ। ਅਗਲੇ ਦਿਨ ਆਪ ਕੁਛ ਸਿੱਖਾਂ ਸਮੇਤ ਦਰਸ਼ਨ ਨੂੰ ਖਡੂਰ ਆਏ। ਸਿੱਖਾਂ ਨੇ ਦੱਸਿਆ, ਕਿ ਰਸਤੇ ਵਿਚ ਸ੍ਰੀ ਅਮਰਦਾਸ ਜੀ ਦਾ ਚਰਨ ਇਕ ਹੱਡੀ ਨਾਲ ਛੋਹ ਗਿਆ, ਤਾਂ ਉਸ ਹੱਡੀ ਤੋਂ ਇਕ ਮਨੁੱਖ ਜ਼ਿੰਦਾ ਹੋ ਗਿਆ, ਤੇ ਉਹ ਨਮਸਕਾਰ ਕਰਕੇ ਚਲਾ ਗਿਆ।

ਗੁਰੂ ਅੰਗਦ ਦੇਵ ਜੀ ਨੇ ਫ਼ੁਰਮਾਇਆ, 'ਇਹਨਾਂ ਦੇ ਪੈਰ ਵਿਚ ਪਦਮ ਹੈ। ਇਹ ਸਭ ਉਸਦੀ ਸ਼ਕਤੀ ਹੈ।'

ਫਿਰ ਗੁਰੂ ਜੀ ਨੇ ਅਮਰਦਾਸ ਜੀ ਨੂੰ ਹੁਕਮ ਕੀਤਾ, 'ਹੁਣ ਤੁਸਾਂ ਨਹੀਂ ਆਉਣਾ, ਅਸੀਂ ਮਿਲਨ ਆਇਆ ਕਰਾਂਗੇ।''

ਅੰਸੂ ੨੫

(ਗੁਰੂ ਅੰਗਦ ਦੇਵ ਜੀ ਗੋਇੰਦਵਾਲ ਗਏ)

ਸ੍ਰੀ ਅਮਰਦਾਸ ਜੀ ਦੇ ਪ੍ਰੇਮ ਦੇ ਖਿੱਚੇ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਗਏ। ਨਦੀ ਕੰਢੇ ਬੈਠ ਕੇ ਪ੍ਰੇਮ ਨਾਲ ਗੱਲਾਂ ਬਾਤਾਂ ਕੀਤੀਆਂ। ਫਿਰ ਗੁਰੂ ਜੀ ਅਮਰਚਾਸ ਦਾ ਸੱਜਾ ਹੱਥ ਫੜਕੇ ਖਡੂਰ ਨੂੰ ਤੁਰ ਪਏ। ਰਸਤੇ ਵਿਚ ਅਮਰਦਾਸ ਜੀ ਦਾ ਖੱਬਾ ਹੱਥ ਚਲਦਿਆਂ ਚਲਦਿਆਂ ਗੁਰੂ ਜੀ ਤੋਂ ਜ਼ਰਾ ਅੱਗੇ ਹੋ ਗਿਆ। ਅਮਰਦਾਸ ਜੀ ਨੇ ਇਸ ਨੂੰ ਅਵੱਗਿਆ ਸਮਝ ਕੇ ਖੱਬੇ ਹੱਥ ਤੋਂ ਸਦਾ ਵਾਸਤੇ ਕੰਮ ਲੈਣਾ ਛੱਡ ਦਿਤਾ। ਉਹ ਸਦਾ ਛਾਤੀ ਨਾਲ ਲਾਈ ਰਖਦੇ।

ਗੁਰੂ ਜੀ ਖਡੂਰ ਜਾ ਪਹੁੰਚੇ। ਸ਼ਾਮ ਨੂੰ ਮਹਾਰਾਜ ਨੇ ਅਮਰਦਾਸ ਜੀ ਨੂੰ ਗੋਇੰਦਵਾਲ ਪਰਤ ਜਾਣ ਦਾ ਹੁਕਮ ਦਿਤਾ।

ਅੰਸੂ ੨੬

(ਸ਼ੀਹਾਂ ਉੱਪਲ)

ਇਕ ਦਿਨ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਤੋਂ ਵਾਪਸ ਆ ਰਹੇ ਸਨ।

Digitized by Panjab Digital Library | www.panjabdigilib.org

ਰਸਤੇ ਵਿਚ ਸ਼ੀਹਾਂ ਉਪਲ ਮਿਲ ਪਿਆ। ਉਹ ਇਕ ਸੌ ਬੱਕਰੇ ਲਈ ਆ ਰਿਹਾ ਸੀ। ਸ਼ੀਹੇਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਨੇ ਪੁੱਛਿਆ, 'ਐਨੇ ਬੱਕਰੇ ਕਾਹਦੇ ਵਾਸਤੇ ਹਨ।'

ਸ਼ੀਹੇਂ ਨੇ ਉਤਰ ਦਿਤਾ, 'ਮੇਰੇ ਪੁੱਤਰ ਦੇ ਮੁੰਡਨ ਹਨ। ਸਾਰਾ ਭਾਈਚਾਰਾ ਇਕੱਠਾ ਹੋਵਗਾ। ਬੱਕਰਿਆਂ ਦੀ ਜਠੇਰਿਆਂ ਸਾਮ੍ਹਣੇ ਬਲੀ ਦਿਤੀ ਜਾਵੇਗੀ।'

"ਸੁਨਿ ਕਰਿ ਬਿਕਸੇ ਗੁਰੁ ਕ੍ਰਿਪਾਲ।
ਭਲੋ ਕਰਨ ਹਿਤ ਕਹਿ ਤਿਸ ਕਾਲ।
ਇਤਨੇ ਜੀਵਨ ਹਿੰਸਾ ਕਰੈਂ।
ਪਾਪ ਬਿਸਾਲ ਅਪਨ ਸਿਰ ਧਰੈਂ।੭।"

ਸ਼ੀਹੇਂ ਨੇ ਬੇਨਤੀ ਕੀਤੀ, 'ਮਹਾਰਾਜ! ਐਸਾ ਰਸਤਾ ਦੱਸੋ। ਮੇਰੇ ਜਠੇਰੇ ਵੀ ਨਾਰਾਜ਼ ਨਾ ਹੋਣ, ਤੇ ਮੈਂ ਪਾਪ ਤੋਂ ਵੀ ਬਚ ਜਾਵਾਂ।'

ਮਹਾਰਾਜ ਨੇ ਫ਼ੁਰਮਾਇਆ,

"ਹਮਰੇ ਦ੍ਵਾਰੇ ਮੁੰਡਨ ਕਰੋ।
ਉਰ ਕੋ ਭਰਮ ਸਰਬ ਪਰਹਰੋ।
ਬਿਘਨ ਜਠੇਰਨ ਕੋ ਨਹਿਂ ਹੋਇ।
ਸਿਮਰਹੁ ਸਤਿਨਾਮ ਦੁਖ ਖੋਇ।੧੫।"

ਸ਼ੀਹੇਂ ਨੇ ਬੱਕਰੇ ਛੱਡ ਦਿਤੇ, ਤੇ ਸਾਰੇ ਸੰਬੰਧੀਆਂ ਸਣੇ ਗੁਰੂ ਜੀ ਦੀ ਸੇਵਾ ਵਿਚ ਜਾ ਹਾਜ਼ਰ ਹੋਇਆ।

"ਅਪਨੇ ਬੰਧੂ ਤਹਾਂ ਹਕਾਰੇ।
ਬਹੁਰ ਪੁੱਤਰ ਕੋ ਸ੍ਰੀ ਗੁਰਦੁਆਰੇ।
ਮੁੰਡਨ ਰੀਤ ਬੰਸ ਕੀ ਜੈਸੇ।
ਭਲੀ ਭਾਂਤਿ ਕਰਵਾਇਵ ਤੈਸੇ।੧੬।"

(ਕੀ ਸਿੱਖੀ ਵਿਚ 'ਮੁੰਡਨ' ਜਾਇਜ਼ ਹੈ? ਅਸਲ ਵਿਚ ਗੁਰੂ ਜੀ ਨੇ ਉਸਨੂੰ ਆਪਣਾ ਸਿੱਖ ਬਣਾ ਲਿਆ। ਫਿਰ ਮੁੰਡਨ ਦੀ ਲੋੜ ਹੀ ਨਾ ਰਹੀ। ਏਹੋ ਜੇਹੀਆਂ ਗੱਲਾਂ ਪੰਡਤਾਂ ਨੇ ਦਬੋ ਪਾ ਕੇ ਲਿਖਵਾਈਆਂ ਜਾਪਦੀਆਂ ਹਨ।)

ਉਸ ਦਿਨ ਤੋਂ ਸ਼ੀਹਾਂ ਉੱਪਲ ਸਿੱਖ ਬਣ ਗਿਆ।

ਗੁਰੂ ਜੀ ਕਈ ਵਾਰ ਗੋਇੰਦਵਾਲ ਜਾਇਆ ਕਰਦੇ। ਜੋਤੀ ਜੋਤਿ ਸਮਾਉਣ ਦਾ ਸਮਾਂ ਆ ਗਿਆ, ਤਾਂ ਗੁਰੂ ਜੀ ਨੇ ਅਮਰਦਾਸ ਜੀ ਨੂੰ ਕੋਲ ਬੁਲਾ ਲਿਆ। ਗੁਰਿਆਈ ਦੇਣ ਦੀ ਸਾਮਗਰੀ ਵੀ ਮੰਗਵਾ ਲਈ। ਦੋਹਾਂ ਪੁੱਤਰਾਂ ਨੂੰ ਵੀ ਕੋਲ ਬੁਲਾ ਲਿਆ।

ਅੰਸੂ ੨੭

(ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਇ। ਗੱਦੀ ਅਮਰ ਦਾਸ ਜੀ ਨੂੰ ਬਖਸ਼ੀ।)

ਗੁਰੂ ਅੰਗਦ ਦੇਵ ਜੀ ਨੇ ਅਮਰਦਾਸ ਜੀ ਨੂੰ ਗੱਦੀ ਬਖਸ਼ ਦਿਤੀ।

Digitized by Panjab Digital Library | www.panjabdigilib.org

"ਕਹਿ ਪਹਿਰਾਏ ਬਸਤ੍ਰ ਨਵੀਨ।
ਤਿਲਕ ਭਾਲ[1] ਨਿਜ ਕਰ ਸੋ ਕੀਨ ।੯।"...
"ਪੈਸੇ ਪੰਚ, ਨਾਲੀਅਰ ਏਕ।
ਲੇ ਬੁੱਢੇ ਤੇ ਜਲਧਿ ਬਿਬੇਕ[2] ।੧੯।
ਠਾਂਢੇ ਭਏ ਪ੍ਰਦੱਛਨ ਦੀਨੀ।
ਸ੍ਰੀ ਗੁਰ ਘਰ ਕੀ ਰੀਤਿ ਸੁ ਕੀਨੀ।
ਪੈਸੇ ਪੰਚ ਅਗਾਰੀ ਧਰੇ।
ਝੋਲੀ ਮਹਿੰ ਨਲੇਰ ਧਰ ਖਰੇ ।੨੦।
ਕਰਿ ਬੰਦਨ ਸਿੰਘਾਸਨ ਦੀਨਾ।
ਸਭਿ ਕੋ ਬਾਕ ਉਚਾਰਨ ਕੀਨਾ।
ਮੇਰੋ ਸਿੱਖ ਪੁਤ੍ਰ ਕੈ ਦਾਸ।
ਅੰਤ ਸਮੇਂ ਜੋ ਚਹਿ ਮਮ ਪਾਸ।
ਸੋ ਸਭ ਉਠਹੁ ਬੰਦਨਾ ਠਾਨਹੁ।
ਨਹੀਂ ਅਪਰ ਬਿਧਿ ਮਨ ਮਹਿ ਆਨਹੁ ।...੨੨।"

ਸਭ ਤੋਂ ਪਹਿਲਾਂ ਬਾਬੇ ਬੁਢੇ ਮੱਥਾ ਟੇਕਿਆ। ਫਿਰ ਸੰਗਤ ਨੇ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕਿਆ। ਪਰ ਦਾਸੂ ਦਾਤੂ ਨੇ ਨਹੀਂ ਟੇਕਿਆ। ਤਾਂ

"ਦਾਸੂ ਸਾਥ ਭਨਯੋ ਗੁਰ ਨਾਥ।
'ਉਠ ਤੁਮ ਭੀ ਟੇਕੋ ਨਿਜ ਮਾਥ।'
'ਸੁਨਹੁ ਪਿਤਾ, ਇਹੁ ਦਾਸ ਹਮਾਰਾ।
ਇਕ ਤੋ ਲੀਨਸਿ ਮਮ ਅਧਿਕਾਰਾ ।੨੪।
ਦੁਤੀਏ ਉਠ ਕਰਿ ਸੀਸ ਨਿਵਾਵੈਂ।
ਇਹ ਤੋ ਹਮ ਤੇ ਨਹਿੰ ਬਨਿ ਆਵੈ ।...੨੫।"

ਫਿਰ ਗੁਰੂ ਜੀ ਨੇ ਦਾਤੂ ਨੂੰ ਕਿਹਾ। ਉਸ ਨੇ ਵੀ ਮੱਥਾ ਨਹੀਂ ਟੇਕਿਆ। ਸਾਰੀ ਸੰਗਤ ਨਾਲ ਗੁਰੂ ਜੀ ਨੇ ਵੀ ਪ੍ਰਸਾਦ ਛਕਿਆ।

ਸਿੱਖ ਆਪਸ ਵਿਚ ਗੱਲਾਂ ਕਰਨ ਲੱਗੇ,

"ਸ੍ਰੀ ਨਾਨਕ ਨਿਜ ਦੇਹ ਸਮੇਤ।
ਕੀਨ ਗਮਨ ਬੈਕੁੰਠ ਨਿਕੇਤ ।੩੨।
ਭਗਤ ਕਬੀਰ ਆਦ ਜੇ ਭਏ।
ਬਹੁਤ ਸਰੀਰ ਸਮੇਤ ਸੁ ਗਏ ।੩੩।"

ਗੁਰੂ ਜੀ ਸੰਗਤਾਂ ਦੀ ਇਸ ਭਾਵਨਾ ਬਾਰੇ ਸੋਚ ਕੇ,

---

1 ਭਾਲ=ਮਸਤਕ। ਆਪਣੇ ਹੱਥੀਂ ਮੱਥੇ ਵਿਚ ਤਿਲਕ ਲਾਇਆ।

2 ਭਾਵ ਹੈ; ਗੁਰੂ ਜੀ ਨੇ।

Digitized by Panjab Digital Library | www.panjabdigilib.org

"ਭਏ ਅਲੋਪ ਸਿੰਘਾਸਨ ਪਰ ਤੇ ।
ਹੁਤੇ ਸਮੀਪ ਨ ਕਹੂੰ ਨਿਹਰਤੇ ।
ਦੇਖਿ ਚਲਿਤ੍ਰ ਬਿਸਮ ਮਤਿ ਰਹੀ ।
ਅਦਿਭੁਤ ਲੀਲ੍ਹਾ ਜਾਤ ਨ ਕਹੀ ।੩੭।
ਚਹੁੰ ਦਿਸ ਬੋਲ ਉਠੇ ਸਿੱਖ ਸਾਰੇ ।
ਤਨ ਜੁਤਿ ਗੁਰ ਬੈਕੁੰਠ ਪਧਾਰੇ ।...੩੮।"

ਗੁਰੂ ਅਮਰਦਾਸ ਜੀ ਬੇਨਤੀ ਕੀਤੀ, ਗੁਰੂ ਜੀ ਦਾ ਜੱਸ ਗਾਇਆ, ਤਾਂ ਗੁਰੂ ਅੰਗਦ ਦੇਵ ਜੀ ਫਿਰ ਸਿੰਘਾਸਣ ਉਤੇ ਪਰਗਟ ਹੋ ਗਏ ।

ਅੰਸੂ ੨੮

(ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਏ ।)

ਸੰਗਤ ਨੂੰ ਉਪਦੇਸ਼ ਦੇਣ ਪਿਛੋਂ ਗੁਰੂ ਜੀ ਨੇ ਜੁਲਾਹਿਆਂ ਨੂੰ ਬੁਲਾ ਕੇ ਕਿਹਾ, 'ਇਹ ਘਰ ਛਡ ਦਿਹੋ । ਜਿੱਥੇ ਕਰੀਰ ਦਾ ਕਿੱਲਾ ਹਰਿਆ ਹੋਇਆ ਹੈ, ਉਸਦੇ ਨੇੜੇ ਸਾਡਾ ਸਸਕਾਰ ਕਰਨਾ ।'

ਜੁਲਾਹਿਆਂ ਨੂੰ ਗੁਰੂ ਜੀ ਨੇ ਕਾਫ਼ੀ ਧਨ ਦੇ ਦਿਤਾ । ਉਹ ਹੋਰ ਥਾਂ ਜਾ ਵੱਸੇ ।

ਸਭ ਸੰਗਤ ਨੂੰ ਉਪਦੇਸ਼ ਦੇ ਕੇ ਗੁਰੂ ਜੀ ਚਾਦਰ ਤਾਣ ਕੇ ਲੇਟ ਗਏ, ਤੇ ਜੋਤਿ ਵਿਚ ਜੋਤਿ ਸਮਾ ਗਏ, ੧੬੦੯ ਬਿ. ।

"ਸੋਲਹ ਸੈ ਸੰਮਤ ਹੁਤੋ ਨੌਂ ਊਪਰ ਤਿਸ ਜਾਨ ।
ਚੇਤ ਸੁਦੀ ਤਿਥਿ ਚੌਥ ਤਬਿ ਸ੍ਰੀ ਅੰਗਦ ਪ੍ਰਸਥਾਨ ।੫੦।"
"ਸੰਮਤ ਦ੍ਵਾਦਸ ਮਾਸ ਖਟ, ਨੌਂ ਦਿਨ ਊਪਰ ਦੀਨ ।
ਗੁਰਤਾ ਗਾਦੀ ਪਰ ਥਿਰੇ, ਅੰਗਦ ਗੁਰੂ ਪ੍ਰਬੀਨ ।੫੩।"

ਗੁਰੂ ਅਮਰਦਾਸ ਜੀ, ਗੁਰੂ ਜੀ ਦਾ ਸਸਕਾਰ ਕਰਕੇ ਗੋਇੰਦਵਾਲ ਚਲੇ ਗਏ ।

ਅੰਸੂ ੨੯

(ਗੁਰੂ ਅਮਰਦਾਸ ਜੀ ਦੀ ਕਥਾ)

ਗੋਇੰਦਵਾਲ ਗੁਰੂ ਅਮਰਦਾਸ ਜੀ ਭਜਨ ਕਰਨ ਵਾਸਤੇ ਇਕ ਚੁਬਾਰੇ ਵਿਚ ਬੰਦ ਹੋਇ ਬੈਠੇ । ਭਾਈ ਬੱਲੂ ਹਰ ਸਮੇਂ ਸੇਵਾ ਵਿਚ ਰਹਿੰਦਾ ਸੀ । ਸੰਗਤਾਂ ਨੇ ਬਾਬੇ ਬੁਢੇ ਰਾਹੀਂ ਬੱਲੂ ਪਾਸ ਬੇਨਤੀ ਕੀਤੀ । ਬੱਲੂ ਨੇ ਸੰਗਤ ਦੀ ਅਰਦਾਸ ਗੁਰੂ ਜੀ ਤਕ ਪੁਚਾਈ । ਤਾਂ ਗੁਰੂ ਜੀ ਬਾਹਰ ਸਿੰਘਾਸਣ 'ਤੇ ਬੈਠੇ । ਸੰਗਤਾਂ ਦਰਸ਼ਨ ਕਰਕੇ ਨਿਹਾਲ ਹੋਈਆਂ ।

Digitized by Panjab Digital Library | www.panjabdigilib.org

ਅੰਸੂ ੩੦

(ਗੁਰੂ ਜੀ ਦਾ ਨਿੱਤ-ਕਰਮ)

ਅੰਮ੍ਰਿਤ ਵੇਲੇ ਹਜ਼ੂਰ ਉਠਦੇ, ਤਾਂ ਭਾਈ ਬੱਲੂ ਨਦੀ ਤੋਂ ਜਲ ਲਿਆ ਕੇ ਇਸ਼ਨਾਨ ਕਰਾਉਂਦਾ। ਫਿਰ ਸਾਫ਼ ਬਸਤਰ ਪਹਿਨ ਕੇ,

"ਤਿਲਕ ਲਗਾਵਹਿਂ ਭਾਲ ਮਹਿਂ ਸੁਭ ਚੰਦਨ ਕੇਰਾ।
ਬਹੁਰ ਸਿੰਘਾਸਨ ਪਰ ਥਿਰਹਿਂ ਇਕ ।ਨ ਤਿਸ ਬੇਰਾ।...੪।"

(ਕੀ ਪਹਿਲੇ ਦੋਵੇਂ ਗੁਰੂ ਸਾਹਿਬਾਨ ਵੀ ਤਿਲਕ ਲਗਾਉਂਦੇ ਸਨ ? ਜੇ ਨਹੀਂ, ਤਾਂ ਫਿਰ ਗੁਰੂ ਅਮਰਦਾਸ ਜੀ ਹੀ ਕਿਉਂ ਲਗਾਉਂਦੇ ਸਨ ? ਸਿੱਖੀ ਨਾਲ ਤਿਲਕ ਦਾ ਕੋਈ ਸੰਬੰਧ ਨਹੀਂ। ਇਹ ਵਾਕ ਪੰਡਤਾਂ ਦੇ ਅਸਰ ਥੱਲੇ ਲਿਖੇ ਗਏ ਹਨ। ਗੁਰੂ ਗੋਬਿੰਦ ਸਿੰਘ ਮਹਾਰਾਜ ਲਿਖਦੇ ਹਨ : "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।" ਤਾ ਕਾ, ਭਾਵ ਦੂਸਰਿਆਂ ਦਾ। ਗੁਰੂ ਸਾਹਿਬਾਨ ਤਿਲਕ ਲਗਾਉਂਦੇ ਹੁੰਦੇ, ਤਾਂ ਦਸਵੇਂ ਪਾਤਸ਼ਾਹ ਸਾਫ਼ ਲਿਖਦੇ, ਕਿ ਆਪਣੇ ਤਿਲਕ ਦੀ ਰੱਖਿਆ ਕੀਤੀ ਹੈ।)

ਫਿਰ ਗੁਰਬਾਣੀ ਦਾ ਕੀਰਤਨ ਹੁੰਦਾ, ਉਪਦੇਸ਼ ਹੁੰਦਾ।

ਕਵੀ ਜੀ ਤੀਸਰੇ ਗੁਰੂ ਜੀ ਦਾ ਕੱਦ ਮਧਰਾ ਲਿਖਦੇ ਹਨ :

"ਪਰਮ ਬ੍ਰਿੱਧ, ਕਦ ਲਘੁ ਜਿਨਹੁਂ, ਗੁਰ ਤ੍ਰਿਤੀ ਅਨੂਪਾ।੯।"

ਲੰਗਰ ਸਭ ਵਾਸਤੇ ਇੱਕੇ ਪੰਗਤ ਵਿਚ ਵਰਤਦਾ।

"ਆਸ਼੍ਰਮ ਬਰਨ ਬਿਚਾਰ ਨਹਿਂ, ਇਕ ਪੱਗਤਿ ਬੈਸੇਂ।
ਸੁੰਦਰ ਬਿਸਦ ਮਰਾਲ ਸਭਿ ਇਕ ਸਮ ਹ੍ਵੈ ਜੈਸੇ।੧੪।"

ਸੰਗਤ ਵਿਚ ਸਵਾਦੀ ਭੋਜਨ ਵਰਤਦਾ, ਪਰ ਮਹਾਰਾਜ ਆਪ ਅਲੂਣਾ ਓਗਰਾ (ਦਲੀਆ) ਛਕਦੇ।

ਪਿਛਲੇ ਪਹਿਰ ਕੇਸ਼ੋ ਗੋਪਾਲ ਪੰਡਤ ਮਹਾਰਾਜ ਦੇ ਸਾਮ੍ਹਣੇ ਆ ਕੇ ਇਤਿਹਾਸ ਦੀ ਕਥਾ ਸੁਣਾਉਂਦਾ। (ਗ੍ਰੰਥ ਦਾ ਨਾਮ ਨਹੀਂ ਲਿਖਿਆ, ਜਿਸ ਦੀ ਕਥਾ ਹੁੰਦੀ।) ਫਿਰ ਰਬਾਬੀ ਕੀਰਤਨ ਕਰਦੇ।

ਗੁਰੂ ਜੀ ਸਦਾ ਸਫ਼ੈਦ ਬਸਤਰ ਪਹਿਨਦੇ ਸਨ।

ਰਾਸ਼ਨ ਜਿੰਨਾ ਵੀ ਆਵੇ, ਸ਼ਾਮ ਤਕ ਸਭ ਵਰਤਾ ਦੇਂਦੇ।

ਸਿੱਖ ਨੂੰ ਸਿੱਖ ਮਿਲਦਾ, ਤਾਂ ਕਹਿੰਦਾ "ਸਤਿਗੁਰੂ, ਪੈਰੀਂ ਪੈਂਦੇ ਹਾਂ।"

" 'ਪੈਰੀਂ ਪਵਣਾ ਸਤਿਗੁਰੂ' ਆਪਸ ਮਹਿਂ ਹੋਈ।.. ੨੫।"

ਗੁਰੂ ਜੀ ਨੇ ਸਾਰਿਆਂ ਵਾਸਤੇ ਨਿਯਮ ਬਣਾ ਦਿਤਾ, ਕਿ ਲੰਗਰ ਵਿਚੋਂ ਪ੍ਰਸਾਦ ਛਕਣ ਵਾਲਾ ਹੀ ਦਰਸ਼ਨ ਕਰ ਸਕਦਾ ਸੀ।

"ਪ੍ਰਥਮ ਦੇਗ ਮਹਿਂ ਜਾਇਕੇ ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰ ਕੋ ਕਰਹਿ ਚਲ ਕਰ ਢਿਗ ਜਾਵੈ।...੨੭।"

ਗੁਰੂ ਜੀ ਦੀ ਮਹਿਮਾ ਸੁਣ ਕੇ ਬਹੁਤ ਸਾਰੇ ਲੋਕ ਗੋਇੰਦਵਾਲ ਆ ਵੱਸੇ।

Digitized by Panjab Digital Library | www.panjabdigilib.org

ਅੰਸੂ ੩੧

(ਸਾਵਣ ਮੱਲ ਨੂੰ ਹਰੀਪੁਰ ਭੇਜਣਾ)

ਇਕ ਦਿਨ ਬੱਲੂ ਨੇ ਬੇਨਤੀ ਕੀਤੀ, ਕਿ ਲੋਕਾਂ ਪਾਸ ਘਰ ਬਨਾਉਣ ਵਾਸਤੇ ਦਿਆਰ. ਨੀ ਲੱਕੜੀ ਨਹੀਂ ਹੈ।

"ਭ੍ਰਾਤਾ ਕੋ ਇਕ ਸੁਤ ਹੁਤੋ ਸਾਵਣ ਮੱਲ ਨਾਮੂੰ।...੫।"

ਗੁਰੂ ਜੀ ਨੇ ਆਪਣੇ ਭਰਾ ਦੇ ਪੁੱਤਰ ਸਾਵਣ ਮੱਲ ਨੂੰ ਹੁਕਮ ਕੀਤਾ, ਕਿ ਰਾਜਾ ਹਰੀਪੁਰ ਪਾਸ ਜਾ ਕੇ ਲੱਕੜੀ ਲਿਆਓ।

ਸਾਵਣ ਮੱਲ ਨੇ ਕਿਹਾ, 'ਮਹਾਰਾਜ, ਪੈਸੇ ਤੋਂ ਬਿਨਾਂ ਲੱਕੜੀ ਕਿਵੇਂ ਲਿਆ ਸਕਾਂਗਾ। ਜਾਂ ਕੋਈ ਅਜ਼ਮਤ ਬਖ਼ਸ਼ ਦਿਹੋ, ਜਿਸ ਕਾਰਨ ਪਹਾੜੀਆਂ ਨੂੰ ਸਿੱਖ ਬਣਾ ਕੇ ਲੱਕੜੀ ਲਿਆ ਸੱਕਾਂ।'

ਸਾਵਣ ਮੱਲ ਦੀ ਮਾਂ ਨੇ ਆ ਕੇ ਬੇਨਤੀ ਕੀਤੀ, 'ਮਹਾਰਾਜ! ਪਹਾੜਾਂ ਵਿਚ ਭੂਤ ਪ੍ਰੇਤ ਤੇ ਡੈਣਾਂ (ਡਾਕਨੀ) ਰਹਿੰਦੀਆਂ ਨੇ। ਮੇਰਾ ਇਕ ਪੁੱਤਰ ਹੈ, ਇਸਨੂੰ ਨਾ ਭੇਜੋ।'

ਗੁਰੂ ਜੀ ਨੇ ਵਰ ਦਿਤਾ,

"ਤੋਹਿ ਪੁੱਤ੍ਰ ਕੋ ਭੈ ਨਹੀਂ ਗਨ ਭੂਤ ਜੋ ਪ੍ਰੇਤਾ।
ਡਾਕਨਿ ਬਪਰੀ ਕਿਆ ਨ੍ਰੈਂ, ਬਡ ਭਾ ਬਲ ਏਤਾ ।੧੩।
ਬੀਰ ਬਵੰਜਾ, ਜੋਗਨੀ ਇਸ ਆਇਸ[1] ਮਾਨੈ।
ਸਰਬ ਸੁਰਾਸੁਰ[2] ਜਿਤ ਕਿਤੀ ਡਰ ਧਰੈਂ ਮਹਾਨੈ।...੧੪।"
"ਸਾਵਣ ਮੱਲ ਹਕਾਰ ਪੁਨ ਨਿਜ ਨਿਕਟ ਬਿਠਾਵਾ।
ਇਕ ਰੁਮਾਲ ਕਰ ਪੋਛਨੋ ਗੁਰ ਹਾਥ ਉਠਾਵਾ।
ਦਯੋ ਤਿਸਹਿ ਸਮਝਾਇ ਕਰਿ ਇਸ ਅਜ਼ਮਤ ਭਾਰੀ।
ਚਹਹਿ ਜਿ ਕਿਸਹਿ ਸੰਘਾਰ ਦਿਹੁ, ਚਹਿ ਮ੍ਰਿਤਕ ਜਿਵਾਰੀ ।੧੫।'
"ਲੇ ਰੁਮਾਲ ਸਿਰ ਪਰ ਧਰਯੋ ਖੁਲ ਗਏ ਕਪਾਟਾ।
ਸਭ ਸਿੱਧਾਂ ਆਗੇ ਖਰੀ, ਹੇਰਯੋ ਬਡ ਠਾਟਾ।...੧੮।"

ਸਾਵਣ ਮੱਲ ਹਰੀਪੁਰ ਜਾ ਪੁੱਜਾ। ਵੇਖਿਆ, ਕਿ ਸਭ ਲੋਕ ਵਿਰਲਾਪ ਕਰ ਰਹੇ ਹਨ। ਸਾਵਣ ਮੱਲ ਨੇ ਕਾਰਨ ਪੁਛਿਆ, ਤਾਂ ਇਕ ਨੇ ਦੱਸਿਆ, ਕਿ ਰਾਜੇ ਦਾ ਇਕੋ ਪੁੱਤਰ ਸੀ, ਉਹ ਅੱਜ ਮਰ ਗਿਆ ਹੈ।

ਸਾਵਣ ਮੱਲ ਨੇ ਸੋਚਿਆ, ਇਹ ਸਮਾਂ ਹੈ, ਗੁਰੂ ਦੀ ਮਹਿਮਾ ਵਧਾਉਣ ਦਾ। ਉਸ ਨੇ ਰਾਜ ਮਹਿਲ ਦੇ ਦਰਵਾਜ਼ੇ ਤੇ ਜਾ ਕੇ ਇਕ ਮੰਤਰੀ ਨੂੰ ਕਿਹਾ, ਕਿ ਮਰਿਆ ਪੁੱਤਰ ਜਿਉਂ ਪਵੇਗਾ, ਤੁਸੀਂ ਗੁਰੂ ਜੀ ਦੇ ਸਿੱਖ ਹੋਣਾ ਮੰਨੋ।

ਰਾਜਾ ਸਾਵਣ ਮੱਲ ਨੂੰ ਅੰਦਰ ਲੈ ਗਿਆ। ਕੰਵਰ ਦੀ ਲੋਥ ਉਸਦੇ ਸਾਮ੍ਹਣੇ

---

1 ਆਗਿਆ; ਹੁਕਮ। 2 ਸੁਰ + ਅਸੁਰ = ਦੇਵਤੇ ਤੇ ਦੈਂਤ।

Digitized by Panjab Digital Library | www.panjabdigilib.org

ਲਿਆ ਧਰੀ। ਸਾਵਣ ਮੱਲ ਨੇ ਉਹ ਰੁਮਾਲ ਪਾਣੀ ਵਿਚ ਭਿਉਂ ਕੇ, ਜਲ ਮਿਰਤਕ ਦੇ ਮੂੰਹ ਵਿਚ ਪਾਇਆ ਤੇ ਰੁਮਾਲ ਉਹਦੇ ਮੱਥੇ ਨਾਲ ਛੁਹਾਇਆ, ਤਾਂ ਰਾਜ ਕੁਮਾਰ ਜ਼ਿੰਦਾ ਹੋ ਗਿਆ।

ਅੰਸੂ ੩੨

(ਰਾਜਾ ਸਿੱਖ ਬਣਿਆਂ)

ਰਾਜਾ ਪਰਜਾ ਸਭ ਸਾਵਣ ਮੱਲ ਦੇ ਚਰਨੀ ਲੱਗੇ, ਤੇ ਗੁਰੂ ਕੇ ਸਿੱਖ ਬਣੇ। ਸਾਵਣ ਮੱਲ ਦਾ ਹੁਕਮ ਮੰਨ ਕੇ ਰਾਜੇ ਨੇ ਬਹੁਤ ਸਾਰੀ ਇਮਾਰਤੀ ਲੱਕੜੀ ਗੁਰੂ ਜੀ ਵੱਲ ਭਿਜਵਾਈ।

ਲੱਕੜੀ ਗੋਇੰਦਵਾਲ ਆ ਪੁੱਜੀ। ਮਹਾਰਾਜ ਨੇ ਸਾਰੀ ਲੋੜਵੰਦਾਂ ਨੂੰ ਵੰਡ ਦਿਤੀ।

"ਬਾਈ ਜਾਤ ਜੁ ਖੱਤ੍ਰੀ ਕੁਲ ਕੀ, ਗੋਇੰਦਵਾਲ ਬਾਸ ਤਿਨ ਲੀਨ ।੮ ।"

ਲੰਗਰ ਬਾਰੇ ਲਿਖਦੇ ਹਨ, ਜੋ ਸੰਗਤਾਂ ਤੋਂ ਬਚ ਜਾਂਦਾ, ਉਹ

"ਬਚੇ ਅਹਾਰ ਜੋ ਲੰਗਰ ਮਾਹੀ, ਸੋ ਸਭ ਗਉਅਨ ਦੇਹਿ ਖੁਲਾਇ।
ਪਸੂ ਅਘਾਏ[1] ਸੇਖ[2] ਪੁਨ ਰਹਿ ਜੋ ਸਰਬ ਬਿਪਾਸਾ ਮਹਿਂ ਦੇ ਪਾਇ ।੧੧।"

ਓਧਰ ਸਾਵਣ ਮੱਲ ਦੀ ਬਹੁਤ ਪੂਜਾ ਹੋਣ ਲੱਗੀ। ਰੁਮਾਲ ਦੇ ਬਲ ਨਾਲ ਉਹ ਸਭ ਦੀਆਂ ਕਾਮਨਾਂ ਪੂਰੀਆਂ ਕਰੇ। ਉਹ ਸੋਚਦਾ, ਜੇ ਗੋਇੰਦਵਾਲ ਗਿਆ, ਤਾਂ ਗੁਰੂ ਜੀ ਨੇ ਇਹ ਰੁਮਾਲ ਲੈ ਲੈਣਾ ਹੈ, ਤੇ ਮੇਰੀ ਸਾਰੀ ਕਰਾਮਾਤ ਖ਼ਤਮ ਹੋ ਜਾਣੀ ਹੈ, ਸੋ ਏਥੇ ਰਹਿਣਾ ਹੀ ਠੀਕ ਹੈ।

ਗੁਰੂ ਜੀ ਨੇ ਆਉਣ ਵਾਸਤੇ ਹੁਕਮ ਭੇਜਿਆ, ਤਾਂ ਸਾਵਣ ਮੱਲ ਨੇ ਅਗੋਂ ਬਹਾਨਾ ਘੜ ਭੇਜਿਆ, ਕਿ ਦੇਰ ਨਾਲ ਆਵਾਂਗਾ। ਗੁਰੂ ਜੀ ਅੰਤਰਜਾਮੀ ਨੇ ਉਸਦੇ ਦਿਲ ਦੀ ਸਮਝ ਲਈ।

ਗੁਰੂ ਜੀ ਨੇ ਆਪਣੀ ਸ਼ਕਤੀ ਨਾਲ ਰੁਮਾਲ ਮੰਗਵਾ ਲਿਆ।

"ਅਜਮਤ ਜੁਕਤਿ ਰੁਮਾਲ ਸੁ ਤਤਛਿਨ ਗੋਇੰਦਵਾਲ, ਚਹਯੋ, ਚਲਿਆਉ।
ਚਿੰਤਨ ਤੇ ਤੂਰਨ[3] ਹੀ ਆਯਹੁ, ਛੁਛੋ ਸਾਵਨ ਤਹਾਂ ਰਹਾਉ ।...੨੦।"

ਸਾਵਣ ਮੱਲ ਰਾਜੇ ਤੇ ਰਾਣੀਆਂ ਨੂੰ ਨਾਲ ਲੈ ਕੇ ਗੁਰੂ ਦਰਸ਼ਨ ਹਿਤ ਗੋਇੰਦਵਾਲ ਆਇਆ। ਹੋਰ ਵੀ ਬਹੁਤ ਲੋਕ ਆਏ।

ਸਭ ਤੋਂ ਪਹਿਲਾਂ ਸਾਵਣ ਗੁਰੂ ਜੀ ਦੇ ਚਰਨੀ ਆ ਲੱਗਾ ਤੇ ਆਪਣੀ ਭੁੱਲ ਮੰਨੀ। ਗੁਰੂ ਜੀ ਨੇ ਬਖ਼ਸ਼ ਦਿਤਾ।

---

1 ਰੱਜ ਜਾਣ ਪਿਛੋਂ। 2 ਬਾਕੀ। 3 ਛੇਤੀ, ਫ਼ੌਰਨ।

Digitized by Panjab Digital Library | www.panjabdigilib.org

ਅੰਸੂ ੩੩

(ਰਾਜਾ ਵਾਪਸ ਗਿਆ—ਸੱਚਨ ਸੱਚ ਦਾ ਪ੍ਰਸੰਗ।)

ਰਾਜੇ ਨੇ ਦਰਸ਼ਨਾਂ ਦੀ ਆਗਿਆ ਮੰਗੀ, ਤਾਂ ਹੁਕਮ ਹੋਇਆ, ਕਿ ਲੰਗਰ ਵਿਚੋਂ ਪ੍ਰਸਾਦ ਛਕ ਕੇ ਆਉਣ। ਪਰ

"ਨਰ ਸੰਗੀ ਸਭਿ ਹੀ ਸੰਗ ਆਨਹਿ, ਇਸਤ੍ਰੀ ਰੂਪ ਨ ਆਵਨ ਪਾਇ।...੪।"

ਫਿਰ ਸਾਵਣ ਮੱਲ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਆਗਿਆ ਦੇ ਦਿਤੀ, ਕਿ ਸਫ਼ੈਦ ਬਸਤਰ ਪਹਿਨ ਕੇ ਨੰਗੇ ਮੂੰਹ ਆਉਣ।

"ਸਭ ਸੋਂ ਕਹਹੁ ਸਵੈਤ ਕਰਿ ਪੋਸ਼ਸ਼, ਮੁਖ ਕੋ ਨਹੀਂ ਛਪਾਵਹਿ ਕੋਇ।..੬।"

"ਸਤਿਗੁਰ ਖਰੇ ਰਹਿਤ ਗਹਿ ਕੀਲਕ[1] ਬੀਚ ਚੁਬਾਰੇ ਊਚ ਅਵਾਸੁ।
ਹੁਤੀ ਦਰੀਚੀ[2] ਨਿਕਟ ਤਿਸੀ ਕਹੁ, ਦਰਸ਼ਨ ਕਰਹਿ ਜਿਨਹੁੰ ਕਹੁ ਪਯਾਸ।੬।"

ਗੁਰੂ ਜੀ ਕਿੱਲੀ ਦੇ ਸਹਾਰੇ ਬਾਰੀ ਵਿਚ ਆ ਖਲੇ। ਲੋਕ ਦਰਸ਼ਨ ਕਰਕੇ ਲੰਘਦੇ ਜਾਂਦੇ। ਰਾਜਾ ਰਾਣੀਆਂ ਸਮੇਤ ਆਇਆ। ਇਕ ਨਵੀਂ ਰਾਣੀ ਨੇ ਸ਼ਰਮ ਮਹਿਸੂਸ ਕਰਕੇ ਮੂੰਹ ਛੁਪਾ ਲਿਆ। (ਘੁੰਡ ਕਢ ਲਿਆ)। ਗੁਰੂ ਜੀ ਸੁਭਾਵਕ ਬੋਲੇ,

"ਇਹ ਕਮਲੀ ਕਿਸ ਕਾਰਨ ਆਈ, ਜੇ ਹਮਰੋ ਦਰਸ਼ਨ ਨਹਿਂ ਭਾਇ।੧੩।"

ਉਹ ਰਾਣੀ ਕਮਲੀ ਹੋ ਗਈ। ਉਹਨੇ ਕੱਪੜੇ ਪਾੜ ਦਿਤੇ ਤੇ ਜੰਗਲ ਨੂੰ ਨੱਸ ਗਈ।

ਰਾਜਾ ਕਈ ਦਿਨ ਰਿਹਾ। ਵਿਦਿਆ ਹੋਣ ਸਮੇਂ ਗੁਰ ਜੀ ਨੇ ਫ਼ੁਰਮਾਇਆ,

"ਸਾਵਣ ਮੱਲ ਗੁਰੂ ਹੈ ਤੁਮਰੋ, ਇਸ ਕੋ ਨਿਤਿ ਮਾਨਹੁ ਹਿਤ ਕੀਨ।..੧੬।"

ਰਾਜਾ ਬਾਕੀ ਰਾਣੀਆਂ ਸਮੇਤ ਵਾਪਸ ਹਰੀਪੁਰਾ ਚਲਾ ਗਿਆ।

ਗੁਰੂ ਕਾ ਇਕ ਸੇਵਕ ਜੰਗਲ ਚੋਂ ਲੱਕੜੀਆਂ ਲਿਆਇਆ ਕਰਦਾ। ਹਰ ਗੱਲ ਦੇ ਉਤਰ ਵਿਚ ਉਹ 'ਸੱਚਨ ਸੱਚ' ਸ਼ਬਦ ਕਹਿੰਦਾ। ਲੋਕਾਂ ਨੇ ਉਸ ਦਾ ਨਾਮ ਹੀ 'ਸੱਚਨ ਸੱਚ' ਰੱਖ ਦਿਤਾ। ਉਹ ਇਕ ਭੂਰਾ ਹੀ ਉਪਰ ਰਖਦਾ।

ਇਕ ਦਿਨ ਸੱਚਨ ਸੱਚ ਜੰਗਲ ਵਿਚ ਲੱਕੜੀਆਂ ਲੈਣ ਗਿਆ। ਓਹਾ ਰਾਜੇ ਦੀ ਰਾਣੀ ਪਾਗਲ, ਨੰਗੇ ਸਰੀਰ, ਸੱਚਨ ਸੱਚ ਦੇ ਗਲ ਆ ਪਈ, ਤੇ ਨੌਂਹ ਮਾਰ ਕੇ ਤੇ ਦੰਦੀਆਂ ਵੱਢ ਕੇ ਉਸ ਨੂੰ ਜ਼ਖ਼ਮੀ ਕਰ ਦਿਤਾ।

ਸੱਚਨ ਸੱਚ ਨੇ ਸਾਰੀ ਕਥਾ ਗੁਰੂ ਜੀ ਨੂੰ ਆ ਸੁਣਾਈ। ਗੁਰੂ ਜੀ ਨੇ ਆਪਣੀ ਖੜਾਉਂ ਬਖ਼ਸ਼ੀ, ਤੇ ਹੁਕਮ ਕੀਤਾ, ਜਦੋਂ ਉਹ ਤੇਰੇ ਨੇੜੇ ਆਵੇ, ਇਹ ਖੜਾਉਂ ਉਸ ਦੇ ਸਿਰ ਨਾਲ ਛੁਹਾ ਦੇਣੀ। ਉਹ ਹਰੀ ਪੁਰ ਦੇ ਰਾਜੇ ਦੀ ਪਾਗ਼ਲ ਰਾਣੀ ਹੈ।

ਅਗਲੇ ਦਿਨ ਸੱਚਨ ਸੱਚ ਗਿਆ, ਤਾਂ ਰਾਣੀ ਫਿਰ ਦੌੜ ਕੇ ਆਈ। ਸੱਚਨ ਸੱਚ ਨੇ ਗੁਰੂ ਜੀ ਦੀ ਖੜਾਉਂ ਰਾਣੀ ਦੇ ਸਿਰ ਵਿਚ ਮਾਰੀ, ਤਾਂ ਉਸ ਨੂੰ ਹੋਸ਼ ਆ ਗਈ।

---

1 ਕਿੱਲੀ। 2 ਬਾਰੀ।

Digitized by Panjab Digital Library | www.panjabdigilib.org

ਆਪਣਾ ਨੰਗਾ ਸਰੀਰ ਵੇਖ ਕੇ ਉਹ ਸ਼ਰਮ ਨਾਲ ਬੈਠ ਗਈ। ਉਸ ਨੇ ਸਿੱਖ ਕੋਲੋਂ ਪਰਦਾ ਮੰਗਿਆ। ਸੱਚਨ ਸੱਚ ਨੇ ਆਪਣਾ ਕੰਬਲ ਉਸ ਨੂੰ ਦੇ ਦਿਤਾ, ਤੇ ਉਸ ਨੂੰ ਨਾਲ ਲੈ ਆਇਆ। ਗੁਰੂ ਜੀ ਨੇ ਦੋਹਾਂ ਦਾ ਵਿਆਹ ਕਰ ਦਿਤਾ, ਤੇ ਦੂਸਰੀ ਖੜਾਉਂ ਵੀ ਉਸ ਨੂੰ ਬਖ਼ਸ਼ ਕੇ ਕਿਹਾ, 'ਹੁਣ ਘਰ ਜਾ ਕੇ ਭਜਨ ਕਰੋ। ਜਿਸ ਨੂੰ ਖੜਾਉਂ ਛੁਹਾਉਗੇ, ਉਸ ਦੇ ਸਭ ਰੋਗ ਦੂਰ ਹੋ ਜਾਣਗੇ।'

ਅੰਸ ੩੪

(ਦਾਤੂ ਨੇ ਗੁਰੂ ਜੀ ਨੂੰ ਲੱਤ ਮਾਰੀ)

"ਸ੍ਰੀ ਅੰਗਦ ਬੈਕੁੰਠ ਪਧਾਰੇ।
ਕਰੀ ਤੇਰ੍ਹਵੀਂ ਜਬਹਿ ਪਿਛਾਰੇ।੧੭।
ਬੁਢੇ ਉਰ ਬਿਚਾਰ ਕਰ ਨੀਕਾ।
ਦੀਨਸ ਅਮਰ ਗੁਰੂ ਕਹੁ ਟੀਕਾ।
ਦਾਤੂ ਨੇ ਨਿਜ ਬਲ ਕੋ ਧਾਰੇ।
ਲੇ ਸਭ ਤੇ ਬਾਂਧੀ ਦਸਤਾਰੇ।੧੮।
ਬੈਠਹਿ ਨਿਤ ਗਾਦੀ ਪਰ ਸੋਇ।
ਪੂਜਾ ਕਰਨਿ ਆਇ ਨਹਿ ਕੋਇ।...੧੯।"

ਦਾਤੂ ਦੇ ਹਮਜੋਲੀ ਉਸ ਨੂੰ ਤਾਹਨੇ ਮਾਰਦੇ,

"ਤੁਮ ਸਪੂਤ ਬੈਠੇ ਰਹਿ ਛੂਛੇ।
ਆਇ ਨਹੀਂ, ਕੋ ਬਾਤ ਨ ਪੂਛੇ।...੨੨।"

ਈਰਖਾ ਵਿਚ ਸੜੇ ਦਾਤੂ ਨੇ ਸੋਚਿਆ,

"ਅਮਰ ਗੁਰੂ ਕੋ ਜਾਇ ਸੰਘਾਰੋਂ।
ਗੁਰਤਾ ਗਾਦੀ ਬਹੁਰ ਸੰਭਾਰੋਂ।੨੩।"

ਦਾਤੂ ਆਪਣੇ ਸਾਥੀਆਂ ਸਣੇ ਗੋਇੰਦਵਾਲ ਜਾ ਪੁੱਜਾ। ਅੱਗੇ ਦੀਵਾਨ ਸਜਿਆ ਹੋਇਆ ਸੀ। ਗੁਰੂ ਅਮਰ ਦਾਸ ਜੀ ਸਿੰਘਾਸਣ 'ਤੇ ਸਸ਼ੋਭਤ ਸਨ। ਦਾਤੂ ਜੀ ਨੇ ਜਾਂਦਿਆਂ ਗੁਰੂ ਜੀ ਨੂੰ ਲੱਤ ਕਢ ਮਾਰੀ।

"ਰਿਸ ਕਰਿ ਉਰ ਮਹਿ ਲਾਤ ਪ੍ਰਹਾਰੀ।
ਜਿਮ ਲਛਮੀ ਪਤਿ ਕੇ ਭ੍ਰਿਗੁ ਮਾਰੀ।੩੨।"

(ਰਿਸ ਕਰਿ=ਗੁੱਸੇ ਨਾਲ। ਉਰ=ਹਿਰਦਾ, ਛਾਤੀ। ਲਛਮੀ ਪਤਿ=ਵਿਸ਼ਨੂ। ਜਿਵੇਂ ਭ੍ਰਿੱਗੂ ਨੇ ਵਿਸ਼ਨੂ ਨੂੰ ਲੱਤ ਮਾਰੀ ਸੀ। ਭ੍ਰਿੱਗੂ, ਸ਼ਿਵਜੀ ਦਾ ਪੁੱਤਰ ਸੀ।)

"ਸਿੰਘਾਸਨ ਤੇ ਗਿਰ ਕਰਿ ਪਰੇ।
ਬ੍ਰਿਧ ਸਰੀਰ ਕੰਪ ਕਹੁ ਕਰੇ।
ਬਹੁਰ ਸੰਭਾਰ ਉਠੇ ਤਤਕਾਲਾ।

Digitized by Panjab Digital Library | www.panjabdigilib.org

ਗਹਿ ਦਾਤੂ ਕੇ ਚਰਨ ਕ੍ਰਿਪਾਲਾ ।੩੩।''

(ਨਮਰਤਾ ਦੀ ਹੱਦ ਹੈ ।) ਹਜ਼ੂਰ ਦਾਤੂ ਦੇ ਪੈਰ ਫੜ ਕੇ ਕਹਿਣ ਲੱਗੇ, ''ਆਪ ਨੂੰ ਚੋਟ ਤਾਂ ਨਹੀਂ ਲਗੀ ?'

ਦਾਤੂ ਨੇ ਗੁੱਸੇ ਵਿਚ ਆ ਕੇ ਕਿਹਾ, 'ਹੁਣੇ ਏਥੋਂ ਚਲੇ ਜਾਓ । ਗੱਦੀ ਦਾ ਹੱਕ ਮੇਰਾ ਹੈ ।'

ਗੁਰੂ ਜੀ ਉਠ ਕੇ ਆਪਣੇ ਘਰ ਚਲੇ ਗਏ । ਦਾਤੂ ਗੱਦੀ ਮੱਲ ਬੈਠਾ । ਸਹਿਜ ਸਹਿਜ ਸੰਗਤ ਵੀ ਚਲੀ ਗਈ । ਰਹਿ ਗਿਆ ਦਾਤੂ ਤੇ ਕੁਛ ਉਸ ਦੇ ਸਾਥੀ ।

ਅੰਸ ੩੫

(ਗੁਰੂ ਜੀ ਅਗਿਆਤ ਵਾਸ)

ਗੁਰੂ ਜੀ ਰਾਤ ਇਕੱਲੇ ਹੀ ਗੋਇੰਦਵਾਲ ਛਡ ਕੇ ਬਾਸਰਕੇ ਜਾ ਪਹੁੰਚੇ । ਪਿੰਡੋਂ ਬਾਹਰ ਇਕ ਕੋਠੇ ਵਿਚ ਹਜ਼ੂਰ ਜਾ ਬੈਠੇ, ਤੇ ਬੂਹੇ ਅੱਗੇ ਲਿਖ ਦਿਤਾ,

''ਇਸ ਦਰ ਜੋ ਨਰ ਕਰਹਿ ਉਪਾਰੇ ।
ਤਿਸ ਕੇ ਗੁਰ ਨਹਿਂ ਸਿੱਖ ਹਮਾਰੇ ।੩।''

(ਉਪਾਰੇ=ਖੁਹਲੇ । ਅਗਲੀ ਪੰਗਤੀ ਵਿਚ ਸ਼ਬਦ 'ਨਹਿ' 'ਦਿਹਲੀ ਦੀਪਕ' ਹੈ । ਇਸ ਦਾ ਅਰਥ ਦੋਹੀਂ ਪਾਸੀਂ ਲਗਦਾ ਹੈ । ਭਾਵ, ਨਾ ਅਸੀਂ ਉਸ ਦੇ ਗੁਰੂ ਹਾਂ, ਨਾ ਉਹ ਸਾਡਾ ਸਿੱਖ ।)

ਪਿੱਛੇ ਦਾਤੂ ਨੇ ਗੱਦੀ 'ਤੇ ਕਬਜ਼ਾ ਕਰ ਲਿਆ । ਪਰ ਸੰਗਤ ਕੋਈ ਨਾ ਆਵੇ ।

ਰਾਤ ਨੂੰ ਉਦਾਸ ਹੋ ਕੇ ਦਾਤੂ ਨੇ ਸਾਰਾ ਸਾਮਾਨ ਉਠਾਇਆ ਤੇ ਖਡੂਰ ਨੂੰ ਤੁਰ ਪਿਆ । ਰਾਹ ਵਿਚ ਸਾਰਾ ਸਾਮਾਨ ਲੁਟੇਰਿਆਂ ਨੇ ਲੁੱਟ ਲਿਆ । ਦਾਤੂ ਸ਼ਰਮਸਾਰ ਹੋਇਆ ਘਰੇ ਬੈਠਾ ਰਹੇ । ਜਿਹੜੀ ਲੱਤ ਉਹਨੇ ਗੁਰੂ ਜੀ ਨੂੰ ਮਾਰੀ ਸੀ, ਉਸ ਵਿਚ ਹਰ ਵੇਲੇ ਦਰਦ ਰਹਿਣ ਲੱਗਾ ।

ਓਧਰ ਗੁਰੂ ਬਿਨਾਂ ਸੰਗਤ ਉਦਾਸ ਰਹਿਣ ਲੱਗੀ । ਬਹੁਤ ਸਾਰੇ ਸਿੱਖ ਰਲ ਕੇ ਬਾਬਾ ਬੁਢਾ ਜੀ ਪਾਸ ਗਏ । ਬੁਢਾ ਜੀ ਨੇ ਅੰਤਰ ਧਿਆਨ ਹੋ ਕੇ ਵੇਖ ਲਿਆ, ਕਿ ਗੁਰੂ ਜੀ ਕਿੱਥੇ ਹਨ । ਫਿਰ ਸੰਗਤ ਨਾਲ ਬਾਬਾ ਜੀ ਗੋਇੰਦਵਾਲ ਆ ਗਏ ।

ਸਿੱਖਾਂ ਨੇ ਦੱਸਿਆ, ਕਿ ਦਾਤੂ ਹੋਰ ਸਭ ਕੁਛ ਲੈ ਗਿਆ ਹੈ, ਪਰ ਗੁਰੂ ਜੀ ਦੀ ਘੋੜੀ ਨਹੀਂ ਲੈ ਜਾ ਸੱਕਿਆ । ਘੋੜੀ ਬਹੁਤ ਅੜੀ ਕਰਨ ਕਾਰਨ ਏਥੇ ਰਹਿ ਗਈ ਹੈ ।

Digitized by Panjab Digital Library |-www.panjabdigilib.org

ਅੰਸ ੩੬

(ਸੰਗਤ ਸੰਨ੍ਹ ਸ਼ਾਹਿਬ ਗਈ)

ਬਾਬਾ ਬੁਢਾ ਜੀ ਦੀ ਸਲਾਹ ਨਾਲ ਗੁਰੂ ਜੀ ਦੀ ਘੋੜੀ 'ਤੇ ਕਾਠੀ ਪਾ ਕੇ ਛਡ ਦਿਤਾ, ਤੇ ਸੰਗਤ ਮਗਰ ਲੱਗ ਤੁਰੀ। ਘੋੜੀ ਬਾਸਰਕੇ ਉਸ ਕਮਰੇ ਅੱਗੇ ਆ ਖਲੀ, ਜਿਸ ਵਿਚ ਗੁਰੂ ਜੀ ਬੈਠੇ ਸਨ।

ਬੂਹੇ ਅੱਗੇ ਲਿਖਿਆ ਹੋਇਆ ਸੀ,

"ਆਇ ਇਹਾਂ ਦਰ ਪਾਰਹਿ ਜੋਊ।
ਹਮ ਨਹਿੰ ਗੁਰੂ, ਸਿੱਖ ਨਹਿੰ ਸੋਊ।...੧੫।"

ਬਾਬਾ ਬੁੱਢਾ ਜੀ ਕੋਠੇ ਦੇ ਪਿਛਲੇ ਪਾਸਿਓਂ ਪਾੜ ਮਾਰ ਕੇ ਅੰਦਰ ਚਲੇ ਗਏ। ਅੱਗੇ ਗੁਰੂ ਜੀ ਸਮਾਧੀ ਲਾਈ ਬੈਠੇ ਸਨ।

"ਅੰਗ ਅਡੋਲ ਟਿਕੇ ਜਗ ਸ੍ਵਾਮੀ।
ਕੋਟਿ ਬਰਖ ਜਿਮਿ ਸ਼ਿਵ ਨਿਸ਼ਕਾਮੀ।...੨੪।"

(ਕਵੀ ਜੀ ਹਿੰਦੂ ਮੱਤ ਦੇ ਗ੍ਰੰਥਾਂ ਦੇ ਵਿੱਦਵਾਨ ਸਨ। ਇਸ ਲਈ ਸ਼ਰਧਾ ਵੱਸ ਗੁਰੂ ਜੀ ਦੀ ਉਪਮਾਂ ਕਦੇ ਸ਼ਿਵਾਂ ਨਾਲ ਕਰਦੇ ਹਨ, ਕਦੇ ਵਿਸ਼ਨੂ ਨਾਲ। ਵੈਸੇ ਇਹ ਸਿੱਖ ਸਿਧਾਂਤ ਦੇ ਉਲਟ ਹੈ।)

"ਦੇਖਿ ਬ੍ਰਿਧ ਕੋ ਬਾਕ ਉਚਾਰਾ।
'ਕਿਮਿ ਤੈਂ ਟਾਰਯੋ ਹੁਕਮ ਹਮਾਰਾ।'੨੫।"

ਬੁੱਢਾ ਜੀ ਨੇ ਉਤਰ ਦਿਤਾ,

"ਸ੍ਰੀ ਗੁਰੂ! ਹਮ ਨਹਿ ਆਇਸ ਟਾਰੀ।
ਤਜਿ ਦਰੁ, ਫੇਰਯੋ ਦ੍ਵਾਰ ਪਿਛਾਰੀ।...੨੬।"

ਇਸ ਕੌਤਕ ਤੇ ਗੁਰੂ ਜੀ ਨੇ ਪਰਸੰਨ ਹੋ ਕੇ ਬੂਹਾ ਖੁਹਲਣ ਦਾ ਹੁਕਮ ਦਿਤਾ। ਬੁੱਢਾ ਜੀ ਨੇ ਬੂਹਾ ਖੁਹਲ ਦਿਤਾ, ਤਾਂ ਸਾਰੀ ਸੰਗਤ ਨੇ ਦਰਸ਼ਨ ਕੀਤੇ।

ਗੁਰੂ ਜੀ ਘੋੜੀ 'ਤੇ ਅਸਵਾਰ ਹੋ ਕੇ ਗੋਇੰਦਵਾਲ ਆ ਗਏ। ਬਾਬਾ ਬੁਢਾ ਜੀ ਸਾਰੇ ਰਾਹ ਰਕਾਬ ਪਕੜੀ ਨਾਲ ਆਏ। ਸਾਰੀ ਸੰਗਤ ਦਰਸ਼ਨ ਕਰਕੇ ਪਰਸੰਨ ਹੋਈ।

——

ਅੰਸ ੩੭

(ਪਾਰੋ ਜੁਲਕਾ ਤੇ ਲਾਲੂ)

ਦਾਤੂ ਦੀ ਉਸ ਲੱਤ ਵਿਚ ਬਹੁਤ ਦਰਦ ਹੁੰਦਾ, ਪਰ ਉਹ ਸ਼ਰਮ ਦਾ ਮਾਰਿਆ ਘਰੋਂ ਬਾਹਰ ਨਾ ਨਿਕਲਦਾ।

ਡੱਲੇ ਦੇ ਰਹਿਣ ਵਾਲਾ ਪਾਰੋ ਜੁਲਕਾ ਪਰਮਹੰਸ ਗੁਰੂ ਜੀ ਦੇ ਦਰਸ਼ਨਾਂ ਨੂੰ ਆ ਰਿਹਾ ਸੀ। ਰਸਤੇ ਵਿਚ ਇਕ ਦਿੱਲੀ ਦਾ ਨਵਾਬ ਮਿਲ ਪਿਆ। ਉਹ ਵੀ ਪਾਰੋ ਦੇ

Digitized by Panjab Digital Library | www.panjabdigilib.org

ਨਾਲ ਗੁਰ ਦਰਸ਼ਨ ਨੂੰ ਆਇਆ ।

ਇਕ ਵਾਰ ਪਾਰੋ ਦੇ ਨਾਲ ਲਾਲੂ ਵੀ ਆਇਆ । ਦਰਸ਼ਨ ਕਰਕੇ ਨਿਹਾਲ ਹੋਇਆ । ਗੁਰੂ ਜੀ ਨੇ ਉਸਨੂੰ ਗੁਪਤ ਸ਼ਕਤੀਆਂ (ਭੂਤਾਂ ਪ੍ਰੇਤਾਂ) ਦਾ ਸਰਦਾਰ ਥਾਪ ਦਿਤਾ ।

ਲਾਲੂ ਦਾ ਮਿੱਤਰ ਇਕ ਪਠਾਨ ਸੌਦਾਗਰ ਸੀ । ਸਮੁੰਦਰ ਵਿਚ ਉਸਦਾ ਜਹਾਜ਼ ਡੁੱਬ ਗਿਆ, ਪਰ ਆਪ ਉਹ ਇਕ ਫੱਟੇ ਦੇ ਆਸਰੇ ਇਕ ਟਾਪੂ ਵਿਚ ਜਾ ਲੱਗਾ । ਉਸ ਟਾਪੂ ਉਤੇ ਗੁਪਤ (ਭੂਤ ਪ੍ਰੇਤ) ਰਹਿੰਦੇ ਸਨ । ਉਹਨਾਂ ਨਵਾਬ ਨੂੰ ਪੁਛਿਆ, ਤੂੰ ਕਿੱਥੋਂ ਆਇਆ ਹੈਂ । ਨਵਾਬ ਨੇ ਪੰਜਾਬ ਦਾ ਤੇ ਭਾਈ ਲਾਲੂ ਦਾ ਨਾਮ ਲਿਆ । ਭੂਤਾਂ ਕਿਹਾ, ਅਸੀਂ ਤਾਂ ਲਾਲੂ ਦੇ ਸੇਵਕ ਹਾਂ । ਸੋ ਭੂਤਾਂ ਨੇ ਉਸ ਨੂੰ ਦੋ ਲਾਲ ਭਾਈ ਲਾਲੂ ਵਾਸਤੇ ਦਿਤੇ, ਤੇ ਉਸਨੂੰ ਵੀ ਬਹੁਤ ਕੁਛ ਦਿਤਾ । ਭੂਤਾਂ ਨੇ ਉਸਨੂੰ ਉਸਦੇ ਘਰ ਪੁਚਾ ਦਿਤਾ ।

ਨਵਾਬ ਨੇ ਉਹ ਦੋਵੇਂ ਲਾਲ ਲਾਲੂ ਨੂੰ ਲਿਆ ਦਿਤੇ ਤੇ ਲਾਲੂ ਨੇ ਗੁਰੂ ਜੀ ਦੀ ਭੇਟਾ ਆਣ ਕੀਤੇ । ਗੁਰੂ ਜੀ ਨੇ ਹੁਕਮ ਦੇ ਕੇ ਉਹ ਲਾਲ ਨਦੀ ਵਿਚ ਸੁਟਾ ਦਿਤੇ ।

(ਕੀ ਮਾਨੁੱਖ ਦੇਹੀ ਤੋਂ ਬਿਨਾਂ ਹੋਰ ਵੀ ਕੋਈ ਭੂਤ ਪ੍ਰੇਤ ਹਨ ? ਗੁਰਬਾਣੀ ਤਾਂ ਮੰਦੇ ਕਰਮ ਕਰਨ ਵਾਲੇ ਨੂੰ ਹੀ ਭੂਤ ਮੰਨਦੀ ਹੈ ।)

ਅੰਸੂ ੩੮

(ਖਾਨ ਛੁਰਾ; ਮਹੇਸ਼ਾ ਤੇ ਸ਼ੇਖ)

ਨੱਗਰ ਡੱਲੇ ਵਿਚ ਖਾਨ ਛੁਰਾ, ਦੀਪਾ, ਮਾਲੂ ਸ਼ਾਹੀ, ਕਿਦਾਰੀ ਆਦਿ ਬਹੱਤਰ ਸਿੱਖ ਸਨ ।

ਸੁਲਤਾਨ ਪੁਰ ਦਾ ਧਨੀ ਪੁਰਸ਼ ਮਹੇਸ਼ਾ ਵੀ ਗੁਰੂ ਜੀ ਦੀ ਸ਼ਰਨ ਆਇਆ । ਉਸਨੇ ਬੇਨਤੀ ਕੀਤੀ, ਕਿ ਮੈਨੂੰ ਸਿੱਖ ਬਣਾ ਲਵੋ । ਗੁਰੂ ਜੀ ਨੇ ਫ਼ੁਰਮਾਇਆ,

"ਜੇ ਹਮਰੋ ਸਿੱਖ ਹੋਯਹੁ ਚਹੈ ।
ਨਹੀਂ ਸੰਪਦਾ ਤੁਝ ਢਿਗ ਰਹੈ ।
ਨਰ ਉਪਹਾਸ ਕਰਹਿਂ ਸਮਝਾਵਹਿਂ ।
ਦੁਖੀ ਹੋਇ ਪੁਨ ਬਹੁ ਪਛਤਾਵਹਿਂ ।੧੦।"

ਸਿੱਖ ਬਣਨ ਪਿੱਛੋਂ ਮਹੇਸ਼ੇ ਦਾ ਸਭ ਕੁਛ ਨਾਸ ਹੋ ਗਿਆ । ਲੋਕ ਉਸਦਾ ਮਜ਼ਾਕ ਉਡਾਉਂਦੇ । ਪਰ ਉਹ ਸਿਦਕ ਵਿਚ ਪੱਕਾ ਰਿਹਾ । ਮਹੇਸ਼ਾ ਗੁਰ ਦਰਸ਼ਨ ਨੂੰ ਆਇਆ। ਗੁਰੂ ਜੀ ਦੇ ਵਰ ਨਾਲ ਮਹੇਸ਼ਾ ਫਿਰ ਧਨਵਾਨ ਹੋ ਗਿਆ ।

ਗੋਇੰਦਵਾਲ ਵਿਚ ਸ਼ੇਖਾਂ ਦੇ ਮੁੰਡੇ ਸ਼ਰਾਰਤਾਂ ਕਰਨ ਲਗ ਪਏ । ਉਹ ਗੁਲੇਲੇ ਮਾਰ ਕੇ ਸਿੱਖਾਂ ਦੇ ਘੜੇ ਭੰਨ ਦੇਂਦੇ । ਗੁਰੂ ਜੀ ਦੇ ਹੁਕਮ ਨਾਲ ਸਿੱਖ ਮਸ਼ਕਾਂ ਵਿਚ ਪਾਣੀ ਲਿਆਉਣ ਲੱਗੇ, ਤਾਂ ਸ਼ੇਖ ਮੁੰਡੇ ਤੀਰ ਮਾਰ ਕੇ ਮਸ਼ਕਾਂ ਪਾੜਨ ਲੱਗ ਪਏ । ਸਿੱਖਾਂ ਨੇ ਗਾਗਰਾਂ ਲੈ ਲਈਆਂ, ਤਾਂ ਸ਼ੇਖਾਂ ਦੇ ਲੜਕੇ ਇੱਟਾਂ ਮਾਰਨ ਲੱਗ ਪਏ ।'

Digitized by Panjab Digital Library | www.panjabdigilib.org

ਗੋਇੰਦਵਾਲ ਸੰਨਿਆਸੀਆਂ ਦਾ ਇਕ ਜਥਾ ਆ ਉਤਰਿਆ। ਸ਼ੇਖ ਮੁੰਡਿਆਂ ਨੇ ਗੁਲੇਲੇ ਮਾਰੇ, ਤਾਂ ਸੰਨਿਆਸੀਆਂ ਦੇ ਮਹੰਤ ਦੀ ਇਕ ਅੱਖ ਨਿਕਲ ਗਈ। ਸੰਨਿਆਸੀਆਂ ਨੇ ਹਮਲਾ ਕਰਕੇ ਸ਼ੇਖਾਂ ਦੇ ਕਈ ਮੁੰਡੇ ਮਾਰ ਦਿਤੇ।

ਓਥੇ ਸਰਕਾਰੀ ਡੇਰਾ ਰਾਤ ਰਿਹਾ। ਇਕ ਧਨ ਦੀ ਲੱਦੀ ਖੱਚਰ ਦੌੜ ਗਈ। ਉਹ ਸ਼ੇਖਾਂ ਦੇ ਘਰੋਂ ਲੱਭੀ। ਇਸ ਅਪਰਾਧ ਵਿਚ ਕੁਛ ਸ਼ੇਖ ਮਾਰੇ ਗਏ, ਕੁਛ ਕੈਦੀ ਬਣ ਗਏ।

ਅੰਸੂ ੩੯

(ਸਿੱਖਾਂ ਦਾ ਪ੍ਰਸੰਗ)

ਲਾਲੂ, ਦੁਰਗਾ, ਜੀਵੰਦਾ ਗੁਰੂ ਜੀ ਦੇ ਸਿੱਖ ਸਨ। ਗੁਰੂ ਜੀ ਨੇ ਪਰਉਪਕਾਰ ਕਰਨ ਦਾ ਉਪਦੇਸ਼ ਦਿਤਾ, ਲੋੜਵੰਦ ਦੀ ਲੋੜ ਪੂਰੀ ਕਰਨੀ।

ਜੱਗਾ ਨਾਮ ਦਾ ਸੱਜਣ ਸ਼ਰਨ ਆਇਆ। ਉਹਨੇ ਕਿਹਾ, ਕਿ ਜੋਗੀ ਕਹਿੰਦੇ ਹਨ, ਕਲਿਆਣ ਵਾਸਤੇ ਘਰ ਗ੍ਰਿਸਤ ਛਡ ਕੇ ਫ਼ਕੀਰ ਹੋ ਜਾਓ। ਆਪ ਕੋਈ ਰਸਤਾ ਦੱਸੋ।

"ਸਰਧਾ ਜਾਨਿ ਗੁਰੂ ਬਚ ਭਾਖਾ।
ਘਰ ਤਯਾਗਨ ਕੀ ਨਹਿੰ ਕਰਿ ਕਾਂਖਾ।੧੭।
ਜੇ ਘਰ ਤਜੇ ਮਿਲਹਿ ਭਗਵਾਨ।
ਕਯੋਂ ਫ਼ਕੀਰ ਪੁਰ ਪੁਰ ਮਹਿੰ ਆਨ।...੧੮।
ਗੁਰਮੁਖ ਗ੍ਰਿਸਤਿ ਬਿਖੇ ਕਰਿੰ ਭਗਤਿ।
ਪਾਇੰ ਮੁਕਤਿ, ਨਹਿੰ ਜਨਮਤਿ ਜਗਤਿ।...।੧੯"

ਭਾਵ, ਗ੍ਰਿਸਤ ਵਿਚ ਰਹਿ ਕੇ ਕਿਰਤ ਕਰੋ, ਤੇ ਆਏ ਗਏ ਦੀ ਸੇਵਾ ਕਰੋ।

ਖਾਨੂ ਤੇ ਮਾਈਆ (ਮੱਈਆ) ਦੋਵੇਂ ਪਿਉ ਪੁੱਤਰ, ਤੇ ਤੀਸਰਾ ਗੋਵਿੰਦ ਭੰਡਾਰੀ ਦਰਸ਼ਨ ਹਿਤ ਆਏ, ਤੇ ਕਲਿਆਣ ਦਾ ਰਸਤਾ ਪੁਛਿਆ।

ਗੁਰੂ ਜੀ ਨੇ ਸਭ ਤੋਂ ਉਤਮ ਰਸਤਾ ਭਗਤੀ ਦੱਸਿਆ।

ਸਿੱਖਾਂ ਦੇ ਪੁੱਛਣ ਤੇ ਗੁਰੂ ਜੀ ਨੇ ਕਿਹਾ, ਭਗਤੀ ਤਿੰਨ ਪਰਕਾਰ ਦੀ ਹੈ।

"ਤਬਿ ਸਤਿਗੁਰ ਨੇ ਕਹਯੋ ਬੁਝਾਈ।
'ਨਵਧਾ ਭਗਤਿ'[1] ਏਕ ਸੁਖਦਾਈ।੨੮।
ਦੂਜੇ : 'ਪ੍ਰੇਮਾ ਭਗਤਿ' ਬਿਚਾਰੀ।
'ਪਰਾ ਭਗਤਿ' ਤ੍ਰਿਤੀਏ ਨਿਰਧਾਰੀ।
ਪ੍ਰਥਮ ਸੁਨਹੁ ਨਵਧਾ ਕੇ ਭੇਦ।

---

1 ਨੌਂ ਪਰਕਾਰ ਦੀ ਭਗਤੀ।

Digitized by Panjab Digital Library | www.panjabdigilib.org

ਪ੍ਰਾਪਤਿ ਭਏ ਬਿਨਾਸਹਿਂ ਖੇਦ ।੨੯।
ਸਰਧਾ ਸਹਤ ਗੁਰੂ ਕੇ ਬੈਨ ।
ਸ਼੍ਰਵਨ ਕਰਹਿ ਸਨਮੁਖ ਮਨਨੈਨ ।
ਦੁਤੀਏ ਕਥਾ ਕੀਰਤਨ ਕਰਨੇ ।
ਨੀਕੇ ਪ੍ਰਭੁ ਕੇ ਗੁਨ ਗਨ ਬਰਨੇ ।੩੦।
ਤ੍ਰਿਤੀਏ ਸੱਤਿਨਾਮ ਸਿਮਰੰਤੇ ।
ਬਿਨਾ ਭਜਨ ਨਹਿਂ ਸਮਾ ਬਿਤੰਤੇ ।
ਸਵਾਸਨ ਸੰਗ ਸੁ ਨਾਮ ਮਿਲਾਵੈਂ ।
ਉਠਤਿ ਬਠਤਿ ਨਹਿਂ ਬਿਸਰਾਵੈਂ ।੩੧।
ਚੌਥੇ ਸਤਿਗੁਰ ਕੈ ਭਗਵਾਨ ।
ਠਾਨਹਿਂ ਚਰਨ ਕਮਲ ਕੋ ਧਯਾਨ ।
ਕੈ ਸੰਤਨ ਕੇ ਚਰਨ ਪਖਾਰੈਂ ।
ਸਰਧਾ ਤੇ ਚਰਨਾਮ੍ਰਿਤ ਧਾਰੈਂ ।੩੨।
ਪੰਚਮਿ ਕਰਹਿਂ ਅਹਾਰ ਭਲੇਰੇ ।
ਪ੍ਰਥਮ ਅਰਪਿ ਹਰਿ ਗੁਰੂ ਅਗੇਰੇ ।
ਜਥਾ ਸ਼ਕਤਿ ਸੰਤਨ ਅਚਵਾਵੈਂ ।
ਵਸਤਰ ਸਰੀਰ ਸਾਧ ਪਹਿਰਾਵੈਂ ।੩੩।
ਖਸਟਮਿ ਪ੍ਰਭੁ ਗੁਰ ਕੈ ਗੁਰਦੁਆਰੇ ।
ਬੰਦਨ ਕਰਹਿਂ ਪ੍ਰਛਛਨਾ ਧਾਰੇ ।
ਧੂਪ ਦੀਪ ਚੰਦਨ ਚਰਚਾਵੈਂ ।
ਫੂਲਨ ਆਨ ਸੁਗੰਧ ਚਢਾਵੈਂ ।੩੪।
ਸਪਤਮਿ ਦਾਸ ਆਪ ਕੋ ਜਾਨੈ ।
ਪਰਮੇਸ੍ਵਰ ਸ੍ਵਾਮੀ ਪਹਿਚਾਨੈ ।
ਤਨ ਮਨ ਧਨ ਜਾਨੈ ਪ੍ਰਭੁ ਦਾਨ ।
ਸਤੀ ਨਾਰ ਸਮ ਪਤਿ ਭਗਵਾਨ ।੩੫।
ਅਸ਼ਟਮਿ ਮਿਤ੍ਰ ਲਖਹਿ ਸ੍ਰੀ ਪਤਿ ਕੋ ।
ਨਹੀਂ ਭੁਲਾਵਹਿ ਅਪਨੇ ਚਿਤ ਕੋ ।
ਜੋ ਕੁਛ ਕਰਹਿ, ਭਲੋ ਮਮ ਜਾਨੈ ।
ਨਹੀਂ ਤਰਕਨਾ ਤਿਸ ਪਰ ਠਾਨੈ ।੩੬।
ਜਥਾ ਸਖਾ ਕੀ ਕ੍ਰਿਤਿ ਲਖੰਤਾ ।
ਕਰਹਿ ਜੁ ਕੁਛ, ਮਮ ਭਲਾ ਕਰੰਤਾ ।
ਤਿਮਿ ਪ੍ਰਭੁ ਮਿੱਤ੍ਰ ਕਿਰਤ ਕੋ ਹੇਰੈ ।
ਜੋ ਕਿਛੁ ਕਰਹਿ ਭਲੀ ਸੁ ਮੇਰੈ ।੩੭।

Digitized by Panjab Digital Library | www.panjabdigilib.org

ਨੌਮੀ ਤਨ ਧਨ ਪ੍ਰਭੁ ਅਰਪਾਇ ।
ਅਪਨੋ ਕਛੂ ਨ ਲਖਹਿ ਕਦਾਇ ।
ਮਮਤਾ ਤਜਹਿ ਪਦਾਰਥ ਕੇਰੀ ।
ਹਰਿ ਕੇ ਜਾਨ ਨ ਸੁਖ ਦੁਖ ਹੇਰੀ ।੩੮ ।"

ਇਹ ਹੈ ਨਵਧਾ (ਨੌਂ ਪਰਕਾਰ ਦੀ) ਭਗਤੀ ।

(ਖੇਦ=ਦੁਖ, ਕਲੇਸ਼ । ਬੈਨ=ਬਚਨ । ਸ਼੍ਰਵਨ ਕਰਹਿ=ਸੁਣੇ । ਨੀਕੇ=ਉੱਤਮ, ਸੁੰਦਰ । ਬਰਨੇ=ਕਹਿਣੇ । ਚਰਨ ਪਖਾਰੈ=ਚਰਨ ਧੋਵੇ । ਅਚਵਾਵੈ=ਛਕਾਵੈ । ਪ੍ਰਦਛਨਾ=ਭੇਟਾ । ਸ੍ਰੀ ਪਤਿ=ਲਛਮੀ ਦਾ ਪਤੀ, ਵਿਸ਼ਨੂੰ, ਪ੍ਰਭੂ । ਤਰਕ=ਵਿਰੋਧ, ਆਲੋਚਨਾ । ਹੇਰੈ=ਵੇਖੇ । ਅਰਪਾਏ=ਅਰਪਨ ਕਰੇ, ਭੇਟਾ ਕਰੇ । ਲਖਹਿ=ਜਾਣੇ ।)

ਦੂਸਰੀ ਹੈ 'ਪ੍ਰੇਮਾ ਭਗਤੀ' । (ਕਵੀ ਜੀ ਮਿਸਾਲ ਦੇਂਦੇ ਹਨ) ਪਹਿਲਾਂ ਫਲ ਦਾ ਰੰਗ ਹਰਿਆ ਹੁੰਦਾ ਹੈ, ਫਿਰ ਪੀਲਾ, ਤੇ ਅੰਤ ਪੱਕ ਕੇ ਲਾਲ ਹੋ ਜਾਂਦਾ ਹੈ । ਏਸੇ ਤਰਾਂ ਪ੍ਰੇਮ ਵਿਚ ਪੱਕ ਜਾਏ, ਤਾਂ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ।

ਤੀਸਰੀ ਹੈ, 'ਪਰਾਭਗਤੀ' । ਭਾਵ, ਉਸ ਦੇ ਪ੍ਰੇਮ ਵਿਚ ਓਸੇ ਦਾ ਰੂਪ ਹੋ ਜਾਣਾ ।

("ਹਰਿਜਨੁ ਐਸਾ ਚਾਹੀਐ, ਜੈਸਾ ਹਰਿ ਹੀ ਹੋਇ ।"[1]

ਅੰਸੂ ੪੦

(ਸਿੱਖਾਂ ਨੂੰ ਉਪਦੇਸ਼)

ਪੰਡਤ ਜੋਧ ਰਸੋਈਆ ਗੁਰੂ ਜੀ ਦੀ ਸੇਵਾ ਕਰਦਾ ਸੀ । ਚੜ੍ਹਾਵਾ ਵੀ ਸਾਰਾ ਓਹਾ ਸੰਭਾਲਦਾ । ਗੁਰੂ ਜੀ ਨੇ ਉਸਨੂੰ ਮੁਕਤ ਕੀਤਾ ।

ਗੁਰੂ ਜੀ ਡੱਲੇ ਨੱਗਰ ਗਏ । ਪ੍ਰਿਥੀ ਮੱਲ ਤੇ ਤੁਲਸਾ ਭੁੱਲੇ ਦਰਸ਼ਨ ਵਾਸਤੇ ਆਏ। ਉਹਨਾਂ ਮਾਣ ਨਾਲ ਕਿਹਾ, ਕਿ ਸਾਡੀ ਤੁਹਾਡੀ ਜਾਤ ਇਕੋ ਹੈ ।

"ਸ੍ਰੀ ਗੁਰ ਅਮਰ ਭਨਯੋ ਸੁਨਿ ਸੋਇ ।
ਜਾਤਿ ਪਾਤ ਗੁਰ ਕੀ ਨਹਿੰ ਕੋਇ ।੧੦।"
"ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ ।
ਜਿਨ ਕੀ ਲੇਖੈ ਪਤਿ ਪੇਵੇ, ਚੰਗੇ ਸੇਈ ਕੇਇ ।"

(ਆਸਾ; ਮ: ੧. ਪੰਨਾ ੪੬੯)

ਮੱਲ੍ਹਣ ਸ਼ਰਨ ਆਇਆ, ਤਾਂ ਗੁਰੂ ਜੀ ਨੇ ਫ਼ੁਰਮਾਇਆ, ਹੰਕਾਰ ਛੱਡ ਕੇ ਸੇਵਾ ਕਰੋ ।

ਉਗਰ ਸੈਨ, ਰਾਮੂ, ਦਾਪਾ ਸ਼ਰਨ ਆਏ, ਤਾਂ ਹਜ਼ੂਰ ਨੇ ਸੇਵਾ ਤੇ ਸਿਮਰਨ ਦਾ ਉਪਦੇਸ਼ ਦਿਤਾ ।

---

1 ਸਲੋਕ ਕਬੀਰ; ਪੰਨਾ ੧੩੭੨ ।

Digitized by Panjab Digital Library | www.panjabdigilib.org

ਭਾਈ ਅਮਰੂ, ਮੋਹਣ ਮੱਲ, ਗੋਪੀ ਤੇ ਰਾਮੂ ਮਹਿਤਾ ਸ਼ਰਨ ਆਏ। ਫਿਰ ਗੰਗੂ, ਸਹਾਰੂ ਆਏ। ਗੁਰੂ ਜੀ ਨੇ ਫ਼ੁਰਮਾਇਆ, ਨਾਮ ਜਪੋ, ਵੰਡ ਛਕੋ, ਤੇ

"ਮੜੀ, ਟੋਭੜੀ, ਮਠ ਅਰ ਗੋਰ।
ਇਨਹੁੰ ਨ ਸੇਵਹੁ, ਸਭਿ ਦਿਹੁ ਛੋਰ ।੩੩।"

ਖਾਨ ਛੁਰਾ, ਬੇਗਾ ਪਾਸੀ, ਨੰਦ ਮੂਦਨਾ, ਉਗਰੂ, ਤਾਰੂ, ਝੰਡਾ, ਪੂਰੋ ਆਦਿ ਦਰਸ਼ਨ ਵਾਸਤੇ ਆਏ। ਸਾਰੇ ਉਪਦੇਸ਼ ਸੁਣ ਕੇ ਨਿਹਾਲ ਹੋਏ।

ਮੱਲਯਾਰ ਤੇ ਸਹਾਰੂ ਛੀਂਬੇ ਆਏ। ਗੁਰਦੇਵ ਨੇ ਕਿਹਾ, 'ਸ਼ਰਧਾ ਨਾਲ ਸਿੱਖਾਂ ਦੇ ਬਸਤਰ ਸਾਫ਼ ਕਰੋਗੇ, ਤਾਂ ਮਨ ਦੀ ਮੈਲ ਵੀ ਸਾਫ਼ ਹੋ ਜਾਏਗੀ।

ਬੂਲਾ ਨਾਮੀ ਪੰਡਤ ਆਇਆ। ਉਸਨੇ ਕਿਹਾ, 'ਮਹਾਰਾਜ! ਮੈਨੂੰ ਬ੍ਰਹਿਮਣ ਜਾਣ ਕੇ ਕੋਈ ਸੇਵਾ ਨਹੀਂ ਕਰਨ ਦੇਂਦਾ। ਮੈਨੂੰ ਵੀ ਕੋਈ ਕਾਰ ਬਖਸ਼ੋ।'

ਹਜ਼ੂਰ ਨੇ ਫ਼ੁਰਮਾਇਆ, 'ਆਪ ਬਾਣੀ ਪੜ੍ਹੋ, ਤੇ ਸਿੱਖਾਂ ਨੂੰ ਪੜ੍ਹਾਉ।'

ਡੱਲੇ ਦੀਆਂ ਸਮੂਹ ਸੰਗਤਾਂ ਨੂੰ ਉਪਦੇਸ਼ ਦਿਤਾ, ਕਿ ਮਿਲ ਕੇ ਗੁਰਪੁਰਬ ਮਨਾਇਆ ਕਰੋ, ਤੇ ਲੋੜਵੰਦਾਂ ਦੀ ਸੇਵਾ ਕਰਿਆ ਕਰੋ। ਕਿਸੇ ਸਿੱਖ ਦਾ ਕੋਈ ਕਾਰਜ ਥੁੜਦਾ ਹੋਵੇ, ਤਾਂ ਸਾਰੇ ਮਿਲਕੇ ਉਸਦੀ ਮਦਦ ਕਰੋ।

ਫਿਰ ਗੁਰੂ ਜੀ ਵਾਪਸ ਗੋਇੰਦਵਾਲ ਆ ਗਏ।

ਅੰਸੂ ੪੧

(ਰਾਮਦਾਸ ਜੀ ਦੀ ਮੁਢਲੀ ਕਥਾ)

ਸ੍ਰੀ ਰਾਮਦਾਸ ਜੀ ਪਰਗਟੇ ਲਾਹੌਰ ਵਿਚ

"ਸੰਮਤ ਸ਼ਤ ਦਸ ਪੰਚ ਇਕਾਸੀ।...੨।" (੧੫੮੧ ਬਿ.)

ਪਿਤਾ ਹਰਿਦਾਸ ਨੇ ਕੰਮ ਕਰਨ ਦਾ ਹੁਕਮ ਦਿਤਾ। ਮਾਤਾ ਨੇ ਛੋਲਿਆਂ ਦੀਆਂ ਘੁੰਡਣੀਆਂ ਉਬਾਲ ਦਿਤੀਆਂ। ਰਾਮਦਾਸ ਜੀ ਵੇਚਣ ਤੁਰ ਪਏ। ਇਕ ਸਾਧੂ ਮਿਲ ਪਿਆ। ਥੋੜੀਆਂ ਘੁੰਡਣੀਆਂ ਉਹ ਲਵੇ ਨਾ। ਰਾਮਦਾਸ ਜੀ ਨੇ ਸਾਰੀ ਚੰਗੇਰ ਹੀ ਪਲਟ ਦਿਤੀ।

ਰਾਮਦਾਸ ਜੀ ਖਾਲੀ ਘਰ ਮੁੜੇ, ਤਾਂ ਪਿਤਾ ਨੇ ਗੁੱਸੇ ਨਾਲ ਤਕਿਆ। ਰਾਮਦਾਸ ਜੀ ਘਰੋਂ ਨਿਕਲ ਗਏ, ਤੇ ਸੰਗਤ ਨਾਲ ਗੋਇੰਦਵਾਲ ਚਲੇ ਗਏ।

ਗੁਰੂ ਅਮਰਦਾਸ ਨੇ ਆਪਣੇ ਮਹਿਲਾਂ ਦੇ ਕਹਿਣ ਉਤੇ ਬੀਬੀ ਭਾਨੀ ਦੇ ਰਿਸ਼ਤੇ ਵਾਸਤੇ ਪੰਡਤ ਨੂੰ ਕਿਹਾ। ਪੰਡਤ ਨੇ ਰਾਮਦਾਸ ਜੀ ਵੱਲ ਹੱਥ ਕਰਕੇ ਕਿਹਾ, "ਮਹਾਰਾਜ ਇਸ ਬਾਲਕ ਜੇਡਾ ਵਰ ਠੀਕ ਹੈ?"

ਮਹਾਰਾਜ ਨੇ ਕਿਹਾ, "ਬੱਸ, ਏਹਾ ਠੀਕ ਹੈ।"

ਰਾਮਦਾਸ ਜੀ ਦੇ ਮਾਤਾ ਪਿਤਾ ਬੁਲਾ ਕੇ ਗੁਰੂ ਜੀ ਨੇ ਭਾਨੀ ਦਾ ਰਿਸ਼ਤਾ ਕਰ ਦਿਤਾ ਤੇ ਫਿਰ ਕੁਛ ਸਮੇਂ ਪਿੱਛੋਂ ਵਿਆਹ ਵੀ।

Digitized by Panjab Digital Library | www.panjabdigilib.org

(ਪਰ ਬਾਕੀ ਇਤਿਹਾਸਕਾਰਾਂ ਦੀ ਰਾਏ ਅਨਸਾਰ ਸ੍ਰੀ ਰਾਮਦਾਸ ਜੀ ਦੇ ਮਾਤਾ ਪਿਤਾ ਗੁਜ਼ਰ ਚੁਕੇ ਸਨ, ਤੇ ਉਹ ਸੱਤ-ਕੁ ਸਾਲ ਦੀ ਉਮਰ ਵਿਚ ਹੀ ਨਾਨੀ ਕੋਲ ਬਾਸਰਕੇ ਆ ਗਏ ਸਨ।)

ਰਾਮਦਾਸ ਜੀ ਗੋਇੰਦਵਾਲ ਹੀ ਰਹਿਣ ਲਗੇ।

"ਸੰਮਤ ਸੱਲਹ ਸਤ ਇਕ ਚਾਰੀ। (=੧੬੦੫ ਬਿ.)
ਜਨਮਯੋਂ ਪ੍ਰਿਥੀਆ ਪ੍ਰਥਮ ਹੰਕਾਰੀ।੨੦।"

ਜਨਮ ਮਹਾਦੇਵ ੧੬੦੮ ਬਿ.।

ਸ੍ਰੀ ਅਰਜਨ ਦੇਵ ਜੀ ਪਰਗਟੇ ੧੬੧੦ ਬਿ., ਵਿਸਾਖ ਵਦੀ ਸੱਤ, ਅਠਾਰਾਂ ਵਿਸਾਖ, ਮੰਗਲਵਾਰ, ਅੱਧੀ ਰਾਤ, ਰੋਹਣੀ ਨਛੱਤ੍ਰ ਸਮੇਂ। ਗੋਇੰਦਵਾਲ ਹੀ ਗੰਗਾ ਜੀ ਨਾਲ ਵਿਆਹ ਹੋਇਆ।

ਅਕਬਰ ਦਾ ਵਜ਼ੀਰ ਬੀਰਬਲ ਫ਼ੌਜ ਲੈ ਕੇ ਗੋਇੰਦਵਾਲ ਆ ਬੈਠਾ ਤੇ ਹਰ ਖੱਤ੍ਰੀ ਘਰ ਤੋਂ ਇਕ-ਇਕ ਰੁਪਇਆ ਟੈਕਸ ਮੰਗਿਆ। ਗੁਰੂ ਜੀ ਨੇ ਕਿਹਾ, 'ਇਹ ਗੁਰੂ ਨਾਨਕ ਦਾ ਘਰ ਹੈ, ਲੰਗਰ ਤਾਂ ਹੈ, ਪਰ ਰੁਪਇਆ ਨਹੀਂ।'

ਬੀਰਬਲ ਨੇ ਕਿਹਾ, 'ਮੈਂ ਹਰ ਹਿੰਦੂ ਤੋਂ ਟੈਕਸ ਲੈਣਾ ਹੈ।'

ਸਿੱਖਾਂ ਨੇ ਆ ਕੇ ਗੁਰੂ ਜੀ ਨੂੰ ਕਿਹਾ। ਹਜ਼ੂਰ ਨੇ ਕਿਹਾ, 'ਤੁਸੀਂ ਨਿਰਭੈ ਰਹੋ। ਬੀਰਬਲ ਤੁਹਾਡਾ ਕੁਛ ਨਹੀਂ ਵਿਗਾੜੇਗਾ।'

ਓਸੇ ਰਾਤ ਅਕਬਰ ਵੱਲੋਂ ਹੁਕਮ ਆ ਗਿਆ, ਕਿ ਸਾਰੇ ਕੰਮ ਛਡ ਕੇ ਪੱਛਮ ਦੀ ਮੁਹਿੰਮ 'ਤੇ ਜਾਓ।

ਬੀਰਬਲ ਇਹ ਕਹਿੰਦਾ ਤੁਰ ਗਿਆ, ਕਿ ਵਾਪਸੀ ਸਮੇਂ ਗੁਰੂ ਤੇ ਗੁਰੂ ਦੇ ਸਿੱਖਾਂ ਨੂੰ ਪੁੱਛਾਂਗਾ।

ਸਿੱਖਾਂ ਤੋਂ ਇਸ ਧਮਕੀ ਬਾਰੇ ਸੁਣ ਕੇ ਮਹਾਰਾਜ ਨੇ ਕਿਹਾ, "ਬੀਰਬਲ ਵਾਪਸ ਏਥੇ ਨਹੀਂ ਆ ਸਕੇਗਾ।"

ਬੀਰਬਲ ਪਹਾੜਾਂ ਅੰਦਰ ਬਰਫ ਵਿਚ ਦੱਬ ਕੇ ਸਣੇ ਫ਼ੌਜ ਮਰ ਗਿਆ।

ਅੰਸੂ ੪੨

(ਮਾਈ ਦਾ ਮੋਇਆ ਪੁਤਰ ਜ਼ਿੰਦਾ ਕੀਤਾ)

ਇਕ ਵਿਧਵਾ ਮਾਈ ਦਾ ਇੱਕੋ ਪੁੱਤਰ ਤੇਈਏ ਤਾਪ ਨਾਲ ਮਰ ਗਿਆ। ਉਹ ਰਾਤ ਰੋ ਰਹੀ ਸੀ। ਗੁਰੂ ਜੀ ਦੇ ਪੁੱਛਣ ਤੇ ਬੱਲੂ ਨੇ ਸਾਰੀ ਗੱਲ ਆ ਦੱਸੀ। ਗੁਰੂ ਜੀ ਨੇ ਹੁਕਮ ਕੀਤਾ, 'ਮਾਈ ਨੂੰ ਕਹੋ, ਰੋਵੇ ਨਾ। ਸਵੇਰੇ ਉਸਦਾ ਪੁੱਤਰ ਜ਼ਿੰਦਾ ਹੋ ਜਾਵੇਗਾ।'

ਬੱਲੂ ਦੇ ਕਹਿਣ ਤੇ ਉਹ ਮਾਈ ਸਵੇਰੇ ਪੁੱਤਰ ਦੀ ਲੋਥ ਲੈ ਆਈ।

"ਉਠ ਸਤਿਗੁਰ ਤਿਹ ਦਰਨ ਲਗਾਯੋ।
ਤੂਰਨ ਬਾਲਕ ਤਬਹਿ ਜਿਵਾਯੋ।੭।"

Digitized by Panjab Digital Library | www.panjabdigilib.org

ਫਿਰ ਗੁਰੂ ਜੀ ਨੇ ਤੇਈਏ ਤਾਪ ਨੂੰ ਬੁਲਾ ਲਿਆ। ਉਹ ਬਾਲਕ ਦਾ ਰੂਪ ਧਾਰ ਕੇ ਆ ਗਿਆ। ਗੁਰੂ ਜੀ ਨੇ ਉਸ ਨੂੰ ਸੰਗਲ ਮਾਰਕੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿਤਾ।

ਡੱਲੇ ਦੀ ਸੰਗਤ ਆਈ। ਬਾਲਕ ਨੂੰ ਦੁਖੀ ਵੇਖਕੇ ਉਕਨਾਂ ਨੂੰ ਤਰਸ ਆ ਗਿਆ। ਗੁਰੂ ਜੀ ਤੋਂ ਆਗਿਆ ਲੈ ਕੇ ਭਾਈ ਲਾਲੋ ਉਸ ਬਾਲਕ (ਤੇਈਏ ਤਾਪ) ਨੂੰ ਨਾਲ ਲੈ ਤੁਰੇ। ਰਸਤੇ ਵਿਚ 'ਬਾਲਕ' ਨੇ ਕਿਹਾ, 'ਮੈਂ ਭੁੱਖ ਨਾਲ ਮਰ ਰਿਹਾ ਹਾਂ। ਆਗਿਆ ਦਿਹੋ, ਤਾਂ ਮੈਂ ਕੁਛ ਆਹਾਰ ਕਰ ਲਵਾਂ।' ਲਾਲੋ ਨੇ ਆਗਿਆ ਦੇ ਦਿਤੀ। ਤਾਂ ਤਾਪ ਇਕ ਧੋਬੀ ਨੂੰ ਚੜ੍ਹ ਗਿਆ।

ਲਾਲੋ ਨੇ ਧਮਕੀ ਦਿੱਤੀ, ਕਿ ਮੈਂ ਤਨੂੰ ਫਿਰ ਗੁਰੂ ਜੀ ਪਾਸ ਛੱਡ ਆਉਂਦਾ ਹਾਂ। ਤਾਪ ਨੇ ਵਾਹਦਾ ਕੀਤਾ, ਮੈਨੂੰ ਵਾਪਸ ਨਾ ਭੇਜੋ, ਮੈਂ ਤੁਹਾਡੇ ਨਾਲ ਇਕਰਾਰ ਕਰਦਾ ਹਾਂ, ਕਿ ਜਿੱਥੇ ਕੋਈ ਤੁਹਾਡੀ ਇਹ ਕਥਾ ਸੁਣਾਵੇਗਾ, ਮੈਂ ਓਥੋਂ ਛਡ ਜਾਇਆ ਕਰਾਂਗਾ।

(ਏਹੋ ਜੇਹੀਆਂ ਕਥਾਵਾਂ ਅੱਜ ਸਾਇੰਸ ਦੇ ਯੁੱਗ ਵਿਚ, ਅਸਲ ਇਤਿਹਾਸ ਨੂੰ ਕਲਪਤ ਬਣਾ ਦੇਂਦੀਆਂ ਹਨ।)

ਅੰਸੂ ੪੩

(ਮੇਲੇ ਦੀ ਰੀਤ ਤੋਰੀ)

ਭਾਈ ਪਾਰੋ ਨੇ ਬੇਨਤੀ ਕੀਤੀ, ਕਿ ਮੇਲਾ ਕੀਤਾ ਜਾਵੇ, ਤਾਂ ਕਿ ਸਿੱਖਾਂ ਨੂੰ ਆਪਸ ਵਿਚ ਮਿਲਨ ਦਾ ਸਮਾਂ ਮਿਲ ਜਾਵੇ।

ਗੁਰੂ ਜੀ ਨੇ ਮੰਨ ਲਿਆ, ਕਿ ਵਿਸਾਖੀ ਦੇ ਦਿਨ ਮੇਲਾ ਲੱਗੇ। ਭਾਈ ਪਾਰੋ ਨੇ ਥਾਂ ਥਾਂ ਚਿੱਠੀਆਂ ਲਿਖ ਭੇਜੀਆਂ। ਵਿਸਾਖੀ ਦਾ ਬੜਾ ਭਾਰਾ ਮੇਲਾ ਲੱਗਾ। ਰਾਮਦਾਸ ਜੀ ਹਰ ਸਮੇਂ ਸੰਗਤ ਦੀ ਸੇਵਾ ਵਿਚ ਲੱਗੇ ਰਹਿੰਦੇ। ਗੁਰੂ ਜੀ ਬੜੇ ਪਰਸੰਨ ਹੋਏ।

ਪਰ ਪੰਡਤ ਦੇ ਪੁਰਾਤਨ ਖ਼ਿਆਲਾਂ ਦੇ ਖੱਤਰੀ ਬੜੇ ਔਖੇ ਹੋਏ। ਉਹ ਲਾਹੌਰ ਫ਼ਰਯਾਦੀ ਜਾ ਹੋਏ।

"ਇਮ ਮਸਲਤ ਕਰਿ ਇਕਠੇ ਹ੍ਵੈ ਕੈ।
ਦਿਜ ਖਤ੍ਰੀ ਮੁਖਿ ਅਤਿ ਦੁਖ ਪੈ ਕੇ।
ਲਵਪੁਰਿ ਗਏ ਫਿਰਾਦੀ ਸਾਰੇ।
ਢਿਗ ਅਕਬਰ ਕੇ ਜਾਇ ਪੁਕਾਰੇ।੩੪।
ਤੁਮ ਮਰਯਾਦਾ ਰਾਖਨ ਹਾਰੇ।
ਬਿਗਰਤਿ ਕੋ ਜਗ ਦੇਤਿ ਸੁਧਾਰੇ।
ਗੋਇੰਦਵਾਲ ਅਮਰ ਗੁਰੁ ਹੋਵਾ।
ਭੇਦ ਬਰਨ ਚਾਰਹੁੰ ਕਾ ਖੋਵਾ।੩੫।

Digitized by Panjab Digital Library | www.panjabdigilib.org

ਰਾਮ ਗਾਇਤ੍ਰੀ ਮੰਤ੍ਰ ਨ ਜਪੈ ।
ਵਾਹਿਗੁਰੂ ਕੀ ਥਾਪਨ ਥਪੈ ।
ਜੁਗ ਚਾਰਹੁੰ ਮਹਿੰ ਕਹੀਂ ਨ ਹੋਈ ।
ਜਿਮ ਮਰਯਾਦ ਬਿਗਾਰੀ ਸੋਈ ।੩੬।''

(ਮਸਲਤ=ਸਲਾਹ । ਦਿਜ=ਪੰਡਤ । ਮੁਖਿ=ਆਗੂ । ਲਵਪੁਰ=ਲਾਹੌਰ । ਫਿਰਾਦੀ=ਫ਼ਰਯਾਦੀ । ਢਿਗ=ਪਾਸ । ਬਰਨ ਚਾਰਹੁੰ=ਚਾਰੇ ਵਰਣ, ਪੰਡਤ, ਛੱਤਰੀ ਵੈਸ਼, ਸ਼ੂਦ । ਥਾਪਨ ਥਾਪੇ=ਰਚਨਾ ਕੀਤੀ ਹੈ ।)

ਅਕਬਰ ਨੇ ਦਿਲਾਸਾ ਦਿਤਾ, ਕਿ ਦੋਹਾਂ ਧਿਰਾਂ ਦੀ ਗੱਲ ਸੁਣ ਕੇ ਇਨਸਾਫ਼ ਕੀਤਾ ਜਾਵੇਗਾ ।

ਅਕਬਰ ਨੇ ਗੁਰੂ ਜੀ ਨੂੰ ਬੁਲਾ ਭੇਜਿਆ ।

ਅੰਸੂ ੪੪

(ਰਾਮਦਾਸ ਜੀ ਲਾਹੌਰ ਗਏ)

ਗੁਰੂ ਅਮਰਦਾਸ ਜੀ ਨੇ ਰਾਮਦਾਸ ਜੀ ਨੂੰ ਲਾਹੌਰ ਭੇਜਿਆ, ਤੇ ਵਰ ਦਿਤਾ,

''ਨਿਜ ਭੁਜ ਪਿਖਹੁ ਦਾਹਿਨੀ ਜਬੈ ।
ਸਕ੍ਰਾ ਬਿਖੈ ਫੁਰ ਆਵਹਿ ਸਬੈ ।
ਚਾਰਹੁ ਬੇਦ ਭੇਦ ਕੋ ਪਾਵਹਿ ।
ਖਟ ਸ਼ਾਸਤ੍ਰ ਵਕਤਾ ਹੁਇ ਜਾਵਹਿ ।੭੦।''

ਗੁਰੂ ਜੀ ਦੇ ਭਰਸੇ ਤੇ ਰਾਮਦਾਸ ਜੀ ਲਾਹੌਰ ਜਾ ਪੁੱਜੇ । ਅਕਬਰ ਦੇ ਦਰਬਾਰ ਵਿਚ ਦੋਵੇਂ ਧਿਰਾਂ ਪੇਸ਼ ਹੋਏ ।

ਪੰਡਤਾਂ ਨ ਸ਼ਕਾਇਤ ਕੀਤੀ, ਕਿ ਇਹ ਖੱਤਰੀ ਹੁੰਦੇ ਹੋਏ, ਵੇਦ ਗਾਂਤੀ ਨੂੰ ਨਹੀਂ ਮੰਨਦੇ ਤੇ ਗਾਇਤ੍ਰੀ ਨਹੀਂ ਪੜ੍ਹਦੇ ।

''ਬਲ ਰਾਮਦਾਸ ਸਗ ਸ਼ਾਹੂ ।
ਪਠਹਿੰ ਗਾਇੱਤ੍ਰੀ ਹਮ ਤੁਮ ਪਾਹੂ ।੭੦।
ਅਰਥ ਸਮੇਤ ਸੁਨਾਵਹਿ ਸਾਰੀ ।
ਜੋ ਆਸ਼ ਹੈ ਤਾਹਿੰ ਮਝਾਰੀ ।
ਸਭਿ ਕੇ ਬੀਚ ਪਾਠ ਤਿਸ ਪਢ਼ੇ ।
ਪਾਪ ਪੁੰਨ ਸਭਿ ਇਨ ਸਿਰ ਚਢ਼ੇ ।੭੧।''

(ਸਨਾਤਨ ਧਰਮ ਦੇ ਨਿਸਚੇ ਅਨਸਾਰ ਗਾਇਤ੍ਰੀ ਦਾ ਪਾਠ ਓਥੇ ਨਹੀਂ ਕੀਤਾ ਜਾ ਸਕਦਾ, ਜਿੱਥੇ ਕੋਈ ਮਲੇਛ (ਮੁਸਲਮਾਨ ਜਾਂ ਹੋਰ ਕੋਈ ਨੀਂਵੀਂ ਜਾਤੀ ਦਾ) ਹੋਵੇ । ਸੋ ਅਕਬਰ ਦੇ ਸਾਮ੍ਹਣੇ ਗਾਇਤ੍ਰੀ ਦਾ ਪਾਠ ਨਹੀਂ ਸੀ ਹੋ ਸਕਦਾ ।)

ਸੋ ਰਾਮਦਾਸ ਜੀ ਨੇ 'ਓਅੰਕਾਰ' ਦੀ ਧੁਨ ਅਲਾਪੀ ।

Digitized by Panjab Digital Library | www.panjabdigilib.org

ਅਕਬਰ ਨੇ ਪ੍ਰਭਾਵਤ ਹੋ ਕੇ ਕਿਹਾ,

"ਪਰਮੇਸ਼ਰ ਦਰਵੇਸ਼ ਜਿ ਦੋਊ ।
ਨਹੀਂ ਭੇਦ, ਏਕੋ ਇਹ ਸੋਊ ।੨੫।"

ਪੰਡਤ ਝੂਠੇ ਹੋ ਕੇ ਚਲੇ ਗਏ । ਫਿਰ ਅਕਬਰ ਨੇ ਕਿਹਾ,

"ਜਗ ਕੇ ਲੋਕ ਦੁਖਹਿਂ ਤੁਮ ਹੇਰਿ ।
ਅਨਿਕ ਭਾਂਤ ਕੀ ਨਿੰਦਾ ਟੇਰਿ ।੨੬।
ਯਾਂ ਤੇ ਸਭਿਹਿਨਿ ਕੋ ਮਨ ਰਾਖਨ ।
ਮਮ ਦਿਸ ਤੇ ਗੁਰ ਸੋਂ ਕਰਿ ਭਾਖਨਿ ।
ਕਰਨਿ ਤੀਰਥਨ ਕੋ ਇਸ਼ਨਾਨ ।
ਅੰਗੀਕਾਰ ਕਰਹਿਂ ਰੁਚਿ ਠਾਨ ।੩੦।"

(ਤਾਂ ਕੀ ਗੁਰੂ ਅਮਰਦਾਸ ਜੀ ਨੇ ਅਕਬਰ ਦੇ ਕਹਿਣ ਉਤੇ ਹੀ ਤੀਰਥ ਯਾਤਰਾ ਕੀਤੀ ਸੀ ? ਪਰ ਗੁਰੂ ਰਾਮਦਾਸ ਜੀ ਤਾਂ ਫ਼ੁਰਮਾਉਂਦੇ ਹਨ : "ਤੀਰਥ ਉਦਮੁ ਸਤਿਗੁਰੁ ਕੀਆ, ਸਭ ਲੋਕ ਉਧਾਰਣ ਅਰਥਾ ।" ਤੁਖਾਰੀ, ਮ. ੪, ਪੰਨਾ ੧੧੧੬)

ਰਾਮਦਾਸ ਜੀ ਨੇ ਬਜ਼ਾਰ ਵਿਚ ਬਹੁਤ ਸੁੰਦਰ ਬਸਤਰ ਵੇਖੇ, ਤੇ ਮਨ ਵਿ ਚ ਆਈ, ਕਿ ਇਹ ਬਸਤਰ ਗੁਰੂ ਜੀ ਵਾਸਤੇ ਖ਼ਰੀਦ ਲਵਾਂ । ਪਰ ਪੱਲੇ ਪੈਸਾ ਹੈ ਨਹੀਂ ।

ਓਧਰ ਗੁਰੂ ਅਮਰਦਾਸ ਜੀ ਸਿੰਘਾਸਣ 'ਤੇ ਇਉਂ ਅੰਗ ਹਿਲਾਉਣ ਲੱਗੇ, ਜਿਵੇਂ ਨਵੇਂ ਬਸਤਰ ਪਹਿਨ ਰਹੇ ਹੋਣ । ਸੰਗਤਾਂ ਦੇ ਪੁਛਣ 'ਤੇ ਮਹਾਰਾਜ ਨੇ ਦੱਸਿਆ, ਕਿ ਰਾਮਦਾਸ ਦੇ ਭੇਜੇ ਬਸਤਰ ਪਹਿਨ ਰਹੇ ਹਾਂ ।

ਓਧਰ ਰਾਮਦਾਸ ਜੀ ਲਾਹੌਰ ਦੇ ਨਖਾਸ ਚੌਂਕ ਵਿਚ ਪੁੱਜੇ, ਤਾਂ ਓਥੇ ਮੌਸਮ ਦੇ ਉਲਟ (ਕਰੁੰਤਾ) ਅੰਬ ਵਿਕ ਰਿਹਾ ਸੀ । ਆਪ ਨੇ ਇਕ ਰੁਪੈ ਦਾ ਉਹ ਅੰਬ ਖ਼ਰੀਦ ਲਿਆ ।

ਰਾਤ ਰਾਹ ਵਿਚ ਕੱਟ ਕੇ ਅਗਲੇ ਦਿਨ ਰਾਮਦਾਸ ਜੀ ਭਰੋਂਵਾਲ ਪੁੱਜੇ, ਤਾਂ ਗਰਮੀ ਨਾਲ ਅਬ ਪਾਟ ਕੇ ਰਸ ਚੋਣ ਲੱਗ ਪਿਆ । ਰਾਮਦਾਸ ਜੀ ਨੇ ਗੁਰੂ ਜੀ ਦਾ ਨਾਮ ਲੈ ਕੇ ਅੰਬ ਚੂਪ ਲਿਆ ।

ਓਧਰ ਗੁਰੂ ਜੀ ਨੇ ਬੜੇ ਸਵਾਦ ਨਾਲ ਅੰਬ ਚੂਪਿਆ, ਤੇ ਗਿਟਕ ਭਾਈ ਬੱਲੂ ਨੂੰ ਦਿਤੀ, ਕਿ ਸੰਭਾਲ ਕੇ ਰਖ ਲਵੇ ।

ਰਾਮਦਾਸ ਜੀ ਆ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਏ । ਗੁਰੂ ਜੀ ਨੇ ਪਿਆਰ ਦਿਤਾ ਤੇ ਲਾਹੌਰ ਦਾ ਵਾਰਤਾ ਪੁੱਛੀ । ਰਾਮਦਾਸ ਜੀ ਨੇ ਸਾਰਾ ਹਾਲ ਕਹਿ ਸੁਣਾਇਆ ।

"ਸੁਨਿ ਸਤਿਗੁਰੁ ਪ੍ਰਸੰਨ ਮਹਾਨਾ ।
ਬੂਝਯੋ, 'ਹਮ ਹਿਤ ਕਯਾ ਤੁਮ ਆਨਾ' ।੬੦।"

ਰਾਮਦਾਸ ਜੀ ਨੇ ਬਸਤਰਾਂ ਤੇ ਅੰਬ ਦੀ ਗੱਲ ਕਹੀ, ਤਾਂ ਗੁਰੂ ਜੀ ਦੇ ਹੁਕਮ ਨਾਲ ਬੱਲੂ ਨੇ ਅੰਬ ਦੀ ਗਿਟਕ ਸਾਮ੍ਹਣੇ ਲਿਆ ਧਰੀ । ਸੰਗਤ ਵੇਖਕੇ ਬੜੀ

Digitized by Panjab Digital Library | www.panjabdigilib.org

ਹੈਰਾਨ ਹੋਈ।

ਅੰਸੂ ੪੫

(ਤੀਰਥ ਯਾਤਰਾ)

ਸੰਗਤ ਸਮੇਤ ਗੁਰੂ ਜੀ ਤੀਰਥ ਯਾਤਰਾ ਵਾਸਤੇ ਤੁਰ ਪਏ। ਸਭ ਤੋਂ ਪਹਿਲਾਂ 'ਪਹੋਏ' ਪੁੱਜੇ।

ਸਿੱਖਾਂ ਨੇ 'ਪਹੋਏ' ਤੇ ਨਦੀ 'ਸਰਸਵਤੀ' ਬਾਰੇ ਪੁੱਛਿਆ। ਗੁਰੂ ਜੀ ਨੇ ਕਿਹਾ, ਏਥੇ ਬਹੁਤ ਰਿਸ਼ੀਆਂ ਮੁਨੀਆਂ ਨੇ ਤਪ ਕੀਤਾ ਹੈ, ਇਸ ਲਈ ਇਹ ਅਸਥਾਨ ਪਵਿੱਤਰ ਹੈ।

(ਫਿਰ ਗੁਰੂ ਜੀ ਦੇ ਮੁੱਖ ਤੋਂ ਇਕ 'ਮੰਕਣ' ਮੁਨੀ ਦੀ ਕਥਾ ਸੁਣਾਈ ਹੈ।) ਸਰਸਵਤੀ ਨਦੀ ਦੇ ਕਨਾਰੇ 'ਮੰਕਣ' ਮੁਨੀ ਨੇ ਕਈ ਸਾਲ ਤਪ ਕੀਤਾ। ਇਕ ਦਿਨ ਉਸਨੇ ਆਪਣੀ ਉਂਗਲ ਚੀਰੀ। ਵਿਚੋਂ ਲਹੂ ਦੀ ਥਾਂ ਹਰੇ ਰੰਗ ਦਾ ਰਸ ਨਿਕਲਿਆ। 'ਮੰਕਣ' ਮੁਨੀ ਖ਼ੁਸ਼ੀ ਵਿਚ ਨੱਚਣ ਲੱਗ ਪਿਆ। ਉਸਦੇ ਤਪ ਦਾ ਅਸਰ, ਸਾਰਾ ਸੰਸਾਰ ਹੀ ਨੱਚਣ ਲਗ ਪਿਆ।

ਦੇਵਤਿਆਂ ਨੇ ਸ਼ਿਵਜੀ ਪਾਸ ਬੇਨਤੀ ਕੀਤੀ, ਕਿ ਮੁਨੀ ਦੇ ਤਪ ਦੇ ਅਸਰ ਅਧੀਨ ਸਾਰੇ ਸੰਸਾਰ ਦੀ ਮਰਯਾਦਾ ਵਿਗੜ ਗਈ ਹੈ।

ਸ਼ਿਵਜੀ 'ਮੰਕਣ' ਮੁਨੀ ਨੂੰ ਜਾ ਕੇ ਕਹਿਣ ਲੱਗੇ, 'ਤੂੰ ਕਿਹੜੀ ਖ਼ੁਸ਼ੀ ਵਿਚ ਨੱਚ ਰਿਹਾ ਹੈਂ? ਐਧਰ ਵੇਖ!' ਸ਼ਿਵਜੀ ਨੇ ਆਪਣੀ ਉਂਗਲ ਚੀਰੀ, ਤਾਂ ਵਿਚੋਂ ਲਹੂ ਦੀ ਥਾਂ ਭਸਮ ਨਿਕਲੀ। 'ਤਪ ਇਸ ਨੂੰ ਆਖਦੇ ਹਨ। ਲਹੂ ਹੈ ਹੀ ਨਹੀਂ। ਸਾਰੇ ਸਰੀਰ ਵਿਚ ਭਸਮ ਹੀ ਹੈ।' ਇਹ ਵੇਖ ਕੇ ਮੰਕਣ ਰਿਖੀ ਨੱਚਣੋ ਹਟ ਗਿਆ, ਤੇ ਸਾਰਾ ਸੰਸਾਰ ਸ਼ਾਂਤ ਹੋ ਗਿਆ।

(ਇਹ ਸਾਖੀ ਗੁਰੂ ਮਹਾਰਾਜ ਦੇ ਮੁੱਖੋਂ ਅਖਵਾਈ ਹੈ। ਪਰ ਆਪਣੀ ਬਾਣੀ ਵਿਚ ਮਹਾਰਾਜ ਲਿਖਦੇ ਹਨ, ਕਿ ਰੱਤ ਬਿਨਾਂ ਸਰੀਰ ਹੋ ਹੀ ਨਹੀਂ ਸਕਦਾ। ਪਤਾ ਨਹੀਂ, ਕਵੀ ਜੀ ਏਹੋ ਜੇਹੀਆਂ ਸਾਖੀਆਂ ਲਿਖ ਕੇ ਕੀ ਸਾਬਤ ਕਰਨਾ ਚਾਹੁੰਦੇ ਹਨ। ਬੱਸ, ਜੋ ਸੁਣੀ ਸੁਣਾਈ ਕਥਾ ਯਾਦ ਆ ਗਈ, ਲਿਖ ਧਰੀ।)

ਗੁਰੂ ਜੀ ਕਹਿੰਦੇ ਹਨ, ਕਿ ਅਜੇਹੇ ਰਿਸ਼ੀਆਂ ਦੇ ਤਪ ਕਰਨ ਕਰਕੇ ਇਹ ਥਾਂ ਪਵਿੱਤਰ ਹੈ। ਇਹ ਸੁਣ ਕੇ,

"ਸੰਗਤ ਭਈ ਹਰਖ, ਕਰਿ ਨਮੋ।
ਸਾਰਸੁਤੀ ਮੱਜੇ ਤਿਹ ਸਮੋ।
ਸ੍ਰੀ ਗੁਰ ਅਮਰ ਕੀਨ ਇਸ਼ਨਾਨ।
ਮਿਲੇ ।ਬਪੂ, ਤਿਨ ਦੀਨੋ ਦਾਨ ।੪੬।"

(ਮੱਜੇ=ਇਸ਼ਨਾਨ ਕੀਤਾ। ਕਵੀ ਜੀ ਸਾਬਤ ਕਰਦੇ ਹਨ, ਕਿ ਸੁਰਸਤੀ ਨੂੰ

Digitized by Panjab Digital Library | www.panjabdigilib.org

ਪਵਿੱਤਰ ਮੰਨ ਕੇ ਗੁਰੂ ਜੀ ਨੇ ਇਸ਼ਨਾਨ ਵੀ ਕੀਤਾ, ਤੇ ਪੰਡਤਾਂ ਨੂੰ ਦਾਨ ਵੀ ਦਿਤਾ। ਏਹਾ ਗੱਲ ਪੰਡਤ ਚਾਹੁੰਦੇ ਸਨ। ਪੰਡਤ ਨੂੰ ਖ਼ੁਸ਼ ਕਰਨ ਵਾਸਤੇ ਕਵੀ ਜੀ ਨੇ ਲਿਖ ਦਿਤਾ।)

ਅੰਸੂ ੪੬

(ਕੁਰਛੇਤ੍ਰ)

'ਪਹੋਵਾ' ਤੋਂ ਚੱਲ ਕੇ ਮਹਾਰਾਜ ਸਣੇ ਸੰਗਤ 'ਕੁਰਛੇਤਰ' ਜਾ ਪਹੁੰਚੇ। ਕੁਰਛੇਤ= ਕੁਰੂ+ਕਛੇਤ੍ਰ, ਪਾਂਡਵਾਂ ਤੇ ਕੌਰਵਾਂ ਦੇ ਯੱਧ ਦਾ ਅਸਥਾਨ ਹੈ। ਦੋਹਾਂ ਧਿਰਾਂ ਦੀ ਸੈਨਾ ਅਠਾਰਾਂ ਛੂਹਣੀਆਂ (ਖੂਹਣੀਆਂ) ਸੀ। ਇਕ ਪਾਸੇ ਸੱਤ ਤੇ ਦੂਸਰੇ ਪਾਸੇ ਗਿਆਰਾਂ ਖੂਹਣੀਆਂ ਸੀ।

ਅਰਜਨ ਨੇ ਕਿਹਾ, 'ਦੂਸਰੇ ਪਾਸੇ ਸਭ ਮੇਰੇ ਚਾਚੇ ਤਾਏ ਤੇ ਸੰਬੰਧੀ ਹਨ। ਮੈਂ ਨਹੀਂ ਲੜ ਸਕਦਾ।'

ਸ੍ਰੀ ਕ੍ਰਿਸ਼ਨ ਨੇ 'ਗੀਤਾ' ਦਾ ਉਪਦੇਸ਼ ਦੇ ਕੇ ਜੰਗ ਕਰਾਇਆ। 'ਜੋਤੀ ਸਰ' ਤੀਰਥ (ਕੁਰਛੇਤਰ ਦੇ ੮੪ ਤੀਰਥਾਂ ਵਿਚੋਂ ਇਕ) ਕੋਲ ਖਲੋਕੇ ਗੁਰੂ ਜੀ ਨੇ ਕਿਹਾ,

"ਇਸ ਥਲ ਥਿਤਿ ਰਥ ਕ੍ਰਿਸ਼ਨ ਪੁਨੀਤਾ।
ਅਰਜਨ ਸਾਥਿ ਕਹੀ ਸੁਭ ਗੀਤਾ।
ਯਾਂ ਤੇ ਪਾਵਨ ਇਹ ਇਸਥਾਨਾ।
ਸੰਗਤਿ ਸਗਰੀ ਕਰਹੁ ਸ਼ਨਾਨਾ ।੮।"

(ਗੁਰਬਾਣੀ ਤਾਂ 'ਨਾਮ ਸਿਮਰਨ' ਨੂੰ ਹੀ ਉੱਤਮ ਤੀਰਥ ਮੰਨਦੀ ਹੈ, ਪਰ ਕਵੀ ਸੰਗਤਾਂ ਨੂੰ ਹਰ ਤੀਰਥ 'ਤੇ ਇਸ਼ਨਾਨ ਕਰਾ ਰਹੇ ਹਨ। ਪੰਡਤ ਨੂੰ ਖ਼ੁਸ਼ ਕਰਨ ਵਾਸਤੇ)

ਫਿਰ ਮਹਾਰਾਜ 'ਥਾਨੇਸਰ' ਜਾ ਪਹੁੰਚੇ। ਇਸ਼ਨਾਨ ਦਾਨ ਕੀਤਾ। ਪੰਡਤਾਂ ਨੇ ਸਵਾਲ ਕੀਤਾ, 'ਜਦੋਂ ਪਹਿਲਾਂ ਹੀ ਵੇਦ ਤੇ ਪੁਰਾਨ ਹੈਗੇ ਸਨ, ਫਿਰ ਗੁਰੂ ਨਾਨਕ ਦੇਵ ਜੀ ਨੇ ਹੋਰ ਬਾਣੀ ਕਿਉਂ ਰਚੀ।'

ਗੁਰੂ ਜੀ ਨੇ ਉਤਰ ਦਿਤਾ,

"ਜੈਸੀ ਧਰਤੀ ਉਪਰ ਮੇਘੁਲਾ ਬਰਸਤੁ ਹੈ,
ਕਿਆ ਧਰਤੀ ਮਧੇ ਪਾਣੀ ਨਾਹੀ।...।'

(ਗਉੜੀ, ਮ: ੩, ਪੰਨਾ ੧੬੨)

"ਬੇਦ ਪੁਰਾਨਨਿ ਕੋ ਉਪਦੇਸ।
ਕਿਸਹੂੰ ਕੋ ਪ੍ਰਾਪਤਿ ਕਿਸਿ ਦੇਸ।
ਪ੍ਰਥਮੇਂ ਨੀਕੀ ਹੋਵਹਿ ਜਾਤਿ।
ਪੁਨ ਤਿਸ ਤੇ ਚਹਿ ਮਤਿ ਅਵਿਦਾਤਿ ।੨੨।"

(ਨੀਕੀ=ਉਤਮ ਜਾਤੀ। ਸੂਦਰ ਆਦਿ ਨੀਂਵੀਂ ਜਾਤੀਆਂ ਨੂੰ ਵੇਦ ਪੜ੍ਹਨ-

Digitized by Panjab Digital Library | www.panjabdigilib.org

ਸੁਣਨ ਦਾ ਅਧਿਕਾਰ ਨਹੀਂ। ਵੇਦਾਂ ਪੁਰਾਣਾਂ ਨੂੰ ਸਮਝਣ ਵਾਸਤੇ ਉੱਜਲ=ਤੇਜ਼ ਬੁੱਧੀ ਚਾਹੀਦੀ ਹੈ।)

ਤੇ ਗੁਰਬਾਣੀ ?

"ਸ੍ਰੀ ਸਤਿਗੁਰ ਕੋ ਸਬਦ ਸੁਖਾਰੋ।
ਸਰਬ ਜਾਤਿ ਕੋ ਹੈ ਅਧਿਕਾਰੋ।
ਸਰਬ ਕਾਲ, ਅਰੁ ਸਗਰੇ ਦੇਸ਼।
ਲਘੁ ਬਿਸਾਲ ਸਭ ਹਤਹਿਂ ਕਲੇਸ਼।੨੫।"

ਇਸ ਉਪਦੇਸ਼ ਤੋਂ ਸਭ ਪ੍ਰਭਾਵਤ ਹੋਏ।

ਗੁਰੂ ਜੀ ਨੇ ਸੰਗਤ ਸਮੇਤ ਤੀਰਥ 'ਤੇ ਇਸ਼ਨਾਨ ਕੀਤਾ।

ਸਿੱਖਾਂ ਨੇ ਪੁਛਿਆ, 'ਮਹਾਰਾਜ ! ਇਹ ਤੀਰਥ ਕੁਰਛੇਤਰ ਕਿਉਂ ਮਹਾਨ ਹੈ ?'

ਹਜ਼ੂਰ ਉਤਰ ਦੇ ਰਹੇ ਹਨ,

"ਜਗਤ ਆਦ ਕੋ ਇਹ ਬਿਰਤਾਂਤ।...੪੧।
ਭੋ ਸੰਗਤਿ ! ਸੁਨੀਅਹਿ ਦੇ ਕਾਨ।
ਉਪਜਯੋ ਨਹਿਂ ਜਬ ਜਗਤ ਮਹਾਨ।
ਸ੍ਰੀ ਨਾਰਾਇਣ ਬੈਠੇ ਇਹਾਂ।
ਭਯੋ ਇਤਕ ਮਹਿਂ ਆਸਨ ਮਹਾਂ।੪੨।
ਅਸ਼ਟ ਕੋਸ ਲਗਿ ਨੀਚੇ ਥਾਨ।
ਆਗੇ ਜਾਨੂੰ[1] ਬਧੇ ਮਹਾਨ।
ਉਤਰ ਦਿਸਿ ਭੀ ਪ੍ਰਿਸਟਿ[2] ਬਡੇਰੀ।
ਦੱਖਣ ਕੋ ਮੁਖ ਕੀਯ ਤਿਸ ਬੇਰੀ।੪੩।"

ਸੰਗਤ ਨੇ ਪੁਛਿਆ, 'ਫਿਰ ਏਥੇ ਪਰਮੇਸ਼ਰ ਬੈਠਾ ਕਿਵੇਂ ਸੀ ?'

(ਜਦੋਂ 'ਜਗਤ'=ਧਰਤੀ ਹੀ ਨਹੀਂ ਸੀ, ਤਾਂ ਰੱਬ ਕਿਸ ਚੀਜ਼ ਉਤੇ ਬੈਠਾ ਸੀ ?)

ਗੁਰੂ ਜੀ ਇਕ ਪੁਰਾਣਾ ਦੀ ਕਥਾ ਸੁਣਾਉਂਦੇ ਹਨ।

ਅੰਸੂ ੪੭

(ਮੇਦਨੀ ਦੀ ਕਥਾ, ਮਧੁ ਕੈਟਭ ਯੁੱਧ)

"ਸ੍ਰੀ ਨਾਰਾਇਣ ਹਰਿ ਪ੍ਰਭੂ, ਸੇਜ ਸੇਖ ਤੇ ਪਾਇ।
ਸੁਪਤਿ ਜਥਾ ਸੁਖ ਕਾਲ ਚਿਰ, ਜਿਹ ਜੋਗੀ ਜਨ ਧਯਾਇ।੧।"

(ਨਾਰਾਇਣ=ਜਿਸਦਾ ਪਾਣੀ ਵਿਚ ਘਰ ਹੈ, ਵਿਸ਼ਨੂੰ। ਸੇਜ ਸੇਖ=ਸ਼ੇਸ਼ ਨਾਗ ਦੀ ਸੇਜ ਉਤੇ। ਸੁਪਤਿ=ਸੌਂਦਾ ਹੈ। ਜਿਸਨੂੰ ਜੋਗੀ ਸਿਮਰਦੇ ਹਨ।)

---

1 ਗੋਡੇ। 2 "ਪਿੱਠ"।

Digitized by Panjab Digital Library | www.panjabdigilib.org

(ਪੁਰਾਣਕ ਕਥਾ ਆਰੰਭ ਹੁੰਦੀ ਹੈ।)

"ਚਹੁੰ ਦਿਸਿ ਮਹਿੰ ਪਸਰਯੋ ਜਲ ਜਾਲਾ।
ਅਪਰ ਨ ਕੁਛ ਪੱਯਤਿ ਕਿਤਿ ਭਾਲਾ।
ਕਰਤਾ ਪੁਰਖ ਇੱਛ ਅਨਸਾਰੇ।
ਕਮਲ ਨਾਭਿ ਭਾ ਯੁਤ ਬਿਸਥਾਰੇ।੫।"

ਚਾਰ ਚੁਫੇਰੇ ਪਾਣੀ ਹੀ ਪਾਣੀ ਸੀ। ਕਰਤਾ ਪੁਰਖ ਦੀ ਇੱਛਿਆ ਅਨਸਾਰ ਕਮਲ ਦੀ ਨਾਭੀ ਦਾ ਵਿਸਥਾਰ ਹੋਇਆ। ਉਸ ਕਮਲ ਵਿਚੋਂ 'ਬ੍ਰਹਮਾ' ਪੈਦਾ ਹੋਇਆ। ਫਿਰ ਅਕਾਲ ਪੁਰਖ ਨੇ ਉਂਗਲੀ ਨਾਲ ਕੰਨ ਵਿਚੋਂ ਮੈਲ ਕਢ ਕੇ ਦੂਰ ਵਗਾਹ ਮਾਰੀ। ਉਸ ਮੈਲ ਵਿਚੋਂ ਦੋ ਬਲਵਾਨ ਦੈਂਤ ਹੋਇ। ਉਹ ਦੋਵੇਂ ਓਥੇ ਆ ਗਏ, ਜਿੱਥੇ ਬ੍ਰਹਮਾ ਬੈਠਾ ਸੀ। ਵੇਖ ਕੇ ਬ੍ਰਹਮਾ ਡਰ ਗਿਆ। (ਦੈਂਤਾਂ ਦੀ ਕਲਪਤ ਸ਼ਕਲ ਬੜੀ ਭਿਆਨਕ ਦਰਸਾਈ ਹੈ।) ਬ੍ਰਹਮਾ ਨੇ 'ਮਹਾਂ ਮਾਯਾ' (ਦੇਵੀ) ਦੀ ਉਸਤਤ ਸ਼ੁਰੂ ਕਰ ਦਿਤੀ।

"ਸਤੁਤ 'ਮਹਾਂ ਮਾਯਾ' ਕੀ ਠਾਨੀ।
ਉਤਪਤ ਸਥਿਤ ਹਤਨ ਜਗ ਰਾਨੀ।
ਨਿੰਦ੍ਰਾ ਰੂਪ ਭਗਵਤੀ ਮਹਾਂ।
ਸ੍ਵਾਹਾ, ਸੁਧਾ, ਬਖਟ ਕ੍ਰਿਤ ਅਹਾ।੧੪।"

(ਮਹਾਂ ਮਾਯਾ=ਭਗਵਤੀ, ਜੋ ਉਤਪਤੀ ਕਰਨ ਵਾਲੀ ਤੇ ਨਾਸ ਕਰਨ ਵਾਲੀ ਹੈ। ਸ੍ਵਾਹਾ=ਦੇਵਤਿਆਂ ਨੂੰ ਅਹੂਤੀ ਦੇਣ ਸਮੇਂ ਇਹ ਸ਼ਬਦ ਵਰਤਦੇ ਹਨ। ਸੁਧਾ=ਸਰਾਧ ਸਮੇਂ ਉਚਾਰਿਆ ਜਾਂਦਾ ਹੈ। ਬਖਟ ਜਾਂ ਵਖਟ ਵੈਦਕ ਜੱਗਾਂ ਵਿਚ ਅਹੂਤੀ ਸਮੇਂ ਵਰਤਦੇ ਹਨ। ਏਥੇ ਦੇਵੀ ਦੀ ਬਹੁਤ ਉਸਤਤ ਹੈ।)

ਬ੍ਰਹਮਾ ਦੀ ਪੁਕਾਰ ਸੁਣ ਕੇ ਪ੍ਰਭੂ ਜਾਗੇ।

"ਸ੍ਰੀ ਪ੍ਰਭੁ ਨਿਜ ਸਰੂਪ ਦਿਖਰਾਯੋ।
ਸਯਾਮਲ ਮੇਘ ਮਨਹੁ ਬਿਦਤਾਯੋ।੧੬।"

(ਦੈਂਤਾਂ ਤੇ ਪ੍ਰਭੂ ਦੇ ਯੁਧ ਦਾ ਵਰਨਣ ਸੁੰਦਰ ਹੈ। ਬੀਰ ਰਸ।)

ਤੇ ਉਹਨਾਂ ਦੋ ਦੈਂਤਾਂ ਨਾਲ ਈਸ਼ਵਰ ਦਾ ਯੁੱਧ ਪੰਜ ਹਜ਼ਾਰ ਬਰਸ ਚਲਦਾ ਰਿਹਾ (ਫਿਰ ਤਾਂ ਉਹ ਦੈਂਤ ਵੀ ਤਕੜੇ ਹੋਏ।)

"ਸੰਮਤ ਪੰਚ ਸਹੰਸ੍ਰ ਬਿਤੇ ਜਬ।
ਹਾਰ ਨਹੀਂ ਕਿਸਹੁੰ ਦਿਸਿ ਮਾਨੀ।
ਸ੍ਰੀ ਪ੍ਰਭ ਨੇ ਤਬ ਕੀਨ ਬਿਚਾਰਨਿ।
ਤੂਰਨ ਪ੍ਰੇਰ ਦਈ ਇਮ ਬਾਨੀ।...੪੩।"

(ਤੂਰਨ=ਛੇਤੀ। ਬਾਨੀ=ਸਰੱਸਵਤੀ, ਮਾਯਾ।)

ਮਧ ਤੇ ਕੈਟਭ ਦੈਂਤਾਂ ਨੇ ਪਰਸੰਨ ਹੋ ਕੇ ਪ੍ਰਭੂ ਨੂੰ ਕਿਹਾ,

"ਤੁਝ ਸੰਗ ਨ ਜੰਗ ਉਮੰਗ ਕਰੈਂ
ਅਬ ਹੋਹੁ ਨਿਸੰਗ ਉਤੰਗ ਮਹਾਨਾ।

Digitized by Panjab Digital Library | www.panjabdigilib.org

ਚਿਤ ਚਾਹਤਿ ਹੈ ਕੁਛ ਦੇਵਨਿ ਕੌ,
ਅਭਿ ਬਾਂਛਤਿ ਜਾਚ ਲਿਜੇ ਬਰ ਦਾਨਾ ।੪੪।
ਸ੍ਰੀ ਭਗਵਾਨ ਸੁ ਜਾਨਿ ਮਹਾਨ, ਭਨਯੋ
ਸਿਰ ਦਾਨ ਅਭੈ ਕਰਿ ਦੀਜੈ ।
ਸਾਚ ਕਰੋ ਬਚ ਆਪਨਿ ਕੌ,
ਅਬਿਨਾਸ਼ਿ ਬਡੋ ਜਸੁ ਕੌ ਬਰ ਲੀਜੈ ।...੪੫।''
''ਮਧ, ਕੈਟਿਭ ਦੈਤ, ਉਭੈ[1] ਬਡ਼ ਬੀਰਜ[2]
ਧੀਰਜ ਧਾਰਿ ਯੇ ਬਾਕ ਉਚਾਰਾ ।
ਜਲ ਹੀਨ ਜਹਾਂ ਥਲ, ਤਾਂ ਤਲ ਊਪਰ
ਸੀਸ ਟਿਕਾਇ ਕੇ ਲੇਹ ਉਤਾਰਾ ।...੪੬।''

ਭਗਵਾਨ ਨੇ ਆਪਣਾ ਆਸਣ ਪਾਣੀ ਦੇ ਉਤੇ ਕਰ ਲਿਆ, ਤੇ ਆਪਣਾ ਪੱਟ ਵਿਖਾ ਕੇ ਕਿਹਾ, 'ਵੇਖੋ, ਏਥੇ ਪਾਣੀ ਨਹੀਂ ।'

ਦੈਂਤ ਹਾਜ਼ਰ ਹੋ ਗਏ । ਭਗਵਾਨ ਨੇ ਆਪਣੇ ਪੱਟ ਉਤੇ ਦੋਹਾਂ ਦੇ ਸਿਰ ਰੱਖ ਕੇ ਕੱਟ ਦਿਤੇ । ਉਹਨਾਂ ਦੈਂਤਾਂ ਦੀ ਮਿਝ ਨਾਲ ਧਰਤੀ ਬਣ ਗਈ ।

''ਚੀਕਨਤਾ ਨਿਕਸੀ ਤਿਨ ਝ਼ਾਲ ਤੇ
ਊਪਰ ਨੀਰ ਰਹੀ ਤਰ ਛਾਹੀ ।
ਤਾਂਹੀ ਤੇ ਹੋਤ ਭਈ ਧਰਨੀ
ਜਗਦੀਸ ਕਲਾ ਨਿਜ ਤੇ ਠਹਿਰਾਈ ।...੫੦।''

(ਚੀਕਨਤਾ=ਮਿੱਝ । ਝਾਲ=ਮੱਥਾ । ਧਰਨੀ=ਧਰਤੀ ।)

(ਮੇਦ=ਮਿੱਝ ਤੋਂ ਧਰਤੀ ਬਣੀ, ਇਸ ਵਾਸਤੇ ਇਸਨੂੰ 'ਮੇਦਨੀ' ਵੀ ਕਹਿੰਦੇ ਹਨ ।)

(ਸਮਝ ਨਹੀਂ ਆਉਂਦੀ, ਕਿ ਅਜੇਹੀਆਂ ਪੁਰਾਣਕ ਕਥਾਵਾਂ ਦਾ ਸਿੱਖ ਇਤਿਹਾਸ ਨਾਲ ਕੀ ਸੰਬੰਧ ਹੈ ? ਕਵੀ ਸੰਤੋਖ ਸਿੰਘ ਜੀ ਹਿੰਦੂ ਗ੍ਰੰਥਾਂ ਦੇ ਵਿੱਦਵਾਨ ਸਨ । ਸੋ ਬਲੋੜੀਆਂ ਸਾਖੀਆਂ ਇਤਿਹਾਸ ਨਾਲ ਮਿਲਾ ਦਿਤੀਆਂ ਹਨ ।)

ਅੰਸੂ ੪੮

(ਜਮਨਾ ਦੀ ਕਥਾ)

ਤਿੰਨ ਦਿਨ ਕੁਰਛੇਤਰ ਰਹਿ ਕੇ ਗ਼ੁਰੂ ਜੀ ਕਾਲਿੰਦਰੀ (ਜਮਨਾ) ਕੰਢੇ ਜਾ ਪਹੁੰਚੇ । ਸੰਗਤਾਂ ਦੇ ਪੁਛਣ 'ਤੇ ਗੁਰੂ ਜੀ ਜਮਨਾ ਨਦੀ ਦਾ ਇਤਿਹਾਸ ਸੁਣਾਉਂਦੇ ਹਨ ।

(ਇਹ ਸਭ ਪੁਰਾਣਕ ਕਥਾਵਾਂ ਹਨ, ਪਰ ਕਵੀ ਜੀ ਇਉਂ ਪਰਗਟ ਕਰ ਰਹੇ

---

1 ਦੋਵੇਂ । 2 ਬਲ ਵਾਲੇ ।

Digitized by Panjab Digital Library | www.panjabdigilib.org

ਹਨ, ' ਜਿਵੇਂ ਗੁਰੂ ਜੀ ਸਭ ਕੁਛ ਆਪਣੇ ਅਨਭਵ ਰਾਹੀਂ ਕਹਿ ਰਹੇ ਹਨ। ਕਵੀ ਜੀ ਹਿੰਦੂ ਮਿਥਿਹਾਸ ਦੇ ਗਿਆਤਾ ਸਨ, ਸੋ ਉਹਨਾਂ ਕਲਪਤ ਕਹਾਣੀਆਂ ਇਤਿਹਾਸ ਵਿਚ ਦਰਜ ਕਰ ਦਿਤੀਆਂ। ਇਸ ਤਰਾਂ ਗੁਰ ਇਤਿਹਾਸ ਦੀ ਮਹਾਨਤਾ ਵਧਣ ਦੀ ਥਾਂ, ਉਲਟੀ ਸਚਾਈ ਧੁੰਧਲੀ ਹੋ ਗਈ।)

ਜਮਨਾ ਦੀ ਕਹਾਣੀ ਸੁਣਾਈ ਜਾ ਰਹੀ ਹੈ, ਗੁਰੂ ਜੀ ਦੇ ਮੁੱਖ ਤੋਂ।

ਬਿਸ਼ਕਰਮਾ ਨੂੰ ਕਾਰੀਗਰੀ ਦਾ ਦੇਵਤਾ ਮੰਨਿਆਂ ਜਾਂਦਾ ਹੈ। ਉਸਦੀ ਕੰਨਿਆਂ ਬੜੀ ਸੁੰਦਰ ਸੀ। ਉਹ ਸੂਰਜ ਨਾਲ ਵਿਆਹੀ ਗਈ। ਉਸਦੇ ਘਰ ਦੋ ਪੁੱਤਰ ਤੇ ਇਕ ਕੰਨਿਆਂ ਹੋਈ। ਪੁੱਤਰੀ ਦਾ ਨਾਮ 'ਜਮਨਾ' ਰਖਿਆ, ਤੇ ਪੁੱਤਰਾਂ ਦੇ ਨਾਮ 'ਮੰਨੂੰ' ਤੇ 'ਧਰਮਰਾਜ' ਰਖਿਆ।

ਬਿਸ਼ਕਰਮਾ ਦੀ ਪੁੱਤਰੀ ਸੂਰਜ ਦਾ ਤੇਜ (ਗਰਮੀ) ਸਹਾਰਨ ਤੋਂ ਅਸਮਰਥ ਹੋ ਗਈ। ਆਪਣੀ ਛਾਇਆ ਦੀ ਆਪਣੇ ਵਰਗੀ ਇਸਤਰੀ ਬਣਾ ਕੇ, ਆਪਣੀ ਥਾਂ ਛੱਡ ਕੇ, ਉਹ ਪਿਤਾ ਦੇ ਘਰ ਚਲੀ ਗਈ। ਬਿਸ਼ਕਰਮਾ ਨੇ ਇਸ ਹਰਕਤ ਕਾਰਨ ਉਸਨੂੰ ਝਿੜਕਿਆ, ਤਾਂ ਉਹ ਘੋੜੀ ਬਣ ਕੇ ਜੰਗਲ ਵਿਚ ਜਾ ਛਿਪੀ।

ਸੂਰਜ ਨੇ ਉਸ ਛਾਇਆ ਦੀ ਇਸਤਰੀ ਨੂੰ ਅਸਲੀ ਸਮਝ ਲਿਆ। ਉਸ ਛਾਇਆ ਵਿਚੋਂ ਵੀ ਦੋ ਪੁੱਤਰ ਤੇ ਇਕ ਪੁੱਤਰੀ (ਤਾਪਤੀ ਨਦੀ) ਹੋਈ।

ਇਕ ਦਿਨ 'ਜਮ' ਗੁੱਸੇ ਵਿਚ ਆ ਕੇ 'ਛਾਯਾ' ਨੂੰ ਲੱਤ ਮਾਰਨ ਲੱਗਾ, ਤਾਂ ਛਾਯਾ ਦੇ ਸਰਾਪ ਨਾਲ ਉਹਦੀ ਲੱਤ ਡਿੱਗ ਪਈ। ਸੂਰਜ ਨੂੰ ਸ਼ੱਕ ਪਿਆ, ਤਾਂ ਉਹਨੇ ਛਾਯਾ ਨੂੰ ਕਾਰਨ ਪੁਛਿਆ। ਛਾਯਾ ਨੇ ਸਭ ਕੁਛ ਸੱਚ ਦੱਸ ਦਿਤਾ।

ਸੂਰਜ ਨੇ ਜਾ ਕੇ ਵਿਸ਼ਕਰਮਾ ਨੂੰ ਪੁਛਿਆ। ਤਾਂ ਉਸਨੇ ਕਿਹਾ, ਤੇਰਾ ਅਧਕ ਸੇਕ ਉਹ ਬਰਦਾਸ਼ਤ ਨਹੀਂ ਸੀ ਕਰ ਸਕਦੀ। ਤੂੰ ਮੰਨੇ, ਤਾਂ ਮੈਂ ਤੇਨੂੰ ਖਰਾਦ 'ਤੇ ਚੜ੍ਹਾ ਕੇ ਠੀਕ ਕਰ ਦਿਆਂ। ਸੇਕ ਘਟ ਜਾਇਗਾ, ਪਰ ਚਮਕ ਵਧ ਜਾਇਗੀ। ਸੂਰਜ ਮੰਨ ਗਿਆ, ਤਾਂ ਵਿਸ਼ਕਰਮਾ ਨੇ ਉਸ ਨੂੰ ਖਰਾਦ 'ਤੇ ਚਾੜ੍ਹ ਕੇ ਕੁਛ ਛਿੱਲ ਦਿਤਾ।

ਫਿਰ ਵਿਸ਼ਕਰਮਾ ਨੇ ਦੱਸਿਆ, ਕਿ ਤੇਰੀ ਪਤਨੀ ਫਲਾਨੇ ਜੰਗਲ ਵਿਚ ਘੋੜੀ ਬਣ ਕੇ ਫਿਰਦੀ ਹੈ।

ਸੂਰਜ ਘੋੜੇ ਦਾ ਰੂਪ ਧਾਰ ਕੇ ਆਪਣੀ ਪਤਨੀ (ਘੋੜੀ) ਪਾਸ ਚਲਾ ਗਿਆ। ਦੋ ਪੁੱਤਰ ਉਹਨਾਂ ਵਿਚੋਂ ਹੋਏ, ਦੋਵੇਂ 'ਅਸ਼ਵਨੀ ਕੁਮਾਰ'। (ਭਾਵ, ਘੋੜੀ ਦੇ ਪੁੱਤਰ। ਹਿੰਦੂ ਮਤ ਅਨਸਾਰ ਉਹ ਦੇਵਤੇ ਮੰਨੇ ਜਾਂਦੇ ਹਨ।) ਸੂਰਜ ਉਸਨੂੰ ਘਰ ਲੈ ਆਇਆ। ਉਹ ਹੁਣ 'ਜਮਨਾ' ਬਣ ਕੇ ਵਗ ਰਹੀ ਹੈ। ਜਿਸਦੇ ਕਢ ਕ੍ਰਿਸ਼ਨ ਨੇ ਕਈ ਲੀਲ੍ਹਾ ਕੀਤੀਆਂ।

(ਕੀ ਗੁਰੂ ਅਮਰਦਾਸ ਜੀ ਅਜੇਹੀਆਂ ਮਨ-ਘੜਤ ਤੇ ਬੁਰਾ ਅਸਰ ਪਾਉਣ ਵਾਲੀਆਂ ਕਥਾਵਾਂ ਸੁਣਾ ਸਕਦੇ ਸਨ ? ਕਵੀ ਦੀ ਭੁੱਲ ਹੈ।)

———

Digitized by Panjab Digital Library | www.panjabdigilib.org

ਅੰਸੂ ੪੯

(ਸੂਰਜ ਦੀ ਕਥਾ)

ਸੰਗਤ ਨੇ ਪੁਛਿਆ, 'ਸੂਰਜ ਦਾ ਰੰਗ ਧੂੰਏਂ ਵਰਗਾ ਕਿਉਂ ਹੋਇਆ ।'

(ਇਹ ਕਹਾਣੀਆਂ 'ਮਹਾਭਾਰਤ' ਤੇ 'ਪੁਰਾਣਾਂ' ਦੀਆਂ ਹਨ, ਪਰ ਕਵੀ ਜੀ ਨੇ ਅਖਵਾਈਆਂ ਮਹਾਰਾਜ ਦੇ ਮੁਖਾਰਬਿੰਦ ਤੋਂ ਹਨ । ਇਹਨਾਂ ਦੀ ਏਥੇ ਲੋੜ ਨਹੀਂ ਸੀ ।)

ਕੱਸਯਪ ਰਿਖੀ ਦੀਆਂ ਕਈ ਪਤਨੀਆਂ ਸਨ । 'ਦਿੱਤੀ' ਨੇ ਬੜੇ ਭਿਆਨਕ ਦੈਂਤਾਂ ਨੂੰ ਜਨਮ ਦਿਤਾ। 'ਦਨੁ' ਦੀ ਕੁੱਖੋਂ ਦਾਨਵ (ਜਾਂ ਦੇਵ) ਬਹੁਤ ਹੋਏ । ਉਹਨਾਂ ਨੂੰ 'ਦਨੁਜ' ਕਹਿੰਦੇ ਹਨ । 'ਬਿਨਤਾ' ਦੀ ਕੁੱਖੋਂ 'ਗਰੁੜ' ਪੈਦਾ ਹੋਇਆ । 'ਕਦਰੂ' ਤੋਂ ਸਰਪ ਪੈਦਾ ਹੋਏ । 'ਅਦਿੱਤੀ' ਤੋਂ (੩੩) ਦੇਵਤੇ ਹੋਏ । ਸੂਰਜ ਉਸ ਸਮੇਂ 'ਅਦਿੱਤੀ' ਦੇ ਪੇਟ ਵਿਚ ਸੀ । 'ਚੰਦਰਮਾ' ਦਾ ਪੁੱਤਰ 'ਬੁੱਧ' ਬ੍ਰਹਮਚਾਰੀ ਦੇ ਭੇਸ ਵਿਚ ਆਇਆ ਤੇ ਭਿੱਛਿਆ ਮੰਗੀ । ਅੱਤੀ ਆਲਸ ਕਾਰਨ ਛੇਤੀ ਨਾ ਉਠ ਸੱਕੀ । ਬੁੱਧ ਨੇ ਸਰਾਪ ਦੇ ਦਿਤਾ, ਕਿ ਤੇਰਾ ਗਰਭ ਨਾਸ ਹੋ ਜਾਇਗਾ । ਅਦਿੱਤੀ ਨੇ ਸਾਰੀ ਗੱਲ ਪਤੀ (ਕੱਸਯਪ) ਨੂੰ ਜਾ ਦੱਸੀ । ਕੱਸਯਪ ਨੇ ਵਰ ਦਿਤਾ, ਕਿ, ਗਰਭ ਦਾ ਬਾਹਰਲਾ ਪਰਦਾ ਸੜ ਜਾਇਗਾ, ਪਰ ਬੱਚਾ ਠੀਕ ਰਹੇਗਾ ।

"ਮ੍ਰਿਤਕ ਅੰਡ ਮਰਿ ਹਇ ਅਭਿਰਾਮ ।[1]
ਯਾਂ ਤੇ ਮਾਰਤੰਡ[2] ਕਹਿ ਨਾਮੁ ।੧੦।"

ਇਸ ਲਈ ਸੂਰਜ ਦੇ ਉਦਾਲੇ ਧੂੰਏਂ ਦਾ ਕਾਲਾ ਗਿਲਾਫ਼ ਸੀ ।

ਵਿਸ਼ਕਰਮਾ ਨੇ ਸੂਰਜ ਉਤੋਂ ਜੋ ਛਿਲਕਾ ਲਾਹਿਆ, ਉਸਦਾ ਸੁਦਰਸ਼ਨ ਚਕਰ ਬਣਾ ਕੇ ਵਿਸ਼ਨੂ ਦੇ ਹੱਥ ਦੇ ਦਿਤਾ, ਤੇ ਤਰਸੂਲ ਬਣਾ ਕੇ ਸ਼ਿਵਾਂ ਨੂੰ ਸੌਂਪ ਦਿਤਾ ।

(ਬੱਸ, ਏਹੋ ਜੇਹੀ ਜੋ ਕਹਾਣੀ ਯਾਦ ਆ ਗਈ, ਕਵੀ ਜੀ ਨੇ ਗ੍ਰੰਥ ਵਿਚ ਘਸੋੜਨ ਦੀ ਕੀਤੀ ।)

ਗੁਰੂ ਜੀ ਨਾਲ ਜੋ ਸੰਗਤ ਸੀ, ਸਰਕਾਰ ਵੱਲੋਂ ਉਹਨਾਂ ਤੋਂ ਯਾਤਰੀ ਟੈਕਸ (ਜਗਾਤ) ਨਹੀਂ ਸੀ ਲਿਆ ਜਾਂਦਾ ।

ਸਮੇਤ ਸੰਗਤਾਂ ਗੁਰੂ ਜੀ ਨੇ 'ਗੰਗਾ' ਤੇ ਇਸ਼ਨਾਨ ਜਾ ਕੀਤਾ । ਸਾਧੂ ਪੁਰਸ਼ਾਂ ਨੇ ਗੁਰਦੇਵ ਦੇ ਦਰਸ਼ਨ ਕੀਤੇ ।

(ਅੱਗੇ ਸੁਣੋ, ਕਵੀ ਜੀ ਕੀ ਲਿਖਦੇ ਹਨ ।)

"ਪੁਨ ਸੀ ਗੁਰ ਸੁਰਸਰਿ[3] ਆਰਾਧੀ ।
'ਹੇ ਦੇਵੀ ! ਬਡਿ ਜਤਨਨਿ ਲਾਧੀ ।
ਕੇਤਿਕ ਨ੍ਰਿਪ ਤਪ ਕਰਿ ਕਰਿ ਮਰੇ ।
ਬਹੁਰ ਭਗੀਰਥ ਲਯਾਵਨਿ ਕਰੇ ।੪੧।

---

1 ਸੁੰਦਰ । 2 ਮ੍ਰਿਤਕ ਪਰਦੇ ਚੋਂ ਜਨਮਣ ਵਾਲਾ, ਸੂਰਜ । 3 ਗੰਗਾ ।

Digitized by Panjab Digital Library | www.panjabdigilib.org

ਸਿਵ ਨੇ ਧਾਰ ਸੀਸ ਪਰ ਧਾਰੀ ।
ਅਘ[1] ਹਰਬੇ ਕੌ ਧਰ ਪਰ ਬਾਰੀ ।
ਤੀਨ ਲੌਕ ਮਾਨੀ ਅਘ ਹਾਨੀ[2] ।
ਪ੍ਰਥਮ ਸੇਵ ਤੁਮਰੀ ਹਮ ਠਾਨੀ ।੪੨।
ਤਿਹ ਕੌ ਫਲ ਸੁਭ ਪ੍ਰਾਪਤ ਹੋਵਾ ।
ਸਰਬ ਪਰਪੰਚ ਆਪ ਕਰ ਜੋਵਾ ।
ਦਿਹੁ ਦਰਸਨ ਬਿਦਤਹੁ ਨਿਜ ਦੇਹ[3] ।
[4]ਨੇਹ ਅਛੇਹ ਮੋਹਿ ਲਖ ਲੇਹ' ।੪੩।''

(ਆਪਣੀ ਉਸਤਤ ਸੁਣ ਕੇ ਗੰਗਾ ਦੇਹ ਧਾਰ ਕੇ ਪਰਗਟ ਹੋ ਗਈ ।)

''ਇੱਤਯਾਦਿਕ ਨਿਜ ਸਿਫ਼ਤਿ ਸੁਨੀ ਜਬ ।
ਸ੍ਰੀ ਗੰਗਾ ਪ੍ਰਗਟੀ ਜਲ ਤੇ ਤਬ ।
ਸੀ ਗੁਰ ਅਮਰ ਬੰਦਨਾ ਠਾਨੀ ।
'ਧੰਨ ਧੰਨ' ਅਵਿਲੌਕ ਬਖਾਨੀ ।੪੪।
ਜਗਤੇਸ੍ਵਰ ਕੀ ਜੋਤਿ ਬਿਸਾਲਾ ।
ਤੁਮਕੌ ਪ੍ਰਾਪ੍ਤਿ ਭਈ ਉਜਾਲਾ ।
ਤੁਮ ਪਾਵਨਿ, ਪਾਵਨਿ ਕਰ ਪਾਵੁਨ ।
ਕਲ ਨਰ ਪਾਪਨਿ ਭਾਰ ਨਿਸਾਵਨ ।੪੫।''

(ਅਵਿਲੌਕ=ਵੇਖ ਕੇ । ਆਪਣੀ ਸਿਫ਼ਤ ਸੁਣ ਕੇ 'ਗੰਗਾ' ਪਾਣੀ ਵਿਚੋਂ ਪਰਗਟ ਹੋ ਪਈ । ਗੁਰੂ ਜੀ ਨੂੰ ਬੰਦਨਾ ਕੀਤੀ ਤੇ 'ਧੰਨ ਧੰਨ' ਕਿਹਾ । ਤੁਸੀਂ ਵੀਸ਼ਵਰ ਦੀ ਜੋਤ ਹੋ, ਤੇ ਆਪ ਨੂੰ ਸਭ ਗਿਆਨ ਹੈ । ਤੁਸੀਂ ਚਰਨ ਪਾ ਕੇ ਮੈਨੂੰ ਪਵਿੱਤਰ ਕਰੋ । ਕਲਿਜੁਗੀ ਪੁਰਸ਼ਾਂ ਨੇ ਜੋ ਪਾਪਾਂ ਦਾ ਭਾਰ ਮੇਰੇ ਵਿਚ ਪਾਇਆ ਹੈ, ਆਪ ਉਹ ਦੂਰ ਕਰਨ ਜੋਗ ਹੋ । ਲਉ, ਇਹ ਹਨ ਅਰਥ । ਹੁਣ ਕਿਹੜੀ ਗੱਲ ਸੱਚੀ ਮੰਨੀਏ । ਗੁਰੂ ਜੀ ਗੰਗਾ ਦੀ ਅਰਾਧਨਾ ਕਰਦੇ ਹਨ, ਤੇ ਗੰਗਾ ਗੁਰੂ ਜੀ ਪਾਸ ਪ੍ਰਾਰਥਨਾ ਕਰ ਰਹੀ ਹੈ । ਪਤਾ ਨਹੀਂ, ਕਵੀ ਜੀ ਨੂੰ ਐਸੇ ਵਿਚਾਰ ਦੇਣ ਦੀ ਕੀ ਮਜਬੂਰੀ ਸੀ । ਕੀ ਇਹ ਸਭ ਕੁਛ ਪੰਡਤ ਦੇ ਦਬੱਾ ਥੱਲੇ ਹੋਇਆ ਹੈ, ਜਾਂ ਕਵੀ ਜੀ ਦੇ ਆਪਣੇ ਵਿਚਾਰ ਹੀ ਐਸੇ ਸਨ ।)

ਗੰਗਾ ਵਿਚ ਇਸ਼ਨਾਨ ਕਰਕੇ ਗੁਰੂ ਜੀ ਗੋਇੰਦਵਾਲ ਨੂੰ ਵਾਪਸ ਤੁਰ ਪਏ ।

---

1 ਪਾਪ ਹਰਨ ਵਾਸਤੇ । 2 ਪਾਪ ਹਰਨ ਵਾਲੀ ।
3 ਦੇਹ ਧਾਰ ਕੇ ਪਰਗਟ ਹੋਵੋ । 4 ਮੇਰਾ ਇਕ ਰਸ ਪ੍ਰੇਮ ਵੇਖੋ ।

Digitized by Panjab Digital Library | www.panjabdigilib.org

ਅੰਸੂ ੫੦

(ਪਦਮ ਪਛਾਨਣ ਵਾਲੇ ਪੰਡਤ ਨੂੰ ਬਖ਼ਸ਼ੀਸ਼)

ਚਲਦੇ ਚਲਦੇ ਗੁਰੂ ਜੀ ਉਸ ਨੱਗਰ ਵਿਚ ਆ ਠਹਿਰੇ, ਜਿੱਥੇ ਪੰਡਤ ਨੇ ਹਜ਼ੂਰ ਦੇ ਚਰਨ ਵਿਚ ਪਦਮ ਵੇਖਿਆ ਸੀ। ਖ਼ਬਰ ਮਿਲਨ ਤੇ ਪੰਡਤ 'ਦੁਰਗਾ' ਦਰਸ਼ਨ ਕਰਨ ਆਇਆ।

ਹਜ਼ੂਰ ਨੇ ਫ਼ੁਰਮਾਇਆ, 'ਪੰਡਤ ਜੀ, ਮੰਗੋ। ਦੁਨੀਆਂ ਦੇ ਸੁਖ ਚਾਹੀਦੇ ਹਨ, ਜਾਂ ਪਰਲੋਕ ਦੇ।''

ਪੰਡਤ ਬੜਾ ਸਿਆਣਾ ਨਿਕਲਿਆ, ਉਸਨੇ ਮੰਗਿਆ,

''ਲੋਕ ਪ੍ਰਲੋਕ ਮਲੀਨ ਬਿਹੀਨ।
ਤੁਮਰੋ ਜਨ ਹੋਵੈ ਸੁਖ ਲੀਨ।
ਇਮ ਕਹ ਕੇ ਬੰਦਨ ਦਿਜ ਕਰੀ।
ਦਵੈ ਲੋਕਨ ਸੁਖ ਕਾਂਖਾ ਧਰੀ।੨੬।''

(ਮਲੀਨ ਬਿਹੀਨ=ਮਲੀਨਤਾ ਤੋਂ ਰਹਿਤ। ਕਾਂਖਾ=ਇੱਛਿਆ।)

ਗੁਰੂ ਜੀ ਨੇ ਪਰਸੰਨ ਹੋ ਕੇ ਦੋਹਾਂ ਲੋਕਾਂ ਦੇ ਸੁਖ ਦਾ ਵਰ ਦੇ ਦਿਤਾ।

ਗੁਰੂ ਜੀ ਸੰਗਤ ਸਮੇਤ ਗੋਇੰਦਵਾਲ ਪੁੱਜੇ, ਤਾਂ ਅੱਗੋਂ ਰਾਮਦਾਸ ਜੀ ਲੈਣ ਗਏ।

ਅੰਸੂ ੫੧

(ਬਾਵਲੀ ਰਚਣੀ)

''ਧਰਮ ਧੁਰੰਧਰ ਅਮਰ ਗੁਰੂ, ਸਦਾ ਚਹਤਿ ਉਪਕਾਰ।
ਰਚਬੇ ਤੀਰਥ ਬਾਵਲੀ, ਸਿਖਜਨਿ ਹੇਤੁ ਉਧਾਰ।੧।''

(ਗੁਰੂ ਅਮਰਦਾਸ ਜੀ ਪਹਿਲਾਂ ਤੀਰਥ ਯਾਤਰੀ ਰਹੇ ਸਨ। ਆਪ ਤੀਰਥਾਂ ਦੀ ਮਹਾਨਤਾ ਸਮਝਦੇ ਸਨ। ਜਿਸ ਧਰਮ ਦਾ ਆਪਣਾ ਤੀਰਥ ਨਹੀਂ, ਉਹ ਦੂਸਰਿਆਂ ਦੇ ਤੀਰਥਾਂ 'ਤੇ ਜਾਇਗਾ। ਇਸ ਲੋੜ ਨੂੰ ਸਮਝਦਿਆ ਮਹਾਰਾਜ ਨੇ ਸਿੱਖਾਂ ਵਾਸਤੇ ਤੀਰਥ ਦੀ ਰਚਨਾ ਕੀਤੀ। ਗੋਇੰਦਵਾਲ 'ਬਾਵਲੀ ਸਾਹਿਬ' ਸਿੱਖਾਂ ਦਾ ਪਹਿਲਾ ਤੀਰਥ ਹੈ।)

ਹੁਕਮਨਾਮੇ ਭੇਜ ਕੇ ਸੰਗਤਾਂ ਬੁਲਾਈਆਂ। ਬਾਬਾ ਬੁੱਢਾ ਜੀ ਨੇ ਬਾਉਲੀ ਦਾ ਟੱਪ ਲਾਇਆ। ਸੰਗਤਾਂ ਸੇਵਾ 'ਤੇ ਲਗ ਗਈਆਂ। ਕਈ ਮਜ਼ਦੂਰ ਦਿਹਾੜੀ 'ਤੇ ਲਾਏ ਗਏ। ਉਹਨਾਂ ਨੂੰ ਲੰਗਰ ਵਿਚੋਂ ਪ੍ਰਸਾਦੇ ਤੇ ਦੇ ਆਨੇ ਦਿਹਾੜੀ ਦੀ ਮਜ਼ਦੂਰੀ ਵੀ ਮਿਲਦੀ।

''ਦਿਨ ਮਹਿੰ ਲਗਰ ਭੋਜਨ ਖਾਵਤਿ।
ਸੰਝ ਦੁ ਆਨਿ ਦਿਹਾੜੀ ਪਾਵਤ।੨੦।''

ਸ਼੍ਰੀ ਰਾਮਦਾਸ ਜੀ ਵੀ ਬੜੀ ਸ਼ਰਧਾ ਨਾਲ ਬਾਉਲੀ ਦੀ ਸੇਵਾ ਕਰਦੇ, ਟੋਕਰੀ ਢੋਂਦੇ।

Digitized by Panjab Digital Library | www.panjabdigilib.org

ਲਾਹੌਰ ਦਾ ਸੰਗ ਗੰਗਾ ਨੂੰ ਜਾ ਰਿਹਾ ਸੀ। ਉਸ ਵਿਚ ਰਾਮਦਾਸ ਜੀ ਦੇ ਪਰਵਾਰ ਦੇ ਸੰਬੰਧੀ ਵੀ ਸਨ। ਉਹ ਗੋਇੰਦਵਾਲ ਰਹੇ। ਰਾਮਦਾਸ ਜੀ ਦਾ ਵੱਡਾ ਭਰਾ ਸੰਹਾਰੀ ਵੀ ਨਾਲ ਸੀ।

ਰਾਮਦਾਸ ਜੀ ਨੂੰ ਟੋਕਰੀ ਢੋਂਦਿਆਂ ਵੇਖ ਕੇ ਸਭ ਨੇ ਬੁਰਾ ਮਨਾਇਆ।

"ਕਹਯੋ ਸਭਿਨਿ 'ਕੁਲ ਲਜਯਾ ਖੋਈ।
ਘਰ ਸਸੁਰਾਰਿ ਮ੍ਰਿਤਕਾ[1] ਢੋਈ।੪੦।
ਜਨਮਯੋ ਭਲੋ ਸੋਢੀਅਨ ਬੰਸ।
ਰਾਖੀ ਨਹੀਂ ਲਾਜ ਕੀ ਅੰਸ[2]।...੪੧।"

ਸੋਢੀਆਂ ਨੇ ਹੋਰ ਵੀ ਬਹੁਤ ਗੱਲਾਂ ਕੀਤੀਆਂ। ਰਾਮਦਾਸ ਜੀ ਨੇ ਹੱਸ ਕੇ ਕਿਹਾ, 'ਤੁਸੀਂ ਗੁਰੂ ਮਹਾਰਾਜ ਦੀ ਵਡਿਆਈ ਨਹੀਂ ਜਾਣਦੇ।'

ਲਾਹੌਰ ਦੇ ਸੋਢੀਆਂ ਨੇ ਲੰਗਰ ਵਿਚੋਂ ਪ੍ਰਸਾਦ ਤਾਂ ਛਕਿਆ, ਪਰ ਹਉਮੈਂ ਅਧੀਨ ਗੁਰੂ ਜੀ ਨੂੰ ਮੱਥਾ ਨਾ ਟੇਕਿਆ।

"ਅਹੰਕਾਰ ਕੇ ਸਹਤ ਬਿਸਾਲੇ।
ਪਦ ਪੰਕਜ ਪਰ ਧਰਯੋ ਨ ਭਾਲੇ।
ਲਖੇ, ਸਾਕ ਇਹੁ ਕੁੜਮ ਹਮਾਰੇ।
ਲਘੂ ਥਾਨ, ਇਮ ਰਿਦੈ ਬਿਚਾਰੇ।੫੧।"

ਉਹ ਕੁੜਮਾਚਾਰੀ ਦੀ ਹਉਮੈਂ ਰੱਖ ਕੇ ਗੁਰੂ ਜੀ ਨੂੰ ਕਹਿਣ ਲੱਗੇ, ਕਿ ਰਾਮਦਾਸ ਨੇ ਇਹ ਨੀਵਾਂ ਕੰਮ ਕਰਕੇ ਸਾਡੀ ਉੱਚੀ ਕੁਲ ਨੂੰ ਲਾਜ ਲਾ ਦਿਤੀ ਹੈ।

ਏਸ ਸਮੇਂ ਰਾਮਦਾਸ ਜੀ ਨੇ ਗੁਰੂ ਜੀ ਦੇ ਚਰਨ ਆ ਪਰਸੇ। ਉਹਨਾਂ ਵੱਲ ਵੇਖ ਕੇ ਸੋਢੀਆਂ ਤਾਹਨੇ ਨਾਲ ਕਿਹਾ,

"ਇਹ ਭੀ ਜਨਮਯੋ ਬੰਸ ਹਮਾਰੇ।
ਲਾਜ ਗਵਾਈ ਸਰਬ ਪ੍ਰਕਾਰੇ।
ਪਿਤ ਕੇ ਮਰੇ ਸਦਨ ਕੋ ਤਯਾਗਾ।
ਘਰ ਸਸੁਰਾਰਿ ਬਸਯੋ ਨਿਰਭਾਗਾ।੫੯।"

ਸੋਢੀਆਂ ਨੇ ਗੁਰੂ ਜੀ ਨੂੰ ਵੀ ਉਲਾਹਮਾ ਦਿਤਾ, ਕਿ ਆਪ ਜੀ ਨੂੰ ਚਾਹੀਦਾ ਸੀ ਰਾਮਦਾਸ ਨੂੰ ਕੋਈ ਚੰਗਾ ਕੰਮ ਸੌਂਪਦੇ।

ਗੁਰੂ ਜੀ ਨੇ ਉਤਰ ਦਿਤਾ,

"ਉਰ ਪ੍ਰਸੰਨ ਹੈ ਭਨਤਿ ਬਚਨ ਕੋ।
ਸਭਿ ਜਗ ਛੱਤ੍ਰ ਦੀਨ ਮੈਂ ਇਨ ਕੋ।੬੫।"

ਲਾਹੌਰ ਦਾ ਸੰਗ ਅਗਲੇ ਦਿਨ ਤੁਰ ਗਿਆ।

---

1 ਟੋਕਰੀ। 2 ਰਤਾ ਭਰ ਲਾਜ ਨਹੀਂ ਰੱਖੀ।

Digitized by Panjab Digital Library | www.panjabdigilib.org

ਅੰਸੂ ੫੨

(ਮਾਈਦਾਸ ਵੈਸ਼ਨੋ)

ਇਕ ਕਰਮਕਾਂਡੀ, ਕ੍ਰਿਸ਼ਨ ਭਗਤ ਮਾਈ ਦਾਸ ਵੈਸ਼ਨੋ ਦਰਸ਼ਨ ਵਾਸਤੇ ਆਇਆ। ਲੰਗਰ ਵਿਚ ਭੋਜਨ ਛਕੇ ਬਿਨਾਂ ਗੁਰੂ ਜੀ ਦੇ ਦਰਸ਼ਨ ਨਹੀਂ ਸਨ ਹੁੰਦੇ। ਸੋ, ਉਹ ਬਿਨਾਂ ਦਰਸ਼ਨ ਹੀ ਮੁੜ ਗਿਆ। ਮਾਈ ਦਾਸ ਦੁਆਰਕਾ ਨੂੰ ਚੱਲ ਪਿਆ। ਦਵਾਰਕਾ ਦੇ ਨੇੜੇ ਜੰਗਲ ਵਿਚ ਕੋਈ ਟਿਕਾਣਾ ਨਾ ਮਿਲੇ। ਇਕ ਬਿਰਛ ਥੱਲੇ ਰਾਤ ਕੱਟੀ। ਸਵੇਰੇ ਵਰਤ ਉਪਾਰਨ ਨੂੰ ਕੁਛ ਨਾ ਮਿਲਿਆ। ਉਸਨੇ ਕ੍ਰਿਸ਼ਨ ਅੱਗੇ ਅਰਦਾਸ ਕੀਤੀ; ਤਾਂ ਦਾਲ ਚੌਲ ਦਾ ਥਾਲ ਆ ਗਿਆ। ਮਾਈਦਾਸ ਨੇ ਸੋਚਿਆ, ਕਿ ਪੱਕਾ ਭੋਜਨ (ਮਿਠਿਆਈ) ਹੁੰਦਾ, ਤਾਂ ਮੈਂ ਖਾ ਲੈਂਦਾ, ਇਹ ਕਿਵੇਂ ਖਾਵਾਂ। ਉਸਦੇ ਚਿੱਤ ਵਿਚ ਧਾਰਨ ਨਾਲ ਫਿਰ ਪਕਵਾਨ ਆ ਗਏ। ਮਾਈਦਾਸ ਨੇ ਕ੍ਰਿਸ਼ਨ ਅੱਗੇ ਬੇਨਤੀ ਕੀਤੀ, ਕਿ ਹੁਣ ਦਰਸ਼ਨ ਵੀ ਦਿਓ।

ਤਾਂ ਭਗਵਾਨ ਨੇ ਅਦ੍ਰਿਸ਼ ਰਹਿ ਕੇ ਉਤਰ ਦਿਤਾ, 'ਮਾਈਦਾਸ! ਤੂੰ ਮੇਰਾ ਭਗਤ ਹੈਂ। ਤੂੰ ਨੇਮ ਤਾਂ ਰੱਖ ਲਿਆ, ਪਰ ਪ੍ਰੇਮ ਨਹੀਂ ਨਿਭਾ ਸਕਿਆ। ਤੂੰ ਗੋਇੰਦਵਾਲ ਗਿਆ, ਤਾਂ ਦਰਸ਼ਨ ਕੀਤੇ ਬਿਨਾਂ ਹੀ ਆ ਗਿਆ। ਇਸ ਸਮੇਂ ਗੁਰੂ ਅਮਰਦਾਸ ਹੀ ਮੇਰਾ ਸਰੂਪ ਹਨ।'

"ਲਖਿ, ਇਹ ਸਮੈਂ ਸਰੂਪ ਸੁ ਮੇਰਾ।
ਕਰੈਂ ਅਨੇਕਨਿ ਸ਼ੂਯ ਅਛੇਰਾ।...੪੧।"

(ਕਵੀ ਜਾ ਦੇ ਵਿਚਾਰ ਅਨਸਾਰ ਗੁਰੂ ਅਮਰਦਾਸ ਜੀ ਕ੍ਰਿਸ਼ਨ ਦੇ ਸਰੂਪ ਸਨ।)

"ਇਹਾਂ ਬਅਰਥ ਬ੍ਰਿਲਾਪ ਨ ਕਰੀਅਹਿ।
ਹੋਹਿ ਨ ਦਰਸ਼ਨ, ਆਸ ਨਿਵਰਅਹਿ।
ਹਟਿ ਅਬਿ ਗਮਨਹੁ ਗੋਇੰਦਵਾਲ।
ਤਹਿਂ ਮਮ ਦਰਸ਼ਨ ਕਰਹੁ ਕ੍ਰਿਪਾਲ।੪੨।
ਸ੍ਰੀ ਗੁਰ ਅਮਰ ਮਹਿ ਮਹਿਂ ਕਹੂ।
ਭਦ ਨ ਜਾਨਹੁ, ਇਕ ਲਖਿ ਸਹੂ।...੪੩।"

ਇਹ ਉਪਦੇਸ਼ ਸੁਣ ਕੇ ਮਾਈਦਾਸ ਓਥੇਂ ਮੁੜ ਪਿਆ।

ਅੰਸੂ ੫੩

(ਮਾਈਦਾਸ ਫਿਰ ਵਾਪਸ—ਮਾਣਕ ਚੰਦ)

ਮਾਈਦਾਸ ਵਾਪਸ ਗੋਇੰਦਵਾਲ ਆਇਆ। ਪਹਿਲਾਂ ਉਹਨੇ ਲੰਗਰ ਵਿਚੋਂ ਪ੍ਰਸਾਦ ਛਕਿਆ, ਤੇ ਫਿਰ ਦਰਸ਼ਨ ਕਰਨ ਗਿਆ। ਮਾਈਦਾਸ ਨੂੰ ਗੁਰੂ ਜੀ ਨੇ ਚਤਰ-ਭੁਜ ਕ੍ਰਿਸ਼ਨ ਦਾ ਰੂਪ ਧਾਰ ਕੇ ਦਰਸ਼ਨ ਦਿਤੇ। (ਕਲਪਨਾ।) ਫਿਰ ਗੁਰੂ ਜੀ ਨੇ ਆਪਣੇ

Digitized by Panjab Digital Library | www.panjabdigilib.org

ਨਿਜ ਸਰੂਪ ਵਿਚ ਦਰਸ਼ਨ ਦਿਤੇ। (ਪਲ ਵਿਚ ਸਰੂਪ ਬਦਲ ਲਿਆ।)

ਸ਼ਰਧਾ ਵੱਸ ਮਾਈਦਾਸ ਓਥੇ ਹੀ ਰਹਿ ਪਿਆ।

ਬਾਉਲੀ ਦੀ ਖੁਦਾਈ ਹੋ ਰਹੀ ਸੀ। ਹੇਠਾਂ ਸਖ਼ਤ ਕੜ ਆ ਗਿਆ। ਗੁਰੂ ਜੀ ਨੇ ਮਾਣਕ ਚੰਦ ਪਥਰੀਆ ਨੂੰ ਹੁਕਮ ਦਿਤਾ, ਕਿ ਹੇਠਾਂ ਜਾ ਕੇ ਵਦਾਨ ਨਾਲ ਕੜ ਤੋੜ ਦੇਹ।

ਮਾਣਕ ਚੰਦ ਨੇ ਹੇਠਾਂ ਉਤਰ ਕੇ ਹਥੌੜੇ ਨਾਲ ਕੜ ਤੋੜ ਦਿਤਾ। ਜ਼ੋਰ ਨਾਲ ਪਾਣੀ ਉਛਲਿਆ, ਤਾਂ ਮਾਣਕ ਚੰਦ ਡੁੱਬ ਕੇ ਮਰ ਗਿਆ।

ਸੰਗਤਾਂ ਨੇ ਮਾਣਕ ਚੰਦ ਨੂੰ ਗੁਰੂ ਜੀ ਦੇ ਚਰਨਾਂ ਵਿਚ ਲਿਆ ਧਰਿਆ। ਗੁਰੂ ਜੀ ਨੇ ਸੱਜਾ ਚਰਨ ਛੁਹਾਇਆ, ਤਾਂ ਮਾਣਕ ਚੰਦ ਜ਼ਿੰਦਾ ਹੋ ਗਿਆ, ਤੇ ਉਠ ਬੈਠਾ। ਗੁਰੂ ਜੀ ਨੇ ਉਸਦਾ ਨਾਮ 'ਜੀਵੜਾ' (ਮਰਜੀਵੜਾ) ਧਰਿਆ।

ਫਿਰ ਗੁਰੂ ਜੀ ਨੇ ਮਾਈਦਾਸ ਨੂੰ ਕੋਲ ਬੁਲਾ ਕੇ ਕਿਹਾ, 'ਤੇਰਾ ਗੁਰੂ ਮਾਣਕ ਚੰਦ ਹੈ।'

ਮਾਣਕ ਚੰਦ ਨੂੰ ਹੁਕਮ ਹੋਇਆ, ਘਰ ਜਾ ਕੇ ਸਿੱਖੀ ਦਾ ਪਰਚਾਰ ਕਰੋ।

ਅੰਸੂ ੫੪

(ਚਤੌੜ ਨੂੰ ਘੇਰਾ)

ਅਕਬਰ ਚਤੌੜ ਦੇ ਕਿਲੇ ਨੂੰ ਘੇਰਾ ਪਾਈ ਬੈਠਾ ਸੀ। ਉਹਨੇ ਗੁਰੂ ਜੀ ਪਾਸ ਆਪਣਾ ਆਦਮੀ ਭੇਜਿਆ।

"ਸੁਨ ਗੁਰ ਕਹਯੋ, ਤਬਹਿ ਗੜ ਛੂਟੇ।
ਇਹਾਂ ਬਾਪਿਕਾ[1] ਕੋ ਕਰ ਟੂਟੇ।.. ੩।"

ਅਕਬਰ ਦਾ ਆਦਮੀ ਗੋਇੰਦਵਾਲ ਹੀ ਰਿਹਾ। ਜਦੋਂ ਬਾਉਲੀ ਦਾ ਕੜ ਟੁੱਟਾ, ਓਸੇ ਸਮੇਂ ਚਤੌੜ ਦਾ ਕਿਲਾ ਫ਼ਤਹਿ ਹੋਇਆ।

(ਦੋਹਾਂ ਘਟਨਾਵਾਂ ਦਾ ਸਮਾਂ ਮੇਲ ਨਹੀਂ ਖਾਂਦਾ।)

ਇਸ ਘਟਨਾ ਕਾਰਨ ਅਕਬਰ ਦੇ ਦਿਲ ਵਿਚ ਗੁਰੂ ਜੀ ਦੇ ਦਰਸ਼ਨਾ ਦੀ ਚਾਹ ਪੈਦਾ ਹੋਈ।

ਬਸੀ ਖੱਤਰੀ ਗੰਗੋ ਬੜਾ ਧਨੀ ਸੀ। ਘਾਟਾ ਪੈਣ ਕਰਕੇ ਉਹ ਕੰਗਾਲ ਹੋ ਗਿਆ। ਅੰਤ ਉਹ ਗੁਰੂ ਜੀ ਦਾ ਸ਼ਰਣ ਆਇਆ। ਉਸ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਫ਼ੁਰਮਾਇਆ, 'ਦਿੱਲੀ ਜਾ ਕੇ ਸ਼ਾਹੂਕਾਰਾ ਆੜ੍ਹਤ ਖੁਹਲ ਲਵੋ।' ਗੁਰੂ 'ਤੇ ਭਰੋਸਾ ਕਰਕੇ ਗੰਗੋ ਨੇ ਦਿੱਲੀ ਵਿਚ ਆੜ੍ਹਤ (ਕੋਠੀ, ਬੈਂਕ) ਖੁਹਲ ਲਈ। ਇਕ ਦਿਨ ਇਕ ਮੁਗਲ ਆਇਆ। ਉਹਨੇ ਇਕ ਲੱਖ ਮੋਹਰ ਦੀ ਹੁੰਡੀ ਚਾਹੀ। ਗੰਗੋ ਨੇ ਲਾਹੌਰ ਦੀ

---

1 ਬਾਉਲੀ।

Digitized by Panjab Digital Library | www.panjabdigilib.org

ਇਕ ਫ਼ਰਮ ਦੇ ਨਾਮ ਹੁੰਡੀ ਕਰ ਦਿਤੀ, ਤੇ ਨਾਲ ਹੀ ਮੋਹਰ ਓਥੇ ਭੇਜ ਦਿਤੀ। ਉਹ ਮੁਗ਼ਲ ਲਾਹੌਰ ਪੁੱਜਾ, ਤਾਂ ਉਸਨੂੰ ਹੁੰਡੀ ਦੀ ਰਕਮ ਮਿਲ ਗਈ। ਇਸ ਤੋਂ ਗੰਗੋ ਦੀ ਮਸ਼ਹੂਰੀ ਹੋ ਗਈ, ਤੇ ਉਹ ਬਹੁਤ ਅਮੀਰ ਹੋ ਗਿਆ।

ਸਮਾਂ ਪਾ ਕੇ ਗੁਰੂ ਜੀ ਨੇ ਇਕ ਪੰਡਤ ਨੂੰ ਗੰਗੋ ਦੇ ਨਾਮ ਪੰਜਾਹ ਰੁਪੈ ਦੀ ਹੁੰਡੀ ਲਿਖ ਦਿਤੀ, ਜਿਸ ਸਹਾਇਤਾ ਨਾਲ ਪੰਡਤ ਕੰਨਿਆਂ ਦਾ ਵਿਆਹ ਕਰ ਸੱਕੇ। ਗੰਗੋ ਨੇ ਉਹ ਹੁਡੀ ਨਾ ਤਾਰੀ। ਪੰਡਤ ਨਿਰਾਸ ਵਾਪਸ ਆ ਗਿਆ, ਤਾਂ ਗੁਰੂ ਜੀ ਨੇ ਉਸ ਨੂੰ ਪੰਜਾਹ ਰੁਪੈ ਦੇ ਦਿਤੇ।

ਓਧਰ ਗੰਗੋ ਨੂੰ ਘਾਟਾ ਪੈ ਗਿਆ। ਉਹ ਦਿੱਲੀ ਤੋਂ ਚੋਰੀ ਨੱਸ ਕੇ ਗੋਇੰਦਵਾਲ ਬਾਉਲੀ ਦੀ ਕਾਰ-ਸੇਵਾ ਵਿਚ ਆ ਲੱਗਾ। ਸੇਵਾ ਤੇ ਪਰਸੰਨ ਹੋ ਕੇ ਗੁਰੂ ਜੀ ਨੇ ਉਸਨੂੰ 'ਗੰਗੋ ਸ਼ਾਹ' ਕਹਿ ਕੇ ਹੁਕਮ ਦਿਤਾ, ਕਿ ਘਰ ਜਾ ਕੇ ਹੁਣ ਸਿੱਖੀ ਦਾ ਪਰਚਾਰ ਕਰੋ, ਤੇ ਆਪਣੀ ਸੰਗਤ ਥਾਪੋ।

ਅੰਸੂ ਪਪ

(ਕਾਬਲ ਵਾਲੀ ਪਤੀਬ੍ਰਤਾ ਮਾਈ)

ਉਹ ਪਤੀਬ੍ਰਤਾ ਮਾਈ ਕਾਬਲ ਤੋਂ ਰੋਜ਼ ਸਵੇਰੇ ਆਵੇ, ਸਾਰਾ ਦਿਨ ਬਾਉਲੀ ਦੀ ਸੇਵਾ ਕਰੇ, ਤੇ ਰਾਤ ਨੂੰ ਵਾਪਸ ਕਾਬਲ ਚਲੀ ਜਾਇ। ਸਿੱਖ ਹੈਰਾਨ ਸਨ, ਕਿ ਉਹ ਮਾਈ ਸੇਵਾ ਕਰਦੀ, ਕਈ ਵਾਰ ਇਉਂ ਹੱਥ ਹਿਲਾਉਂਦੀ ਹੈ, ਜਿਵੇਂ ਪੰਘੂੜੇ ਨੂੰ ਝੂਟਾ ਦੇਈਦਾ ਹੈ। ਪਰ ਉਹ ਰਾਤ ਕਿੱਥੇ ਚਲੀ ਜਾਂਦੀ ਹੈ।

ਸਿੱਖਾਂ ਦੇ ਪੁੱਛਣ ਤੇ ਗੁਰੂ ਜੀ ਨੇ ਦੱਸਿਆ, ਕਿ ਇਹ ਪਤੀਬ੍ਰਤ ਇਸਤਰੀ ਹੈ, ਰੋਜ਼ ਕਾਬਲ ਤੋਂ ਆਉਂਦੀ ਹੈ, ਏਥੇ ਸੇਵਾ ਕਰਦੀ ਪੰਘੂੜੇ ਨੂੰ ਹੂਟੇ ਦੇਂਦੀ ਹੈ, ਤੇ ਰਾਤ ਵਾਪਸ ਕਾਬਲ ਚਲੀ ਜਾਂਦੀ ਹੈ। ਪਤੀ ਦੀ ਸੱਚੀ ਸੇਵਾ ਕਾਰਨ ਇਹ 'ਇੱਛਾ ਗਾਮਨੀ' (ਜਿੱਥੇ ਚਾਹੇ, ਜਾ ਸੱਕੇ) ਹੋ ਗਈ ਹੈ।

ਗੁਰੂ ਜੀ ਨੇ ਇਕ ਹੋਰ ਪਤੀਬ੍ਰਤਾ ਦੀ ਸਾਖੀ ਸੁਣਾਈ। 'ਮਾਂਡਵ' ਮੁਨੀ ਬੈਠਾ ਤਪ ਕਰ ਰਿਹਾ ਸੀ। ਰਾਜੇ ਦੇ ਘਰ ਚੋਰੀ ਕਰਕੇ ਚੋਰ ਜਾ ਰਹੇ ਸਨ। ਇਕ ਹਾਰ ਉਹਨਾਂ 'ਮਾਂਡਵ' ਰਿਖੀ ਦੇ ਗਲ ਪਾ ਦਿਤਾ। ਰਾਜੇ ਦੇ ਆਦਮੀ ਆਏ। ਉਹ ਰਿਖੀ ਨੂੰ ਫੜ ਕੇ ਲੈ ਗਏ। ਰਾਜੇ ਨੇ ਉਸਨੂੰ ਸੂਲੀ 'ਤੇ ਚਾੜ੍ਹ ਦਿਤਾ। ਪਰ ਰਿਖੀ ਤਪ ਦੇ ਬਲ ਕਾਰਨ ਮਰਿਆ ਨਾ। ਰਿਖੀ ਨੇ ਧਰਮਰਾਏ ਨੂੰ ਪੁੱਛਿਆ, 'ਦੱਸ, ਮੈਨੂੰ ਕਿਉਂ ਸੂਲੀ ਦੀ ਸਜ਼ਾ ਮਿਲੀ। ਨਹੀਂ ਤਾਂ ਮੈਂ ਤੈਨੂੰ ਸਰਾਪ ਦਿਆਂਗਾ।' ਉਤਰ ਮਿਲਿਆ, 'ਤੂੰ ਬਚਪਨ ਵਿਚ ਸੂਲ ਨਾਲ ਭੂੰਡ ਵਿੰਨ੍ਹਿਆ ਸੀ, ਤਾਂ ਸੂਲੀ ਮਿਲੀ ਹੈ।'

ਮਾਂਡਵ ਨੇ ਕਿਹਾ, ਬਾਲਕ ਬੁੱਧੀ ਕਰਮ ਦਾ ਜ਼ਿੰਮੇਵਾਰ ਨਹੀਂ। ਐਸਾ ਕਾਨੂੰਨ ਬਣਾ। ਮੈਂ ਓਨਾ ਚਿਰ ਸੂਲੀ ਉਤੇ ਹੀ ਰਹਾਂਗਾ।

ਇਕ ਪਤੀਬ੍ਰਤਾ ਆਪਣੇ ਪਿੰਗਲੇ ਪਤੀ ਨੂੰ ਚੁਕੀ ਜਾ ਰਹੀ ਸੀ। ਉਹ ਸੂਲੀ ਨਾਲ

Digitized by Panjab Digital Library | www.panjabdigilib.org

ਛੁਹ ਗਈ। ਸੂਲੀ ਹਿੱਲਣ 'ਤੇ ਰਿਖੀ ਨੇ ਸਰਾਪ ਦੇ ਦਿਤਾ, ਕਿ ਤੇਰਾ ਪਤੀ ਸੂਰਜ ਚੜ੍ਹਨ ਨਾਲ ਮਰ ਜਾਇਗਾ। ਇਸਤਰੀ ਨੇ ਕਿਹਾ, ਹਨੇਰੇ ਕਾਰਨ ਮੈਥੋਂ ਇਹ ਅਵੱਗਿਆ ਹੋ ਗਈ ਹੈ। ਸੋ ਸੂਰਜ ਹੀ ਨਹੀਂ ਚੜ੍ਹੇਗਾ, ਜਿਸ ਕਾਰਨ ਮੇਰੇ ਪਤੀ ਦੀ ਮੌਤ ਹੋਣੀ ਹੈ। ਉਹਨੇ ਦਸ ਦਿਨ ਸੂਰਜ ਹੀ ਨਾ ਚੜ੍ਹਨ ਦਿਤਾ। ਅੰਤ ਦੇਵਤਿਆਂ ਨੇ ਉਸਦਾ ਪਤੀ ਜ਼ਿੰਦਾ ਕਰਨ ਦਾ ਜ਼ਿੰਮਾ ਲਿਆ, ਤਾਂ ਸੂਰਜ ਚੜ੍ਹਿਆ।

ਅੰਸੂ ੫੬

(ਸਿੱਖਾਂ ਪੁਛਿਆ ਗੱਦੀ 'ਤੇ ਕੌਣ ਬੈਠੇਗਾ)

ਗੁਰਦੇਵ ਦੀਆਂ ਦੋ ਪੁਤਰੀਆਂ ਸਨ : ਬੀਬੀ ਦਾਨੀ ਤੇ ਬੀਬੀ ਭਾਨੀ। ਦੋਹਾਂ ਦੇ ਪਤੀ ਰਾਮਾ ਤੇ ਰਾਮਦਾਸ ਜੀ ਸੇਵਾ ਕਰਦੇ ਸਨ। ਸਿੱਖਾਂ ਨੇ ਪੁਛਿਆ, ਕਿ ਗੱਦੀ ਦਾ ਹੱਕਦਾਰ ਕੌਣ ਬਣੇਗਾ।

ਅੰਸੂ ੫੭

(ਸਿੱਖਾਂ ਨੂੰ ਉਤਰ—ਪ੍ਰੀਖਿਆ)

ਗੁਰੂ ਜੀ ਨੇ ਰਾਮੇ ਤੇ ਰਾਮਦਾਸ—ਦੋਹਾਂ ਨੂੰ ਥੜੀਆਂ ਬਨਾਉਣ ਦਾ ਹੁਕਮ ਦਿਤਾ।

ਦੋਹਾਂ ਨੇ ਥੜੀਆਂ ਬਣਾਈਆਂ। ਸ਼ਾਮ ਨੂੰ ਗੁਰੂ ਜੀ ਨੇ ਰਾਮੇ ਦੀ ਥੜੀ ਵੇਖ ਕੇ ਕਿਹਾ, ਇਹ ਚੰਗੀ ਨਹੀਂ ਬਣੀ। ਇਸਨੂੰ ਢਾਹ ਦਿਓ। ਰਾਮਾ ਕਹਿ ਰਿਹਾ, ਕਿ ਆਪ ਜੀ ਦੇ ਕਹ ਅਨਸਾਰ ਬੜੀ ਵਧੀਆ ਬਣੀ ਹੈ। ਪਰ ਮਹਾਰਾਜ ਨੇ ਜ਼ੋਰ ਦੇ ਕੇ ਢੁਹਾ ਦਿਤੀ। ਤੇ ਕਿਹਾ, ਫਿਰ ਬਣਾਓ।

ਫਿਰ ਹਜ਼ੂਰ ਰਾਮਦਾਸ ਜੀ ਪਾਸ ਗਏ। ਵੇਖ ਕੇ ਕਿਹਾ, ਥੜੀ ਸਾਡੇ ਪਸੰਦ ਨਹੀਂ ਬਣੀ। ਫਿਰ ਬਣਾਉ।

ਰਾਮਦਾਸ ਜੀ ਨੇ ਹੱਥ ਜੋੜ ਕੇ ਕਿਹਾ, 'ਮਹਾਰਾਜ! ਅਨਜਾਣ ਤੋਂ ਭੁੱਲ ਹੋ ਗਈ, ਆਪ ਜੀ ਦੇ ਆਸ਼ ਅਨਸਾਰ ਫਿਰ ਬਣਾਵਾਗਾ।'

ਦੋਹਾਂ ਨੇ ਢਾਹ ਕੇ ਫਿਰ ਬਣਾਈਆਂ।

ਗੁਰੂ ਜੀ ਨੇ ਦੂਸਰੀ ਵਾਰ ਫਿਰ ਢੁਹਾ ਦਿਤੀਆਂ।

ਤੀਸਰੀ ਵਾਰ ਫਿਰ ਉਹਨਾਂ ਬਣਾਈਆਂ।

ਅਗਲ ਦਿਨ ਮਹਾਰਾਜ ਨੇ ਰਾਮੇ ਦੀ ਥੜੀ ਕੋਲ ਜਾ ਕੇ ਕਿਹਾ, 'ਕਿ ਜੈਸੀ ਕਹੀ ਸੀ, ਵੈਸੀ ਨਹੀਂ ਬਣੀ। ਰਾਮੇ ਨੇ ਕਿਹਾ, 'ਮਹਾਰਾਜ! ਆਪ ਨੂੰ ਭੁੱਲ ਜਾਂਦਾ ਹੈ। ਜਿਵੇਂ ਤੁਸਾਂ ਫ਼ੁਰਮਾਇਆ ਸੀ, ਮੈਂ ਓਵੇਂ ਬਣਾਈ ਹੈ। ਇਸ ਤੋਂ ਚੰਗੀ ਨਹੀਂ ਬਣ ਸਕਦੀ।'

ਫਿਰ ਗੁਰੂ ਜੀ ਨੇ ਰਾਮਦਾਸ ਕੋਲ ਜਾ ਕੇ ਕਿਹਾ, 'ਠੀਕ ਨਹੀਂ ਬਣੀ, ਮਿਹਨਤ

Digitized by Panjab Digital Library | www.panjabdigilib.org

ਐਵੇਂ ਗਈ ।'

ਰਾਮਦਾਸ ਜੀ ਨੇ ਗੁਰੂ ਜੀ ਦੇ ਚਰਨਾ 'ਤੇ ਢਹਿ ਕੇ ਕਿਹਾ,

"ਹੌਂ ਅਜਾਨ ਨਿਤ ਭੂਲਨ ਹਾਰੋ ।
ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ ।...੪੬।
ਰਾਵਰਿ[1] ਕਰੁਨਾ ਕਰਹੁ ਬਤਾਵਉ ।
ਨਾਕੀ ਰੀਤ ਭਾਖ ਸਮਝਾਵਉ ।੪੭।
ਮੈਂ ਮਤਿ ਮੰਦ ਅਭਾਗ ਬਿਚਾਰਾ ।
ਜਾਨ ਸਕਯੋ ਨਹਿਂ ਕਹਯੋ ਤੁਮਾਰਾ ।
ਇਮ ਕਹਿ ਗਰ ਮਹਿਂ ਅੰਚਰ ਡਾਰਾ ।
ਛਿਮਹੁ ਪ੍ਰਭੂ ਅਪਰਾਧ ਹਮਾਰਾ ।੪੮।"

ਗੁਰੂ ਜੀ ਨੇ,

"ਸਭਿਨਿ ਸੁਨਾਵਤਿ ਬਾਕ ਅਲਾਵਹਿਂ ।
ਇਸਕੀ ਸੇਵਾ ਮੋ ਮਨ ਭਾਵਹਿ ।...੫੦।"

——

ਅੰਸੂ ੫੮

(ਬਾਵਲੀ ਮਹਾਤਮ)

"ਸੁੰਦਰ ਸੀਤਲ ਨਿਰਮਲ ਖਰੋ ।
ਅਤਿ ਗੰਭੀਰ ਨੀਰ ਜਿਹ ਭਰੋ ।
ਦੱਖਣ ਦਿਸ ਮਹਿ ਝਰਨਾ ਬਹਯੋ ।
ਸੁਰਸਰਿ[2] ਕੋ ਪ੍ਰਵਾਹ ਤਹਿਂ ਲਹਯੋ ।੩।"

ਬਾਉਲੀ ਦੀਆਂ ਚੌਰਾਸੀ ਪਉੜੀਆਂ ਬਣਾਈਆਂ, ਤੇ ਵਰ ਦਿਤਾ,

"ਬਾਰਿ ਚੁਰਾਸੀ ਕਰਹਿ ਸ਼ਨਾਨ ।
ਇਤਨੇ 'ਜਪੁਜੀ' ਪਾਠ ਬਖਾਨ ।
ਸਤਿਗੁਰ ਮੂਰਤਿ ਕਰਿ ਕੈ ਧਯਾਨ ।
ਮਿਟਹਿ ਚੁਰਾਸੀ ਆਵਨਿ ਜਾਨਿ ।੫।"

ਸਧਾਰਨ ਨਾਮ ਦਾ ਲੁਹਾਰ ਸਵਾ ਕਰਿਆ ਕਰਦਾ ਸੀ । ਉਹਨੇ ਲੱਕੜ ਤੇ ਲੋਹੇ ਦੀਆਂ ਸੱਤ ਪੌੜੀਆਂ ਬਣਾ ਕੇ ਪਾਣੀ ਵਿਚ ਲਗਾ ਦਿਤੀਆਂ । ਗੁਰੂ ਜੀ ਨੇ ਪਰਸੰਨ ਹੋ ਕੇ ਕਿਹਾ, 'ਤੇਰੀ ਘਾਲ ਖਾਂਇ ਪਈ । ਹੁਣ ਘਰ ਬੈਠ ਕੇ ਭਜਨ ਕਰੋ ।'

ਗੰਗਾ ਦੇ ਇਸ਼ਨਾਨ ਵਾਸਤੇ ਸੰਗ ਜਾ ਰਿਹਾ ਸੀ । ਰਾਤ ਉਹ ਗੋਇੰਦਵਾਲ ਰਿਹਾ। ਸੰਗ ਵਿਚ ਇਕ ਗੁਰਦੇਵ ਦਾ ਪਹਿਲੀ ਉਮਰ ਦਾ ਮੇਲੀ ਸੀ । ਗੁਰੂ ਜੀ ਨੇ ਕਿਹਾ,

---

1 ਮਹਾਰਾਜ, ਪ੍ਰਭੂ, ਰਾਜਾ । 2 ਜਿਸ ਵਿਚਹੁ ਗੰਗਾ ਜੀ ਦਾ ਪ੍ਰਵਾਹ ਵਹਿੰਦਾ ਸੀ ।

Digitized by Panjab Digital Library | www.panjabdigilib.org

'ਅਸਾਂ ਬਾਉਲੀ ਵਿਚ ਗੰਗਾ ਲੈ ਆਂਦੀ ਹੈ। ਏਥੇ ਹੀ ਇਸ਼ਨਾਨ ਕਰ ਲੈ। ਪਰ ਉਸ ਸੱਜਣ ਨੂੰ ਯਕੀਨ ਨਾ ਆਇਆ। ਉਸ ਨੇ ਕਿਹਾ, 'ਮਹਾਰਾਜ! ਹੁਣ ਘਰੋਂ ਭਾਵਨਾ ਨਾਲ ਤੁਰਿਆ ਹਾਂ। ਇਕ ਵਾਰ ਜਾ ਆਵਾਂ।'

ਮਹਾਰਾਜ ਨੇ ਫ਼ੁਰਮਾਇਆ, 'ਠੀਕ ਹੈ, ਸਾਡੇ ਵਾਸਤੇ ਵੀ 'ਗੰਗਾ ਜਲ' ਲਈ ਆਉਣਾ।'

ਉਹ ਪੁਰਸ਼ ਗੰਗਾ ਗਿਆ, ਇਸ਼ਨਾਨ ਕੀਤਾ, ਗੁਰੂ ਜੀ ਵਾਸਤੇ ਲੋਟਾ ਭਰਨ ਲੱਗਾ, ਤਾਂ ਉਹ ਲੋਟਾ ਗੰਗਾ ਦੇ ਪਰਵਾਹ ਵਿਚ ਹੀ ਰੁੜ੍ਹ ਗਿਆ।

ਸੰਗ ਵਾਪਸ ਗੋਇੰਦਵਾਲ ਆਇਆ, ਤਾਂ ਉਸ ਪੁਰਸ਼ ਨੇ ਸਾਰੀ ਗੱਲ ਕਹਿ ਸੁਣਾਈ। ਗੁਰੂ ਜੀ ਨੇ ਕਿਹਾ, 'ਚਿੰਤਾ ਨਾ ਕਰੋ। ਬਾਉਲੀ ਵਿਚ ਦੱਖਣ ਦੇ ਪਾਸੇ ਗੰਗਾ ਦਾ ਵਹਿਣ ਹੈ। ਓਥੋਂ ਆਪਣਾ ਲੋਟਾ ਭਾਲ ਲੈ।'

ਉਸ ਪੁਰਸ਼ ਨੇ ਬਾਉਲੀ ਵਿਚ ਭਾਲਿਆ, ਤਾਂ ਦੱਖਣ ਦੇ ਪਾਸੇ ਲੋਟਾ ਮਿਲ ਗਿਆ।

ਏਥੇ ਕਵੀ ਜੀ ਲਿਖਦੇ ਹਨ :

"ਬੀਚ ਬਾਪਿਕਾ ਸੁਰਸਰਿ ਨੀਰ।
ਇਮਿ ਆਨਯੋ ਸਤਿਗੁਰੂ ਗਹੀਰ।
ਤੀਨ ਲੋਕ ਕੇ ਤੀਰਥ ਜਈ।
ਸ੍ਰੀ ਗੁਰ ਚਰਨ ਬਿਖੈ ਬਸੁਤੇਈ ।੩੯।"

(ਇਕ ਪਾਸੇ ਤਾਂ ਗੁਰੂ ਜੀ ਦੀ ਵਡਿਆਈ। ਤੀਨ ਲੋਕ ਦੇ ਤੀਰਥ ਗੁਰੂ ਜੀ ਦੇ ਚਰਨਾਂ ਵਿਚ ਵੱਸਦ ਹਨ।ਤੇ ਦੂਸਰੇ ਪਾਸੇ ਬਾਪਿਕਾ=ਬਾਉਲੀ—ਵਿਚ ਸੁਰਸਰਿ=ਗੰਗਾ ਦਾ ਵਹਿਣ ਲੈ ਆਂਦਾ ਹੈ, ਤਾਂ ਕਿ ਸ਼ਰਧਾਲੂ ਸਮਝਣ, ਕਿ ਬਾਉਲੀ ਗੰਗਾ ਕਰ ਕੇ ਹੀ ਪਵਿੱਤਰ ਹੈ।)

ਇਕ ਦਿਨ ਇਕ 'ਸਿੱਧ' ਆਇਆ। ਉਸਨੇ ਬੇਨਤੀ ਕੀਤੀ, 'ਮਹਾਰਾਜ! ਬਹੁਤ ਤਪ ਕੀਤਾ ਹੈ, ਤੇ ਸਿੱਧੀ ਪ੍ਰਾਪਤ ਕੀਤੀ ਹੈ, ਪਰ ਸ਼ਾਂਤੀ ਨਸੀਬ ਨਹੀਂ ਹਈ। ਹੁਣ ਆਪਣਾ ਸਿੱਖ ਬਣਾ ਲਵੋ।'

ਹਜ਼ੂਰ ਨੇ ਫ਼ੁਰਮਾਇਆ, 'ਇਹ ਸਰੀਰ ਤਿਆਗ ਕੇ ਫਿਰ ਆਓ।'

ਸਿੱਧ ਨੇ ਇੱਛਿਆ ਅਨਸਾਰ ਸਰੀਰ ਤਿਆਗ ਦਿਤਾ।

ਅੱਸੂ ਪਏ

(ਉਹ ਜੋਗੀ 'ਅਨੰਦ' ਦੇ ਰੂਪ ਵਿਚ ਜਨਮਿਆਂ)

ਗੁਰੂ ਅਮਰਦਾਸ ਜੀ ਦੇ ਦੋ ਸਾਹਿਬਜ਼ਾਦੇ ਸਨ, ਵੱਡਾ 'ਮੋਹਨ', ਤੇ ਛੋਟਾ 'ਮੋਹਰੀ' ਮੋਹਰੀ ਦਾ ਪੁੱਤਰ 'ਅਰਥ ਮੱਲ' ਹੋਇਆ। ਮੋਹਰੀ ਘਰ ਦੂਸਰਾ ਪੁੱਤਰ, ਓਹਾ ਜੋਗੀ ਜਨਮਿਆਂ। ਗੁਰੂ ਜੀ ਨੇ ਉਸਦਾ ਨਾਮ 'ਅਨੰਦ' ਰੱਖਿਆ। ਉਸ ਖ਼ੁਸ਼ੀ ਵਿਚ ਗੁਰੂ ਜੀ ਨੇ ਬਾਣੀ 'ਅਨੰਦ' ਉਚਾਰੀ, ਅਠੱਤੀ ਪੌੜੀਆਂ।

Digitized by Panjab Digital Library | www.panjabdigilib.org

"ਪੌੜੀ ਕਰੀ ਦੋਇ ਕਮ ਚਾਲੀ ।...੧੫।"
"ਚਤੁਰਥ ਪਾਤਸ਼ਾਹ ਜਬਿ ਭਏ ।
ਇਕ ਪੌੜੀ ਤਿਨਹੂੰ ਰਚ ਕਏ ।੨੪।
ਇਕ ਸ੍ਰੀ ਅੁਰਜਨ ਤਿਹ ਸੰਗ ਜੋੜੀ ।
ਅਨੰਦ ਮਹਾਤਮ ਚਾਲਿਸ ਪੌੜੀ ।...੨੫।"

(ਮੇਰੇ ਨਿਸਚੇ ਅਨਸਾਰ ਚਾਲੀ ਦੀਆਂ ਚਾਲੀ ਪਉੜੀਆਂ ਹੀ ਗੁਰੂ ਅਮਰਦਾਸ ਜੀ ਦੀ ਰਚਨਾ ਹੈ ।)

ਮੋਹਰੀ ਜੀ ਦੇ ਘਰ ਤੀਸਰਾ ਪੁੱਤਰ 'ਅਰਜਾਨੀ' ਹੋਇਆ । ਇਹ ਬਾਲਕ ਮਰ ਗਿਆ, ਤਾਂ ਉਸਦੀ ਮਾਤਾ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਜ਼ਿੰਦਾ ਕਰ ਦਿਤਾ ਤੇ ਅਰਜਾਨੀ ਨਾਮ ਧਰਿਆ ।

ਮੋਹਨ ਮਸਤਾਨਾ ਸੀ । ਇਕ ਦਿਨ ਉਹ ਘਰੋਂ ਬਾਹਰ ਨਿਕਲ ਗਿਆ । ਸਿੱਖ ਭਾਲ ਕੇ ਆਏ, ਤਾਂ ਵੇਖਿਆ, ਕਿ ਮੋਹਨ ਅੰਦਰ ਬੈਠਾ ਹੈ । (ਕਰਾਮਾਤ) । ਕਦੇ ਉਹ ਪਰਗਟ ਹੋ ਜਾਵੇ, ਕਦੇ ਲੋਪ ਹੋ ਜਾਵੇ ।

ਇਕ ਦਿਨ ਮਾਤਾ ਜੀ ਨੇ ਆ ਕੇ ਗੁਰੂ ਜੀ ਪਾਸ ਮੋਹਨ ਬਾਰੇ ਕਿਹਾ,

"ਜਾਨਤ ਹੁਤੇ ਜਿ ਇਮਿ ਮਨ ਮਾਂਹੂੰ ।
ਤੋ ਕਾਹੇ ਕੀਨਸਿ ਇਸ ਬਯਾਹੂ ।੪੨।"

ਗੁਰੂ ਜੀ ਨੇ ਹੁਕਮ ਕੀਤਾ, ਕਿ ਨੌਂਹ ਨੂੰ ਨਵੇਂ ਬਸਤਰ ਪਹਿਨਾਂ ਕੇ ਮੋਹਨ ਪਾਸ ਲੈ ਜਾਓ । ਮਾਤਾ ਜੀ ਨੇ ਐਸਾ ਹੀ ਕੀਤਾ ।

"ਗਮਨੀ ਆਪ ਸੰਗ ਸੋ ਲੀਨ ।
ਮੋਹਨ ਦਯਾ ਦ੍ਰਿਸ਼ਟਿ ਤਬਿ ਕੀਨ ।੪੯।"

ਮੋਹਨ ਘਰ ਪੁੱਤਰ ਹੋਇਆ । ਗੁਰੂ ਜੀ ਨੇ ਉਸਦਾ ਨਾਮ 'ਸੰਸਰਾਮ' ਰਖਿਆ । ਸੰਸਰਾਮ ਕੁਛ ਦਿਨਾਂ ਦਾ ਹੀ ਸੀ, ਜਾਂ ਉਸਦੀ ਮਾਤਾ ਸੁਰਗਵਾਸ ਹੋ ਗਈ ।

ਸੰਚਰਾਮ ਗੁਰੂ ਜੀ ਦੇ ਸੀਤ ਪ੍ਰਸਾਦ ਤੇ ਪਲਿਆ । ਵਡੇਰਾ ਹੋ ਕੇ ਉਸਨੇ ਗੁਰੂ ਸਾਹਿਬਾਨ ਦੀ ਬਾਣੀ ਪੋਥੀਆਂ ਵਿਚ ਲਿਖੀ ।

ਅੰਸੂ ੬੦

(ਤਪਾ ਤੇ ਮੁੱਖੋ ਮੁਰਾਰੀ)

ਗੋਂਦਾ ਮਰਵਾਹਾ ਖੱਤਰੀ ਸੀ । ਉਹਨਾਂ ਦਾ ਪ੍ਰੋਹਤ ਖਡੂਰ ਵਾਲੇ ਤਪੇ ਦਾ ਮਿੱਤਰ ਸੀ ।

ਬਾਉਲੀ ਤਿਆਰ ਹੋ ਗਈ । ਗੁਰੂ ਜੀ ਨੇ ਉਸਦੀ ਚੱਠ ਕੀਤੀ । ਗੁਰੂ ਜੀ ਨੇ ਸਾਰੇ ਸਾਧੂ ਸੰਤਾਂ ਤੇ ਪੰਡਤਾਂ ਨੂੰ ਪ੍ਰਸਾਦ ਵਰਜਿਆ । ਗੋਇੰਦਵਾਲ ਦੇ ਤਪੇ ਨੂੰ ਵੀ ਬੁਲਾਇਆ, ਪਰ ਉਹ ਨਾ ਆਇਆ ।

Digitized by Panjab Digital Library | www.panjabdigilib.org

ਗੁਰੂ ਜੀ ਨੇ ਪ੍ਰਸਾਦ ਛਕਣ ਵਾਲਿਆਂ ਨੂੰ ਪਹਿਲਾਂ ਇਕ ਇਕ ਰੁਪਇਆ ਦੇਣ ਦਾ ਐਲਾਨ ਕੀਤਾ, ਪਰ ਤਪਾ ਨਾ ਆਇਆ। ਗੁਰੂ ਜੀ ਨੇ ਫਿਰ ਦੋ ਰੁਪੈ, ਪੰਜ ਰੁਪੈ, ਦਸ ਰੁਪੈ, ਤੇ ਅੰਤ ਇਕ ਇਕ ਮੋਹਰ ਦੇਣ ਦਾ ਐਲਾਨ ਕੀਤਾ। ਤਪਾ ਲਾਲਚ ਵਿਚ ਆ ਗਿਆ। ਉਸਨੇ ਆਪਣਾ ਪੁੱਤਰ ਭੇਜ ਦਿਤਾ। ਪਰ,

'ਦ੍ਵਾਰੇ ਦ੍ਵਾਰ ਪ੍ਰਵੇਸ ਨ ਪਾਯੋ।
ਪਕੜ ਭੀਤ[1] ਪਰ ਪੂਤ ਚਢਾਯੋ।
ਸੋ ਗਿਰ ਪਰਯੋ ਭੀਤ ਤੇ ਤਰੇ।
ਟੂਟੀ ਟਾਂਗ ਰੁਦਨ ਬਹੁ ਕਰੇ।੧੫।

(ਗੁਰੂ ਰਾਮਦਾਸ ਜੀ ਤਪੇ ਦੇ ਪੁੱਤਰ ਦਾ ਪੰਗਤ ਵਿਚ ਆਉਣਾ ਤਾਂ ਮੰਨਦੇ ਹਨ, ਪਰ ਲੱਤ ਟੁੱਟਣ ਦਾ ਜ਼ਿਕਰ ਨਹੀਂ ਕਰਦੇ। ਵੇਖੋ ਰਾਗ ਗਉੜੀ,

"ਅਗੋ ਦੇ ਸਦਿਆਂ ਸਤੈ ਦੀ ਭਿਖਿਆ ਲਏ ਨਾਹੀ, ਪਿਛੋ ਦੇ ਪਛਤਾਇਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ।)

ਗੁਰੂ ਮਹਾਰਾਜ ਨੇ ਉਸਨੂੰ ਵੀ ਭੋਜਨ ਦੇਣ ਦਾ ਹੁਕਮ ਕੀਤਾ।

ਪ੍ਰੇਮ ਕੋਹੜੀ ਨੇ ਗੁਰੂ ਜੀ ਦਾ ਉਸਤਤ ਸੁਣੀ, ਤਾਂ ਮਨ ਵਿਚ ਪ੍ਰੇਮ ਹੋ ਗਿਆ। ਉਹ ਹਰ ਵੇਲੇ ਏਹਾ ਗਾਵੇ, "'ਗਯਾ ਕਛੋਟਾ ਲਧਾ' ਗਾਵੇ।੩੦।"

ਉਹ ਰਿੜ੍ਹਦਾ ਰਿੜ੍ਹਦਾ ਗੁਰੂ ਜੀ ਦੇ ਦਵਾਰੇ 'ਤੇ ਆ ਗਿਆ। ਸਿੱਖ ਉਸਨੂੰ ਅੰਦਰ ਨਾ ਜਾਣ ਦੇਣ। ਕਈ ਦਿਨ ਬੀਤ ਗਏ। ਇਕ ਦਿਨ ਗੁਰੂ ਜੀ ਨੇ ਫ਼ੁਰਮਾਇਆ, 'ਉਸ ਕੋਹੜੀ ਨੂੰ ਲੈ ਆਵੋ। ਸਾਡੇ ਇਸ਼ਨਾਨ ਕਰਨ ਨਾਲ ਜੋ ਪਾਣੀ ਬਹੇਗਾ, ਉਸ ਨਾਲ ਉਸ ਕੋਹੜੀ ਨੂੰ ਇਸ਼ਨਾਨ ਕਰਾਓ। ਉਹ ਰਾਜ਼ੀ (ਅਰੋਗ) ਹੋ ਜਾਵੇਗਾ। ਫਿਰ ਉਸਨੂੰ ਨਵੇਂ ਬਸਤਰ ਪਹਿਨਾ ਕੇ ਸਾਡੇ ਪਾਸ ਲੈ ਆਵੋ।'

ਸਿੱਖਾਂ ਨੇ ਓਸੇ ਤਰਾਂ ਕੀਤਾ। ਪ੍ਰੇਮਾ ਕੋਹੜੀ ਅਰੋਗ ਹੋ ਕੇ ਗੁਰੂ ਜੀ ਦੀ ਸ਼ਰਣ ਪਿਆ। ਮਹਾਰਾਜ ਨੇ ਉਸਦਾ ਨਾਮ 'ਮੁਰਾਰੀ' ਰਖਿਆ। ਫਿਰ ਗੁਰਦੇਵ ਨੇ ਕਿਹਾ, 'ਕੋਈ ਸਿੱਖ ਆਪਣੀ ਕੰਨਿਆਂ ਇਸ ਨੂੰ ਦੇਵੇ।' ਸ਼ੀਂਹੇਂ ਉਪਲ ਨੇ ਉਤਰ ਦਿਤਾ, 'ਮਹਾਰਾਜ! ਮੇਰੀ ਕੰਨਿਆਂ ਵਿਆਹੁਣ ਯਗ ਹੈ।' ਮੈਂ ਹਾਜ਼ਰ ਹਾਂ।

ਸ਼ੀਂਹੇਂ ਨੇ ਆਪਣੀ ਪਤਨੀ ਨੂੰ ਲੰਗਰ ਵਿਚ ਸੇਵਾ ਕਰਨ ਭੇਜ ਦਿਤਾ, ਤੇ ਆਪ ਆਪਣੀ ਕੰਨਿਆਂ ਸਮੇਤ ਆ ਹਾਜ਼ਰ ਹੋਇਆ।

ਗੁਰੂ ਜੀ ਦੇ ਸਾਮ੍ਹਣੇ 'ਮੱਥੋ' ਤੇ 'ਮੁਰਾਰੀ' ਦਾ ਵਿਆਹ ਹੋ ਗਿਆ।

ਪਤਾ ਲੱਗਾ, ਤਾਂ ਸ਼ੀਂਹੇ ਦੀ ਇਸਤਰੀ ਗੁਰੂ ਮਹਾਰਾਜ ਅੱਗੇ ਆ ਰੋਈ।

"ਆਈ ਰੁਦਤਿ[2] ਸਤਿਗੁਰੂ ਤੋਰ।
'ਇਹ ਕਯਾ ਕੋਨਸਿ? ਹੇ ਪ੍ਰਭੂ ਧੀਰ।

---

1 ਕੰਧ। ਦਰਵਾਜ਼ੇ ਰਾਹੀਂ ਜਾਣ ਦੀ ਥਾਂ ਕੰਧ ਟੱਪਣ ਦਾ ਯਤਨ ਕੀਤਾ।

2 ਰੋਂਦੀ ਹੋਈ।

Digitized by Panjab Digital Library | www.panjabdigilib.org

ਕੁਸ਼ਟੀ, ਮਾਤ ਪਿਤਾ ਕੁਲ ਹੀਨ ।
ਸੁਤਾ ਨਿਨਾਵੇ[1] ਕੋ ਮੁਰ ਦੀਨ' ।੬੭।''

ਗੁਰੂ ਜੀ ਨੇ ਫ਼ੁਰਮਾਇਆ, ''ਤੇਰੀ ਕੰਨਿਆਂ 'ਮਥੁ' ਹੈ, ਤੇ 'ਮੁਰਾਰੀ' ਸਾਡਾ ਪੁੱਤਰ ਹੈ । ਸਾਰੇ ਲੋਕ ਇਹਨਾਂ ਨੂੰ 'ਮਥੁ-ਮੁਰਾਰੀ' ਕਹਿਕੇ ਯਾਦ ਕਰਿਆ ਕਰਨਗੇ ।''

ਫਿਰ ਗੁਰੂ ਜੀ ਨੇ 'ਮਥੁ-ਮੁਰਾਰੀ' ਨੂੰ ਹੁਕਮ ਕੀਤਾ, ਕਿ ਘਰ ਜਾ ਕੇ ਸਿਮਰਨ ਕਰੋ, ਤੇ ਸਿੱਖੀ ਦਾ ਪਰਚਾਰ ਕਰੋ ।'

ਅੰਸੂ ੬੧

(ਖੇਡਾ ਸੋਇਰੀ ਤੇ ਗੋਂਦੇ ਦੇ ਪੁੱਤਰ)

ਪੰਡਤ ਖੇਡਾ ਸੋਇਰੀ ਦੁਰਗਾ ਦਾ ਭਗਤ ਸੀ । ਉਹ ਸਾਲ ਵਿਚ ਦੋ ਵਾਰ ਦੁਰਗਾ ਦੇ ਦਰਸ਼ਨ ਕਰਨ ਜਾਂਦਾ । ਉਹ ਪਾਣੀ ਤੇ ਭੋਜਨ, ਦੋਹਾਂ ਚੀਜ਼ਾਂ ਦਾ ਵਰਤ ਰਖਦਾ ।

ਇਕ ਵਾਰ ਉਹਦੇ ਮਨ ਗੁਰੂ ਜੀ ਦੇ ਦਰਸ਼ਨ ਕਰਨ ਦੀ ਰੀਝ ਪੈਦਾ ਹੋਈ । ਪਰ ਸਿੱਖਾਂ ਨੇ ਦੱਸਿਆ, ਕਿ ਪਹਿਲਾਂ ਲਗਰ ਵਿਚੋਂ ਭੋਜਨ ਛਕਣਾ ਪਵੇਗਾ, ਫਿਰ ਦਰਸਨ ਹੋਣਗੇ । ਖੇਡਾ 'ਸੁੱਚਮ' ਦਾ ਭੋਜਨ ਛਕਣ ਵਾਲਾ ਸੀ । ਉਹ ਬਿਨਾਂ ਦਰਸ਼ਨ ਕੀਤੇ ਹੀ ਅੱਗੇ ਤੁਰ ਗਿਆ । ਗੋਇੰਦਵਾਲ ਤੋਂ ਦੋ ਕੋਹ ਅੱਗੇ ਜਾ ਡੇਰਾ ਕੀਤਾ ।

ਰਾਤ ਖੇਡਾ ਸੁਪਨੇ ਵਿਚ ਡਰ ਗਿਆ ।

''ਦਾਰੁਨ[2] ਰੂਪ ਕਾਲਕਾ ਹੇਰਿ ।
ਤ੍ਰਾਸ[3] ਪਾਇਕਰ ਬੋਲਿਓ ਫੇਰ ।
'ਹੇ ਮਾਤਾ ! ਮੈਂ ਭਗਤ ਤੁਮਾਰਾ ।
ਕਰੂਰ ਜੋਗਨੀ ਮੁਹਿ ਪਰਵਾਰਾ[4] ।੭੦।
ਇਨ ਤੇ ਰੱਛਾ ਮੇਰੀ ਕਰੀਅਹਿ ।
ਨਹਿਂ ਭੁੱਖਹਿਂ ਸਗਰੀ ਨਿਰਵਰੀਅਹਿ ।...੭੧।''

ਸੁਪਨੇ ਵਿਚ ਹੀ ਦੇਵੀ ਨੇ ਹੁਕਮ ਕੀਤਾ, ਕਿ ਫਿਰ ਜਾ ਕੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰ, ਤਾਂ ਬਖ਼ਸ਼ਿਆ ਜਾਵੇਂਗਾ ।

ਖੇਡਾ ਓਥੋਂ ਵਾਪਸ ਮੁੜ ਆਇਆ । ਉਹਨੇ ਲੰਗਰ ਵਿਚੋਂ ਪ੍ਰਸਾਦ ਛਕਿਆ, ਤੇ ਗੁਰੂ ਜੀ ਦੇ ਦਰਸ਼ਨ ਕੀਤੇ, ਨਾਲ ਆਪਣੀ ਸਾਰੀ ਕਹਾਣੀ ਸੁਣਾਈ । ਨਾਲੇ ਖੇਡੇ ਨੇ ਕਿਹਾ, ਕਿ ਦੁਰਗਾ ਦੇ ਦਰਸ਼ਨ ਕੀਤੇ ਬਿਨਾਂ ਮੇਰਾ ਭਰਮ ਨਹੀਂ ਮਿਟਣਾ ।

ਗੁਰੂ ਜੀ ਨੇ ਕਿਹਾ,

''ਸਕਤਿ ਨ ਅਸੁ, ਜੋ ਦੁਰਗਾ ਹੇਰੈਂ ।

---

1 ਜਿਸ ਦੇ ਨਾਨਕ ਦਾਦਕ ਦਾ ਪਤਾ ਨ ਹੋਵੇ । 2 ਭਿਆਨਕ । 3 ਡਰ ।
4 ਮੈਨੂੰ ਘੇਰਿਆ ਹੋਇਆ ਹੈ ।

Digitized by Panjab Digital Library | www.panjabdigilib.org

ਹੋਇ ਬਿਦਤ ਠਹਿਰੇ ਨ ਅਗੇਰੈ ।੨੩।''

(ਤੇਰੇ ਵਿਚ ਸ਼ਕਤੀ ਨਹੀਂ, ਜੋ ਦੁਰਗਾ ਨੂੰ ਵੇਖ ਸਕੇਂ । ਉਹ ਪਰਗਟ ਹੋਈ, ਤਾਂ ਤੂੰ ਸਾਮ੍ਹਣੇ ਠਹਿਰ ਨਹੀਂ ਸਕੇਂਗਾ ।)

ਖੇਡੇ ਨੇ ਕਿਹਾ,

''ਕਰੁਨਾ ਕਰਹੁ, ਵਿਖਾਵਹੁ ਮੋਹੀ ।
ਸਹੋਂ ਸਕਲ ਹੀ, ਜਸ ਗਤਿ ਹੋਹੀ ।...੨੪।''

ਗੁਰੂ ਜੀ ਦੇ ਹੁਕਮ ਨਾਲ ਭਾਈ ਬੱਲੂ ਖੇਡੇ ਨੂੰ ਚੁਬਾਰੇ ਵਿਚ ਲੈ ਗਿਆ । ਖੇਡਾ ਵੇਖਕੇ ਬੇਸੁੱਧ ਹੋ ਗਿਆ ।

''ਦੇਖਯੋ ਦਿਪਤਿ[1] ਤੇਜ ਰਵਿ[2] ਜੈਸਾ ।
[3]ਅਸਤ੍ਰ ਸ਼ਸਤ੍ਰ ਤੇ ਸੁਭਤਿ ਵਿਸੇਸਾ ।੨੬।...
ਅਸ਼ਟ ਭੁਜੀ ਜਬ ਦੇਖਨ ਕਰੀ ।
ਦਿਜਬਰ ਨੇ ਸੁਧਿ ਬੁਧਿ ਸਭ ਹਰੀ ।...੨੭।''

ਖੇਡਾ ਬੇਹੋਸ਼ ਹੋ ਕੇ ਡਿੱਗ ਪਿਆ । ਬੱਲੂ ਨੇ ਓਸੇ ਤਰਾਂ ਗੁਰੂ ਜੀ ਦੇ ਚਰਨਾਂ ਵਿਚ ਲਿਆ ਧਰਿਆ । ਗੁਰੂ ਜੀ ਨੇ ਉਸਨੂੰ ਉਠਾ ਕੇ ਬਹਾ ਦਿਤਾ । ਹੋਸ਼ ਆਈ, ਤਾਂ ਖੇਡਾ ਗੁਰੂ ਜੀ ਦੇ ਚਰਨੀ ਲੱਗਾ, ਤੇ ਗੁਰੂ ਕਾ ਸਿੱਖ ਬਣਿਆਂ ।

ਗੋਂਦੇ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਗੋਇੰਦਵਾਲ ਵਸਾਇਆ ਸੀ । ਸੋ ਗੋਂਦਾ ਗੁਰੂ ਜੀ ਦੇ ਅਨਸਾਰ ਰਿਹਾ । ਮਗਰ ਗੋਂਦੇ ਦੀ ਅੰਸ ਹੰਕਾਰੀ ਹੋ ਗਈ । ਚੰਧਰ ਦੇ ਮਾਣ 'ਤੇ ਉਹਨਾਂ ਸੋਚਿਆ, ਕਿ ਗੁਰੂ ਜੀ ਤੋਂ ਧਨ ਲਿਆ ਜਾਣਾ ਚਾਹੀਦਾ ਹੈ ।

(ਏਥੇ ਕਵੀ ਜੀ ਬੜਾ ਸੁੰਦਰ ਖ਼ਿਆਲ ਦੇਂਦੇ ਹਨ ।)

''ਤੀਰਥਬਾਸੀ ਜਿਮ ਨਰ ਹੋਵਹਿਂ ।
ਨਹੀਂ ਮਹਾਤਮ ਤਿਨ ਕੋ ਜੋਵਹਿਂ ।
ਨਹਿਂ ਜ਼ਰਧਾ ਸੋਂ ਦੇਹ ਸ਼ਨਾਨਹਿਂ ।
ਨਿਸ ਦਿਨ ਮੂਢ ਅਵੱਗਯਾ ਠਾਨਹਿ ।੪੧।''

(ਈਸਾਈਆਂ ਵਿਚ ਵੀ ਇਕ ਪ੍ਰਚਲਤ ਮੁਹਾਵਰਾ ਹੈ, 'ਜਿੰਨਾ ਚਰਚ ਦੇ ਨੇੜੇ, ਓਨਾ ਖ਼ੁਦਾ ਤੋਂ ਦੂਰ' ।)

ਗੋਂਦੇ ਦੇ ਪੁੱਤਰਾਂ ਨੇ ਆ ਕੇ ਗੁਰੂ ਜੀ ਨੂੰ ਕਿਹਾ, ਕਿ ਆਪ ਸਾਡੇ ਨੱਗਰ ਵਿਚ ਵੱਸਦੇ ਹੋ, ਸੋ ਜਿਵੇਂ ਬਾਕੀ ਲੋਕ ਸਾਨੂੰ ਨਜ਼ਰਾਨਾ ਦੇਂਦੇ ਹਨ, ਤੁਸੀਂ ਵੀ ਦਿਆ ਕਰੋ ।

ਗੁਰੂ ਜੀ ਨੇ ਉਤਰ ਦਿਤਾ, 'ਏਥੇ ਤਾਂ ਸਿਰਫ਼ ਲੰਗਰ ਹੈ । ਤੁਸੀਂ ਵੀ ਆ ਕੇ ਛਕ ਲਿਆ ਕਰੋ ।'

ਗੋਂਦੇ ਦੇ ਪੁੱਤਰਾਂ ਕਿਹਾ, 'ਅਸੀਂ ਨਕਦ ਰਕਮ ਲੈਣੀ ਹੈ ।'

---

1 ਪਰਗਟ । 2 ਸੂਰਜ । 3 ਅਸਤ੍ਰ=ਜੋ ਸ਼ਸਤਰ ਮੰਤਰ ਨਾਲ ਚਲਦੇ ਹਨ। ਸ਼ਸਤਰ=ਜੋ ਹੱਥ ਨਾਲ ਚਲਦੇ ਹਨ । ਸੁਭਤਿ=ਸੋਭ ਰਹੀ ਹੈ ।

Digitized by Panjab Digital Library | www.panjabdigilib.org

ਉਹਨਾਂ ਗੁਰੂ ਜੀ ਦੇ ਵਿਰੁੱਧ ਦਿੱਲੀ ਜਾ ਫ਼ਰਯਾਦ ਕੀਤੀ।

ਦਿੱਲੀ ਦਰਬਾਰ ਵਿਚ ਇਕ ਪਠਾਣ ਗੁਰੂ ਘਰ ਦਾ ਸ਼ਰਧਾਲੂ, ਸੀ। ਉਹਨੇ ਸਾਰੀ ਸੱਚੀ ਕਹਾਣੀ ਕਹਿ ਸੁਣਾਈ। ਸੋ ਗੋਂਦੇ ਦੇ ਪੁੱਤਰ ਓਥੋਂ ਧੱਕੇ ਖਾ ਕੇ ਆਏ। ਬਹੁਤ ਬਦਨਾਮੀ ਹੋਈ, ਤੇ ਖ਼ਵਾਰ ਹੋ ਕੇ ਮਰੇ।

ਉਸ ਘਰਾਣੇ ਵਿਚੋਂ ਪਿੱਛੇ ਇਕ ਬਾਲਕ ਰਹਿ ਗਿਆ। ਗੋਂਦੇ ਦੀ ਪਤਨੀ ਉਸ ਬਾਲਕ ਨੂੰ ਲੈ ਕੇ ਗੁਰੂ ਜੀ ਦੀ ਸ਼ਰਨ ਆਈ, ਤੇ ਮਾਫ਼ੀ ਮੰਗੀ। ਗੁਰੂ ਜੀ ਨੇ ਕਿਹਾ, 'ਇਸ ਤੋਂ ਤੇਰੀ ਬੰਸ ਕਾਇਮ ਰਹੇਗੀ।'

ਅੰਸੂ ੬੨

(ਬੇਨੀ ਪੰਡਤ ਤੇ ਹੋਰ ਸਿੱਖ)

ਬੇਨੀ ਪੰਡਤ ਸ਼ਾਸਤਰਾਂ ਦਾ ਮਹਾਨ ਵਿੱਦਵਾਨ ਸੀ। ਥਾਂ ਥਾਂ ਚਰਚਾ ਕਰਦਾ ਫਿਰਦਾ, ਤੇ ਹਾਰਨ ਵਾਲੇ ਦੇ ਸਾਰੇ ਗ੍ਰੰਥ ਖੋਹ ਲੈਂਦਾ। ਉਸਦੇ ਨਾਲ ਇਕ ਊਠ ਪੁਸਤਕਾਂ ਦਾ ਤੇ ਕੁਛ ਵਿੱਦਿਆਰਥੀ ਵੀ ਹੁੰਦੇ। ਉਸ ਨੂੰ ਵਿੱਦਿਆ ਦਾ ਬਹੁਤ ਹੰਕਾਰ ਸੀ।

ਬੇਨੀ ਗੋਇੰਦਵਾਲ ਆਇਆ। ਉਸਨੇ ਗੁਰੂ ਜੀ ਤੇ ਸਵਾਲ ਕੀਤਾ, 'ਤੁਹਾਡੇ ਸਿੱਖ ਜਪ ਤਪ ਨਹੀਂ ਕਰਦੇ, ਕਲਿਆਣ ਕਿਵੇਂ ਹੋਵੇਗੀ ?'

ਗੁਰੂ ਜੀ ਨੇ ਫ਼ੁਰਮਾਇਆ, 'ਕਰਮ ਕਾਂਡ ਵਿਚ ਹੰਕਾਰ ਹੁੰਦਾ ਹੈ। ਸਾਡੇ ਸਿੱਖਾਂ ਦੀ ਕਲਿਆਣ ਸੇਵਾ ਤੇ ਸਿਮਰਨ ਵਿਚ ਹੈ।'

ਬੇਨੀ ਨੇ ਸੋਚਿਆ, 'ਗੁਰੂ ਜੀ ਦਾ ਕਥਨ ਸੱਚ ਹੈ। ਮੈਨੂੰ ਵੀ ਤਾਂ ਵਿੱਦਿਆ ਦਾ ਹੰਕਾਰ ਹੈ।' ਅੰਤ ਉਸਨੇ ਗੁਰੂ ਜੀ ਤੋਂ ਉਪਦੇਸ਼ ਚਾਹਿਆ, ਜਿਵੇਂ ਕਲਿਆਣ ਹੋਵੇ।

ਹਜ਼ੂਰ ਨੇ ਸਬਦ ਉਚਾਰਿਆ,

"ਇਹ ਮਨੁ ਗਿਰਹਾ, ਕਿ ਇਹੁ ਮਨੁ ਉਦਾਸੀ।...।"

(ਮਲਾਰ, ਮ. ੩ ੧੨੬੧)

ਬੇਨੀ ਨੇ ਸਾਰੇ ਗ੍ਰੰਥ ਦਰਿਆ ਪ੍ਰਵਾਹ ਕਰ ਦਿਤੇ, ਤੇ ਸਤਿਗੁਰ ਦੀ ਸੇਵਾ ਵਿਚ ਲੱਗ ਗਿਆ। ਅੰਤ ਕੁਛ ਸਮੇਂ ਪਿਛੋਂ ਬੇਨੀ ਵਿਦਿਆ ਹੋ ਗਿਆ।

ਫਿਰਯਾ ਤੇ ਕਟਾਰਾ ਦੋ ਸਿੱਖ ਸਨ। ਗੁਰੂ ਜੀ ਨੇ ਕਿਹਾ, ਆਪਣੇ ਇਲਾਕੇ ਵਿਚ ਜਾ ਕੇ ਸਿੱਖੀ ਦਾ ਪਰਚਾਰ ਕਰੋ।

ਉਹਨਾਂ ਕਿਹਾ, ਕਿ ਉਹਨਾਂ ਦੇ ਇਲਾਕੇ ਵਿਚ ਕੰਨ-ਪਾਟੇ ਜੋਗੀਆਂ ਦਾ ਜ਼ੋਰ ਹੈ। ਉਹ ਜੰਤ੍ਰ ਮੰਤ੍ਰ ਦੇ ਧਨੀ ਹਨ। ਲੋਕ ਉਹਨਾਂ ਨੂੰ ਮੰਨਦੇ ਹਨ।

ਗੁਰੂ ਜੀ ਨੇ ਕਿਹਾ, 'ਤੁਸੀਂ ਜਾ ਕੇ ਸਤਿਨਾਮ ਦਾ ਉਪਦੇਸ਼ ਦਿਓ। ਜੋਗੀ ਤੁਹਾਨੂੰ ਵੇਖ ਕੇ ਨੱਸ ਜਾਣਗੇ।'

ਗੁਰੂ ਤੇ ਭਰੋਸਾ ਰੱਖ ਕੇ ਵੱਡੇ ਜੋਗੀ ਦੇ ਮੱਠ ਵਿਚ ਗਏ। ਉਹ ਜੋਗੀ ਨੇ ਬਥੇਰੇ ਜੰਤ੍ਰ ਮੰਤ੍ਰ ਕੀਤੇ, ਪਰ ਅੰਤ ਹਾਰ ਕੇ ਨੱਸ ਗਿਆ। ਲੋਕਾਂ 'ਤੇ ਇਸ ਗੱਲ ਦਾ ਅਸਰ ਹੋਇਆ।

Digitized by Panjab Digital Library | www.panjabdigilib.org

ਸੋ ਉਹਨਾਂ ਮੱਠ ਢਾਹ ਕੇ ਓਥੇ ਧਰਮਸਾਲ ਬਣਾ ਦਿਤੀ, ਤੇ ਸਤਿਨਾਮ ਦਾ ਸਿਮਰਨ ਹੋਣ ਲੱਗਾ।

ਜਿੱਥੇ ਜਿੱਥੇ ਵੀ ਜੋਗੀਆਂ ਦੇ ਮੱਠ ਸਨ, ਉਹ ਛਡ ਕੇ ਨੱਸ ਗਏ, ਤੇ ਫਿਰੇ ਤੇ ਕਟਾਰੇ ਦੇ ਉਪਦੇਸ਼ ਨਾਲ ਓਥੇ ਧਰਮਸਾਲਾਂ ਬਣ ਗਈਆਂ।

ਅੰਸੂ ੬੩

(ਬਾਲਕ ਜ਼ਿੰਦਾ ਕਰਨਾ—ਅਕਬਰ ਦਾ ਆਉਣਾ)

ਕਵੀ ਜੀ ਗੋਇੰਦਵਾਲ ਦੀ ਉਸਤਤ ਕਰਦੇ ਹਨ, ਜੋ ਪੁਰਸ਼ ਮਰ ਜਾਂਦਾ, ਗੁਰੂ ਜੀ ਚਰਨ ਛੁਹਾ ਕੇ ਉਸਨੂੰ ਜ਼ਿੰਦਾ ਕਰ ਦੇਂਦੇ।

ਇਕ ਵਿਧਵਾ ਦਿਸਹਰੀ ਦਾ ਪੁੱਤਰ ਤਾਪ ਨਾਲ ਮਰ ਗਿਆ। ਉਹ ਅੱਧੀ ਰਾਤ ਵਿਰਲਾਪ ਕਰ ਰਹੀ ਸੀ। ਉਹਨੇ ਆਪਣਾ ਪੁੱਤਰ ਚੁਕ ਕੇ ਗੁਰੂ ਜੀ ਦੇ ਦੁਆਰੇ 'ਤੇ ਆ ਪਾਇਆ।

ਗੁਰੂ ਜੀ ਨੇ ਬੱਲੂ ਨੂੰ ਭੇਜਿਆ, 'ਜਾ ਕਹੋ, ਪ੍ਰਭਾਤ ਹੋਣ ਤਕ ਚੁੱਪ ਰਹੇ। ਸੂਰਜ ਚੜ੍ਹਨ ਨਾਲ ਉਹਦਾ ਦੁੱਖ ਦੂਰ ਹੋ ਜਾਵੇਗਾ।'

ਮਗਰ ਮਾਂ ਨੂੰ ਚੈਨ ਕਿੱਥੇ। ਉਹ ਸਗੋਂ ਉੱਚੀ ਉੱਚੀ ਵਿਰਲਾਪ ਕਰਨ ਲੱਗੀ। ਅੰਤ ਗੁਰੂ ਜੀ ਨੇ ਜਾ ਕੇ ਚਰਨ ਛੁਹਾਏ, ਤੇ ਉਹ ਮੁਰਦਾ ਜ਼ਿੰਦਾ ਹੋ ਗਿਆ।

ਗੁਰੂ ਜੀ ਨੇ ਬੱਲੂ ਨੂੰ ਕਿਹਾ,

"ਮ੍ਰਿਤਕ ਜਿਵਾਵਨ ਭਲੀ ਨ ਬਾਤ।
ਯਾਂ ਤੇ ਅਬਿ ਇਸ ਤੇ ਉਪਰਾਂਤਿ।
ਨਰ ਤ੍ਰਿਯ ਮ੍ਰਿਤਕ ਹੋਇ ਕਬਿ ਨਾਂਹੀ।
ਜਬ ਲਗ ਤਨ ਧਰਿ ਹਮ ਪੁਰ ਮਾਂਹੀ ।੨੮।"

(ਅੱਗੇ ਗੁਰੂ ਜੀ ਦੀ ਉਪਮਾ ਹੈ।)

ਦਿੱਲੀ ਤੋਂ ਲਾਹੌਰ ਨੂੰ ਜਾਂਦਾ ਹੋਇਆ ਅਕਬਰ ਬਾਦਸ਼ਾਹ ਗੋਇੰਦਵਾਲ ਉਤਰਿਆ। ਉਸਨੇ ਗੁਰੂ ਜੀ ਦੇ ਦਰਸ਼ਨਾ ਦੀ ਇੱਛਿਆ ਕੀਤੀ।

ਬੱਲੂ ਨੇ ਗੁਰੂ ਜੀ ਤੋਂ ਪੁੱਛ ਕੇ ਬਾਦਸ਼ਾਹ ਦੇ ਰਾਹ ਵਿਚ ਫ਼ਰਸ਼ ਵਿਛਾ ਦਿਤੇ। ਅਕਬਰ ਨੇ ਉਹਨਾਂ ਸੁੰਦਰ ਬਸਤਰਾਂ 'ਤੇ ਪੈਰ ਨਹੀਂ ਧਰਿਆ। ਸਗੋਂ ਬਸਤਰ (ਫ਼ਰਸ਼) ਪਾਸੇ ਕਰਕੇ ਨੰਗੇ ਪੈਰੀਂ ਗਿਆ।

(ਗੁਰੂ ਘਰ ਵਿਚ ਤਾਂ 'ਰਾਉ ਰੰਕ ਬਰਾਬਰੀ' ਦਾ ਸਿਧਾਂਤ ਹੈ। ਫਿਰ ਬਾਦਸ਼ਾਹ ਵਾਸਤੇ ਇਹ ਉਚੇਚ ਕਿਉਂ? ਫਿਰ ਅਕਬਰ ਨੇ ਪਹਿਲਾਂ ਲੰਗਰ ਵਿਚੋਂ ਪ੍ਰਸਾਦ ਨਹੀਂ ਸੀ ਛਕਿਆ।)

"ਨਹੀਂ ਦੇਗ ਤੇ ਅਚਯੋ ਅਹਾਰਾ।
ਇਹੀ ਨੇਮ ਗੁਰ ਰਿਦੇ ਚਿਤਾਰਾ ।੫੦।"

Digitized by Panjab Digital Library | www.panjabdigilib.org

ਫਿਰ ਬਾਦਸ਼ਾਹ ਨੇ ਉਹ ਖਾਣਾ ਮੰਗਿਆ, ਜੋ ਗੁਰੂ ਜੀ ਛਕਦੇ ਸਨ। ਗੁਰੂ ਜੀ ਦੇ ਹੁਕਮ ਅਨਸਾਰ ਬੱਲੂ ਨੇ ਅਲੂਣਾ 'ਓਗਰਾ' ਲਿਆ ਪੇਸ਼ ਕੀਤਾ। ਬਾਦਸ਼ਾਹ ਨੇ ਜਿੰਨੀਆਂ ਗਰਾਹੀਆਂ ਭਰੀਆਂ, ਹਰ ਇਕ ਵਿਚੋਂ ਵੱਖ ਵੱਖ ਸੁਆਦ ਆਇਆ।

ਅਕਬਰ ਨੇ ਕਿਹਾ, 'ਕੋਈ ਸੇਵਾ ਬਖ਼ਸ਼ੋ।'

ਗੁਰੂ ਜੀ ਨੇ ਫ਼ੁਰਮਾਇਆ, 'ਸਭ ਕਰਤਾਰ ਦੀ ਮੇਹਰ ਹੈ।'

ਫਿਰ ਵੀ ਅਕਬਰ ਖ਼ੁਸ਼ ਹੋ ਕੇ ਕੁਛ ਪਿੰਡਾਂ ਦਾ ਪਟਾ ਦੇ ਗਿਆ।

ਅੰਸੂ ੬੪

(ਬੀਬੀ ਭਾਨੀ—ਤੇ ਹੋਰ ਸਾਖੀ)

ਪਿੰਡਾਂ ਦਾ ਪਟਾ ਰਾਮਦਾਸ ਜੀ ਦੇ ਨਾਮ ਮਿਲਿਆ।

ਹਜ਼ੂਰੇ ਦੀ ਛੋਟੀ ਪੁੱਤਰੀ ਭਾਨੀ ਗੁਰੂ ਸਮਝ ਕੇ ਸੇਵਾ ਕਰਿਆ ਕਰਦੀ ਸੀ। ਇਕ ਦਿਨ ਭਾਨੀ ਜੀ ਨੇ ਕਿਹਾ, ਕਿ ਸਾਡੇ ਸ਼ਰੀਕ ਧਨੀ ਹਨ। ਉਹ ਸੋਨੇ ਦੇ ਜ਼ੇਵਰ ਪਹਿਨਦੇ ਹਨ।

ਲਾਗੇ ਇਕ ਸਿਲ (ਇੱਟ) ਪਈ ਸੀ। ਗੁਰੂ ਜੀ ਨੇ ਕਿਹਾ, 'ਇਹ ਉਠਾ ਲੈ, ਤੇ ਜ਼ੇਵਰ ਬਣਵਾ ਲੈ।'

ਭਾਨੀ ਨੇ ਉਠਾ ਲਈ। ਉਹ ਇੱਟ ਸੋਨੇ ਦੀ ਬਣ ਗਈ। (ਕਰਾਮਾਤ।) ਭਾਨੀ ਨੇ ਉਸਦੇ ਗਹਿਣੇ ਬਣਵਾ ਲਏ।

ਗੋਇੰਦਵਾਲ ਤੋਂ ਤਿੰਨ ਕੋਹ ਦੂਰ ਨਗਰ ਤਲਵੰਡੀ ਦਾ ਇਕ ਲੰਗੜਾ ਸਿੱਖ ਰੋਜ਼ ਗੁਰੂ ਜੀ ਵਾਸਤੇ ਦਹੀਂ ਲਿਆਇਆ ਕਰਦਾ ਸੀ।

ਇਕ ਦਿਨ ਪਿੰਡ ਦੇ ਚੌਧਰੀ ਨੇ ਉਸਦੀ ਲੱਕੜੀ ਦੀ ਲੱਤ (ਫੌਹੜੀ) ਖੋਹ ਲਈ, ਤੇ ਤਾਹਨਾ ਦਿਤਾ, 'ਰੋਜ਼ ਗੁਰੂ ਦੀ ਸੇਵਾ ਕਰਦਾ ਏਂ, ਉਹ ਤੇਰੀ ਲੱਤ ਰਾਜ਼ੀ ਨਹੀਂ ਕਰ ਸਕਦੇ?'

ਸਿੱਖ ਦਹੀਂ ਲੈ ਕੇ ਦੇਰ ਨਾਲ ਪੁੱਜਾ। ਗੁਰੂ ਜੀ ਦੇ ਪੁਛਣ ਉਤੇ ਉਸਨੇ ਸਾਰੀ ਕਥਾ ਕਹਿ ਸੁਣਾਈ। ਗੁਰੂ ਜੀ ਨੇ ਕਿਹਾ, 'ਸ਼ਾਹ ਹੁਸੈਨ ਕੋਲ ਜਾਹ। ਉਹ ਤੇਰੀ ਲੱਤ ਠੀਕ ਕਰ ਦੇਵੇਗਾ।'

ਸਿੱਖ ਸ਼ਾਹ ਹੁਸੈਨ ਪਾਸ ਗਿਆ। ਉਸਨੇ ਸਾਰੀ ਗੱਲ ਸੁਣਾਈ, ਤਾਂ ਸ਼ਾਹ ਹੁਸੈਨ ਅੱਗੋਂ ਸੋਟਾ ਮਾਰਨ ਪਿਆ। ਸਿੱਖ ਡਰਦਾ ਨੱਸਿਆ, ਤਾਂ ਉਸਦੀ ਲੱਤ ਠੀਕ ਹੋ ਗਈ। ਸਿੱਖ ਭੌਂ ਕੇ ਸ਼ਾਹ ਹੁਸੈਨ ਦੇ ਚਰਨੀ ਜਾ ਪਿਆ। ਸ਼ਾਹ ਹੁਸੈਨ ਨੇ ਕਿਹਾ,

"ਸ੍ਰੀ ਗੁਰ ਅਮਰਦਾਸ ਸਭਿ ਸ੍ਵਾਮੀ।
ਕਰਹਿਂ ਆਪ, ਹਮ ਦੇਂ ਬਦਨਾਮੀ।...੩੯।"

ਉਹ ਲੰਗੜਾ ਸਿੱਖ ਅਰੋਗ ਹੋ ਕੇ ਗੁਰੂ ਜੀ ਦੇ ਚਰਨੀ ਆ ਪਿਆ।

ਇਕ ਦਿਨ ਬਾਬਾ ਬੁੱਢਾ ਆਦਿ ਸਿੱਖਾਂ ਨੇ ਪੁਛਿਆ, 'ਮਹਾਰਾਜ! ਸਿੱਖ ਦੀ

Digitized by Panjab Digital Library | www.panjabdigilib.org

ਰਹਿਣੀ ਬਾਰੇ ਫ਼ੁਰਮਾਓ।'

ਗੁਰੂ ਜੀ ਨੇ ਫ਼ੁਰਮਾਇਆ, 'ਗੁਰੂ ਦੀ ਆਗਿਆ ਅਨਸਾਰ ਚਲਦਾ ਹੋਇਆ ਸਿੱਖ ਚੰਗੇ ਕਰਮ ਕਰੇ।...।'

ਅੰਮ੍ਰਿਤ ਵੇਲਾ

(ਭੋਜਨ ਬਾਰੇ—ਭਾਨੀ ਨੂੰ ਵਰ)

ਇਕ ਦਿਨ ਬੁਢਾ ਜੀ ਨੇ ਕਿਹਾ, 'ਮਹਾਰਾਜ! ਆਪ ਅਲੂਣਾ ਓਗਰਾ ਛਕਦੇ ਹੋ, ਤੇ ਸੰਗਤ ਵਾਸਤੇ ਅਨੇਕ ਪਦਾਰਥ?'

ਮਹਾਰਾਜ ਨੇ ਫ਼ੁਰਮਾਇਆ, 'ਜੋ ਸੰਗਤ ਛਕਦੀ ਹੈ, ਉਹ ਸਭ ਸਾਨੂੰ ਹੀ ਪਹੁੰਚਦਾ ਹੈ। ਐਧਰ ਵੇਖੋ।'

ਗੁਰੂ ਜੀ ਨੇ ਚੁਲਾ ਕੀਤਾ, ਤਾਂ ਉਸ ਵਿਚ ਉਹ ਸਭ ਕੁਛ ਰਲਿਆ ਹੋਇਆ ਸੀ, ਜੋ ਸੰਗਤ ਨੇ ਛਕਿਆ ਸੀ।

ਗੁਰੂ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਫਿਰ ਕਿੱਲੀ ਫੜ ਕੇ ਖਲੋ ਕੇ ਭਜਨ ਕਰਦੇ।

"ਚਿਰੰਕਾਲ ਲਗ ਠਾਢੇ ਰਹੈਂ।
ਕਿਲਕ ਭੀਤ ਮਹਿਂ ਕਰ ਸੌ ਗਹੈਂ।੨੦।"

(ਕਿਲਕ=ਕਿੱਲੀ। ਭੀਤ=ਕੰਧ। ਕਰ=ਹੱਥ।)

ਗੁਰੂ ਜੀ ਪਲੰਘ 'ਤੇ ਬਿਰਾਜ ਰਹੇ ਸਨ। ਬਾਲਕ ਅਰਜਨ ਗੁਰੂ ਜੀ ਦੇ ਪਲੰਘ ਦੀ ਬਾਹੀ ਨਾਲ ਜਾ ਖਲਾ। ਬਾਬੀ ਭਾਨੀ ਦੌੜ ਕੇ ਗਈ, ਤੇ ਬਾਲਕ ਨੂੰ ਪਕੜਨ ਲੱਗੀ। ਗੁਰੂ ਜੀ ਨੇ ਕਿਹਾ, 'ਖਲਾ ਰਹਿਣ ਦਿਓ।' ਬਾਲਕ ਅਰਜਨ ਪੈਰ ਚੁੱਕ ਕੇ ਪਲੰਘ 'ਤੇ ਧਰਨ ਲਗਾ, ਤਾਂ ਗੁਰੂ ਜੀ ਨੇ ਫ਼ੁਰਮਾਇਆ,

"ਗੁਰੂ ਦੇਖ ਕਰਿ ਬਾਕ ਬਖਾਨੇ।
ਅਬ ਤੇ ਹੀ ਗਾਦੀ ਲਲਚਾਨੇ।
ਅਪਨੇ ਪਿਤਾ ਪਾਸ ਤੇ ਲੀਜਹਿ।
ਤਬਿ ਲਗੁ ਧੀਰਜ ਧਾਰਿ ਥਿਰੀਜਹਿ।੫੪"।

ਨਾਲ ਹੀ ਗੁਰੂ ਜੀ ਨੇ ਵਰ ਦਿਤਾ,

"ਬਾਣੀ ਕੋ ਬੋਹਥ ਬਡ ਹ੍ਵੈ ਹੈਂ।...੫੩।"

(ਦੋਹਿਤਾ, ਬਾਣੀ ਕਾ ਬੋਹਿਥਾ।)

Digitized by Panjab Digital Library | www.panjabdigilib.org

ਅੰਸੂ ੬੬

(ਪਾਰੋ ਸੁਰਗਵਾਸ—ਮੋਹਰੀ ਨੇ ਟਕੇ ਗਿਣੇ)

ਗੁਰੂ ਜੀ ਨੇ ਇਕ ਦਿਨ ਭਾਈ ਪਾਰੋ ਪਰਮ ਹੰਸ ਨੂੰ ਕਿਹਾ, 'ਅਸੀਂ ਚਾਹੁੰਦੇ ਹਾਂ, ਗੁਰਿਆਈ ਦੀ ਗੱਦੀ ਤੈਨੂੰ ਦੇ ਦੇਈਏ ।' ਪਾਰੋ ਨੇ ਚਰਨ ਪਕੜਕੇ ਕਿਹਾ, 'ਮੈਨੂੰ ਸਿੱਖੀ ਪਰਵਾਨ ਹੈ, ਗੁਰਿਆਈ ਨਹੀਂ ।' ਤਾਂ ਹਜ਼ੂਰ ਨੇ ਹੁਕਮ ਕੀਤਾ, 'ਫਿਰ ਆਪਣੇ ਘਰ ਜਾ ਕੇ ਸਰੀਰ ਤਿਆਗ ਦਿਹੋ ।'

ਭਾਈ ਪਾਰੋ ਨੇ ਘਰ ਜਾ ਕੇ ਸਾਰਾ ਸਾਮਾਨ ਲੋਕਾਂ ਨੂੰ ਵੰਡ ਦਿਤਾ, ਇਕ ਘੋੜੀ ਤੇ ਕੁਛ ਬਸਤਰ ਗੁਰੂ ਜੀ ਪਾਸ ਭੇਜ ਦਿਤੇ, ਤੇ ਆਪ ਸਰੀਰ ਤਿਆਗ ਦਿਤਾ ।

ਪਾਰੋ ਨੇ ਡੱਲੇ ਨਗਰ ਜਾ ਕੇ ਸਰੀਰ ਤਿਆਗਿਆ ਸੀ । ਗੁਰੂ ਜੀ ਨੇ ਮੋਹਰੀ ਜੀ ਨੂੰ ਓਥ ਭੇਜਿਆ । ਨਗਰ ਵਾਲਿਆਂ ਨੇ ਉਹ ਘੋੜੀ ਤੇ ਬਸਤਰ ਆਦਿ ਮੋਹਰੀ ਜੀ ਨੂੰ ਸੌਂਪ ਦਿਤੇ । ਅਗਲੇ ਦਿਨ ਮੋਹਰੀ ਜੀ ਵਾਪਸ ਆ ਗਏ । ਗੁਰੂ ਜੀ ਨੇ ਉਹ ਸਭ ਵਸਤਾਂ ਰਾਮਦਾਸ ਜੀ ਨੂੰ ਬਖ਼ਸ਼ ਦਿਤੀਆਂ ।

ਇਕ ਦਿਨ ਮੋਹਰੀ ਜੀ ਨੇ ਕਿਹਾ, 'ਮੈਂ ਲੱਖ ਟਕਾ ਕਦੇ ਨਹੀਂ ਵੇਖਿਆ ।'

ਅਗਲੇ ਦਿਨ ਗੁਰੂ ਜੀ ਨੇ ਹੁਕਮ ਕੀਤਾ, ਕਿ ਹਰ ਸਿੱਖ ਪੰਜ ਪੈਸੇ ਭੇਟਾ ਧਰਕੇ ਮੱਥਾ ਟੇਕੇ ।

ਪੈਸਿਆਂ ਦਾ ਢੇਰ ਲੱਗ ਗਿਆ । ਗੁਰੂ ਜੀ ਨੇ ਮੋਹਰੀ ਜੀ ਨੂੰ ਬੁਲਾ ਕੇ ਕਿਹਾ, ਇਹਨਾਂ ਨੂੰ ਗਿਣੋ ।

ਮੋਹਰੀ ਜੀ ਦੇ ਗਿਣਦਿਆਂ ਹੱਥ ਕਾਲੇ ਹੋ ਗਏ ।

"ਤਬਿ ਸ੍ਰੀ ਅਮਰਦਾਸ ਬਚ ਕਹਯੋ ।
ਧਨ ਕੋ ਤੁਮ ਸੁਭਾਵ ਭੀ ਲਹਯੋ ।
ਜਿਸ ਤੇ ਛੁਵਤ ਭਏ ਕਰ ਕਾਰੇ ।
ਮਨ ਕਾਰੋ ਹੁਇ ਲਗ ਬਿਵਹਾਰੇ ।੪੯।"

(ਜਿਸ ਦੇ ਗਿਣਨ ਨਾਲ ਹੱਥ ਕਾਲੇ ਹੋ ਗਏ ਹਨ, ਜੇ ਇਸ ਵਿਚ ਖੁਭ ਜਾਇ, ਤਾਂ ਮਨ ਵੀ ਕਾਲਾ ਹੋ ਜਾਂਦਾ ਹੈ ।)

ਅੰਸੂ ੬੭

(ਰਾਮ ਦਾਸ ਜੀ ਨੂੰ ਉਮਰ ਤੇ ਗੱਦੀ ਬਖ਼ਸ਼ੀ)

ਇਕ ਦਿਨ ਗੁਰੂ ਜੀ ਨੇ ਬੀਬੀ ਭਾਨੀ ਨੂੰ ਕਿਹਾ,

"ਰਾਮਦਾਸ ਅਬਿ ਤਨ ਪਰਹਰੈ ।
ਕਹੁ ਪੁਤ੍ਰੀ ! ਕਯਾ ਤਬਿ ਤੂ ਕਰੈ ?.. ੫।"

ਬੀਬੀ ਭਾਨੀ ਨੇ ਨੱਥ ਲਾਹ ਕੇ ਗੁਰੂ ਜੀ ਦੇ ਸਾਮ੍ਹਣੇ ਧਰ ਦਿਤੀ, ਤੇ ਕਿਹਾ,

Digitized by Panjab Digital Library | www.panjabdigilib.org

"ਮਹਾਰਾਜ ! ਜੋ ਵਿਧਵਾ ਦਾ ਧਰਮ ਹੈ, ਓਹਾ ਕਰਾਂਗੀ । ਜੋ ਹੁਕਮ ਹੋਵੇ ।"

ਗੁਰੂ ਜੀ ਨੇ ਕਿਹਾ, 'ਰਾਮਦਾਸ ਜੀ ਦੀ ਉਮਰ ਪੂਰੀ ਹੋ ਚੁੱਕੀ ਹੈ । ਸੋ,

"ਅਪਨ ਆਰਬਲ ਅਬਿ ਮੈਂ ਦੇਵੌਂ ।
ਹਿਤ ਪਰਲੋਕ ਗਮਨ ਸੁਭ ਲੇਵੌਂ । ..੧੧।"

ਗੁਰੂ ਜੀ ਨੇ ਰਾਮਦਾਸ ਨੂੰ ਬੁਲਾ ਕੇ ਕਿਹਾ, 'ਸਾਡੀ ਉਮਰ ਛੇ ਵਰ੍ਹੇ, ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਬਾਕੀ ਹੈ । ਇਹ ਅਸੀਂ ਤੈਨੂੰ ਦੇਂਦੇ ਹਾਂ ।'

ਉਸੇ ਸਮੇਂ ਰਾਮਦਾਸ ਜੀ ਨੂੰ ਨਵੇਂ ਬਸਤਰ ਪਹਿਨਾ ਕੇ ਗੁਰੂ ਜੀ ਨੇ ਆਪਣੀ ਗੱਦੀ 'ਤੇ ਬਿਠਾ ਦਿਤਾ ।

ਗੁਰੂ ਜੀ ਨੇ ਦੋਹਾਂ ਪੁੱਤਰਾਂ ਤੇ ਸਾਰੇ ਸਿੱਖਾਂ ਨੂੰ ਬੁਲਾ ਕੇ ਕਿਹਾ, 'ਅਸਾਂ ਰਾਮਦਾਸ ਨੂੰ ਗੁਰੂ ਬਣਾ ਦਿਤਾ ਹੈ । ਸਾਰੇ ਇਹਨਾਂ ਨੂੰ ਮੱਥਾ ਟੇਕੋ ।'

ਮੋਹਨ ਨੇ ਕਿਹਾ,

"ਸਭਿ ਮੈਂ ਬੋਲਯੋ 'ਨਿਵੌਂ ਨ ਆਗੈ ।
ਹਮਰੀ ਵਸਤੂ ਦੇਨ ਇਨ ਲਾਗੇ ।੩੦।
ਚਿਰੰਕਾਲ ਰਹਿ ਸਦਨ ਹਮਾਰੇ ।
ਕਰੀ ਗੁਜਰ ਸਭਿ ਜੁਤਿ ਪਰਵਾਰੇ ।
ਉਚਿਤ ਬੈਠਬੋ ਤੁਮੈ ਪਿਛਾਰੀ ।
ਅਹੈ ਮਾਲਕੀ ਸਰਬ ਹਮਾਰੀ ।੩੧।"

ਮੋਹਨ ਨੇ ਮੱਥਾ ਨਾ ਟੇਕਿਆ । ਪਰ ਗੁਰੂ ਜੀ ਦੇ ਹੁਕਮ ਅਨਸਾਰ ਮੋਹਰੀ ਨੇ ਮੱਥਾ ਟੇਕ ਦਿਤਾ ।

ਗੁਰੂ ਜੀ ਨੇ ਮੋਹਰੀ ਨੂੰ ਬਹੁਤ ਵਰ ਦਿਤੇ ।

ਫਿਰ ਰਾਮਦਾਸ ਜੀ ਨੇ ਬੇਨਤੀ ਕੀਤੀ,

"ਸ੍ਰੀ ਪ੍ਰਭ, ਮੁਝ ਸਿੱਖੀ ਪਦ ਦੀਜਹਿ ।
ਆਪ ਮੋਹਰੀ ਕਹੁ ਗੁਰ ਕੀਜਹਿ ।੫੧।"

ਉਸ ਸਮੇਂ ਬੀਬੀ ਭਾਨੀ ਨੇ ਆ ਕੇ ਬੇਨਤੀ ਕੀਤੀ,

"ਹੇ ਪ੍ਰਭੂ, ਤੁਮ ਬਖ਼ਸ਼ੀ ਗੁਰਿਆਈ ।
ਰਹਹਿ ਹਮਾਰੇ ਬੰਸ ਸਦਾਈ ।...੫੬।"
"ਸੁਨਤਿ ਕ੍ਰਿਪਾਲ ਹੋਹਿ ਬਚ ਕਹੇ ।
'ਨਹਿਂ ਕਿਤ ਜਾਹਿ, ਤੁਮਹੁ ਘਰ ਰਹੇ ।੫੭।
ਤਉ ਬਿਮਲ ਸਲਿਤਾ ਜਲ ਚਲਤਾ ।
ਪਾਯਹੁ ਬੰਧਨ ਆਗੈ ਢਲਤਾ ।
ਹੋਹਿਂ ਕਲੇਸ਼ ਉਪੱਦ੍ਰਵ ਭਾਰੇ ।
ਜਿਨ ਕਉ ਕੋ ਨ ਸਕਹਿ ਨਿਰਵਾਰੇ ।੫੮।"

Digitized by Panjab Digital Library | www.panjabdigilib.org

ਅੰਸੂ ੬੮

(ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ ।)

ਗੁਰੂ ਜੀ ਨੇ ਰਾਮਦਾਸ ਜੀ ਦੇ ਅੱਗੇ ਪੰਜ ਪੈਸੇ ਤੇ ਨਲਯੇਰ ਧਰ ਕੇ, ਪਰਦੱਖਣਾ ਕਰਕੇ ਮੱਥਾ ਟੇਕ ਦਿਤਾ । ਫਿਰ ਮੋਹਰੀ ਨੇ ਤੇ ਫਿਰ ਸਾਰੀ ਸੰਗਤ ਨੇ ਮੱਥਾ ਟੇਕਿਆ ।

ਜੋਤੀ ਜੋਤ ਸਮਾਉਣ ਦੀ ਤਿਆਰੀ ਹੋਣ ਲੱਗੀ । ਸੁਣ ਕੇ ਦਾਤੂ ਵੀ ਕੁੱਲ ਬਖ਼ਸ਼ਾਉਣ ਆਇਆ । ਉਹਦੀ ਲੱਤ ਵਿਚ ਦਰਦ ਸੀ । ਗੁਰੂ ਜੀ ਨੇ ਕਿਹਾ, ਪੰਜਵੇਂ ਗੁਰੂ ਤੁਹਾਡੇ ਕੋਲ ਆ ਕੇ ਬਖ਼ਸ਼ਣਗੇ । ਦਾਸੂ ਵੀ ਆਇਆ ।

ਮੋਹਰੀ ਜੀ ਨੇ ਅੰਤ ਸਮੇਂ ਪੁਛਿਆ, ਕਿ ਕੁਲ ਰੀਤੀ ਕਿਵੇਂ ਕੀਤੀ ਜਾਵੇ,

"ਸੁਨਿ ਸਤਿਗੁਰ ਨੇ ਕਹਯੋ ਬਿਚਾਰ ।
'ਮਮ ਨਹਿਂ ਕੁਛ ਕਰਮਨ ਅਧਿਕਾਰ ।
ਜਗ ਮਿਰਜਾਦ ਰਖੀ ਜਿ ਚਹੀਅਹਿ ।
ਪ੍ਰੇਤ ਨਾਮ ਮੁਖ ਤੇ ਨਹਿਂ ਕਹੀਅਹਿ ।੨੭।
ਸੁਰਸਰਿ ਅਸਥ ਪਿੰਡ ਕੋ ਦੀਜਹਿ ।
ਤੁਮ ਬਡ ਹੋ ਮਿਰਜਾਦ ਰਖੀਜਹਿ ।...੨੮।"

(ਇਕ ਪੰਗਤੀ ਵਿਚ ਤਾਂ ਲਿਖਦੇ ਹਨ, ਮੈਨੂੰ ਕਿਸੇ ਕਰਮਕਾਂਡ ਨਾਲ ਵਾਸਤਾ ਨਹੀਂ । ਤੇ ਨਾਲ ਹੀ ਲਿਖ ਜਾਂਦੇ ਹਨ, ਕਿ ਫੁੱਲ ਗੰਗਾ ਵਿਚ ਪਾਉਣੇ । ਇਹ ਉਲਟੀ ਦਲੀਲ ਕਿਉਂ ? ਪੰਡਤ ਦੇ ਦਬੱਾ ਕਾਰਨ ।)

ਫਿਰ,

"ਕੁਸ਼ ਆਸਨ ਪਰ ਪੌਢੇ ਦਯਾਲਾ ।੩੫।"

ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ,

"ਚੰਦ, ਅਗਨਿ, ਰਸ, ਮਹੀ, ਗਿਨ ਭਾਦੋ ਪੂਰਨਮਾਸਿ ।
ਕੁਜ ਦਿਨ ਮਹਿਂ ਸ੍ਰੀ ਸਤਿਗੁਰੂ, ਜੋਤੀ ਜੋਤਿ ਮਿਲਾਸ ।੫੮।
ਪੰਚ ਮਾਸ, ਬਾਈ ਬਰਖ, ਦਿਵਸ ਇਕਾਦਸ ਔਰ ।
ਪਾਤਿਸ਼ ਹੀ ਜਗ ਮਹਿਂ ਕਰੀ, ਭੱਲਯਨ ਕੁਲ ਸਿਰਮੌਰ ।੫੯।"

ਚੰਦ=੧+ਅਗਨਿ=੩+ਰਸ=੬+ਮਹੀ=੧=੧੬੩੧ ਬਿ. ਭਾਦਰੋਂ ਪੂਰਨਮਾਸ਼ੀ, ਮੰਗਲਵਾਰ ਨੂੰ ਗੁਰੂ ਜੀ ਜੋਤੀ ਜੋਤਿ ਸਮਾਏ ।

ਪਹਿਲੀ ਰਾਸ ਸਮਾਪਤ

Digitized by Panjab Digital Library | www.panjabdigilib.org

ਦੂਜੀ ਰਾਸ

ਅੰਸੂ ੧

(ਗੁਰੂ ਰਾਮਦਾਸ ਜੀ ਨੂੰ ਗੁਰਿਆਈ ।)

(ਮੰਗਲ)—ਅੰਕ ਇਕ ਤੋਂ ਦਸ ਤਕ ਦਸਾਂ ਗੁਰੂ ਸਾਹਿਬਾਨ ਦੀ ਉਸਤਤ ਹੈ। ਅੰਕ ਗਿਆਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਤਾਰੀਫ਼ ਹੈ।

ਅੰਕ ਬਾਰਾਂ ਵਿਚ ਸਾਰਦਾ (ਸਰਵਤੀ ਦੇਵੀ) ਦੀ ਉਪਮਾ ਹੈ। (ਇਸ ਤੋਂ ਪ੍ਰਤੀਤ ਹੁੰਦਾ ਹੈ, ਕਿ ਹਿੰਦੂ ਮੱਤ ਦੇ ਅਸਰ ਅਧੀਨ ਕਵੀ ਜੀ ਸਾਰਦਾ ਦੇਵੀ ਨੂੰ ਕਵਿਤਾ ਦੀ ਦੇਵੀ ਮੰਨਦੇ ਹਨ। ਉਹਨਾ ਦਾ ਇਸ 'ਤੇ ਵਿਸ਼ਵਾਸ ਹੈ।)

ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰੂ ਰਾਮਦਾਸ ਜੀ ਗੱਦੀ 'ਤੇ ਬੈਠੇ।

ਚੌਥੇ 'ਤੇ ਗੁਰੂ ਅਮਰਦਾਸ ਜੀ ਦੇ ਫੁੱਲ (ਅਸਥੀਆਂ) ਇਕਠੇ ਕਰਕੇ ਹਰਿਦੁਆਰ (ਗੰਗਾ) ਭੇਜੇ।

"ਸੁਰਿਸਰਿ[1] ਕੇ ਤਤ ਛਿਨ ਪਹੁੰਚਾਏ।
ਸਾਵਣ ਮੱਲ ਤਿਨ ਸੰਗ ਸਿਧਾਏ ।੨੬।"

(ਗੰਗਾ ਫੁੱਲ ਭੇਜਣੇ ਪੰਡਤ ਦੀ ਰੀਤੀ ਹੈ, ਸਿੱਖੀ ਦੀ ਨਹੀਂ।)

ਬਾਬਾ ਮੋਹਰੀ, ਬਾਬਾ ਬੁੱਢਾ ਤੇ ਹੋਰ ਮੁੱਖੀ ਸਿੱਖਾਂ ਦੇ ਜ਼ੋਰ ਦੇਣ 'ਤੇ ਚੌਥੇ ਪਾਤਸ਼ਾਹ ਸੰਗਤ ਵਿਚ ਆ ਕੇ ਸਿੰਘਾਸਣ 'ਤੇ ਬੈਠੇ। ੬

ਅੰਸੂ ੨

(ਸਿੱਧਾਂ ਨਾਲ ਚਰਚਾ)

ਆਰੰਭ ਵਿਚ ਗੁਰੂ ਰਾਮਦਾਸ ਜੀ ਦੀ ਉਸਤਤ ਹੈ।

ਪ੍ਰੀਖਿਆ ਹਿਤ 'ਸਿੱਧ' ਆਏ। ਉਹਨਾਂ ਸਵਾਲ ਕੀਤਾ, ਕਿ ਸਿੱਖ ਜੋਗ ਸਾਧਨ ਨਹੀਂ ਕਰਦੇ।

ਗੁਰੂ ਜੀ ਨੇ ਫ਼ੁਰਮਾਇਆ, ਕਿ ਕਲਿਆਣ ਸਿਮਰਨ ਤੇ ਪ੍ਰਭੂ ਪ੍ਰੇਮ ਵਿਚ ਹੈ। ਫਿਰ ਸਬਦ ਉਚਾਰਿਆ,

---

1 ਗੰਗਾ; ਹਰਿਦੁਆਰ।

Digitized by Panjab Digital Library | www.panjabdigilib.org

"ਹਥਿ ਕਰਿ ਤੰਤੁ ਵਜਾਵੈ ਜੋਗੀ, ਥੋਥਰ ਵਾਜੈ ਬੇਨ ।...।"

(ਆਸਾ, ਮ. ੪, ਪੰਨਾ ੩੬੮)

ਸਾਰੇ ਸਿੱਧ ਨਮਸਕਾਰ ਕਰ ਕੇ ਅੰਤਰ ਧਯਾਨ (ਅਲੋਪ) ਹੋ ਗਏ ।

ਸਿੰਘਾਂ ਦੇ ਪੁਛਣ 'ਤੇ ਗੁਰੂ ਜੀ ਨੇ ਦੱਸਿਆ, 'ਇਹ ਸਿੱਧ ਸਨ, ਜੋ ਸਾਡੀ ਪ੍ਰੀਖਿਆ ਲੈਣ ਆਏ ਸਨ ।'

ਅੰਸੂ ੩

(ਤਪਾ ਸਿੱਖ—ਸਿੱਖਾਂ ਨੂੰ ਉਪਦੇਸ਼)

ਬਹੁਤ ਸਾਰੇ ਤੀਰਥਾਂ ਦੀ ਯਾਤਰਾ ਕਰਕੇ ਇਕ ਤਪਾ ਆਇਆ । ਉਸਨੇ ਗੁਰਦੇਵ ਅੱਗੇ ਸਵਾਲ ਕੀਤਾ, ਕਿ ਆਪਦੇ ਸਿੱਖ ਵਰਨਆਸ਼ਰਮ ਤੇ ਵੇਦ ਸ਼ਾਸਤਰ ਨਹੀਂ ਮੰਨਦੇ । ਇਹ ਸਿਰਫ਼ ਤੁਹਾਡੀ ਬਾਣੀ ਪੜ੍ਹਦੇ ਤੇ ਵਾਹਿਗੁਰ ਸਿਮਰਦੇ ਹਨ । ਤੀਰਥਾਂ ਦੇ ਮਹਾਤਮ ਨੂੰ ਵੀ ਇਹ ਨਹੀਂ ਮੰਨਦੇ ।

ਉਤਰ ਵਿਚ ਗੁਰੂ ਜੀ ਨੇ ਸਬਦ ਉਚਾਰਿਆ,

"ਗੰਗਾ, ਜਮੁਨਾ, ਗੋਦਾਵਰੀ, ਸਰਸੁਤੀ,
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਂਈ ।...।"

(ਮਲਾਰ ਮ. ੪ ਪੰਨਾ ੧੨੬੩)

ਇਹ ਸਬਦ ਤੇ ਇਸ ਦੇ ਅਰਥ ਸੁਣ ਕੇ ਤਪਾ ਸਿੱਖ ਬਣਿਆਂ ।

ਗੁਰਦੇਵ ਦੇ ਸਪੁੱਤਰਾਂ ਦੇ ਸੁਭਾਉ ਬਾਰ ਲਿਖਿਆ ਹੈ,

"ਪ੍ਰਿਥੀਆ ਰਹਨ ਸਮੀਪੀ[1] ਲਾਗਯੋ ।
ਧਨ ਆਗਮ ਤੇ ਮਨ ਅਨੁਰਾਗਯੋ[2] ।
ਸਰਬ ਸੰਭਾਰਹਿ, ਦੇਗ ਚਲਾਵਹਿ ।
ਕਾਜ ਅਪਰ[3] ਹੈ ਸੋ ਨਿਰਬਾਵਹਿ ।੩੩।"

"ਮਹਾਦੇਵ ਮਨ ਮਸਤ ਰਹੰਤਾ ।
ਹਾਨ ਲਾਭ ਕਉ ਕਛੂ ਨ ਗਨੰਤਾ ।
ਰਿਦੇ ਪ੍ਰੇਮ ਪਿਤ ਗੁਰ ਕੇ ਭਾਰੀ ।
ਸ੍ਰੀ ਅਰਜਨ ਜੀ ਭਗਤਿ ਸੰਭਾਰੀ ।੩੪।"

ਇਕ ਦਿਨ ਸੰਗਤ ਨੂੰ ਉਪਦੇਸ਼ ਦੇਂਦਿਆਂ ਗੁਰੂ ਜੀ ਨੇ ਫ਼ੁਰਮਾਇਆ,

"ਬਿਨ ਸੇਵਾ ਤੇ ਭਗਤਿ ਨ ਪਾਵਹਿ ।
ਭਗਤਿ ਬਿਨਾ ਨਹਿ ਗਯਾਨ ਉਪਾਵਹਿ[4] ।੪੭।"

(ਅੱਗੇ ਇਕ ਫ਼ਰਜ਼ੀ ਕਹਾਨੀ ਹੈ ।)

---

1 ਨੇੜੇ; ਨਜ਼ਦੀਕ । 2 ਪਰਸੰਨ ਰਹਿੰਦਾ । 3 ਹੋਰ, ਦੂਸਰੇ । 4 ਉਪਜੇ;ਪੈਦਾ ਹੋਵੇ ।

Digitized by Panjab Digital Library | www.panjabdigilib.org

ਇਕ ਆਦਮੀ ਪੰਛੀਆਂ ਦੀ ਸੇਵਾ ਕਰਿਆ ਕਰਦਾ ਸੀ। ਇਕ ਦਿਨ ਦੋ ਹੰਸ ਆ ਗਏ। ਉਸ ਪੁਰਸ਼ ਨੇ ਉਹਨਾਂ ਅੱਗੇ ਦੁੱਧ ਤੇ ਮੋਤੀ ਰੱਖੇ। ਹੰਸ ਖਾ ਕੇ ਖ਼ੁਸ਼ ਹੋਏ, ਤੇ ਦੋ ਲਾਲ ਦੇ ਗਏ। ਉਸ ਨੇ ਉਸ ਧਨ ਨਾਲ ਮਹਿਲ ਪਾ ਲਏ। ਫਿਰ ਬਹੁਤ ਸਾਰੇ ਹੰਸ ਆਏ, ਤੇ ਉਸਨੂੰ ਬਹੁਤ ਸਾਰਾ ਧਨ ਦੇ ਗਏ। (ਅਖ਼ੀਰ 'ਤੇ ਸਿੱਟਾ ਹੈ।)

"ਭੂਪ[1] ਸਮਾਨ ਭਜੋ ਖਗ[2] ਸੇਵੈ।
ਸੰਤਨ ਸੇਵ ਮਹਾਂ ਫਲ ਲੇਵੈ।੫੮।"

ਅਕਬਰ ਜੋ ਪਿੰਡਾਂ ਦਾ ਪਟਾ ਦੇ ਗਿਆ ਸੀ, ਉਹ ਗੁਰੂ ਰਾਮਦਾਸ ਜੀ ਦੇ ਨਾਮ ਹੀ ਸੀ।

ਗੁਰੂ ਕਾ ਚੱਕ (ਅੰਮ੍ਰਿਤਸਰ) ਵਸਾਉਣ ਦਾ ਹੁਕਮ ਅਮਰਦਾਸ ਜੀ ਨੇ ਦਿਤਾ ਸੀ। ਸਿੱਖਾਂ ਨੇ ਭਾਈ ਰਾਮ ਕੁਇਰ ਨੂੰ ਅੰਮ੍ਰਿਤਸਰ ਦੀ ਕਥਾ ਸੁਨਾਉਣ ਵਾਸਤੇ ਕਿਹਾ।

ਰਾਮ ਕੁਇਰ ਜੀ ਨੇ ਅੰਮ੍ਰਿਤਸਰ ਦੀ ਕਥਾ ਇਉਂ ਸੁਣਾਈ।

ਅੰਸੂ ੪

(ਚਤੌੜ)

[ਏਥੇ ਚਤੌੜ ਦੇ ਰਾਜਪੂਤ ਜੈਮਲ ਤੇ ਫੱਤੇ ਦੀ ਕਹਾਣੀ ਸ਼ੁਰੂ ਕਰ ਦਿਤੀ ਹੈ।]

ਚੁਗਲ ਨੇ ਜੈਮਲ ਦੀ ਲੜਕੀ ਦੀ ਤਾਰੀਫ਼ ਕੀਤੀ। [ਅਜੇਹੇ ਗ੍ਰੰਥ ਵਿਚ ਏਹੋ ਜਹੀ ਸ਼ਿੰਗਾਰ ਰਸੀ ਤਾਰੀਫ਼ ਸੋਭਦੀ ਨਹੀਂ ਸੀ।] ਅਕਬਰ ਨੇ ਲੜਕੀ ਦਾ ਸਾਕ ਮੰਗਿਆ। ਜੈਮਲ ਨੇ ਇਨਕਾਰ ਕਰ ਦਿਤਾ। ਏਥੋਂ ਝਗੜਾ ਸ਼ੁਰੂ ਹੋ ਗਿਆ।

ਜੈਮਲ ਤੇ ਫੱਤਾ ਚਿਤੌੜ ਵਿਚ ਆਕੀ ਹੋ ਬੈਠੇ।

ਅੰਸੂ ੫

(ਜੰਗ ਚਿਤੌੜ)

ਅਕਬਰ ਨੇ ਚਿਤੌੜ 'ਤੇ ਚੜ੍ਹਾਈ ਕਰ ਦਿਤੀ। ਸਾਰੇ ਅੰਸੂ (ਕਾਂਡ) ਵਿਚ ਯੁੱਧ ਦਾ ਵਰਨਣ ਹੈ।

ਅੰਸੂ ੬

(ਇਕ ਸਿੱਖ ਨੇ ਅਕਬਰ ਨੂੰ ਗੁਰੂ ਜੀ ਦਾ ਪਤਾ ਦਿਤਾ)

ਕਈ ਸਾਲ ਲੜਾਈ ਜਾਰੀ ਰਹੀ। ਅਕਬਰ ਨੇ ਸਭ ਪੀਰ ਫ਼ਕੀਰ ਮਨਾਏ, ਪਰ ਕਿਲ੍ਹਾ ਚਿਤੌੜ ਫ਼ਤਹਿ ਨਾ ਹੋਇਆ। ਤਾਂ ਇਕ ਸਿੱਖ ਨੇ ਗੁਰੂ ਅਮਰਦਾਸ ਜੀ ਦੀ

---

1 ਰਾਜਾ। 2 ਪੰਛੀ।

Digitized by Panjab Digital Library | www.panjabdigilib.org

ਦੱਸ ਪਾਈ ।

ਅੰਸੂ ੭

(ਜਬ ਕੜ ਤੁਟੈ; ਤਬ ਗੜ ਛੁਟੇ ।)

ਅਕਬਰ ਨੇ ਗੁਰੂ ਜੀ ਵਾਸਤੇ ਨਜ਼ਰਾਨਾ ਦੇ ਕੇ ਉਸ ਸਿੱਖ ਦੇ ਸਾਥ ਆਪਣਾ ਆਦਮੀ ਭੇਜਿਆ । ਉਹਨਾਂ ਆ ਕੇ ਗੁਰੂ ਜੀ ਪਾਸ ਬੇਨਤੀ ਕੀਤੀ । ਗੁਰੂ ਜੀ ਨੇ ਫ਼ੁਰਮਾਇਆ ,

"ਜਬਹਿ ਬਾਪਿਕਾ[1] ਕੋ ਕੜ ਤੂਟੇ ।
ਤਬ ਹੀ ਦਿਢ[2] ਚਤੌਰ ਗਢ ਛੂਟੇ ।੩੩।"

ਅੰਸੂ ੮

(ਚਿਤੌੜ ਫ਼ਤਹਿ)

ਅਕਬਰ ਦੇ ਕੁਛ ਆਦਮੀ ਗੋਇੰਦਵਾਲ ਹੀ ਰਹੇ, ਪਰ ਸਾਰੀ ਖ਼ਬਰ ਅਕਬਰ ਨੂੰ ਪੁਚਾ ਦਿਤੀ ।

ਲੜਾਈ ਵਿਚ ਫੱਤਾ ਮਾਰਿਆ ਗਿਆ । ਅਗਲੇ ਦਿਨ ਜੈਮਲ ਵੀ ਰਣ ਵਿਚ ਲੜ ਕੇ ਸੁਰਗ ਸਿਧਾਰਿਆ । ਕਿਲੇ ਵਿਚ ਸਭ ਰਾਜਪੂਤ ਦੇਵੀਆਂ ਕਟਾਰਾਂ ਮਾਰ ਕੇ ਮਰ ਗਈਆਂ । ਚਿਤੌੜ ਫ਼ਤਹਿ ਹੋ ਗਿਆ । ਗੋਇੰਦਵਾਲ ਤੋਂ ਆ ਕੇ ਅਕਬਰ ਦੇ ਆਦਮੀਆਂ ਨੇ ਸਭ ਹਾਲ ਦੱਸੇ ।

ਅੰਸੂ ੯

(ਗੋਇੰਦਵਾਲ ਦੀ ਕਥਾ)

ਜਿਸ ਸਮੇਂ ਅਕਬਰ ਨੇ ਚਿਤੌੜ 'ਤੇ ਹਮਲਾ ਕੀਤਾ ਸੀ, ਓਸੇ ਸਮੇਂ ਬਾਉਲੀ ਦਾ ਟੱਪ ਲਾਇਆ ਗਿਆ ਸੀ ।

(ਇਹ ਇਕ ਇਤਿਹਾਸਕ ਭੁੱਲ ਹੈ । ੧੬੨੧ ਬਿ. ਵਿਚ ਬਾਉਲੀ ਮੁਕੰਮਲ ਹੋ ਗਈ ਸੀ, ਪਰ ਅਕਬਰ ਨੇ ਚਤੌੜ ਨੂੰ ਘੇਰਾ ੧੬੨੪ ਬਿ. ਵਿਚ ਪਾਇਆ ਸੀ ।)

ਇਸ ਕਾਂਡ ਵਿਚ ਬਾਉਲੀ ਤੇ ਮਾਣਕ ਚੰਦ ਦੀ ਕਹਾਣੀ ਦੁਬਾਰਾ ਦਿਤੀ ਗਈ ਹੈ । (ਬੇਲੋੜਾ ਵਾਧਾ ।)

---

1 ਬਾਉਲੀ । 2 ਦ੍ਰਿੜ ।

Digitized by Panjab Digital Library | www.panjabdigilib.org

ਅੰਸੂ ੧੦

(ਅਕਬਰ ਵੱਲੋਂ ਪਿੰਡਾਂ ਦਾ ਪਟਾ)

ਦਿੱਲੀ ਤੋਂ ਲਾਹੌਰ ਨੂੰ ਜਾਂਦਾ ਹੋਇਆ ਅਕਬਰ ਗੋਇੰਦਵਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਨੰਗੇ ਪੈਰੀਂ ਆ ਕੇ ਬਾਦਸ਼ਾਹ ਨੇ ਭੇਟਾ ਧਰੀ। ਫਿਰ ਅਕਬਰ ਨੇ ਝਬਾਲ ਬੀੜ ਦਾ ਪਟਾ ਲਿਖ ਦਿਤਾ। ਗੁਰੂ ਜੀ ਨੇ ਅਕਬਰ ਨੂੰ 'ਸਿਰੋਪਾਉ' ਦਿਤਾ।

"ਲੇ ਕਰਿ ਗੁਰ ਘਰ ਕੋ ਸਿਰਪਾਉ।
ਧਰਯੋ ਸੀਸ ਪਰ ਅਨੰਦ ਉਪਾਉ ।੩੦।"

ਬੀੜ ਦਾ ਪਟਾ ਰਾਮਦਾਸ ਜੀ ਦੇ ਨਾਮ ਹੋਇਆ, ਤੇ ਬਾਬਾ ਬੁੱਢਾ ਜੀ ਨੂੰ ਓਥੋਂ ਦੀ ਨਿਗਰਾਨੀ ਬਖ਼ਸ਼ੀ ਗਈ।

ਅੰਸੂ ੧੧

(ਤੀਰਥ ਰਚਣ ਬਾਰੇ ਵਿਚਾਰ)

ਗੁਰੂ ਅਮਰਦਾਸ ਜੀ ਨੇ ਸੋਚਿਆ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦੇ ਕੇ ਖਡੂਰ ਚਲੇ ਜਾਣ ਵਾਸਤੇ ਕਿਹਾ ਸੀ, ਤਾ ਕਿ ਉਹਨਾਂ ਦੀ ਅੰਸ ਗੁਰੂ ਅੰਗਦ ਦੇਵ ਜੀ ਨਾਲ ਈਰਖਾ ਨਾ ਕਰੇ। ਏਸ ਤਰਾਂ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਏਥੇ ਗੋਇੰਦਵਾਲ ਭੇਜ ਦਿਤਾ ਸੀ। ਏਸ ਤਰਾਂ ਰਾਮਦਾਸ ਜੀ ਵਾਸਤੇ ਵੀ ਨਵੇਂ ਅਸਥਾਨ ਦੀ ਲੜ ਹੈ। ਸੋ ਅੰਮ੍ਰਿਤਸਰ ਵਸਾਉਣ ਦਾ ਹੁਕਮ ਦਿਤਾ।

[ਹੁਣ ਕਵੀ ਜੀ ਅੰਮ੍ਰਿਤਸਰ ਦਾ ਸੰਬੰਧ ਪੁਰਾਣੇ ਮਿਥਿਹਾਸ ਨਾਲ ਜਾ ਜੋੜਦੇ ਹਨ। ਉਹ ਇਸ ਵਿਚ ਹਰਿਮੰਦਰ ਦੀ ਵਡਿਆਈ ਸਮਝਦੇ ਹਨ।]

"ਸਤਿਜੁਗ ਕੋ ਤੀਰਥ ਦੁਰ[1] ਰਹਯੋ।
ਚਿਰੰਕਾਲ ਭਾ ਕਿਨਹੁੰ ਨ ਲਹਯੋ ।੬।"

[ਇਹ ਸਤਿਜੁਗ ਦੇ ਸਮੇਂ ਦਾ ਤੀਰਥ ਛੁਪਿਆ ਹੋਇਆ ਸੀ।]

ਪਰਜਾ ਦੀ ਫ਼ਰਯਾਦ ਸੁਣ ਕੇ ਬ੍ਰਹਮਾ ਨੇ ਰਾਜਾ 'ਛੁਪ' ਪੈਦਾ ਕੀਤਾ, ਜੋ ਸਾਰੇ ਗੁਣਾਂ ਦਾ ਮਾਲਕ ਸੀ। 'ਛੁਪ' ਤੋਂ ਪਿੱਛੋਂ ਰਾਜਾ 'ਇਖਵਾਕ' ਹੋਇਆ। ਰਾਜਾ 'ਇਖਵਾਕ' ਨੇ ਜੱਗ ਕੀਤਾ, ਜਿਸ ਵਿਚ ਤਿੰਨਾਂ ਲੋਕਾਂ ਦੇ ਦੇਵਤੇ ਆਏ। 'ਇਖਵਾਕ' ਨੇ ਉਹਨਾਂ ਤੋਂ ਵਰ ਮੰਗਿਆ,

"ਅਗਨ ਕੁੰਡ ਇਹੁ ਤੀਰਥ ਹੋਇ।
ਕਲੁਖ ਹਤਹਿ, ਮੱਜਹਿ ਨਰ ਜੋਇ।
ਹੋਹਿ ਜਗਤ ਮਹਿ ਮਹਾਂ ਪ੍ਰਕਾਸ਼।

---

1 ਛੁਪਿਆ ਹੋਇਆ।

Digitized by Panjab Digital Library | www.panjabdigilib.org

ਇਸ ਕੇ ਸਮ ਦੁਤੀਯੋ ਨਹਿ ਭਾਸੁ ।੨੪।"

[ਕਲੁਖ ਹਤਹਿ=ਪਾਪ ਦੂਰ ਕਰੇ। ਮੱਜਹਿ=ਇਸ਼ਨਾਨ ਕਰੇ।]

ਵਿਸ਼ਨੂੰ ਨੇ ਕਿਹਾ, ਇਹ ਮਹਾਨ ਤੀਰਥ ਲੱਖਾਂ ਵਰ੍ਹੇ ਪਰਗਟ ਰਹੇਗਾ, ਫਿਰ ਛਿਪ ਜਾਇਗਾ। ਜਿਸ ਵੇਲੇ ਕਲਿਜੁਗ ਪੰਜ ਹਜ਼ਾਰ ਸਾਲ ਬੀਤ ਜਾਇਗਾ, ਤਾਂ ਮੈਂ ਗੁਰੂ ਨਾਨਕ ਦਾ ਰੂਪ ਧਾਰ ਕੇ ਆਵਾਂਗਾ। ਫਿਰ ਚੌਥੇ ਜਾਮੇਂ ਵਿਚ ਆ ਕੇ

"ਤਬ ਇਹੁ ਤੀਰਥ ਕੋ ਬਿਦੜਾਵੌਂ[1]।
ਪੰਚਮ ਤਨ ਤੇ ਪੱਕ[2] ਬਨਾਵੌਂ।
ਸਰ[3] ਅੰਦਰ ਸਿਰਜੌਂ[4] ਹਰਿਮੰਦਿਰ।
ਜਿਸਿ ਮਨਿੰਦ[5] ਕਿਤ ਹੋਇ ਨ ਸੁੰਦਰ ।੩੩।"

ਫਿਰ ਛੇਵੇਂ ਜਾਮੇਂ ਵਿਚ 'ਅਕਾਲ ਤਖ਼ਤ' ਬਣਾਵਾਂਗੇ।

ਰਾਜਾ 'ਇਖਵਾਕ' ਤੋਂ ਛੱਤਰੀ ਬੰਸ ਚੱਲੀ, ਜਿਸ ਵਿਚ ਰਾਮ ਚੰਦਰ ਜੀ, ਬੇਦੀ ਤੇ ਸੋਢੀ ਪੈਦਾ ਹੋਏ।

[ਸਨਾਤਨੀ ਖ਼ਿਆਲਾਂ ਦੇ ਲੇਖਕਾਂ ਨੇ ਇਹ ਗ਼ਲਤ ਪ੍ਰਭਾਵ ਪਾਉਣ ਦਾ ਯਤਨ ਕੀਤਾ ਹੈ, ਕਿ ਹਰਿਮੰਦਰ ਸਾਹਿਬ ਦੀ ਮਹਾਨਤਾ ਗੁਰੂ ਸਾਹਿਬਾਨ ਦੇ ਕਾਰਨ ਨਹੀਂ, ਸਗੋਂ ਪੁਰਾਤਨ ਹਵਨ ਕੁੰਡ ਦੇ ਕਾਰਨ ਹੈ। ਸਿੱਖੀ ਦੀ ਵਿਰੋਧਤਾ।]

ਅੰਸ ੧੨

(ਸੰਤੋਖ ਸਰ ਦੀ ਕਾਰ)

ਗੁਰੂ ਅਮਰਦਾਸ ਜੀ ਦੇ ਹੁਕਮ ਨਾਲ 'ਗੁਰੂ ਕਾ ਚੱਕ' (ਅੰਮ੍ਰਿਤਸਰ) ਦੀ ਨੀਂਹ ਧਰੀ। 'ਸੰਤੋਖ ਸਰ' ਦੀ ਖੁਦਾਈ ਸ਼ੁਰੂ ਕੀਤੀ, ਤੇ ਕੁਛ ਮਕਾਨ ਬਣਾਏ।

ਅੰਸੂ ੧੩

ਗੁਰੂ ਅਮਰ ਦਾਸ ਜੀ ਦੇ ਹੁਕਮ ਨਾਲ ਪਹਿਲੇ ਸਰੋਵਰ ਦਾ ਨਾਮ 'ਸੰਤੋਖਸਰ' ਰਖਿਆ। ਗੁਰੂ ਜੀ ਨੇ ਹੁਕਮ ਕੀਤਾ, 'ਇਸ ਤੋਂ ਪਹਿਲਾਂ 'ਅੰਮ੍ਰਿਤਸਰ' ਬਣਾਓ।'

ਅਰਦਾਸ ਕਰਕੇ 'ਅੰਮ੍ਰਿਤ ਸਰੋਵਰ' ਦੀ ਖੁਦਾਈ ਸ਼ੁਰੂ ਕਰ ਦਿਤੀ, ਟੱਪ ਗੁਰੂ ਰਾਮਦਾਸ ਜੀ ਨੇ ਲਾਇਆ।

ਗੁਰੂ ਅਮਰਦਾਸ ਜੀ ਨੇ 'ਬਾਈ ਮੰਜੀਆਂ' ਥਾਪੀਆਂ।

ਤੀਸਰੇ ਪਾਤਸ਼ਾਹ ਜੋਤੀ ਜੋਤਿ ਸਮਾਉਣ ਲੱਗੇ, ਤਾਂ ਗੱਦੀ ਗੁਰੂ ਰਾਮਦਾਸ ਜੀ ਨੂੰ

---

1 ਪਰਗਟ ਕਰਾਂਗਾ। 2 ਪੱਕਾ। 3 ਸਰੋਵਰ। 4 ਬਨਾਵਾਂਗਾ। 5 ਵਰਗਾ।

Digitized by Panjab Digital Library | www.panjabdigilib.org

ਬਖ਼ਸ਼ੀ। ਭਾਨੀ ਜੀ ਨੇ ਫਿਰ ਵਰ ਮੰਗਿਆ, ਕਿ ਹੁਣ ਗੁਰਿਆਈ ਮੇਰੀ ਅੰਸ ਵਿਚ ਹੀ ਰਹੇ।

ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ।

ਅੰਸੂ ੧੪

(ਅੰਮ੍ਰਿਤਸਰ ਦੀ ਕਾਰ ਸੇਵਾ)

ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਸੇਵਾ ਸ਼ੁਰੂ ਕਰਾ ਦਿਤੀ। ਲਾਹੌਰ ਦੇ ਸੋਢੀਆਂ ਦੀ ਬੇਨਤੀ ਮੰਨ ਕੇ ਆਪ ਲਾਹੌਰ ਗਏ। ਆਪਣੇ ਘਰ ਵਿਚ 'ਧਰਮਸਾਲ' ਬਣਾ ਕੇ ਹਜ਼ੂਰ ਨੇ ਸਿੱਖੀ ਦਾ ਬਹੁਤ ਪਰਚਾਰ ਕੀਤਾ।

"ਸਿੱਖਜ ਹੋਨ ਆਵਹਿਂ ਸਭਿ ਜਾਤੀ,
ਪਗ ਪਾਹੁਲ[1] ਤੇ ਲੈ ਸੁਖ ਥਾਤੇਂ। ੨੪।"

ਲਾਹੌਰ ਤੋਂ ਆਪ ਗੋਇੰਦਵਾਲ ਗਏ, ਤੇ ਫਿਰ ਅੰਮ੍ਰਿਤਸਰ ਆ ਗਏ।

"ਕੇਸਰ ਤਿਲਕ ਲਗਾਵਹਿਂ ਮਾਥੇ।
ਪਹਿਰ ਬਸਤ੍ਰ ਪੁਨ ਸੋਭਾ ਸਾਥੇ।...੩੫।"

(ਕਵੀ ਜੀ ਪਿੱਛੇ ਗੁਰੂ ਅਮਰਦਾਸ ਜੀ ਵੀ ਤਿਲਕ ਲਾਉਂਦੇ ਲਿਖਦੇ ਹਨ, ਤੇ ਹੁਣ ਰਾਮਦਾਸ ਜੀ ਨੂੰ ਤਿਲਕ ਲੁਆ ਰਹੇ ਹਨ। ਹਿੰਦੂ ਮਤ ਦਾ ਅਸਰ।)

ਭਾਈ ਹਿੰਦਾਲ ਲੰਗਰ ਦੀ ਸੇਵਾ ਕਰਿਆ ਕਰਦਾ ਸੀ। ਗੁਰੂ ਜੀ ਲੰਗਰ ਵਿਚ ਗਏ, ਤਾਂ ਹਿੰਦਾਲ ਨੇ ਆਟੇ ਦੇ ਲਿੱਬੜੇ ਹੱਥ ਪਿੱਛੇ ਕਰਕੇ ਮੱਥਾ ਟੇਕਿਆ। ਗੁਰੂ ਜੀ ਨੇ ਸਿਰੁਪਾਉ ਬਖ਼ਸ਼ਿਆ, ਤੇ ਹੁਕਮ ਕੀਤਾ, ਘਰ ਜਾ ਕੇ ਸਿੱਖੀ ਦਾ ਪਰਚਾਰ ਕਰੋ।

ਭਾਈ ਗੁਰਦਾਸ ਜੀ ਸ਼ਰਣ ਆਏ, ਤਾਂ ਹੁਕਮ ਹੋਇਆ, ਕਿ ਆਗਰੇ ਜਾ ਕੇ, ਓਥੋਂ ਦੀ ਸੰਗਤ ਨੂੰ ਪ੍ਰੇਰ ਕੇ ਲਿਆਓ।

ਇਕ ਵਾਰ ਸ੍ਰੀ ਚੰਦ ਜੀ ਅੰਮ੍ਰਿਤਸਰ ਆਏ। ਗੁਰੂ ਰਾਮਦਾਸ ਜੀ ਨੇ ਬੜਾ ਆਦਰ ਮਾਣ ਕੀਤਾ, ਅਤੇ ਪੰਜ ਸੌ ਰੁਪੈ ਤੇ ਇਕ ਘੋੜਾ ਭੇਟਾ ਕੀਤਾ।

ਸ੍ਰੀ ਚੰਦ ਜੀ ਨੇ ਪੁਛਿਆ, 'ਆਪ ਨੇ ਦਾੜ੍ਹਾ ਐਨਾ ਕਿਉਂ ਵਧਾਇਆ ਹੈ।' ਗੁਰੂ ਜੀ ਨੇ ਫ਼ੁਰਮਾਇਆ, 'ਆਪ ਜੈਸੇ ਮਹਾਂ ਪੁਰਸ਼ਾਂ ਦੇ ਚਰਨ ਝਾੜਨ ਵਾਸਤੇ।' ਨਾਲ ਹੀ ਗੁਰੂ ਜੀ ਬਾਬਾ ਸ੍ਰੀ ਚੰਦ ਜੀ ਦੇ ਚਰਨ ਝਾੜਨ ਲਗ ਪਏ।

ਅੰਸੂ ੧੫

(ਭਾਈ ਸੰਹਾਰੀ ਲਾਹੌਰੋਂ ਆਏ)

ਸਿੱਖਾਂ ਨੂੰ ਉਪਦੇਸ਼ ਕਰਦਿਆਂ ਗੁਰੂ ਜੀ ਨੇ ਸਬਦ ਉਚਾਰਿਆ,

---

1 ਚਰਨ ਪਾਹੁਲ।

Digitized by Panjab Digital Library | www.panjabdigilib.org

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।"

(ਗਉੜੀ ਮ: ੪ ਪੰਨਾ ੩੦੫)

ਸੰਹਾਰੀ, ਗੁਰੂ ਰਾਮਦਾਸ ਜੀ ਦੇ ਤਾਏ ਦਾ ਪੁੱਤਰ ਸੀ ।

"ਰਾਮਦਾਸ ਸਤਿਗੁਰ ਕੋ ਤਾਯਾ ।

ਤਿਸ ਕੋ ਸੁਤ ਗੁਨ ਸਹਤ ਸੁਹਾਯਾ । ..੧੪।"

ਸੰਹਾਰੀ ਦੇ ਪੁੱਤਰ ਦਾ ਵਿਆਹ ਸੀ । ਉਹ ਗੁਰੂ ਜੀ ਨੂੰ ਲੈਣ ਵਾਸਤੇ ਆਇਆ । ਗੁਰੂ ਜੀ ਨੇ ਪ੍ਰਿਥੀਏ ਨੂੰ ਲਾਹੌਰ ਜਾਣ ਵਾਸਤੇ ਕਿਹਾ ।

ਪ੍ਰਿਥੀਏ ਨੇ ਸੋਚਿਆ,

"ਦਰਬ ਸੰਭਾਰਨਿ ਮੈਂ ਸਭਿ ਕਰਿਹੌਂ ।

ਕਿਤਕ ਪ੍ਰਿਥਕ ਕਰਿ ਨਿਜ ਘਰ ਧਰਿਹੌਂ ।...੪੬।"

[ਦਰਬ=ਮਾਇਆ । ਪ੍ਰਿਥਕ ਕਰਿ=ਵੱਖਰੀ ਕਰਕੇ । ਨਿਜ=ਆਪਣੇ ।]

'ਹੁਣ ਸਾਰੀ ਮਾਇਆ ਮੈਂ ਸੰਭਾਲਦਾ ਹਾਂ । ਮੈਂ ਲਾਹੌਰ ਚਲਾ ਗਿਆ, ਤਾਂ ਇਹ ਸਭ ਮੇਰੇ ਭਾਈ ਸੰਭਾਲ ਲੈਣਗੇ ।' ਇਹ ਸੋਚ ਕੇ ਪ੍ਰਿਥੀਏ ਨੇ ਵਿਆਹ ਤੇ ਜਾਣ ਤੋਂ ਇਨਕਾਰ ਕਰ ਦਿਤਾ ।

ਅੰਸੂ ੧੬

(ਸ੍ਰੀ ਅਰਜਨ ਦੇਵ ਜੀ ਦਾ ਲਾਹੌਰ ਜਾਣਾ)

ਫਿਰ ਹਜ਼ੂਰ ਨੇ ਮਹਾਦੇਵ ਨੂੰ ਲਾਹੌਰ ਜਾਣ ਵਾਸਤੇ ਕਿਹਾ, ਤਾਂ ਉਸਨੇ ਵੀ ਇਨਕਾਰ ਕਰ ਦਿਤਾ ।

ਫਿਰ ਹਜ਼ੂਰ ਨੇ ਸ੍ਰੀ ਅਰਜਨ ਦੇਵ ਜੀ ਨੂੰ ਕਿਹਾ । ਨਾਲ ਹੀ ਹੁਕਮ ਦਿਤਾ, ਕਿ ਵਿਆਹ ਤੋਂ ਵਿਹਲੇ ਹੋ ਕੇ ਓਥੇ ਰਹਿ ਕੇ ਸਿੱਖੀ ਦਾ ਪਰਚਾਰ ਕਰਨਾ, ਤੇ ਜਿੰਨਾ ਚਿਰ ਨਾ ਬੁਲਾਈਏ, ਓਨਾ ਚਿਰ ਵਾਪਸ ਨਹੀਂ ਆਉਣਾ ।

ਸ੍ਰੀ ਅਰਜਨ ਦੇਵ ਜੀ ਹੁਕਮ ਮੰਨ ਕੇ ਤਿਆਰ ਹੋ ਗਏ । ਆਪ ਲਾਹੌਰ ਵਿਆਹ ਵਿਚ ਸ਼ਾਮਲ ਹੋਏ । ਪਿੱਛੋਂ ਆਪ ਧਰਮਸਾਲ ਵਿਚ ਬਹਿ ਕੇ ਪਰਚਾਰ ਕਰਦੇ ਹੋਏ, ਗੁਰੂ ਜੀ ਦੇ ਹੁਕਮ ਦੀ ਉਡੀਕ ਕਰਨ ਲੱਗੇ । ਉਡੀਕਦਿਆਂ ਕਈ ਮਹੀਨੇ ਗੁਜ਼ਰ ਗਏ ।

ਪ੍ਰਿਥੀਆ ਸਮਝਦਾ ਸੀ, ਕਿ ਗੱਦੀ ਦਾ ਮਾਲਕ ਮੈਂ ਹੀ ਹਾਂ । ਸੋ ਬਹੁਤੇ ਮਸੰਦ ਵੀ ਉਸ ਨਾਲ ਰੰਚੇ ਗਏ ।

'ਜਿਤੇ ਮਸੰਦ ਗੁਰੂ ਅਗੁਵਾਈ ।

ਸਭਿ ਪ੍ਰਿਥੀਏ ਅਨੁਸਾਰ ਰਹਾਈ ।੩੨।"

ਸ੍ਰੀ ਅਰਜਨ ਦੇਵ ਜੀ ਹਰ ਸਮੇਂ ਪਿਤਾ ਦਾ ਪੱਤਰ ਉਡੀਕਦੇ ।

Digitized by Panjab Digital Library | www.panjabdigilib.org

ਅੰਸੂ ੧੭

(ਸਿੱਖਾਂ ਨੂੰ ਉਪਦੇਸ਼)

(ਤੀਰਥਾ ਨਾਮੀ ਸਿੱਖ 'ਸਭਰਵਾਲ' ਗੁਰੂ ਜੀ ਦੀ ਸ਼ਰਣ ਆਇਆ।)

ਗੁਰੂ ਜੀ ਨੇ 'ਤੀਰਥਾ' ਨੂੰ ਇਕ ਸਾਖੀ ਸੁਣਾਈ। ਇਕ ਰਾਜ ਕੁਮਾਰ ਦਾ ਵਿਆਹ ਸੀ। ਬੂਹੇ 'ਤੇ ਇਕ ਸਾਧੂ ਆ ਬੈਠਾ। ਰਾਜ ਕੁਮਾਰ ਵਿਆਹ ਕੇ ਪਤਨੀ ਘਰ ਲੈ ਆਇਆ। ਪਤਨੀ ਹੱਥੋਂ ਕਟਾਰ ਨਿਕਲ ਕੇ ਰਾਜ ਕੁਮਾਰ ਨੂੰ ਛਾਤੀ ਵਿਚ ਵੱਜੀ ਤੇ ਉਹ ਮਰ ਗਿਆ। ਦਿਨੇ ਪਤਨੀ ਨੇ ਕਿਹਾ, ਕਿ ਸਾਧੂ ਨੇ ਰਾਜ ਕੁਮਾਰ ਨੂੰ ਮਾਰ ਦਿਤਾ ਹੈ। ਰਾਜੇ ਨੇ ਸਾਧੂ ਦਾ ਇਕ ਹੱਥ ਕਟਵਾ ਦਿਤਾ। ਕਾਂਸ਼ੀ ਵਿਚ ਇਕ ਵਿੱਦਵਾਨ ਪੰਡਤ ਰਹਿੰਦਾ ਸੀ। ਸਾਧੂ ਉਸ ਕੋਲੋਂ ਇਸ ਸਜ਼ਾ ਦਾ ਕਾਰਨ ਪੁਛਣ ਆਇਆ। ਪੰਡਤ ਘਰ ਨਹੀਂ ਸੀ। ਉਸਦੀ ਪਤਨੀ ਨੇ ਸਾਧੂ ਨੂੰ ਵੀ ਤੇ ਆਪਣੇ ਪਤੀ ਨੂੰ ਵੀ ਬਹੁਤ ਬੁਰਾ ਭਲਾ ਕਿਹਾ। ਸਾਧੂ ਬੂਹੇ ਅੱਗੇ ਖਲਾ ਰਿਹਾ। ਬਾਹਰੋਂ ਪੰਡਤ ਆਇਆ, ਤਾਂ ਸਾਧੂ ਨੇ ਸਾਰੀ ਸਾਖੀ ਸੁਣਾਈ। ਪੰਡਤ ਨੇ ਉਤਰ ਦਿਤਾ, ਤੂੰ ਪਿਛਲੇ ਜਨਮ ਪੰਡਤ ਸੈਂ। ਤੂੰ ਇਕ ਥਾਂ ਬੈਠਾ ਤਪ ਕਰ ਰਿਹਾ ਸੈਂ। ਕਸਾਈਆਂ ਤੋਂ ਨੱਸ ਕੇ ਇਕ ਗਊ ਆਈ। ਮਗਰੇ ਕਸਾਈ ਆ ਗਿਆ। ਤੂੰ ਹੱਥ ਨਾਲ ਇਸ਼ਾਰਾ ਕਰ ਦਿਤਾ। ਕਸਾਈ ਨੇ ਗਊ ਪਕੜ ਲਈ ਤੇ ਮਾਰ ਦਿੱਤੀ। ਉਹ ਕਸਾਈ ਰਾਜ ਕੁਮਾਰ ਬਣਿਆ ਤੇ ਉਹ ਗਊ ਉਸਦੀ ਪਤਨੀ। ਕੁਮਾਰ ਨੂੰ ਮਾਰ ਕੇ ਉਸਨੇ ਬਦਲਾ ਲੈ ਲਿਆ। ਤੂੰ ਹੱਥ ਦਾ ਇਸ਼ਾਰਾ ਕੀਤਾ ਸੀ, ਸੋ ਤੇਰਾ ਹੱਥ ਕੱਟਿਆ ਗਿਆ। [ਅੱਗੇ ਪੰਡਤ ਆਪਣੀ ਪਤਨੀ ਬਾਰੇ ਦਸਦਾ ਹੈ।] ਪਿਛਲੇ ਜਨਮ ਮੇਰੀ ਪਤਨੀ ਗਧੀ ਸੀ, ਤੇ ਮੈਂ ਕਾਂ ਸਾਂ। ਗਧੀ ਦੀ ਪਿੱਠ 'ਤੇ ਜ਼ਖ਼ਮ ਸੀ। ਕਾਂ ਨੇ ਚੁੰਝ ਮਾਰੀ, ਤਾਂ ਚੁੰਝ ਵਿੱਚੇ ਫਸ ਗਈ। ਦੋਵੇਂ ਗੰਗਾ ਵਿਚ ਡੁੱਬ ਕੇ ਮਰ ਗਏ। ਗੰਗਾ ਵਿਚ ਡੁੱਬਣ ਦਾ ਫਲ, ਦੋਵੇਂ ਪੰਡਤਾਂ ਘਰ ਜਨਮੇਂ। ਸੋ, ਉਹ ਪਤਨੀ ਬਣ ਕੇ ਮੈਨੂੰ ਦੁੱਖ ਦੇ ਰਹੀ ਹੈ।

[ਸਮਝ ਨਹੀਂ ਪੈਂਦੀ, ਕਵੀ ਜੀ ਗੁਰੂ ਜੀ ਦੇ ਮੁੱਖ ਤੋਂ ਅਜੇਹੀਆਂ ਮਨ-ਘੜਤ ਸਾਖੀਆਂ ਕਿਉਂ ਸੁਣਾ ਰਹੇ ਸਨ। ਇਹ ਇਤਿਹਾਸ ਦੀ ਸੇਵਾ ਨਹੀਂ, ਨਿਰਾਦਰੀ ਹੈ।]

[ਏਥੇ ਕਵੀ ਜੀ ਇਕ ਸੁੰਦਰ ਵਿਚਾਰ ਵੀ ਦੇਂਦੇ ਹਨ।]

"ਗੁਰ, ਦਿਜ, ਸੰਤ, ਧੇਨ, ਦੁਖ ਪਾਵੈ।
ਜਿਸਕੇ ਸਾਚੁ ਕਹੇ ਹੁਇ ਜਾਵੈ।
ਸੋ ਅਸ ਸਾਚੁ ਨਰਕ ਮਹਿਂ ਡਾਰੈ।
ਸੁਮਤਿ ਵੰਤ ਨਹਿਂ ਕਬਹੁ ਉਚਾਰੈ ।੩੧।"

[ਜਿਸ 'ਸੱਚ' ਕਹਿਣ ਨਾਲ ਭਲੇ ਪੁਰਸ਼ਾਂ [ਦਿਜ=ਪੰਡਤ। ਧੇਨ=ਗਊ] ਨੂੰ ਦੁੱਖ ਪਹੁੰਚੇ, ਉਹ 'ਸੱਚ' ਨਰਕਾਂ ਵਿਚ ਲੈ ਜਾਂਦਾ ਹੈ। ਬੁਧੀਵਾਨਾਂ ਨੂੰ ਉਸ 'ਸੱਚ' ਤੋਂ ਸੰਕੋਚ ਕਰਨਾ ਚਾਹੀਦਾ ਹੈ।]

ਫਿਰ ਬਿਸ਼ਨ ਦਾਸ, ਮਾਣਕ ਚੰਦ ਤੇ ਪੂਰੋ ਸ਼ਰਣ ਆਏ। ਗੁਰੂ ਜੀ ਨੇ ਸੰਗਤ ਦੀ

Digitized by Panjab Digital Library | www.panjabdigilib.org

ਸੇਵਾ ਕਰਨ ਦਾ ਉਪਦੇਸ਼ ਦਿਤਾ।

ਤਾਰੂ, ਭਾਨੂ ਤੇ ਪਦਾਰਥ ਸ਼ਰਣ ਆਏ। ਉਹ ਤਿੰਨੇ ।ਫਿਰ ਗੁਰੂ ਜੀ ਦੀ ਸੇਵਾ ਵਿਚ ਹੀ ਰਹੇ।

ਅੰਸ਼ ੧੮

(ਮਹਾਂ ਨੰਦ; ਬਿਧੀ ਚੰਦ; ਧਰਮਦਾਸ ਸ਼ਰਨ ਆਏ)

ਮਹਾਂ ਨੰਦ ਦੇ ਨਾਲ ਬਿਧੀ ਚੰਦ ਹਾਜ਼ਰ ਹੋਇਆ। ਗੁਰੂ ਜੀ ਨੇ ਫ਼ੁਰਮਾਇਆ, ਸੇਵਾ ਕਰੋ ਤੇ ਆਪਣੀ ਆਤਮਾਂ ਨੂੰ ਪਛਾਣੋ।

ਧਰਮਦਾਸ ਖੋਸਲਾ, ਡੂਗਰ ਦਾਸ, ਦੀਪਾ, ਜੇਠਾ, ਸੰਸਾਰੂ, ਬੂਲਾ ਤੇ ਤੀਰਥਾ। ਇਹ ਸੱਤੇ ਸ਼ਰਣ ਆਏ। ਗੁਰੂ ਜੀ ਨੇ ਫ਼ੁਰਮਾਇਆ, ਸਿਮਰਨ ਤੇ ਸਿੱਖਾਂ ਦੀ ਸੇਵਾ ਕਰੋ।

ਜਾਪਾ, ਮੱਈਆ, ਨੱਈਆ, ਤੁਲਸਾ, ਚਾਰੇ ਸ਼ਰਨ ਆਏ। ਚਾਰੇ ਗੁਰ ਉਪਦੇਸ਼ ਸੁਣ ਕੇ ਨਿਹਾਲ ਹੋਏ।

ਅੰਸ਼ ੧੯

(ਸ੍ਰੀ ਅਰਜਨ ਜੀ ਦਾ ਬਿਨੇ ਪੱਤਰ)

ਬਹੁਤ ਸਮਾਂ ਉਡੀਕ ਕੇ ਸ੍ਰੀ ਅਰਜਨ ਦੇਵ ਜੀ ਨੇ ਚਿੱਠੀ ਲਿਖੀ,

"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ। ..੧।"

ਪ੍ਰਿਥੀਏ ਨੇ ਚਿੱਠੀ ਸੰਭਾਲ ਲਈ, ਤੇ ਲਿਆਉਣ ਵਾਲੇ ਸਿੱਖ ਨੂੰ ਕਿਹਾ, ਕਿ ਸ੍ਰੀ ਅਰਜਨ ਲਾਹੌਰ ਰਹਿ ਕੇ ਪਰਚਾਰ ਕਰਨ।

ਸਮਾਂ ਪਾ ਕੇ ਸ੍ਰੀ ਅਰਜਨ ਦੇਵ ਜੀ ਨੇ ਦੂਸਰੀ ਚਿੱਠੀ ਲਿਖੀ,

"ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ।...੨।"

ਪ੍ਰਿਥੀਏ ਨੇ ਉਹ ਚਿੱਠੀ ਵੀ ਸੰਭਾਲ ਲਈ ਤੇ ਸਿੱਖ ਨੂੰ ਮੋੜ ਦਿਤਾ। ਪ੍ਰਿਥੀਆ ਤਾਂ ਹਰ ਵੇਲੇ ਏਹਾ ਸੋਚਦਾ, ਕਿ ਗੁਰੂ ਜੀ ਦੀ ਉਮਰ ਪੂਰੀ ਹੋਣ ਵਾਲੀ ਹੈ। ਫਿਰ ਮੈਂ ਗੁਰੂ ਬਣ ਜਾਵਾਂਗਾ।

ਸ੍ਰੀ ਅਰਜਨ ਦੇਵ ਜੀ ਨੇ ਤੀਸਰੀ ਚਿੱਠੀ ਲਿਖੀ,

"ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।...੩।"

ਨਾਲ ਹੀ ਸਿੱਖ ਨੂੰ ਸਮਝਾਇਆ, ਕਿ ਚਿੱਠੀ ਗੁਰੂ ਜੀ ਦੇ ਹੱਥ ਦੇਣੀ ਹੈ।

Digitized by Panjab Digital Library | www.panjabdigilib.org

ਅੰਸੂ ੨੦

(ਸ੍ਰੀ ਅਰਜਨ ਜੀ ਲਾਹੌਰੋਂ ਬੁਲਾਏ)

ਸਿੱਖ ਨੇ ਸਮਾਂ ਵਿਚਾਰ ਕੇ ਇਹ ਚਿੱਠੀ ਗੁਰੂ ਜੀ ਦੇ ਹੱਥ ਦਿਤੀ। ਹਜ਼ੂਰ ਨੇ ਪੜ੍ਹ ਕੇ, ਉਸੇ ਵੇਲੇ ਬਾਬਾ ਬੁਢਾ ਜੀ ਨੂੰ ਲਾਹੌਰ ਭੇਜਿਆ, ਤੇ ਅਰਜਨ ਜੀ ਨੂੰ ਬੁਲਾ ਲਿਆ।

ਹਜ਼ੂਰ ਨੇ ਪੁੱਛਿਆ, ਚਿੱਠੀ ਪਹਿਲੀ ਮਿਲੀ ਹੈ, ਪਰ ਉਪਰ ਅੰਕ ਤਿੰਨ ਹੈ, ਕਿਉਂ ?

ਸਿੱਖ ਨੇ ਦੱਸਿਆ, ਪਹਿਲੀਆਂ ਦੋ ਪ੍ਰਿਥੀਏ ਨੇ ਲੈ ਲਈਆਂ ਸਨ।

ਗੁਰੂ ਜੀ ਨੇ ਪ੍ਰਿਥੀਏ ਨੂੰ ਬੁਲਾ ਲਿਆ।

ਅੰਸੂ ੨੧

(ਪ੍ਰਿਥੀਏ ਪਾਸੋਂ ਚਿੱਠੀਆਂ ਨਿਕਲੀਆਂ)

ਗੁਰੂ ਜੀ ਨੇ ਪ੍ਰਿਥੀਏ ਪਾਸੋਂ ਚਿੱਠੀਆਂ ਮੰਗੀਆਂ। ਪ੍ਰਿਥੀਆ ਮੁਕਰ ਗਿਆ, ਤੇ ਗੁਰੂ ਜੀ ਦੀ ਸਹੁੰ ਖਾ ਲਈ।

"ਸਪਤ[1] ਮੰਹਿ ਤੁਮ ਚਰਨਨ ਕੇਰੀ।
ਜੇ ਕਰ ਪੱਤ੍ਰੀ ਮੈਂ ਕਿਤਿ ਹੇਰੀ[2] ।੧੯।"

ਗੁਰੂ ਜੀ ਨੇ ਸੇਵਕ ਭੇਜ ਕੇ ਘਰੋਂ ਪ੍ਰਿਥੀਏ ਦਾ ਜਾਮਾ ਮੰਗਵਾ ਲਿਆ, ਜਿਸ ਵਿਚ ਚਿੱਠੀਆਂ ਸਨ। ਹਜ਼ੂਰ ਨੇ ਉਹ ਸੰਗਤ ਦੇ ਸਾਮ੍ਹਣੇ ਕਢ ਵਿਖਾਈਆਂ। ਬਾਬਾ ਬੁਢਾ ਜੀ ਨੇ ਸੰਗਤ ਵਿਚ ਪੜ੍ਹ ਸੁਣਾਈਆਂ।

ਅੰਸ ੨੨

(ਸ੍ਰੀ ਅਰਜਨ ਦੇਵ ਜੀ ਨੂੰ ਗੁਰਿਆਈ)

ਗੁਰੂ ਰਾਮ ਦਾਸ ਜੀ ਨੇ ਸ੍ਰੀ ਅਰਜਨ ਦੇਵ ਜੀ ਅੱਗੇ ਨਲਏਰ ਤੇ ਪੰਜ ਪੈਸੇ ਰੱਖ ਕੇ ਮੱਥਾ ਟੇਕ ਦਿਤਾ, ਤੇ ਬਾਬਾ ਬੁਢਾ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦਾ ਤਿਲਕ ਦਿਤਾ। ਸਾਰੀ ਸੰਗਤ ਨੇ ਨਮਸਕਾਰ ਕੀਤੀ।

ਫਿਰ ਗੁਰੂ ਰਾਮ ਦਾਸ ਜੀ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਦਾ ਚੌਥਾ ਅੰਕ ਉਚਾਰਿਆ,

"ਭਾਗੁ ਹੋਆ ਗੁਰਿ ਸੰਤੁ ਮਿਲਾਇਆ ।...੪।" (ਮਾਝ, ਪੰਨਾ ੯੭)

(ਕਵੀ ਸੰਤੋਖ ਸਿੰਘ ਜੀ ਦੀ ਲਿਖਤ ਤੋਂ ਆਲੋਚਕਾਂ ਦਾ ਇਕ ਸ਼ੰਕਾ ਨਵਿਰਤ ਹੋ

---

1 ਸੌਂਹ, ਸੁਗੰਧ। 2 ਵੇਖੀ।

Digitized by Panjab Digital Library | www.panjabdigilib.org

ਜਾਂਦਾ ਹੈ। ਗੁਰਿਆਈ ਮਿਲਨ ਪਿੱਛੋਂ ਪੰਜਵੇਂ ਪਾਤਸ਼ਾਹ ਨੇ ਇਹ ਸਬਦ ਸੰਪੂਰਨ ਕੀਤਾ ਹੈ, ਇਸ ਵਾਸਤੇ ਅੰਤ ਵਿਚ ਸਬਦ 'ਨਾਨਕ' ਵਰਤਿਆ ਹੈ।)

ਇਸ ਫ਼ੈਸਲੇ ਤੇ ਪ੍ਰਿਥੀਆ ਬਹੁਤ ਅੱਖਾ ਹੋਇਆ। ਪਹਿਲਾਂ ਉਹ ਬਾਬਾ ਬੁਢਾ ਜੀ ਨਾਲ ਲੜਿਆ, ਕਿ ਤੁਸਾਂ ਮੇਰੇ ਹੁੰਦਿਆਂ ਛੋਟੇ ਭੁਰਾ ਨੂੰ ਤਿਲਕ ਕਿਉਂ ਦਿਤਾ ਹੈ।

ਫਿਰ ਪ੍ਰਿਥੀਆ ਗੁਰੂ ਜੀ ਨਾਲ ਜਾ ਕੇ ਝਗੜਿਆ। ਉਤਰ ਵਿਚ ਹਜ਼ੂਰ ਨੇ ਸਬਦ ਉਚਾਰਿਆ,

"ਕਾਹੇ ਪੂਤ, ਝਗਰਤ ਹਉ ਸੰਗਿ ਬਾਪ।
ਜਿਨ ਕੇ ਜਣੇ ਬਡੀਰੇ ਤੁਮ ਹਉ, ਤਿਨ ਸਿਉ ਝਗਰਤ ਪਾਪ।...।"

(ਸਾਰੰਗ, ਮ ੪, ਪੰਨਾ ੧੨੦੦)

ਅੰਸੂ ੨੩

(ਗੁਰੂ ਰਾਮ ਦਾਸ ਜੀ ਗੋਇੰਦਵਾਲ ਚਲੇ ਗਏ)

ਸ੍ਰੀ ਅਰਜਨ ਦੇਵ ਜੀ ਦੋ ਸਾਲ ਲਾਹੌਰ ਰਹੇ।

"ਬੈਠਜੋ ਲਵਪੁਰਿ ਮਹਿਂ ਦੁ ਬਰਖਨ।...੨।"

ਪ੍ਰਿਥੀਏ ਨੇ ਗੁਰਦੇਵ ਨੂੰ ਬੜੇ ਕੌੜੇ ਸ਼ਬਦ ਕਹੇ। ਤਾਂ ਹਜ਼ੂਰ ਨੇ ਕਿਹਾ,

"ਕਹਤਿ ਭਏ, 'ਉਠ, ਥਿਰਹੁ[1] ਨ ਆਗੋ।
ਅਬਿ ਤੇ ਨਹਿਂ ਹਮਰੇ ਮੁਖ ਲਾਗੋ।੮।"
"ਸੁਨ ਪ੍ਰਿਥੀਆ ਕਹਿ, 'ਜੇ ਮੁਝ ਤਯਾਗੋ।
ਤੁਮ ਭੀ ਨਹਿਂ ਕਬਹੂੰ ਮੁਖ ਲਾਗੋ।੯।"

ਅਗਲੇ ਦਿਨ ਗੁਰੂ ਰਾਮ ਦਾਸ ਜੀ, ਭਾਨੀ ਜੀ ਤੇ ਗੁਰੂ ਅਰਜਨ ਦੇਵ ਜੀ ਨੂੰ ਨਾਲ ਲੈ ਕੇ ਗੋਇੰਦਵਾਲ ਚਲੇ ਗਏ।

ਭਾਦੋਂ ਸੁਦੀ ਏਕਮ ਨੂੰ ਗੁਰੂ ਅਰਜਨ ਦੇਵ ਜੀ ਨੂੰ ਤਿਲਕ ਦਿਤਾ।

ਹਜ਼ੂਰ ਗੋਇੰਦਵਾਲ ਚਲੇ ਗਏ। ਮੋਹਨ ਤੇ ਮੋਹਨੀ ਬੜੇ ਸਤਕਾਰ ਨਾਲ ਮਿਲੇ।

ਅੰਤ ਸਮੇਂ ਹਜ਼ੂਰ ਨੇ ਗੁਰੂ ਅਰਜਨ ਦੇਵ ਜੀ ਨੂੰ 'ਹਰਿਮੰਦਰ' ਸਾਹਿਬ ਤਿਆਰ ਕਰਨ ਦੀ ਆਗਿਆ ਕੀਤੀ।

ਅੰਸੂ ੨੪

(ਗੁਰੂ ਰਾਮ ਦਾਸ ਜੋਤੀ ਜੋਤਿ ਸਮਾਏ)

ਗੋਇੰਦਵਾਲ, ਬਿਆਸ ਦੇ ਕਨਾਰੇ ਗੁਰੂ ਅਮਰ ਦਾਸ ਜੀ ਦੇ ਦੇਹੁਰੇ ਪਾਸ ਗੁਰੂ

---

1 ਥਿਰ ਨਾ ਰਹੋ, ਨਾ ਬਹੋ।

Digitized by Panjab Digital Library | www.panjabdigilib.org

ਰਾਮ ਦਾਸ ਜੀ ਦਾ ਅੰਤਮ ਸਸਕਾਰ ਕੀਤਾ ਗਿਆ ।

ਅੰਸੂ ੨੫

ਗੁਰੂ ਰਾਮ ਦਾਸ ਜੀ ਭਾਦੋਂ ਸੁਦੀ ਤਿੰਨ, ੧੬੩੮ ਬਿ. ਨੂੰ ਜੋਤੀ ਜੋਤਿ ਸਮਾਏ ।

ਖ਼ਬਰ ਸੁਣ ਕੇ ਮਹਾਦੇਵ, ਪ੍ਰਿਥੀਆ, ਕਰਮੋ ਆਦਿ ਵੀ ਗੋਇੰਦਵਾਲ ਆਏ । ਪ੍ਰਿਥੀਏ ਨੇ ਦੋਸ਼ ਲਾਇਆ, ਕਿ ਗੁਰੂ ਅਰਜਨ ਦੇਵ ਜੀ ਨੇ ਪਿਤਾ ਨੂੰ ਜ਼ਹਿਰ ਦੇ ਕੇ ਮਾਰ ਦਿਤਾ ਹੈ ।

"ਗੁਰਤਾ ਤਿਲਕ ਭਲੋ ਇਨ ਪਾਯੋ ।
ਦੁਇ ਦਿਨ ਬਿਤੇ ਨ, ਬਿਸ[1] ਕੋ ਖ੍ਵਾਯੋ ।੧੧।"

ਤੇਰ੍ਹਵੇਂ 'ਤੇ ਪੱਗ ਬੰਨ੍ਹਣ ਦੀ ਰਸਮ ਹੋਈ । ਬਾਬਾ ਬੁਢਾ ਜੀ ਤੇ ਬਾਬਾ ਮੋਹਰੀ ਜੀ ਨੇ ਪੱਗ ਗੁਰੂ ਅਰਜਨ ਦੇਵ ਜੀ ਦੇ ਅਰੁਪਨ ਕੀਤੀ, ਪਰ ਸ਼ਾਂਤੀ ਸਰੂਪ ਗੁਰੂ ਅਰਜਨ ਦੇਵ ਜੀ ਨੇ ਉਹ ਪੱਗ ਪ੍ਰਿਥੀਏ ਨੂੰ ਸੌਂਪ ਦਿਤੀ । ਉਹਨੇ ਪੱਗ ਬੰਨ੍ਹ ਕੇ ਸਮਝ ਲਿਆ, ਕਿ ਮੈਂ ਗੁਰੂ ਬਣ ਗਿਆ ਹਾਂ ।

ਪਰ ਸੰਗਤਾਂ ਗੁਰੂ ਅਰਜਨ ਦੇਵ ਜੀ ਨੂੰ ਹੀ ਮੱਥਾ ਟੇਕਣ । ਈਰਖਾ ਵੱਸ ਪ੍ਰਿਥੀਆ ਵਾਪਸ ਅੰਮ੍ਰਿਤਸਰ ਚਲਾ ਗਿਆ ।

ਸੁਲਹੀ, ਜਹਾਂਗੀਰ ਦਾ ਇਕ ਉਮਰਾਉ (ਅਫ਼ਸਰ) ਸੀ । ਸੁਲਹੀ ਮਾਝੇ ਵਿਚ ਆਇਆ, ਤਾਂ ਪ੍ਰਿਥੀਆ ਉਸਨੂੰ ਜਾ ਮਿਲਿਆ, ਤੇ ਸੁਲਹੀ ਨੂੰ ਕੀਮਤੀ 'ਸਿਰੋਪਾਉ' ਦਿਤਾ । ਇਸਤਰਾਂ ਪ੍ਰਿਥੀਏ ਤੇ ਸੁਲਹੀ ਦਾ ਮੇਲ ਹੋ ਗਿਆ ।

ਅੰਸੂ ੨੬

(ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਪੁੱਜੇ)

ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਆਗਰੇ ਭੇਜਿਆ ਸੀ । ਉਹ ਵੀ ਆਗਰੇ ਤੋਂ ਆ ਗਏ । ਬਿਆਸਾ ਕਨਾਰੇ ਪੁੱਜੇ, ਤਾਂ ਇਕ ਸਿੱਖ ਬਾਣੀ ਪੜ੍ਹਦੇ ਦੀ ਵਾਜ ਆਈ,

"ਗੁਰ ਕਾ ਬਚਨੁ ਬਸੈ ਜੀਅ ਨਾਲੇ ।
ਜਲਿ ਨਹੀ ਡੂਬੈ, ਤਸਕਰੁ ਨਹੀ ਲੇਵੈ, ਭਾਹਿ ਨ ਸਾਕੈ ਜਾਲੇ ।...।"

(ਧਨਾਸਰੀ, ਮ: ੫, ਪੰਨਾ ੬੭੯)

ਇਸ ਸ਼ਬਦ 'ਤੇ ਭਰੋਸਾ ਕਰਕੇ ਭਾਈ ਗੁਰਦਾਸ ਬਿਨਾਂ ਬੇੜੀ ਤੋਂ ਦਰਿਆ ਪਾਰ ਕਰ ਆਏ । (ਕਰਾਮਾਤ) ।

---

1 ਜ਼ਹਿਰ, ਵਿਹੁ ।

Digitized by Panjab Digital Library | www.panjabdigilib.org

ਗੋਇੰਦਵਾਲ ਵਿਚ ਬਾਲਕ ਖੇਡ ਰਹੇ ਸਨ, ਉਹ ਕਹਿੰਦੇ ਸਨ,

"ਹੁਇ ਹੈਂ ਇਮ, ਜੇ ਸਤਿਗੁਰ ਭਾਵੈ ।੩੨।"

ਗੋਇੰਦਵਾਲ ਇਸ਼ਨਾਨ ਕਰਕੇ ਸੰਗਤ ਸਣੇ ਭਾਈ ਗੁਰਦਾਸ ਜੀ ਅੰਮ੍ਰਿਤਸਰ ਪੁੱਜੇ।

ਗੁਰਦਾਸ ਜੀ ਨੇ ਦਿਲ ਵਿਚ ਧਾਰੀ, ਜੇ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਬਾਲਕਾਂ ਵਾਲੀ ਗੱਲ ਦੱਸ ਦਿਤੀ, ਤਾਂ ਮੈਂ ਸਮਝਾਂਗਾ, ਸਹੀ ਗੁਰੂ ਏਹਾ ਹਨ।

ਸੁਭਾ ਇਸ਼ਨਾਨ ਕਰਕੇ ਸੰਗਤ ਸਮੇਤ ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਅੱਗੇ ਭੇਟਾ ਧਰੀ, ਤਾਂ ਮਹਾਰਾਜ ਨੇ ਕਿਹਾ, 'ਭਾਈ ਗੁਰਦਾਸ ਜੀ ! ਤੁਸਾਂ ਖੇਡਦੇ ਬਾਲਕਾਂ ਨੂੰ ਨਮਸਕਾਰ ਕੀਤੀ ਸੀ। ਠੀਕ ਹੈ ਨਾਂ।'

ਭਾਈ ਗੁਰਦਾਸ ਪਰਸੰਨ ਹੋ ਗਿਆ।

(ਭਾਵ, ਗੁਰਦਾਸ ਜੀ ਨੇ ਗੁਰੂ ਜੀ ਦੀ ਪ੍ਰੀਖਿਆ ਲਈ।)

ਗੁਰੂ ਜੀ ਨੇ ਗੁਰਦਾਸ ਜੀ ਨੂੰ ਕਿਹਾ, ਹੁਣ ਸਾਡੇ ਪਾਸ ਹੀ ਰਹੋ। ਗੁਰਦਾਸ ਜੀ ਨੇ ਕਿਹਾ, ਮੈਂ ਇਕਵਾਰ ਗੋਇੰਦਵਾਲ ਹੋ ਆਵਾਂ।

ਅੰਸੂ ੨੭

(ਭਾਈ ਗੁਰਦਾਸ ਜੀ ਵਾਪਸ ਅੰਮ੍ਰਿਤਸਰ)

ਭਾਈ ਗੁਰਦਾਸ ਜੀ ਨੂੰ ਵੀ ਸਾਰਿਆਂ ਨਾਲ ਛੋਲਿਆਂ ਦੀ ਰੋਟੀ ਮਿਲੀ। ਉਹਨਾਂ ਦੇ ਪੁੱਛਣ ਤੇ ਮਾਤਾ ਭਾਨੀ ਨੇ ਦੱਸਿਆ, ਕਿਸੇ ਦਿਨ ਇਹ ਵੀ ਨਹੀਂ ਮਿਲਦੀ।

ਬੀਬੀ ਭਾਨੀ ਜੀ ਨੇ ਦੱਸਿਆ, ਕਿ ਵੱਡੇ ਦੋਵੇਂ ਭਾਈ (ਪ੍ਰਿਥੀਆ ਤੇ ਮਹਾਦੇਵ) ਬਾਹਰੋਂ ਹੀ ਸੰਗਤਾਂ ਤੋਂ ਸਾਰੀ ਭੇਟਾ ਲੈ ਲੈਂਦੇ ਹਨ। ਉਹ ਗੁਰੂ ਅਰਜਨ ਤਕ ਪਹੁੰਚਣ ਹੀ ਨਹੀਂ ਦੇਂਦੇ।

ਅੰਸੂ ੨੮

(ਭਾਈ ਗੁਰਦਾਸ ਜੀ ਨੇ ਸੰਗਤ ਨੂੰ ਪ੍ਰੇਰਿਆ)

ਸਾਰੀ ਹਾਲਤ ਤੋਂ ਜਾਣੂ ਹੋ ਕੇ ਭਾਈ ਗੁਰਦਾਸ ਅੰਮ੍ਰਿਤਸਰੋਂ ਪੰਜ ਕੋਹ ਅੱਗੇ ਜਾ ਬੈਠੇ, ਜਿਧਰੋਂ ਸੰਗਤ ਆ ਰਹੀ ਸੀ। ਭਾਈ ਜੀ ਨੇ ਕਾਰ ਭੇਟ ਓਥੇ ਹੀ ਸਭ ਸੰਭਾਲ ਲਈ, ਤੇ ਉਹ ਪੰਜ ਸੌ ਗੁਰੂ ਜੀ ਅੱਗੇ ਲਿਆ ਧਰਿਆ। ਸੰਗਤ ਨੇੜੇ ਆਈ, ਤਾਂ ਪ੍ਰਿਥੀਏ ਦੇ ਆਦਮੀਆਂ ਆਣ ਘੇਰੀ। ਪਰ ਜਦੋਂ ਉਹਨਾਂ ਨੂੰ ਪਤਾ ਲੱਗਾ, ਕਿ ਭੇਟਾ ਤਾਂ ਸਾਰੀ ਭਾਈ ਗੁਰਦਾਸ ਲੈ ਗਿਆ ਹੈ, ਤਾਂ ਉਹਨਾਂ ਸੰਗਤ ਨੂੰ ਅਗ੍ਹਾਂ ਜਾਣ ਦਿਤਾ। ਸੰਗਤ ਨੇ ਆ ਕੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ।

Digitized by Panjab Digital Library | www.panjabdigilib.org

ਅੰਸੂ ੨੯

ਭਾਈ ਗੁਰਦਾਸ ਦੀ ਪ੍ਰੇਰਨਾ ਨਾਲ ਸੰਗਤਾਂ ਭਟ ਗੁਰੂ ਅਰਜਨ ਦੇਵ ਜੀ ਦੇ ਕਰਨ ਲਗੀਆਂ। ਇਸ ਵਾਸਤੇ ਪ੍ਰਿਥੀਆ ਤੇ ਮਹਾਂਦੇਵ ਗੁਰਦਾਸ ਨਾਲ ਬਹੁਤ ਨਾਰਾਜ਼ ਹੋਏ।

ਪ੍ਰਿਥੀਆ ਤੇ ਮਹਾਂਦੇਵ ਬਾਹਰ ਉਗਰਾਹੀ ਨੂੰ ਚੜ੍ਹ ਪਏ। ਗੁਰਦਾਸ ਨੇ ਦੂਰ ਦੀਆਂ ਸੰਗਤਾਂ ਵਿਚ ਹੁਕਮਨਾਮੇ ਭੇਜ ਦਿਤੇ, ਤੇ ਕਈ ਥਾਂਈਂ ਆਪ ਵੀ ਗਿਆ। ਸੋ ਪ੍ਰਿਥੀਏ ਨੂੰ ਕਿਸੇ ਭੇਟਾ ਨਾ ਦਿਤੀ। ਤਾਂ ਉਹ ਵਾਪਸ ਆ ਕੇ ਗੁਰੂ ਅਰਜਨ ਦੇਵ ਜੀ ਨਾਲ ਝਗੜਾ ਕਰਨ ਲੱਗੇ। ਕੁਛ ਪਤਵੰਤੇ ਸਿੱਖਾਂ ਨੇ ਸ਼ਹਿਰ ਦੀਆਂ ਕੁਛ ਦੁਕਾਨਾਂ ਉਹਨਾਂ ਦੋਹਾਂ ਨੂੰ ਦੇ ਦਿਤੀਆਂ, ਕਿ ਉਹਨਾਂ ਦਾ ਕਰਾਇਆ ਉਗਰਾਹ ਲਿਆ ਕਰਨ। ਚੈਤ੍ਰ ਪਾਸੀਆਂ ਪ੍ਰਿਥੀਏ ਨੂੰ ਮਿਲਿਆ।

ਪ੍ਰਿਥੀਏ ਦੇ ਘਰ 'ਮੇਹਰਵਾਨ' ਜਨਮਿਆਂ। ਉਹ ਬਾਲਕ ਨੂੰ ਗੁਰੂ ਜੀ ਪਾਸ ਲੈ ਗਏ। ਗੁਰੂ ਅਰਜਨ ਦੇਵ ਜੀ ਨੇ ਉਸਨੂੰ ਬੜਾ ਪਿਆਰ ਕੀਤਾ। ਮੇਹਰਵਾਨ ਵਡੇਰਾ ਹੋਇਆ, ਤਾਂ ਉਹ ਗੁਰੂ ਜੀ ਪਾਸ ਵਧੇਰੇ ਰਹਿਣ ਲੱਗਾ।

ਪ੍ਰਿਥੀਆ ਘਰਦੀ ਨੂੰ ਕਹੇ, 'ਗੁਰੂ ਅਰਜਨ ਘਰ ਪੁੱਤਰ ਨਹੀਂ ਹੋਣਾ। ਅੰਤ ਗੱਦੀ ਸਾਡੇ ਘਰ ਹੀ ਆਏਗੀ।

ਅੰਸੂ ੩੦

(ਭਾਈ ਕਲਿਆਣਾ)

ਗੁਰੂ ਜੀ ਦਾ ਭੇਜਿਆ ਭਾਈ ਕਲਿਆਣਾ ਮੰਡੀ ਜਾ ਪਹੁੰਚਾ।

ਰਾਜੇ ਦਾ ਹੁਕਮ ਹੋਇਆ, ਕਿ ਜਨਮ ਅਸ਼ਟਮੀ ਨੂੰ ਸਾਰੇ ਵਰਤ ਰਖਣ। ਭਾਈ ਕਲਿਆਣੇ ਨਾ ਵਰਤ ਰਖਿਆ, ਨਾ ਮੰਦਰ ਗਿਆ। ਲੋਕਾਂ ਨੇ ਸ਼ਕਾਇਤ ਕੀਤੀ। ਰਾਜੇ ਨੇ ਭਾਈ ਕਲਿਆਣੇ ਨੂੰ ਬੁਲਾ ਲਿਆ। ਕਲਿਆਣੇ ਬੁਤ ਪੂਜਾ ਦੀ ਨਖੇਧੀ ਕੀਤੀ ਤੇ ਗੁਰੂ ਕਾ ਜੱਸ ਗਾਇਆ।

ਅੰਸੂ ੩੧

(ਰਾਜੇ ਸਮੇਤ ਕਲਿਆਣਾ ਅੰਮ੍ਰਿਤਸਰ ਆਇਆ)

ਰਾਜੇ ਨੇ ਕਲਿਆਣੇ ਨੂੰ ਕੈਦ ਕਰ ਦਿਤਾ। ਅਗਲੇ ਦਿਨ ਕਲਿਆਣੇ ਦੀ ਇਕ ਲੱਤ ਕੱਟਣ ਦਾ ਹੁਕਮ ਦਿਤਾ। ਜਲਾਦ ਕੱਟਣ ਵਾਸਤੇ ਆਏ, ਤਾਂ ਰਾਜਾ ਬੇਹੋਸ਼ ਹੋ ਕੇ ਡਿੱਗ ਪਿਆ।

ਮੰਤਰੀਆਂ ਕਲਿਆਣੇ ਪਾਸ ਬੇਨਤੀ ਕੀਤੀ। ਕਲਿਆਣੇ ਕਿਹਾ, ਗੁਰੂ ਦੀ ਸਿੱਖੀ ਧਾਰਨ ਕਰੋ। ਫਿਰ ਉਸਨੇ ਅਰਦਾਸ ਕਰਕੇ ਰਾਜੇ ਨੂੰ ਰਾਜ਼ੀ ਕਰ ਦਿਤਾ। ਰਾਜਾ

Digitized by Panjab Digital Library | www.panjabdigilib.org

ਪਰਵਾਰ ਸਮੇਤ ਅੰਮਿਤਸਰ ਗੁਰ ਦਰਸ਼ਨ ਨੂੰ ਆਇਆ ।

ਅੰਸੂ ੩੨

(ਸੁਪਨੇ ਵਿਚ ਰਾਜੇ ਚੰਡਾਲ ਦਾ ਜਨਮ ਪਾਇਆ)

ਅਗਲੇ ਦਿਨ ਰਾਜਾ ਸਮੇਤ ਪਰਵਾਰ ਤੇ ਮੰਤਰੀਆਂ ਦੇ ਗੁਰੂ ਜੀ ਦੀ ਸ਼ਰਣ ਆਇਆ, ਤੇ ਬਹੁਮੁੱਲੀ ਭੇਟਾ ਧਰੀ ।

ਗੁਰੂ ਜੀ ਨੇ ਪੋਥੀ ਤੋਂ ਪੜ੍ਹ ਕੇ ਸੁਣਾਇਆ,

"ਓਅੰਕਾਰ ਕੀ ਤੁਕ ਮੁਖ ਕਹੀ ।
ਲਿਖਿਆ ਮੇਟ ਨ ਸਕੀਅਹਿ ਕਹੀ ।੬।"

(ਸਹੀ ਤੁਕ : "ਲੇਖੁ ਨ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ ।...।"

ਰਾਜੇ ਨੇ ਕਿਹਾ, 'ਜੇ ਲਿਖਿਆ ਮਿਟ ਨਹੀਂ ਸਕਦਾ, ਤਾਂ ਫਿਰ ਗੁਰੂ ਦੀ ਕੀ ਲੋੜ ।'

ਗੁਰਦੇਵ ਨੇ ਫ਼ੁਰਮਾਇਆ, 'ਲਿਖਿਆ ਮਿਟਦਾ ਨਹੀਂ, ਪਰ ਗੁਰੂ ਉਸਨੂੰ ਸੌਖਾ ਬਣਾ ਸਕਦਾ ਹੈ ।'

ਗੁਰੂ ਜੀ ਦੇ ਹੁਕਮ ਨਾਲ ਰਾਜਾ ਤਿੰਨ ਦਿਨ ਰਿਹਾ ।

ਰਾਤ ਰਾਜੇ ਨੇ ਸੁਪਨਾ ਵੇਖਿਆ, ਕਿ ਉਹ ਮਰ ਕੇ ਚੰਡਾਲਾਂ ਘਰ ਜਨਮਿਆਂ ਹੈ । ਦਸ ਸਾਲ ਦਾ ਹੋਇਆ, ਤਦ ਉਸਦਾ ਵਿਆਹ ਹੋ ਗਿਆ । ਫਿਰ ਉਹਦੇ ਘਰ ਧੀਆਂ ਪੁੱਤਰ ਹੋਏ, ਤੇ ਅੰਤ ਉਹ ਮਰ ਗਿਆ ।

ਰਾਜਾ ਜਾਗਿਆ, ਤਾਂ ਇਸ ਸੁਪਨੇ ਤੇ ਬਹੁਤ ਹੈਰਾਨ ਹੋਇਆ ।

ਅਗਲੇ ਦਿਨ ਰਾਜਾ ਗੁਰੂ ਜੀ ਨਾਲ ਸ਼ਕਾਰ ਖੇਡਣ ਗਿਆ । ਇਕ ਹਰਨ ਮਗਰ ਰਾਜਾ ਦੂਰ ਨਿਕਲ ਗਿਆ । ਗਰਮੀ ਦੇ ਕਾਰਨ ਰਾਜਾ ਇਕ ਦਰਖ਼ਤ ਹੇਠ ਬੈਠ ਗਿਆ।

ਅੰਸੂ ੩੩

ਚੰਡਾਲ ਦਾ ਪੁੱਤਰ ਰਾਜੇ ਨੂੰ ਵੇਖ ਕੇ ਸਾਰੇ ਪਰਵਾਰ ਨੂੰ ਸੱਦ ਕੇ ਲੈ ਆਇਆ । ਉਹ ਸਾਰੇ (ਇਸਤਰੀ, ਧੀਆਂ, ਪੁੱਤਰ) ਰਾਜੇ ਦੇ ਉਦਾਲੇ ਹੋ ਗਏ ।

ਏਨੇ ਤਕ ਗੁਰੂ ਜੀ ਵੀ ਆ ਗਏ । ਹਜ਼ੂਰ ਨੇ ਸਮਝਾਇਆ, 'ਤੁਸੀਂ ਕਬਰ ਵਿਚ ਵੇਖੋ । ਜੇ ਓਥੇ ਮੁਰਦਾ ਹੈ, ਤਾਂ ਇਹ ਤੁਹਾਡਾ ਆਦਮੀ ਨਹੀਂ ।'

ਉਹਨਾਂ ਕਬਰ ਵਿਚ ਵੇਖਿਆ, ਮੁਰਦਾ ਹੈਗਾ ਸੀ, ਸੋ ਰਾਜੇ ਦੀ ਖ਼ਲਾਸੀ ਹੋਈ । ਗੁਰੂ ਜੀ ਉਸਨੂੰ ਅੰਮ੍ਰਿਤਸਰ ਵਾਪਸ ਲੈ ਆਏ ।

ਅਗਲੇ ਦਿਨ ਰਾਜੇ ਨੇ ਸੁਪਨੇ ਦੀ ਸਾਰੀ ਕਥਾ ਸੁਣਾਈ । ਗੁਰੂ ਜੀ ਨੇ ਫ਼ੁਰਮਾਇਆ, 'ਤੇਰੇ ਲੇਖਾਂ ਵਿਚ ਚੰਡਾਲ ਦਾ ਜਨਮ ਭੋਗਣਾ ਸੀ । ਗੁਰੂ ਦੀ ਮਿਹਰ ਨਾਲ ਉਹ

Digitized by Panjab Digital Library | www.panjabdigilib.org

ਸੁਪਨੇ ਵਿਚ ਭੁਗਤ ਗਿਆ ਹੈ ।)

(ਇਸ ਨਾਲ ਮਿਲਦੀਆਂ ਕਹਾਣੀਆਂ 'ਕਸਸੁਲ ਅੰਬੀਆਂ' ਵਿਚ ਆਉਂਦੀਆਂ ਹਨ ।)

ਰਾਜਾ ਸਿੱਖ ਬਣਿਆ । ਗੁਰੂ ਜੀ ਨੇ ਫ਼ੁਰਮਾਇਆ, 'ਭਾਈ ਕਲਿਆਣਾ ਤੁਹਾਨੂੰ ਲਿਆਇਆ ਹੈ । ਇਸਦੀ ਪੂਜਾ ਕਰੋ ।'

ਰਾਜਾ ਕਲਿਆਣੇ ਨੂੰ ਨਾਲ ਲੈ ਗਿਆ, ਤੇ ਸਰਵਰ ਵਾਸਤੇ ਬਹੁਤ ਸਾਰਾ ਧਨ ਦੇ ਕੇ ਵਾਪਸ ਭੇਜਿਆ ।

ਅੰਸੂ ੩੪

(ਸੰਤੋਖ ਸਰ ਵਿਚੋਂ ਜੋਗੀ ਨਿਕਲਿਆ)

ਸੰਤੋਖ ਸਰ ਖੋਦਦਿਆਂ ਵਿਚੋਂ ਇਕ ਮੱਠ ਨਿਕਲਿਆ । ਉਸ ਵਿਚੋਂ ਇਕ ਜੋਗੀ ਸਮਾਧੀ ਲਾਈ ਬਠਾ ਨਿਕਲਿਆ । ਸਿੱਖਾਂ ਨੇ ਮਾਲਸ਼ ਕਰਕੇ ਉਸਨੂੰ ਹੋਸ਼ ਵਿਚ ਆਂਦਾ । ਜੋਗੀ ਦੇ ਪੁੱਛਣ ਤੇ ਬਾਬੇ ਬੁੱਢੇ ਦੱਸਿਆ, ਕਿ ਇਹ ਗੁਰੂ ਅਰਜਨ ਦੇਵ ਜੀ ਹਨ ।

ਜੋਗੀ ਨੇ ਕਿਹਾ, 'ਮੇਰੇ ਗੁਰੂ ਨੇ ਸਮਾਧੀ ਲਾਉਣ ਵਾਸਤੇ ਕਿਹਾ ਸੀ, ਤੇ ਹੁਕਮ ਕੀਤਾ ਸੀ, ਕਿ ਤੇਰੀ ਮੁਕਤੀ ਗੁਰੂ ਅਰਜਨ ਕਰਨਗੇ ।'

ਅੰਸੂ ੩੫

(ਜੋਗੀ ਨੂੰ ਉਪਦੇਸ਼)

ਗੁਰੂ ਜੀ ਨੇ ਸਬਦ ਉਚਾਰਿਆ,

"ਬਾਜੀਗਰਿ ਜੈਸੇ ਬਾਜੀ ਪਾਈ ।...।"

(ਸੂਹੀ ਮ. ੫, ਪੰਨਾ ੭੩੬)

ਫਿਰ ਇਸ ਸਬਦ ਦੀ ਵਿਆਖਿਆ ਹੈ, ਕਿ ਸਭ ਰੂਪ ਵਿਚ ਇਕ ਬ੍ਰਹਮ ਹੀ ਹੈ ।

ਅੰਸੂ ੩੬

(ਜੋਗੀ ਨੂੰ ਮੁਕਤ ਕੀਤਾ)

ਗੁਰੂ ਜੀ ਦਾ ਉਪਦੇਸ਼ ਸੁਣਕੇ ਜੋਗੀ ਮੁਕਤ ਹੋਇਆ ਤੇ ਸਰੀਰ ਛੱਡ ਗਿਆ ।

Digitized by Panjab Digital Library | www.panjabdigilib.org

ਅੰਸੂ ੩੭

(ਪਿੰਗਲੇ ਦਾ ਪ੍ਰਸੰਗ)

ਪੱਟੀ ਦੇ ਰਾਜੇ ਘਰ ਪੰਜ ਲੜਕੀਆਂ ਸਨ। ਛੋਟੀ ਸਤ ਸੰਗਣ ਸੀ। ਉਸ ਨੇ ਗੁਰ ਵਾਕ ਸੁਣਿਆਂ, "ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ।" ਉਸਨੂੰ ਇਸ ਵਿਚਾਰ 'ਤੇ ਭਰੋਸਾ ਹੋ ਗਿਆ।

ਇਕ ਦਿਨ ਲੜਕੀਆਂ ਆਪਸ ਵਿਚ ਝਗੜ ਪਈਆਂ। ਵੱਡੀਆਂ ਕਹਿਣ, ਅਸੀਂ ਪਿਤਾ ਦਾ ਦਿਤਾ ਖਾਂਦੀਆਂ ਹਾਂ। ਛੋਟੀ ਕਹੇ, ਸਭ ਨੂੰ ਈਸ਼ਵਰ ਦੇਂਦਾ ਹੈ। ਰਾਜੇ ਨੇ ਛੋਟੀ ਨੂੰ ਪਿੰਗਲੇ ਨਾਲ ਵਿਆਹ ਦਿਤਾ। ਉਹ ਪਤੀ ਨੂੰ ਪਰਮੇਸ਼ਰ ਜਾਣ ਕੇ ਸਿਰ 'ਤੇ ਖਾਰੀ ਚੁਕ ਕੇ ਤੁਰ ਪਈ। ਮੰਗਦੀ ਮੰਗਦੀ ਉਹ 'ਗੁਰੂ ਚੱਕ' ਆ ਗਈ। ਬੇਰੀ ਹੇਠ ਖਾਰੀ ਰੱਖ ਕੇ ਉਹ ਪਿੰਡ 'ਤੁਗ' ਵਿਚੋਂ ਭਿੱਛਿਆ ਮੰਗਣ ਗਈ। ਜਿਥੇ ਹੁਣ 'ਦੁੱਖ ਭੰਜਨੀ ਬੇਰੀ' ਹੈ, ਏਥੇ ਟੋਏ ਵਿਚ ਪਾਣੀ ਖਲਾ ਸੀ। ਉਸ ਦਿਨ ਵਿਸਾਖ ਦੀ ਸੰਗਰਾਂਦ ਸੀ। ਕਾਂ ਨੇ ਉਸ ਛਪੜੀ ਤੋਂ ਪਾਣੀ ਪੀਤਾ, ਤੇ ਫਿਰ ਵਿਚ ਨਹਾਤਾ, ਤਾਂ ਉਹ ਹੰਸ ਵਰਗਾ ਚਿੱਟਾ ਹੋ ਕੇ ਉਡ ਗਿਆ। ਪਿੰਗਲਾ ਵੇਖ ਕੇ, ਉਸ ਜਲ ਵਿਚ ਜਾ ਨਹਾਤਾ, ਤਾਂ ਸਰੀਰ ਅਰੋਗ ਹੋ ਗਿਆ।

ਅੰਸੂ ੩੮

(ਅੰਮ੍ਰਿਤ ਸਰੋਵਰ ਪਰਗਟ)

ਉਹ ਦੇਵੀ 'ਤੁਗ' ਤੋਂ ਭਿੱਛਿਆ ਲੈ ਕੇ ਮੁੜੀ, ਤਾਂ ਪਿੰਗਲੇ ਦੀ ਥਾਂ ਇਕ ਸੁੰਦਰ ਜਵਾਨ ਨੂੰ ਵੇਖ ਕੇ ਗੁੱਸ ਹੋਣ ਲੱਗੀ। ਝਗੜਾ ਸੁਣ ਕੇ ਲੋਕਾਂ ਨੇ ਕਿਹਾ, ਤੁਸੀਂ ਗੁਰੂ ਜੀ ਪਾਸ ਜਾਉ। ਦੋਵੇਂ ਗੁਰੂ ਅਰਜਨ ਦੇਵ ਜੀ ਪਾਸ ਹਾਜ਼ਰ ਹੋਏ। ਦੋਹਾਂ ਆਪਣੀ ਕਥਾ ਸੁਣਾਈ।

ਅੰਸੂ ੩੯

(ਅੰਮ੍ਰਿਤ ਸਰੋਵਰ ਕਾਰ ਸੇਵਾ)

ਉਸ ਜੋੜੀ ਨੂੰ ਗੁਰੂ ਜੀ ਉਸ ਥਾਂ ਲੈ ਗਏ, ਤੇ ਕਿਹਾ, ਕਿ ਇਹ ਤੀਸਰੇ ਗੁਰੂ ਦਾ ਵਾਕ ਸੀ। ਏਥੇ 'ਅੰਮ੍ਰਿਤ ਸਰੋਵਰ' ਤਿਆਰ ਕਰੋ। [ਉਹਨਾਂ ਨੂੰ ਪਤੀ-ਪਤਨੀ ਕਰਾਰ ਦਿਤਾ। 'ਰਜਨਾ' ਨਾਮ ਕਿਤੇ ਨਹੀਂ ਲਿਖਿਆ।]

ਓਥੇ ਅੰਮ੍ਰਿਤ ਸਰੋਵਰ ਦੀ ਖੁਦਾਈ ਸ਼ੁਰੂ ਹੋਈ।

[ਏਥੇ ਕਵੀ ਜੀ ਲਿਖਦੇ ਹਨ] ਕੋਈ ਸਿੱਖ ਕਹਿੰਦੇ ਹਨ, ਕਿ ਗੁਰੂ ਰਾਮ ਦਾਸ ਜੀ

Digitized by Panjab Digital Library | www.panjabdigilib.org

ਦੇ ਸਮੇਂ ਜੋਗੀ ਨਿਕਲਿਆ, ਤੇ ਪਿੰਗਲਾ ਰਾਜ਼ੀ ਹੋਇਆ। [ਕਵੀ ਜੀ ਕਹਿੰਦੇ ਹਨ] ਭਾਵੇਂ ਕਿਸੇ ਗੁਰੂ ਦੇ ਸਮੇਂ ਇਹ ਘਟਨਾ ਹੋਈਆਂ, ਮੇਰਾ ਨਸ਼ਾਨਾ ਤਾਂ ਗੁਰੂ ਦਾ ਜੱਸ ਗਾਉਣਾ ਹੈ।

ਅੰਸੂ ੪੦

(ਪੁਰਾਤਨ ਸਿੱਖਾਂ ਦੇ ਪ੍ਰਸੰਗ)

ਸਰੋਵਰ ਦੀ ਖੁਦਾਈ ਕਰਨ ਸਮੇਂ ਨਾਮਵਰ ਸਿੱਖ ਇਹ ਸਨ। ਬਾਬਾ ਬੁਢਾ ਸਣੇ ਪਰਵਾਰ, ਭਾਈ ਭਗਤੂ, ਭਾਈ ਮੰਞ; ਪਿਰਾਣਾ, ਭਾਈ ਗੁਰਦਾਸ, ਪੁਰੀਆ, ਚੌਧਰੀ ਚੂਹੜ, ਪੈੜਾ, ਕਿਸ਼ਨਾ, ਬਾਲਾ, ਤਿਲੋਕਾ, ਸਮੁੰਦਾ, ਬੂਲਾ, ਤੁਲਸੀਆ, ਭਾਗੀਰਥ, ਕਲਿਆਣਾ, ਲਾਲੂ, ਬਾਲੂ, ਗੋਖੂ, ਟੋਡ, ਕਿਦਾਰਾ, ਗੋਇੰਦਾ, ਮੋਹਣ, ਬਾਲਾ ਮਰਵਾਹਾ, ਜੋਧਾ, ਆਦਿ।

ਅੰਸੂ ੪੧

(ਭਾਈ ਭਗਤੂ ਦੀ ਕਥਾ)

[ਭਾਈ 'ਆਦਮ' ਬਾਰੇ ਕਵੀ ਜੀ ਇਕ ਭੁਲੇਖਾ ਪਾ ਰਹੇ ਹਨ।]

"ਸਿਧੂ ਕੁਲ ਮਹਿ ਜਾਟ ਇਕ ਭੁੱਲਰੀ ਏ ਸ਼ੁਭ ਗੋਤਿ।...੧।"

[ਜੱਟਾਂ ਵਿਚ 'ਸਿੱਧੂ' ਤੇ 'ਭੁੱਲਰ' ਦੋ ਵੱਖ ਵੱਖ ਗੋਤਾਂ ਹਨ।]

ਆਦਮ ਨੇ ਸਭ ਪੀਰ ਫ਼ਕੀਰ ਮਨਾਏ, ਪਰ ਪੁੱਤਰ ਨਾ ਹੋਇਆ। ਇਕ ਸਿੱਖ ਦੀ ਪ੍ਰੇਰਨਾ ਨਾਲ ਪਿਛਲੀ ਉਮਰ ਉਹ ਗੁਰੂ ਰਾਮ ਦਾਸ ਜੀ ਦੀ ਸ਼ਰਣ ਆਇਆ। ਉਹ ਦੋਵੇਂ ਜੀ ਜੰਗਲ ਵਿਚੋਂ ਦੋ ਪੰਡਾਂ ਬਾਲਣ ਲਿਆਉਂਦੇ। ਇਕ ਪੰਡ ਉਹ ਗੁਰੂ ਕੇ ਲੰਗਰ ਵਿਚ ਭੇਟਾ ਕਰ ਦੇਂਦੇ, ਤੇ ਇਕ ਆਪਣੀ ਝੁੱਗੀ ਵਿਚ ਰੱਖ ਲੈਂਦੇ। ਇਸ ਤਰ੍ਹਾਂ ਛੇ ਮਹੀਨੇ ਗੁਜ਼ਰ ਗਏ।

ਸਿਆਲ ਦੀ ਰੁੱਤ, ਝੜੀ, ਤੇ ਸਖ਼ਤ ਪਾਲਾ। ਉਸ ਰਾਤ ਆਦਮ ਨੇ ਸਾਰੀ ਸੰਗਤ ਨੂੰ ਰਾਤ ਅੱਗ ਸਿਕਾਈ, ਥਾਂ ਥਾਂ ਅੰਗੀਠੇ ਲਾ ਦਿਤੇ। ਅਗਲੇ ਦਿਨ ਗੁਰੂ ਜੀ ਨੇ ਵਰ ਮੰਗਣ ਵਾਸਤੇ ਕਿਹਾ, ਤਾਂ ਬਿਰਧ ਅਵਸਥਾ ਦੇ ਕਾਰਨ ਸਿਰਫ਼ ਨਾਮ ਦਾਨ ਮੰਗਿਆ। ਗੁਰੂ ਜੀ ਨੇ ਅਗਲੇ ਦਿਨ ਸੋਚ ਵਿਚਾਰ ਕੇ ਵਰ ਮੰਗਣ ਵਾਸਤੇ ਕਿਹਾ, ਤਾਂ ਦੋਹਾਂ ਜੀਆਂ ਸਲਾਹ ਕਰ ਕੇ ਪੁੱਤਰ ਮੰਗਿਆ।

ਗੁਰੂ ਜੀ ਨੇ ਕਿਹਾ, "ਤੁਹਾਡੇ ਲੇਖਾਂ ਵਿਚ ਪੁੱਤਰ ਹੈ ਨਹੀਂ। ਪਰ ਸਾਡਾ ਚੇਥਾ ਪੁੱਤਰ ਤੁਹਾਡੇ ਘਰ ਜਨਮ ਲਵੇਗਾ। ਉਸ ਦਾ ਨਾਮ 'ਭਗਤੂ' ਰਖਣਾ।"

ਆਦਮ ਵਾਪਸ ਆਪਣੇ ਘਰ ਆ ਗਿਆ। ਸਾਲ ਪਿਛੋਂ ਉਹਨਾਂ ਘਰ ਭਾਈ

Digitized by Panjab Digital Library | www.panjabdigilib.org

ਭਗਤੂ ਜਨਮਿਆਂ।

ਅੰਸੂ ੪੨

(ਭਾਈ ਭਗਤੂ ਜਾਰੀ)

ਭਗਤੂ ਦੇ ਜਨਮ ਨਾਲ ਬੜੀਆਂ ਖ਼ੁਸ਼ੀਆਂ ਹੋਈਆਂ। ਆਦਮ ਗੁਜ਼ਰ ਗਿਆ। ਭਗਤੂ ਦੀ ਮਾਤਾ ਉਸ ਨੂੰ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਈ। ਜੇਠ ਦਾ ਮਹੀਨਾ ਸੀ। ਬਿਰਧ ਮਾਈ ਪਾਣੀ ਖੁਣੋਂ ਬੇਹਾਲ ਹੋ ਗਈ। ਭਗਤੂ ਇਕ ਪਿੰਡ ਵਿਚੋਂ ਪਾਣੀ ਲੈਣ ਗਿਆ, ਤੇ ਮਾਂ ਨੂੰ ਕਹਿ ਗਿਆ, ਜੇ ਮੇਰੇ ਆਉਣ ਤਕ ਸਹਾਰਾ ਨਾ ਹੋ ਸਕੇ, ਤਾਂ ਇਸ ਸੁੱਕੇ ਤਾਲ [ਛੱਪੜ] ਵਿਚੋਂ ਇਕ ਇੱਟ [ਡਲੀ] ਚੁਕਣੀ, ਹੇਠੋਂ ਪਾਣੀ ਨਿਕਲ ਆਵੇਗਾ, ਪਰ ਪਾਣੀ ਪੀ ਕੇ ਇੱਟ ਫਿਰ ਉਥੇ ਰੱਖ ਦੇਣੀ, ਤਾਂ ਪਾਣੀ ਬੰਦ ਹੋ ਜਾਵੇਗਾ।

ਮਾਈ ਨੇ ਇੱਟ ਚੁੱਕੀ, ਤਾਂ ਹੇਠੋਂ ਪਾਣੀ ਨਿਕਲ ਆਇਆ। ਪਾਣੀ ਪੀ ਕੇ ਉਹ ਇੱਟ ਧਰ ਕੇ ਬੰਦ ਕਰਨਾ ਭੁੱਲ ਗਈ।

ਛੱਪੜ ਵਿਚ ਪਾਣੀ ਵੇਖ ਕੇ ਬਕਰੀਆਂ ਪੀਣ ਆ ਗਈਆਂ। ਅਯਾਲੀ ਵੇਖ ਕੇ ਹੈਰਾਨ ਹੋ ਗਿਆ, ਕਿ ਏਥੇ ਪਾਣੀ ਕਿੱਥੋਂ ਆ ਗਿਆ।

ਭਗਤੂ ਦੀ ਇਹ ਕਰਾਮਾਤ ਵੇਖ ਕੇ ਸਾਰਾ ਇਲਾਕਾ ਉਸ ਦੇ ਪਿਛੇ ਸਿੱਖ ਬਣ ਗਿਆ।

ਅੰਸੂ ੪੩

(ਭਾਈ ਮੰਢ)

ਭਾਈ ਮੰਢ ਸਰਵਰ ਪੀਰ ਦਾ ਉਪਾਸ਼ਕ ਸੀ। ਸਿੱਖਾਂ ਕੋਲੋਂ ਸੋਭਾ ਸੁਣ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਆਇਆ, ਤੇ ਸਿੱਖ ਬਣਨ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ, ਸਿੱਖੀ ਬੜੀ ਔਖੀ ਹੈ, ਤੇਰਾ ਸਭ ਧਨ ਮਾਲ ਖ਼ਤਮ ਹੋ ਜਾਇਗਾ।

ਮੰਢ ਨੇ ਸਭ ਪਰਵਾਨ ਕਰ ਲਿਆ, ਤੇ ਸਿੱਖੀ ਮੰਗੀ। ਗੁਰੂ ਜੀ ਦੇ ਹੁਕਮ ਨਾਲ ਉਸ ਨੇ ਸਰਵਰ ਦੀ ਨਸ਼ਾਨੀ ਢਾਹ ਦਿਤੀ। ਮੰਢ ਸਿੱਖ ਬਣ ਗਿਆ।

ਦਿਨਾਂ ਵਿਚ ਹੀ ਮੰਢ ਦਾ ਸਭ ਕੁਛ ਨਾਸ ਹੋ ਗਿਆ। ਸ਼ਰੀਕਾਂ ਨੇ ਉਹਨੂੰ ਘਰੋਂ ਵੀ ਕਢ ਦਿਤਾ। ਮੰਢ ਕਿਸੇ ਹੋਰ ਨੱਗਰ ਵਿਚ ਜਾ ਕੇ ਘਾਹ ਘੋਤ ਕੇ ਗੁਜ਼ਾਰਾ ਕਰਨ ਲੱਗਾ। ਘਾਹ ਵੇਚ ਕੇ ਉਸ ਵਿਚੋਂ ਚੌਥਾ ਹਿੱਸਾ ਗੁਰੂ ਦੇ ਨਾਮ ਦਾ ਦੇ ਦੇਂਦਾ।

ਗੁਰੂ ਜੀ ਨੇ ਉਸ ਪਾਸ ਇਕ 'ਮੇਵੜਾ' [ਸੇਵਕ] ਭੇਜਿਆ, ਤੇ ਹੁਕਮ ਕੀਤਾ, ਕਿ ਇੱਕੀ ਰੁਪੈ ਲੈ ਕੇ ਸਾਡਾ 'ਹੁਕਮ ਨਾਮਾ' ਦੇਣਾ।

ਮੇਵੜਾ ਗਿਆ। ਮੰਢ ਨੇ ਪਿੰਡ ਦੇ ਚੌਧਰੀ ਨੂੰ ਕੰਨਿਆਂ ਦਾ ਰਿਸ਼ਤਾ ਦੇਣਾ ਕਰ ਕੇ

Digitized by Panjab Digital Library | www.panjabdigilib.org

ਪੈਸੇ ਲਿਆਂਦੇ; ਤੇ ਉਹ ਸਾਰੇ ਮੇਵੜੇ ਨੂੰ ਦੇ ਕੇ ਹੁਕਮਨਾਮਾ ਲੈ ਲਿਆ।

ਅੰਮ੍ਰ ੪੪

(ਭਾਈ ਮੰਞ ਜਾਰੀ)

ਕੁਛ ਸਮੇਂ ਪਿਛੋਂ ਗੁਰੂ ਜੀ ਨੇ ਫਿਰ 'ਹੁਕਮਨਾਮਾ' ਭੇਜਿਆ, ਤੇ ਮੇਵੜੇ ਨੂੰ ਕਿਹਾ, ਕਿ ਇੱਕੀ ਰੁਪੈ ਲੈ ਕੇ ਹੁਕਮਨਾਮਾ ਦੇਣਾ।

ਭਾਈ ਮੰਞ ਨੇ ਆਪਣੀ ਪਤਨੀ ਕਿਸੇ ਪਾਸ ਗਿਰਵੀ (ਗਹਿਣੇ) ਰੱਖ ਕੇ ਰੁਪੈ ਲੀਤੇ। ਇਕਰਾਰ ਸੀ, ਕਿ ਜਿੰਨਾ ਚਿਰ ਮੈਂ ਰੁਪੈ ਵਾਪਸ ਨਾ ਕਰਾਂਗਾ, ਓਨਾ ਚਿਰ ਇਹ ਤੇਰੇ ਘਰ ਨੌਕਰਾਣੀ ਵਾਂਗ ਕੰਮ ਕਰੇਗੀ। ਉਹ ਰੁਪੈ ਦੇ ਕੇ ਮੇਵੜੇ ਪਾਸੋਂ ਹੁਕਮਨਾਮਾ ਲਿਆ। ਗੁਰੂ ਜੀ ਵੱਲੋਂ ਹੁਕਮ ਸੀ, ਕਿ ਸਾਡੇ ਪਾਸ ਆਓ।

ਮੰਞ ਸੇਵਾ ਵਿਚ ਆ ਹਾਜ਼ਰ ਹੋਇਆ, ਬਾਹਰੋਂ ਬਾਲਣ ਲਿਆ ਕੇ ਲੰਗਰ ਦੀ ਸੇਵਾ ਕਰਦਾ ਤੇ ਲੰਗਰ ਵਿਚੋਂ ਪ੍ਰਸਾਦ ਛਕ ਲੈਂਦਾ। ਗੁਰੂ ਜੀ ਨੇ ਪਰਖਣ ਵਾਸਤੇ ਉਸ ਨੂੰ ਲੰਗਰ ਵਿਚੋਂ ਪ੍ਰਸਾਦ ਛਕਣੋ ਰੋਕ ਦਿਤਾ। ਫਿਰ ਉਹ ਸਿੱਖਾਂ ਕੋਲੋਂ ਮੰਗ ਕੇ ਖਾਣ ਲੱਗ ਪਿਆ।

ਇਕ ਦਿਨ ਗੁਰੂ ਜੀ ਨੇ ਸੱਦ ਕੇ ਮੰਞ ਨੂੰ ਸਮਝਾਇਆ, ਕਿ ਤੂੰ ਆਪਣੇ ਪੀਰ ਨੂੰ ਛਡ ਕੇ ਕਾ ਸੁਖ ਪਾਇਆ। ਜਾਹ, ਆਪਣੇ ਪੀਰ ਨੂੰ ਫਿਰ ਮਨਾ ਲੈ। ਪਰ ਮੰਞ ਗੁਰ-ਸਿੱਖੀ 'ਤੇ ਅਡੋਲ ਰਿਹਾ।

ਇਕ ਦਿਨ ਉਹ ਬਾਹਰੋਂ ਸੁੱਕਾ ਬਾਲਣ ਲੈ ਕੇ ਆ ਰਿਹਾ ਸੀ। ਹਨ੍ਹੇਰੀ ਆ ਗਈ। ਮੰਞ ਖੂਹ ਵਿਚ ਡਿਗ ਪਿਆ। ਪਾਣੀ ਥੋੜਾ ਸੀ। ਉਸ ਨੇ ਬਾਲਣ ਨਾ ਭਿੱਜਣ ਦਿਤਾ।

ਗੁਰੂ ਜੀ ਸਿੱਖਾ ਨੂੰ ਨਾਲ ਲੈ ਕੇ ਖੂਹ 'ਤੇ ਪਹੁੰਚੇ। ਮੰਞ ਨੇ ਕਿਹਾ, ਪਹਿਲਾਂ ਬਾਲਣ ਬਾਹਰ ਕਢੋ। ਫਿਰ ਮੰਞ ਬਾਹਰ ਆਇਆ। ਗੁਰੂ ਜੀ ਨੂੰ ਸਾਮ੍ਹਣੇ ਵੇਖ ਕੇ ਮੰਞ ਚਰਨਾਂ 'ਤੇ ਢਹਿ ਪਿਆ। ਗੁਰਦੇਵ ਨੇ ਕਿਹਾ, ਵਰ ਮੰਗ।

ਮੰਞ ਨੇ ਨਾਮ ਦਾਨ ਮੰਗਿਆ, ਤੇ ਕਿਹਾ, ਹੋਰ ਸਿੱਖਾਂ ਦੀ ਐਸੀ ਕਠਨ ਪ੍ਰੀਖਿਆ ਨਾ ਲੈਣੀ। ਗੁਰੂ ਜੀ ਨੇ ਖ਼ੁਸ਼ ਹੋ ਕੇ ਕਿਹਾ,

"ਮੰਞ ਪਿਆਰਾ ਗੁਰੂ ਨੂੰ, ਗੁਰੂ ਮੰਞ ਪਿਆਰਾ।
ਮੰਞ ਗੁਰੂ ਕਾ ਬੋਹਿਥਾ, ਜੱਗ ਲੰਘਣ ਹਾਰਾ।"

ਗੁਰੂ ਜੀ ਨੇ ਮੰਞ ਨੂੰ ਹੁਕਮ ਦਿਤਾ, ਕਿ ਘਰ ਜਾ ਕੇ ਲੰਗਰ ਚਲਾਵੋ। ਮੰਞ ਨੂੰ ਸਭ ਕੁਛ ਮਿਲ ਗਿਆ, ਤੇ ਉਹ ਪਰਵਾਰ ਸਮੇਤ ਘਰ ਵਿਚ ਸੁਖੀ ਵੱਸਣ ਲੱਗਾ।

(ਇਹ ਸਾਖੀ ਘੜਨ ਵਾਲੇ ਨੇ ਇਹ ਨਾ ਸੋਚਿਆ, ਕਿ ਸਿੱਖ ਦਾ ਸਿਦਕ ਪਰਗਟ ਕਰਦਿਆਂ ਉਹ ਗੁਰੂ ਮਹਾਰਾਜ ਦਾ ਨਿਰਾਦਰ ਕਰ ਰਿਹਾ ਹੈ। ਕੀ ਗੁਰੂ ਮਹਾਰਾਜ ਐਸੇ ਨਿਰਦਈ ਸਨ, ਜੋ ਪਰਖਣ ਵਾਸਤੇ ਸਿੱਖਾਂ ਨੂੰ ਐਨੇ ਦੁੱਖ ਦੇਂਦੇ ਸਨ? ਸਿੱਖ ਤਾਂ ਗੁਰੂ ਜੀ ਨੂੰ ਦਿਆਲੂ ਮੰਨਦੇ ਹਨ। ਐਹੋ ਜੇਹੀਆਂ ਸਾਖੀਆਂ ਇਤਿਹਾਸ ਦੀ ਮਹੱਤਤਾ

Digitized by Panjab Digital Library | www.panjabdigilib.org

ਘਟਾਉਂਦੀਆਂ ਹਨ।)

ਅੰਸੂ ੪੫

(ਭਾਈ ਬਹੌੜਾ)

"ਭੋਰ ਹੋਤਿ ਸ੍ਰੀ ਅਰਜਨ ਨਾਥ।
ਕੁੰਕਮ ਚੰਦਨ ਤਿਲਕ ਸੁ ਮਾਥ।...੭।"

(ਭੋਰ=ਸਵੇਰ। ਕੁੰਕਮ=ਕੇਸਰ। ਤਾਂ ਕੀ ਗੁਰੂ ਜੀ ਵੀ ਕੇਸਰ ਤੇ ਚੰਦਨ ਦਾ ਤਿਲਕ ਲਾਉਂਦੇ ਸਨ ? ਇਹ ਤਾਂ ਬ੍ਰਾਹਮਣ ਧਰਮ ਦਾ ਚਿੰਨ੍ਹ ਹੈ।)

ਇਕ ਦਿਨ ਬਹੌੜਾ ਸੁਨਿਆਰਾ ਦਰਸ਼ਨ ਹਿਤ ਆਇਆ। ਹਜ਼ੂਰ ਨੇ ਪੁਛਿਆ, 'ਭਾਈ ਬਹੌੜਾ ! ਕੀ ਧਰਮ ਦੀ ਕਿਰਤ ਕਰਦਾ ਹੈਂ ?'

ਬਹੌੜੇ ਨੇ ਸੱਚ ਕਹਿ ਦਿਤਾ, 'ਜਾਣੀ ਜਾਣ ਗੁਰਦੇਵ ! ਮੇਰੀ ਕਿਰਤ ਧਰਮ ਦੀ ਨਹੀਂ। ਮਾਂ ਪਿਉ ਵੀ ਜ਼ੇਵਰ ਬਣਵਾਏ, ਤਾਂ ਚੌਥਾ ਹਿੱਸਾ ਮੈਂ ਉਸ ਵਿਚੋਂ ਵੀ ਕਢ ਲੈਂਦਾ ਹਾਂ। ਤਾਂ ਉਪਰਿਆਂ ਤੋਂ ਤਾਂ ਜਿੰਨਾ ਵੀ ਹੱਥ ਲੱਗੇ, ਚੁਰਾ ਲੈਂਦਾ ਹਾਂ।"

ਗੁਰੂ ਜੀ ਨੇ ਕਿਹਾ, 'ਕਰਮਾਂ ਦਾ ਫਲ ਤੈਨੂੰ ਹੀ ਭੁਗਤਣਾ ਪਵੇਗਾ। ਸੋ, ਮਾੜੀ ਕਿਰਤ ਛਡ ਦਿਹ।'

ਬਹੌੜਾ ਸਭ ਕੁਛ ਛਡ ਕੇ ਗੁਰੂ ਜੀ ਦੀ ਸੇਵਾ ਵਿਚ ਲੱਗ ਗਿਆ। ਚਿਰ ਪਿਛੋਂ ਮਹਾਰਾਜ ਨੇ ਹੁਕਮ ਕੀਤਾ, 'ਹੁਣ ਜਾ ਕੇ ਲੰਗਰ ਲਾਓ, ਤੇ ਸਿੱਖੀ ਦਾ ਪਰਚਾਰ ਕਰੋ।'

ਅੰਸੂ ੪੬

(ਭਾਈ ਬਹਿਲੋ)

ਅੰਮ੍ਰਿਤਸਰ ਵਿਚ ਗੁਰੂ ਜੀ ਨੇ ਬਜ਼ਾਰ ਬਣਾ ਦਿਤਾ। ਆਏ ਸਿੱਖਾਂ ਨੂੰ ਕਹਿੰਦੇ, ਕਿ ਇਕ ਪੁੱਤਰ ਨੂੰ ਐਥੇ ਦੁਕਾਨ ਕਰਵਾ ਦਿਹੋ। ਇਸ ਤਰ੍ਹਾਂ ਬਹੁਤ ਸਾਰੇ ਸਿੱਖ ਆ ਵੱਸੇ।

ਮਾਲਵੇ ਦੇ ਪਿੰਡ ਫਫਰੇ (ਫਫੜੇ) ਵਿਚ ਭਾਈ ਬਹਿਲੋ ਸਰਵਰ ਦਾ ਮੁਰੀਦ ਸੀ। ਉਹ 'ਸੰਗ' ਲੈ ਕੇ 'ਨਿਗਾਹੇ' ਜਾਇਆ ਕਰਦਾ ਸੀ।

ਗੁਰੂ ਜੀ ਨੇ ਉਸ ਵੱਲ ਸਿੱਖ ਭੇਜਿਆ, ਪਰ ਬਹਿਲ ਨੇ ਆਉਣੋ ਇਨਕਾਰ ਕਰ ਦਿਤਾ। ਗੁਰੂ ਜੀ ਨੇ ਫਿਰ ਸਿੱਖ ਹੱਥ ਅਖਵਾ ਭੇਜਿਆ, ਕਿ ਤੂੰ ਤਾਂ ਕਈ ਜਨਮਾਂ ਤੋਂ ਗੁਰੂ ਕਾ ਸੇਵਕ ਹੈਂ, ਹੁਣ ਕਬਰ ਪੂਜਣ ਕਿਉਂ ਜਾ ਲੱਗਾ ਹੈਂ।'

ਬਹਿਲੋ ਦੇ ਮਨ 'ਤੇ ਕੁਛ ਅਸਰ ਹੋਇਆ, ਤੇ ਉਹਨੇ ਸਿੱਖ ਨੂੰ ਕਿਹਾ, 'ਮਹਾਰਾਜ ਮੈਨੂੰ ਕੁਛ ਪਤਿਆਵਾ ਦੇਣ।'

Digitized by Panjab Digital Library | www.panjabdigilib.org

ਅੰਸੂ ੪੭

(ਭਾਈ ਬਹਿਲੋ-ਜਾਰੀ)

ਗੁਰੂ ਜੀ ਨੇ ਸਿੱਖ ਹੱਥ ਬਹਿਲੋ ਦੇ ਪਿਛਲੇ ਜਨਮ ਦੀਆਂ ਕੁਛ ਗੱਲਾਂ ਲਿਖ ਭੇਜੀਆਂ। ਬਹਿਲੋ ਗੁਰੂ ਜੀ ਦੀ ਸ਼ਰਣ ਆਉਣ ਵਾਸਤੇ ਤਿਆਰ ਹੋ ਪਿਆ। ਸਤਲੁਜ ਤਕ ਉਹ ਸਰਵਰੀ ਭੇਸ ਵਿਚ ਆਇਆ। ਫਿਰ ਖੂੰਡੀ ਆਦਿ ਸਭ ਸਰਵਰੀ ਨਸ਼ਾਨੀਆਂ ਦਰਿਆ ਵਿਚ ਸੁੱਟ ਦਿਤੀਆਂ। ਗੁਰੂ ਜੀ ਦੀ ਸ਼ਰਣ ਆ ਕੇ ਬਹਿਲੋ ਸੇਵਾ ਵਿਚ ਜੁੱਟ ਗਿਆ। ਉਹ ਵਧੇਰੇ ਆਵੇ ਪਕਾਉਣ ਦੀ ਸੇਵਾ ਕਰਦਾ।

ਭਾਈ ਭਗਤੂ ਵੀ ਸੇਵਾ ਵਿਚ ਆ ਲੱਗਾ।

ਅੰਸੂ ੪੮

(ਬੁਧੂ ਦਾ ਆਵਾ ਕੱਚਾ—ਭਾਈ ਲੱਖੂ)

ਲਾਹੌਰ ਵਿਚ ਗੁਰੂ ਕਾ ਸਿੱਖ ਬੁਧੂ ਕੰਮਿਹਾਰ ਸੀ। ਬੁੱਧੂ ਨੇ ਕਰਜ਼ ਲੈ ਕੇ ਬਹੁਤ ਵੱਡਾ ਆਵਾ ਚਾੜ੍ਹਿਆ। ਉਹਨੇ ਅੰਮ੍ਰਿਤਸਰ ਆ ਕੇ ਗੁਰੂ ਜੀ ਦੀ ਭੇਟਾ ਵੀ ਧਰੀ। ਫਿਰ ਉਹਨੇ ਘਰ ਜਾ ਕੇ ਸਿੱਖਾਂ ਨੂੰ ਭੋਜਨ ਕੀਤਾ। ਲੱਖੂ ਜ਼ਰਾ ਪਿੱਛੋਂ ਆਇਆ। ਉਸਨੂੰ ਭੋਜਨ ਨਾ ਮਿਲਿਆ। ਪ੍ਰਸਾਦ ਛਕ ਕੇ ਸਿੱਖਾਂ ਅਰਦਾਸ ਕੀਤੀ, ਕਿ ਬੱਧੂ ਦਾ ਆਵਾ ਪੱਕ ਜਾਏ। ਪਰ ਬਾਹਰ ਖਲਾ ਲੱਖੂ ਕਹਿ ਰਿਹਾ ਸੀ, 'ਆਵਾ ਕੱਚਾ ਰਹੇ।'

ਸੋ ਆਵਾ ਕੱਚਾ ਰਿਹਾ। ਬੁੱਧੂ ਨੇ ਗੁਰੂ ਜੀ ਪਾਸ ਜਾ ਕੇ ਸਾਰੀ ਕਹਾਣੀ ਦੱਸੀ। ਗੁਰ ਜੀ ਨੇ ਫ਼ੁਰਮਾਇਆ, ਸਾਡੀ ਕਹੀ ਸਿੱਖ ਉਲਟਾ ਸਕਦੇ ਹਨ, ਪਰ ਸਿੱਖ ਦੀ ਕਹੀ ਅਸੀਂ ਨਹੀਂ ਉਲਟਾ ਸਕਦੇ।

ਫਿਰ ਹਜ਼ੂਰ ਨੇ ਕਿਹਾ, ਤੇਰੀ ਕੱਚੀ ਵੀ ਪੱਕੀ ਦੇ ਭਾਂ ਵਿਕ ਜਾਇਗੀ।

ਬਾਰਸ਼ ਨਾ ਕਰਕੇ ਹੋਰ ਕੋਈ ਆਵਾ ਪੱਕਿਆ ਨਾ। ਕਿਲ੍ਹੇ ਦੀ ਨੀਂਅ ਭਰਨੀ ਸੀ। ਸੋ ਬੁੱਧੂ ਦੀ ਕੱਚੀ ਹੀ ਪੱਕੀ ਦੇ ਭਾਂ ਵਿਕ ਗਈ।

ਅੰਸੂ ੪੯

(ਪੰਡਤ ਗੰਗਾ ਰਾਮ)

ਬਠਿੰਡੇ ਦਾ ਗੰਗਾ ਰਾਮ ਬਾਜਰਾ ਵੇਚਣ ਵਾਸਤੇ ਲੈ ਆਇਆ। ਉਹ ਅੰਮ੍ਰਿਤਸਰ ਆ ਪੁੱਜਾ।

ਬਾਹਰੋਂ ਅਨਾਜ ਨਾ ਆਉਣ ਕਰਕੇ ਦੋ ਦਿਨ ਲੰਗਰ ਨਾ ਬਣਿਆਂ। ਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਪੰਡਤ ਕੋਲੋਂ ਪੰਜ ਸੌ ਮਣ ਬਾਜਰਾ ਤੋਲ ਕੇ ਲੈ ਲਿਆ, ਤੇ ਵਿਸਾਖੀ ਨੂੰ ਪੈਸੇ ਦੇਣੇ ਕਰ ਲਏ। ਗੰਗਾ ਰਾਮ ਵੀ ਸ਼ਰਧਾ ਨਾਲ ਸੇਵਾ ਕਰਨ ਲੱਗ ਪਿਆ।

Digitized by Panjab Digital Library | www.panjabdigilib.org

ਵਿਸਾਖੀ ਦੇ ਮੇਲੇ 'ਤੇ ਬੇਅੰਤ ਸੰਗਤ ਆਈ ਤੇ ਭੇਟਾ ਲਿਆਈ। ਸੋ, ਗੁਰੂ ਜੀ ਨੇ ਪੰਡਤ ਨੂੰ ਬੁਲਾ ਲਿਆ।

ਅੰਸੂ ੫੦

(ਗੰਗਾ ਰਾਮ-ਮੂਲ ਚੰਦ)

ਗੁਰੂ ਜੀ ਪੰਡਤ ਨੂੰ ਬਾਜਰੇ ਦਾ ਮੁੱਲ ਦੇਣ, ਪਰ ਪੰਡਤ ਨਾ ਲਵੇ। ਗੁਰੂ ਜੀ ਨੇ ਚਰਨ ਪਾਹੁਲ ਦੇ ਕੇ ਉਸ ਨੂੰ ਸਿੱਖ ਕੀਤਾ। ਸੇਵਾ ਤੋਂ ਸਿੱਧੀ ਪ੍ਰਾਪਤ ਹੋਈ। ਫਿਰ ਗੁਰੂ ਜੀ ਦਾ ਹੁਕਮ ਪਾ ਕੇ ਉਹ ਬਠਿੰਡੇ ਆ ਬੈਠਾ ਤੇ ਸਿੱਖੀ ਦਾ ਪਰਚਾਰ ਕਰਨ ਲੱਗਾ।

ਓਥੇ ਬਿਧੀ ਚੰਦ ਤੇ ਸਿਧੀ ਚੰਦ ਦੇ ਭਰਾ ਧਨੀ ਖੱਤਰੀ ਰਹਿੰਦੇ ਸਨ। ਸਿਧੀ ਚੰਦ ਗੰਗਾ ਰਾਮ ਦੀ ਸੇਵਾ ਵਿਚ ਲੱਗ ਗਿਆ। ਗੰਗਾ ਰਾਮ ਨੇ ਸਿੱਧੀ ਚੰਦ ਨੂੰ ਪੁੱਤਰ ਦਾ ਵਰ ਦਿਤਾ, ਤੇ ਕਿਹਾ, ਉਸਦੇ ਜਨਮ ਸਮੇਂ ਹੀ ਸਵਾ ਗਿਠ ਸਫ਼ੈਦ ਕੇਸ ਹੋਣਗੇ, ਤੇ ਉਹ ਸਿੱਧ ਹੋਵੇਗਾ।

ਸਮੇਂ ਪਿਛੋਂ ਬਾਲ ਜਨਮਿਆਂ, ਤਾਂ ਉਸਦਾ ਨਾਮ ਮੂਲ ਚੰਦ ਰਖਿਆ। ਸੁਨਾਮ ਨਗਰ ਵਿਚ ਮੂਲ ਚੰਦ ਦੀ ਪੂਜਾ ਹੁੰਦੀ ਹੈ। ਤੇ ਪੂਜਾ ਗੰਗਾ ਰਾਮ ਦੀ ਔਲਾਦ ਲੈਂਦੀ ਹੈ।

ਅੰਸੂ ੫੧

(ਮਸੰਦਾਂ ਦਾ ਖੋਟ)

ਬਾਹਰੋਂ ਵੀ ਉਗਰਾਹੀ ਮਸੰਦ ਲਿਆਉਂਦੇ ਸਨ। ਤੇ ਆਈ ਭੇਟ ਵੀ ਮਸੰਦ ਸੰਭਾਲਦੇ ਸਨ, ਤੇ ਖ਼ਰਚ ਕਰਦੇ ਸਨ।

ਸਰੋਵਰ ਦੀ ਚਿਣਾਈ ਸ਼ੁਰੂ ਹੋ ਗਈ। ਮਸੰਦ ਚੂਨੇ ਦਾ ਸਰਫ਼ਾ ਕਰਨ ਲੱਗ ਪਏ। ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ, ਪਰ ਉਹ ਹੋਰ ਖ਼ਰਚਾਂ ਦਾ ਬਹਾਨਾ ਲਾਉਣ ਲੱਗ ਪਏ। ਗੁਰੂ ਜੀ ਦੇ ਸਮਝਾਉਣ ਉਤੇ ਵੀ ਮਸੰਦ ਬਾਜ਼ ਨਾ ਆਏ। ਕੋਲ ਖਲੋ ਕੇ ਉਹ ਚਿਣਾਈ ਕਰਾਉਂਦੇ। ਇਕ ਇੱਟ ਨੂੰ ਚੂਨਾ ਲਗਦਾ, ਤਾਂ ਕੁਛ ਇੱਟਾਂ ਗਾਰੇ ਨਾਲ ਲਗਵਾ ਦੇਂਦੇ।

ਤਿੰਨ ਵਾਰ ਸਮਝਾਉਣ 'ਤੇ ਮਸੰਦ ਬਾਜ਼ ਨਾ ਆਏ, ਤਾਂ ਗੁਰੂ ਜੀ ਨੇ ਵਾਕ ਕੀਤਾ,

"ਏਕ ਬਾਰ ਇਹ ਜਾਇ ਬਿਦਾਰਾ।
ਬਨਹਿਂ ਨਵੀਨ ਫੇਰ ਸਰ ਸਾਰਾ।...੪੦।"

ਨਾਲ ਹੀ ਗੁਰੂ ਜੀ ਨੇ ਮਸੰਦਾਂ ਬਾਰੇ ਕਿਹਾ,

"ਦੰਭ ਮਸੰਦਨ ਕੀਨ ਜੁ ਤਾਲਾ।
ਜੜ੍ਹ ਨ ਰਹੈ ਇਨਿ ਕੀ ਚਿਰਕਾਲਾ।...੪੩।"

Digitized by Panjab Digital Library | www.panjabdigilib.org

(ਇਸ ਲਿਖਤ 'ਤੇ ਦੋ ਸ਼ੰਕੇ ਹਨ। ਗੁਰ ਜੀ ਨੇ ਇਕ ਤਰ੍ਹਾਂ ਨਾਲ ਸਰਾਪ ਦਿਤਾ, ਕਿ ਸਰੋਵਰ ਢਹਿ ਕੇ ਫਿਰ ਬਣੇਗਾ। ਤਾਂ ਕੀ ਇਸ ਸਰਾਪ ਦਾ ਕਾਰਨ ਹੀ ਅਬਦਾਲੀ ਨੇ ਹਰਿਮੰਦਰ ਢਾਹਿਆ ਤੇ ਸਰੋਵਰ ਪੂਰਿਆ ਸੀ ? ਜੇ ਇਹ ਗੁਰੂ ਜੀ ਦੇ ਸਰਾਪ ਕਾਰਨ ਹੀ ਹੋਇਆ ਸੀ, ਤਾਂ ਫਿਰ ਅਬਦਾਲੀ ਦਾ ਕੀ ਦੋਸ਼। ਇਹ ਸਰਾਪ ਵਾਲੀ ਗੱਲ ਜਚਦੀ ਨਹੀਂ। ਦੂਸਰਾ ਇਸ਼ਾਰਾ ਹੈ, ਮਸੰਦਾਂ ਬਾਰੇ। ਮਸੰਦ ਗੁਰੂ ਰਾਮਦਾਸ ਜੀ ਨੇ ਥਾਪੇ ਸਨ। ਉਹ ਚੰਗੇ ਪੁਰਸ਼ ਸਨ। ਫਿਰ ਜਦ ਪ੍ਰਿਥੀਆ ਵੱਖ ਹੋ ਗਿਆ, ਤਾਂ ਲਾਲਚੀ ਮਸੰਦ ਉਸ ਨਾਲ ਜਾ ਮਿਲੇ। ਗੁਰੂ ਅਰਜਨ ਦੇਵ ਜੀ ਨਾਲ ਸ਼ਰਧਾਲੂ ਮਸੰਦ ਹੀ ਰਹੇ। ਛੇਵੇਂ ਪਾਤਸ਼ਾਹ ਤੋਂ ਪਿੱਛੋਂ ਕੁਛ ਮਸੰਦ ਮੂੰਹ-ਜ਼ੋਰ ਹੋ ਗਏ, ਤੇ ਦਸਵੇਂ ਪਾਤਸ਼ਾਹ ਨੇ ਉਹਨਾਂ ਨੂੰ ਸਜ਼ਾ ਦਿਤੀ। ਏਥੇ ਪੰਜਵੇਂ ਗੁਰੂ ਜੀ ਦਾ ਮਸੰਦਾਂ ਨੂੰ ਸਰਾਪ ਦੇਣਾ ਵੀ ਠੀਕ ਨਹੀਂ ਜਚਦਾ।)

ਅੰਸੂ ੫੨

(ਈਸ਼ਵਰ ਆਪ ਸਰੋਵਰ ਦੀ ਕਾਰ ਕਰਨ ਆਇਆ)

(ਉਸ ਸਰਾਪ ਦਾ ਫਲ) ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਖ਼ਤਮ ਕੀਤੇ, ਤੇ ਕਾਬਲੀ ਹਾਕਮ ਨੇ ਸਰੋਵਰ ਢਾਹ ਕੇ ਪੂਰ ਦਿਤਾ। ਸਿੰਘਾਂ ਨੇ ਸਭ ਕੁਛ ਫੇਰ ਬਣਾਇਆ।

ਜਿਸ ਤਰਾਂ ਕਬੀਰ ਦੇ, ਨਾਮਦੇਵ ਦੇ ਤੇ ਸੈਨ ਦੇ ਕਾਰਜ ਕਰਨ ਈਸ਼ਵਰ ਆਪ ਆਇਆ ਸੀ, ਓਸੇ ਤਰਾਂ ਗੁਰੂ ਅਰਜਨ ਦੇਵ ਜੀ ਦੇ ਸਰੋਵਰ ਦੀ ਕਾਰ ਕਰਨ ਈਸ਼ਵਰ ਮਜ਼ਦੂਰ ਦਾ ਰੂਪ ਧਾਰ ਕੇ ਆਪ ਆਇਆ। ਪ੍ਰਭੂ ਵੱਲ ਵੇਖ ਕੇ ਸਾਰੇ ਦੇਵਤੇ ਵੀ ਕਾਰ ਕਰਨ ਆ ਲੱਗੇ।

ਗੁਰਦੇਵ ਨੇ ਇਹ ਕੌਤਕ ਵੇਖ ਕੇ ਸਬਦ ਉਚਾਰਿਆ,

"ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ।...।"

(ਸੂਹੀ, ਮ. ੫, ਪੰਨਾ ੭੮੩)

(ਏਸ ਅੰਸੂ ਵਿਚ ਏਸੇ ਸਬਦ ਦੀ ਵਿਆਖਿਆ ਹੈ।)

ਅੰਸੂ ੫੩

(ਹਰਿਮੰਦਰ ਦੀ ਉਸਾਰੀ)

ਬਾਬਾ ਬੁਢਾ ਜੀ ਨੇ ਅਰਦਾਸ ਕੀਤੀ, ਤੇ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਦੀ ਨੀਂਹ ਧਰੀ।

"ਇਮਿ ਅਰਦਾਸ ਕਰੀ ਬ੍ਰਿਧ ਜਬੈ।
ਸ੍ਰੀ ਅਰਜਨ ਕਰ ਪੰਕਜ ਤਬੈ।੧੩।

Digitized by Panjab Digital Library | www.panjabdigilib.org

ਗਹੀ ਈਂਟ ਤਹਿਂ ਕਰੀ ਟਿਕਾਵਨ ।
ਮੰਦਰ ਅਵਿਚਲ ਨੀਵ ਰਖਾਵਨ ।...੧੪।''

ਮਿਸਤਰੀ ਨੇ 'ਇੱਟ ਚੁਕ ਕੇ ਫਿਰ ਠੀਕ ਕਰਕੇ ਧਰੀ, ਤਾਂ ਗੁਰੂ ਜੀ ਨੇ ਕਿਹਾ, 'ਇਹ ਮੰਦਰ ਇਕ ਵਾਰ ਢਾਹਿਆ ਜਾਇਗਾ, ਤੇ ਸਾਡੇ ਸਿੱਖ ਫੇਰ ਉਸਾਰਨਗੇ ।'

(ਪੁਰਾਤਨ ਇਤਿਹਾਸਕਾਰਾਂ ਵਿਚ ਕੁਛ ਐਸਾ ਹੀ ਰਿਵਾਜ ਸੀ, ਕਿ ਪਿੱਛੋਂ ਜੋ ਵੀ ਦੁਰਘਟਨਾ, ਜਾਂ ਸ਼ੁਭ ਘਟਨਾ ਹੋਈ ਹੈ, ਉਸਨੂੰ ਪਹਿਲਾਂ ਹੀ ਕਿਸੇ ਗੁਰਦੇਵ ਦੇ ਵਰ ਜਾਂ ਸਰਾਪ ਨਾਲ ਜੋੜ ਦਿਤਾ ਹੈ। ਏਥੇ ਵੀ ਕਵੀ ਜੀ ਨੇ ਅਬਦਾਲੀ ਹੱਥੋਂ ਹਰਿਮੰਦਰ ਸਾਹਿਬ ਦੇ ਢਾਹੇ ਜਾਣ ਨੂੰ ਗੁਰੂ ਅਰਜਨ ਦੇਵ ਜੀ ਦੇ ਸਰਾਪ ਦਾ ਫਲ ਦੱਸਿਆ ਹੈ। ਇਸ ਤਰਾਂ ਅਬਦਾਲੀ ਨੂੰ ਬੇਕਸੂਰ ਪਰਗਟ ਕਰ ਦਿਤਾ। ਉਚੇਚੀ ਗੱਲ ਇਹ ਲਿਖੀ ਹੈ, ਕਿ ਹਰਿਮੰਦਰ ਸਾਹਿਬ ਦੀ ਨੀਂਅ ਮੀਆਂ ਮੀਰ ਨੇ ਨਹੀਂ ਰਖੀ, ਗੁਰੂ ਜੀ ਨੇ ਆਪ ਰਖੀ ਸੀ ।)

ਫਿਰ ਗੁਰਦੇਵ ਦੇ ਹੁਕਮ ਨਾਲ ਸੰਤੋਖ ਸਰ ਦੀ ਮਿੱਟੀ ਲਿਆ ਕੇ ਇਸ ਸਰੋਵਰ ਵਿਚ ਖਿਲਾਰੀ, ਤਾਂ ਕਿ ਇਸਦਾ ਪਾਣੀ ਕਦੇ ਨਾ ਸੁਕੇ ।

ਅੰਸੂ ੫੪

(ਅੰਮ੍ਰਿਤਸਰ ਨਗਰ ਵਸਾਇਆ)

ਗੁਰਦੇਵ ਨੇ ਬੜੇ ਉੱਦਮ ਨਾਲ ਅੰਮ੍ਰਿਤਸਰ ਦੇ ਬਜ਼ਾਰ ਵਸਾਏ, ਤੇ ਵੱਸਣ ਵਾਲਿਆਂ ਦੀ ਸਹਾਇਤਾ ਕੀਤੀ ।

ਅੰਸੂ ੫੫

(ਸਿੱਖਾਂ ਦੇ ਪ੍ਰਸੰਗ)

ਪੱਟੀ ਦੇ ਦੋ ਢਿੱਲੋਂ ਚੌਧਰੀ 'ਲਾਲ' ਤੇ 'ਲੰਗਾਹ' ਸ਼ਰਣ ਆਏ । ਹੋਰ ਅਜਾਇਬ, ਉਮਰਾ ਸ਼ਾਹ, ਸੰਘਾ, ਪੈੜਾ ਛੱਜਲ, ਕੰਦੂ ਸੰਘਰ, ਆਦਿ ਸਰੋਵਰ ਦੀ ਸੇਵਾ ਬੜੀ ਸ਼ਰਧਾ ਨਾਲ ਕਰਦੇ ।

ਅੰਸੂ ੫੬

(ਅੰਮ੍ਰਿਤਸਰ ਦਾ ਮਹਾਤਮ)

ਪਹਿਲਾਂ ਤਾਂ ਹਰਿਮੰਦਰ ਸਾਹਿਬ ਦੀ ਬਨਾਵਟ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ । ਫਿਰ ਅੰਕ 'ਚਾਰ' ਦਾ ਸੁੰਦਰ ਵਰਣਨ ਹੈ ।

Digitized by Panjab Digital Library | www.panjabdigilib.org

"ਚਾਰ ਪਦਾਰਥ ਕੋ ਦਾਤਾਰ ।
ਚਾਰ ਬਰਨ ਕੋ ਜਹਾਂ ਉਧਾਰ ।੧੫।
ਚਾਰ ਬਰਨ ਜਹਿਂ ਬੰਦਨ ਧਾਰਿ ।
ਚਾਰੁ ਬਰਨ ਦਿਪਤਹਿ ਦੁਤਿਵਾਰ ।
ਚਾਰ ਚਕ੍ਰ ਮਹਿਂ ਬਿਦਤ ਉਦਾਰਿ ।
ਚਾਰ ਮੋਖ ਠਾਂਢੀ ਦਰਬਾਰ ।੧੬।
ਦਰਸ਼ਨੀਯ ਜੋ ਆਸ਼੍ਰਮ ਚਾਰ ।
ਚਾਰ ਬੇਦ ਜਹਿਂ ਸਾਰ ਉਚਾਰ ।
ਚਾਰ ਦਿਸ਼ਾ ਮਹਿ ਚਾਰਹੁਂ ਦ੍ਵਾਰ ।
ਸ਼੍ਰਵਣਾਦਿਕ ਸਾਧਨ ਜਹਿਂ ਚਾਰ ।੧੭।"

(ਚਾਰ ਪਦਾਰਥ=ਧਰਮ, ਅਰਥ, ਕਾਮ, ਮੋਖ । ਚਾਰ ਬਰਨ=ਬ੍ਰਹਿਮਣ, ਛੱਤਰੀ, ਵੈਸ਼, ਸ਼ੂਦ । ਦਿਪਤਹਿਂ=ਪਰਗਟ ਹੁੰਦੇ ਹਨ । ਦੁਤਿਵਾਰ=ਸੁੰਦਰ ਢੰਗ ਨਾਲ । ਚਾਰ ਚੱਕ੍ਰ ਮਹਿਂ=ਚੌਹੁਂ ਚੱਕਾਂ ਵਿਚ । ਬਿਦਤ=ਪਰਗਟ । ਚਾਰ ਮੋਖ=ਚਾਰ ਮੁਕਤੀਆਂ=ਸਾਲੋਕ, ਸਾਰੂਪ,ਸਾਮੀਪ, ਸਾਬੁਜ । ਠਾਂਢੀ=ਖਲੀਆਂ ਹਨ । ਚਾਰ ਆਸ਼੍ਰਮ=ਬ੍ਰਹਮਚਰਯ, ਗ੍ਰਹਸਤ, ਬਾਨ ਪ੍ਰਸਤ, ਸੰਨਿਯਾਸ । ਚਾਰ ਬੇਦ=ਰਿੱਗ, ਯਜੁਰ, ਸਾਮ, ਅਥਰਵਣ।)

ਅੱਗੇ ਸਿੱਖਾਂ ਨੂੰ ਬਖ਼ਸ਼ਸ਼ਾਂ ਹਨ ।

ਡਰੋਲੀ ਦੇ ਸਿੱਖ ਉਮਰਾ ਸ਼ਾਹ ਦਾ ਪੋਤਰਾ ਨੰਦ ਚੰਦ ਹੋਇਆ, ਜੋ ਦਸਵੇਂ ਪਾਤਸ਼ਾਹ ਦਾ ਦੀਵਾਨ ਸੀ ।

ਦੀਪ ਮਾਲਾ ਤੇ ਵਿਸਾਖੀ ਦਾ ਮੇੱਲਾ ਸ਼ੁਰੂ ਕੀਤਾ ।

ਅੰਸ ੫੭

(ਬਾਬਾ ਬੁਢਾ ਜੀ ਨੇ ਗੁਰੂ ਨਾਨਕ ਜੀ ਦੇ ਸਿੱਖ ਪਰਖਣ ਦਾ ਪ੍ਰਸੰਗ ਸੁਣਾਇਆ)

(ਇਹ ਪ੍ਰਸੰਗ 'ਨਾਨਕ ਪ੍ਰਕਾਸ਼' ਵਿਚ ਵੀ ਆ ਚੁਕੇ ਹਨ ।)

ਗੁਰੂ ਨਾਨਕ ਦੇਵ ਜੀ ਤੜਕੇ ਰਾਵੀ ਵਿਚ ਇਸ਼ਨਾਨ ਕਰਨ ਗਏ । ਬਾਬਾ ਬੁਢਾ, ਭਗੀਰਥ ਤੇ ਲਹਿਣਾ ਜੀ ਨਾਲ ਸਨ । ਬਾਰਸ਼ ਦੇ ਨਾਲ ਗੜਾ ਸ਼ੁਰੂ ਹੋ ਗਿਆ । ਪਹਿਲੇ ਦੋਵੇਂ ਵਾਪਸ ਡੇਰੇ ਆ ਗਏ, ਤੇ ਲਹਿਣਾ ਜੀ ਓਥੇ ਹੀ ਸਰਦੀ ਨਾਲ ਬੇਹੋਸ਼ ਹੋ ਗਏ । ਗੁਰੂ ਜੀ ਨੇ ਚਰਨ ਛੁਹਾ ਕੇ ਸਾਵਧਾਨ ਕੀਤੇ ।

ਫਿਰ ਗੁਰੂ ਜੀ ਨੇ ਧਾਨਕ ਰੂਪ ਧਾਰਿਆ । ਬਹੁਤ ਸਾਰੇ ਸਿੱਖ ਮਗਰ ਲੱਗ ਤੁਰੇ । ਅੱਗੇ ਪੈਸੇ ਪਏ ਸੀ । ਕੁਛ ਲੋਕ ਪੈਸੇ ਚੁਕ ਕੇ ਮੁੜ ਗਏ । ਅੱਗੇ ਰੁਪੈ ਪਏ ਸੀ । ਕੁਛ ਰੁਪੈ ਚੁਕ ਕੇ ਮੁੜ ਪਏ । ਅੱਗੇ ਮੋਹਰਾਂ ਪਈਆਂ ਸਨ । ਕੁਛ ਮੋਹਰਾਂ ਚੁਕ ਕੇ ਮੁੜ ਪਏ ।

Digitized by Panjab Digital Library | www.panjabdigilib.org

ਫਿਰ ਬਾਬਾ ਬੁਢਾ, ਸਾਧਾਰਣ, ਭਗੀਰਥ ਤੇ ਲਹਿਣਾ ਜੀ ਹੀ ਰਹਿ ਗਏ। ਅੱਗੇ ਚਿਖਾ 'ਤੇ ਮੁਰਦਾ ਪਿਆ ਸੀ। ਗੁਰੂ ਜੀ ਨੇ ਕਿਹਾ ਮੁਰਦਾ ਖਾਓ। ਇਕ ਲਹਿਣਾ ਹੀ ਅੱਗੇ ਵਧਿਆ। ਉਹਨੇ ਕੱਪੜਾ ਉਠਾਇਆ,ਤਾਂ ਹੇਠਾਂ ਕੜਾਹ ਪ੍ਰਸਾਦ ਪਿਆ ਸੀ। (ਕਰਾਮਾਤ)

ਗੁਰੂ ਜੀ ਨੇ ਲਹਿਣੇ ਦੇ ਗੁਰੂ ਹੋਣ ਦਾ ਐਲਾਨ ਕਰ ਦਿਤਾ। ਤੇ ਨਾਲ ਹੀ ਖਡੂਰ ਭੇਜ ਦਿਤਾ। ਮਾਈ ਭਿਰਾਈ ਤੇ ਮਾਤਾ ਖੀਵੀ ਦੂਸਰੇ ਗੁਰੂ ਦੀ ਸੇਵਾ ਕਰਦੇ। ਗੁਰੂ ਨਾਨਕ ਜੀ ਖਡੂਰ ਮਿਲਨ ਗਏ।

ਜਿਥੇ ਗੁਰੂ ਅੰਗਦ ਜੀ ਨੇ ਤਪ ਕੀਤਾ, ਉਸ ਦਾ ਨਾਮ 'ਤਪਿਆਣਾ ਸਾਹਿਬ' ਹੈ।

ਦੂਜੀ ਰਾਸ ਸਮਾਪਤ

Digitized by Panjab Digital Library | www.panjabdigilib.org

ਤੀਜੀ ਰਾਸ

ਅੰਸੂ ੧

(ਮੰਗਲ)

(ਪਹਿਲਾ ਦੋਹਰਾ ਹੀ ਸੁਰਸਤੀ ਦੇਵੀ ਦੀ ਅਰਾਧਨਾ ਵਿਚ ਹੈ ।)

"ਸਾਰਸੁਤੀ, ਸਰਿਤਾ ਵਹੋ, ਬਾਕ ਤਰੰਗ ਵਿਚਾਰ ।
ਚਾਰ ਸੁ ਮਮ ਮਾਨਸ ਬਿਖੈ, ਜਾਨੋ ਸਾਰ ਅਸਾਰ ।੧।"

(ਸਾਰਸੁਤੀ=ਸੁਰਸਤੀ ਦੇਵੀ । ਸਰਿਤਾ=ਨਦੀ । ਚਾਰੁ=ਸੁੰਦਰ । ਮਾਨਸ=ਮਨ ਜਾਂ ਮਾਨ ਸਰੋਵਰ । ਸਾਰ=ਸੱਚੀਆਂ । ਅਸਾਰ=ਝੂਠੀਆਂ । ਹੇ ਸੁਰਸਤੀ ! ਤੂੰ ਮੇਰੇ ਮਨ ਵਿਚ ਨਦੀ ਵਾਂਗ ਵਹਿ ਪਉ, ਜਿਸ ਵਿਚ ਸੁੰਦਰ ਵਾਕ ਤੇ ਵਿਚਾਰ ਤਰੰਗਾਂ ਬਣ ਬਣ ਵਗਣ, ਤੇ ਮੈਂ ਸੱਚ ਤੇ ਝੂਠ ਦੀ ਵਿਚਾਰ ਕਰ ਸੱਕਾਂ ।)

ਫਿਰ ਅਕਾਲ ਪੁਰਖ ਤੇ ਦਸਾਂ ਗੁਰੂਆਂ ਦੀ ਉਸਤਤ ਹੈ ।

ਭਾਈ ਰਾਮ ਕੁਇਰ ਜੀ ਕਥਾ ਸੁਣਾ ਰਹੇ ਹਨ । ਵਿਸਾਖੀ ਦੇ ਮੇਲੇ 'ਤੇ ਬਹੁਤ ਸੰਗਤ ਆਈ । ਇਕ ਸਿੱਖ ਨੇ ਕੀਮਤੀ ਜ਼ੇਵਰ ਤੇ ਤਿਉਰ ਭੇਟਾ ਕੀਤੇ । ਮਾਤਾ ਗੰਗਾ ਜੀ ਉਹ ਪਹਿਨ ਕੇ ਬੜੇ ਖ਼ੁਸ਼ ਹੋਏ ।

ਵਰਖਾ ਰੁਤ ਪਿੱਛੋਂ ਮਾਤਾ ਗੰਗਾ ਜੀ ਦੀ ਦਾਸੀ ਨੇ ਉਹ ਸੁੰਦਰ ਬਸਤਰ ਸੁਕਣੇ ਪਾਏ । ਪ੍ਰਿਥੀਏ ਦੀ ਪਤਨੀ ਉਹ ਬਸਤਰ ਵੇਖ ਕੇ ਸੜ ਭੁੱਜ ਗਈ । ਸ਼ਾਮ ਨੂੰ ਪ੍ਰਿਥੀਆ ਘਰ ਆਇਆ, ਤਾਂ ਰਾਮੋ ਨੇ ਗੁੱਸੇ ਨਾਲ ਕਿਹਾ, ਜੇ ਤੁਸੀਂ ਪਿਤਾ ਦੀ ਸੇਵਾ ਕਰਦੇ, ਤਾਂ ਗੁਰਿਆਈ ਛੋਟਾ ਭਰਾ ਕਿਉਂ ਲੈ ਜਾਂਦਾ । ਪ੍ਰਿਥੀਏ ਨੇ ਕਿਹਾ, ਗੁਰੂ ਅਰਜਨ ਘਰ ਪੁੱਤਰ ਕੋਈ ਨਹੀਂ । ਉਹਦੇ ਪਿਛੋਂ ਗੱਦੀ ਆਪਣੀ ਹੀ ਹੈ ।

ਅੰਸੂ ੨

(ਮਾਤਾ ਗੰਗਾ ਦੀ ਪੁੱਤਰ ਵਾਸਤੇ ਪ੍ਰਾਰਥਨਾ)

ਪ੍ਰਿਥੀਏ ਦੀ ਦਾਸੀ ਨੇ ਮਾਤਾ ਗੰਗਾ ਜੀ ਦੀ ਦਾਸੀ ਨੂੰ ਦੱਸਿਆ, ਕਿ ਪ੍ਰਿਥੀਏ ਨੇ ਸਰਾਪ ਦਿਤਾ ਹੈ, ਕਿ ਗੁਰੂ ਅਰਜਨ ਜੀ ਦੇ ਘਰ ਪੁੱਤਰ ਨਹੀਂ ਹੋਏਗਾ, ਦਾਸੀ ਨੇ ਗੰਗਾ ਜੀ ਨੂੰ ਦੱਸਿਆ । ਮਾਤਾ ਗੰਗਾ ਜੀ ਨੇ ਗੁਰੂ ਅਰਜਨ ਦੇਵ ਜੀ ਪਾਸ ਪੁੱਤਰ ਵਾਸਤੇ

Digitized by Panjab Digital Library | www.panjabdigilib.org

ਬੇਨਤੀ ਕੀਤੀ।

ਗੁਰੂ ਜੀ ਨੇ ਫ਼ੁਰਮਾਇਆ, ਬਾਬਾ ਬੁੱਢਾ ਜੀ ਤੋਂ ਜਾ ਕੇ ਵਰ ਮੰਗੋ।

ਅਗਲੇ ਦਿਨ ਮਾਤਾ ਗੰਗਾ ਜੀ ਦਾਸੀਆਂ ਤੇ ਸਹੇਲੀਆਂ ਨੂੰ ਨਾਲ ਲੈ ਕੇ ਰਥਾਂ 'ਤੇ ਚੜ੍ਹ, ਬਾਬਾ ਬੁੱਢਾ ਜੀ ਪਾਸ (ਬੀੜ ਝਬਾਲ) ਗਏ। ਦੂਰੋਂ ਵੇਖ ਕੇ ਬਾਬਾ ਜੀ ਦੇ ਮੂੰਹੋਂ ਸੁਭਾਵਕ ਨਿਕਲ ਗਿਆ, 'ਆਹ ਕੀਹਨੂੰ ਭਾਜੜ ਪੈ ਗਈ ਹੈ।'

ਏਨੇ ਤਕ ਮਾਤਾ ਗੰਗਾ ਜੀ ਜਾ ਪਹੁੰਚੇ ਤੇ ਬਾਬਾ ਬੁੱਢਾ ਜੀ ਅੱਗੇ ਪਕਵਾਨ ਜਾ ਧਰੇ। ਦਾਸੀ ਨੇ ਪੁੱਤਰ ਦਾ ਵਰ ਦੇਣ ਵਾਸਤੇ ਕਿਹਾ, ਤਾਂ ਬਾਬਾ ਜੀ ਨੇ ਉਤਰ ਦਿਤਾ, 'ਮੈਂ ਤਾਂ ਘਾਹ ਖੋਤਣ ਵਾਲਾ ਸੇਵਕ ਹਾਂ। ਪੁੱਤਰਾਂ ਦੇ ਵਰ ਤਾਂ ਗੁਰੂ ਜੀ ਪਾਸ ਹਨ।'

ਮਾਤਾ ਜੀ ਨਿਰਾਸ ਹੋ ਕੇ ਮੁੜ ਆਏ। ਗੁਰੂ ਜੀ ਦੇ ਪੁੱਛਣ ਤੇ ਮਾਤਾ ਗੰਗਾ ਜੀ ਨੇ ਦੱਸਿਆ, ਕਿ 'ਵਰ' ਦੀ ਥਾਂ ਸਰਾਪ ਲੈ ਆਈ ਹਾਂ। ਬਾਬਾ ਜੀ ਨੇ ਕਿਹਾ ਹੈ, ਕਿ ਭਾਜੜ ਪਵੇਗੀ। ਫਿਰ ਇਹ ਵੀ ਦੱਸਿਆ, ਕਿ ਗਏ ਕਿਵੇਂ ਸਾਂ। ਫਿਰ ਗੁਰਦੇਵ ਨੇ ਦੁਬਾਰਾ ਜਾਣ ਦੀ ਵਿਧੀ ਦੱਸੀ।

ਅੰਸੂ ੩

(ਬੁਢਾ ਜੀ ਨੇ ਵਰ ਦਿਤਾ)

ਅਗਲੇ ਦਿਨ ਗੁਰੂ ਜੀ ਦੇ ਦੱਸੇ ਅਨਸਾਰ ਮਾਤਾ ਜੀ ਹੱਥੀਂ ਮਿੱਸੀਆਂ ਰੋਟੀਆਂ ਪਕਾ ਕੇ, ਨਾਲ ਮੱਖਣ, ਲੱਸੀ ਤੇ ਗੰਢੇ ਲੈ ਕੇ ਪੈਦਲ ਚੱਲ ਕੇ ਗਏ। ਨਾਲ ਇਕ ਦੋ ਦਾਸੀਆਂ ਸਨ।

ਬਾਬਾ ਜੀ ਨੇ ਪਰਸਾਦੇ ਛਕ ਕੇ ਪਰਸੰਨ ਹੋ ਕੇ ਵਰ ਦਿਤਾ, ਕਿ ਤੁਹਾਡੇ ਘਰ ਖੜਗਧਾਰੀ ਮਹਾਂਬਲੀ ਪੁੱਤਰ ਹੋਵੇਗਾ। ਬਾਬਾ ਜੀ ਨੇ ਇਹ ਵਰ ਦਿਤਾ ੧੬੫੧ ਬਿ. ਇੱਕੀ ਅੱਸੂ ਨੂੰ।

ਅੰਸੂ ੪

(ਸ੍ਰੀ ਹਰਿਗੋਬਿੰਦ ਅਵਤਾਰ ਧਾਰਿਆ)

ਪ੍ਰਿਥੀਏ ਦਾ ਮਿੱਤਰ ਸੁਲਹੀ ਫ਼ੌਜ ਸਣੇ ਅੰਮ੍ਰਿਤਸਰ 'ਤੇ ਚੜ੍ਹ ਆਇਆ। ਗੁਰੂ ਜੀ ਸਮਾਂ ਵਿਚਾਰ ਕੇ ਸਣੇ ਪਰਵਾਰ ਵਡਾਲੀ ਚਲੇ ਗਏ।

ਪ੍ਰਿਥੀਆ ਰਸਤੇ ਵਿਚ ਹੀ ਸੁਲਹੀ ਨੂੰ ਜਾ ਮਿਲਿਆ, ਤੇ ਓਥੋਂ ਹੀ ਕੁਛ ਧਨ ਦੇ ਕੇ ਉਸ ਨੂੰ ਮੋੜ ਦਿਤਾ। ਸੁਲਹੀ ਦਿੱਲੀ ਨੂੰ ਚਲਾ ਗਿਆ। ਪ੍ਰਿਥੀਆ ਅੰਮ੍ਰਿਤਸਰ ਰਿਹਾ।

ਗੁਰੂ ਜੀ ਵਡਾਲੀ ਵਿਚ ਰਹਿਣ ਲਗ ਪਏ। ਓਥੇ ਹਜ਼ੂਰ ਨੇ ਛੇਹਰਟਾ ਖੂਹ ਲੁਆਇਆ। ਸੰਗਤਾਂ ਵਡਾਲੀ ਆਉਣ ਲੱਗ ਪਈਆਂ।

੧੬੫੨ ਬਿ., ਇੱਕੀ ਹਾੜ, ਅੱਧੀ ਰਾਤ, ਪੁਖ ਨਛੱਤ੍ਰ ਸਮੇਂ ਸ੍ਰੀ ਹਰਿਗੋਬਿੰਦ ਜੀ ਨੇ

Digitized by Panjab Digital Library | www.panjabdigilib.org

ਅਵਤਾਰ ਧਾਰਿਆ । ਉਸ ਦਿਨ ਐਤਵਾਰ, ਹਾੜ ਸੁਦੀ ਇਕਾਦਸ਼ੀ ਸੀ ।

ਅੰਸੂ ੫

(ਬੁਢਾ ਜੀ ਬਾਲਕ ਦੇ ਦਰਸ਼ਨ ਕਰਨ ਆਏ)

ਬਾਲਕ ਜਨਮਣ ਦੀ ਦਾਸੀ ਨੇ ਜਾ ਕੇ ਗੁਰੂ ਜੀ ਨੂੰ ਵਧਾਈ ਦਿਤੀ, ਤਾਂ ਮਹਾਰਾਜ ਨੇ ਪ੍ਰਭੂ ਦੇ ਧੰਨਵਾਦ ਵਜੋਂ ਸਬਦ ਉਚਾਰਿਆ,

"ਸਤਿਗੁਰ ਸਾਚੈ ਦੀਆ ਭੇਜਿ ।...।"

(ਆਸਾ, ਮ: , ਪੰਨਾ ੩੬੬)

ਦੂਸਰਾ ਸਬਦ ਉਚਾਰਿਆ,

"ਸਗਲ ਅਨੰਦੁ ਕੀਆ ਪਰਮੇਸਰਿ, ਅਪਣਾ ਬਿਰਦੁ ਸਮ੍ਹਾਰਿਆ ।.. ।"

(ਬਿਲਾਵਲ ਮ, ੫ ਪੰਨਾ ੮੦੬)

ਸ਼ੁਭ ਖ਼ਬਰ ਸੁਣ ਕੇ ਬਾਬਾ ਬੁਢਾ ਜੀ ਵੀ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਆਏ । ਮਾਤਾ ਗੰਗਾ ਜੀ ਬਾਲਕ ਨੂੰ ਲੈ ਕੇ ਬੁਢਾ ਜੀ ਪਾਸ ਆਏ । ਦਰਸ਼ਨ ਕਰਕੇ ਬੁਢਾ ਜੀ ਵਾਪਸ ਬੀੜ ਚਲੇ ਗਏ ।

ਅੰਸੂ ੬

(ਕਰਮੋ ਤੇ ਪ੍ਰਿਥੀਏ ਦੀਆਂ ਸਲਾਹੀਂ)

ਹਰਿਗੋਬਿੰਦ ਜੀ ਦੇ ਪਰਗਟ ਹੋਣ ਨਾਲ ਪ੍ਰਿਥੀਏ ਨੂੰ ਬਹੁਤ ਦੁੱਖ ਹੋਇਆ । ਉਹ ਸੋਚਣ ਲੱਗੇ, ਕੋਈ ਐਸੀ ਦਾਈ ਮਿਲ ਜਾਇ, ਜੋ ਪੈਸੇ ਲ ਕੇ ਬਾਲਕ ਨੂੰ ਮਾਰ ਦੇਵੇ ।

ਅੰਸੂ ੭

(ਜ਼ਹਿਰ ਦੇਣ ਵਾਲੀ ਦਾਈ ਦੀ ਮੌਤ)

ਕਰਮੋ ਨੇ ਇਕ ਦਾਈ ਨੂੰ ਸੌ ਰੁਪੈ ਪੇਸ਼ਗੀ ਦਿਤੇ, ਜੇ ਉਹ ਹਰਿਗੋਬਿੰਦ ਨੂੰ ਮਾਰ ਦੇਵੇ ।

ਦਾਈ ਆਪਣੇ ਥਣਾਂ 'ਤੇ ਜ਼ਹਿਰ ਲਾ ਕੇ ਵਡਾਲੀ ਜਾ ਪਹੁੰਚੀ । ਉਹ ਸਾਹਿਬਜ਼ਾਦੇ ਦੇ ਮੂੰਹ ਵਿਚ ਆਪਣਾ ਦੁੱਧ ਦੇਣ ਲੱਗੀ । ਸਾਹਿਬਜ਼ਾਦਾ ਰੋਣ ਲੱਗ ਪਿਆ, ਤੇ ਦੁੱਧ ਨਾ ਲਿਆ । ਏਨੇ ਚਿਰ ਤਕ ਦਾਈ ਨੂੰ ਜ਼ਹਿਰ ਚੜ੍ਹ ਗਿਆ, ਤੇ ਉਹ ਮਰ ਗਈ ।

Digitized by Panjab Digital Library | www.panjabdigilib.org

ਅੰਸੂ ੮

(ਦਾਈ ਦੀ ਰੂਹ ਆਪਣੀ ਕਥਾ ਸੁਣਾਉਂਦੀ ਹੈ।)

ਦਾਈ ਦੀ ਰੂਹ ਕਹਿ ਰਹੀ ਹੈ :—ਪਿਛਲੇ ਜਨਮ ਮੈਂ ਗੰਧਰਬੀ (ਸੁਰਗ ਵਿਚ ਦੇਵਤਿਆਂ ਸਾਮ੍ਹਣੇ ਗੌਣ ਵਾਲੀ) ਸਾਂ। ਮੈਨੂੰ ਆਪਣੇ ਰੂਪ ਰੰਗ ਉਤੇ ਬੜਾ ਮਾਣ ਸੀ। ਇਕ ਦਿਨ ਮੈਂ ਗਾ ਰਹੀ ਸਾਂ। ਦੇਵਤਿਆਂ ਦੇ ਗੁਰੂ ਬ੍ਰਹਸਪਤ ਜੀ ਆਏ। ਮੈਂ ਉਹਨਾਂ ਦਾ ਆਦਰ ਨਾ ਕੀਤਾ, ਤਾਂ ਉਹਨਾਂ ਮੈਨੂੰ ਸਰਾਪ ਦੇ ਦਿਤਾ। ਫਿਰ ਮੈਂ ਬੇਨਤੀ ਕੀਤੀ, ਕਿ ਇਸ ਸਰਾਪ ਤੋਂ ਮੇਰੀ ਮੁਕਤੀ ਕਦੋਂ ਹੋਵੇਗੀ। ਤਾਂ ਉਤਰ ਮਿਲਿਆ, 'ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਹੱਥੋਂ।' ਮੈਨੂੰ ਪ੍ਰਿਥੀਏ ਤੇ ਰਾਮੋ ਨੇ ਸੌ ਰੁਪੈ ਦੇ ਕੇ ਸਾਹਿਬਜ਼ਾਦੇ ਨੂੰ ਮਾਰਨ ਵਾਸਤੇ ਭੇਜਿਆ ਸੀ। ਹੁਣ ਮੈਂ ਗੰਧਰਬੀ ਬਣ ਕੇ ਸੁਰਗ ਵਿਚ ਜਾ ਰਹੀ ਹਾਂ।

ਕੋਲ ਬੈਠੀਆਂ ਇਸਤਰੀਆਂ ਕਰਮੋ ਨੂੰ ਲਾਹਨਤਾਂ ਪਾਉਣ ਲਗੀਆਂ।
ਸਾਰੀ ਖ਼ਬਰ ਸੁਣ ਕੇ ਗੁਰੂ ਜੀ ਨੇ ਸਬਦ ਉਚਾਰਿਆ,
"ਗੁਰ ਪੂਰੇ ਰਾਖਿਆ ਦੇ ਹਾਥ।...।"

(ਆਸਾ ਮ. ੫ ਪੰਨਾ ੩੯੬)

ਮਾਤਾ ਗੰਗਾ ਜੀ ਹਰ ਵੇਲੇ ਬਾਲਕ ਨੂੰ ਸੰਭਾਲ ਕੇ ਰੱਖਦੇ, ਤੇ ਸੋਚਦੇ, ਕਿ ਕੋਈ ਟੂਣਾ ਟਪਾਣਾ ਨਾ ਕਰ ਦੇਵੇ। ਉਹਨਾਂ ਸ਼ੇਰ ਦੀ ਨਹੁੰਦਰ ਸੋਨੇ ਵਿਚ ਮੜ੍ਹਾ ਕੇ ਬਾਲਕ ਦੇ ਗਲ ਵਿਚ ਪਾ ਦਿਤੀ।

"ਬਾਘ ਨਖਾ[1] ਮਢ ਕੰਚਨ ਤੇ ਮਖਤੂਲ[2] ਗਰੇ ਮਹਿੰ ਡਾਲਤਿ ਹੈ।...੨੨।"

(ਇਸਦਾ ਮਤਲਿਬ, ਕਿ ਮਾਤਾ ਜੀ ਨੂੰ ਅਕਾਲ ਪੁਰਖ 'ਤੇ ਭਰੋਸਾ ਨਹੀਂ ਸੀ, ਸਗੋਂ ਸ਼ੇਰ ਦੀ ਨਹੁੰਦਰ 'ਤੇ ਵਧੇਰੇ ਯਕੀਨ ਸੀ। ਸੁੱਖੇ ਦੇ ਲੋਰ ਵਿਚ ਕਵੀ ਜੀ ਆਮ ਇਸਤਰੀਆਂ ਵਾਲੇ ਵਹਿਮ ਮਾਤਾ ਜੀ ਦੇ ਮੱਥੇ ਮੜ੍ਹ ਰਹੇ ਹਨ। ਸਿੱਖੀ ਟੂਣਿਆਂ, ਮੰਤਰਾਂ 'ਤੇ ਯਕੀਨ ਨਹੀਂ ਰਖਦੀ।)

ਅੰਸੂ ੯

(ਸਰਪ ਦਾ ਉਧਾਰ)

ਹਰਿਗੋਬਿੰਦ ਜੀ ਦੇ ਬਰਸ ਦੇ ਹੋ ਗਏ।

ਪ੍ਰਿਥੀਏ ਦੇ ਭੇਜੇ ਸਪੇਰੇ ਨੇ ਹਰਿਗੋਬਿੰਦ ਜੀ ਦੇ ਕਮਰੇ ਵਿਚ ਇਕ ਜ਼ਹਿਰੀ ਸੱਪ ਛੱਡ ਦਿਤਾ। ਬਾਲਕ ਹਰਿਗੋਬਿੰਦ ਜੀ ਨੇ ਸੱਪ ਦੀ ਸਿਰੀ ਮਿੱਧ ਕੇ ਮਾਰ ਦਿਤਾ। ਗੁਰੂ ਜੀ ਨੇ ਆ ਕੇ ਤਕਿਆ, ਤਾਂ ਸੱਪ ਨੇ ਸੁੰਦਰ ਸਰੀਰ ਧਾਰਨ ਕਰ ਲਿਆ। ਗੁਰੂ ਜੀ ਦੇ

---

1 ਨੌਂਹ, ਨਹੁੰਦਰ। 2 ਪੱਟ, ਰੇਸ਼ਮ।

Digitized by Panjab Digital Library | www.panjabdigilib.org

ਪੁਛਣ ਤੇ ਸੱਪ ਨੇ ਦੱਸਿਆ, 'ਪਿਛਲੇ ਜਨਮ ਮੈਂ ਇਕ ਤਪੱਸਵੀ (ਮੁਨੀ) ਸਾਂ। ਮੇਰੇ ਮਨ ਵਿਚ ਤਪ ਦਾ ਹੰਕਾਰ ਹੋ ਗਿਆ। ਇਕ ਦਿਨ 'ਨਾਰਦ' ਜੀ ਆਏ। ਮੈਂ ਉਹਨਾਂ ਦਾ ਵੀ ਨਿਰਾਦਰ ਕੀਤਾ। ਉਹਨਾਂ ਦੇ ਸਰਾਪ ਕਾਰਨ ਮੈਂ ਸੱਪ ਦੀ ਜੂਨ ਪਾਈ। ਮੇਰੇ ਪੁੱਛਣ 'ਤੇ ਨਾਰਦ ਜੀ ਨੇ ਕਿਹਾ, ਕਿ ਹਰਿਗੋਬਿੰਦ ਜੀ ਦੇ ਹੱਥੋਂ ਤੇਰੀ ਮੁਕਤੀ ਹੋਵੇਗੀ।'

ਗੁਰੂ ਜੀ ਨੇ ਮੁਰਦਾ ਸੱਪ ਨੂੰ ਬਾਹਰ ਦਬਵਾ ਦਿਤਾ।

(ਕਿਉਂ ? ਲੇਖਕ ਨੇ ਸੱਚੇ ਇਤਿਹਾਸ ਨੂੰ ਕਲਪਤ ਬਣਾ ਦਿਤਾ ਹੈ ਨਾਂ ! ਪਿਛਲੇ ਜਨਮਾਂ ਦੀਆਂ ਕਥਾਵਾਂ ਜੋੜ ਕੇ। ਇਸ ਬੁੱਧੀ ਦੇ ਯੁੱਗ ਵਿਚ ਇਸਨੂੰ ਕੌਣ ਮੰਨੇਗਾ ?)

(ਫਿਰ ਕਵੀ ਜੀ ਹਰਿਗੋਬਿੰਦ ਜੀ ਦੀ ਉਪਮਾ ਕ੍ਰਿਸ਼ਨ ਜੀ ਨਾਲ ਕਰਦੇ ਹਨ। ਸਿੱਖ ਸਿਧਾਂਤ ਮੁਤਾਬਕ ਇਹ ਉਪਮਾ ਨਹੀਂ, ਸਗੋਂ ਨਿੰਦਿਆ ਹੈ।)

ਅੰਸੂ ੧੦

(ਦੇਵਤੇ ਚਰਨ ਪਰਸਣ ਆਏ)

ਇਕ ਰਾਤ ਸਾਰੇ ਦੇਵਤੇ ਮਿਲ ਕੇ ਹਰਿਗੋਬਿੰਦ ਜੀ ਦੇ ਦਰਸ਼ਨ ਹਿਤ ਆਏ, ਤੇ ਪਾਪੀਆਂ ਦਾ ਨਾਸ ਕਰਨ ਵਾਸਤੇ ਬੇਨਤੀ ਕੀਤੀ। ਏਸੇ ਸਮੇਂ ਮਾਤਾ ਗੰਗਾ ਜੀ ਜਾਗ ਪਏ। ਉਹਨਾਂ ਸੋਚਿਆ, ਕਿਤੇ ਚੋਰ ਬਾਲਕ ਨੂੰ ਚੁੱਕਣ ਵਾਸਤੇ ਆ ਪਏ ਹਨ। ਉਹਨਾਂ ਰੌਲਾ ਪਾ ਕੇ ਸਾਰੇ ਦਾਸ ਦਾਸੀਆਂ ਨੂੰ ਜਗਾ ਦਿਤਾ।

(ਕਵੀ ਜੀ ਦੀ ਸ਼ਰਧਾ ਹੈ।)

ਮਾਤਾ ਗੰਗਾ ਜੀ ਦੇ ਜ਼ੋਰ ਦੇਣ 'ਤੇ ਗੁਰੂ ਜੀ ਵਾਪਸ ਅੰਮ੍ਰਿਤਸਰ ਜਾਣ ਦੀ ਤਿਆਰੀ ਕਰਨ ਲੱਗੇ।

ਅੰਸੂ ੧੧

(ਵਾਪਸ ਅੰਮ੍ਰਿਤਸਰ)

ਗੁਰੂ ਜੀ ਤਿੰਨ ਸਾਲ ਵਡਾਲੀ ਵਿਚ ਰਹੇ।

ਹਜ਼ੂਰ ਸਭ ਸੇਵਕਾਂ ਸਮੇਤ ਅੰਮ੍ਰਿਤਸਰ ਜਾ ਪਹੁੰਚੇ। ਵੱਡੇ ਭਾਈ ਦਾ ਸਤਕਾਰ ਕਰਨ ਹਿਤ ਗੁਰੂ ਜੀ ਤੇ ਮਾਤਾ ਗੰਗਾ ਜੀ ਬਾਲਕ ਨੂੰ ਨਾਲ ਲੈ ਕੇ ਪ੍ਰਿਥੀਏ ਤੇ ਰਾਮੇਂ ਨੂੰ ਮਿਲਨ ਉਹਨਾਂ ਦੇ ਘਰ ਗਏ। ਪ੍ਰਿਥੀਏ ਨੇ ਮੂੰਹੋਂ ਤਾਂ ਅਸੀਸ ਦਿਤੀ, ਪਰ ਅੰਦਰੇ ਅੰਦਰ ਸੜ ਗਿਆ।

ਫਿਰ ਗੁਰੂ ਜੀ ਮਹਾਦੇਵ ਨੂੰ ਮਿਲਨ ਗਏ। ਉਹਨੇ ਬਾਲਕ ਨੂੰ ਗੋਦ ਵਿਚ ਲੈ ਕੇ ਬਹੁਤ ਅਸੀਸਾਂ ਦਿਤੀਆਂ।

ਮਾਤਾ ਗੰਗਾ ਜੀ ਦੀ ਇਛਿਆ ਅਨਸਾਰ ਗੁਰੂ ਜੀ ਨੇ ਸਾਰੇ ਨੱਗਰ ਨੂੰ ਲੰਗਰ

Digitized by Panjab Digital Library | www.panjabdigilib.org

ਛਕਾਇਆ, ਜੱਗ ਕੀਤਾ ।

ਅੰਸੂ ੧੨

(ਹਰਿਗੋਬਿੰਦ ਜੀ ਨੂੰ ਸੀਤਲਾ ਨਿਕਲੀ)

ਗੁਰੂ ਜੀ ਦੀ ਵਡਿਆਈ ਵੇਖ ਕੇ ਕਰਮੋ ਬੜੀ ਸੜਦੀ ਤੇ ਪ੍ਰਿਥੀਏ ਨਾਲ ਖਿਝਦੀ । ਪ੍ਰਿਥੀਏ ਨੇ ਸਰਾਪ ਦਿਤਾ,

"ਤਿਹ ਨਿਕਸਿ ਸੀਤਲਾ ਕਰਹਿ ਹਾਨ ।
ਮਮ ਬਚਨ ਪਤਾ ਅਬ ਲੇਹੁ ਜਾਨਿ ।...੧੨।"

(ਤਾਂ ਕੀ ਪ੍ਰਿਥੀਏ ਦੇ ਸਰਾਪ ਕਾਰਨ ਸੀਤਲਾ ਨਿਕਲੀ ਸੀ ? ਫਿਰ ਤਾਂ ਪ੍ਰਿਥੀਆ ਵੀ ਕਰਾਮਾਤੀ ਹੋਇਆ ।)

ਹਰਿਗੋਬਿੰਦ ਜੀ ਪੰਜ ਸਾਲ ਦੇ ਹੋਏ, ਤਾਂ ਉਹਨਾਂ ਨੂੰ ਚੀਚਕ (ਸੀਤਲਾ) ਨਿਕਲ ਆਈ ।

"ਗੁਰ ਅਰਜਨ ਤਬ ਦਿਜਬਰ ਬੁਲਾਇ ।
ਦੁਰਗਾ ਸੁ ਪਾਠ ਪਢਬੇ ਲਗਾਇ ।
ਕੁਛ ਦੁਰਗਿਆਣੇ ਥਲ ਬਿਠਾਇ ।
ਸਭਿ ਧੂਪ ਦੀਪ ਤਿਨ ਕੋ ਦਿਵਾਇ ।੩੩।...
ਥਲ ਦੁਰਗਿਆਣੇ ਪ੍ਰਾਤ ਜਾਇ ।
ਬਹੁ ਬਿਨੈ ਬਾਕ ਕਹਿ ਸੀਸ ਨਯਾਇ ।੩੫।...
ਜਯ ਮਾਤ ਚੰਡਿਕਾ ਹੁਇ ਸਹਾਇ ।
ਜਿਨ ਹਤੇ ਦੁਸ਼ਟ ਸੰਤਨ ਬਚਾਇ ।੩੮।"

ਇਕ ਪਾਸੇ ਚੰਡਿਕਾ ਦੀ ਅਰਾਧਨਾ, ਤੇ ਦੂਸਰੇ ਪਾਸੇ,

"ਪ੍ਰਭੂ ਪਾਰਬ੍ਰਹਮ ਰੱਛਕ ਅਕਾਲ ।
ਅਬ ਹੁਇ ਸਹਾਇ ਮੁਝ ਪਰ ਕ੍ਰਿਪਾਲ ।੪੧।
ਗੁਰ ਨਾਨਕ ਸਿਸ ਨਿਜ ਦਾਸ ਜਾਨ ।
ਹੋਵਹ ਸਹਾਇ ਸਭ ਕਸ਼ਟ ਹਾਨਿ ।...੪੨।"

(ਇਕ ਪਾਸੇ ਦੁਰਗਾ ਦੀ ਪੂਜਾ ਤੇ ਇਕ ਪਾਸੇ ਅਕਾਲ ਪੁਰਖ ਦੀ ? ਅਸੀਂ ਆਪਣੀ ਰਾਏ ਚੌਧਵੇਂ ਅੰਸੂ ਦੇ ਅੰਤ ਉਤੇ ਦਿਆਂਗੇ ।)

ਅੰਸੂ ੧੩

(ਪ੍ਰਿਥੀਏ ਦੀਆਂ ਗੰਦਾਂ)

ਪ੍ਰਿਥੀਏ ਨੇ ਕਰਮੋ ਨੂੰ ਕਿਹਾ, ਮੇਰਾ ਸਰਾਪ ਪੂਰਾ ਹੋਵੇਗਾ, ਬਾਲਕ ਨਹੀਂ ਬਚੇਗਾ।

Digitized by Panjab Digital Library | www.panjabdigilib.org

ਦੂਸਰੇ ਪਾਸੇ ਗੰਗਾ ਜੀ ਨੂੰ ਹੌਸਲਾ ਦੇਂਦੇ ਗੁਰੂ ਜੀ ਕਹਿੰਦੇ ਹਨ,

"ਸੁਨਿ ਦੇਤਿ ਧੀਰ, 'ਨਹਿੰ ਕਰਹੁ ਤ੍ਰਾਸ ।
ਇਕ ਪਾਰਬ੍ਰਹਮ ਕੀ ਧਰਹੁ ਆਸ ।
ਗੁਰ ਨਾਨਕ ਇਨ ਕੇ ਨਿਤ ਸਹਾਇ ।
ਜਿਨ ਨਾਮ ਜਪੇ ਸਭ ਕਸ਼ਟ ਜਾਇ' ।੨੦।"

ਸੀਤਲਾ ਮੁੜੀ, ਬਾਲਕ ਨੂੰ ਹੋਸ਼ ਆਈ। ਮਹਾਂਦੇਵ ਜੀ ਸੁਰਤ ਲੈਣ ਆਏ, ਤੇ ਅਸੀਸ ਦਿਤੀ।

ਫਿਰ ਲੋਕਾਚਾਰੀ ਪ੍ਰਿਥੀਆ ਵੀ ਆਇਆ, ਤਾਂ ਗੁਰੂ ਜੀ ਨੇ ਉਤਰ ਦਿਤਾ,

"ਗੁਰ ਕਹਯ, 'ਪ੍ਰਭੂ ਹੋਵਹਿੰ ਸਹਾਇ ।
ਤੁਮਰੀ ਕ੍ਰਿਪਾ ਸੁ ਦੇ ਹੈਂ ਬਚਾਇ ।
ਜੀਵਨਿ ਅਧੀਨ[1] ਇਹ ਨਾਹਿੰ ਕਾਰ ।
ਈਸ਼ਵਰ ਜਿਵਾਇ, ਕੈ ਦੇਹਿ ਮਾਰ ।੩੩।
ਇਕ ਆਸ ਪ੍ਰਭੂ ਕੀ ਧਰਹਿੰ ਚੀਤ ।
ਜੋ ਸਕਲ ਜਗਤ ਦੁਖ ਸੁਖਹਿ ਕੀਤ ।...੩੪।"

ਹਰਿਗੋਬਿੰਦ ਜੀ ਜ਼ਰਾ ਤਕੜੇ ਹੋਏ, ਤਾਂ ਮਾਤਾ ਗੰਗਾ ਜੀ ਬਾਲਕ ਨੂੰ ਲੈ ਕੇ ਗੁਰੂ ਜੀ ਪਾਸ ਗਏ। ਗੁਰੂ ਜੀ ਨੇ ਬਾਲਕ ਨੂੰ ਗੋਦ ਵਿਚ ਲੈ ਕੇ ਇਹ ਸਬਦ ਉਚਾਰਿਆ,

"ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ।
ਭਰਮ ਗਏ, ਪੂਰਨ ਭਈ ਸੇਵ ।
ਸੀਤਲਾ ਤੇ ਰਾਖਆ ਬਿਹਾਰੀ ।
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ।...।"

(ਗਾਉੜੀ, ਮ: ੫, ਪੰਨਾ ੨੦੦)

ਅੰਸੂ ੧੪

(ਸੀਤਲਾ ਪੂਜਨ)

ਇਸ ਅੰਸੂ ਵਿਚ ਕਵੀ ਜੀ ਦਸਦੇ ਹਨ, ਕਿ ਮਾਤਾ ਗੰਗਾ ਜੀ ਦੁਰਗਿਆਣਾ ਮੰਦਰ ਵਿਚ ਸੀਤਲਾ ਪੂਜਣ ਗਏ। ਪਿਛਲੇ ਅੰਸੂ ਵਿਚ ਲਿਖ ਆਏ ਹਨ, ਕਿ ਮਹਾਰਾਜ ਨੇ ਆਪ ਦੁਰਗਿਆਣੇ ਵਿਚ ਦੁਰਗਾ ਦੀ ਪੂਜਾ ਵਾਸਤੇ ਪੰਡਤ ਬਿਠਾਏ। ਹੁਣ ਗੁਰੂ ਅਰਜਨ ਦੇਵ ਜੀ ਦੇ ਆਪਣੇ ਸ਼ਬਦ ਪੜ੍ਹੋ, ਕਿ ਹਜ਼ੂਰ ਦੇ ਇਸ ਬਾਰੇ ਕੀ ਵਿਚਾਰ ਸਨ।

"ਸੀਤਲਾ ਤੇ ਰਾਖਿਆ ਬਿਹਾਰੀ ।

---

1 ਇਹ ਕਾਰ (ਜ਼ਿੰਦਾ ਰਖਣਾ ਜਾਂ ਮਾਰਨਾ) ਜੀਵਾਂ ਦੇ ਵੱਸ ਨਹੀਂ ।

Digitized by Panjab Digital Library | www.panjabdigilib.org

ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ।''

(ਗਉੜੀ, ਮ: ੫, ਪੰਨਾ ੨੦੦)

''ਸਦਾ ਸਦਾ ਹਰਿ ਜਾਪੇ । ਪ੍ਰਭ ਬਾਲਕ ਰਾਖੇ ਆਪੇ ।
ਸੀਤਲਾ ਠਾਕਿ ਰਹਾਈ । ਬਿਘਨ ਗਏ ਹਰਿ ਨਾਈ[1] ।''

(ਸੋਰਠ, ਮ: ੫, ਪੰਨਾ ੬੭੨)

'ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ।''

(ਗੂਜਰੀ, ਮ: ੫, ਪੰਨਾ ੫੦੦)

''ਹਰਿ ਗੋਵਿਦੁ ਪ੍ਰਭਿ ਰਾਖਿਆ,

(ਸੋਰਠਿ, ਮ: ੫, ਪੰਨਾ ੬੨੬)

(ਹੁਣ ਦੱਸੋ, ਸੀਤਲਾ ਪੂਜਣ ਬਾਰੇ ਸੂਰਜ ਪ੍ਰਕਾਸ਼ ਦੀ ਲਿਖਤ ਨੂੰ ਮੰਨੀਏ, ਜਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ । ਗੁਰੂ ਅਰਜਨ ਦੇਵ ਜੀ ਦੇ ਸਮੇਂ ਦੁਰਗਿਆਣਾ ਹੈ ਹੀ ਨਹੀਂ ਸੀ, ਤਾਂ ਪੂਜਾ ਕਰਨ ਕਿੱਥੇ ਗਏ ? ਇਤਿਹਾਸਕ ਸਬੂਤ, ਅਬਦਾਲੀ ਦੇ ਅੱਠਵੇਂ ਹਮਲੇ ਸਮੇਂ (੧੭੬੪ ਦਸੰਬਰ ਤੋਂ, ਮਾਰਚ, ੧੭੬੫ ਈ.) ਕਾਜ਼ੀ ਨੂਰ ਮੁਹੰਮਦ ਉਸ ਦੇ ਨਾਲ ਹੈ । ਉਹ 'ਜੰਗ ਨਾਮਾ' ਵਿਚ ਅਬਦਾਲੀ ਹੱਥੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਿਕਰ ਕਰਦਾ ਹੈ, ਪਰ 'ਦੁਰਗਿਆਣੇ' ਦਾ ਕਿਤੇ ਨਾਮ ਤਕ ਨਹੀਂ । ੧੮੨੪ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਦੀ ਰੱਖਿਆ ਵਾਸਤੇ ਫ਼ਸੀਲ ਬਣਵਾਈ, ਤੇ ਵਿਚ ਵਿਚ ਦਰਵਾਜ਼ੇ ਰੱਖੇ । ਦੁਰਗਿਆਣਾ ਮੰਦਰ ਉਸ ਫ਼ਸੀਲ ਤੋਂ ਬਾਹਰ ਹੈ । ਇਸ ਦਾ ਮਤਲਿਬ ਹੈ, ਕਿ ਦੁਰਗਿਆਣਾ ੧੮੨੪ ਈ. ਤੋਂ ਪਿੱਛੋਂ ਬਣਿਆਂ ਹੈ । ਹੋਰ ਸਬੂਤ :—ਭਾਈ ਵੀਰ ਸਿੰਘ ਜੀ ਲਿਖਦੇ ਹਨ, [ਗੁਰ ਪ੍ਰਤਾਪ ਸੂਰਜ, ਟੀਕਾ, ਪੰਨਾ ੧੬੫੪] ਦੁਰਗਿਆਣਾ ਤਾਲਾਬ ਦੀ ਸ਼ਹਿਰ ਦੀ ਬਾਹੀ ਵੱਲ ਦੋ ਥੰਮਾਂ ਦੇ ਵਿਚਕਾਰ ਦੀਵਾਰ ਉਤੇ ਇਹ ਖ਼ੁਤਬਾ ਲਿਖਿਆ ਹੈ : ''ਬਾਨੀਏ ਤਾਲਾਬ ਦੁਰਗਿਆਣਾ ਲਾਲਾ ਬਾਂਸ਼ੀ ਰਾਮ, ਵਲਦ ਸ਼ਿਵ ਰਾਮ ਦਾਸ, ਬਿਨ ਮਾਲੀ ਮੱਲ, ਬਿਨ ਮਨੀ ਰਾਮ, ਉਰਫ਼ ਭਸੀਨ ਖੱਤਰੀ ਸਾਕਨ ਲਾਹੌਰ ਗੁਜਰ ਤਾਲਵਾੜਾ ਮਿਨ ਇਬਤਦਾਏ ਅੱਵਲ ਮਾਘ, ਸੰ. ੧੯੦੫ ਬਿ:=ਹਿਜਰੀ ੧੨੬੫ ਬਿਨਾ ਕਰਦਹ ਸ਼ੁਦ ।'' ਤਾਲਾਬ ਬਣਿਆਂ ੧੯੦੫ ਬਿ. ਵਿਚ, ਤੇ ਸੂਰਜ ਪ੍ਰਕਾਸ਼ ਲਿਖਿਆ ਗਿਆ ੧੯੦੦ ਬਿ. ਵਿਚ । ਇਸ ਦਾ ਮਤਲਿਬ, ਕਿ ਇਹ ਕਿਸੇ ਦੇਵੀ ਭਗਤ ਨੇ ਪਿਛੋਂ ਸੂਰਜ ਪ੍ਰਕਾਸ਼ ਵਿਚ ਪੰਗਤੀਆਂ ਦਰਜ ਕਰ ਦਿਤੀਆਂ ਹਨ । ਮਾਤਾ ਗੰਗਾ ਜੀ ਦਾ ਸੀਤਲਾ ਪੂਜਣ ਵਾਸਤੇ ਦੁਰਗਿਆਣੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।)

---

1 ਹਰੀ ਦੇ ਨਾਮ ਸਦਕਾ ਸਾਰੇ ਦੁੱਖ ਦੂਰ ਹੋ ਗਏ ।

Digitized by Panjab Digital Library | www.panjabdigilib.org

ਅੰਸੂ ੧੫

(ਪੰਡਿਤ ਵੱਲੋਂ ਜ਼ਹਰਿ ਦੇਣ ਦਾ ਯਤਨ)

ਪ੍ਰਿਥੀਏ ਨੇ ਪੰਜ ਸੌ ਰੁਪੈ ਪੇਸ਼ਗੀ ਦੇ ਕੇ ਹਰਿਗੋਬਿੰਦ ਜੀ ਦੇ ਖਿਡਾਵੇ ਪੰਡਤ ਨੂੰ ਗੰਢ ਲਿਆ, ਕਿ ਉਹ ਬਾਲਕ ਨੂੰ ਜ਼ਹਿਰ ਦੇ ਕੇ ਮਾਰ ਦੇਵੇ। ਜ਼ਹਿਰ ਪ੍ਰਿਥੀਏ ਨੇ ਦਿਤਾ ਪੰਡਤ ਨੂੰ।

ਅੰਸੂ ੧੬

(ਜ਼ਹਿਰ ਵਾਲਾ ਦਹੀਂ ਖਾ ਕੇ ਕੁੱਤਾ ਮਰ ਗਿਆ)

ਪੰਡਤ ਜ਼ਹਿਰ ਵਾਲਾ ਦਹੀਂ ਪਿਆਉਣ ਲੱਗਾ, ਤਾਂ ਹਰਿਗੋਬਿੰਦ ਜੀ ਨੇ ਪੀਣ ਤੋਂ ਇਨਕਾਰ ਕਰ ਦਿਤਾ, ਰੋਣ ਲੱਗ ਪਏ। ਉਹ ਦਹੀਂ ਪਿਸਤੇ ਕੁੱਤੇ ਨੂੰ ਪਾਇਆ, ਤਾਂ ਉਹ ਖਾ ਕੇ ਕੁਛ ਸਮੇਂ ਪਿਛੋਂ ਮਰ ਗਿਆ। ਤੇ ਉਹ ਕੁੱਤਾ ਸੁਰਗਾਂ ਨੂੰ ਗਿਆ।

ਅੰਸੂ ੧੭

(ਪੰਡਤ ਨੇ ਸਾਰਾ ਭੇਦ ਦੱਸ ਦਿਤਾ)

ਭੇ ਮਾਰੇ ਪੰਡਤ ਦੇ ਪੇਟ ਵਿਚ ਸੂਲ ਹੋਇਆ, ਤੇ ਉਹ ਮਰ ਗਿਆ। ਗੁਰੂ ਜੀ ਨੇ ਸਬਦ ਉਚਾਰਿਆ,

"ਲੇਪੁ ਨ ਲਾਗੋ ਤਿਲਕਾ ਮੂਲਿ। ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ।...।"

(ਭੈਰਉ ਮ: ੫ ਪੰਨਾ ੧੧੩੭)

ਮਾਤਾ ਗੰਗਾ ਜੀ ਦੇ ਕਹਿਣ ਉਤੇ ਗੁਰੂ ਜੀ ਨੇ ਪੰਡਤ ਨੂੰ ਫਿਰ ਜ਼ਿੰਦਾ ਕਰ ਦਿਤਾ। ਪੰਡਤ ਨੇ ਸਾਰੀ ਗੱਲ ਦੱਸ ਦਿਤੀ, ਕਿ ਮੈਥੋਂ ਇਹ ਕਾਰਾ ਪ੍ਰਿਥੀਏ ਨੇ ਕਰਾਇਆ ਹੈ।

ਅੰਸੂ ੧੮

(ਪ੍ਰਿਥੀਏ ਨੇ ਝਗੜਨਾ)

ਗੁਰੂ ਜੀ ਨੇ ਪ੍ਰਿਥੀਏ ਨੂੰ ਕੋਲ ਬੁਲਾਇਕੇ ਗਿਲ੍ਹਾ ਕੀਤਾ, ਕਿ ਤੁਸਾਂ ਬਾਲਕ ਨੂੰ ਜ਼ਹਿਰ ਦੇਣ ਦਾ ਕੁਕਰਮ ਕਿਉਂ ਕੀਤਾ। ਪ੍ਰਿਥੀਏ ਨੇ ਇਨਕਾਰ ਕੀਤਾ, ਤਾਂ ਪੰਡਤ ਨੇ ਸਭ ਕੁਛ ਮੂੰਹ 'ਤੇ ਕਹਿ ਦਿਤਾ।

ਸ਼ਰਮ ਮਹਿਸੂਸ ਕਰਨ ਦੀ ਥਾਂ ਪ੍ਰਿਥਿਆ ਸਗੋਂ ਲੜਨ ਲੱਗ ਪਿਆ, ਕਿ ਮੇਰੇ ਸਿਰ ਝੂਠਾ ਦੋਸ਼ ਲਾਇਆ ਹੈ। ਉਹਨੇ ਗੁੱਸੇ ਵਿਚ ਕਿਹਾ, ਕਿ ਹੁਣ ਮੈਂ ਆਪਣੇ ਜ਼ੋਰ ਨਾਲ ਗੁਰਿਆਈ ਲਵਾਂਗਾ। ਪ੍ਰਿਥੀਏ ਨੇ ਕਿਹਾ, ਮੈਂ ਦਿੱਲੀ ਜਹਾਂਗੀਰ ਪਾਸ ਜਾਵਾਂਗਾ।

Digitized by Panjab Digital Library | www.panjabdigilib.org

ਅੰਸੂ ੧੯

(ਮਹਾਦੇਵ ਨੇ ਪ੍ਰਿਥੀਏ ਨੂੰ ਸਮਝਾਉਣਾ)

ਮਹਾਦੇਵ ਨੇ ਸੁਣਿਆਂ, ਕਿ ਪ੍ਰਿਥੀਆ ਦਿੱਲੀ ਸ਼ਕਾਇਤ ਕਰਨ ਚੱਲਿਆ ਹੈ, ਤਾਂ ਉਹ ਪ੍ਰਿਥੀਏ ਪਾਸ ਆਏ। ਉਹਨਾਂ ਪ੍ਰਿਥੀਏ ਨੂੰ ਬੜਾ ਸਮਝਾਇਆ, ਕਿ ਗੁਰੂ ਨਾਲ ਵੈਰ ਤਿਆਗ ਦੇਵੇ। ਪ੍ਰਿਥੀਏ ਨੇ ਉਲਟਾ ਮਹਾਂਦੇਵ ਨੂੰ ਲਾਲਚ ਦਿਤਾ, ਕਿ ਤੂੰ ਮੇਰੇ ਨਾਲ ਦਿੱਲੀ ਚੱਲ, ਮੈਂ ਤੈਨੂੰ ਗੁਰੂ ਬਣਾ ਦਿਆਂਗਾ।

ਮਹਾਦੇਵ ਇਸ ਵਿਰੋਧ ਵਿਚ ਹਿੱਸੇਦਾਰ ਨਾ ਬਣਿਆਂ। ਉਸ ਨੇ ਪ੍ਰਿਥੀਏ ਨੂੰ ਬੜਾ ਸਮਝਾਇਆ, ਕਿ ਗੁਰੂ ਜੀ ਨਾਲ ਮੇਲ ਕਰ ਲਵੇ।

ਅੰਸੂ ੨੦

(ਮਹਾਦੇਵ ਤੇ ਪ੍ਰਿਥੀਏ ਦਾ ਝਗੜਾ)

ਮਹਾਦੇਵ ਪ੍ਰਿਥੀਏ ਨਾਲ ਜਾਣਾ ਨਾ ਮੰਨਿਆਂ, ਤਾਂ ਪ੍ਰਿਥੀਆ ਉਸ ਨਾਲ ਗੁੱਸੇ ਹੋ ਗਿਆ।

ਅੰਸੂ ੨੧

(ਗੁਰੂ ਜੀ ਤੇ ਮਹਾਦੇਵ)

ਪ੍ਰਿਥੀਆ ਗੁਰੂ ਜੀ ਨਾਲ ਸੁਲ੍ਹਾ ਕਰਨੀ ਨਾ ਮੰਨਿਆਂ, ਤਾਂ ਮਹਾਦੇਵ ਗੁਰੂ ਜੀ ਪਾਸ ਗਿਆ। ਵੱਡਾ ਭਾਈ ਸਮਝ ਕੇ ਗੁਰੂ ਜੀ ਨੇ ਬੜਾ ਆਦਰ ਕੀਤਾ। ਫਿਰ ਹਰਿਗੋਬਿੰਦ ਜੀ ਨੂੰ ਜ਼ਹਿਰ ਦੇਣ ਦੀ ਗੱਲ ਚੱਲੀ, ਤਾਂ ਗੁਰੂ ਜੀ ਨੇ ਕਿਹਾ,

"ਸ੍ਰੀ ਅਰਜਨ ਕਹਿ, 'ਦਿਜ ਇਹ ਬੈਠਯੋ,
ਇਸ ਕੋ ਬੂਝ ਲੇਹੁ ਸਭਿ ਬਾਤ।...੨੦।"

(ਗੁਰੂ ਜੀ ਤਾਂ ਬਾਣੀ ਵਿਚ ਲਿਖਦੇ ਹਨ, "ਦੁਸਟੁ ਬ੍ਰਾਹਮਣੁ ਮੁਆ ਹੋਇ ਕੈ ਸੂਲ।" ਪਰ ਕਵੀ ਜੀ ਏਥੇ ਫੇਰ ਪੰਡਤ ਨੂੰ ਲੈ ਆਉਂਦੇ ਹਨ। ਕਿਉਂਕਿ ਪਿਛਲੇ ਅੰਸੂ ਵਿਚ ਉਸ ਨੂੰ ਕਰਾਮਾਤ ਨਾਲ ਜ਼ਿੰਦਾ ਕਰ ਦਿਤਾ ਸੀ। ਇਹ ਕਵੀ ਦੀ ਕਲਪਨਾ ਹੈ, ਇਤਿਹਾਸ ਨਹੀਂ।)

ਮਹਾਂਦੇਵ ਨੇ ਕਿਹਾ, 'ਬਾਦਸ਼ਾਹ ਤਾਂ ਗੁਰੂ ਸਾਹਿਬਾਨ ਦੀ ਸ਼ਰਨ ਆਉਂਦੇ ਸਨ, ਪਰ ਹੁਣ ਪ੍ਰਿਥੀਆ ਬਾਦਸ਼ਾਹ ਕੋਲੋਂ ਗੁਰਿਆਈ ਲੈਣ ਚੱਲਿਆ ਹੈ।'

ਅੰਸੂ ੨੨

(ਪ੍ਰਿਥੀਆ ਸੁਲਹੀ ਨੂੰ ਮਿਲਿਆ)

Digitized by Panjab Digital Library | www.panjabdigilib.org

ਸੰਗਤਾਂ ਵਿਚ ਬਹੁਤ ਬਦਨਾਮੀ ਹੋਣ ਲੱਗ ਪਈ, ਤਾਂ ਪ੍ਰਿਥੀਆ ਅੰਮ੍ਰਿਤਸਰ ਛੱਡ ਕੇ ਪਿੰਡ 'ਹੇਹਰ' (ਜ਼ਿਲਾ ਲਾਹੌਰ) ਚਲਾ ਗਿਆ।

ਓਥੋਂ ਪ੍ਰਿਥੀਆ ਸੁਲਹੀ ਕੋਲ ਪੁੱਜਾ, ਤੇ ਕਿਹਾ, 'ਗੁਰੂ ਨੇ ਮੈਨੂੰ ਘਰੋਂ ਕੱਢ ਦਿਤਾ ਹੈ।' ਸੁਲਹੀ ਨੇ ਕਿਹਾ, ਮੈਂ ਦਿੱਲੀ ਜਾ ਕੇ ਬਾਦਸ਼ਾਹ ਨਾਲ ਗੱਲ ਕਰਾਂਗਾ, ਤੇ ਤੈਨੂੰ ਗੁਰੂ ਬਣਾ ਦਿਆਂਗਾ।

ਸੁਲਹੀ ਨੇ ਕਿਹਾ, 'ਹੇਹਰ ਪਿੰਡ ਬਾਦਸ਼ਾਹ ਨੇ ਮੈਨੂੰ ਦਿਤਾ ਸੀ, ਇਹ ਮੈਂ ਤਨੂੰ ਦੇ ਦੇਂਦਾ ਹਾਂ।'

ਪ੍ਰਿਥੀਏ ਨੇ ਪਿੰਡ 'ਹੇਹਰ' ਵਿਚ ਸਰੋਵਰ ਬਨਾਉਣ ਦੀ ਸਲਾਹ ਬਣਾ ਲਈ।

ਅੰਸੂ ੨੩

(ਪ੍ਰਿਥੀਏ ਨੇ 'ਹੇਹਰ' ਵਿਚ ਤਲਾਬ ਬਣਾਇਆ)

ਅੰਮ੍ਰਿਤਸਰ ਦੇ ਮੁਕਾਬਲੇ 'ਤੇ ਪ੍ਰਿਥੀਏ ਨੇ ਪਿੰਡ 'ਹੇਹਰ' ਵਿਚ ਤਲਾਬ ਤੇ ਮੰਦਰ ਬਣਾਇਆ। ਪਰ ਸੰਗਤ ਕੋਈ ਨਾ ਆਵੇ।

(ਮੈਂ ਉਹ ਥਾਂ ਵੇਖੀ ਹੈ। ਛੋਟਾ ਜੇਹਾ ਮੰਦਰ ਤੇ ਤਲਾਬ ਹੈ। ਬੜਾ ਵੀਰਾਨ ਤੇ ਪਾਣੀ ਖੁਣੋਂ ਖ਼ੁਸ਼ਕ ਪਿਆ ਸੀ। ਜ਼ਿਲਾ ਲਾਹੌਰ ਵਿਚ ਪਿੰਡ 'ਹੇਹਰ' ਛੋਟਾ ਹੀ ਹੈ। ਨੇੜੇ ਵੱਡਾ ਪਿੰਡ 'ਕਰਬਾਠ' ਹੈ।)

ਅੰਸੂ ੨੪

(ਭਾਈ ਗੁਰਦਾਸ ਤੇ ਪ੍ਰਿਥੀਆ)

ਪ੍ਰਿਥੀਏ ਨੂੰ ਲਿਆਉਣ ਵਾਸਤੇ ਗੁਰੂ ਜੀ ਨੇ ਭਾਈ ਗੁਰਦਾਸ ਨੂੰ 'ਹੇਹਰ' ਪਿੰਡ ਭੇਜਿਆ। ਪ੍ਰਿਥੀਏ ਨੇ ਅੱਗੋਂ ਉੱਤਰ ਦਿਤਾ, 'ਅਜੇ ਹੁਣੇ ਡਰਨ ਲੱਗ ਪਿਆ ਹੈ ? ਪਤਾ ਓਦੋਂ ਲੱਗੇਗਾ, ਜਦ ਮੈਂ ਬਾਦਸ਼ਾਹ ਕੋਲ ਪੁੱਜਾ। ਗੁਰੂ ਨੂੰ ਕਸ਼ਟ ਦੇ ਕੇ ਮੈਂ ਆਪ ਗੁਰੂ ਬਣਾਗਾ।'

ਭਾਈ ਗੁਰਦਾਸ ਜੀ ਦੇ ਸਮਝਾਉਣ ਉਤੇ ਪ੍ਰਿਥੀਆ ਮੰਨਿਆਂ ਨਾ।

ਅੰਸੂ ੨੫

(ਭਾਈ ਗੁਰਦਾਸ ਵਾਪਸ)

ਭਾਈ ਗੁਰਦਾਸ ਜੀ ਨੇ ਆ ਕੇ ਸਾਰੇ ਹਾਲ ਗੁਰੂ ਜੀ ਨੂੰ ਦੱਸੇ, ਕਿ ਪ੍ਰਿਥੀਆ ਮੰਨਣ ਦੀ ਥਾਂ ਸਗੋਂ ਕਠੋਰ ਸ਼ਬਦ ਬੋਲਿਆ ਹੈ।

Digitized by Panjab Digital Library | www.panjabdigilib.org

ਅਸੂ ੨੬

(ਪ੍ਰਿਥੀਆ ਜਹਾਂਗੀਰ ਨੂੰ ਮਿਲਿਆ)

ਸੁਲਹੀ ਦੇ ਨਾਲ ਪ੍ਰਿਥੀਆ ਦਿੱਲੀ ਜਾ ਕੇ ਜਹਾਂਗੀਰ ਨੂੰ ਮਿਲਿਆ ਤੇ ਫਰਯਾਦ ਕੀਤੀ, ਕਿ ਵੱਡਾ ਮੈਂ ਹਾਂ, ਪਰ ਪਿਤਾ ਜੀ ਛੋਟੇ ਨੂੰ ਗੱਦੀ ਦੇ ਗਏ ਹਨ। ਸਾਡਾ ਇਨਸਾਫ਼ ਕੀਤਾ ਜਾਵੇ।

ਅਸੂ ੨੭

(ਜਹਾਂਗੀਰ ਨੇ ਪ੍ਰਿਥੀਏ ਨੂੰ ਪਿੰਡ ਕੋਠਾ ਦਿਤਾ)

ਬਾਦਸ਼ਾਹ ਨੇ ਕਿਹਾ, 'ਜਿਸ ਨੂੰ ਯੋਗ ਸਮਝਿਆ ਹੈ, ਗੁਰੂ ਜੀ ਉਸ ਨੂੰ ਗੱਦੀ ਦੇ ਗਏ ਹਨ। ਬਾਦਸ਼ਾਹ ਦਖ਼ਲ ਨਹੀਂ ਦੇ ਸਕਦਾ।'

ਪ੍ਰਿਥੀਆ ਨਿਰਾਸ ਹੋ ਗਿਆ। ਸੁਲਹੀ ਨੇ ਪ੍ਰਿਥੀਏ ਨੂੰ ਸਲਾਹ ਦਿਤੀ ਦੋ ਉਮਰਾਵਾਂ —ਅਬਦੁਲ ਖ਼ਾਨ ਤੇ ਮੁਹੰਮਦ ਖ਼ਾਨ—ਨੂੰ ਮਿਲ ਕੇ ਰਿਸ਼ਵਤ ਦੇਣ ਦੀ।

ਪ੍ਰਿਥੀਏ ਨੇ ਉਹਨਾਂ ਨੂੰ ਤਿੰਨ ਸੌ ਮੋਹਰ ਰਿਸ਼ਵਤ ਦਿਤੀ, ਤੇ ਮੰਗ ਕੀਤੀ, ਕਿ ਜੇ ਗੁਰਗੱਦੀ ਨਹੀਂ, ਤਾਂ ਬਾਦਸ਼ਾਹ ਮੈਨੂੰ ਇਕ ਪਿੰਡ ਹੀ ਦੇ ਦੇਵੇ, ਜਿੱਥੇ ਮੈਂ ਵੱਸ ਸੱਕਾਂ।

(ਏਥੇ ਕਵੀ ਜੀ ਬਲਦਾਂ ਦੀ ਕਹਾਣੀ ਲਿਖਦੇ ਹਨ।)

ਜਹਾਂਗੀਰ ਦੇ ਮਹਿਲ ਥੱਲੇ ਰੱਸੀ ਲਟਕਦੀ ਰਹਿੰਦੀ ਸੀ, ਜਿਸਨੂੰ ਫ਼ਰਯਾਦੀ ਹਿਲਾਏ, ਤਾਂ ਉਪਰ ਘੰਟੀ ਖੜਕਦੀ ਸੀ। ਪਾਣੀ ਦੀਆਂ ਮਸ਼ਕਾਂ ਲੱਦੀ ਬਲਦ ਲੰਘੇ, ਤਾਂ ਬਲਦ ਦੇ ਪੈਰ ਨਾਲ ਉਹ ਰੱਸੀ (ਜ਼ੰਜੀਰ) ਹਿੱਲ ਗਈ। ਬਾਦਸ਼ਾਹ ਨੇ ਬਲਦ ਮੰਗਵਾ ਕੇ ਵੇਖੇ, ਤਾਂ ਉਸ ਬਲਦ ਉਤੇ ਤਿੰਨ ਮਸ਼ਕਾਂ ਲੱਦੀਆਂ ਹੋਈਆਂ ਸਨ। ਬਾਦਸ਼ਾਹ ਨੇ ਹੁਕਮ ਦੇ ਦਿਤਾ, ਕਿ ਇਕ ਬਲਦ ਉਤੇ ਦੋ ਤੋਂ ਵੱਧ ਮਸ਼ਕਾਂ ਨਾ ਲੱਦੀਆਂ ਜਾਣ।

(ਜਹਾਂਗੀਰ ਦੇ ਇਨਸਾਫ਼ ਬਾਰੇ ਅਜੇਹੀਆਂ ਕਈ ਕਹਾਣੀਆਂ ਪਰਚਲਤ ਹਨ। ਯਾਦ ਰੱਖੋ, ਗੁਰੂ ਅਰਜਨ ਦੇਵ ਜੀ ਦਾ ਕਾਤਲ ਜਹਾਂਗੀਰ ਹੀ ਸੀ।)

ਉਹਨਾਂ ਉਮਰਾਵਾਂ ਦੀ ਸਫ਼ਾਰਸ਼ ਨਾਲ ਬਾਦਸ਼ਾਹ ਨੇ ਪ੍ਰਿਥੀਏ ਨੂੰ ਮਾਲਵੇ ਵਿਚ ਇਕ ਪਿੰਡ ਦੇ ਦਿਤਾ, ਜਿੱਥੇ ਉਹ ਕੋਠਾ ਪਾ ਕੇ ਰਹਿਣ ਲੱਗਾ। ਨੱਗਰ ਦਾ ਨਾਮ 'ਸੋਢੀਆਂ ਦਾ ਕੋਠਾ' (ਗੁਰੂ ਕਾ ਕੋਠਾ) ਪੈ ਗਿਆ।

ਅੰਸ ੨੮

(ਠਾਕਰ ਪੂਜ ਬ੍ਰਹਿਮਣ ਨਾਲ ਚਰਚਾ)

ਪਹਿਲਾਂ ਤਾਂ ਹਰਿਗੋਬਿੰਦ ਜੀ ਦੀ ਬਾਲ ਲੀਲ੍ਹਾ ਦੇ ਛੰਦ ਹਨ।

ਪਰਕਰਮਾ ਵਿਚ ਇਕ ਪੰਡਤ ਬੈਠਾ ਸਾਲਗਰਾਮ ਸਾਮ੍ਹਣੇ ਰੱਖ ਕੇ ਉਸ ਨੂੰ ਪਰਣਾਮ

Digitized by Panjab Digital Library | www.panjabdigilib.org

ਕਰ ਰਿਹਾ ਸੀ[1] । ਗੁਰੂ ਜੀ ਕੋਲ ਦੀ ਲੰਘ ਗਏ । ਪੰਡਤ ਨੇ ਗੁੱਸਾ ਕੀਤਾ, ਕਿ ਗੁਰੂ ਜੀ ਨੇ ਮੇਰਾ ਤੇ ਠਾਕਰ ਦਾ ਸਨਮਾਨ ਕਿਉਂ ਨਹੀਂ ਕੀਤਾ । ਗੁਰੂ ਜੀ ਪਰਕਰਮਾ ਕਰਕੇ ਆਏ, ਤਾਂ ਪੰਡਤ ਨੇ ਰੋਸ ਪਰਗਟ ਕੀਤਾ, ਕਿ ਮੈਂ ਪੰਡਤ ਹਾਂ ਤੇ ਆਪ ਛੱਤਰੀ । ਤੁਸਾਂ ਮੈਨੂੰ ਤੇ ਠਾਕਰ ਨੂੰ ਪਰਣਾਮ ਕਿਉਂ ਨਹੀਂ ਕੀਤਾ ।

ਉਤਰ ਵਿਚ ਗੁਰੂ ਜੀ ਨੇ ਸਬਦ ਉਚਾਰਿਆ,

"ਮੁਖ ਤੇ ਪੜਤਾ ਟੀਕਾ ਸਹਿਤ ।...।"

(ਰਾਮਕਲੀ, ਮ: ੫, ਪੰਨਾ ੯੯੭)

ਇਸ ਸਬਦ ਦਾ ਅਰਥ ਕਰਕੇ ਗੁਰਦੇਵ ਨੇ ਇਹ ਸਬਦ ਉਚਾਰਿਆ,

"ਆਠ ਪਹਰ ਉਦਕ ਇਸਨਾਨੀ ।...।

(ਆਸਾ, ਮ. ੫, ਪੰਨਾ ੩੯੩)

ਅੰਸੂ ੨੯

(ਬ੍ਰਾਹਮਣ ਸਿੱਖ ਬਣਿਆਂ)

ਪੰਡਤ ਨੇ ਕਿਹਾ, ਸੰਸਕ੍ਰਿਤ ਦੇਵਤਿਆਂ ਦੀ ਬੋਲੀ ਹੈ ।

ਗੁਰੂ ਜੀ ਨੇ ਕਿਹਾ, ਜਿਸ ਬੋਲੀ ਦੀ ਸਮਝ ਹੀ ਨਾ ਪਵੇ, ਉਸਦਾ ਕੀ ਲਾਭ ? ਉਪਦੇਸ਼ ਸਰਲ ਭਾਸ਼ਾ ਵਿਚ ਠੀਕ ਹੈ । ਸੰਸਕ੍ਰਿਤ ਭਾਸ਼ਾ ਸਿਰਫ਼ ਉੱਚ ਜਾਤੀਆਂ ਵਾਸਤੇ ਹੈ । ਪਰ ਇਹ ਸੱਖੀ ਭਾਸ਼ਾ ਹਰਇਕ ਵਾਸਤੇ ਹੈ ।

ਪੰਡਤ ਚਰਨੀ ਢਹਿ ਪਿਆ, ਤਾਂ ਉਸਨੂੰ ਚਰਨਾਮ੍ਰਿਤ ਦੇ ਕੇ ਸਿੱਖ ਬਣਾਇਆ ।

ਇਕ ਦਿਨ ਦੁਕਾਨਦਾਰਾਂ ਨੇ ਆਕੇ ਬੇਨਤੀ ਕੀਤੀ,'ਤੁਹਾਡੇ ਹੁਕਮ ਨਾਲ ਅਸੀਂ ਏਥੇ ਆ ਵੱਸੇ ਹਾਂ, ਪਰ ਏਥੇ ਗਾਹਕ ਕੋਈ ਨਹੀਂ ਆਉਂਦਾ । ਸਾਡਾ ਗੁਜ਼ਾਰਾ ਕਿਵੇਂ ਚੱਲੇ ।'

ਗੁਰੂ ਜੀ ਨੇ ਉਤਰ ਦਿਤਾ, 'ਸੁਭਾ, ਸ਼ਾਮ ਏਥੇ ਮੱਥਾ ਟੇਕਿਆ ਕਰੋ, ਬਪਾਰ ਬਥੇਰਾ ਵਧ ਜਾਇਗਾ ।'

ਅੰਸੂ ੩੦

(ਹਰਿਗੋਬਿੰਦ ਜੀ ਨੂੰ ਤਾਪ)

ਇਕ ਦਿਨ ਹਰਿਗੋਬਿੰਦ ਜੀ ਨੂੰ ਸਖ਼ਤ ਬੁਖ਼ਾਰ ਹੋ ਗਿਆ ।

ਗੁਰੂ ਜੀ ਨੇ 'ਸਤਿਨਾਮ' ਪੜ੍ਹਕੇ ਸਰੀਰ 'ਤੇ ਹੱਥ ਫੇਰਿਆ, ਤਾਂ ਬੁਖ਼ਾਰ ਉਤਰ ਗਿਆ । ਫਿਰ ਹਜ਼ੂਰ ਨੇ ਸਬਦ ਉਚਾਰਿਆ,

"ਮੇਰਾ ਸਤਿਗੁਰੁ ਰਖਵਾਲਾ ਹੋਆ ।...।"

(ਸੋਰਠਿ, ਮ. ੫, ਪੰਨਾ ੬੨੦)

---

1 ਗੁਰੂ ਜੀ ਦੇ ਸਮੇਂ ਕਿਸੇ ਪੰਡਤ ਦਾ ਪਰਕਰਮਾ ਵਿਚ ਠਾਕਰ ਰਖਣਾ ਜਚਦਾ ਨਹੀਂ ।

Digitized by Panjab Digital Library | www.panjabdigilib.org

ਸਾਹਿਬਜ਼ਾਦੇ ਦੇ ਅਰੋਗ ਹੋਣ 'ਤੇ ਗੁਰੂ ਜੀ ਨੇ ਜੱਗ ਕੀਤਾ।
(ਏਥੇ ਇਕ ਸ਼ੰਕਾ ਪੈਦਾ ਹੁੰਦਾ ਹੈ।)

"ਇਕ ਜਾਤਿ ਕਰੀ ਇਕ ਥਾਨ ਸਬੈ।
ਕਰਿ ਪਾਤਿ ਜੁਦੀ ਸੁ ਜੁਦੀ ਸੁ ਤਬੈ।
ਸਭਿ ਪੰਥਨਿ ਸੰਤ ਤਥਾ ਕਰਿ ਕੈ।
ਥਿਤਿ ਨਯਾਰਯ ਨਯਾਰਿਯਤਾ ਧਰਿ ਕੈ।੨੯।"

(ਭਾਵ, ਸਾਰੀਆਂ ਜਾਤੀਆਂ ਨੂੰ ਵੱਖਰੀ ਵੱਖਰੀ ਪੰਗਤ ਵਿਚ ਬਿਠਾ ਕੇ ਪ੍ਰਸਾਦ ਛਕਾਇਆ। ਗੁਰੂ ਅਮਰਦਾਸ ਜੀ ਨੇ ਸਭ ਨੂੰ ਇਕੋ ਪੰਗਤ ਵਿਚ ਬਿਠਾ ਕੇ ਭੋਜਨ ਛਕਾਉਣ ਦੀ ਮਰਯਾਦਾ ਚਲਾਈ ਸੀ। ਫਿਰ ਪੰਜਵੇਂ ਗੁਰੂ ਉਸ ਮਰਯਾਦਾ ਦੇ ਉਲਟ ਕਿਵੇਂ ਚੱਲ ਸਕਦੇ ਸਨ ? ਲਿਖਾਰੀ ਦੀ ਭੁੱਲ ਹੈ।)

ਹਰਿਗੋਬਿੰਦ ਨੂੰ ਨਾਲ ਲੈ ਕੇ ਗੁਰੂ ਜੀ ਨੇ ਹਰਿਮੰਦਰ ਸਾਹਿਬ ਜਾ ਕੇ ਅਰਦਾਸ ਕੀਤੀ।

ਅੰਸੂ ੩੧

(ਹਰਿਗੋਬਿੰਦ ਜੀ ਪੜ੍ਹਨੇ ਬੈਠੇ)

ਮਹਾਂਦੇਵ ਜੀ ਦੀ ਸਲਾਹ ਨਾਲ, ਗੁਰੂ ਜੀ ਨੇ ਬਾਬਾ ਬੁਢਾ ਜੀ ਨੂੰ ਬੁਲਾ ਕੇ ਹਰਿਗੋਬਿੰਦ ਜੀ ਨੂੰ ਉਹਨਾਂ ਕੋਲ ਪੜ੍ਹਨੇ ਪਾਇਆ।

ਬਾਬਾ ਬੁੱਢਾ ਜੀ ਨੇ ਹਰਿਗੋਬਿੰਦ ਜੀ ਨੂੰ ਹਰ ਤਰਾਂ ਦੀ ਵਿੱਦਿਆ ਸਿਖਾਈ।

"ਬਿੱਦਯਾ ਦਈ ਸਿਖਾਇ ਸਭ, ਬਾਨੀ ਪੜ੍ਹਬੇ ਕੇਰ।
ਬਾਚਕ[1] ਹੋਏ ਸਕਲ ਕੇ, ਪਢਤਿ ਨ ਲਾਵਤਿ ਦੇਰ।੪੩।
ਸ਼ਸਤ੍ਰਨ ਕੀ ਬਿੱਦਯਾ ਮਹਾਂ, ਤਿਸ ਕੋ ਬਰ ਦੇ ਦੀਨ।
ਬਾਨ ਪ੍ਰਹਾਰਨਿ ਅਨਿਕ ਬਿਧਿ ਐਚਨਿ[2] ਧਨੁਖ ਪ੍ਰਬੀਨ।੪੪।"

(ਬਾਬਾ ਬੁਢਾ ਜੀ ਹਰਿਗੋਬਿੰਦ ਜੀ ਦੇ ਅੱਖਰੀ ਵਿੱਦਿਆ ਦੇ ਵੀ ਉਸਤਾਦ ਸਨ ਤੇ ਸ਼ਸਤਰ ਵਿੱਦਿਆ ਦੇ ਵੀ। ਇਸ ਤੋਂ ਸਿੱਧ ਹੁੰਦਾ ਹੈ, ਕਿ ਗੁਰੂ ਅਰਜਨ ਦੇਵ ਜੀ ਜਾਣਦੇ ਸਨ, ਕਿ ਆਉਣ ਵਾਲੇ ਸਮੇਂ ਸ਼ਸਤਰਧਾਰੀ ਗੁਰੂ ਦੀ ਲੋੜ ਹੈ।)

ਅੰਸੂ ੩੨

(ਪੈੜੇ ਨੇ ਪ੍ਰਾਣ ਸੰਗਲੀ ਲਿਆਂਦੀ)

ਕਾਂਸ਼ੀ ਤੋਂ ਪੰਡਤ ਆਇਆ। ਉਸ ਨੇ ਦਿਲ ਵਿਚ ਧਾਰੀ, ਕਿ ਮੈਂ ਗੁਰੂ ਜੀ ਨੂੰ

---

1 ਵਾਚਣ ਵਾਲਾ, ਪੜ੍ਹ ਲੈਣ ਵਾਲਾ। 2 ਖਿੱਚਣਾ।

Digitized by Panjab Digital Library | www.panjabdigilib.org

ਕਥਾ ਸੁਣਾਵਾਂਗਾ, ਤੇ ਫਿਰ ਦੱਛਣਾ ਵਜੋਂ ਮੁਕਤੀ ਦੀ ਮੰਗ ਕਰਾਂਗਾ।

ਗੁਰੂ ਜੀ ਦੇ ਹੁਕਮ ਨਾਲ ਪੰਡਤ ਨੇ ਵੇਦਾਂ ਤੇ ਉਪਨਸ਼ਿਦਾਂ ਦੀ ਕਥਾ ਆਰੰਭ ਕਰ ਦਿਤੀ।

ਇਕ ਦਿਨ ਭਾਈ ਸਾਲੋ ਆਇਆ। ਗੁਰੂ ਜੀ ਨੇ ਕਿਹਾ, ਇਹ ਸਾਡਾ 'ਅਨੰਨ[1] ਪਿਆਰਾ' ਹੈ।

ਪੰਡਤ ਦੇ ਮਨ ਵਿਚ ਆਈ, ਕਿ ਮੈਨੂੰ ਗੁਰੂ ਜੀ 'ਅਨੰਨ ਭਗਤ' ਕਿਉਂ ਨਹੀਂ ਕਹਿੰਦੇ।

ਪੰਡਤ ਕੋਲ ਜਿਹੜੀ ਪੋਥੀ ਸੀ, ਉਸਨੇ ਸੁਣਾ ਦਿਤੀ। ਗੁਰੂ ਜੀ ਨੇ ਹੁਕਮ ਕੀਤਾ, ਅੱਗੇ ਸੁਣਾਓ। ਪੰਡਤ ਨੇ ਕਿਹਾ, ਮੈਂ ਪੁੱਤਰ ਨੂੰ ਭੇਜ ਕੇ ਘਰੋਂ ਮੰਗਵਾ ਲੈਂਦਾ ਹਾਂ।

ਪੰਡਤ ਨੇ ਦੇਵਤਿਆਂ ਦੀ ਅਰਾਧਨਾ ਕਰਕੇ ਸ਼ੁਭ ਮਹੂਰਤ ਵਿਚ ਪੁੱਤਰ ਨੂੰ ਤੋਰਿਆ। ਉਹ ਥੋੜੀ ਦੂਰ ਗਿਆ, ਤਾਂ ਪਾਸੇ 'ਤੇ ਖੋਤੇ ਹੀਂਗਦੇ ਦੀ ਵਾਜ ਆਈ। ਉਹ ਉਸਨੂੰ ਬੁਰਾ ਸਗਨ (ਅਪਸਗਨ, ਕੁਸਗਨ) ਸਮਝਕੇ ਓਥੋਂ ਹੀ ਮੁੜ ਆਇਆ।

ਗੁਰੂ ਜੀ ਨੇ ਕਿਹਾ, ਦੇਵਤਿਆਂ ਦੇ ਸਗਨ ਮਨਾ ਕੇ ਤੋਰਿਆ, ਤੇ ਗਧੇ ਦੀ ਵਾਜ ਸੁਣ ਕੇ ਮੁੜ ਆਇਆ ?

ਗੁਰੂ ਜੀ ਨੇ ਪੈੜੇ ਨੂੰ ਬੁਲਾ ਕੇ ਹੁਕਮ ਕੀਤਾ, ਕਿ ਸੰਗਲਾਦੀਪ (ਲੰਕਾ) ਤੋਂ ਜਾ ਕੇ 'ਪ੍ਰਾਣ ਸੰਗਲੀ' ਲਿਆਓ। ਰਾਹ ਖ਼ਰਚ ਵਾਸਤੇ ਗੁਰੂ ਜੀ ਨੇ ਪੰਜ ਪੈਸੇ ਦਿਤੇ।

ਏਥੇ ਗਵਾਹੀ ਵਜੋਂ ਭਾਈ ਗੁਰਦਾਸ ਜੀ ਦੇ ਕਬਿੱਤ ਨੰਬਰ ੪੪੭ ਤੇ ੪੪੮ ਦਿਤੇ ਹਨ।

ਭਾਈ ਪੈੜਾ ਲੰਕਾ ਜਾ ਪਹੁੰਚਿਆ। ਉਸ ਵੇਲੇ ਓਥੇ ਸ਼ਿਵਨਾਭ ਦਾ ਪੋਤਰਾ 'ਮਯਾ ਮੇਦਨੀ' ਰਾਜ ਕਰਦਾ ਸੀ। ਗੁਰੂ ਜੀ ਦਾ ਹੁਕਮ ਨਾਮਾ ਲੈ ਕੇ ਉਹਨੇ ਭਾਈ ਪੈੜੇ ਦਾ ਬਹੁਤ ਆਦਰਮਾਣ ਕੀਤਾ। 'ਪ੍ਰਾਣ ਸੰਗਲੀ' ਪੋਥੀ ਲੈ ਕੇ ਪੈੜਾ ਓਥੋਂ ਮੁੜ ਪਿਆ। ਰਸਤੇ ਵਿਚ ਇਕ ਸਾਧੂ ਮਿਲਿਆ। ਉਸਨੇ ਵੇਖਿਆ, ਕਿ ਪੋਥੀ ਸਿਰ ਤੋਂ ਉੱਚੀ ਆ ਰਹੀ ਹੈ। ਸਾਧੂ ਨੇ ਕਿਹਾ, ਇਹ ਪੋਥੀ ਜ਼ਰਾ ਵਿਖਾ ਦਿਹੋ। ਪੈੜੇ ਨੇ ਕਿਹਾ, ਗੁਰੂ ਜੀ ਦਾ ਹੁਕਮ ਨਹੀਂ। ਤੂੰ ਅੰਮ੍ਰਿਤਸਰ ਚੱਲ ਕੇ ਵੇਖ ਲਈਂ।

ਘਰ ਆ ਕੇ ਪੈੜੇ ਨੇ ਸਾਰੀ ਪੋਥੀ ਪੜ੍ਹੀ, ਤੇ ਲਾਲਚ ਵੱਸ ਵਿਚੋਂ ਕੁਛ ਸਾਖੀਆਂ ਕਢ ਲਈਆਂ। ਬਾਕੀ ਪੋਥੀ ਅਗਲੇ ਦਿਨ ਭੇਟਾ ਜਾ ਕੀਤੀ।

ਜਾਣੀਜਾਣ ਗੁਰੂ ਜੀ ਨੇ ਸੋਚਿਆ,

"ਪੋਥੀ ਪੜਹਿ ਬੁਧਿ ਫਿਰ ਜਾਇ।
ਗਯਾਨ ਹੀਨ ਜਗ ਸਿੱਧ ਕਹਾਇ। ..੫੩।"

ਗੁਰੂ ਜੀ ਨੇ ਪੈੜੇ ਕੋਲੋਂ ਉਹ ਸਾਖੀਆਂ ਵੀ ਮੰਗਵਾ ਲਈਆਂ, ਤੇ ਸਾਰੀ ਪੋਥੀ ਜਲ-ਪਰਵਾਹ ਕਰ ਦਿਤੀ। ਪਰ ਉਸ ਸਾਧੂ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਕਿਹਾ,

---

1 ਜੋ ਓਸੇ ਜੋਗਾ ਹੋਵੇ।

Digitized by Panjab Digital Library | www.panjabdigilib.org

'ਜਾਓ ਪਾਣੀ ਵਿਚੋਂ ਕਢ ਲਓ।' ਸੋ ਸਾਧੂ ਨੇ ਕਢ ਲਈ।

(ਇਕ ਗੱਲ ਸਿੱਧ ਹੋ ਜਾਂਦੀ ਹੈ, ਕਿ ਪੰਜਵੇਂ ਗੁਰੂ ਜੀ ਨੇ 'ਪ੍ਰਾਣ ਸੰਗਲੀ' ਨੂੰ ਗੁਰੂ ਨਾਨਕ ਦੇਵ ਜੀ ਦੀ ਰਚਨਾ ਨਹੀਂ ਮੰਨਿਆਂ। ਨਹੀਂ ਤਾਂ ਉਹ ਉਸਨੂੰ ਗੁਰੂ ਗ੍ਰੰਥ ਸਾਹਿਬ ਵਿਚ ਜ਼ਰੂਰ ਦਰਜ ਕਰਦੇ।)

ਅੰਸੂ ੩੩

(ਭਾਈ ਗੁਰਦਾਸ ਤੇ ਬੁਢਾ ਜੀ ਮੋਹਨ ਪਾਸੋਂ ਪੋਥੀਆਂ ਲੈਣ ਗਏ)

ਇਕ ਸਿੱਖ ਨੇ ਗੁਰੂ ਜੀ ਪਾਸ ਬੇਨਤੀ ਕੀਤੀ, ਕਿ ਪ੍ਰਿਥੀਏ ਕੇ ਆਪ ਸਬਦ ਲਿਖਦੇ[1] ਹਨ, ਤੇ ਵਿਚ ਨਾਮ 'ਨਾਨਕ' ਲਿਖ ਧਰਦੇ ਹਨ।

ਗੁਰੂ ਜੀ ਨੇ ਬਾਣੀ ਨੂੰ ਇਕ ਥਾਂ ਕਰਨ ਦਾ ਮਨ ਬਣਾ ਲਿਆ। ਪਹਿਲੇ ਚੌਂਹੁ ਗੁਰੂਆਂ ਦੀ ਬਾਣੀ (ਪੋਥੀਆਂ ਦੇ ਰੂਪ ਵਿਚ) ਮੋਹਨ ਜੀ ਪਾਸ ਸੀ।

ਪਹਿਲਾਂ ਭਾਈ ਗੁਰਦਾਸ ਜੀ ਗਏ ਗੋਇੰਦਵਾਲ। ਉਹਨਾਂ ਦੀਆਂ ਬੇਨਤੀਆਂ ਸੁਣ ਕੇ ਮੋਹਨ ਜੀ ਨੇ ਬੂਹਾ ਹੀ ਨਾ ਖੁਹਲਿਆ। ਗੁਰਦਾਸ ਜੀ ਖ਼ਾਲੀ ਮੁੜ ਆਏ।

ਫੇਰ ਬਾਬਾ ਬੁਢਾ ਜੀ ਗਏ। ਮੋਹਨ ਜੀ ਨੇ ਵਾਜ ਨਾ ਦਿਤੀ, ਤਾਂ ਬੁਢਾ ਜੀ ਚੂਥੀ ਪੁੱਟ ਕੇ ਅੰਦਰ ਚਲੇ ਗਏ। ਮੋਹਨ ਜੀ ਸਮਾਧੀ ਲਾਈ ਬੈਠੇ ਸਨ। ਬੁਢਾ ਜੀ ਬਥੇਰਾ ਹਿਲਾ ਰਹੇ, ਪਰ ਮੋਹਨ ਜੀ ਦੀ ਸਮਾਧੀ ਨਾ ਖੁੱਲ੍ਹੀ।

ਮੋਹਰੀ ਜੀ ਨੇ ਆ ਕੇ ਬੁਢਾ ਜੀ ਨੂੰ ਰੋਕਿਆ। ਬੁਢਾ ਜੀ ਵੀ ਖ਼ਾਲੀ ਮੁੜ ਆਏ।

ਅੰਸੂ ੩੪

(ਗੁਰੂ ਜੀ ਪੋਥੀਆਂ ਲੈਣ ਗਏ)

ਗੁਰੂ ਜੀ ਨੇ ਸੋਚਿਆ, ਗੱਦੀ ਨਾ ਮਿਲਨ ਕਾਰਨ ਮੋਹਨ ਜੀ ਨਾਰਾਜ਼ ਹਨ। ਸੋ ਗੁਰੂ ਜੀ ਕੁਛ ਸਿੱਖਾਂ ਨੂੰ ਨਾਲ ਲੈ ਕੇ ਆਪ ਗੋਇੰਦਵਾਲ ਜਾ ਪਹੁੰਚੇ।

"ਬਾਪੀ[2] ਮੱਜਨ[3] ਕੀਨਿ ਧਯਾਨ ਸਤਿਗੁਰ ਧਰੇ।
ਹੋ, ਤਿਸ ਛਿਨ ਸ੍ਰੀ ਗੁਰ ਅਮਰ ਆਨਿ ਆਗੈ ਖਰੇ।੧੧।"

(ਸਾਇਰਾਨਾ ਖ਼ਿਆਲ। ਨਹੀਂ ਤਾਂ ਜੋਤਿ ਵਿਚ ਜੋਤਿ ਸਮਾ ਚੁਕੇ ਗੁਰੂ ਅਮਰਦਾਸ ਜੀ ਦੇਹ ਕਰਕੇ ਨਹੀਂ ਆਏ।)

ਗੁਰੂ ਅਮਰ ਦਾਸ ਜੀ ਨੇ ਕਿਹਾ,

---

1 ਵੇਖੋ 'ਜਨਮ ਸਾਖੀ ਮੇਹਰਬਾਨ'। ਮੇਹਰਬਾਨ ਆਪਣੀ ਰਚਨਾ ਵਿਚ ਅੰਤ 'ਤੇ 'ਨਾਨਕ ਦਾਸ' ਜਾਂ 'ਦਾਸ ਨਾਨਕ' ਸ਼ਬਦ ਵਰਤਦਾ ਹੈ।

2 ਬਾਉਲੀ। 3 ਇਸ਼ਨਾਨ।

Digitized by Panjab Digital Library | www.panjabdigilib.org

"ਕੀਰਤਿ ਮੋਹਨ ਕਰਹੁ ਪੋਥੀਆਂ ਲੀਜੀਏ ।
ਹੋ, ਸ਼ੁਭ ਉੱਦਮ ਅਹੈ ਬੀੜ ਸਭਿ ਕੀਜੀਏ ।੧੩।"

ਇਹ ਕਹਿ ਕੇ ਗੁਰੂ ਅਮਰਦਾਸ ਜੀ ਅੰਤਰ ਧਿਆਨ ਹੋ ਗਏ, ਭਾਵ, ਗੁਪਤ ਹੋ ਗਏ ।

ਪੰਜਵੇਂ ਗੁਰੂ ਜੀ ਨੇ ਮੋਹਨ ਦੇ ਚੁਬਾਰੇ ਕੋਲ ਗਲੀ ਵਿਚ ਭੋਇੰ 'ਤੇ ਬਹਿ ਕੇ ਸਬਦ ਗਾਇਆ,

"ਮੋਹਨ, ਤੇਰੇ ਊਚੇ ਮੰਦਰ ਮਹਲ ਅਪਾਰਾ ।...।"

(ਗਉੜੀ, ਮ. ੫, ਪੰਨਾ ੨੪੮)

ਮੋਹਨ ਨੇ ਬਾਰੀ ਖੁਹਲ ਕੇ ਵੇਖੀ, ਤਾਂ ਗੁੱਸੇ ਨਾਲ ਗੁਰੂ ਜੀ ਨੂੰ ਕਿਹਾ,

"ਪ੍ਰਥਮ ਹਮਾਰੀ ਵਸਤੁ ਲਈ ਪਿਤ ਪਾਸ ਤੇ ।
ਕੁਲ ਭੱਲਯਨ ਕੀ ਹੁਤੀ ਗੁਰੂਤਾ ਜਾਸ ਤੇ ।...੨੦।
ਲਾਜ ਨ ਧਾਰਿਹੁ ਆਪ ਅਬੈ ਚਲਿ ਆਇਓ ।
ਸਭਿ ਗੁਰੂਅਨਿ ਕੇ ਸਬਦ ਲੈਨਿ ਹਿਤ ਧਾਇਓ ।
ਅਪਰ ਜਤਨ ਕਰਿ ਰਹਯੋ ਨ ਬਸ ਕੁਛ ਚਾਲਿਓ ।
ਹੋ ਭੂਤਲ[1] ਬੈਠ ਗਲੀਨਿ ਪਖੰਡ ਬਿਸਾਲਿਓ ।੨੨।"

(ਏਥੇ ਕਵੀ ਜੀ ਨੇ ਮੋਹਨ ਵੱਲੋਂ ਬੜੇ ਸਖ਼ਤ ਸ਼ਬਦ ਲਿਖੇ ਹਨ ।)

ਕਠੋਰ ਸ਼ਬਦ ਸੁਣ ਕੇ ਵੀ ਗੁਰੂ ਜੀ ਨੇ ਗੁੱਸਾ ਨਹੀਂ ਕੀਤਾ । ਸਗੋਂ ਸਬਦ ਉਚਾਰਿਆ,

"ਮੋਹਨ, ਤੇਰੇ ਬਚਨ ਅਨੂਪ, ਚਾਲ ਨਿਰਾਲੀ ।...।"

(ਗਉੜੀ, ਮ. ੫, ਪੰਨਾ ੨੪੮)

ਪਰਸੰਨ ਹੋ ਕੇ ਮੋਹਨ ਜੀ ਪੋਥੀਆਂ ਲੈ ਕੇ ਹੇਠਾਂ ਉਤਰ ਆਏ ।

"ਦੇਖਿ ਸਰੂਪ ਸੁ ਹੋਇ ਪ੍ਰਸੰਨ ।
ਕਹਯੋ, ਕਿ 'ਸ੍ਰੀ ਅਰਜਨ, ਤੁਮ ਧੰਨ ।'..੩੧।"

ਮੋਹਨ ਜੀ ਆਏ ਵੇਖ ਕੇ ਗੁਰੂ ਜੀ ਨੇ ਤੀਸਰਾ ਸਬਦ ਕਿਹਾ,

"ਮੋਹਨ, ਤੁਧੁ ਸਤ ਸੰਗਤਿ ਧਿਆਵੈ ਦਰਸ ਧਿਆਨਾ ।...।"

(ਗਉੜੀ, ਮ. ੫, ਪੰਨਾ ੨੪੮)

ਮੋਹਨ ਜੀ ਨੇ ਪੋਥੀਆਂ ਪੇਸ਼ ਕਰਦਿਆਂ ਗੁਰੂ ਜੀ ਦੇ ਚਰਨਾਂ 'ਤੇ ਸਿਰ ਧਰ ਦਿਤਾ । ਗੁਰੂ ਜੀ ਨੇ ਕਿਹਾ, 'ਆਪ ਵੱਡੇ ਥਾਂ ਹੋ, ਮੇਰੇ ਮਾਤਾ ਜੀ ਦੇ ਵੱਡੇ ਭਰਾਤਾ । ਸੋ ਮੈਂ ਆਪ ਜੀ ਦੇ ਚਰਨ ਪਰਸਦਾ ਹਾਂ ।'

---

1 ਭੋਇੰ ਤੇ ।

Digitized by Panjab Digital Library | www.panjabdigilib.org

ਅੰਸੂ ੩੫

(ਪੋਥੀਆਂ ਲਈਆਂ)

ਮੋਹਨ ਜੀ ਨੇ ਕਿਹਾ, 'ਅਸੀਂ ਤਾਂ ਆਪਣਾ ਪਿਤਾ ਹੀ ਸਮਝਦੇ ਰਹੇ, ਪਰ ਰਾਮਦਾਸ ਜੀ ਨੇ ਗੁਰੂ ਸਮਝ ਕੇ ਸੇਵਾ ਕੀਤੀ, ਸੋ ਗੱਦੀ ਲੈ ਗਏ। ਮੈਂ ਪਿਤਾ ਦਾ ਹੁਕਮ ਨਾ ਮੰਨਿਆਂ, ਰਾਮਦਾਸ ਜੀ ਨੂੰ ਨਮਸਕਾਰ ਨਾ ਕੀਤੀ, ਪਰ ਮੋਹਰੀ ਨੇ ਹੁਕਮ ਮੰਨ ਕੇ ਮੱਥਾ ਟੇਕ ਦਿਤਾ, ਤੇ ਪਿਤਾ ਦੀ ਖ਼ੁਸ਼ੀ ਹਾਸਲ ਕਰ ਲਈ।'

ਮੋਹਨ ਜੀ ਕਹਿੰਦੇ ਹਨ, ਫਿਰ ਮੈਂ ਜਾ ਕੇ ਪਿਤਾ ਤੋਂ ਭੁੱਲ ਬਖ਼ਸ਼ਾਈ। ਇਹ ਪੋਥੀਆਂ ਪਿਤਾ ਜੀ ਨੇ ਮੈਨੂੰ ਦਿਤੀਆਂ ਤੇ ਹੁਕਮ ਕੀਤਾ, ਕਿ ਪੰਜਵੇਂ ਪਾਤਸ਼ਾਹ ਆਉਣ, ਤਾਂ ਉਹਨਾਂ ਨੂੰ ਦੇਣੀਆਂ। ਨਾਲ ਹੀ ਮੋਹਨ ਜੀ ਨੇ ਕਿਹਾ, ਮੈਂ ਪਹਿਲਾਂ ਕੁਛ ਕਠੋਰ ਸ਼ਬਦ ਤੁਹਾਨੂੰ ਪਰਖਣ ਵਾਸਤੇ ਕਹੇ ਸਨ। ਹੁਣ ਪੋਥੀਆਂ ਸੰਭਾਲੋ ਤੇ ਮੇਰੀ ਭੁੱਲ ਬਖ਼ਸ਼ੋ।

ਪਰਸੰਨ ਹੋ ਕੇ ਗੁਰੂ ਜੀ ਨੇ ਸਬਦ ਉਚਾਰਿਆ,

"ਮੋਹਨ, ਤੂੰ ਸੁਫਲੁ ਫਲਿਆ ਸਣੁ ਪਰਵਾਰੇ।...।"

(ਗਉੜੀ, ਮ. ੫; ਪੰਨਾ ੨੪੮)

ਅੰਸੂ ੩੬

(ਮੋਹਰੀ ਜੀ ਮਿਲੇ)

ਮੋਹਰੀ ਜੀ ਦੀ ਬੇਨਤੀ ਮੰਨ ਕੇ ਗੁਰੂ ਜੀ ਉਸਦੇ ਘਰ ਗਏ। ਤੇ ਸਭ ਨੂੰ ਮਿਲੇ। 'ਸੁੰਦਰ' ਜੀ ਨੇ ਸੱਦ ਲਿਖ ਕੇ ਸੁਣਾਇਆ, ਜੋ ਗੁਰੂ ਜੀ ਨੇ ਗ੍ਰੰਥ ਸਾਹਿਬ ਵਿਚ ਦਰਜ ਕਰ ਲਿਆ।

ਅੰਸੂ ੩੭

(ਖਡੂਰ ਦਾਤੂ ਜੀ ਮਿਲੇ)

ਤਿੰਨ ਦਿਨ ਗੋਇੰਦਵਾਲ ਰਹਿ ਕੇ ਗੁਰੂ ਜੀ ਓਥੋਂ ਤੁਰੇ। ਪੋਥੀਆਂ ਇਕ ਪਾਲਕੀ ਵਿਚ ਪਾ ਲਈਆਂ, ਤੇ ਆਪ ਗੁਰੂ ਜੀ ਨਾਲ ਨੰਗ ਪੈਰੀਂ ਚੱਲੇ।

ਖਡੂਰ ਆ ਕੇ ਸਭ ਨੇ ਧਰਮ ਅਸਥਾਨਾਂ ਦੇ ਦਰਸ਼ਨ ਕੀਤੇ। ਦਾਤੂ ਜੀ ਆ ਕੇ ਮਿਲੇ। ਦਾਤੂ ਨੇ ਸਾਰੀ ਕਥਾ ਸੁਣਾਈ, ਜਿਵੇਂ ਉਸਨੇ ਤੀਸਰੇ ਗੁਰੂ ਜੀ ਨੂੰ ਲੱਤ ਮਾਰੀ ਸੀ।

Digitized by Panjab Digital Library | www.panjabdigilib.org

ਅੰਸੂ ੩੮

(ਦਾਤੂ ਦਾ ਦਰਦ ਹਟਾਇਆ)

ਦਾਤੂ ਨੇ ਪਿਛਲੀ ਸਾਰੀ ਕਥਾ ਸੁਣਾਈ। ਗੁਰੂ ਜੀ ਨੇ ਉਸਦੇ ਪੈਰ ਦਾ ਦਰਦ ਹਟਾ ਦਿਤਾ। ਫਿਰ ਦਾਸੂ ਜੀ ਨੂੰ ਮਿਲਕੇ ਗੁਰੂ ਜੀ ਅੰਮ੍ਰਿਤਸਰ ਨੂੰ ਚੱਲ ਪਏ।

ਅੰਸੂ ੩੯

(ਅੰਮ੍ਰਿਤਸਰ ਪੁੱਜੇ)

ਪੋਥੀਆਂ ਸਮੇਤ ਗੁਰੂ ਜੀ ਅੰਮ੍ਰਿਤਸਰ ਪੁੱਜੇ, ਤਾਂ ਬੇਅੰਤ ਸੰਗਤਾਂ ਅੱਗੋਂ ਦਰਸ਼ਨ ਨੂੰ ਆਈਆਂ।

ਅਗਲੇ ਦਿਨ ਗੁਰੂ ਜੀ ਨੇ ਭਾਈ ਗੁਰਦਾਸ ਨੂੰ 'ਗ੍ਰੰਥ' ਤਿਆਰ ਕਰਨ ਦਾ ਹੁਕਮ ਕੀਤਾ।

(ਜਿੱਥੇ ਹੁਣ 'ਰਾਮਸਰ' ਹੈ) ਗੁਰੂ ਗ੍ਰੰਥ ਸਾਹਿਬ ਲਿਖਣ ਵਾਸਤੇ ਇਕਾਂਤ ਥਾਂ ਚੁਣਿਆਂ।

ਅੰਸੂ ੪੦

(ਰਾਮਸਰ)

ਸੁੰਦਰ ਤੰਬੂ ਲਗਾ ਦਿਤੇ, ਜਿੱਥੇ ਬਹਿ ਕੇ ਲਿਖਣਾ ਸੀ। ਗੁਰੂ ਜੀ ਨੇ ਲਾਗੇ ਹੀ 'ਰਾਮਸਰ' ਬਨਾਉਣ ਦਾ ਹੁਕਮ ਕੀਤਾ। ਸੰਗਤਾਂ ਨੇ ਕੰਮ ਸ਼ੁਰੂ ਕਰ ਦਿਤਾ। ਗੁਰੂ ਜੀ ਨੇ ਸਬਦ ਉਚਾਰਿਆ,

"ਨਿਤ ਪ੍ਰਤਿ ਨਾਵਣੁ ਹਾਮ ਸਰਿ ਕੀਜੈ।...।"

(ਗਉੜੀ ਮ: ੫, ਪੰਨਾ ੧੯੮)

ਅੰਸੂ ੪੧

(ਗੁਰੂ ਗ੍ਰੰਥ ਜੀ ਦੀ ਲਿਖਾਈ)

ਹਜ਼ੂਰ ਨੇ ਪਹਿਲੇ ਤਰਤੀਬ ਸੋਚ ਲਈ, ਕਿ ਬਾਣੀ ਕਿਸ ਢੰਗ ਨਾਲ ਲਿਖਣੀ ਹੈ। ਫਿਰ ਗੁਰੂ ਜੀ ਲਿਖਵਾਉਂਦੇ, ਤੇ ਭਾਈ ਗੁਰਦਾਸ ਜੀ ਲਿਖਦੇ ਜਾਂਦੇ।

"ਸ੍ਰੀ ਅਰਜਨ ਪੋਥੀ ਤਬ ਖੋਲੀ।
ਹੇਤ ਲਿਖਾਵਨਿ ਗਿਰਾ ਅਮੋਲੀ।...੨੧।
ਪੂਰਬ ਸ੍ਰੀ ਜਪੁਜੀ ਲਿਖਵਾਈ।

Digitized by Panjab Digital Library | www.panjabdigilib.org

ਰੁਚਿਰ ਮੰਗਲਾ ਚਰਨ ਸੁਹਾਈ ।...੨੨।''

ਫਿਰ ਕਵੀ ਜੀ ਲਿਖਦੇ ਹਨ,

''ਜਪੁ ਅਰੁ ਬੇਦ ਅਰਥ ਇਕ ਧਰਯੋ ।੨੫।''

(ਭਾਵ, 'ਜਪੁ' ਤੇ 'ਵੇਦ' ਸ਼ਬਦ ਦਾ ਇਕੋ ਅਰਥ ਹੈ, ਬ੍ਰਹਮ ਨੂੰ ਜਾਨਣਾ। 'ਵੇਦ' ਸੰਸਕ੍ਰਿਤ ਦੇ ਸ਼ਬਦ 'ਵਿਦ' ਧਾਤੂ ਤੋਂ ਨਿਕਲਿਆ ਹੈ, ਜਿਸਦਾ ਅਰਥ ਹੈ 'ਜਾਨਣਾ'। ਪਰ ਅੱਗੇ ਚੱਲ ਕੇ ਜਪੁਜੀ ਸਾਹਿਬ ਤੇ ਵੇਦਾਂ ਦਾ ਸਿਧਾਂਤ ਨਹੀਂ ਮਿਲਦਾ।)

ਗ੍ਰੰਥ ਸਾਹਿਬ ਲਿਖਣਾ ਆਰੰਭ ਹੋ ਗਿਆ। ਬਹੁਤ ਸਾਰੇ ਭਗਤ ਵੀ ਆ ਹਾਜ਼ਰ ਹੋਏ। ਜਿਵੇਂ : ਕਬੀਰ, ਬੇਣੀ, ਨਾਮਦੇਵ, ਰਵਿਦਾਸ, ਪੀਪਾ, ਸਧਨਾ, ਸੈਣ, ਭੀਖਨ, ਧੰਨਾ, ਜੈਦੇਵ, ਤ੍ਰਿਲੋਚਨ, ਪਰਮਾਨੰਦ, ਰਾਮਾ ਨੰਦ, ਫ਼ਰੀਦ, ਸੂਰਦਾਸ, ਇਹ ਪੰਦਰਾਂ। ਤੇ ਚਾਰ ਹੋਰ : ਮੂਸਨ, ਮਸਕਨ[1], ਸੰਮਨ, ਜਮਾਲ।

ਭਗਤਾਂ ਨੇ ਬੇਨਤੀ ਕੀਤੀ, ਕਿ ਸਾਡੀ ਬਾਣੀ ਵੀ ਗ੍ਰੰਥ ਸਾਹਿਬ ਵਿਚ ਚੜ੍ਹਾਈ ਜਾਵੇ। ਗੁਰੂ ਜੀ ਨੇ ਕਿਹਾ, ਪਹਿਲੀ ਲਿਖੀ ਨਹੀਂ, ਹੁਣ ਸਾਡੇ ਅਨਸਾਰ ਲਿਖੋ, ਉਹ ਚੜ੍ਹਾਵਾਂਗੇ।

ਅੰਸੂ ੪੨

ਪੰਜਵੇਂ ਪਾਤਸ਼ਾਹ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਲਿਖਵਾਉਂਦੇ, ਤੇ ਫਿਰ ਭਗਤਾਂ ਦੀ। ਭਾਈ ਗੁਰਦਾਸ ਜੀ ਦੇ ਦਿਲ ਵਿਚ ਆਈ, ਕਿ ਭਗਤ ਹੈ ਕੋਈ ਨਹੀਂ, ਪਰ ਗੁਰਦੇਵ ਨਾਮ ਭਗਤਾਂ ਦਾ ਲਿਖਵਾਉਂਦੇ ਹਨ।

ਗੁਰੂ ਜੀ ਨੇ ਹੁਕਮ ਕੀਤਾ, ਕਿ ਭਲਕੇ ਦੋ ਘੜੀ ਪਹਿਲੇ ਆਉਣਾ। ਅਗਲੇ ਦਿਨ ਭਾਈ ਗੁਰਦਾਸ ਜੀ ਗਏ, ਤਾਂ ਸਾਰੇ ਭਗਤ ਗੁਰੂ ਜੀ ਪਾਸ ਬੈਠ ਸਨ। ਉਹ ਬਾਹਰ ਨਿਕਲ, ਤਾਂ ਗੁਰਦਾਸ ਨੇ ਸਭ ਨੂੰ ਨਮਸਕਾਰ ਕੀਤੀ।

(ਸ਼ਾਇਰਾਨਾ ਖ਼ਿਆਲ।)

ਅੰਸੂ ੪੩

(ਸੁਖਮਨੀ। ਸੱਤਾ ਬਲਵੰਡ)

ਰਾਮਸਰ ਦੀ ਪੂਰਬ-ਉਤਰ ਵੱਲ ਬੈਠ ਕੇ ਗੁਰੂ ਜੀ ਨੇ 'ਸੁਖਮਨੀ' ਸਾਹਿਬ ਉਚਾਰਨ ਕੀਤੀ।

ਏਥੇ ਸੱਤਾ ਤੇ ਬਲਵੰਡ (ਦੋਵੇਂ ਭਾਈ) ਦੀ ਸਾਖੀ ਹੈ।

ਸੱਤਾ ਗੁਰੂ ਜੀ ਪਾਸ ਕੀਰਤਨ ਕਰਦਾ ਸੀ। ਬਲਵੰਡ ਸਾਰੇ ਦੇਸ ਵਿਚ ਫਿਰਿਆ,

---

1 ਮਸਕਨ ਦਾ ਅਰਥ ਹੈ ਮੱਛਰ ਜਾਂ ਪਤੰਗਾ। ਏਥੇ ਭਾਵ ਪਤੰਗੇ ਤੋਂ ਹੈ।

Digitized by Panjab Digital Library | www.panjabdigilib.org

ਪਰ ਸਫਲ ਨਾ ਹੋਇਆ । ਅੰਤ ਉਹ ਵੀ ਗੁਰੂ ਜੀ ਪਾਸ ਆ ਕੀਰਤਨ ਕਰਨ ਲੱਗਾ । ਜਿਉਂ ਜਿਉਂ ਸਿੱਖ ਉਹਨਾਂ ਦੇ ਕੀਰਤਨ ਦੀ ਸਿਫ਼ਤ ਕਰਨ ਲੱਗੇ, ਉਹਨਾਂ ਵਿਚ ਹਉਮੈ ਆ ਗਈ ।

ਸੱਤਾ ਬਲਵੰਡ ਨੇ ਭੈਣ ਦੇ ਵਿਆਹ ਵਾਸਤੇ ਗੁਰੂ ਜੀ ਤੋਂ ਸਹਾਇਤਾ ਮੰਗੀ । ਗੁਰਦੇਵ ਨੇ ਕਿਹਾ, ਭਲਕ ਦੀ ਸਾਰੀ ਚੜ੍ਹਤ ਤੁਹਾਨੂੰ ਮਿਲ ਜਾਇਗੀ । ਪਰ ਅਗਲੇ ਦਿਨ ਸਾਰੀ ਚੜ੍ਹਤ ਸਿਰਫ਼ ਇਕ ਸੌ ਰੁਪੈ ਆਈ । ਗੁਰੂ ਜੀ ਨੇ ਉਹ ਸਾਰੀ ਮਾਇਆ ਸੱਤਾ ਬਲਵੰਡ ਨੂੰ ਦੇ ਦਿਤੀ, ਤਾਂ ਉਹਨਾਂ ਗੁੱਸੇ ਨਾਲ ਗੁਰੂ ਜੀ ਅੱਗੇ ਸੁੱਟ ਦਿਤੀ । ਗੁਰੂ ਜੀ ਦੇ ਸਮਝਾਉਣ 'ਤੇ ਉਹਨਾਂ ਉਹ ਪੈਸੇ ਤਾਂ ਲੈ ਲਏ, ਪਰ ਘਰ ਜਾ ਕੇ ਰੁੱਸ ਬੈਠੇ ।

ਗੁਰੂ ਜੀ ਨੇ ਦੋ ਵਾਰ ਸਿੱਖ ਬੁਲਾਉਣ ਵਾਸਤੇ ਭੇਜੇ, ਪਰ ਸੱਤਾ ਬਲਵੰਡ ਨਾ ਆਏ ।

ਅੰਸੂ ੪੪

(ਗੁਰੂ ਜੀ ਆਪ ਗਏ । ਭਾਈ ਲੱਧਾ)

ਭਾਈ ਸਾਲੋ ਦੀ ਧਰਮਸਾਲਾ ਨੇੜੇ ਰਬਾਬੀਆਂ ਦਾ ਘਰ ਸੀ । ਗੁਰੂ ਜੀ ਆਪ ਚੱਲ ਕੇ ਉਹਨਾਂ ਦੇ ਘਰ ਗਏ । ਪਰ ਉਹਨਾਂ ਉਠ ਕੇ ਸਵਾਗਤ ਵੀ ਨਾ ਕੀਤਾ । ਗੁਰੂ ਜੀ ਨੇ ਮਨਾਉਣ ਦਾ ਯਤਨ ਕੀਤਾ, ਪਰ ਰਬਾਬੀ ਉਲਟੇ ਆਕੜੇ ਹੀ ਰਹੇ । ਉਹਨਾਂ ਹੰਕਾਰ ਵਿਚ ਕਿਹਾ,

"ਸ੍ਰੀ ਨਾਨਕ ਪੂਰਬ ਭਏ, ਜਗ ਕਿਨਹੁੰ ਨਾ ਜਾਨਯੋ ।
ਮਰਦਾਨਾ ਜਬ ਰਾਖਿਓ, ਸਭ ਮਹਿੰ ਪ੍ਰਗਟਾਨਯੋ ।
ਸ੍ਰੀ ਅੰਗਦ, ਗੁਰੂ ਅਮਰ ਜੀ, ਤੁਮਰੋ ਪਿਤ ਜੋਈ ।
ਪ੍ਰਗਟ ਰਬਾਬੀ ਕਰਤਿ ਭੇ, ਇਮ ਲਖੈ ਨ ਕੋਈ ।੮।"

ਪਹਿਲੇ ਗੁਰੂ ਸਾਹਿਬਾਨ ਦੀ ਨਿੰਦਾ ਸੁਣ ਕੇ ਹਜ਼ੂਰ ਨੇ ਕਿਹਾ,

"ਬੇਦੀ ਕੁਲ ਕੇ ਤਿਲਕ ਕੀ ਨਿੰਦਾ ਤੁਮ ਕੀਨੀ ।
ਫਿਟ ਜਾਵਹਿਗੀ ਦੇਹਿ ਤੁਮ ਰੁਜ ਤੇ ਹੁਇ ਹੀਨੀ ।੧੩।"

ਇਹ ਕਹਿ ਕੇ ਗੁਰੂ ਜੀ ਪਰਤ ਆਏ । ਗੁਰੂ ਜੀ ਨੇ ਸਿੱਖਾਂ ਨੂੰ ਸਾਜ਼ਾਂ ਨਾਲ ਕੀਰਤਨ ਕਰਨ ਦਾ ਹੁਕਮ ਦਿਤਾ । ਇਸ ਤਰ੍ਹਾਂ ਸਿੱਖਾਂ ਨੂੰ ਕੀਰਤਨ ਦੀ ਦਾਤ ਬਖ਼ਸ਼ੀ ।

ਪਟਨੇ ਦੀ ਸੰਗਤ ਆਈ । ਉਹਨਾਂ ਸੱਤਾ ਬਲਵੰਡ ਬਾਰੇ ਪੁਛਿਆ, ਤਾਂ ਗੁਰੂ ਜੀ ਨੇ ਕਿਹਾ, 'ਉਹ ਫਿੱਟ ਗਏ ਹਨ । ਕੋਈ ਸਿੱਖ ਉਹਨਾਂ ਦੇ ਮੱਥੇ ਨਾ ਲੱਗੇ । ਜਿਹੜਾ ਉਹਨਾਂ ਦੀ ਸਿਫ਼ਾਰਸ਼ ਕਰੇਗਾ, ਉਹਦਾ ਮੂੰਹ ਕਾਲਾ ਕਰ ਕੇ ਗਧੇ 'ਤੇ ਚੜ੍ਹਾ ਕੇ ਫੇਰਾਂਗੇ ।'

ਸੱਤਾ ਬਲਵੰਡ ਦੇ ਸਰੀਰ ਰੋਗੀ ਹੋ ਗਏ । ਕੋਈ ਸਿੱਖ ਉਹਨਾਂ ਦੇ ਮੱਥੇ ਨਾ ਲੱਗੇ । ਅੰਤ ਉਹ ਲਾਹੌਰ ਭਾਈ ਲੱਧੇ ਦੇ ਘਰ ਗਏ । ਲੱਧੇ ਨੇ ਅੱਗੋਂ ਬੂਹਾ ਬੰਦ ਕਰ ਲਿਆ । ਡੂਮ ਬੂਹੇ ਅੱਗੇ ਬੈਠੇ ਤਰਲੇ ਕਰਦੇ ਰਹੇ ।

Digitized by Panjab Digital Library | www.panjabdigilib.org

ਭਾਈ ਲੱਧੇ ਨੇ ਸੋਚਿਆ, ਇਹ ਪਰਉਪਕਾਰ ਕਰਨਾ ਚਾਹੀਂਦਾ ਹੈ।

ਹੁਣ ਗੁਰੂ ਜੀ ਵੱਲੋਂ ਸਖ਼ਤ ਹੁਕਮ ਸੀ,

"ਤਿਸ ਕੋ ਮੁਖ ਕਾਲਾ ਕਰਹਿਂ ਸਿਰ ਕੋ ਮੁੰਡਵਾਈ।.. ੨੧।"

ਭਾਈ ਲੱਧੇ ਨੇ ਉਹਨਾਂ ਨੂੰ ਹੌਸਲਾ ਦਿਤਾ। ਆਪ ਉਹ ਅੰਮ੍ਰਿਤਸਰ ਵੱਲ ਤੁਰ ਪਏ।

"ਪੂਰਬ ਮੁੰਡ ਮੁੰਡਾਇਕੈ ਮੁਖ ਕੀਨਸਿ ਕਾਰਾ ।੩੯।"

(ਸਿੱਖੀ ਵਿਚ ਸਿਰ ਮੁਨਾਉਣਾ ਰੱਬ ਦਾ ਅਪਮਾਨ ਹੈ। ਮੇਰੀ ਰਾਏ ਅਨਸਾਰ ਸਿਰ ਮੁਨਾਉਣ ਦੀ ਸ਼ਰਤ ਨਹੀਂ ਸੀ।)

ਭਾਈ ਲੱਧੇ ਨੇ ਮੂੰਹ ਕਾਲਾ ਕਰ ਲਿਆ। ਆਪ ਗਧੇ ਉਤੇ ਚੜ੍ਹ ਬੈਠੇ। ਮਗਰ ਢੋਲ ਵਾਲਾ ਲਾ ਲਿਆ। ਅੰਮ੍ਰਿਤਸਰ ਦੇ ਸਾਰੇ ਗਲੀ ਬਜ਼ਾਰਾਂ ਵਿਚ ਫਿਰ ਕੇ, ਫਿਰ ਗੁਰੂ ਜੀ ਦੇ ਸਾਮ੍ਹਣੇ ਆਏ।

ਅੰਸੂ ੪੫

(ਸੱਤਾ ਬਲਵੰਡ ਬਖ਼ਸ਼ੇ)

ਗੁਰੂ ਜੀ ਨੇ ਪਾਸ ਬੁਲਾ ਕੇ ਪੁੱਛਿਆ, ਤਾਂ ਲੱਧੇ ਨੇ ਬੇਨਤੀ ਕੀਤੀ, ਕਿ ਸੱਤਾ ਬਲਵੰਡ ਨੂੰ ਬਖ਼ਸ਼ ਦਿਹੋ।

ਗੁਰੂ ਜੀ ਨੇ ਸੱਤਾ ਬਲਵੰਡ ਨੂੰ ਬਖ਼ਸ਼ ਦਿਤਾ। ਉਹਨਾਂ ਗੁਰੂ ਸਾਹਿਬਾਨ ਦੀ ਉਸਤਤ ਵਜੋਂ ਵਾਰ ਕਹੀ, ਜੋ ਰਾਮਕਲੀ ਰਾਗ ਵਿਚ ਦਰਜ ਹੈ।

(ਕਵੀ ਜੀ ਲਿਖਦੇ ਹਨ) ਕਈਆਂ ਨੇ ਸੱਤਾ ਬਲਵੰਡ ਦੀ ਕਹਾਣੀ ਤੀਸਰੇ ਗੁਰੂ ਜੀ ਦੇ ਸਮੇਂ ਲਿਖੀ ਹੈ, ਜੋ ਦਰੁਸਤ ਨਹੀਂ।

ਅੰਸੂ ੪੬

(ਕਾਹਨਾ ਪੀਲੋ ਆਦਿ ਆਏ)

ਭਾਈ ਲੱਧੇ ਪਾਸੋਂ ਇਹ ਸੁਣ ਕੇ, ਕਿ ਗੁਰੂ ਜੀ ਇਕ ਮਹਾਨ ਗ੍ਰੰਥ ਤਿਆਰ ਕਰ ਰਹੇ ਹਨ, ਤੇ ਉਸ ਵਿਚ ਭਗਤਾਂ ਦੀ ਬਾਣੀ ਵੀ ਚੜ੍ਹਾ ਰਹੇ ਹਨ, ਲਾਹੌਰ ਦੇ ਚਾਰੇ ਭਗਤ —ਕਾਹਨਾ, ਛੱਜੂ, ਪੀਲ ਤੇ ਸ਼ਾਹ ਹੁਸੈਨ - ਵੀ ਅੰਮ੍ਰਿਤਸਰ ਆ ਪਹੁੰਚੇ। ਗੁਰੂ ਜੀ ਨੇ ਬੜਾ ਸਤਕਾਰ ਕੀਤਾ।

ਕਾਹਨੇ ਨੇ ਰੋਸ ਵਜੋਂ ਕਿਹਾ, ਕਿ ਤੁਸਾਂ ਗੁਜ਼ਰ [illegible] ਕੇ ਭਗਤਾਂ ਦੀ ਬਾਣੀ ਤਾਂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ, ਪਰ ਸਾਡੀ ਕਿਉਂ ਨਹੀਂ ਚ [illegible]ਈ।

"ਜੇ ਹਮਰੇ ਤੁਮ ਸਬਦ ਲਿਖਹੁ ਨਹਿਂ,
ਕਿਮ ਪ੍ਰਮਾਣ ਹੁਇ ਗ੍ਰੰਥ ਨਵੀਨ।...੨੪।

Digitized by Panjab Digital Library | www.panjabdigilib.org

ਗੁਰੂ ਜੀ ਦੇ ਕਹਿਣ ਤੇ ਕਾਹਨੇ ਨੇ ਆਪਣੀ ਰਚਨਾ ਸੁਣਾਈ,

"ਓਹੀ ਰੇ, ਮੈਂ ਓਹੀ ਰੇ ।
ਜਾਂਕਉ ਬੇਦ ਪੁਰਾਨ ਸਭਿ ਗਾਵੈਂ, ਖੋਜਤਿ ਖੋਜ ਨ ਕੋਈ ਰੇ ।
ਜਾਕੋ ਨਾਰਦ ਸਾਰਦ ਸੇਵੈਂ, ਸੇਵੈਂ ਦੇਵੀ ਦੇਵਾ ਰੇ ।
ਬ੍ਰਹਮਾ, ਬਿਸਨੁ, ਮਹੇਸ ਅਰਾਧਹਿਂ, ਸਭਿ ਕਰਦੇ ਜਾ ਕੀ ਸੇਵਾ ਰੇ ।
ਕਹਿ ਕਾਹਨਾ, ਅਸ ਮਮ ਸਰੂਪ ਹੈ, ਅਪਰੰਪਰ ਅਲਖ ਅਭੇਵਾ ਰੇ ।"

ਗੁਰੂ ਜੀ ਨੇ ਇਹ ਪ੍ਰਵਾਨ ਨਾ ਕੀਤਾ, ਕਿਉਂਕਿ ਇਹ ਗੁਰ-ਸਿਧਾਂਤ ਦੇ ਉਲਟ ਸੀ। ਤਾਂ ਕਾਹਨੇ ਨੇ ਸਰਾਪ ਦੇ ਦਿਤਾ, 'ਤੁਰਕਾਂ ਵੱਲੋਂ ਤੁਹਾਨੂੰ ਮੌਤ ਦੀ ਸਜ਼ਾ ਮਿਲੇਗੀ ।'

ਗੁਰੂ ਜੀ ਨੇ ਸੋਚਿਆ, ਜੇ ਅੱਗੋਂ ਇਸ ਨੂੰ ਸਰਾਪ ਨਾ ਦਿਤਾ, ਤਾਂ ਇਸ ਨੂੰ ਵਧੇਰੇ ਹੰਕਾਰ ਹੋ ਜਾਇਗਾ । ਸੋ ਗੁਰੂ ਜੀ ਨੇ ਸਰਾਪ ਦਿਤਾ, ਕਿ ਤੂੰ ਲਾਹੌਰ ਪਹੁੰਚ ਹੀ ਨਹੀਂ ਸਕੇਂਗਾ, ਰਾਹੇ ਮਰ ਜਾਏਂਗਾ ।

(ਇਹ ਆਮੁੰ ਸਾਮ੍ਹਣੇ ਸਰਾਪਾਂ ਦੀ ਗੱਲ ਕੁਛ ਜਚਦੀ ਨਹੀਂ । ਇਹ ਸੱਚ ਮੰਨ ਲਿਆ ਜਾਵੇ, ਤਾਂ ਗੁਰੂ ਜੀ ਦੀ ਸ਼ਹੀਦੀ ਕਾਹਨੇ ਦੇ ਸਰਾਪ ਕਾਰਨ ਹੋਈ । ਫਿਰ ਜਹਾਂਗੀਰ ਦਾ ਕੀ ਕਸੂਰ ?)

---

(੧)

ਅੰਸੂ ੪੭

(ਕਾਹਨੇ ਦੀ ਮੌਤ)

ਫਿਰ ਗੁਰਦੇਵ ਦੇ ਕਹਿਣ 'ਤੇ ਪੀਲੋ ਨੇ ਆਪਣੀ ਰਚਨਾ ਸੁਣਾਈ,

"ਪੀਲੋ, ਅਸਾਂ ਨਾਲੋਂ ਸੇ ਭਲੇ, ਜੰਮਦਿਆਂ ਜੁ ਮੁਏ ।
ਓਨਾ ਚਿੱਕੜ ਪਾਵ ਨਾ ਬੋੜਿਆ, ਨਾ ਆਲੂਦ ਭਏ[1] ।

ਗੁਰਦੇਵ ਨੇ ਇਹ ਵੀ ਪਰਵਾਨ ਨਾ ਕੀਤੀ।

ਫਿਰ ਛੱਜੂ ਨੇ ਸੁਣਾਇਆ,

"ਕਾਗਦ ਸੰਦੀ ਪੁਤਲੀ, ਤਉ ਨ ਤ੍ਰਿਯਾ ਨਿਹਾਰ ।
ਯੌਂ ਹੀ ਮਾਰ ਲਿਜਾਵਹੀ, ਜਥਾ ਬਲੋਚਨ ਧਾਰ[2] ।"

ਸਿੱਖੀ ਵਿਚ ਇਸਤਰੀ ਦਾ ਪੂਰਾ ਸਤਕਾਰ ਹੈ । ਇਸ ਲਈ ਗੁਰੂ ਜੀ ਨੇ ਛੱਜੂ ਦੀ ਰਚਨਾ ਪਰਵਾਨ ਨਾ ਕੀਤੀ ।

ਫਿਰ ਸ਼ਾਹ ਹੁਸੈਨ ਨੇ ਸੁਣਾਈ,

"ਚੁੱਪ ਵੇ ਅੜਿਆ, ਚੁੱਪ ਵੇ ਅੜਿਆ ।

---

1 ਬੋੜਿਆ=ਪਾਇਆ । ਆਲੂਦ=ਲਿਬੜ=ਨਾ ਚਿਕੜ ਵਿਚ ਲਿਬੜੇ । (ਇਕ ਥਾਂ ਏਹਾ ਪੰਗਤੀਆਂ ਅਲੀ ਹੈਦਰ ਦੀ ਰਚਨਾ ਵਿਚ ਵੀ ਮਿਲਦੀਆਂ ਹਨ ।) 2 ਧਾੜ ।

Digitized by Panjab Digital Library | www.panjabdigilib.org

ਬੋਲਨ ਦੀ ਨਹੀਂ ਜਾਇ ਵੇ ਅੜਿਆ ।
ਸੱਜਣਾ, ਬੋਲਣ ਦੀ ਜਾਇ ਨਾਹੀਂ । ਅੰਦਰ ਬਾਹਰ ਹਿੱਕਾ ਸਾਈਂ ।
ਕਿਸਨੂੰ ਆਖ ਸੁਣਾਈ ।
ਇਕੋ ਦਿਲਬਰ ਸਭਿ ਘਟ ਰਵਿਆ, ਦੂਜੀ ਨਹੀਂ ਕਦਾਈਂ ।
ਕਹੈ ਹੁਸੈਨ ਫਕੀਰ ਨਿਮਾਣਾ, ਸਤਿਗੁਰ ਤੋਂ ਬਲਿ ਬਲਿ ਜਾਹੀਂ ।''

ਗੁਰੂ ਜੀ ਨੇ ਇਹ ਵੀ ਪਰਵਾਨ ਨਾ ਕੀਤੀ ।

ਸਾਰੇ ਭਗਤ ਲਾਹੌਰ ਨੂੰ ਵਾਪਸ ਤੁਰ ਪਏ । ਲਾਹੌਰ ਦੇ ਨੇੜੇ ਪੁੱਜੇ, ਤਾਂ ਹਨੇਰੀ ਆ ਗਈ । ਰਥ ਉਲਟ ਗਿਆ, ਤੇ ਕਾਹਨਾ ਡਿੱਗ ਕੇ ਮਰ ਗਿਆ ।

(ਗੁਰੂ ਗ੍ਰੰਥ ਜੀ ਵਿਚ ਸਹੰਸਕ੍ਰਿਤੀ ਸਲੋਕਾਂ ਬਾਰੇ ਲਿਖਦੇ ਹਨ) ਇਕ ਦਿਨ ਕਾਂਸ਼ੀ ਦੇ ਦੋ ਪੰਡਤ--ਕ੍ਰਿਸ਼ਨ ਲਾਲ ਤੇ ਹਰਿ ਲਾਲ--ਆਏ । ਉਹਨਾਂ ਕਿਹਾ, ਗੁਰੂ ਨਾਨਕ ਦੇਵ ਜੀ ਕਾਂਸ਼ੀ ਗਏ ਸਨ । ਉਹਨਾਂ ਓਥੇ ਸਲੋਕ ਉਚਾਰੇ ਸਨ : 'ਪੜ ਪੁਸਤਕ ਸੰਧਯਾ ਬਾਦੰ' । ਉਹ ਸਾਡੇ ਦਾਦੇ ਨੇ ਲਿਖ ਲਏ ਸਨ । ਆਪ ਵੀ ਅਜੇਹੇ ਸਲੋਕ ਸਾਨੂੰ ਸੁਣਾਓ,

ਗੁਰੂ ਜੀ ਨੇ ਸਲੋਕ 'ਸਹੰਸ ਕ੍ਰਿਤੀ' ਤੇ 'ਗਾਥਾ' ਉਚਾਰੇ ।

ਗੁਰੂ ਜੀ ਨੇ ਭਾਈ ਗੁਰਦਾਸ ਨੂੰ ਕਿਹਾ, ਕਿ ਤੁਸੀਂ ਵੀ ਆਪਣੀ ਬਾਣੀ ਵਿਚ ਦਰਜ ਕਰੋ । ਗੁਰਦਾਸ ਜੀ ਨੇ ਹੱਥ ਜੋੜ ਕੇ ਕਿਹਾ, ਕਿ ਮੇਰੀ ਰਚਨਾ ਇਸ ਯੋਗ ਨਹੀਂ । ਇਹ ਨਮਰਤਾ ਵੇਖ ਕੇ ਗੁਰੂ ਜੀ ਨੇ ਭਾਈ ਗੁਰਦਾਸ ਦੀ ਬਾਣੀ ਨੂੰ ਵਰ ਦਿਤਾ ।

ਅੰਸੂ ੪੮

(ਵੇਦ ਭੱਟਾਂ ਦਾ ਰੂਪ ਧਾਰ ਕੇ ਆਏ)

ਭਗਤ ਵਿਦਿਆ ਹੋ ਗਏ, ਤਾਂ ਵੇਦ ਭੱਟਾਂ ਦਾ ਰੂਪ ਧਾਰ ਕੇ ਆਏ ।
ਸਰੋਤਿਆਂ ਨੇ ਪੁਛਿਆ, ਕਿ ਵੇਦ ਦੇਹ ਧਾਰ ਕੇ ਕਿਵੇਂ ਆਏ ।

ਕਵੀ ਜੀ ਉਤਰ ਦੇਂਦੇ ਹਨ, ਕਿ ਇਕ ਵਾਰ ਵੇਦਾਂ ਨੇ ਹੰਕਾਰ ਕੀਤਾ, ਕਿ 'ਬ੍ਰਹਮ' ਦਾ ਗਿਆਨ ਕੇਵਲ ਸਾਡੇ ਰਾਹੀਂ ਹੀ ਹੁੰਦਾ ਹੈ । ਤਾਂ ਹੰਕਾਰ ਨਿਵਾਰਨ ਵਾਸਤੇ ਪਾਰਬ੍ਰਹਮ ਵੱਲੋਂ ਅਕਾਸ਼ਬਾਣੀ ਹੋਈ, ਕਿ ਤੁਸੀਂ ਮਨੁੱਖੀ ਦੇਹ ਧਾਰ ਕੇ ਫਿਰੋਗੇ ।

ਇਕ ਇਕ ਵੇਦ ਨੇ ਚਾਰ ਚਾਰ ਰੂਪ ਧਾਰੇ । ਸਯਾਮ ਵੇਦ ਨੇ ਮਥਰਾ, ਜਾਲਪ, ਬੱਲ ਤੇ ਹਰਬੰਸ ਦਾ ਰੂਪ ਧਾਰਿਆ । ਰਿੱਗ ਵੇਦ ਨੇ ਕੱਲਯ, ਜੱਲ, ਨੱਲ ਤੇ ਕਲਸਹਾਰ ਦਾ । ਜਜੁਰ ਵੇਦ ਨੇ ਟੱਲਯ, ਸੱਲਯ, ਜੱਲਯ ਤੇ ਭੱਲਯ ਦਾ । ਅਥਰਬਣ ਵੇਦ ਨੇ ਦਾਸ, ਕੀਰਤਿ, ਗਇੰਦ ਤੇ ਸਦਰੰਗ ਦਾ । ਬ੍ਰਹਮਾ ਭਿੱਖੇ ਦੇ ਰੂਪ ਵਿਚ ਆਇਆ । ਇਹ ਸਾਰੇ ਸਾਲ ਭਰ ਸਾਰੇ ਦੇਸ ਵਿਚ ਫਿਰਦੇ ਰਹੇ, ਪਰ ਇਹਨਾਂ ਨੂੰ ਕੋਈ ਅਜੇਹਾ ਨਾ ਮਿਲਿਆ, ਜਿਸਦੇ ਮਿਲਨ ਨਾਲ ਇਹਨਾਂ ਦੇ ਮਨ ਸ਼ਾਂਤ ਹੁੰਦੇ । ਅੰਤ ਇਹ ਅੰਮ੍ਰਿਤਸਰ ਆਏ । ਗੁਰੂ ਜੀ ਦੇ ਦਰਸ਼ਨ ਕਰਕੇ ਉਹਨਾਂ ਦਾ ਮਨ ਸ਼ਾਂਤ ਹੋਇਆ । ਭਿੱਖੇ ਨੇ ਇਹ

Digitized by Panjab Digital Library | www.panjabdigilib.org

ਸਬਦ ਉਚਾਰਿਆ,

"ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰ ਡਿਠੇ ।..."।

ਸਾਰੇ ਭੱਟਾਂ ਨੇ ਗੁਰੂ ਸਾਹਿਬਾਨ ਦੀ ਸਿਫ਼ਤ ਵਿਚ ਸਵੱਯੇ ਰਚੇ, ਜੋ ਗੁਰੂ ਗੰਥ ਸਾਹਿਬ ਵਿਚ ਦਰਜ ਹਨ ।

(ਵੇਦਾਂ ਦਾ ਦੇਹ ਧਾਰ ਕੇ ਆਉਣਾ, ਤਾਂ ਕਾਵਿਕ ਅਲੰਕਾਰ ਹੈ । ਭਾਵ ਇਹ ਹੈ, ਕਿ ਉਹ ਭੱਟ ਵੇਦਾਂ ਦੇ ਗਿਆਤਾ ਸਨ । ਉਹਨਾਂ ਵੀ ਗੁਰੂ ਸਾਹਿਬਾਨ ਦੀ ਸਿਫ਼ਤ ਕੀਤੀ ਹੈ ।)

ਗੁਰੂ ਗ੍ਰੰਥ ਸਾਹਿਬ ਦਾ ਭੋਗ 'ਮੁੰਦਾਵਣੀ' 'ਤੇ ਪਾ ਦਿਤਾ ।

:"ਰਾਗਮਾਲ ਸ੍ਰੀ ਗੁਰ ਕੀ ਕ੍ਰਿਤ ਨਹਿੰ ਹੈ ਮੁੰਦਾਵਣੀ ਲਗਿ ਗੁਰ ਬੈਨ ।
ਇਸ ਮਹਿ ਨਹਿੰ ਸੰਸੈ ਕੁਛ ਕਰੀਅਹਿ, ਜੇ ਸੰਸੈ ਅਵਿਲੋਕਹੁ ਨੈਨ ।
ਮਾਧਵ ਨਲ ਆਲਮ ਕਵਿ ਕੀਨਸਿ, ਤਿਸ ਮਹਿੰ ਨ੍ਰਿਤਕਾਰੀ ਕਹਿ ਤੈਨ ।
ਰਾਗ ਰਾਗਨੀ ਨਾਮ ਗਿਨੇ ਤਹਿੰ, ਯਾਂ ਤੇ ਸ੍ਰੀ ਅਰਜਨ ਕ੍ਰਿਤ ਹੈ ਨ ।੪੦।"

(ਬੈਨ=ਬਚਨ । ਅਵਿਲੋਕਹੁ=ਵੇਖੋ । ਆਲਮ ਕਵੀ ਦੀ ਰਚਨਾ 'ਮਾਧਵ ਨਲ'। ਤੈਨ=ਤਿਸ ਨੇ । ਹੈ ਨ=ਨਹੀਂ ਹੈ । ਸਾਫ਼ ਜ਼ਾਹਰ ਹੈ, ਕਿ ਕਵੀ ਜੀ ਰਾਗਮਾਲਾ ਨੂੰ ਗੁਰੂ ਜੀ ਦੀ ਰਚਨਾ ਨਹੀਂ ਮੰਨਦੇ ।)

ਅੰਸੂ ੪੯

(ਗੁਰੂ ਗ੍ਰੰਥ ਜੀ ਦੀ ਬੀੜ)

ਬੀੜ ਤਿਆਰ ਹੋ ਗਈ । ਸੰਗਤ ਵਿਚ ਬੜੀ ਖ਼ੁਸ਼ੀ ਹੋਈ । ਕਲਿਜੁਗ ਵੀ ਗੁਰੂ ਦੀ ਸ਼ਰਣ ਆਇਆ । ਮਹਾਰਾਜ ਨੇ ਕਿਹਾ, ਜਦ ਕੜਾਹ ਪ੍ਰਸਾਦ ਵਰਤਣਾ ਸ਼ੁਰੂ ਹੋਵੇ, ਓਦੋਂ ਤੂੰ ਸੰਗਤ ਵਿਚ ਆ ਸਕਦਾ ਹੈਂ ।

ਨੱਗਰ ਮਾਂਗਟ, ਜ਼ਿਲਾ ਗੁਜਰਾਤ ਤੋਂ ਭਾਈ ਬੰਨੋ ਸੰਗਤ ਸਣੇ ਦਰਸ਼ਨ ਹਿਤ ਆਇਆ । ਉਹਨੇ ਗੁਰੂ ਜੀ ਪਾਸੋਂ ਉਤਾਰੇ ਵਾਸਤੇ ਬੀੜ ਮੰਗੀ । ਗੁਰੂ ਜੀ ਨੇ ਕਿਹਾ, ਤੂੰ ਸਿਰਫ਼ ਇਕ ਰਾਤ ਆਪਣੇ ਅਸਥਾਨ ਤੇ ਰੱਖ ਸਕਦਾ ਹੈਂ । ਬੰਨੋ ਇਕ ਕੋਹ ਤੁਰ ਕੇ ਰਾਤ ਠਹਿਰ ਜਾਏ । ਉਹਨੇ ਬੀੜ ਦੇ ਉਤਾਰੇ ਵਾਸਤੇ ਕਈ ਲਿਖਾਰੀ ਲਾ ਦਿਤੇ । ਇਕ ਰਾਤ ਮਾਂਗਟ ਰਹਿ ਕੇ ਉਹ ਫਿਰ ਵਾਪਸ ਤੁਰ ਪਿਆ । ਓਸੇ ਤਰਾਂ ਇਕ ਮੀਲ ਤੇ ਪੜਾਅ ਕਰਦਾ ਆਇਆ । ਅੰਮ੍ਰਿਤਸਰ ਤਕ ਆਉਂਦਿਆਂ ਉਤਾਰਾ ਪੂਰਾ ਕਰ ਲਿਆ । ਉਸਨੇ ਕੁਛ ਸਬਦ ਵਾਧੂ ਵਿਚ ਦਰਜ ਕਰ ਦਿਤੇ । ਗੁਰੂ ਜੀ ਨੇ ਉਹ ਪਰਵਾਨ ਨਾ ਕੀਤੇ । ਉਸਨੂੰ 'ਖਾਰੀ ਬੀੜ' ਕਹਿੰਦੇ ਹਨ ।

(ਕੁਛ ਵਿੱਦਿਵਾਨਾ ਦੀ ਰਾਏ ਹੈ, ਕਿ ਗੁਰੂ ਜੀ ਨੇ ਲਾਹੌਰ ਜਿਲਦ ਕਰਾਉਣ ਵਾਸਤੇ ਭੇਜਿਆ ਸੀ । ਬਨੋ ਨੇ ਆਉਂਦੇ ਜਾਂਦੇ ਰਸਤੇ ਵਿਚ ਉਤਾਰਾ ਕਰ ਲਿਆ ।)

Digitized by Panjab Digital Library | www.panjabdigilib.org

ਅੰਸੂ ੫੦

(ਹਰਿਮੰਦਰ ਤੇ ਗੁਰੂ ਗ੍ਰੰਥ ਦੀ ਮਹਿਮਾ)

"ਕਿਤਕ ਕਹਿਤ ਹੈਂ ਗ੍ਰੰਥ ਕੋ ਜਿਲਤ ਬੰਧਾਵਨਿ ਕਾਜ।
ਭੇਜਯੋ ਲਵਪੁਰ ਨਗਰ ਕੋ ਗੁਰੂ ਗਰੀਬ ਨਿਵਾਜ।੧।"

ਗੁਰੂ ਗ੍ਰੰਥ ਸੰਪੂਰਣ ਹੋਇਆ ਭਾਦੋਂ ਸੁਦੀ ਏਕਮ, ੧੬੬੧ ਬਿ.।

ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਬੁਢਾ ਜੀ ਨੇ ਪਹਿਲਾ ਵਾਕ ਲਿਆ,

"ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਨਿ ਆਇਆ ਰਾਮ।...।"

(ਸੂਹੀ; ਮ. ੫; ਪੰਨਾ ੭੮੩)

(ਭਾਵ, ਬਾਬਾ ਬੁੱਢਾ ਜੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਥਾਪੇ ਗਏ।)

ਗੁਰੂ ਜੀ ਨੇ ਮਰਯਾਦਾ ਬਣਾਈ, ਕਿ ਡੇਢ ਪਹਿਰ ਰਾਤ ਗਈ ਕੀਰਤਨ ਸੋਹਿਲਾ ਪੜ੍ਹ ਕੇ ਗ੍ਰੰਥ ਸਾਹਿਬ 'ਕੋਠੜੀ' ਵਿਚ ਲਿਜਾ ਕੇ ਬਿਰਾਜਮਾਨ ਕੀਤਾ ਜਾਵੇ।

ਡੇਢ ਪਹਿਰ ਰਾਤ ਰਹਿੰਦੀ ਹਰਿਮੰਦਰ ਸਾਹਿਬ ਦਾ ਇਸ਼ਨਾਨ ਕਰਾਇਆ ਜਾਵੇ, ਤਾਂ ਰਾਗੀ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰਨ। ਦੋ ਘੜੀ ਰਾਤ ਰਹਿੰਦੀ 'ਤੇ ਗੁਰੂ ਗ੍ਰੰਥ ਸਾਹਿਬ ਦਾ ਲਿਆ ਕੇ ਪ੍ਰਕਾਸ਼ ਕੀਤਾ ਜਾਵੇ।

ਇਸੇ ਤਰਾਂ ਰੋਜ਼ ਹੁੰਦਾ।

ਅੰਸੂ ੫੧

(ਭਾਈ ਤਿਲੋਕਾ; ਭਾਈ ਕਟਾਰੂ)

ਗ਼ਜ਼ਨੀ ਤੋਂ ਭਾਈ ਤਿਲੋਕਾ ਸ਼ਰਨ ਆਇਆ। ਗੁਰੂ ਜੀ ਨੇ ਉਪਦੇਸ਼ ਦਿਤਾ, ਕਿ ਨਾਮ ਜਪੋ, ਤੇ ਜੀਵਾਂ 'ਤੇ ਦਇਆ ਕਰੋ।

ਤਿਲੋਕਾ ਮੁਗ਼ਲ ਹਾਕਮ ਦਾ ਨੌਕਰ ਸੀ, ਤੇ ਪੰਜਾਹ ਰੁਪੈ ਰੋਜ਼[1] ਲੈਂਦਾ ਸੀ।

ਇਕ ਦਿਨ ਤਲੋਕਾ ਮੁਗ਼ਲ ਹਾਕਮ ਨਾਲ ਸ਼ਕਾਰ ਗਿਆ। ਤਿਲੋਕੇ ਨੇ ਹਰਨੀ ਮਾਰੀ, ਜਿਸਦੇ ਪੇਟ ਵਿਚੋਂ ਦੋ ਬੱਚੇ ਨਿਕਲੇ, ਜੋ ਤੜਪ ਤੜਪ ਕੇ ਮਰ ਗਏ। ਤਿਲੋਕੇ ਦੇ ਦਿਲ 'ਤੇ ਐਨਾ ਅਸਰ ਹੋਇਆ, ਕਿ ਉਸਨੇ ਕਾਠ ਦੀ ਤਲਵਾਰ ਗਾਤਰੇ ਪਾ ਲਈ।

ਚੁਗਲ ਦੇ ਚੁਗਲੀ ਲਾਉਣ 'ਤੇ ਹਾਕਮ ਨੇ ਤਿਲੋਕੇ ਨੂੰ ਦਰਬਾਰ ਵਿਚ ਬੁਲਾ ਲਿਆ, ਤੇ ਸਾਰੇ ਸਿਪਾਹੀਆਂ ਨੂੰ ਹੁਕਮ ਦਿਤਾ, ਕਿ ਤਲਵਾਰਾਂ ਵਿਖਾਓ। ਤਿਲੋਕੇ ਨੇ ਗੁਰੂ ਅੱਗੇ ਅਰਦਾਸ ਕੀਤੀ। ਗੁਰੂ ਤੇ ਭਰੋਸਾ ਰਖ ਕੇ ਉਸ ਤਲਵਾਰ ਕਢੀ, ਤਾਂ ਉਸਦੀ ਦੂਣੀ ਚਮਕ ਸੀ। ਹਾਕਮ ਨੇ ਤਲੋਕੇ ਦੀ ਤਨਖ਼ਾਹ ਦੂਣੀ ਕਰ ਦਿਤੀ, ਤੇ ਚੁਗਲ ਨੂੰ ਸਜ਼ਾ ਦਿਤੀ।

---

1 ਭਗਤ ਮਾਲ ਵਿਚ ਪੰਜ ਰੁਪੈ ਰੋਜ਼ਾਨਾ ਲਿਖੇ ਹਨ, ਜੋ ਜਚਦੇ ਹਨ।

Digitized by Panjab Digital Library | www.panjabdigilib.org

ਭਾਈ ਕਟਾਰੂ ਕਾਬਲ ਦੇ ਹਾਕਮ ਦਾ ਧੜਵਾਈ ਸੀ। ਗੁਰੂ ਜੀ ਨੇ ਉਸਨੂੰ ਉਪਦੇਸ਼ ਕੀਤਾ, ਕਿ ਘੱਟ ਨਹੀਂ ਤੋਲਣਾ।

ਕਿਸੇ ਬਣੀਏਂ ਨੇ ਕਟਾਰੂ ਨੂੰ ਵੱਟਾ ਦਿਤਾ, ਜੋ ਤੁੱਲ ਵਿਚ ਪੰਜ ਪੈਸੇ ਘੱਟ ਸੀ। ਕਟਾਰੂ ਦੀ ਚੁਗਲੀ ਹੋ ਗਈ। ਹਾਕਮ ਸਾਮ੍ਹਣੇ ਵੱਟਾ ਤੁੱਲਿਆ ਗਿਆ। ਕਟਾਰੂ ਨੇ ਅਰਦਾਸ ਕੀਤੀ। ਉਸ ਸਮੇਂ ਗੁਰੂ ਜੀ ਪੰਜ ਪਸੇ ਕਦੇ ਖੱਬੇ ਹੱਥ 'ਤੇ ਰੱਖ ਕੇ ਤੋਲਦੇ, ਕਦੇ ਸੱਜੇ 'ਤੇ।

ਸਿੱਖਾਂ ਦੇ ਪੁੱਛਣ 'ਤੇ ਗੁਰੂ ਜੀ ਨੇ ਦੱਸਿਆ, ਕਿ ਕਟਾਰੂ ਦਾ ਇਕ ਵੱਟਾ ਪੰਜ ਪੈਸੇ ਤੁੱਲ ਦਾ ਘੱਟ ਸੀ। ਕਟਾਰੂ ਨੂੰ ਉਸ ਦਾ ਪਤਾ ਨਹੀਂ ਸੀ। ਅਸੀਂ ਉਸਦਾ ਵੱਟਾ ਪੂਰਾ ਕਰ ਰਹੇ ਹਾਂ।

(ਅੱਜ ਵਿੱਦਿਆ ਦੇ ਜੁੱਗ ਵਿਚ ਏਹੋ ਜੇਹੀਆਂ ਸਾਖੀਆਂ ਇਤਿਹਾਸ ਨੂੰ ਕਮਜ਼ੋਰ ਕਰਦੀਆ ਹਨ, ਤੇ ਸ਼ੱਕੀਆ ਬਣਾ ਦੇਂਦੀਆਂ ਹਨ।)

ਅੰਸੂ ੫੨

(ਉਪਦੇਸ---ਪੁਰੀਆ, ਜੂਹੜ, ਪੈੜਾ, ਦੁਰਗਾ)

ਪੁਰੀਆ ਤੇ ਜੂਹੜ, ਦੋਵੇਂ ਪਿੰਡ ਦੇ ਚੌਧਰੀ ਸਨ। ਦੋਹਾਂ ਬੇਨਤੀ ਕੀਤੀ, ਕਿ ਚੌਧਰੀ ਹੋਣ ਕਰਕੇ ਸਾਨੂੰ ਝੂਠ ਬਹੁਤ ਬੋਲਣਾ ਪੈਂਦਾ ਹੈ। ਉਪਦੇਸ਼ ਦਿਓ। ਗੁਰੂ ਜੀ ਨੇ ਫ਼ੁਰਮਾਇਆ, ਪਿੰਡ ਵਿਚ ਧਰਮਸਾਲ ਬਣਾ ਕੇ ਰੋਜ਼ ਸਤਸੰਗ ਕਰੋ। ਫਿਰ ਜੋ ਝੂਠ ਬੋਲੋ, ਜਾਂ ਭਲਾ ਕੰਮ ਕਰੋ, ਸਭ ਲਿਖੀ ਜਾਓ। ਤੇ ਮਹੀਨੇ ਪਿੱਛੋਂ ਐਥੇ ਆ ਕੇ ਸੰਗਤ ਵਿਚ ਸੁਣਾ ਦਿਆ ਕਰੋ।

ਸੁਣਾਉਂਦਿਆਂ ਉਹ ਬਹੁਤ ਸ਼ਰਮ ਮਹਿਸੂਸ ਕਰਦੇ। ਇਸਤਰਾਂ ਛੇ ਮਹੀਨੇ ਵਿਚ ਉਹਨਾਂ ਦੀ ਝੂਠ ਦੀ ਆਦਤ ਹਟ ਗਈ।

ਫਿਰ ਪੈੜਾ ਤੇ ਦੁਰਗਾ ਸ਼ਰਨ ਆਏ। ਗੁਰੂ ਜੀ ਨੇ ਕਿਹਾ, ਕਿ ਨਾਮ ਜਪੋ, ਤੇ ਸਿੱਖਾਂ ਦੀ ਸੇਵਾ ਕਰੋ, ਪ੍ਰਸਾਦ ਛਕਾਓ, ਬਸਤਰ ਦਿਓ।

ਪੁੰਨ ਦਾਨ ਕਰਦੇ ਉਹ ਕਰਜ਼ਾਈ ਹੋ ਗਏ। ਇਕ ਦਿਨ ਘਰਦੀ ਦੇ ਜ਼ੇਵਰ ਵੇਚ ਕੇ ਸੰਗਤ ਨੂੰ ਪ੍ਰਸਾਦਿ ਛਕਾਇਆ। ਬਾਹਰ ਇਕ ਥਾਂ ਉਹਨੇ ਧਰਤੀ ਫੋਲੀ, ਤਾਂ ਹੇਠੋਂ ਮੋਹਰਾਂ ਦਾ ਭਾਂਡਾ ਨਿਕਲ ਪਿਆ। ਉਹਨਾਂ ਸਮਝਿਆ, ਇਹ ਗੁਰੂ ਨੇ ਬਖ਼ਸ਼ਿਆ ਹੈ।

ਅੰਸੂ ੫੩

(ਬਾਲਾ, ਕਿਸ਼ਨਾ)

ਝਿੰਗਣ ਜਾਤੀ ਦੇ ਬਾਲਾ ਤੇ ਕਿਸ਼ਨਾ ਸੰਸਕ੍ਰਿਤ ਦੇ ਵਿੱਦਵਾਨ ਪੰਡਤ ਸਨ। ਉਹਨਾਂ ਗੁਰੂ ਜੀ ਪਾਸ ਬੇਨਤੀ ਕੀਤੀ, ਕਿ ਅਸੀਂ ਸੰਸਕ੍ਰਿਤ ਗ੍ਰੰਥਾਂ ਦੇ ਵਿੱਦਵਾਨ ਹਾਂ,

Digitized by Panjab Digital Library | www.panjabdigilib.org

ਪਰ ਸਾਡੇ ਮਨ ਸ਼ਾਂਤ ਨਹੀਂ। ਤੁਹਾਡੇ ਸਿੱਖ ਬੜੇ ਸ਼ਾਂਤ ਹਨ। ਸਾਨੂੰ ਵੀ ਕੋਈ ਰਸਤਾ ਦੱਸੋ।

ਗੁਰੂ ਜੀ ਨੇ ਕਿਹਾ, ਤੁਸਾਂ ਵਿੱਦਿਆ ਲੋਕਾਂ ਨੂੰ ਸਮਝਾਉਣ ਵਾਸਤੇ ਪੜ੍ਹੀ ਹੈ। ਹੁਣ ਮਨ ਨੂੰ ਸਮਝਾਉਣ ਵਾਸਤੇ ਪੜ੍ਹੋ।

ਇਸ ਅਭਿਆਸ ਨਾਲ ਉਹ ਸਿੱਖ ਬਣ ਗਏ।

ਸਮੰਦਾ ਸ਼ਰਣ ਆਇਆ। ਉਸ ਨੇ ਪੁੱਛਿਆ, ਕਿ 'ਸਨਮੁਖ' ਕੌਣ ਹੈ ਤੇ 'ਮਨਮੁਖ' ਕੌਣ।

ਗੁਰਦੇਵ ਨੇ ਕਿਹਾ, ਮਨੁੱਖ ਪ੍ਰਭੂ ਦਾ ਭੇਜਿਆ ਆਇਆ ਹੈ। ਜੋ ਉਸਦੇ ਹੁਕਮ ਅਨਸਾਰ ਕੰਮ ਕਰਦਾ ਹੈ, ਉਹ ਸਨਮੁਖ ਹੈ। ਇਹ ਬਚਨ ਮੰਨ ਕੇ ਸਮੁੰਦਾ ਸਿੱਖ ਬਣਿਆ।

ਇਕ ਦਿਨ ਕੁੱਲਾ, ਭੁੱਲਾ ਤੇ ਭਗੀਰਥ ਸ਼ਰਨ ਆਏ। ਉਹਨਾਂ ਬੇਨਤੀ ਕੀਤੀ, ਕਿ ਜਨਮ ਮਰਨ ਦਾ ਸੰਕਟ ਕੱਟ ਦਿਹੋ।

ਗੁਰੂ ਜੀ ਨੇ ਕਿਹਾ, ਮਨਮੁਖਾਂ ਵਾਲੇ ਕਰਮ ਛੱਡ ਕੇ ਗੁਰਮੁਖਾਂ ਵਾਲੇ ਕਰਮ ਕਰੋ। ਫਿਰ ਗੁਰੂ ਜੀ ਨੇ ਦੱਸਿਆ, ਕਿ ਤਿੰਨ ਤਰਾਂ ਦੇ ਗੁਰਮੁਖ ਤੇ ਤਿੰਨ ਤਰਾਂ ਦੇ ਮਨਮੁਖ ਹਨ। ਗੁਰਮੁਖ ਉਹ ਹੈ, ਜੋ ਬੁਰਿਆਈ ਤਿਆਗ ਕੇ ਹਰਇਕ ਦਾ ਭਲਾ ਕਰਦਾ ਹੈ।

ਜੋ ਬੁਰਿਆਈ ਕਰਨ ਵਾਲੇ ਦਾ ਵੀ ਭਲਾ ਕਰਦਾ ਹੈ, ਉਹ 'ਗੁਰਮੁਖ ਤਰ' ਹੈ। ਤੇ ਜੋ ਹਰ ਵਿਚ ਇਕੋ ਜੋਤ ਸਮਝਦਾ ਹੈ, ਉਹ 'ਗੁਰਮੁਖ ਤਮ' ਹੈ।

ਮਨਮੁਖ ਉਹ ਹੈ, ਜੋ ਮਨ ਦੀ ਮੱਤ ਮਗਰ ਚਲਦਾ ਹੈ, ਤੇ ਨੇਕੀ ਕਰਨ ਵਾਲੇ ਨਾਲ ਵੀ ਬੁਰਿਆਈ ਕਰਦਾ ਹੈ।

ਜੋ ਦੂਸਰੇ ਦਾ ਭਲਾ ਹੁੰਦਾ ਵੇਖ ਕੇ ਸੜਦਾ ਹੈ, ਤੇ ਸਭ ਦਾ ਬੁਰਾ ਮੰਗਦਾ ਹੈ ਉਹ 'ਮਨਮੁਖ ਤਰ' ਹੈ।

ਜੋ ਆਪਣੇ ਹਿਤ ਵਾਸਤੇ ਸਭ ਦਾ ਬੁਰਾ ਕਰਦਾ ਹੈ, ਉਹ 'ਮਨਮੁਖ ਤਮ' ਹੈ।

ਅੰਸੂ ੫੪

(ਸਿੱਖ ਲਾਲੂ ਬਾਲੂ)

ਲਾਲੂ, ਬਾਲੂ ਤੇ ਹਰਿਦਾਸ ਸ਼ਰਣ ਆਏ। ਗੁਰੂ ਜੀ ਨੇ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਕੀਤਾ।

ਫਿਰ ਧੀਰ, ਨਿਹਾਲੂ, ਤੁਲਸੀ, ਬੂਲਾ ਆਦਿ ਸ਼ਰਣ ਆਏ। ਉਹਨਾਂ ਪੁਛਿਆ, ਕਿ ਕਈ ਕਹਿੰਦੇ ਹਨ ਗੁਰੂ ਨਾਨਕ ਜਨਕ ਦੇ ਅਵਤਾਰ ਸਨ, ਤੇ ਕੋਈ ਕਹਿੰਦੇ ਹਨ ਵਿਸ਼ਨੂੰ ਦੇ ਅਵਤਾਰ। ਆਪ ਕਿਰਪਾ ਕਰਕੇ ਸਾਡਾ ਭਰਮ ਮਿਟਾਵੋ।

ਗੁਰੂ ਜੀ ਨੇ ਫ਼ੁਰਮਾਇਆ,

"ਪਾਰਬ੍ਰਹਮ ਅਚਰਜ ਜਿਸ ਚਰਿਤਾ।
ਸਭਿ ਜਗ ਕਰਤਾ, ਭਰਤਾ, ਹਰਤਾ ।੧੭।

Digitized by Panjab Digital Library | www.panjabdigilib.org

ਧਰਜੋ ਆਨਿ ਸ੍ਰੀ ਨਾਨਕ ਰੂਪ।
ਗੁਰ ਸਿੱਖੀ ਉਪਜਾਇ ਅਨੂਪ।...੧੮"।

ਫਿਰ ਤੋਤਾ, ਮੱਦੂ, ਗੋਖਾ ਤੇ ਟੋਡਾ ਮਹਿਤਾ, ਚਾਰੇ ਆਏ। ਗੁਰੂ ਜੀ ਨੇ ਕਿਹਾ, ਬਾਣੀ ਪੜ੍ਹੋ, ਵਿਚਾਰੋ ਤੇ ਉਸ 'ਤੇ ਅਮਲ ਕਰੋ।

ਝਾਂਝ, ਮੁਕੰਦਾ ਤੇ ਕਿਦਾਰਾ ਆਏ। ਹਜ਼ੂਰ ਨੇ ਕਿਹਾ, ਕੀਰਤਨ ਕਰੋ, ਤੇ ਹੋਰਾਂ ਨੂੰ ਵੀ ਸੁਣਾਓ।

ਅੰਸੂ ੫੫

(ਸਿੱਖਾਂ ਨੂੰ ਉਪਦੇਸ਼)

ਗੰਗੂ ਤੇ ਨਾਉ ਸਹਿਗਲ, ਉੱਦਾ, ਰਾਮਾ ਤੇ ਧਰਮਾ, ਪੰਜੇ ਆਏ। ਉਹਨਾਂ ਦੇ ਸਵਾਲ ਦੇ ਉਤਰ ਵਿਚ ਗੁਰੂ ਜੀ ਨੇ ਕਿਹਾ, 'ਬ੍ਰਹਮ' ਦਾ ਨਾ ਆਦਿ ਹੈ, ਨਾ ਅੰਤ। ਉਹ ਸਦਾ ਥਿਰ ਹੈ।

ਫਿਰਣਾ ਸੁਦਰ, ਭੋਲੂ ਜੱਟ, ਭੱਟੂ ਪੰਡਤ, ਸਾਰੇ ਮਿਲ ਕੇ ਆਏ। ਉਹਨਾਂ ਪੁੱਛਿਆ, ਕਿ ਗੁਰੂ ਨਾਨਕ ਜੀ ਦਾ ਗੁਰੂ ਕੌਣ ਸੀ।

ਗੁਰੂ ਜੀ ਨੇ ਉਤਰ ਦਿਤਾ,

"ਸ੍ਰੀ ਨਾਨਕ ਗੁਰ ਏਕੰਕਾਰ[1]।...੧੯।"

ਅੱਗੇ ਬ੍ਰਹਮਾ, ਵਿਸ਼ਨੁ, ਮਹੇਸ਼ ਦਾ ਦ੍ਰਿਸ਼ਟਾਂਤ ਦੇਂਦੇ ਲਿਖਦੇ ਹਨ,

'ਤਨ ਧਾਰਨਿ ਕੋ ਧਰਮ ਜਿ ਕਹੀਅਹਿ।
ਸ੍ਰੀ ਨਾਨਕ ਗੁਰ ਅੰਗਦ ਲਹੀਅਹਿ।...੨੦।"

(ਇਹ ਐਵੇਂ ਦ੍ਰਿਸ਼ਟਾਂਤ ਵਜੋਂ ਹੈ। ਨਹੀਂ ਤਾਂ ਨਾਨਕ ਦੇਵ ਜੀ ਅੰਗਦ ਦੇਵ ਦੇ ਗੁਰੂ ਹਨ। ਗੁਰੂ ਨਾਨਕ ਜਨਮ ਗੁਰੂ ਹਨ।)

ਡੱਲਾ, ਭਗੀਰਥ, ਜਾਪੂ ਤੇ ਨਿਵਲਾ ਸ਼ਰਣ ਆਏ, ਤੇ ਬੇਨਤੀ ਕੀਤੀ, ਕਿ ਉਪਾਸ਼ਨਾ ਨਿਰਗੁਣ ਦੀ ਕਰਨੀ ਚਾਹੀਦੀ ਹੈ, ਜਾਂ ਸਰਗੁਣ ਦੀ।

ਗੁਰਦੇਵ ਨੇ ਉਤਰ ਵਿਚ ਕਿਹਾ,

"ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ।
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ।"

(ਸੁਖਮਨੀ)

ਨਾਮ ਸਿਮਰਨ ਲਾਭਦਾਇਕ ਹੈ।

---

1 (ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ।)

Digitized by Panjab Digital Library | www.panjabdigilib.org

ਅੰਸੂ ੫੬

(ਸਿੱਖਾਂ ਨੂੰ ਉਪਦੇਸ਼)

ਮੂਲਾ, ਸੂਜਾ, ਚੰਦੂ, ਰਾਮਦਾਸ, ਬਾਲਾ ਤੇ ਸਾਈਂ ਦਾਸ ਆਏ। ਗੁਰੂ ਜੀ ਨੇ ਫ਼ੁਰਮਾਇਆ, ਸੇਵਕ ਨੂੰ ਪੁੰਨ ਦਾ ਫਲ ਮਿਲਦਾ ਹੈ, ਨਿੰਦਕ ਨੂੰ ਪਾਪ ਦਾ, ਤੇ ਬ੍ਰਹਮ ਗਿਆਨੀ ਪਾਪ ਪੰਨ ਤੋਂ ਨਿਰਲੇਪ ਹੈ।

ਬਿਸ਼ਨੂ ਤੇ ਸੁੰਦਰ ਨੂੰ ਉਪਦੇਸ਼ ਹੋਇਆ, ਕਿ ਸੇਵਾ ਕਰੋ।

ਜੱਟੂ, ਭਾਨੂ, ਨਿਹਾਲੂ ਤੇ ਤੀਰਥਾ ਆਏ। ਉਹਨਾਂ ਸਵਾਲ ਕੀਤਾ,

"ਕਰੇ ਕਰਾਵੈ ਆਪੇ ਆਪਿ।
ਮਾਨੁਖ ਕੇ ਕਿਛ ਨਾਹੀ ਹਾਥ ।੩੪।*

(*ਸਹੀ ਤੁਕਾਂ ਇਉਂ ਹਨ :

"ਮਾਰੈ ਰਾਖੈ ਏਕੋ ਆਪਿ।
ਮਾਨੁਖ ਕੈ ਕਿਛੁ ਨਾਹੀ ਹਾਥਿ।") (ਸੁਖਮਨੀ, ਮ: ੫, ਪੰਨਾ ੨੮੧)

ਉਤਰ ਵਿਚ ਗੁਰੂ ਜੀ ਨੇ ਫ਼ੁਰਮਾਇਆ,

"ਜੈਸਾ ਬੀਜੈ, ਸੋ ਲੁਣੈ, ਕਰਮ ਇਹੁ ਖੇਤੁ।"

ਅੰਸੂ ੫੭

(ਸਿੱਖਾਂ ਨੂੰ ਉਪਦੇਸ਼)

ਨਾਉ, ਭੋਲੂ, ਜੱਟੂ, ਮੂਲਾ, ਚਾਰੇ ਸ਼ਰਣ ਆਏ। ਗੁਰੂ ਜੀ ਨੇ ਕਿਹਾ, ਬਾਣੀ ਪੜ੍ਹੋ ਤੇ ਸੁਣੋ, ਤਾਂ ਬੁਰੇ ਵਿਚਾਰ ਨਾਸ ਹੋ ਜਾਣਗੇ।

ਫਿਰ ਚਤਰਦਾਸ, ਮੂਲਾ, ਹਾੜੂ ਤੇ ਗਾੜੂ ਆਏ। ਇਹਨਾਂ ਇਸ ਸਲੋਕ ਦੇ ਅਰਥ ਪੁੱਛੇ,

"ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ।
ਇਕ ਜਾਗੰਦੇ ਨਾ ਲਹੰਨਿ, ਇਕਨਾ ਸੁਤਿਆ ਦੇਇ ਉਠਾਲਿ।"

ਅੱਗੇ ਕਈ ਦ੍ਰਿਸਟਾਂਤ ਦੇ ਕੇ ਇਸ ਦੇ ਅਰਥ ਹਨ।

ਫਿਰਣਾ, ਬਹਿਲ ਤੇ ਜੇਠਾ ਦਰਸ਼ਨ ਹਿਤ ਆਏ। ਉਹਨਾਂ ਪੁਛਿਆ, ਕੋਈ ਕ੍ਰਿਸ਼ਨ, ਕੋਈ ਰਾਮ, ਕੋਈ ਓਅੰ, ਸੋਹੰ ਜਪਦਾ ਹੈ। ਅਸੀਂ ਕੀ ਜਪੀਏ। ਗੁਰੂ ਜੀ ਨੇ ਫ਼ੁਰਮਾਇਆ 'ਵਾਹਿਗੁਰੂ' ਜਾਪ ਜਪੋ। ਕਿਉਂਕਿ ਛੱਤੀ ਜੁਗ ਧੁੰਧੂਕਾਰ ਹੀ ਰਿਹਾ। ਉਸ ਸਮੇਂ ਨੌਂ-ਨੌਂ ਜੁੱਗ ਵਿਚ ਇਕ ਇਕ ਅੱਖਰ ਹੈ। ਗੁਰੂ ਨਾਨਕ ਨੇ ਚਾਰੇ ਅੱਖਰ ਇਕੱਠੇ ਕਰਕੇ 'ਵਾਹਿਗੁਰੂ' ਸ਼ਬਦ ਬਣਾ ਦਿਤਾ ਹੈ।

(ਨਾਨਕ ਪ੍ਰਕਾਸ਼ ਵਿਚ ਵਿਸ਼ਨੂੰ, ਹਰੀ, ਗੋਬਿੰਦ ਤੇ ਰਾਮ ਦੇ ਪਹਿਲੇ ਅੱਖਰਾਂ ਤੋਂ

Digitized by Panjab Digital Library | www.panjabdigilib.org

'ਵਾਹਿਗੁਰੂ' ਸ਼ਬਦ ਬਣਿਆਂ ਮੰਨਦੇ ਹਨ, ਤੇ ਏਥੇ ਆਪ ਹੀ ਖੰਡਨ ਕਰ ਦੇਂਦੇ ਹਨ।)

ਅੰਸੂ ੫੮

(ਸਿੱਖਾਂ ਨੂੰ ਉਪਦੇਸ਼)

ਵਿੱਸਾ, ਗੋਪੀ, ਤੁਲਸੀ -ਤਿੰਨੇ ਪੰਡਤ—ਤੇ ਗੋਇੰਦ ਘਈ ਨੇ ਨਾਮਦੇਵ ਦੇ ਦੋ ਸਬਦਾਂ ਬਾਰੇ ਸਵਾਲ ਪੁੱਛਿਆ, ਕਿ ਇਹਨਾਂ ਵਿਚ ਵਿਰੋਧ ਕਿਉਂ ਹੈ ?

੧. "ਪਾਂਡੇ ਤੁਮਰਾ ਰਾਮਚੰਦ, ਸੋ ਭੀ ਆਵਤ ਦੇਖਿਆ ਥਾ।
- ਰਾਵਣ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥਾ।"

੨. "ਦਸਰਥ ਰਾਇ ਨੰਦ ਰਾਜਾ ਮੇਰਾ ਰਾਮ ਚੰਦ,
ਪ੍ਰਣਵੈ ਨਾਮਾ ਤਤ ਰਸ ਅੰਮ੍ਰਿਤ ਪੀਜੈ।"

(ਏਥੇ ਕਵੀ ਜੀ ਨੇ 'ਨਿਰਗੁਣ' 'ਸਰਗੁਣ' ਵਿਚ ਗੱਲ ਪਾ ਦਿਤੀ ਹੈ, ਅਰਥ ਸਪਸ਼ਟ ਨਹੀਂ ਕੀਤੇ। ਸਾਡੀ ਰਾਏ ਅਨਸਾਰ ਇਹ ਨਾਮਦੇਵ ਜੀ ਦੇ ਮਨ ਦੀ ਅਵਸਥਾ ਦਾ ਫ਼ਰਕ ਹੈ। ਉਹ ਸਰਗੁਣ ਤੋਂ ਚੱਲ ਕੇ ਨਿਰਗੁਣ ਤਕ ਪਹੁੰਚੇ ਹਨ।)

ਅੱਗੇ ਬਹੁਤ ਸਾਰੇ ਸਿੱਖਾਂ ਦੇ ਨਾਮ ਹਨ : ਕਾਲੂ, ਚਾਉ, ਮੂਲਾ, ਹੇਮਾ, ਧਾਰੋ, ਛੱਜੂ, ਨਿਹਾਲੂ, ਰਾਮੂ, ਤੁਲਸਾ, ਸਾਈਂ ਦਿਤਾ, ਆਕਲ, ਦਮੋਦਰ, ਮਿੱਤਾ, ਵਿਗਹਿ ਮੱਲ, ਭਾਨਾ, ਬੁੱਧੂ, ਭਿੱਖਾ, ਟੋਡਾ, ਸਾਰੇ ਸੁਲਤਾਨਪੁਰ ਵਾਸੀ, ਸ਼ਰਨ ਆਏ। ਉਹਨਾਂ ਕਿਹਾ, ਅਸੀਂ ਗੁਰੂ ਅਮਰਦਾਸ ਜੀ ਦੇ ਸਿੱਖ ਹਾਂ। ਉਹਨਾਂ ਦੇ ਹੁਕਮ ਅਨਸਾਰ ਕਰਮ ਕਰਦੇ ਹਾਂ। ਫਿਰ ਵੀ ਮਨ ਸ਼ਾਂਤ ਕਿਉਂ ਨਹ ਂ।

ਗੁਰੂ ਜੀ ਨੇ ਫ਼ੁਰਮਾਇਆ, ਤਿੰਨ ਗੁਣ ਹਨ : ਸਤੋ ਗੁਣ, ਰਜੋ ਗੁਣ, ਤਮੋ ਗੁਣ। ਜਿੰਨਾ ਚਿਰ ਸਤੋ ਗੁਣ ਅਨਸਾਰ ਕਰਮ ਨਾ ਕੀਤਾ ਜਾਵੇ, ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

ਇਕ ਸਿੱਖ 'ਦੀਪਾ' ਸਿੱਖਾਂ ਦੀ ਬਹੁਤ ਸੇਵਾ ਕਰਦਾ ਸੀ। ਗੁਰੂ ਜੀ ਨੇ ਉਸ ਨੂੰ 'ਦੀਪ ਪ੍ਰਕਾਸ਼' ਕਿਹਾ।

ਅੰਸੂ ੫੯

(ਸਿੱਖਾਂ ਨੂੰ ਉਪਦੇਸ਼)

ਕਪੂਰ ਦੇਵ ਇਕ ਸ਼ਰਧਾਲੂ ਸਿੱਖ ਸੀ। ਉਸ ਨੇ ਗੁਰਦੇਵ ਪਾਸ ਬੇਨਤੀ ਕੀਤੀ, ਕਿ ਕਿਸੇ ਆਪਣੇ ਪਿਆਰੇ ਸਿੱਖ ਦੇ ਦਰਸ਼ਨ ਕਰਾਓ। ਗੁਰਦੇਵ ਨੇ ਸ਼ਾਹਬਾਜ਼ ਪੁਰ ਦੇ ਸੰਮਣ ਦਾ ਨਾਮ ਲਿਆ।

ਕਪੂਰ ਦੇਵ ਸੰਮਣ ਦੇ ਘਰ ਜਾ ਪਹੁੰਚਾ। ਉਸ ਨੇ ਬੜਾ ਆਦਰ ਕੀਤਾ। ਸੰਮਣ ਨੇ ਸਾਰਾ ਦਿਨ ਕੁਛ ਕੱਪੜੇ ਤਿਆਰ ਕੀਤੇ, ਭੋਜਨ ਤਿਆਰ ਕੀਤਾ, ਤੇ ਸ਼ਾਮ ਨੂੰ ਸਾਰੇ ਪਰਵਾਰ ਨੇ ਮਿਲ ਕੇ ਕੀਰਤਨ ਕੀਤਾ। ਦਿਨੇ ਧਾੜਵੀਆਂ ਪਿਛੇ ਵਾਹਰ ਆ ਰਹੀ ਸੀ।

Digitized by Panjab Digital Library | www.panjabdigilib.org

ਸੰਮਣ ਦਾ ਪੁੱਤਰ ਵੀ ਵਿਚ ਜਾ ਰਲਿਆ, ਤੇ ਗੋਲੀ ਲੱਗਣ ਕਾਰਨ ਮਰ ਗਿਆ। ਸੰਮਣ ਨੇ ਓਹਾ ਕੱਪੜੇ ਪਾ ਕੇ ਉਸ ਦਾ ਸਸਕਾਰ ਕੀਤਾ, ਤੇ ਦਰੀ ਵਿਛਾ ਕੇ ਆਉਣ ਵਾਲਿਆਂ ਨਾਲ ਗੱਲਾਂ ਕਰਨ ਲੱਗਾ। ਕਪੂਰ ਦੇਵ ਨੇ ਕਿਹਾ, ਜੇ ਤੁਸੀਂ ਜਾਣਦੇ ਸੀ, ਇਸ ਭਾਣੇ ਭਾਣੇ ਬਾਰੇ, ਤਾਂ ਗੁਰੂ ਜੀ ਤੋਂ ਪੁੱਤਰ ਦੀ ਉਮਰ ਕਿਉਂ ਨਾ ਮੰਗ ਲਈ। ਸੰਮਣ ਨੇ ਉਤਰ ਦਿਤਾ, ਸਰੀਰ ਤਾਂ ਨਾਸਵੰਤ ਹੈ। ਗੁਰੂ ਪਾਸੋਂ ਤਾਂ ਨਾਮ ਦਾਨ ਮੰਗਣਾ ਚਾਹੀਦਾ ਹੈ।

ਮੋਹਨ, ਗੋਲਾ ਤੇ ਗੋਇੰਦ ਸ਼ਰਨ ਆਏ। ਗੁਰੂ ਜੀ ਨੇ ਨਾਮ ਸਿਮਰਨ ਦਾ ਉਪਦੇਸ਼ ਦਿਤਾ।

ਅੰਸੂ ੬੦

(ਸਿੱਖਾਂ ਨੂੰ ਉਪਦੇਸ਼)

ਲਾਹੌਰ ਦੇ ਰਹਿਣ ਵਾਲੇ ਚਾਰ ਮਸੰਦ—ਮੋਹਣ, ਆਲਮ ਚੰਦ, ਜੋਧਾ ਤੇ ਜੱਲ---ਰਥ 'ਤੇ ਚੜ ਕੇ ਆਏ। ਰਸਤੇ ਵਿਚ ਇਕ ਫੰਨੀਅਰ ਸੱਪ ਰਸਤਾ ਰੋਕ ਖਲਾ। ਮੋਹਣ ਨੇ ਸਾਮ੍ਹਣੇ ਇਕ ਮੱਘਾ ਰੱਖ ਕੇ ਕਿਹਾ, ਜੇ ਗੁਰੂ ਜੀ ਦੇ ਦਰਸ਼ਨ ਕਰਨੇ ਹਨ, ਤਾਂ ਇਹਦੇ ਵਿਚ ਵੜ ਜਾਹ। ਸੱਪ ਮੱਘੇ ਵਿਚ ਵੜ ਗਿਆ। ਉਹ ਚਾਰੇ ਉਪਰ ਕਪੜਾ ਬੰਨ੍ਹ ਕੇ ਲੈ ਆਏ। ਗੁਰਦੇਵ ਨੇ ਪੁਛਿਆ, ਕਿੰਨੇ ਸਿੱਖ ਆਏ ਹੋ ? ਉਹਨਾਂ ਕਿਹਾ, ਜੀ ਚਾਰ ਆਏ ਹਾਂ। ਗੁਰੂ ਨੇ ਕਿਹਾ, ਪੰਜਵੇਂ ਦਾ ਨਾਮ ਕਿਉਂ ਨਹੀਂ ਲੈਂਦੇ। ਉਸ ਨੂੰ ਵੀ ਲਿਆਓ।

ਗੁਰਦੇਵ ਨੇ ਸੱਪ ਉਤੇ ਅੰਮ੍ਰਿਤ ਸਰੋਵਰ ਦੇ ਜਲ ਦਾ ਛੱਟਾ ਮਾਰਿਆ, ਤਾਂ ਸੱਪ ਦੇਹ ਤਿਆਗ ਕੇ ਪ੍ਰਕਾਸ਼ ਰੂਪ ਹੋ ਕੇ ਉਡ ਗਿਆ। ਗੁਰ ਦੇਵ ਨੇ ਕਿਹਾ, ਇਹ ਜਨਮ ਦਾ ਹੰਕਾਰੀ ਮਸੰਦ ਸੀ, ਤੇ ਗੋਲਕ ਦਾ ਚੋਰ ਮੀ।

ਪੰਡਤ ਜੋਧ ਤੇ ਢੇਸੀ ਸ਼ਰਣ ਆਏ। ਉਹਨਾਂ ਕਿਹਾ, ਸਾਨੂੰ ਪੰਡਤ ਪੰਗਤ ਵਿਚ ਨਹੀਂ ਬਹਿਣ ਦੇਂਦੇ। ਕਹਿੰਦੇ ਹਨ, ਤੁਸੀਂ ਜਗਤ ਗੁਰੂ ਪੰਡਤ ਹੋ ਕੇ ਖੱਤਰੀ ਦੇ ਸਿੱਖ ਕਿਉਂ ਬਣੇ ਹੋ, ਪੁਰਾਤਨ ਤੀਰਥਾਂ ਨੂੰ ਛੱਡ ਕੇ ਇਸ ਬਣਾਏ ਹੋਏ ਤੀਰਥ ਅੰਮ੍ਰਿਤਸਰ ਨੂੰ ਮੰਨਦੇ ਹੋ ਤੇ ਵੇਦਾਂ ਨੂੰ ਛੱਡ ਕੇ ਗੁਰਬਾਣੀ ਪੜ੍ਹਦੇ ਹੋ। ਜਨਮ ਅਸ਼ਟਮੀ, ਸ਼ਿਵਰਾਤਰੀ, ਇਕਾਦਸ਼ੀ, ਗਾਇਤ੍ਰੀ, ਸੰਧਿਆ, ਪਿੰਡ ਪੱਤਲ ਨਹੀਂ ਕਰਦੇ, ਸਗੋਂ ਮਿਰਤਕ ਪਿਛੋਂ ਅਰਦਾਸ ਕਰ ਕੇ ਪ੍ਰਸਾਦਿ ਛਕਦੇ ਹੋ। ਇਸ ਲਈ ਤੁਸੀਂ ਭ੍ਰਸ਼ਟ ਹੋ, ਪੰਗਤ ਦੇ ਲਾਇਕ ਨਹੀਂ।

(ਸੂਰਜ ਪ੍ਰਕਾਸ਼ ੧੯੦੦ ਬਿ. ਵਿਚ ਲਿਖਿਆ ਗਿਆ ਹੈ। ਉਸ ਸਮੇਂ ਸਿੱਖਾਂ ਵਿਚ ਇਹ ਮਰਯਾਦਾ ਚਲਦੀ ਸੀ।)

ਗੁਰਦੇਵ ਨੇ ਫ਼ੁਰਮਾਇਆ, ਅੰਮ੍ਰਿਤਸਰ ਸਭ ਤੀਰਥਾਂ ਤੋਂ ਉਤਮ ਹੈ, ਜਿੱਥੇ ਬਾਣੀ ਦਾ ਪ੍ਰਵਾਹ ਚਲ ਰਿਹਾ ਹੈ।

"ਗੰਗਾ, ਜਮਨਾ, ਗੋਦਾਵਰੀ, ਸਰਸੁਤੀ,

Digitized by Panjab Digital Library | www.panjabdigilib.org

ਤੇ ਕਰਹਿ ਉਦਮੁ ਪੂਰਿ ਸਾਧੂ ਕੀ ਤਾਈ ।.. ।''

(ਮਲਾਰੁ, ਮ: ੪, ਪੰਨਾ ੧੨੬੩)

ਅੱਗੇ ਨਾਮ ਦੇਵ ਦੀ ਗਵਾਹੀ ਹੈ :

''ਰਾਮ ਸੰਗਿ ਨਾਮ ਦੇਵ ਜਨ ਕਉ ਪ੍ਰਤਗਿਆ ਆਈ ।...।''

''ਬਿੱਪ੍ਰ ਜਾਤਿ ਤਨ ਕੇ ਅਭਿਮਾਨੀ ।
ਗੁਰ ਸਿੱਖ ਹੋਵਤ ਆਤਮ ਗਯਾਨੀ ।...੩੭।''

ਫਿਰ ਕਬੀਰ ਦੀ ਗਵਾਹੀ ਹੈ :

''ਕਹੁ ਕਬੀਰ, ਜੋ ਬ੍ਰਹਮੁ ਬੀਚਾਰੇ ।
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰ ।''

ਅੰਸੂ ੬੧

(ਸਿੱਖਾਂ ਨੂੰ ਉਪਦੇਸ਼)

ਧੁੱਟਾ ਤੇ ਜੋਧਾ ਨੇ ਬੇਨਤੀ ਕੀਤੀ, ਕਿ ਮਨ ਇਕਾਗਰ ਨਹੀਂ ਹੁੰਦਾ । ਗੁਰੂ ਜੀ ਨੇ ਕਿਹਾ, ਵਾਰ ਵਾਰ ਇਸ ਨੂੰ ਦੌੜਨ ਤੋਂ ਰੋਕ ਕੇ ਨਾਮ ਨਾਲ ਜੋੜੋ । ਅਭਿਆਸ ਨਾਲ ਵੱਸ ਆ ਜਾਵੇਗਾ ।

ਮੰਞ ਤੇ ਪਿਰਾਣਾ ਆਏ । ਗੁਰੂ ਜੀ ਨੇ ਕਿਹਾ, ਤੁਸੀਂ ਦੋਵੇਂ ਸਰਵਰ ਦੇ ਮੁਰੀਦ ਹੋ । ਤੁਹਾਡੇ ਵਾਸਤੇ ਸਿੱਖੀ ਔਖੀ ਹੈ । ਪਹਿਲਾਂ ਘਰ ਜਾ ਕੇ ਸਰਵਰ ਦੀ ਨਸ਼ਾਨੀ (ਕਬਰ) ਢਾਹੋ । ਫਿਰ ਆਓ । ਉਹ ਢਾਹ ਕੇ ਆ ਗਏ । ਗੁਰਦੇਵ ਨੇ ਮੰਞ ਨੂੰ ਬਾਲਣ ਲਿਆਉਣ ਦੀ ਸੇਵਾ ਬਖ਼ਸ਼ੀ ਤੇ ਪਿਰਾਣੇ ਨੂੰ ਚੁੱਲ੍ਹਿਆਂ ਚ ਅੱਗ ਡਾਹੁਣ ਦੀ । ਉਹ ਲੰਗਰ ਦੀ ਸੇਵਾ ਕਰ ਕੇ ਤੁਰ ਗਏ ।

ਹਮਜ਼ਾ ਤੇ ਜਜੱਾ ਦੋਵੇਂ ਭਰਾਤਾ, ਬਾਲਾ ਮਰਵਾਹਾ, ਨਾਨੋ, ਆਦਿ ਆਏ, ਤੇ ਸਵਾਲ ਕੀਤਾ, ਕਿ ਕਾਂਸ਼ੀ ਵਿਚ ਮਰਨ ਵਾਲੇ ਨੂੰ ਮੁਕਤੀ ਮਿਲ ਜਾਂਦੀ ਹੈ । ਦੱਸੋ ਅੰਮ੍ਰਿਤ ਸਰੋਵਰ ਦਾ ਕੀ ਮਹਾਤਮ ਹੈ ।

ਗੁਰੂ ਜੀ ਨੇ ਕਿਹਾ, ਏਥੇ ਨਾਮ ਸਿਮਰਨ ਹੈ । ਇਸ ਲਈ ਇਹ ਸਭ ਤੀਰਥਾਂ ਤੋਂ ਉਪਰ ਹੈ ।

ਕਾਲਾ, ਮੇਹਰਾ ਤੇ ਨਿਹਾਲੂ ਨੇ ਸਵਾਲ ਕੀਤਾ, ਕਿ ਜੋ ਏਥੇ ਪਾਪ ਕਰਦੇ ਹਨ, ਉਹਨਾਂ ਦਾ ਅੰਤ ਕੀ ਹੋਵੇਗਾ । ਗੁਰੂ ਜੀ ਨੇ ਕਿਹਾ, ਉਹ ਤ੍ਰਿਗਧ ਜੂਨ (ਸੱਪ ਆਦਿ ਦੀਆਂ ਨੀਂਵੀਂਆਂ ਜੂਨਾਂ) ਭੋਗਣਗੇ ।

ਕਾਲੇ ਨੇ ਪੁਛਿਆ, ਕਿ ਜੁੱਧ ਵਿਚ ਮਰਨ ਵਾਲੇ ਸੂਰਮੇ ਕਿਹੜਾ ਪਦ ਪ੍ਰਾਪਤ ਕਰਦੇ ਹਨ । ਗੁਰੂ ਜੀ ਨੇ ਕਿਹਾ, ਉਹ ਸੁਰਗ ਨੂੰ ਜਾਂਦੇ ਹਨ ।

Digitized by Panjab Digital Library | www.panjabdigilib.org

ਅੰਸੂ ੬੨

(ਸਿੱਖਾਂ ਨੂੰ ਉਪਦੇਸ਼)

ਚੂਹਣੀਆਂ ਦੇ ਸੇਠਾ, ਉਗਵੰਦਾ ਤੇ ਸਭਾਗਾ ਸਿੱਖਾਂ ਦੀ ਬੜੀ ਸੇਵਾ ਕਰਿਆ ਕਰਦੇ। ਉਹਨਾਂ ਪੁਛਿਆ, ਕਿ ਏਥੇ ਦਿਤਾ ਪਿਤਰਾਂ ਨੂੰ ਮਿਲਦਾ ਹੈ, ਜਾਂ ਨਹੀਂ। ਗੁਰੂ ਜੀ ਨੇ ਗੁਰੂ ਨਾਨਕ ਜੀ ਦਾ ਵਾਕ ਕਿਹਾ,

"ਨਾਨਕ ਅਗੈ ਸੋ ਮਿਲੈ, ਜਿ ਖਟੇ ਘਾਲੇ ਦੇਇ।"

ਪੈੜਾ ਤੇ ਜੇਠਾ ਨੇ ਸਵਾਲ ਕੀਤਾ, ਅਸੀਂ ਹਜ਼ੂਰ ਦੀ ਬਾਣੀ ਮੰਨ ਕੇ ਧਰਮ ਦੀ ਕਿਰਤ ਕਰਦੇ ਹਾਂ ਤੇ ਸਿੱਖਾਂ ਨਾਲ ਵੰਡ ਕੇ ਖਾਂਦੇ ਹਾਂ। ਪਰ ਪੰਡਤ ਸਾਡੇ ਨਾਲ ਹੁੱਜਤਾਂ ਕਰਦੇ ਹਨ, ਕਿ ਤੁਸੀਂ ਅਗਨੀ ਨੂੰ ਅਹੁਤੀ ਕਿਉਂ ਨਹੀਂ ਦੇਂਦੇ। ਗੁਰੂ ਜੀ ਨੇ ਕਿਹਾ, ਕਿ ਸਿੱਖਾਂ ਦੀ ਸੇਵਾ ਸਭ ਦੇਵਤਿਆਂ ਦੀ ਸੇਵਾ ਤੋਂ ਉੱਤਮ ਹੈ।

ਗੁਰਦਿਤਾ, ਲਟਕਣ, ਕਟਾਰਾ ਤੇ ਭਗਵਾਨਾ ਆਏ। ਉਹਨਾਂ ਪੁੱਛਿਆ, ਕਿ 'ਨਾਮ' ਕਿਹੜਾ ਜਪੀਏ। ਗੁਰੂ ਜੀ ਨੇ 'ਵਾਹਿਗੁਰੂ' ਸਿਮਰਨ ਦੱਸਿਆ।

ਰਵਿਤਾਸ ਦੇ ਰਹਿਣ ਵਾਲੇ ਮੁਰਾਰੀ ਨੇ ਕਿਹਾ, ਅਸੀਂ, ਬਾਣੀ ਪੜ੍ਹਦੇ ਹਾਂ, ਪਰ ਮਨ ਦੀ ਮੈਲ ਨਹੀਂ ਜਾਂਦੀ। ਗੁਰੂ ਜੀ ਨੇ ਕਿਹਾ, ਮੈਲੇ ਕੱਪੜੇ ਤੇ ਰੰਗ ਨਹੀਂ ਚੜ੍ਹਦਾ। ਸੋ ਪਹਿਲਾਂ ਮਨ ਦੀ ਮੈਲ ਲਾਹੋ। ਉਹ ਲਹਿੰਦੀ ਹੈ,

"ਭਰੀਐ ਮਤਿ ਪਾਪਾ ਕੈ ਸੰਗਿ।
ਓਹੁ ਧੋਪੈ ਨਾਵੈ ਕੈ ਰੰਗਿ।"

ਸੋਨੀ ਗੋਤ ਦੇ 'ਆਡਤਿ' ਨੇ ਪੁਛਿਆ, ਮੇਰੀ ਨੌਕਰੀ ਸ਼ਸਤਰਧਾਰੀਆਂ ਵਿਚ ਹੈ। ਕਲਿਆਣ ਕਿਵੇਂ ਹੋਵੇਗੀ। ਗੁਰੂ ਜੀ ਨੇ ਕਿਹਾ, ਗ਼ਰੀਬ ਵਾਸਤੇ ਧਰਮ ਯੁੱਧ ਕਰੋ, ਕਲਿਆਣ ਹੋਵੇਗੀ।

ਲਾਲੂ, ਚੂਹੜ ਤੇ ਨਿਹਾਲੂ ਸੰਗਤਾਂ ਨੂੰ ਪਰਚਾਰ ਕਰਿਆ ਕਰਦੇ ਸਨ।

ਅੰਸੂ ੬੩

(ਸਿੱਖਾਂ ਨੂੰ ਉਪਦੇਸ਼)

ਰਾਮਾ, ਹੇਮੂ ਤੇ ਜੱਟੂ ਆਏ। ਉਹਨਾਂ ਕਿਹਾ, ਅਸੀਂ ਨਿੱਤ ਕਥਾ ਕੀਰਤਨ ਸੁਣਦੇ ਹਾਂ, ਪਰ ਮਨ ਨਹੀਂ ਟਿਕਦਾ। ਗੁਰੂ ਜੀ ਨੇ ਕਿਹਾ, ਸ਼ਰਧਾ ਨਾਲ ਟਿਕੇਗਾ।

ਗੁਰੂ ਜੀ ਦੇ ਤਾਇਆ 'ਸੰਹਾਰੀ' ਆਏ। ਉਹਨਾਂ ਸੰਗਤ ਦੀ ਸੇਵਾ ਕਰਕੇ ਮੋਖ ਪ੍ਰਾਪਤ ਕੀਤਾ।

ਸਾਈਂ ਦਿਤਾ ਤੇ ਸੈਦੋ ਲਾਹੌਰ ਤੋਂ ਆਏ। ਉਹਨਾਂ ਕਿਹਾ, ਤੀਸਰੇ ਗੁਰੂ ਜੀ ਨੇ ਸਰਾਪ ਦਿਤਾ ਸੀ, "ਲਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ।" ਇਹ ਸਰਾਪ ਮਿਟਾ ਦਿਓ।

Digitized by Panjab Digital Library | www.panjabdigilib.org

ਗੁਰੂ ਜੀ ਨੇ ਫ਼ੁਰਮਾਇਆ, "ਲਹੌਰ ਸਹਰੁ, ਅੰਮ੍ਰਿਤਸਰੁ ਸਿਫਤੀ ਦਾ ਘਰੁ।"
ਇਸ ਤਰਾਂ ਸਰਾਪ ਮਿਟਾ ਦਿਤਾ।

ਨਾਨੂ, ਕਾਲੂ ਤੇ ਹਾੜੀ ਚਰਨੀ ਲੱਗੇ। ਗੁਰੂ ਜੀ ਨੇ ਕਿਹਾ, ਜੋ ਲੋਕਾਂ ਦਾ ਭਲਾ ਚਿਤਵਕੇ ਬਾਣੀ ਪੜ੍ਹਦੇ ਹਨ, ਉਹਨਾਂ ਦੀ ਕਲਿਆਣ ਹੁੰਦੀ ਹੈ।

ਅੰਸੂ ੬੪

(ਸਿੱਖਾਂ ਨੂੰ ਉਪਦੇਸ਼)

ਕਲਿਆਣਾ ਨੇ ਕਿਹਾ, ਜੀ ਮੈਂ ਬੜਾ ਸੂਰਮਾ ਹਾਂ। ਜੰਗ ਵਿਚ ਵੈਰੀ ਦਾ ਬੁਰਾ ਹਾਲ ਕਰਦਾ ਹਾਂ। ਗੁਰੂ ਜੀ ਨੇ ਕਿਹਾ, ਅਸਲੀ ਸੂਰਮਾ ਉਹ ਹੈ, ਜੋ ਕਾਮ ਕ੍ਰੋਧ ਆਦਿ ਨੂੰ ਮਾਰੇ। ਕਲਿਆਣਾ ਸਿਮਰਨ ਵਿਚ ਲੱਗ ਗਿਆ।

ਮੁਜੰਗ ਵਿਚ ਇਕ ਗੁਰੂ ਕਾ ਨਿੰਦਕ ਰਹਿੰਦਾ ਸੀ। ਗੁਰੂ ਜੀ ਨੇ ਭਾਨੂੰ ਨੂੰ ਓਥੇ ਭੇਜਿਆ, ਕਿ ਉਸਨੂੰ ਸੱਚੇ ਮਾਰਗ ਪਾਓ।

ਕ੍ਰਿਸ਼ਨਾ, ਲੱਧਾ ਉਪਕਾਰੀ, ਬੁੱਧੂ, ਲੱਖੂ ਆਦਿ ਲਾਹੌਰ ਵਿਚ ਸਨ।

(ਕਈ ਸਾਖੀਆਂ ਦੋ ਵਾਰ ਹਨ।

ਤੀਰਥ, ਮੂਲਾ, ਮੁਕੰਦਾ ਤੇ ਨਿਹਾਲੂ ਸ਼ਰਨ ਆਏ। ਉਹਨਾਂ ਪੁੱਛਿਆ, ਇਕ ਸਿੱਖ ਦੇ ਕਹੇ ਦਾ ਬੜਾ ਅਸਰ ਹੁੰਦਾ ਹੈ,ਤੇ ਇਕ ਦੇ ਕਹੇ ਦਾ ਨਹੀਂ। ਇਹ ਕਿਉਂ? ਗੁਰੂ ਜੀ ਨੇ ਕਿਹਾ, ਜੋ ਕਰਨੀ ਦੇ ਧਨੀ ਹੋਣ, ਉਹਨਾਂ ਦਾ ਅਸਰ ਹੁੰਦਾ ਹੈ।

ਸਿੱਖੀ ਦੇ ਪਰਚਾਰ ਵਾਸਤੇ ਗੁਰੂ ਜੀ ਨੇ ਮਾਧੋ ਸੋਢੀ ਨੂੰ ਕਸ਼ਮੀਰ ਭੇਜਿਆ। ਓਥੇ ਪੰਡਤਾਂ ਨੇ ਉਜ਼ਰ ਕੀਤਾ, ਕਿ ਸਾਨੂੰ ਦੇਵਬਾਣੀ (ਸੰਸਕ੍ਰਿਤ) ਵਿਚ ਉਪਦੇਸ਼ ਦਿਓ, ਹੋਰ ਭਾਸ਼ਾ ਵਿਚ ਨਹੀਂ। ਮਾਧੋ ਨੇ ਕਿਹਾ, ਕਿ ਜਿਸਨੂੰ ਤੇਹ ਲੱਗੀ ਹੋਵੇ, ਉਹ ਸੋਨੇ ਦਾ ਭਾਂਡਾ ਉਡੀਕਦਾ ਮਰ ਜਾਏ, ਤਾਂ ਚੰਗਾ ਹੈ, ਜਾਂ ਜਿਹੜਾ ਭਾਂਡਾ ਵੀ ਮਿਲੇ, ਓਸ ਵਿਚ ਪਾਣੀ ਪੀ ਕੇ ਬਚ ਜਾਵੇ। ਪ੍ਰਭੂ ਦਾ ਗਿਆਨ ਜਿਸ ਭਾਸ਼ਾ ਵਿਚ ਵੀ ਮਿਲੇ, ਫਲਦਾਇਕ ਹੈ। ਪ੍ਰੇਰਤ ਹੋ ਕੇ ਬਹੁਤੇ ਲੋਕ ਸਿੱਖ ਬਣੇ।

ਅੰਸੂ ੬੫

(ਸਿੱਖਾਂ ਨੂੰ ਉਪਦੇਸ਼)

ਸਰਹਿੰਦ ਦੇ ਰਹਿਣ ਵਾਲੇ ਰੂਪ ਚੰਦ ਤੇ ਭੀਵਾ ਸਿੱਖਾਂ ਦੀ ਸੇਵਾ ਕਰਿਆ ਕਰਦੇ ਸਨ। ਇਕ ਮੁਗ਼ਲ ਉਹਨਾਂ ਕੋਲ ਮੋਹਰਾਂ ਅਮਾਨਤ ਰੱਖ ਕੇ ਦਿੱਲੀ ਨੂੰ ਚਲਾ ਗਿਆ। ਉਹ ਲਿਖਣਾ ਭੁੱਲ ਗਏ। ਤੇ ਅਮਾਨਤ ਦੀ ਯਾਦ ਨਾ ਰਹੀ। ਪੰਜ ਮਹੀਨੇ ਪਿੱਛੋਂ ਮੁਗ਼ਲ ਵਾਪਸ ਆਇਆ। ਉਹਨੇ ਰਕਮ ਮੰਗੀ। ਸਿੱਖਾਂ ਨੇ ਵਹੀ ਵੇਖ ਕੇ ਕਿਹਾ, ਸਾਡੇ ਪਾਸ ਹੈ, ਨਹੀਂ। ਝਗੜਾ ਨਵਾਬ ਪਾਸ ਗਿਆ। ਮੁਗ਼ਲ ਨੇ ਪੀਰਾਂ ਦੀ ਸ਼ੀਰਨੀ ਸੁੱਖੀ,

Digitized by Panjab Digital Library | www.panjabdigilib.org

ਤੇ ਸਿੱਖਾਂ ਨੇ ਪ੍ਰਸਾਦਿ ਕਰਾਇਆ। ਦੋਹਾਂ ਦੇ ਹੱਥ ਤਪਦੇ ਤੇਲ ਵਿਚ ਪਾਏ। ਮੁਗ਼ਲ ਦਾ ਸੜ ਗਿਆ, ਪਰ ਸਿੱਖ ਦੇ ਹੱਥ ਨੂੰ ਸੇਕ ਤਕ ਨਾ ਲੱਗਾ।

ਸਿੱਖਾਂ ਨੇ ਘਰ ਆ ਕੇ ਪੜਤਾਲ ਕੀਤੀ, ਤਾਂ ਮੋਹਰਾਂ ਦੀ ਵਾਂਸਣੀ ਮਿਲ ਗਈ। ਸਿੱਖਾਂ ਨੇ ਜਾ ਕੇ ਵਾਂਸਣੀ ਵੀ ਦਿੱਤੀ, ਤੇ ਮੁਗ਼ਲ ਪਾਸੋਂ ਮਾਫ਼ੀ ਮੰਗੀ। ਹਕੀਕਤ ਸਾਮ੍ਹਣੇ ਆਈ, ਤਾਂ ਮੁਗ਼ਲ ਵੀ ਗੁਰੂ ਜੀ ਦੇ ਚਰਨੀ ਜਾ ਢੱਠਾ।

ਸਿੱਖ ਪਰਤਾਪੂ ਸ਼ਰਨ ਆਇਆ। ਉਸਦੀ ਨੌਕਰੀ ਫ਼ੌਜ ਦੀ ਸੀ। ਗੁਰੂ ਜੀ ਨੇ ਨਿਰਵੈਰ ਯੋਧਾ ਬਣਨ ਦਾ ਉਪਦੇਸ਼ ਦਿਤਾ।

ਥਾਨੇਸਰ ਦੇ ਨੰਦਾ ਤੇ ਸ੍ਵਾਮੀ ਦਾਸ ਸ਼ਰਨ ਆਏ। ਗੁਰੂ ਜੀ ਨੇ ਸਿੱਖਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ।

ਗੋਪੀ, ਨੱਥਾ, ਭਾਊ ਆਦਿ ਸ਼ਰਣ ਆਏ। ਨਿਹਾਲ ਹੋਏ।

ਸਕਤੂ ਤੇ ਨਿਹਾਲੂ ਆਗਰੇ ਤੋਂ ਆਏ। ਉਪਦੇਸ਼ ਸੁਣ ਕੇ ਨਿਹਾਲ ਹੋਏ।

ਦੋ ਸਿੱਖ ਗੜੀਅਲ ਤੇ ਮਥਰਾ ਦਾਸ ਪਾਂਡੀ ਦੀ ਕਿਰਤ ਕਰਦੇ, ਤੇ ਆਏ ਗਏ ਸਿੱਖ ਦੀ ਸੇਵਾ ਕਰਦੇ। ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ, ਤੇ ਘਰਦਿਆਂ ਨੂੰ ਸਿੱਖਾਂ ਦੀ ਸੇਵਾ ਕਰਨ ਦੀ ਪੱਕੀ ਕਰ ਆਏ।

ਗੰਗਾ ਬੜਾ ਸੂਰਮਾ ਸੀ। ਉਹ ਮੁਗ਼ਲਾਂ ਦਾ ਨੌਕਰ ਸੀ। ਗੁਰੂ ਜੀ ਦੇ ਕਹਿਣ 'ਤੇ ਉਹ ਗੁਰੂ ਘਰ ਆ ਗਿਆ, ਤੇ ਹਰਿਗੋਬਿੰਦ ਜੀ ਪਾਸ ਰਿਹਾ।

ਅੰਸੂ ੬੬

(ਸਿੱਖਾਂ ਨੂੰ ਉਪਦੇਸ਼)

ਇਕ ਹਰਬੰਸ ਨਾਮ ਦਾ ਤਪਾ ਧਰਮਸਾਲ ਵਿਚ ਰਹਿੰਦਾ, ਸਿੱਖਾਂ ਦੀ ਸੇਵਾ ਕਰਦਾ ਤੇ ਭਾਈ ਗੁਰਦਾਸ ਦੀ ਬਾਣੀ ਪੜ੍ਹਦਾ। ਸਿੱਖਾਂ ਨੇ ਇਤਰਾਜ਼ ਕੀਤਾ, ਤਾਂ ਗੁਰੂ ਜੀ ਨੇ ਕਿਹਾ, ਜਿਸ ਵਿਚ ਗੁਰੂ ਜੱਸ ਹੈ, ਉਹ ਪੜ੍ਹਨਾ ਮਾੜਾ ਨਹੀਂ।

ਨਾਨੋ, ਲਟਕਣ, ਕਲਿਆਣਾ, ਆਲਮ ਚੰਦ, ਸੈਸਾਰਾ, ਆਦਿ ਉਪਦੇਸ਼ ਸੁਣ ਕੇ ਨਿਹਾਲ ਹੋਏ।

ਮੁਰਾਰੀ, ਭਾਨੂੰ, ਜਗਨਾ ਨੂੰ ਸਿਮਰਨ ਅਭਿਆਸ ਦਾ ਉਪਦੇਸ਼ ਕੀਤਾ।

(ਕਵੀ ਜੀ ਕਈ ਥਾਂਈਂ ਕੁਛ ਟਪਲੇ ਵਾਲੇ ਸਬਦ ਕਹਿ ਜਾਂਦੇ ਹਨ। ਜਿਵੇਂ "ਸਤਿਗੁਰ ਸਬਦ ਸਾਰ ਵੇਦਾਂਤ।...੩੩।" ਪਰ ਗੁਰਬਾਣੀ ਵੇਦਾਂ ਦਾ, ਜਾਂ ਸ਼ਾਸਤਰਾਂ ਦਾ ਸਾਰ [ਤੱਤ, ਨਿਚੋੜ] ਨਹੀਂ। ਇਹ 'ਧੁਰ ਕੀ ਬਾਣੀ' ਹੈ। 'ਵੇਦ' ਤੇ 'ਸ਼ਾਸਤਰ' ਪੜ੍ਹ ਕੇ ਵੇਖੋ, ਗੁਰਬਾਣੀ ਨਾਲ ਸਿਧਾਂਤ ਨਹੀਂ ਮਿਲਦਾ।)

ਇਕ ਜੋਗੀ ਨੇ ਸਿੱਖਾਂ ਨੂੰ ਰਸਾਇਣ ਦਿਤੀ। ਉਹਨਾਂ ਗੁਰੂ ਜੀ ਦੀ ਭੇਟਾ ਕੀਤੀ। ਗੁਰੂ ਜੀ ਨੇ ਉਹ ਜਲ ਵਿਚ ਸੁਟਵਾ ਦਿਤੀ।

Digitized by Panjab Digital Library | www.panjabdigilib.org

ਅੰਸੂ ੬੭

(ਸਿੱਖਾਂ ਨੂੰ ਉਪਦੇਸ਼)

ਜੈਤਾ, ਨੰਦਾ ਤੇ ਪਿਰਾਗਾ ਸ਼ਰਨ ਆਏ। ਹੋਰ ਤਲੋਕਾ, ਤੋਤਾ ਆਦਿ ਉਪਦੇਸ਼ ਸੁਣ ਕੇ ਨਿਹਾਲ ਹੋਏ।

(ਏਥੇ ਫਿਰ ਮਰਦਾਨੇ ਦੇ ਤੇਲ ਦਾ ਕੜਾਹਾ ਠੰਢਾ ਹੋਣ ਦਾ ਜ਼ਿਕਰ ਹੈ।)

ਸਾਂਈ ਦਾਸ ਜੜੀਏ ਨੂੰ ਮਨ ਟਿਕਾਉਣ ਦਾ ਉਪਦੇਸ਼ ਦਿਤਾ।

ਗੁਰੂ ਜੀ ਖਡੂਰ ਜਾਣ ਵਾਸਤੇ ਤਿਆਰ ਹੋਏ। ਪਹਿਲਾਂ ਆਪ ਉਸ ਥਾਂ ਖਲੇ, ਜਿੱਥੇ ਤਰਨ ਤਾਰਨ ਬਣਿਆਂ ਹੈ। ਪਲਾਸੌਰ ਤੇ ਉਦਾਲੇ ਦੇ ਪਿੰਡ ਲੜਦੇ ਰਹਿੰਦੇ ਸਨ। ਗੁਰੂ ਜੀ ਨੇ ਸਭ ਨੂੰ ਸੱਦ ਕੇ ਸਮਝਾਇਆ। ਓਥੇ ਤੀਰਥ ਬਨਾਉਣ ਵਾਸਤੇ ਇਕ ਲੱਖ ਸਤਵੰਜਾ ਹਜ਼ਾਰ ਦੇ ਕੇ ਜ਼ਮੀਨ ਖ਼ਰੀਦ ਲਈ। ਬਾਬਾ ਬੁਢਾ ਜੀ ਨੇ ਅਰਦਾਸ ਕੀਤੀ, ਤੇ ਤਰਨ ਤਾਰਨ ਸਰੋਵਰ ਦੀ ਖੁਦਾਈ ਸ਼ੁਰੂ ਹੋ ਗਈ। ਇਕ ਪਾਸੇ ਆਵੇ ਸ਼ੁਰੂ ਹੋ ਗਏ।

ਅੰਸੂ ੬੮

(ਤਰਨ ਤਾਰਨ ਸਰੋਵਰ)

ਸਰੋਵਰ ਛੇਤੀ ਸੰਪੂਰਨ ਕਰਨ ਵਾਸਤੇ ਗੁਰੂ ਜੀ ਨੇ ਬਹੁਤ ਸਾਰੇ ਆਵੇ ਚੜ੍ਹਾ ਦਿਤੇ।

ਤਰਨ ਤਾਰਨ ਤੋਂ ਢਾਈ ਕੋਹ ਪੱਛਮ ਵੱਲ ਨੂਰਦੀਨ ਆਪਣੀ ਸਰਾਂ ਬਣਾ ਰਿਹਾ ਸੀ। ਦੂਸਰੇ ਪਾਸੇ ਅਮਾਨਤ ਖ਼ਾਂ ਵੀ ਆਪਣੀ ਸਰਾਂ ਬਣਾ ਰਿਹਾ ਸੀ। ਦੋਹਾਂ ਨੇ ਆ ਕੇ ਗੁਰੂ ਕੀਆਂ ਇੱਟਾਂ ਲੱਦਣੀਆਂ ਸ਼ੁਰੂ ਕਰ ਦਿਤੀਆਂ, ਤੇ ਸਿੱਖਾਂ ਨੂੰ ਕਿਹਾ, ਅਸੀਂ ਉਧਾਰੀਆਂ ਲੈ ਚੱਲੇ ਹਾਂ, ਗਿਣ ਲਵੋ। ਸਿੱਖਾਂ ਨੇ ਜਾ ਕੇ ਗੁਰੂ ਜੀ ਨੂੰ ਦੱਸਿਆ, ਤਾਂ ਹਜ਼ੂਰ ਨੇ ਕਿਹਾ, 'ਸਾਨੂੰ ਗਿਣਨ ਦੀ ਕੀ ਲੋੜ। ਸਾਡੇ ਸਿੱਖ ਉਹ ਮਕਾਨ ਢਾਹ ਕੇ ਆਪੇ ਵਾਪਸ ਲੈ ਆਉਣਗੇ। ਫੇਰ ਹੀ ਇਹ ਸਰੋਵਰ ਪੂਰਾ ਹੋਵੇਗਾ। ਗੁਰੂ ਜੀ ਨੇ ਦਿਹਾ, ਏਥੇ ਮੱਸਿਆ ਲੱਗਿਆ ਕਰੇਗੀ, ਤੇ ਭਾਦੋਂ ਦੀ ਮੱਸਿਆ ਦਾ ਖ਼ਾਸ ਮਹਾਤਮ ਹੋਵੇਗਾ।

"ਦਰਸ ਮਾਸ ਭਾਦਰੋਂ ਪਦ ਜੋਇ।
ਮਹਾਂ ਮਹਾਤਮ ਇਸ ਕੋ ਹੋਇ।...੨੪।"

ਨੂਰਦੀਨ ਤੇ ਅਮਾਨਤ ਖ਼ਾਨ ਨੇ ਆਦਮੀ ਭੇਜੇ, ਕਿ ਅਸੀਂ ਇੱਟਾਂ ਦਾ ਮੁੱਲ ਦੇ ਦੇਂਦੇ ਹਾਂ। ਗੁਰੂ ਜੀ ਨੇ ਕਿਹਾ, ਜਿਸ ਭੱਾ ਤੁਸਾਂ ਸਾਥੋਂ ਲਈਆਂ ਨੇ, ਓਸੇ ਭੱਾ ਸਾਡੇ ਸਿੱਖ ਤੁਹਾਥੋਂ ਲੈ ਲੈਣਗੇ।

ਸਰੋਵਰ ਦੀ ਸੇਵਾ ਬੰਦ ਕਰਕੇ ਗੁਰੂ ਜੀ ਵਾਪਸ ਅੰਮ੍ਰਿਤਸਰ ਚਲੇ ਗਏ।

Digitized by Panjab Digital Library | www.panjabdigilib.org

ਅੰਸੂ ੬੯

(ਭਾਈ ਗੁਰਮੁਖ ਤੇ ਭਾਈ ਭਿਖਾਰੀ)

ਭਾਈ ਗੁਰਮੁਖ ਨੇ ਪੁਛਿਆ, ਕਿ ਕੋਈ ਭਾਣਾ ਮੰਨਣ ਵਾਲਾ ਸਿੱਖ ਦੱਸੋ। ਗੁਰੂ ਜੀ ਨੇ ਕਿਹਾ, ਗੁਜਰਾਤ ਵਿਚ ਭਾਈ ਭਿਖਾਰੀ ਹੈ।

ਗੁਰਮੁਖ ਭਿਖਾਰੀ ਦੇ ਘਰ ਜਾ ਪਹੁੰਚਿਆ। ਭਿਖਾਰੀ ਅੱਗੇ ਫਟੀ ਹੋਈ ਦਰੀ ਸਿਉਂ ਰਿਹਾ ਸੀ। ਭਿਖਾਰੀ ਨੇ ਗੁਰਮੁਖ ਨੂੰ ਵਿਆਹ ਦੀ ਵਰੀ, ਜ਼ੇਵਰ ਤੇ ਮਿਠਿਆਈ ਆਦਿ ਵਿਖਾਈ। ਫਿਰ ਇਕ ਥਾਂ ਕਫ਼ਨ ਤੇ ਸਿੜ੍ਹੀ ਪਈ ਵੀ ਵਿਖਾਈ। ਗੁਰਮੁਖ ਦੇ ਪੁਛਣ ਤੇ ਭਿਖਾਰੀ ਨੇ ਕਿਹਾ, ਸਮਾਂ ਆਉਣ ਤੇ ਪਤਾ ਲੱਗ ਜਾਇਗਾ।

ਭਿਖਾਰੀ ਦੇ ਪੁੱਤਰ ਦਾ ਵਿਆਹ ਹੋਇਆ। ਤੀਸਰੇ ਦਿਨ ਪੇਟ ਸੂਲ ਨਾਲ ਪੁੱਤਰ ਮਰ ਗਿਆ। ਭਿਖਾਰੀ ਓਸੇ ਸਿੜ੍ਹੀ 'ਤੇ ਪਾ ਕੇ ਸਾੜ ਆਇਆ ਤੇ ਅਰਦਾਸ ਕਰਕੇ ਪ੍ਰਸਾਦਿ ਵਰਤਾਇਆ। ਓਹਾ ਦਰੀ ਵਿਛਾ ਕੇ ਉਹ ਆਉਣ ਵਾਲਿਆਂ ਨੂੰ ਮਿਲਨ ਲਗਾ।

ਗੁਰਮੁਖ ਨੇ ਕਿਹਾ, ਜਦ ਤੈਨੂੰ ਸਾਰੀ ਗੱਲ ਦਾ ਪਤਾ ਸੀ, ਤਾਂ ਤੂੰ ਨੂੰਹ ਵਿਆਹ ਕੇ ਕਿਉਂ ਲਿਆਂਦੀ। ਤੂੰ ਗੁਰੂ ਕੋਲੋਂ ਪੁੱਤਰ ਦੀ ਉਮਰ ਕਿਉਂ ਨਾ ਮੰਗੀ।

ਭਿਖਾਰੀ ਨੇ ਆਪਣੇ ਪੁੱਤਰ ਤੇ ਨੂੰਹ ਦੇ ਪਿਛਲੇ ਜਨਮ ਦੀ ਕਥਾ ਸੁਣਾਈ। ਮੇਰਾ ਪੁੱਤਰ ਪਿਛਲੇ ਜਨਮ ਬੜਾ ਤਪੀਆ ਸੀ। ਇਕ ਦਿਨ ਉਹ ਸੁੰਦਰ ਵੇਸਵਾ ਨੂੰ ਵੇਖ ਕੇ ਮੋਹਿਤ ਹੋ ਗਿਆ। ਪਰ ਉਹ ਬਨ ਨੂੰ ਚਲਿਆ ਗਿਆ। ਉਸ ਵੇਸਵਾ ਨੂੰ ਮਿਲਿਆ ਨਹੀਂ। ਮੇਰੀ ਨੂੰਹ ਉਹ ਵੇਸਵਾ ਹੈ। ਹੁਣ ਸੰਗਤ ਦੀ ਸੇਵਾ ਕਰਕੇ ਜਨਮ ਸੁਆਰ ਲਵੇਗੀ।

ਤੀਸਰੀ ਰਾਸ ਸਮਾਪਤ

Digitized by Panjab Digital Library | www.panjabdigilib.org

ਚੋਥੀ ਰਾਸ

ਅੰਸੂ ੧

(ਮੰਗਲ)

(ਸਭ ਤੋਂ ਪਹਿਲਾਂ ਕਵੀ ਸੰਤੋਖ ਸਿੰਘ ਜੀ ਸਾਰਦਾ ਦੇਵੀ ਦੀ ਹੀ ਅਰਾਧਨਾ ਕਰਦੇ ਹਨ।)

"ਬੀਨ ਦੰਡ ਪਾਣੀ ਨਮਹਿਂ, ਸਰਬੋਤਮਾ ਪ੍ਰਬੀਨ।
ਬੀਨ ਬੀਨ ਬਿਘਨਨਿ ਹਨਹੁ, ਦਾਤੀ ਸੁਮਤਿ ਕਵੀਨ।੧।"

(ਬੀਨ=ਵੀਣਾ। ਦੰਡ=ਡੰਡਾ ਵੀਣਾ ਦਾ। ਪਾਣੀ=ਪਣਿ-ਹੱਥ। ਨਮਹਿਂ=ਨਮਸਕਾਰ ਹੈ। ਸਰਬੋਤਮਾ=ਸਰਬ-ਉੱਤਮ। ਪ੍ਰਬੀਨ=ਨਿਪੁੰਨ। ਬੀਨ ਬੀਨ=ਚੁਣ ਚੁਣ ਕੇ। ਬਿਘਨ=ਪਾਪ। ਹਨਹੁ=ਨਾਸ਼ ਕਰੋ। ਦਾਤੀ ਸੁਮਤਿ ਕਵੀਨ=ਕਵੀਆਂ ਨੂੰ ਸੁਮੱਤਿ, ਚੰਗੀ ਬੁਧੀ ਦੇਣ ਵਾਲੀ।)

ਅੰਕ ਦੋ ਤੋਂ ਚੰਦਾਂ ਤਕ ਗੁਰੂ ਸਾਹਿਬਾਨ ਦੀ ਉਸਤਤ ਹੈ।

ਭਾਈ ਰਾਮ ਕੁਇਰ ਜੀ ਕਥਾ ਸੁਣਾ ਰਹੇ ਹਨ।

ਅੰਸੂ ੨

(ਚੰਦੂ ਨੇ ਵਰ ਢੂੰਡਣ ਲਈ ਲਾਗੀ ਭੇਜਣੇ)

ਚੰਦੂ ਜਹਾਂਗੀਰ ਦਾ ਦੀਵਾਨ ਸੀ। ਉਸਦੀ ਲੜਕੀ ਸਦਾ ਕੌਰ ਸੱਤ ਸਾਲ ਦੀ ਹੋ ਗਈ, ਤਾਂ ਲਾਗੀਆਂ ਨੂੰ ਵਰ ਢੂੰਡਣ ਦਾ ਹੁਕਮ ਹੋਇਆ। ਪੰਡਤ ਦੇ ਨਾਲ ਨਾਈ ਤੇ ਕੁਛ ਸੇਵਕ ਭੇਜੇ।

ਲਾਗੀ ਬਹੁਤ ਥਾਂਵਾਂ ਭਾਲ ਥੱਕੇ, ਪਰ ਯੋਗ ਵਰ ਨਾ ਮਿਲਿਆ। ਸਿੱਖਾਂ ਨੇ ਹਰਿਗੋਬਿੰਦ ਜੀ ਦੀ ਦੱਸ ਪਾਈ। ਲਾਗੀ ਅੰਮ੍ਰਿਤਸਰ ਆ ਪੁੱਜੇ।

(ਹਰਿਗੋਬਿੰਦ ਜੀ ਦੀ ਉਸਤਤ ਬੜੀ ਸੁੰਦਰ ਕਵਿਤਾ ਵਿਚ ਹੈ।)

ਲਾਗੀ ਗੁਰੂ ਜੀ ਨੂੰ ਕਹਿ ਗਏ, ਕਿ ਹਰਿਗੋਬਿੰਦ ਸਾਡੇ ਪਸੰਦ ਹਨ। ਅਸੀਂ ਸਗਨ ਲੈ ਕੇ ਆਵਾਂਗੇ।

Digitized by Panjab Digital Library | www.panjabdigilib.org

(ਸਪਸ਼ਟ ਹੈ, ਕਿ ਰਿਸ਼ਤਾ ਪੱਕਾ ਨਹੀਂ ਹੋਇਆ, ਸਿਰਫ਼ ਰਿਸ਼ਤੇ ਬਾਰੇ ਗੱਲ ਬਾਤ ਹੋਈ ਹੈ ।)

ਅੰਸੂ ੩

(ਸਗਾਈ ਬਾਰੇ ਦਿੱਲੀ ਦੀ ਸੰਗਤ ਨੇ ਲਿਖਿਆ)

ਉਸ ਸਮੇਂ ਹਰਿਗੋਬਿੰਦ ਜੀ ਨੌਂ ਸਾਲ ਦੇ ਸਨ । ਲਾਗੀਆਂ ਨੇ ਬੜੀ ਸਿਫ਼ਤ ਕੀਤੀ। ਹੰਕਾਰ ਵਿਚ ਆ ਕੇ ਚੰਦੂ ਨੇ ਕਿਹਾ,

"ਤਨਿਯਾ ਈਂਟ ਚੁਬਾਰੇ ਕੀ ਮਮ, ਮੋਰੀ ਸਮ ਕੁਲ ਮਹਿਂ ਦੀ ਸੋਇ ।
ਜਥਾ ਜੋਗ ਨਹਿਂ ਕਛੂ ਬਿਚਾਰਯੋ, ਅਸਮੰਜਸ ਜਾਨੈ ਸਭਿ ਕੋਇ ।੬।"

ਚੰਦੂ ਨੇ ਕਿਹਾ, ਤੁਸਾਂ ਇਕ ਫ਼ਕੀਰ ਨਾਲ ਨਾਤਾ ਜੋੜ ਦਿਤਾ ਹੈ । ਪਰ ਮੈਂ ਤੁਹਾਨੂੰ ਆਪ ਤੋਰਿਆ ਸੀ, ਸੋ ਮੈਂ ਕੰਨਿਆਂ ਵਾਸਤੇ ਦੂਸਰਾ ਵਰ ਨਹੀਂ ਟੋਲ ਸਕਦਾ, ਤੁਸੀਂ ਸਗਨ ਲੈ ਜਾਓ ।

ਪੰਡਤ ਸਗਨ ਲੈ ਕੇ ਤੁਰ ਪਏ ।

ਦਿੱਲੀ ਦੀ ਸੰਗਤ ਨੇ ਚੰਦੂ ਦੇ ਸ਼ਬਦ ਸੁਣੇ, ਤਾਂ ਉਹਨਾਂ ਅਰਦਾਸ ਲਿਖ ਭੇਜੀ, ਕਿ ਹੰਕਾਰੀ ਦੀ ਕੰਨਿਆਂ ਦਾ ਰਿਸ਼ਤਾ ਨਾ ਲਿਆ ਜਾਵੇ ।

ਅੰਸੂ ੪

(ਸਗਾਈ ਦੀ ਤਿਆਰੀ)

ਚੰਦੂ ਦੇ ਲਾਗੀ ਆ ਗਏ । ਉਹਨਾਂ ਨੂੰ ਜੋਗ ਥਾਂ ਉਤਾਰਾ ਦਿਤਾ ਗਿਆ ।

ਅਗਲੀ ਸਵੇਰ ਗੁਰੂ ਜੀ ਨੇ ਜੋਤਸ਼ੀ ਨੂੰ ਬੁਲਾਇਆ, ਕਿ ਉਹ ਸਗਨ ਵਾਸਤੇ ਸ਼ੁਭ ਮਹੂਰਤ ਵੇਖੇ । (ਏਥੇ ਹੀ ਬੱਸ ਨਹੀਂ ।)

"ਪੂਰਯੋ ਚੌਂਕ ਗਣਕ ਨੇ ਤਬੈ ।
ਗਣਪਤਿ ਗ੍ਰਿਹ ਥਾਪਨਿ ਕਰ ਸਬੈ ।੩੮।"

(ਭਾਵ ਚੌਂਕ ਪੂਰਿਆ, ਤੇ ਗਣੇਸ਼ ਦੀ ਪੂਜਾ ਕੀਤੀ । ਇਹ ਲੇਖਕ ਦੀ ਕਲਪਨਾ ਹੈ । ਗੁਰੂ ਜੀ ਇਕ ਅਕਾਲ ਦੇ ਪੁਜਾਰੀ ਸਨ । ਦੇਵੀ ਦੇਵਤਿਆਂ ਦੇ ਨਹੀਂ । ਗੁਰਵਾਕ ਹੈ : "ਏਕ ਨਾਮੁ ਕੋ ਥੀਓ ਪੂਜਾਰੀ ਮੋਕਉ ਅਚਰਜੁ ਗੁਰਹਿ ਦਿਖਾਇਓ ।"

ਗਉੜੀ ਮ: ੫, ਪੰਨਾ ੨੦੬)

ਅੰਸੂ ੫

(ਸੰਗਤ ਦੀ ਅਰਦਾਸ ਪੁੱਜੀ, ਸਗਨ ਮੋੜ ਦਿਤਾ)

ਸਗਨ ਦੀ ਤਿਆਰੀ ਹੋ ਗਈ । ਲਾਗੀ ਵੀ ਆ ਗਏ, ਤੇ ਹਰਿਗੋਬਿੰਦ ਜੀ ਵੀ ।

Digitized by Panjab Digital Library | www.panjabdigilib.org

ਉਸ ਸਮੇਂ ਦਿੱਲੀ ਦੀ ਸੰਗਤ ਦੀ ਅਰਦਾਸ ਲੈ ਕੇ ਸਿੱਖ ਆ ਪਹੁੰਚਾ। ਉਹਨੇ ਸੰਗਤ ਵੱਲੋਂ ਲਿਖੀ ਚਿੱਠੀ ਮਹਾਰਾਜ ਦੇ ਹਵਾਲੇ ਕਰ ਦਿਤੀ, ਤੇ ਸਾਰੀ ਗੱਲ ਜ਼ਬਾਨੀ ਵੀ ਕਹਿ ਦਿਤੀ।

ਗੁਰੂ ਜੀ ਨੇ ਸਭ ਕੁਛ ਸੰਗਤ ਵਿਚ ਦੱਸ ਦਿਤਾ।

ਅੰਸੂ ੬

(ਦੋ ਸਗਾਈਆਂ ਇਕੱਠੀਆਂ)

ਸੰਗਤ ਦਾ ਹੁਕਮ ਮੰਨ ਕੇ ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿਤਾ, ਤੇ ਕਿਹਾ,

"ਹਮਹਿ ਮਿਲਹਿ ਕੋ ਨਿਰਹੰਕਾਰਾ।...੩।"

ਉਸੇ ਵੇਲੇ ਡੱਲੇ ਨਗਰ ਦੇ ਰਹਿਣ ਵਾਲੇ (ਭਾਈ ਪਾਰੋ ਦੀ ਅੰਸ ਵਿਚੋਂ) ਨਾਰਾਇਣ ਦਾਸ ਨੇ ਉਠ ਕੇ ਬੇਨਤੀ ਕੀਤੀ, "ਗੁਰਦੇਵ! ਮੇਰੀ ਸੱਤ ਸਾਲ ਦੀ ਕੰਨਿਆਂ ਮੰਗਣ ਯੋਗ ਹੈ। ਪਰਵਾਨ ਕਰੋ।"

ਉਹ ਰਿਸ਼ਤਾ ਪਰਵਾਨ ਹੋ ਗਿਆ, ਤੇ ਨਾਰਾਇਣ ਦਾਸ ਨੇ ਹਰਿਗੋਬਿੰਦ ਜੀ ਦੀ ਝੋਲੀ ਸਗਨ ਪਾ ਦਿਤਾ।

ਉਸੇ ਸਮੇਂ ਲੰਮਾ ਗੋਤ ਦੇ ਹਰੀ ਚੰਦ ਨੇ ਬੇਨਤੀ ਕੀਤੀ, ਕਿ ਮੇਰੀ ਦੋ ਸਾਲ ਦੀ ਕੰਨਿਆਂ ਹੈ, ਹਜ਼ੂਰ ਪਰਵਾਨ ਕਰਨ।

ਹਜ਼ੂਰ ਨੇ ਉਹ ਵੀ ਪਰਵਾਨ ਕਰ ਲਿਆ। ਸੋ, ਇਕ ਦੀ ਥਾਂ ਦੋ ਰਿਸ਼ਤੇ ਹੋ ਗਏ।

ਅੰਸੂ ੭

(ਵਿਆਹ ਦਾ ਦਿਨ ਪੱਕਾ)

ਨਾਰਾਇਣ ਦਾਸ ਦੇ ਕਹਿਣ 'ਤੇ ਗੁਰੂ ਜੀ ਨੇ ਪੰਡਤ ਨੂੰ ਸੱਦ ਕੇ ਹਰਿਗੋਬਿੰਦ ਜੀ ਦੇ ਵਿਆਹ ਦਾ ਸਾਹਾ ਸੁਧਾਇਆ। ਪੰਡਤ ਦੇ ਫ਼ੈਸਲੇ 'ਤੇ ਮਾਘ ਸੁਦੀ ਦਸਮੀ ਦਾ ਦਿਨ ਪੱਕਾ ਹੋਇਆ।

(ਕਵੀ ਜੀ ਪੰਡਤਾਂ ਦੇ ਦਬੱਾ ਥੱਲੇ ਏਨੇ ਆਏ ਹੋਏ ਹਨ, ਕਿ ਕਿਸੇ ਵੇਲੇ ਵੀ ਉਹਨਾਂ ਨੂੰ ਭੁੱਲਦੇ ਨਹੀਂ। ਗੁਰੂ ਜੀ ਦੇ ਆਪਣੇ ਵਾਕ ਹਨ: "ਸਾਹਾ ਗਣਹਿ ਨ ਕਰਹਿ ਬੀਚਾਰੁ। ਸਾਹੇ ਊਪਰਿ ਏਕੰਕਾਰ।" ਤਾਂ ਫਿਰ ਪੰਡਤਾਂ ਤੋਂ ਸ਼ੁਭ ਦਿਨ ਵੇਖ ਕੇ ਸਾਹਾ ਸੁਧਾਉਣ ਦਾ ਕੀ ਅਰਥ?)

ਬਾਕੀ ਚਰਚਾ ਦੋਹਾਂ ਘਰਾਂ ਵਿਚ ਵਿਆਹ ਦੀ ਤਿਆਰੀ ਦੀ ਹੈ।

Digitized by Panjab Digital Library | www.panjabdigilib.org

ਅੰਸੂ ੮

(ਚੰਦੂ ਦੇ ਮਨ ਵਿਚ ਵੈਰ)

ਰਿਸ਼ਤਾ ਮੁੜਨ ਦੀ ਖ਼ਬਰ ਚੰਦੂ ਤਕ ਪਹੁੰਚੀ, ਤਾਂ ਉਸ ਨੇ ਬਹੁਤ ਕ੍ਰੋਧ ਕੀਤਾ। ਉਸਨੇ ਓਸੇ ਵੇਲੇ ਗੁਰੂ ਜੀ ਵੱਲ ਧਮਕੀ ਭਰੀ ਚਿੱਠੀ ਲਿਖੀ, ਕਿ ਰਿਸ਼ਤਾ ਪ੍ਰਵਾਨ ਕਰ ਲਵੋ, ਨਹੀਂ ਤਾਂ ਸਿੱਟਾ ਮਾੜਾ ਨਿਕਲੇਗਾ।

ਪੰਡਤ ਨੇ ਉਹ ਚਿੱਠੀ ਗੁਰੂ ਜੀ ਦੇ ਹੱਥ ਲਿਆ ਦਿਤੀ। ਚਿੱਠੀ ਪੜ੍ਹ ਕੇ ਗੁਰੂ ਜੀ ਨੇ ਉਤਰ ਦਿਤਾ, ਕਿ ਅਸੀਂ ਸਿੱਖਾਂ ਦਾ ਫ਼ੈਸਲਾ ਨਹੀਂ ਬਦਲ ਸਕਦੇ।

ਪੰਡਤ ਨੇ ਫਿਰ ਬੇਨਤੀ ਕੀਤੀ, ਕਿ ਆਪ ਇਹ ਰਿਸ਼ਤਾ ਵੀ ਲੈ ਲਵੋ। ਨਹੀਂ ਤਾਂ ਚੰਦੂ ਵੈਰ ਪੈ ਜਾਵੇਗਾ।

ਅੰਸੂ ੯

(ਵਿਆਹ ਦੀ ਤਿਆਰੀ)

ਹਰਗੋਬਿੰਦ ਜੀ ਦੇ ਵਿਆਹ ਬਾਰੇ ਗੁਰੂ ਜੀ ਪ੍ਰਿਥੀਏ ਪਾਸ ਸਿੱਖਾਂ ਹੱਥ ਮਿਠਿਆਈ ਭੇਜੀ, ਤੇ ਵਿਆਹ 'ਤੇ ਆਉਣ ਬਾਰੇ ਬੇਨਤੀ ਕੀਤੀ। ਪ੍ਰਿਥੀਆ ਉਸ ਸਮੇਂ ਪਿੰਡ 'ਕੋਠਾ ਗੁਰੂ' ਵਿਚ ਸੀ। ਪ੍ਰਿਥੀਏ ਨੇ ਬੁਰਾ ਭਲਾ ਕਹਿ ਕੇ ਗੰਢ ਮੋੜ ਘੱਲੀ।

ਗੁਰੂ ਜੀ ਨੇ ਗੋਇੰਦਵਾਲ ਤੇ ਖਡੂਰ ਵੀ ਗੰਢਾਂ ਭੇਜੀਆਂ। ਸਭ ਨੇ ਖ਼ੁਸ਼ੀ ਮਨਾਈ। ਮਉ ਪਿੰਡ ਕ੍ਰਿਸ਼ਨ ਚੰਦ ਤੇ ਧਨਵੰਤੀ ਨੂੰ ਵੀ ਗੰਢ ਭੇਜੀ।

ਵਿਆਹ 'ਤੇ ਮੋਹਰੀ ਜੀ, ਸੰਸਰਾਮ, ਦਾਤੂ, ਸਭ ਆਏ।

ਅੰਸੂ ੧੦

(ਜੰਞ ਚੜ੍ਹੀ)

ਬੜੇ ਸ਼ਹਾਨਾ ਢੰਗ ਨਾਲ ਜੰਞ ਚੜ੍ਹੀ। ਸਾਰੇ ਰਿਸ਼ਤੇਦਾਰ ਤੇ ਨਾਮਵਰ ਸਿੱਖ ਨਾਲ ਚੜ੍ਹੇ।

ਅੰਸੂ ੧੧

(ਜੰਞ ਦਾ ਢੁਕਾਉ)

ਅੰਮ੍ਰਿਤਸਰੋਂ ਚੱਲ ਕੇ ਪਹਿਲੀ ਰਾਤ ਜੰਞ ਖਡੂਰ ਰਹੀ। ਦਾਤੂ ਨੇ ਬਹੁਤ ਸੇਵਾ ਕੀਤੀ। ਅਗਲੇ ਦਿਨ ਖਡੂਰ ਤੋਂ ਤੁਰ ਕੇ ਗੋਇੰਦਵਾਲ ਦਰਸ਼ਨ ਕਰਕੇ ਸੁਲਤਾਨਪੁਰ ਜਾ ਪਹੁੰਚੇ। ਦੂਸਰੀ ਰਾਤ ਸੁਲਤਾਨਪੁਰ ਗੁਜ਼ਾਰੀ। ਅਗਲੇ ਦਿਨ ਬਰਾਤ ਨੱਗਰ ਡੱਲੇ

Digitized by Panjab Digital Library | www.panjabdigilib.org

ਜਾ ਢੁੱਕੀ ।

(ਕਵੀ ਜੀ ਲਿਖਦੇ ਹਨ, ਕਿ ਖ਼ੂਬ ਸੁੱਟ ਕੀਤੀ ਗਈ । ਧਾਰਮਿਕ ਆਗੂ ਹੁੰਦੇ ਹੋਏ ਮਹਾਰਾਜ ਸਮਾਜ ਸੁਧਾਰਿਕ ਵੀ ਸਨ । ਸੋ, ਹਜ਼ੂਰ ਦਾ ਸੁੱਟ ਕਰਨਾ ਮਨ ਨੂੰ ਜਚਦਾ ਨਹੀਂ । ਕਵੀ ਸੰਤੋਖ ਸਿੰਘ ਦੇ ਸਮੇਂ ਸਿੱਖ ਸਰਦਾਰਾਂ ਵਿਚ ਇਹ ਕੁਰੀਤੀਆਂ ਆ ਗਈਆਂ ਸਨ । ਸੋ ਕਵੀ ਜੀ ਨੇ ਸਾਰੀਆਂ ਰਸਮਾਂ ਗੁਰੂ ਜੀ ਨਾਲ ਜੋੜ ਦਿਤੀਆਂ ਹਨ । ਇਹ ਠੀਕ ਨਹੀਂ ।)

ਅੰਸੂ ੧੨

(ਬਰਾਤ)

ਨਾਰਾਇਣ ਦਾਸ ਨੇ ਬਸਤ੍ਰ ਆਦਿ ਵਸਤੂ ਲੈ ਕੇ ਗੁਰੂ ਜੀ ਨਾਲ ਮਿਲਨੀ ਕੀਤੀ । ਫਿਰ ਆਤਸ਼ਬਾਜ਼ੀ ਚੱਲੀ ।

ਵਿਆਹ ਵੇਦੀ ਨਾਲ ਹੋਇਆ । ਪੰਡਤ ਨੇ ਗ੍ਰਹਿਆਂ ਤੇ ਗਣੇਸ਼ ਦੀ ਪੂਜਾ ਕੀਤੀ । (ਪੂਰਨ ਹਿੰਦੂ ਰੀਤੀ) ।

ਅੰਸੂ ੧੩

(ਬਰਾਤ)

ਬਰਾਤ ਦੇ ਰੋਟੀ ਖਾਣ ਸਮੇਂ ਲਿਖਦੇ ਹਨ :

"ਨਰ ਜੇ ਬਰਾਤ ਅਭਿਰਾਮੂ ।
ਦੇ ਗਾਰੀ ਲੇਕਰ ਨਾਮੂ ।੩੫।"

(ਜਿੰਨੇ ਨਾਮਵਰ ਬਰਾਤੀ ਸਨ, ਇਸਤਰੀਆਂ ਨਾਮ ਲੈ ਲੈ ਕੇ ਸਿੱਠਣੀਆਂ ਦੇਂਦੀਆਂ ਸਨ, ਗਾਹਲਾਂ ਕਢਦੀਆਂ ਸਨ । ਕੀ ਸਿੱਖ ਇਸਤਰੀਆਂ ਗੁਰੂ ਜੀ ਨੂੰ ਵੀ ਗਾਹਲੀਂ [ਸਿਠਣੀਆਂ] ਦੇਂਦੀਆਂ ਸਨ ? ਅਨਹੋਣੀ ਗੱਲ । ਬੱਸ, ਸੁੱਖੇ ਦੇ ਲ਼ੋਰ ਵਿਚ ਆਮ ਲੋਕਾਂ ਵਾਲੀਆਂ ਗੱਲਾਂ ਲਿਖ ਦਿਤੀਆਂ ।)

(ਏਥੇ ਹੀ ਬੱ। ਨਹੀਂ । ਰੋਟੀ ਪਿੱਛੋਂ ਜੰਞ ਨੂੰ ਪਾਨ ਵੀ ਦਿਤੇ ।)

"ਪੁਨ ਦ ਨਿ ਗਿਲਰੀ[1] ਖਾਨੇ ।
ਮੁਖ ਰੰਗ ਸੁਰੰਗੀ ਬਾਨੇ[2] ।੩੬।"

ਹਰਿਗੋਬਿੰਦ ਜੀ ਦੀ ਯਾਦ ਵਿਚ ਪਿੰਡ ਦੀ ਪੂਰਬ ਦਿਸ਼ਾ ਵੱਲ ਗੁਰੂ ਜੀ ਨੇ ਬਾਉਲੀ ਦਾ ਟੱਪ ਲਾਇਆ । ਜੋ ਪਿਛੋਂ ਬਣੀ ।

---

1 ਪਾਨ । 2 ਜਿਵੇਂ ਪੁਸ਼ਾਕਾਂ ਰੰਗਦਾਰ ਸਨ, ਤਿਵੇਂ ਮੂੰਹ ਵੀ ਰੰਗੇ ਗਏ ।

Digitized by Panjab Digital Library | www.panjabdigilib.org

ਅੰਸੂ ੧੪

(ਬਰਾਤ ਵਾਪਸ ਆਈ)

ਹਰਿਗੋਬਿੰਦ ਜੀ ਦੇ ਇਸ ਮਹਿਲ ਦਾ ਨਾਮ ਦਮੋਦਰੀ ਸੀ।

ਬਰਾਤ ਤਿੰਨ ਦਿਨ ਡੱਲੇ ਰਹੀ।

ਵਿਦਾਇਗੀ ਸਮੇਂ ਡੋਲੇ ਉਤਦੀ ਵੀ ਸੁੱਟ ਕੀਤੀ ਗਈ। ਡੱਲੇ ਤੋਂ ਚੱਲ ਕੇ ਜੰਞ ਰਾਤ ਗੋਇੰਦਵਾਲ ਰਹੀ। ਅਗਲੇ ਦਿਨ ਖਡੂਰ ਤੇ ਤਰਨ ਤਾਰਨ ਦੇ ਰਸਤੇ ਜੰਞ ਵਾਪਸ ਅੰਮ੍ਰਿਤਸਰ ਪੁੱਜੀ।

ਗੋਇੰਦਵਾਲ ਤੋਂ ਮੋਹਨ ਜੀ ਵੀ ਨਾਲ ਅੰਮ੍ਰਿਤਸਰ ਗਏ।

ਅੰਸੂ ੧੫

(ਮੇਲ ਦੀ ਵਿਦਾਇਗੀ)

ਵਿਆਹ ਪਿਛੋਂ ਮਾਤਾ ਗੰਗਾ ਜੀ ਨੇ ਸਾਰ ਮੇਲ ਨੂੰ ਬੜੇ ਆਦਰ ਨਾਲ ਵਿਦਿਆ ਕੀਤਾ।

(ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਤੋਂ ਪਹਿਲਾਂ ਖੂਹ ਤੋਂ ਇਸ਼ਨਾਨ ਕਰਨਾ ਵਾਰ ਵਾਰ ਲਿਖਿਆ ਹੈ।)

——

ਅੰਸੂ ੧੬

(ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ)

ਪ੍ਰਿਥੀਏ ਨੇ ਮਦਦ ਵਾਸਤੇ ਸੁਲਹੀ ਨੂੰ ਚਿੱਠੀ ਲਿਖੀ। ਸੁਲਹੀ ਨੇ ਉਤਰ ਦਿਤਾ, ਕਿ ਮੈਂ ਆ ਰਿਹਾ ਹਾਂ।

ਦਿੱਲੀ ਦੀ ਸੰਗਤ ਨੇ ਸਾਰੇ ਹਾਲ ਗੁਰੂ ਜੀ ਨੂੰ ਲਿਖ ਭੇਜੇ। ਕੁਛ ਲੋਕ ਘਬਰਾ ਗਏ। ਉਹ ਗੁਰੂ ਜੀ ਨੂੰ ਏਥੋਂ ਤਕ ਸਲਾਹ ਦੇਣ ਲੱਗੇ, ਕਿ ਵਿਰੋਧੀਆਂ ਨਾਲ ਸੁਲ੍ਹਾ ਕਰ ਲਈ ਜਾਵੇ।

ਗੁਰੂ ਜੀ ਨੇ ਕਿਹਾ, ਵਾਹਿਗੁਰੂ 'ਤੇ ਭਰੋਸਾ ਰੱਖੋ।

——

ਅੰਸੂ ੧੭

(ਸੁਲਹੀ ਚੜ੍ਹ ਕੇ ਆਇਆ)

ਸੁਲਹੀ ਫ਼ੌਜ ਲੈ ਕੇ ਦਿੱਲੀ ਤੋਂ ਪੰਜਾਬ ਵੱਲ ਚੜ੍ਹਿਆ। ਤੁਰਨ ਤੋਂ ਪਹਿਲਾਂ ਉਹਨੇ ਚੰਦੂ ਨਾਲ ਵੀ ਗੱਲ ਗਿਣ ਲਈ।

Digitized by Panjab Digital Library | www.panjabdigilib.org

ਦਿੱਲੀ ਦੀ ਸੰਗਤ ਨੇ ਸਾਰਾ ਹਾਲ ਗੁਰੂ ਜੀ ਨੂੰ ਲਿਖ ਭੇਜਿਆ। ਮਸੰਦ ਫਿਰ ਘਬਰਾਏ। ਗੁਰੂ ਜੀ ਨੇ ਕਿਹਾ, ਵਾਹਿਗੁਰੂ ਤੇ ਭਰੋਸਾ ਰੱਖੋ। ਦੁਸ਼ਮਣ ਸਾਡੇ ਤਕ ਨਹੀਂ ਪੁੱਜੇਗਾ।

ਸੁਲਹੀ ਦਿੱਲੀ ਤੋਂ ਤੁਰਿਆ, ਤਾਂ ਬੜੇ ਕੁਸਗਨ ਹੋਏ।
ਸੁਲਹੀ ਨਗਰ ਕੋਠੇ ਨੇੜੇ ਪੁੱਜਾ, ਤਾਂ ਪ੍ਰਿਥੀਆ ਅੱਗੇ ਜਾ ਕੇ ਮਿਲਿਆ।

ਅੰਸੂ ੧੮

(ਸੁਲਹੀ ਸੜ ਮਰਿਆ)

ਸਣੇ ਸੈਨਾ ਸੁਲਹੀ 'ਕੋਠੇ' ਨੱਗਰ ਆ ਉਤਰਿਆ। ਪ੍ਰਿਥੀਏ ਨੇ ਬੜੀ ਸੇਵਾ ਕੀਤੀ। ਨਾਲ ਹੀ ਪ੍ਰਿਥੀਏ ਨੇ ਗੁਰੂ ਜੀ ਦੇ ਵਿਰੁੱਧ ਬਹੁਤ ਕੁਛ ਕਿਹਾ।

ਅਗਲੇ ਦਿਨ ਸੁਲਹੀ ਨੂੰ ਨਾਲ ਲੈ ਕੇ ਪ੍ਰਿਥੀਏ ਨੇ ਆਪਣੇ ਘਰ ਮੰਦਰ ਵਿਖਾਏ। ਫਿਰ ਦੋਵੇਂ ਪ੍ਰਿਥੀਏ ਦੇ ਆਵੇ ਵੇਖਣ ਗਏ। ਸੁਲਹੀ ਦਾ ਘੋੜਾ ਆਵੇ 'ਤੇ ਚੜ੍ਹ ਗਿਆ। ਇਸ ਤਰਾਂ ਸੁਲਹੀ ਆਵੇ ਦੀ ਅੱਗ ਵਿਚ ਸੜ ਕੇ ਮਰ ਗਿਆ। ਬੜੀ ਮੁਸ਼ਕਲ ਨਾਲ ਸੁਲਹੀ ਦੀ ਸੜੀ ਦੇਹ ਕਢ ਕੇ ਦਫਨਾਈ ਗਈ।

[ਏਥੇ ਕਵੀ ਜੀ ਲਿਖਦੇ ਹਨ, ਕਿ ਸੁਲਹੀ ਗੁਰੂ ਜੀ ਦੇ ਸਰਾਪ ਨਾਲ ਮਰਿਆ। ਪਰ ਗੁਰੂ ਜੀ ਦੇ ਸਬਦ ਤੋਂ ਇਹ ਗੱਲ ਸਿੱਧ ਨਹੀਂ ਹੁੰਦੀ।]

"ਸੁਲਹੀ ਤੇ ਨਾਰਾਇਣ ਰਾਖੁ।
ਸੁਲਹੀ ਕਾ ਹਾਥੁ ਕਹੀ ਨ ਪਹੁਚੈ,
ਸੁਲਹੀ ਹੋਇ ਮੂਆ ਨਾਪਾਕੁ।...।"

[ਇਹ ਸਬਦ ਸੁਲਹੀ ਦੀ ਮੌਤ ਪਿੱਛੋਂ ਈਸ਼ਵਰ ਦੇ ਧੰਨਵਾਦ ਵਜੋਂ ਉਚਾਰਿਆ ਹੈ। ਸੋ ਇਸਨੂੰ ਅਗੇਤਰਾ ਸਰਾਪ ਨਹੀਂ ਕਿਹਾ ਜਾ ਸਕਦਾ।]

ਅੰਸੂ ੧੯

(ਚੰਦੂ ਦੀ ਚਿੱਠੀ ਪ੍ਰਿਥੀਏ ਨੂੰ)

ਚੰਦੂ ਨੇ ਪ੍ਰਿਥੀਏ ਨੂੰ ਚਿੱਠੀ ਲਿਖੀ। ਪ੍ਰਿਥੀਏ ਨੇ ਕਿਹਾ, ਕਿ ਮੈਂ ਤਾਂ ਆਪ ਗੁਰੂ ਤੋਂ ਵੈਰ ਲੈਣਾ ਚਾਹੁੰਦਾ ਹਾਂ। ਆਪ ਕਹੋ, ਤਾਂ ਮੈਂ ਮਿਲਨ ਵਾਸਤੇ ਹਾਜ਼ਰ ਹਾਂ।

ਅੰਸੂ ੨੦

(ਚੰਦੂ ਤੇ ਪ੍ਰਿਥੀਏ ਦਾ ਮੇਲ)

ਚੰਦੂ ਦੇ ਬੁਲਾਉਣ ਉਤੇ ਪ੍ਰਿਥੀਆ ਉਸਨੂੰ ਜਾ ਕੇ ਮਿਲਿਆ, ਤੇ ਸਿਰੋਪਾਉ ਦਿਤਾ।

Digitized by Panjab Digital Library | www.panjabdigilib.org

ਦੋਹਾਂ ਨੇ ਗੁਰੂ ਜੀ ਦੇ ਵਿਰੁੱਧ ਇਕੱਠ ਕਰ ਲਿਆ ।

ਅੰਸੂ ੨੧

(ਗੁਰੂ ਜੀ ਦਾ ਗੋਇੰਦਵਾਲ ਜਾਣਾ)

ਗੁਰੂ ਜੀ ਪਹਿਲਾਂ ਖਡੂਰ ਗਏ ਤੇ ਦਾਤੂ ਨੂੰ ਮਿਲੇ । ਦੂਸਰੇ ਗੁਰੂ ਦੇ ਅਸਥਾਨ ਦੇ ਦਰਸ਼ਨ ਕੀਤੇ । ਓਥੋਂ ਚੱਲ ਕੇ ਹਜ਼ੂਰ ਗੋਇੰਦਵਾਲ ਪੁੱਜੇ । ਮੋਹਰੀ ਆਦਿ ਸਭ ਪ੍ਰੇਮ ਨਾਲ ਮਿਲੇ । ਗੁਰੂ ਜੀ ਓਥੇ ਪੂਰਨਮਾਸ਼ੀ ਮਨਾਉਣ ਗਏ । ਸੰਗਤਾਂ ਇਕੱਠੀਆਂ ਹੋ ਗਈਆਂ । ਗੁਰੂ ਜੀ ਨੇ ਸਿੱਖਾਂ ਦੇ ਚਰਨ ਧੋਤੇ ।

"ਸ੍ਰੀ ਅਰਜਨ ਜਲ ਨਿਜ ਕਰ ਧਰਿਕੈ,
ਚਰਨ ਪਖਾਰਹਿਂ ਪ੍ਰੀਤਿ ਬਿਸਾਲਿ ।.. ੨੪।"

[ਲੇਖਕ ਦੀ ਸ਼ਰਧਾ ਹੈ । ਨਹੀਂ ਤਾਂ ਕੋਈ ਸਿੱਖ ਗੁਰੂ ਜੀ ਪਾਸੋਂ ਆਪਣੇ ਚਰਨ ਧੁਆ ਸਕਦਾ ਹੈ ?]

ਪੂਰਨਮਾਸ਼ੀ ਦੇ ਸਮਾਗਮ ਪਿਛੋਂ ਵੀ ਗੁਰੂ ਜੀ ਕੁਛ ਸਮਾਂ ਗੋਇੰਦਵਾਲ ਰਹੇ ।

ਅੰਸੂ ੨੨

(ਮਹਾਦੇਵ ਜੀ ਸੁਰਗ ਸਿਧਾਰੇ)

ਮਹਾਦੇਵ ਜੀ ਗੋਇੰਦਵਾਲ ਹੀ ਜੋਤੀ ਜੋਤਿ ਸਮਾ ਗਏ । ਉਹਨਾਂ ਦਾ ਅੰਤਮ ਸ਼ੰਸਕਾਰ ਬਿਆਸਾ ਕੰਢੇ ਕੀਤਾ ਗਿਆ, ਤੇ ਚੌਥੇ ਦਿਨ ਫੁੱਲ ਵੀ ਬਿਆਸਾ ਵਿਚ ਪ੍ਰਵਾਹੇ ਗਏ ।

ਮੋਹਨ ਜੀ ਜਨਮੇ ੧੬੦੭ ਬਿ. ਤੇ ਸੁਰਗ ਸਿਧਾਰੇ ੧੬੬੨ ਬਿ. । ਗੁਰੂ ਜੀ ਫਿਰ ਅੰਮ੍ਰਿਤਸਰ ਚਲੇ ਗਏ ।

ਅੰਸੂ ੨੩

(ਗੁਰੂ ਜੀ ਦੇ ਗੁਣ)

ਇਸ ਅੰਸੂ ਵਿਚ ਹਰਿਗੋਬਿੰਦ ਜੀ ਤੇ ਪੰਜਵੇਂ ਪਾਤਸ਼ਾਹ ਦੀ ਉਪਮਾ ਤੇ ਨਿੱਤ ਕਰਮ ਬਾਰੇ ਲਿਖਿਆ ਹੈ ।

Digitized by Panjab Digital Library | www.panjabdigilib.org

ਅੰਸੂ ੨੪

(ਜਹਾਂਗੀਰ ਕਸ਼ਮੀਰ ਨੂੰ)

ਪ੍ਰਿਥੀਏ ਨੇ ਗੁਰੂ ਜੀ ਦੇ ਵਿਰੁੱਧ ਚੰਦੂ ਨੂੰ ਚਿੱਠੀ ਲਿਖੀ। ਚੰਦੂ ਨੇ ਉਤਰ ਵਿਚ ਲਿਖਿਆ, ਕਿ ਮੈਂ ਬਾਦਸ਼ਾਹ ਨੂੰ ਪੰਜਾਬ ਵੱਲ ਲਿਆਉਣ ਦਾ ਯਤਨ ਕਰ ਰਿਹਾ ਹਾਂ।

ਚੰਦੂ ਦੀ ਪ੍ਰੇਰਨਾ ਨਾਲ ਜਹਾਂਗੀਰ ਕਸ਼ਮੀਰ ਜਾਣ ਵਾਸਤੇ ਤਿਆਰ ਹੋ ਪਿਆ।

ਬਿਆਸ ਦੇ ਕੰਢੇ ਪੁੱਜੇ, ਤਾਂ ਬਾਦਸ਼ਾਹ ਸ਼ਕਾਰ ਖੇਡਣ ਗਿਆ। ਹਰਨ ਪਿੱਛੇ ਦੌੜਿਆ, ਤਾਂ ਘੋੜੇ ਤੋਂ ਡਿਗਣ ਕਰਕੇ ਜਹਾਂਗੀਰ ਨੂੰ ਸੱਟ ਲੱਗ ਗਈ। ਬਾਦਸ਼ਾਹ ਨੇ ਚੰਦੂ ਨੂੰ ਕਿਹਾ, ਕਿ ਨਜੂਮੀ ਜਨਮ ਪੱਤਰੀ ਵੇਖ ਕੇ ਦੱਸੇ, ਕਿ ਮੈਨੂੰ ਸੱਟ ਕਿਉਂ ਲੱਗੀ ਹੈ।

ਚੰਦੂ ਨੇ ਕਿਹਾ, ਕਿ ਰਾਤ ਚੋਰ ਬਹੁਤ ਕੁਛ ਲੁੱਟ ਕੇ ਲੈ ਗਏ ਹਨ, ਤੇ ਵਿਚੇ ਜਨਮ ਪੱਤਰੀ ਲੈ ਗਏ ਹਨ। ਬਾਦਸ਼ਾਹ ਨੇ ਪੁਛਿਆ, ਮੇਰੇ ਦੇਸ ਵਿਚ ਚੋਰ ? ਉਹ ਕਿਉਂ ?

ਚੰਦੂ ਨੇ ਉਤਰ ਦਿਤਾ, ਕਿ ਗੁਰੂ ਅਰਜਨ ਆਪਣੇ ਪਾਸ ਚੋਰ ਧਾੜਵੀ ਰੱਖਦਾ ਹੈ, ਤੇ ਚੋਰੀ ਕਰਾਉਂਦਾ ਹੈ।

ਬਾਦਸ਼ਾਹ ਨੇ ਕਿਹਾ, ਇਹ ਕਿਵੇਂ ਹੋ ਸਕਦਾ ਹੈ ? ਗੁਰੂ ਨਾਨਕ ਦੀ ਗੱਦੀ 'ਤੇ ਬੈਠਣ ਵਾਲਾ ਚੋਰ ਨਹੀਂ ਰੱਖ ਸਕਦਾ।

ਅੰਸੂ ੨੫

(ਸੁਲਬੀ ਮਰਿਆ)

ਚੰਦੂ ਨੇ ਸੁਲਬੀ ਨੂੰ ਚੁੱਕਿਆ, ਕਿ ਤੂੰ ਗੁਰੂ ਤੋਂ ਚਾਚੇ [ਸੁਲਹੀ] ਦਾ ਬਦਲਾ ਲੈ, ਮੈਂ ਤੇਰੀ ਮਦਦ ਕਰਾਂਗਾ।

ਚੰਦੂ ਨੇ ਬਾਦਸ਼ਾਹ ਨੂੰ ਸਲਾਹ ਦਿੱਤੀ, ਕਿ ਸੁਲਬੀ ਨੂੰ ਅੰਮ੍ਰਿਤਸਰ ਭੇਜਿਆ ਜਾਵੇ, ਤਾਂ ਕਿ ਜਿਹੜੀ ਕਤਾਬ ਚੋਰੀ ਹੋ ਗਈ ਹੈ, ਉਹ ਗੁਰੂ ਜੀ ਪਾਸੋਂ ਲੈ ਆਵੇ।

ਬਾਦਸ਼ਾਹ ਨੇ ਕਿਹਾ, ਕਿ ਸੁਲਬੀ, ਗੁਰੂ ਜੀ ਨਾਲ ਸਤਕਾਰ ਸਹਿਤ ਪੇਸ਼ ਆਵੇ, ਤੇ ਜੇ ਗੁਰੂ ਜੀ ਨੂੰ ਖ਼ਰਚ ਦੀ ਲੋੜ ਹੈ, ਤਾਂ ਮੈਂ ਹੋਰ ਜਾਗੀਰ ਦੇ ਦਿਆਂਗਾ।

ਏਨੇ ਕੁ ਇਸ਼ਾਰੇ ਤੇ ਸੁਲਬੀ ਨੇ ਫ਼ੌਜ ਲੈ ਕੇ ਅੰਮ੍ਰਿਤਸਰ 'ਤੇ ਚੜ੍ਹਾਈ ਕਰ ਦਿੱਤੀ। ਰਸਤੇ ਵਿਚ ਸੁਲਹੀ ਦੀ ਫ਼ੌਜ ਦੇ ਕੁਛ ਲੋਕ ਮਿਲ ਪਏ, ਜਿੰਨ੍ਹਾਂ ਦੀ ਤਨਖ਼ਾਹ ਬਾਕੀ ਰਹਿੰਦੀ ਸੀ। ਉਹਨਾਂ ਸੁਲਬੀ ਤੋਂ ਤਨਖ਼ਾਹ ਮੰਗੀ। ਇਸ ਤੋਂ ਉਹਨਾਂ ਦਾ ਸੁਲਬੀ ਨਾਲ ਝਗੜਾ ਹੋ ਪਿਆ। ਵਿਰੋਧੀਆਂ ਦੇ ਆਗੂ ਸੱਯਦ ਨੇ ਖ਼ੰਜਰ ਮਾਰ ਕੇ ਸੁਲਬੀ ਨੂੰ ਥਾਂ ਮਾਰ ਦਿਤਾ। ਸੁਲਬੀ ਦੀ ਫ਼ੌਜ ਵਾਪਸ ਲਾਹੌਰ ਪਰਤ ਗਈ। ਬਾਦਸ਼ਾਹ ਨੇ ਕਿਹਾ,

Digitized by Panjab Digital Library | www.panjabdigilib.org

ਇਹ ਗੁਰੂ ਜੀ ਦੇ ਵਿਰੋਧ ਦਾ ਫਲ ਹੈ ।

ਅੰਸੂ ੨੬

(ਪ੍ਰਿਥੀਆ ਸੁਰਗਵਾਸ)

ਪ੍ਰਿਥੀਏ ਨੇ ਚੰਦੂ ਨੂੰ ਚਿੱਠੀ ਲਿਖੀ, ਕਿ ਜਦੋਂ ਲਿਖੋਗੇ, ਮੈਂ ਲਾਹੌਰ ਆ ਜਾਵਾਂਗਾ। ਬਾਦਸ਼ਾਹ ਨੂੰ ਮਿਲ ਕੇ ਮੇਰੀ ਮਦਦ ਕਰੋ ।

ਚੰਦੂ ਨੇ ਬਾਦਸ਼ਾਹ ਕੋਲ ਪ੍ਰਿਥੀਏ ਤੇ ਗੁਰੂ ਜੀ ਦੇ ਝਗੜੇ ਦੀ ਗੱਲ ਹਿਲਾਈ । ਬਾਦਸ਼ਾਹ ਨੇ ਪ੍ਰਿਥੀਏ ਨੂੰ ਬੁਲਾਉਣ ਦਾ ਹੁਕਮ ਦਿਤਾ ।

ਚੰਦੂ ਦਾ ਸੁਨੇਹਾ ਮਿਲਦਿਆਂ ਪ੍ਰਿਥੀਆ ਘਰੋਂ ਤੁਰ ਪਿਆ । ਉਸਦੇ ਘਰੋਂ ਤੁਰਦਿਆਂ ਬੜੇ ਮੰਦੇ ਸਗਨ ਹੋਏ । [ਕਵੀ ਜੀ ਸਗਨ ਕੁਸਗਨ ਬੜੇ ਵਿਚਾਰਦੇ ਹਨ ।] ਉਸਨੇ ਤਰਨ ਤਾਰਨ ਨੂੰ 'ਛਪੜੀ' ਦੱਸਿਆ, ਤੇ 'ਹੇਹਰੀਂ' ਜਾ ਕੇ ਬਿਸਰਾਮ ਕੀਤਾ । ਉਹਨੇ ਸਾਥੀਆਂ ਨੂੰ ਕਿਹਾ, 'ਅਸਲੀ ਤੀਰਥ ਇਹ ਹੈ ।'

ਰਾਤ ਪ੍ਰਿਥੀਏ ਨੂੰ ਹੈਜ਼ਾ ਹੋ ਗਿਆ । ਉਸਨੇ ਕਿਹਾ, ਮੇਰਾ ਸਸਕਾਰ ਏਥੇ [ਹੇਹਰ ਪਿੰਡ] ਹੀ ਕਰਨਾ । ਮੇਹਰਵਾਨ ਨੂੰ ਕਹਿਣਾ, ਕਿ ਮੇਰੀ ਅੰਸ ਵਿਚੋਂ ਜੋ ਵੀ ਹੋਵੇ, ਸਸਕਾਰ ਏਥੇ ਕੀਤਾ ਜਾਵੇ । ਪ੍ਰਿਥੀਆ ਮਰ ਗਿਆ । ਅਗਲੇ ਦਿਨ ਸਾਥੀਆਂ ਨੇ ਓਥੇ ਸਸਕਾਰ ਕਰ ਦਿਤਾ ।

ਅੰਸੂ ੨੭

(ਪ੍ਰਿਥੀਏ ਦਾ ਸੋਗ)

ਜਨਮ ਪ੍ਰਿਥੀਆ ਸੱਤ ਅੱਸੂ, ੧੬੦੫ ਬਿ. ।

ਪ੍ਰਿਥੀਆ ਸੁਰਗਵਾਸ ਵਿਸਾਖ, ੧੬੬੩ ਬਿ. ।

ਨੱਗਰ ਕੋਠੇ ਵਿਚ ਖ਼ਬਰ ਪਹੁੰਚਣ ਤੇ ਪ੍ਰਿਥੀਏ ਦੇ ਪਰਵਾਰ ਨੇ ਬਹੁਤ ਸੋਗ ਮਨਾਇਆ । ਕਰਮੋ ਨੇ ਮੇਹਰਵਾਨ ਨੂੰ ਸਮਝਾਇਆ, ਤੂੰ ਹੁਣ ਗੁਰੂ ਨਾਲ ਵੈਰ ਵਿਰੋਧ ਨਾ ਕਰੀਂ ।

ਚੰਦੂ ਨੂੰ ਖ਼ਬਰ ਪਹੁੰਚੀ, ਤਾਂ ਉਸਨੇ ਬਹੁਤ ਹੀ ਅਫ਼ਸੋਸ ਕੀਤਾ । ਉਸਨੇ ਬਾਦਸ਼ਾਹ ਨੂੰ ਪ੍ਰਿਥੀਏ ਦੇ ਮਰਨ ਦੀ ਖ਼ਬਰ ਦਿਤੀ, ਤੇ ਨਾਲ ਹੀ ਗੁਰੂ ਜੀ ਨੂੰ ਮਿਲਨ ਲਈ ਬੁਲਾਉਣ ਵਾਸਤੇ ਪੁਛਿਆ । ਚੰਦੂ ਦੇ ਪ੍ਰੇਰਨ ਤੇ ਬਾਦਸ਼ਾਹ ਨੇ ਗੁਰੂ ਜੀ ਨੂੰ ਬੁਲਾਉਣ ਦਾ ਹੁਕਮ ਦੇ ਦਿਤਾ ।

Digitized by Panjab Digital Library | www.panjabdigilib.org

ਅੰਸੂ ੨੮

(ਸ੍ਰੀ ਚੰਦ ਨੇ ਭੇਟਾ ਮੰਗੀ)

ਸ੍ਰੀ ਚੰਦ ਜੀ ਨੇ ਆਪਣੇ ਸੇਵਕ ਕਮਲੀਆ ਨੂੰ ਗੁਰੂ ਪਾਸ ਭੇਜਿਆ, ਕਿ ਉਹ ਗੁਰੂ ਜੀ ਪਾਸੋਂ ਪੰਜ ਸੌ ਰੁਪੈ ਪੁੱਤਰ ਦੇ ਵਿਆਹ ਦੀ ਖ਼ੁਸ਼ੀ ਵਿਚ, ਪੰਜ ਸੌ ਸਾਲ ਦਾ ਤੇ ਇਕ ਘੋੜਾ ਲੈ ਕੇ ਆਵੇ।

ਲੰਗਰ ਵਿਚ ਮਾਤਾ ਗੰਗਾ ਜੀ ਆਪ ਸੇਵਾ ਕਰਿਆ ਕਰਦੇ ਸਨ।

"ਸ੍ਰੀ ਗੰਗਾ ਤਹਿਂ ਬਰਤਾਵੈ।
ਸਿੱਖ ਸੰਗਤਿ ਲੇ ਸਭਿ ਖਾਵੈ।...੧੬।"

ਗੁਰੂ ਜੀ ਨੇ ਇਕ ਹਜ਼ਾਰ ਰੁਪੈ ਤੇ ਇਕ ਘੋੜਾ ਓਸੇ ਵੇਲੇ ਦੇ ਦਿਤੇ ਤੇ ਕਮਲੀਏ ਨਾਲ ਆਪਣਾ ਸਿੱਖ ਵੀ ਭੇਜਿਆ।

ਸ੍ਰੀ ਚੰਦ ਨੇ ਕਮਲੀਏ ਤੋਂ ਸਾਰੀ ਵਾਰਤਾ ਪੁੱਛੀ। ਕਮਲੀਏ ਨੇ ਕਿਹਾ, ਗੁਰੂ ਜੀ ਨੇ ਸਭ ਭੇਟਾ ਖ਼ੁਸ਼ੀ ਨਾਲ ਦੇ ਦਿਤੀ। ਪਰ ਜਦ ਮੈਂ ਲੰਗਰ ਛਕਣ ਗਿਆ, ਤਾਂ ਮਾਤਾ ਗੰਗਾ ਜੀ ਨੇ ਕਿਹਾ, ਤੂੰ ਤਾਂ ਅਹਿਦੀਏ (ਸਿਪਾਹੀ) ਵਾਂਗ ਖਲਾ ਖਲੋਤਾ ਪ੍ਰਸਾਦਾ ਮੰਗਦਾ ਏਂ।

ਏਨੀ ਗੱਲ ਤੋਂ ਨਾਰਾਜ਼ ਹੋ ਕੇ ਸ੍ਰੀ ਚੰਦ ਨੇ ਸਰਾਪ ਦੇ ਦਿਤਾ,

"ਤੈਂ ਅਹਿਦੀ ਤਿਨ ਘਰ ਆਵੈਂ।
ਰਿਪੁ ਕੂਰੇ ਦੋਸ਼ ਲਗਾਵੈਂ।
ਤਿਨ ਆਵਨਿ ਕੋ ਫਲ ਦੇਖੋ।
ਤੁਰਕੇਸ਼ਰ[1] ਦੁਖਦ ਵਿਸੇਖੋ[2] ।੩੬।
ਇਮ ਦਿਯੋ ਸ੍ਰਾਪ ਗੁਰ ਘਰ ਕੋ।
ਹੁਇ ਹੋਨਹਾਰ ਪਰਹਰਿ ਕੋ[3] ।...੩੭।"

(ਕਵੀ ਜੀ 'ਵਰ' 'ਸਰਾਪ' 'ਤੇ ਬੜਾ ਯਕੀਨ ਰਖਦੇ ਹਨ। ਪੁਰਾਣਕ ਵਿੱਦਿਆ ਦਾ ਅਸਰ।)

ਘੋੜਾ ਵੇਖ ਕੇ ਸ੍ਰੀ ਚੰਦ ਜੀ ਖ਼ੁਸ਼ ਹੋ ਗਏ, ਤੇ ਝੱਟ ਹੀ 'ਵਰ' ਵੀ ਦੇ ਦਿਤਾ।

"ਗੁਰੁ ਘਰ ਮਹਿਂ ਵਧਹਿ ਤੁਬੇਲਾ।
ਹੁਇ ਅਧਿਕੈ ਸੈਨ ਸਕੇਲਾ ।੩੮।"

---

1 ਤੁਰਕ ਬਾਦਸ਼ਾਹ। 2 ਵਧੇਰੇ। 3 ਹੋਣਹਾਰ ਨੂੰ ਕੌਣ ਹਟਾ ਸਕਦਾ ਹੈ।

Digitized by Panjab Digital Library | www.panjabdigilib.org

ਅੰਸੂ ੨੯

(ਖੁਸਰੋ ਦਾ ਆਉਣਾ)

ਕਿਸੇ ਕਾਰਨ ਜਹਾਂਗੀਰ ਨੇ ਨਾਰਾਜ਼ ਹੋ ਕੇ ਖ਼ੁਸਰੋ ਨੂੰ ਘਰੋਂ ਕੱਢ ਦਿਤਾ। ਸ਼ਾਹਜ਼ਾਦਾ (ਖ਼ੁਸਰੋ) ਕੁਛ ਨੌਕਰ ਨਾਲ ਲੈ ਕੇ ਪੰਜਾਬ ਨੂੰ ਨਿਕਲ ਆਇਆ। ਗੁਰੂ ਜੀ ਉਸ ਵੇਲੇ ਤਰਨ ਤਾਰਨ ਸਨ। ਖ਼ੁਸਰੋ ਰਾਤ ਤਰਨ ਤਾਰਨ ਰਿਹਾ। ਉਹ ਗੁਰੂ ਜੀ ਨੂੰ ਮਿਲਿਆ, ਤੇ ਆਪਣੀ ਕਹਾਣੀ ਦੱਸੀ। ਗੁਰੂ ਜੀ ਨੇ ਉਸਨੂੰ ਕੁਛ ਦਿਨ ਕੋਲ ਰੱਖਿਆ ਤੇ ਫਿਰ ਖ਼ਰਚ ਵਾਸਤੇ ਪੰਜ ਹਜ਼ਾਰ ਦਿਤਾ।

"ਜਬਹਿ ਚਲਨਿ ਕਹੁ ਤਿਨ ਮਨ ਕੀਨਾ।
ਪੰਚ ਸਹੰਸ੍ਰ[1] ਗੁਰੂ ਧਨ ਦੀਨਾ।...੧੩।"

(ਖ਼ੁਸਰੋ ਦੇ ਸਾਥੀਆਂ ਨੇ ਲੰਗਰ ਵਿਚੋਂ ਪ੍ਰਸਾਦ ਜ਼ਰੂਰ ਛਕਿਆ ਹੈ। ਪਰ ਗੁਰੂ ਜੀ ਵੱਲੋਂ ਰੁਪੈ ਦੇਣੇ ਗ਼ਲਤ ਹੈ।)

ਚੰਦੂ ਦੇ ਇਕ ਆਦਮੀ ਨੇ ਇਹ ਸਾਰੀ ਗੱਲ ਚੰਦੂ ਨੂੰ ਜਾ ਦੱਸੀ। ਚੰਦੂ ਨੇ ਬਾਦਸ਼ਾਹ ਨੂੰ ਜਾ ਭੜਕਾਇਆ। ਚੰਦੂ ਦੀ ਸਲਾਹ ਨਾਲ ਜਹਾਂਗੀਰ ਨੇ ਗੁਰੂ ਜੀ ਨੂੰ ਦੋ ਲੱਖ ਜੁਰਮਾਨਾ ਕੀਤਾ। ਹੁਕਮ ਲੈ ਕੇ ਅਹਿਦੀਏ ਅੰਮ੍ਰਿਤਸਰ ਜਾ ਪਹੁੰਚੇ।

ਅੰਸੂ ੩੦

(ਹਰਿਗੋਬਿੰਦ ਜੀ ਨੂੰ ਉਪਦੇਸ਼)

ਅਹਿਦੀਆ ਆ ਹਾਜ਼ਰ ਹੋਇਆ। ਹੁਕਮ ਪੜ੍ਹ ਕੇ ਗੁਰੂ ਜੀ ਨੇ ਕਿਹਾ, ਅਸੀਂ ਆਪ ਹੀ ਲਾਹੌਰ ਪੁੱਜ ਜਾਵਾਂਗੇ।

ਚੰਦੂ ਨੇ ਫਿਰ ਬਾਦਸ਼ਾਹ ਨੂੰ ਭੜਕਾਇਆ, ਕਿ ਗੁਰੂ ਜੀ ਨੇ ਨਾ ਜੁਰਮਾਨਾ ਤਾਰਿਆ ਹੈ, ਤੇ ਨਾ ਹੀ ਅਹਿਦੀਏ ਨਾਲ ਆਏ ਹਨ। ਬਾਦਸ਼ਾਹ ਨੇ ਕਿਹਾ, ਕਿ ਕੁਛ ਦਿਨ ਉਡੀਕ ਲਵੋ।

ਓਧਰ ਗੁਰੂ ਜੀ ਨੇ ਹਰਿਗੋਬਿੰਦ ਜੀ ਨੂੰ ਗੱਦੀ ਸੌਂਪ ਦਿਤੀ, ਬੁਢਾ ਜੀ ਨੂੰ ਤਿਲਕ ਦੇਣ ਵਾਸਤੇ ਕਿਹਾ।

ਬੁਢਾ ਜੀ ਨੇ ਪੁਛਿਆ, ਆਪ ਇਹ ਕੀ ਕੌਤਕ ਵਰਤਾਉਣ ਲੱਗੇ ਹੋ।

ਗੁਰੂ ਜੀ ਨੇ ਕਿਹਾ, ਭਗਤ ਕਾਹਨੇ ਦਾ ਸਰਾਪ ਅਟੱਲ ਹੈ, ਸੋ ਅਸੀਂ ਸਰੀਰ ਤਿਆਗਣ ਵਾਸਤੇ ਚੱਲੇ ਹਾਂ।

(ਤਾਂ ਫਿਰ ਸ਼ਹੀਦੀ ਕਾਹਨੇ ਦੇ ਸਰਾਪ ਕਾਰਨ ਹੋਈ ?)

ਫਿਰ ਗੁਰੂ ਜੀ ਨੇ ਕਿਹਾ,

---

1 ਪੰਜ ਹਜ਼ਾਰ ਰੁਪੈ।

Digitized by Panjab Digital Library | www.panjabdigilib.org

"ਸ੍ਰੀ ਨਾਨਕ ਕੀ ਬਖ਼ਸ਼ਿਸ਼ ਭਾਰੀ ।
ਸਿਰ ਦੇ ਕਰਿ ਛੀਨਹਿਂ ਹਮ ਸਾਰੀ ।੩੫।"

(ਕਵੀ ਜੀ ਇਸ 'ਤੇ ਨਿਸਚਾ ਰਖਦੇ ਹਨ, ਕਿ ਗੁਰੂ ਨਾਨਕ ਜੀ ਦੇ ਵਰ ਨਾਲ ਮੁਗ਼ਲਾਂ ਨੂੰ ਬਾਦਸ਼ਾਹੀ ਮਿਲੀ ਸੀ ।)

ਗੁਰੂ ਜੀ ਨੇ ਹਰਿਗੋਬਿੰਦ ਜੀ ਨੂੰ ਛੇਵਾਂ ਗੁਰੂ ਥਾਪ ਦਿਤਾ ।

——

ਅੰਸੂ ੩੧

(ਗੁਰੂ ਜੀ ਲਾਹੌਰ ਗਏ)

ਪੰਜ ਸਿੱਖ—ਬਿਧੀਆ, ਜੇਠਾ, ਲੰਙਾਹਾ, ਪਿਰਾਣਾ ਤੇ ਪੈੜਾ---ਨਾਲ ਲੈਕੇ ਗੁਰੂ ਜੀ ਲਾਹੌਰ ਨੂੰ ਤੁਰ ਪਏ । ਇਕ ਸਿੱਖ ਹੱਥ ਗੋਇੰਦਵਾਲ ਅਰਥਮੱਲ ਨੂੰ ਸੁਨੇਹਾ ਭੇਜ ਦਿਤਾ, ਕਿ ਉਹ ਸਾਨੂੰ ਆ ਕੇ ਮਿਲੇ ।

ਲਾਹੌਰ ਵਿਚ ਗੁਰੂ ਜੀ ਭਾਈ ਸੱਧੂ ਦੇ ਘਰ ਰਾਤ ਟਿਕੇ ।

——

ਅੰਸੂ ੩੨

(ਭਾਈ ਸੱਧੂ ਦੇ ਘਰ ਅਰਥ ਮੱਲ ਆ ਮਿਲੇ)

ਭਾਈ ਸੱਧੂ ਨੇ ਬੜੀ ਸ਼ਰਧਾ ਨਾਲ ਸੇਵਾ ਕੀਤੀ । ਏਥੇ ਹੀ ਬਾਬਾ ਮੋਹਰੀ ਜੀ ਦਾ ਜੇਠਾ ਪੁੱਤਰ ਅਰਥਮੱਲ ਆ ਮਿਲਿਆ ।

ਗੁਰੂ ਜੀ ਨੇ ਕਿਹਾ, ਇਕ ਤਾਂ ਕਾਹਨੇ ਦਾ ਸਰਾਪ ਹੈ, ਤੇ ਦੂਸਰੇ ਗੁਰੂ ਅਮਰਦਾਸ ਨੇ (ਬੀਬੀ ਭਾਨੀ ਨੂੰ) ਕਿਹਾ ਸੀ, ਕਿ 'ਤੂੰ ਵਗਦੀ ਨਦੀ ਨੂੰ ਰੋਕ ਦਿਤਾ ਹੈ, ਇਸ ਵਾਸਤੇ ਬਹੁਤ ਸੰਕਟ ਪੈਦਾ ਹੋਣਗੇ ।' ਸੋ ਅਸੀਂ ਹੁਣ ਸਰੀਰ ਤਿਆਗ ਜਾਵਾਂਗੇ ।

ਅਰਥਮੱਲ ਨੇ ਕਿਹਾ, ਮੈਂ ਆਪ ਜੀ ਤੋਂ ਪਹਿਲਾਂ ਸਰੀਰ ਤਿਆਗਣਾ ਚਾਹੁੰਦਾ ਹਾਂ । ਗੁਰੂ ਜੀ ਨੇ ਕਿਹਾ, ਤੁਹਾਡੇ ਅਜੇ ਚਾਲੀ ਦਿਨ ਬਾਕੀ ਹਨ । ਫਿਰ ਸਰੀਰ ਤਿਆਗ ਕੇ ਸਾਨੂੰ ਆ ਮਿਲਨਾ ।

ਅੰਸੂ ੩੩

(ਜਹਾਂਗੀਰ ਨੂੰ ਮਿਲ ਕੇ ਚੰਦੂ ਦੇ ਘਰ ਪੁੱਜੇ)

ਸੰਗਤਾਂ ਨੇ ਆ ਕੇ ਦਰਸ਼ਨ ਕੀਤੇ । ਗੁਰੂ ਜੀ ਸਿੱਖਾਂ ਦੇ ਸਣੇ ਰਾਵੀ ਵੱਲ ਗਏ । ਚੰਦੂ ਨੂੰ ਪਤਾ ਲੱਗਾ, ਤਾਂ ਉਹਨੇ ਬਾਦਸ਼ਾਹ ਨੂੰ ਜਾ ਦੱਸਿਆ, ਕਿ ਗੁਰੂ ਨੇ ਦੋ ਲੱਖ ਜੁਰਮਾਨਾ ਨਹੀਂ ਤਾਰਿਆ । ਉਹ ਲਾਹੌਰ ਆਇਆ ਹੋਇਆ ਹੈ, ਪਰ ਹਜ਼ੂਰ ਦੇ ਪੇਸ਼ ਨਹੀਂ ਹੋਇਆ ।

Digitized by Panjab Digital Library | www.panjabdigilib.org

ਜਹਾਂਗੀਰ ਨੇ ਵਜ਼ੀਰ ਖ਼ਾਨ ਨੂੰ ਗੁਰੂ ਜੀ ਵੱਲ ਭੇਜਿਆ।

ਕਦੇ ਵਜ਼ੀਰ ਖ਼ਾਨ ਜਲੰਧਰ ਦਾ ਰੋਗੀ ਸੀ। ਉਹ ਗੁਰੂ ਜੀ ਪਾਸੋਂ 'ਸੁਖਮਨੀ' ਦਾ ਪਾਠ ਸੁਣ ਕੇ ਰਾਜ਼ੀ ਹੋਇਆ ਸੀ।

ਵਜ਼ੀਰ ਖ਼ਾਨ ਨੇ ਆ ਕੇ ਬੇਨਤੀ ਕੀਤੀ, ਕਿ ਬਾਦਸ਼ਾਹ ਹਜ਼ੂਰ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਗੁਰੂ ਜੀ ਉਸਦੇ ਨਾਲ ਤੁਰ ਪਏ।

ਜਹਾਂਗੀਰ ਨੇ ਬੜੇ ਸਤਕਾਰ ਨਾਲ ਗੁਰੂ ਜੀ ਨੂੰ ਉੱਚੇ ਅਸਥਾਨ 'ਤੇ ਬਿਠਾਇਆ, ਨਮਸਕਾਰ ਕੀਤੀ, ਤੇ ਪੁਛਿਆ, ਕਿ ਹਿੰਦੂ ਤੇ ਮੁਸਲਮਾਨ ਵਿਚ ਝਗੜਾ ਰਹਿੰਦਾ ਹੈ। ਦੱਸੋ, ਦੋਹਾਂ ਵਿਚੋਂ ਕੌਣ ਸੱਚਾ ਹੈ।

ਉਤਰ ਵਿਚ ਹਜ਼ੂਰ ਨੇ ਸ਼ਬਦ ਕਿਹਾ,

"ਕੋਈ ਬੋਲੈ ਰਾਮ ਰਾਮ, ਕੋਈ ਖੁਦਾਇ।...।" (ਰਾਮਕਲੀ ਮ: ੫, ਪੰਨਾ ੮੮੫)

ਜਹਾਂਗੀਰ ਬੜਾ ਪ੍ਰਭਾਵਤ ਹੋਇਆ। ਕੋਲੋਂ ਚੰਦੂ ਨੇ ਕਿਹਾ, ਕਿ ਮੈਂ ਗੁਰੂ ਜੀ ਨੂੰ ਘਰ ਲੈ ਜਾਂਦਾ ਹਾਂ। ਨਾਲੇ ਦੋ ਲੱਖ ਵਸੂਲ ਕਰ ਲਵਾਂਗਾ, ਤੇ ਗੁਰੂ ਜੀ ਨੂੰ ਸਮਝਾ ਦਿਆਂਗਾ, ਕਿ ਚੋਰਾਂ ਨੂੰ ਪਾਸ ਨਾ ਰਖਿਆ ਕਰਨ। ਨਾਲ ਹੀ ਉਸਨੇ ਬਾਦਸ਼ਾਹ ਨੂੰ ਪ੍ਰੇਰ ਲਿਆ, ਕਿ ਆਪ ਜੀ ਦਾ ਹੁਣ ਦਿੱਲੀ ਪਰਤ ਜਾਣਾ ਹੀ ਠੀਕ ਹੈ।

ਚੰਦੂ ਗੁਰੂ ਜੀ ਨੂੰ ਘਰ ਲੈ ਗਿਆ। ਸਿੱਖਾਂ ਨੂੰ ਬਾਹਰ ਇਕ ਕਮਰੇ ਵਿਚ ਬੰਦ ਕਰ ਦਿਤਾ।

ਅੰਸੂ ੩੪

(ਚੰਦੂ ਦੇ ਘਰ ਕਸ਼ਟ)

ਬਾਦਸ਼ਾਹ ਦਿੱਲੀ ਨੂੰ ਤੁਰ ਗਿਆ। ਚੰਦੂ ਬਹਾਨੇ ਨਾਲ ਲਾਹੌਰ ਠਹਿਰ ਗਿਆ।

ਚੰਦੂ ਨੇ ਗੁਰੂ ਜੀ ਨੂੰ ਕਿਹਾ, ਕਿ ਤੁਸਾਂ ਮੇਰੀ ਕੰਨਿਆਂ ਦਾ ਰਿਸ਼ਤਾ ਮੋੜ ਦਿਤਾ, ਤੇ ਉਲਟਾ ਮੈਨੂੰ 'ਕੂਕਰ' (ਕੁੱਤਾ) ਕਿਹਾ। ਹੁਣ ਵੀ ਕੁਛ ਨਹੀਂ ਵਿਗੜਿਆ। ਮੇਰੀ ਕੰਨਿਆਂ ਦਾ ਰਿਸ਼ਤਾ ਪਰਵਾਨ ਕਰ ਲਵੋ। ਤੇ ਨਹੀਂ ਤਾਂ ਮੈਂ ਫਿਰ ਕੂਕਰ ਵਾਂਗ ਹੀ ਪਿੱਛੇ ਪੈ ਜਾਵਾਂਗਾ।

ਗੁਰੂ ਜੀ ਨੇ ਕਿਹਾ, ਤੂੰ ਸਾਨੂੰ ਮੋਰੀ ਤੇ ਆਪ ਨੂੰ ਚੁਬਾਰਾ ਕਿਹਾ ਹੈ। ਸੋ ਇਹ ਮੇਲ ਨਹੀਂ ਹੋ ਸਕਦਾ। ਜੇ ਸਾਡੇ ਕਿਸੇ ਸਿੱਖ ਨੇ ਤੈਨੂੰ ਕੂਕਰ ਕਿਹਾ ਹੈ, ਤਾਂ ਅਸੀਂ ਜ਼ਿੰਮੇਵਾਰੀ ਲੈਂਦੇ ਹਾਂ।

ਚੰਦੂ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦਿਤਾ, ਕਿ ਗੁਰੂ ਜੀ ਨੂੰ ਨਾ ਅੰਨ ਪਾਣੀ ਦਿਤਾ ਜਾਵੇ, ਤੇ ਨਾ ਹੀ ਸੌਣ ਦਿਤਾ ਜਾਏ।

ਅਗਲੇ ਦਿਨ ਗੁਰੂ ਜੀ ਨੂੰ ਦੇਗ ਵਿਚ ਉਬਾਲਿਆ ਗਿਆ। ਪਿਰਾਣਾ ਵੇਖ ਕੇ ਸਹਾਰ ਨਾ ਸਕਿਆ। ਉਸਨੇ ਗੁਰੂ ਤੋਂ ਆਗਿਆ ਮੰਗੀ, ਕਿ ਮੈਂ ਦਿੱਲੀ ਤੇ ਲਾਹੌਰ ਭਿੜਾ ਕੇ ਨਸ਼ਟ ਕਰ ਦੇਂਦਾ ਹਾਂ।

Digitized by Panjab Digital Library | www.panjabdigilib.org

ਗੁਰੂ ਜੀ ਨੇ ਕਿਹਾ, ਗੁਰੂ ਦੀ ਸੇਵਾ ਕਾਰਨ ਤੇਰੇ ਵਿਚ ਇਹ ਸ਼ਕਤੀ ਆ ਗਈ ਹੈ, ਤਾਂ ਕੀ ਗੁਰੂ ਵਿਚ ਸ਼ਕਤੀ ਨਹੀਂ ? ਬੱਸ, ਭਾਣਾ ਮੰਨੋ ।

ਗੁਰੂ ਜੀ ਦੇ ਬੈਠਣ ਨਾਲ ਦੇਗ ਠੰਢੀ ਹੋ ਗਈ ।

"ਤੇਜ ਛੋਰਿ ਕਰਿ ਸੀਤਲ ਹੋਵਾ ।
ਗੁਰੁ ਤਨ ਤਾਪ ਤਨਕ ਨਹਿਂ ਜੋਵਾ ।੫੩।"

(ਕਵੀ ਜੀ ਨੇ ਇਬਰਾਹੀਮ ਤੇ ਪ੍ਰਹਿਲਾਦ ਦੀ ਕਹਾਣੀ ਦੁਹਰਾ ਦਿਤੀ । ਇਬਰਾਹੀਮ ਦੇ ਅੰਗਿਆਰ ਫੁੱਲ ਬਣ ਗਏ ਸਨ, ਪ੍ਰਹਿਲਾਦ ਦਾ ਥੰਮ੍ਹ ਠੰਢਾ ਹੋ ਗਿਆ ਸੀ । ਕਵੀ ਜੀ ਨੇ ਗੁਰੂ ਜੀ ਦੀ ਉਬਲਦੀ ਦੇਗ ਵੀ ਠੰਢੀ ਕਰ ਦਿਤੀ । ਵੇਖੋ ਵੇਖੀ ਕਰਾਮਾਤ ।)

ਅੰਸ ੩੫

(ਚੰਦੂ ਦੀ ਨੌਂਹ)

ਚੰਦੂ ਦੀ ਨੌਂਹ ਕਿਸੇ ਸਿੱਖ ਦੀ ਪੁੱਤਰੀ ਸੀ । ਉਹ ਗੁਰੂ ਜੀ ਵਾਸਤੇ ਪ੍ਰਸਾਦ ਪਾਣੀ ਲੈ ਕੇ ਗਈ । ਸਿਪਾਹੀਆਂ ਨੂੰ ਜ਼ੇਵਰ ਰਿਸ਼ਵਤ ਦੇ ਕੇ ਗੁਰੂ ਜੀ ਤਕ ਪੁੱਜੀ । ਗੁਰੂ ਜੀ ਨੇ ਕਿਹਾ, ਘਰ ਜਾਓ, ਤੇ ਸਾਡੇ ਨਾਲ ਹੀ ਪ੍ਰਾਣ ਤਿਆਗ ਦੇਣੇ । ਚੰਦੂ ਦਾ ਅੰਤ ਬਹੁਤ ਬੁਰਾ ਹੋਵੇਗਾ ।

ਗੁਰੂ ਜੀ ਨੇ ਕੁਛ ਛਕਿਆ ਨਹੀਂ । ਚੰਦੂ ਦੀ ਨੌਂਹ ਵਾਪਸ ਚਲੀ ਗਈ ।

ਅਗਲੇ ਦਿਨ ਪਹਿਲਾਂ ਤਾਂ ਸਿੱਖਾਂ ਨੂੰ ਮਾਰ ਕੁਟਾਈ ਕੀਤੀ । ਫਿਰ ਗੁਰੂ ਜੀ ਸਾਮ੍ਹਣੇ ਓਹਾ ਸਵਾਲ ਰਖਿਆ । ਗੁਰੂ ਜੀ ਨਾ ਮੰਨੇ, ਤਾਂ ਸੜਦੀ ਬਲਦੀ ਰੇਤ ਉਤੇ ਬਿਠਾਇਆ । ਲੰਗਾਹ ਤੇ ਪਿਰਾਣਾ ਗੁਰੂ ਜੀ ਵੱਲ ਵਧੇ, ਤਾਂ ਮਾਰ ਮਾਰ ਕੇ ਹਟਾ ਦਿਤੇ । ਗੁਰੂ ਜੀ ਨੇ ਸਿੱਖਾਂ ਨੂੰ ਕੋਲ ਆਉਣ ਤੋਂ ਰੋਕ ਦਿਤਾ ।

ਫਿਰ ਗੁਰੂ ਜੀ ਦੇ ਸਰੀਰ ਉਤੇ ਸੜਦੀ ਰੇਤ ਪਾਈ ਗਈ, ਜਿਸ ਨਾਲ ਸਰੀਰ ਤੇ ਫਲੂਹੇ ਪੈ ਗਏ ।

(ਕਵੀ ਜੀ ਦੇ ਕਥਨ ਅਨਸਾਰ ਇਹ ਸਭ ਕੁਛ ਕਾਹਨੇ ਦੇ ਸਰਾਪ ਕਾਰਨ ਹੋਇਆ ।)

ਅੰਸੂ ੩੬

(ਤਪਤ ਲੋਹ)

ਰਾਤ ਪਈ, ਤਾਂ ਚੌਰਾਸੀ ਸਿੱਧਾਂ ਸਮੇਤ ਗੋਰਖ ਨਾਥ ਆਇਆ । ਉਹਨੇ ਕਰਾਮਾਤ ਨਾਲ ਸਾਰੇ ਪਹਿਰੇਦਾਰ ਮੂਰਛਤ ਕਰ ਦਿਤੇ । ਗੋਰਖ ਨੇ ਕਿਹਾ, ਮੈਂ ਸਾਰੇ ਦੁਸ਼ਟਾਂ ਨੂੰ ਨਾਸ ਕਰ ਦੇਂਦਾ ਹਾਂ । ਪਰ ਗੁਰੂ ਜੀ ਨਾ ਮੰਨੇ ।

Digitized by Panjab Digital Library | www.panjabdigilib.org

ਫਿਰ ਪੀਰ ਆਏ। (ਮੀਆਂ ਮੀਰ ਦਾ ਨਾਮ ਨਹੀਂ ਲਿਖਿਆ।) ਗੁਰੂ ਜੀ ਨੇ ਉਹਨਾਂ ਨੂੰ ਵੀ ਕਿਹਾ, ਤੁਸੀਂ ਚਿੰਤਾ ਨਾ ਕਰੋ।

ਅਗਲੇ ਦਿਨ ਗੁਰੂ ਜੀ ਨੂੰ ਸੜਦੀ ਲੋਹ 'ਤੇ ਬਿਠਾਇਆ ਗਿਆ।

(ਏਥੇ ਇਕ ਪਾਸੇ ਤਾਂ ਕਵੀ ਜੀ ਲਿਖਦੇ ਹਨ, ਕਿ ਲੋਹ ਠੰਢੀ ਹੋ ਗਈ, ਤੇ ਨਾਲ ਹੀ ਲਿਖਦੇ ਹਨ, ਕਿ ਸਰੀਰ 'ਤੇ ਛਾਲੇ ਪੈ ਗਏ।)

ਚੰਦੂ ਦੀ ਨੰਹ ਫਿਰ ਸਿਪਾਹੀਆਂ ਨੂੰ ਰਿਸ਼ਵਤ (ਕੰਗਣ) ਦੇ ਕੇ ਆਈ। ਗੁਰੂ ਜੀ ਨੇ ਹੁਕਮ ਕੀਤਾ, ਕਿ ਭਲਕੇ ਸਰੀਰ ਤਿਆਗ ਕੇ ਸਾਡੇ ਨਾਲ ਚੱਲੋ।

ਚੰਦੂ ਨੇ ਨੌਕਰਾਂ ਨੂੰ ਕਿਹਾ, ਕਿ ਭਲਕੇ ਗਊ ਦੀ ਕੱਚੀ ਤਾਜ਼ੀ ਖੱਲ ਲਿਆਉ।

ਅੰਸੂ ੩੭

(ਸਚਖੰਡ ਰਵਾਨਗੀ)

ਅਗਲੇ ਦਿਨ ਚੰਦੂ ਨੇ ਕਿਹਾ, ਜਾਂ ਰਿਸ਼ਤਾ ਮੰਨ ਲਵੋ, ਨਹੀਂ ਤਾਂ ਅੱਜ ਗਊ ਦੀ ਖੱਲ ਵਿਚ ਮੜ੍ਹਾਂ ਦਿਆਂਗਾ, ਜਿਸ ਵਿਚ ਸੁੱਕ ਸੁੱਕ ਕੇ ਪ੍ਰਾਣ ਜਾਣਗੇ। ਪਿਛੋਂ ਤੁਹਾਡਾ ਘਰ ਲੁੱਟ ਲਵਾਂਗਾ, ਤੇ ਤੁਹਾਡੇ ਪੁੱਤਰ ਨੂੰ ਮਰਵਾ ਦਿਆਂਗਾ।

ਗੁਰੂ ਜੀ ਨੇ ਉਤਰ ਦਿਤਾ, ਅਸੀਂ ਰਾਵੀ ਵਿਚ ਇਸ਼ਨਾਨ ਕਰ ਆਈਏ, ਫਿਰ ਜ਼ਰਾ ਸ਼ਾਂਤ ਹੋ ਕੇ ਫ਼ੈਸਲਾ ਕਰਾਂਗ।

ਚੰਦੂ ਨੇ ਸੋਚਿਆ, ਹੁਣ ਮੰਨ ਜਾਣਗੇ। ਉਹਨੇ ਸਿਪਾਹੀਆਂ ਦੀ ਨਿਗਰਾਨੀ ਵਿਚ ਜਾਣ ਦੀ ਆਗਿਆ ਦੇ ਦਿਤੀ।

ਗੁਰੂ ਜਾ ਨੇ ਰਾਵੀ ।ਵਚ ਇਸ਼ਨਾਨ ਕੀਤਾ, ਤੇ ਫਿਰ ਬਾਹਰ ਬੈਠ ਕੇ ਪਾਠ ਕੀਤਾ। ਫਿਰ ਹਜ਼ੂਰ ਨੇ ਸਿਖਾਂ ਨੂੰ ਕਿਹਾ, ਜਾ ਕੇ ਹਰਿਗੋਬਿੰਦ ਨੂੰ ਧੀਰਜ ਦੇਣਾ, ਤੇ ਕਹਿਣਾ,

"ਸਾ ਯੁਧ ਹਇ ਤਖ਼ਤ ਪਰ ਰਾਜਹੁ।
ਜਥਾ ਸਕਤਿ ਸੈਨਾ ਸੰਗ ਸਾਜਹੁ।
ਪ੍ਰਥਮ ਚੰਦੂ ਤੇ ਪਲਟਾ ਲੀਜਹਿ।
ਹਤਹੁ ਕੁਮਤ ਮਹਾਂ ਦੁਖ ਦੀਜਹਿ ।੨੮।"

(ਸਾਯੁਧ=ਯੁੱਧ ਵਾਸਤੇ ਤਿਆਰ ਹੋ ਕੇ। ਰਾਜਹੁ=ਰਾਜ ਕਰੋ। ਪਲਟਾ=ਬਦਲਾ ਤਾਂ ਕੀ ਗੁਰੂ ਜੀ ਨੇ ਚੰਦੂ ਤੋਂ ਬਦਲਾ ਲੈਣ ਵਾਸਤੇ ਹੁਕਮ ਦਿਤਾ ਸੀ ?)

ਗੁਰੂ ਜੀ ਨੇ ਕਿਹਾ, ਸਾਡਾ ਸਰੀਰ ਜਲ ਪ੍ਰਵਾਹ ਕਰ ਦੇਣਾ। ਤੇ ਹਰਿਗੋਬਿੰਦ ਸ਼ਸਤਰ ਪਹਿਨ ਕੇ ਤਖ਼ਤ 'ਤੇ ਬੈਠਣ।

"ਸ੍ਰੀ ਸਤਿਗੁਰ ਤਬ ਕੁਸ਼ਾ[1] ਮੰਗਾਈ।
ਕਿਸ ਦਿਅ ਕੇ ਘਰ ਤੇ ਸਮੁਦਾਈ ।੩੯।"

---

1 ਸਨਾਤਨੀ ਰਸਮ; ਹੇਠਾਂ ਦੱਭ ਦੇ ਤੀਲੇ ਵਿਛਾ ਕੇ ਉਪਰ ਬਿਸਤਰ ਕਰਨਾ।

Digitized by Panjab Digital Library | www.panjabdigilib.org

ਧਰਤੀ 'ਤੇ ਕੁਸ਼ਾ ਵਿਛਾ ਕੇ, ਉਪਰ ਚਾਦਰ ਤਾਣ ਕੇ ਬਿਰਾਜ ਗਏ, ਤੇ ਜੋਤਿ ਵਿਚ ਜੋਤਿ ਸਮੋਂ ਗਏ। ਆਪ ਬਿਮਾਨ 'ਤੇ ਚੜ੍ਹ ਕੇ ਬੈਕੁੰਠ ਚਲੇ ਗਏ। ਸਭ ਦੇਵਤੇ ਦਰਸ਼ਨ ਹਿਤ ਆਏ। ਚੰਦੂ ਦੀ ਨੋਂਹ ਵੀ ਪਰਲੋਕ ਸਿਧਾਰ ਗਈ।[2]

ਅੰਸੂ ੩੮

(ਬੈਕੁੰਠ ਗਵਨ)

ਚੰਦੂ ਰਾਵੀ ਤਕ ਗਿਆ, ਤੇ ਇਹ ਜਾਣ ਕੇ, ਕਿ ਗੁਰੂ ਜੀ ਜੋਤੀ ਜੋਤਿ ਸਮਾ ਗਏ ਹਨ, ਪਰਤ ਆਇਆ। ਉਹ ਘਰ ਪੁੱਜਾ, ਤਾਂ ਨੋਂਹ ਪਰਲੋਕ ਸਿਧਾਰ ਚੁੱਕੀ ਸੀ।

ਓਧਰ ਸਾਰੇ ਸਿੱਖ ਰਾਵੀ 'ਤੇ ਜਾ ਪਹੁੰਚੇ; ਤੇ ਗੁਰੂ ਜੀ ਦੇ ਹੁਕਮ ਅਨਸਾਰ ਸਰੀਰ ਜਲ ਪ੍ਰਵਾਹ ਕਰ ਦਿਤਾ।

ਪੰਜੇ ਸਿੱਖ ਅੰਮ੍ਰਿਤਸਰ ਜਾ ਪਹੁੰਚੇ।

ਅੰਸੂ ੩੯

(ਸਿੱਖ ਅੰਮ੍ਰਿਤਸਰ ਪੁੱਜੇ)

ਪੰਜੇ ਸਾਥੀ ਸਿੱਖ ਅੰਮ੍ਰਿਤਸਰ ਜਾ ਪਹੁੰਚੇ। ਗੁਰੂ ਹਰਿਗੋਬਿੰਦ ਜੀ ਦੇ ਪੁਛਣ ਤੇ ਬਿਧੀਚੰਦ ਨੇ ਸਾਰੇ ਹਾਲਾਤ ਵਿਸਥਾਰ ਨਾਲ ਸੁਣਾਏ।

(ਕਵੀ ਜੀ ਨੇ ਮਾਤਾ ਗੰਗਾ ਜੀ ਤੇ ਗੁਰੂ ਹਰਿਗੋਬਿੰਦ ਜੀ ਆਮ ਲੋਕਾਂ ਵਾਂਗ ਵਿਰਲਾਪ ਕਰਦੇ ਵਿਖਾਏ ਹਨ। ਆਪ ਭਾਣਾ ਮੰਨਣ 'ਤੇ ਜ਼ੋਰ ਦੇਂਦੇ ਤਾਂ ਚੰਗਾ ਸੀ।)

ਅੰਸੂ ੪੦

(ਗੁਰੂ ਹਰਿਗੋਬਿੰਦ ਜੀ ਦਾ ਪ੍ਰਣ)

ਬਾਬਾ ਬੁਢਾ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਸਮਝਾਇਆ, ਕਿ ਪੰਜਵੇਂ ਪਾਤਸ਼ਾਹ ਬਾਰੇ ਸੋਗ ਕਰਨਾ ਉਚਿੱਤ ਨਹੀਂ। ਸਗੋਂ

"ਤਖ਼ਤ ਬੈਠ ਅਬਿ ਸਿੱਖ ਉਧਾਰੋ।
ਸ਼ਤਰੂ ਗਨ ਜੇ ਸਕਲ ਸੰਘਾਰੋ।੧੭।"

ਗੁਰੂ ਜੀ ਦੇ ਪੁੱਛਣ ਤੇ ਪਿਰਾਣੇ ਨੇ ਗੁਰੂ ਜੀ ਦਾ ਹੁਕਮ ਸਭ ਕਹਿ ਸੁਣਾਇਆ। ਗੁਰੂ ਜੀ ਨੇ ਚੰਦੂ ਤੋਂ ਵੈਰ ਲੈਣ ਦਾ ਹੁਕਮ ਕੀਤਾ ਸੀ।

---

2 ਸ਼ਹੀਦੀ ਬਾਰੇ ਸਾਡੀ ਰਾਏ ਜਾਨਣ ਵਾਸਤੇ ਵੇਖੋ 'ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ।'

Digitized by Panjab Digital Library | www.panjabdigilib.org

ਜੇਠ ਸੁਦੀ ਚਾਰ, ੧੬੬੩ ਬਿ. ਨੂੰ ਗੁਰੂ ਜੀ ਸ਼ਹੀਦ ਹੋਏ।

ਗੁਰੂ ਜੀ ਨੇ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਦਾ ਚੰਦੂ ਤੋਂ ਬਦਲਾ ਲੈਣ ਦਾ ਪ੍ਰਣ ਕੀਤਾ।

ਮਾਤਾ ਗੰਗਾ ਜੀ ਨੇ ਕਿਹਾ, ਕਿ ਮੈਂ ਪਤੀ ਦੇ ਬਸਤਰਾਂ ਨਾਲ ਸਤੀ ਹੋਣਾ ਚਾਹੁੰਦੀ ਹਾਂ। ਬਾਬਾ ਬੁਢਾ ਜੀ ਨੇ ਉਹਨਾਂ ਨੂੰ ਧੀਰਜ ਦਿਤਾ।

ਅੰਸੂ ੪੧

(ਦਸਤਾਰ ਬੰਦੀ)

ਪੰਜਵੇਂ ਪਾਤਸ਼ਾਹ ਦੇ ਨਮਿੱਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋਇਆ। ਗੋਇੰਦਵਾਲ ਖਡੂਰ, ਮੌ, ਡੱਲਾ ਆਦਿ ਤੋਂ ਸਭ ਸੰਬੰਧੀ ਤੇ ਸਿੱਖ ਆਏ। ਤੇਰ੍ਹਵੇਂ 'ਤੇ ਭੋਗ ਪਿਆ। ਗੁਰਬਾਣੀ ਦਾ ਕੀਰਤਨ ਹੋਇਆ ਤੇ ਪ੍ਰਸਾਦਿ ਵਰਤਿਆ। ਬਾਬਾ ਬੁੱਢਾ ਜੀ ਨੂੰ [ਪਾਠੀ ਦੀ ਹੈਸੀਅਤ ਵਿਚ] ਬਸਤਰ ਤੇ ਮਾਇਆ ਭੇਟਾ ਕੀਤੀ।

ਦਸਤਾਰ ਬੰਦੀ ਦਾ ਸਮਾਂ ਆਇਆ।

"ਸੇਲੀ, ਮਾਲਾ, ਮੰਜੀ ਲਯਾਇ।
ਆਗੇ ਧਰੀ ਗੁਰੂ ਕੇ ਆਏ।...੨੬।"

ਗੁਰੂ ਜੀ ਨੇ ਵੇਖ ਕੇ ਕਿਹਾ

"ਇਹ ਮਸੰਦ ਅਬ ਕਯਾ ਲੇ ਆਏ ?
ਅਜਹੁੰ ਨ ਜਾਨਹਿੰ ਸਹਜ ਸੁਭਾਇ।
ਅਬ ਇਨ ਧਾਰਨਿ ਨਹਿੰ ਅਧਿਕਾਰਾ।
ਸ਼ਾਂਤਿ ਸਰੂਪ ਜਥਾ ਗੁਰ ਧਾਰਾ।੨੮।
ਤੁਰਕ ਰਾਜ ਭਏ ਦੁਸ਼ਟ ਬਿਸਾਲੇ।
ਕਯਾ ਕੀਨਹੁ ਸਤਿਗੁਰ ਪਿਤ ਨਾਲੇ।
ਲਿਯੋ ਚਹਹਿੰ ਪਲਟਾ ਤਤਕਾਲਾ।
ਬਿਨਾਂ ਸ਼ਸਤ੍ਰ ਕਯੋਂ ਕਰਮ ਕਰਾਲਾ।੨੯।...
ਅਬ ਨਿਜ ਸਿੱਖਨਿ ਸ਼ਸਤ੍ਰ ਗਹਾਵੈਂ।
ਬਿੱਦਯਾ ਕਰਿ ਅੱਭਿਯਾਸਹਿੰ ਪਾਵੈਂ।
ਸੰਘਰ ਘੋਰ ਕਰਹਿੰ, ਅਰਿ ਘਾਵੈਂ।
ਗੁਰ ਸਹਾਇ ਬਡ ਰਾਜ ਕਮਾਵੈਂ।੩੨।"

ਗੁਰੂ ਜੀ ਨੇ ਕਿਹਾ, ਹੁਣ ਇਹ ਸੇਲੀ ਤੇ ਮਾਲਾ ਤੋਸ਼ੇਖਾਨੇ ਵਿਚ ਧਰ ਦਿਹੋ।

ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਦਸਤਾਰ ਬਨ੍ਹਾਈ।

(ਇਸ ਨਵੀਂ ਰਹਿਣੀ ਤੋਂ) ਮਸੰਦ ਘਬਰਾ ਗਏ। ਉਹਨਾਂ ਮਾਤਾ ਗੰਗਾ ਜੀ ਪਾਸ ਬੇਨਤੀ ਕੀਤੀ

Digitized by Panjab Digital Library | www.panjabdigilib.org

"ਤੁਰਕਨ ਰਾਜ ਤੇਜ ਅਤਿ ਤਪੈ।
ਇਨ ਸੰਗ ਬਿਗਰ ਕਹਾਂ ਕੋ ਛਪੈ ।੪੪।"

ਮਸੰਦਾਂ ਨੇ ਬਾਦਸ਼ਾਹ ਤੇ ਚੰਦੂ ਦਾ ਡਰ ਵਿਖਾ ਕੇ ਕਿਹਾ, ਕਿ ਗੁਰੂ ਜੀ ਨੂੰ ਸਮਝਾਵੋ। ਉਹ ਬਦਲਾ ਲੈਣ ਦੀਆਂ ਗੱਲਾਂ ਨਾ ਕਰਨ।

ਅੰਸੂ ੪੨

(ਅਕਾਲ ਬੁੰਗਾ ਰਚਿਆ)

ਮਾਤਾ ਗੰਗਾ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ ਤੁਸਾਂ ਪਹਿਲੇ ਗੁਰੂਆਂ ਦੀ ਰੀਤ ਕਿਉਂ ਬਦਲੀ ਤੇ ਚੰਦੂ ਤੋਂ ਵੈਰ ਲੈਣ ਦਾ ਐਲਾਨ ਕਿਉਂ ਕੀਤਾ।

"ਸੁਨਿ ਗੰਗਾ ਤੇ ਸਤਿਗੁਰ ਬਲੇ।
ਹਤੋਂ ਪਾਤਕੀ ਪ੍ਰਣ ਨਹਿਂ ਡੋਲੇ।
ਜਿਸ ਨਰ ਪਿਤ ਕੋ ਬੈਰ ਨ ਲਾਯੋ।
ਕਯੋਂ ਜਨਮਿਯੋ ਜਗ ਕਾਯਰ ਹੀ ਯੋ ।੭।"

(ਕੀ ਕਵੀ ਜੀ ਦਾ ਭਾਵ ਹੈ, ਕਿ ਛਵੇਂ ਗੁਰੂ ਨੇ ਸਭ ਕੁਛ ਪਿਤਾ ਦਾ ਵੈਰ ਲੈਣ ਵਾਸਤੇ ਹੀ ਕੀਤਾ ਹੈ ?)

ਗੁਰੂ ਜੀ ਨੇ 'ਅਕਾਲ ਬੁੰਗੇ' ਦੀ ਨੀਂਹ ਧਰੀ, ਫਿਰ ਸੰਗਤਾਂ ਨੂੰ 'ਹੁਕਮ ਨਾਮੇ ਭੇਜੇ ਕਿ ਵਧੇਰੇ ਸ਼ਸਤਰਾਂ ਦੀ ਭੇਟਾ ਲਿਆਉਣ।

(ਕਵੀ ਸੰਤੋਖ ਸਿੰਘ ਜੀ ਦੇ ਮਨ 'ਤੇ ਪੰਡਤ ਦਾ ਏਨਾ ਪ੍ਰਭਾਵ ਹੈ, ਕਿ ਕੋਈ ਵੀ ਸ਼ੁਭ ਕਾਰਜ ਜਤਸ਼ੀ ਤੋਂ ਪੁੱਛੇ ਬਿਨਾਂ ਨਹੀਂ ਹੋ ਸਕਦਾ।)

"ਸ੍ਰੀ ਗੁਰ ਬ੍ਰਿਧ ਕੇ ਸੰਮਝ ਹੋਇ।
ਗਨਕ ਹਕਾਰਯੋ ਨੀਕੇ ਜੋਇ ।੩੧।
ਸੁੰਦਰ ਸਮਾ ਸੁਧਾਵਨਿ ਕਾਜ।
ਜਸ ਕੀਜਹਿ ਅਭਿਖੇਕਨਿ ਰਾਜ ।...੩੨।"

(ਬ੍ਰਿਧ=ਬੁੱਢਾ ਜੀ। ਸੰਮਤ=ਸਹਿਮਤ। ਗਨਕ=ਜੋਤਸ਼ੀ। ਹਕਾਰਯੋ=ਬੁਲਾਇਆ। ਨੀਕੇ=ਚੰਗਾ। ਅਭਿਖੇਕ=ਤਿਲਕ। ਅਭਿਖੇਕਨਿ ਰਾਜ=ਰਾਜ ਤਿਲਕੇ)

ਜੋਤਸ਼ੀ ਸਾਹਾ ਸੋਧ ਕੇ ਐਤਵਾਰ ਹਾੜ੍ਹ ਸੁਦੀ ਦਸਮੀ ਦੱਸਿਆ।

ਅੰਸੂ ੪੩

(ਤਖ਼ਤ ਤੇ ਬੈਠਣਾ)

ਗੁਰੂ ਜੀ ਦੋ ਤਲਵਾਰਾਂ ਪਹਿਨ ਕੇ ਤਖ਼ਤ 'ਤੇ ਬੈਠੇ। ਸਿੱਖਾਂ ਦੇ ਪੁਛਣ 'ਤੇ ਗੁਰੂ ਜੀ ਨੇ ਉਤਰ ਦਿਤਾ

Digitized by Panjab Digital Library | www.panjabdigilib.org

"ਮੀਰੀ ਪੀਰੀ ਦੋਨਹੁੰ ਧਰੈਂ ।
ਬਚਹਿ ਸ਼ਰਨਿ, ਨਤੁ ਜੁਗ ਪਰਹਰੈਂ । ..੨੩।"

ਬੇਅੰਤ ਸੰਗਤ ਇਕੱਠੀ ਸੀ । ਬਾਬਾ ਬੁਢਾ ਜੀ ਨੇ ਛੇਵੇਂ ਗੁਰੂ ਨੂੰ ਗੱਦੀ ਦਾ ਤਿਲਕ ਦਿਤਾ । ਫਿਰ ਸੰਗਤਾਂ ਨੇ ਬੇਅੰਤ ਭੇਟਾ ਧਰੀਆਂ । ਬਹੁਤ ਸਾਰੇ ਘੋੜੇ ਤੇ ਬੇਅੰਤ ਸ਼ਸਤਰ ਭੇਟਾ ਵਿਚ ਆਏ ।

ਅੰਸੂ ੪੪

(ਬੀਰ ਰਸੀ ਰੂਪਕ)

ਗੁਰੂ ਜੀ ਨੂੰ ਸ਼ਸਤਰ ਧਾਰੀ ਯੋਧੇ ਦੇ ਰੂਪ ਵਿਚ ਵੇਖ ਕੇ ਮਾਤਾ ਗੰਗਾ ਜੀ ਬਹੁਤ ਖ਼ੁਸ਼ ਹੋਏ ।

ਅੱਗੇ ਨਿੱਤ ਦੀ ਰਹਿਣੀ :

"ਸੁੱਖਾ ਛਕ ਸੁਚੇਤ ਪੁਨ ਹੋਵੈਂ ।
ਚਢਿ ਤੁਰੰਗ ਪਰ ਬਾਹਰ ਜੋਵੈਂ ।੧੧।"

(ਕਵੀ ਜੀ ਆਪ ਸੁੱਖਾ ਛਕਦੇ ਸਨ । ਸੋ ਉਹਨਾਂ ਛੇਵੇਂ ਗੁਰੂ ਜੀ ਨੂੰ ਵੀ ਸੁੱਖਾ ਛਕਣ ਵਾਲੇ ਲਿਖ ਦਿਤਾ ।)

ਮਾਝੇ ਤੇ ਮਾਲਵੇ ਦੇ ਚਾਰ ਸੌ ਸੂਰਮੇ ਸ਼ਸਤਰ ਪਹਿਨ ਕੇ ਨੌਕਰੀ ਹਿਤ ਹਾਜ਼ਰ ਹੋਏ । ਹਜ਼ੂਰ ਨੇ ਸਾਰੇ ਨੌਕਰ ਰਖ ਲਏ । ਉਹਨਾਂ ਨੂੰ ਨਾਲ ਲੈ ਕੇ ਹਜ਼ੂਰ ਸ਼ਕਾਰ ਖੇਡਣ ਜਾਂਦੇ ।

ਅਬਦੁੱਲਾ ਢਾਡੀ ਨੇ ਆ ਕੇ ਵਾਰ ਸੁਣਾਈ । ਗੁਰੂ ਜੀ ਨੇ ਉਸਨੂੰ ਨੌਕਰ ਰੱਖ ਲਿਆ ਤੇ ਸੁੰਦਰ ਘੋੜਾ ਬਖ਼ਸ਼ਿਆ ।

ਦੀਵਾਲੀ ਦੇ ਮੌਕੇ 'ਤੇ ਬੇਅੰਤ ਸੰਗਤਾਂ ਆਈਆਂ, ਸ਼ਸਤਰ ਆਦਿ ਬਹੁਤ ਚੜ੍ਹਾਵਾ ਆਇਆ । ਦੱਖਣ ਦੇ ਇਕ ਰਾਜੇ ਨੇ ਹਾਥੀ ਭੇਜਿਆ । ਗੁਰੂ ਜੀ ਨੇ ਢਾਡੀ ਨੂੰ ਅਸਵਾਰੀ ਵਾਸਤੇ ਹਾਥੀ ਬਖ਼ਸ਼ ਦਿਤਾ ।

"ਅਰਪੀ ਵਸਤੂ ਲੀਨਿ ਸੰਭਾਰੀ ।
ਗਜ ਢਾਢੀ ਕੋ ਹਿਤ ਅਸਵਾਰੀ ।
ਲੇ ਤਿਨ ਸੁਜਸੁ ਗੁਰੂ ਕੋ ਕਰਜੋ ।
'ਤੀਨ ਲੋਕ ਪਤਿ ਪ੍ਰਭੁ ਅਵਤਰਯੋ' ।੪੨।"

ਅਸੂ ੪੫

(ਛੇਵੇਂ ਗੁਰੂ ਦੀ ਉਸਤਤ)

ਇਸ ਅੰਸੂ ਵਿਚ ਛੇਵੇਂ ਗੁਰੂ ਦੇ ਸਰੀਰ ਦੀ ਉਪਮਾ ਹੈ ਲੰਮਾ ਤੇ ਸੁੰਦਰ ਸਰੀਰ ।

Digitized by Panjab Digital Library | www.panjabdigilib.org

ਸ਼ਕਾਰ ਖੇਡਣਾ ਤੇ ਸ਼ਸਤਰ ਅਭਿਆਸ।

ਅੰਸੂ ੪੬

(ਚੰਦੂ ਨੇ ਸਗਾਈ ਹਿਤ ਦੂਤ ਭੇਜੇ)

ਚੰਦੂ ਨੇ ਦਿੱਲੀ ਜਾ ਕੇ ਕਿਹਾ, ਕਿ ਗੁਰੂ ਜੀ ਹੈਜ਼ੇ ਕਾਰਨ ਸਮਾਏ ਹਨ।

"ਮਰਯੋ ਗੁਰੂ ਅਰਜਨ ਲਵਪੁਰਿ ਮੈਂ।
ਨਿਸ ਹੈਜ਼ਾ ਹੁਇ ਗਯੋ ਉਦਰ ਮੈਂ ।੮।"

ਚੰਦੂ ਅੰਦਰੇ ਅੰਦਰ ਡਰ ਰਿਹਾ ਸੀ। ਉਹਨੇ ਗੁਰੂ ਹਰਿਗੋਬਿੰਦ ਜੀ ਵੱਲ ਆਪਣੇ ਲਾਗੀ ਭੇਜੇ। ਨਾਲੇ ਤਾਂ ਤਰਲਾ ਲਿਆ, ਕਿ ਮੇਰੀ ਕੰਨਿਆਂ ਵਿਆਹ ਲਵੋ, ਤੇ ਆਪਣੀ ਤਾਕਤ ਦਾ ਭੈ ਵੀ ਦਿਤਾ।

ਅੰਸੂ ੪੭

(ਦੂਤ ਵਾਪਸ)

ਗੁਰੂ ਜੀ ਅਕਾਲ ਤਖ਼ਤ 'ਤੇ ਸਸ਼ੋਭਤ ਸਨ। ਉਦਾਲੇ ਸੂਰਮੇਂ ਬੈਠੇ ਸਨ। ਚੰਦੂ ਦੇ ਦੂਤਾਂ ਚਿੱਠੀ ਲਿਆ ਦਿ ੀ। ਪੜ੍ਹਕੇ ਗੁਰੂ ਜੀ ਨੇ ਦੂਤਾਂ ਨੂੰ ਕਿਹਾ, 'ਉਹ ਸਾਨੂੰ ਭੈ ਦੇਣਾ ਚਹੁੰਦਾ ਹੈ। ਉਸਨੂੰ ਕਹਿ ਦੇਣਾ, ਕਿ ਹੁਣ ਉਸਦੇ ਥੋੜੇ ਹੀ ਦਿਨ ਹਨ। ਉਸ ਤੋਂ ਗੁਰੂ ਜੀ ਦਾ ਬਦਲਾ ਲਿਆ ਜਾਵੇਗਾ। ਰਿਸ਼ਤਾ ਲੈਣ ਦਾ ਸਵਾਲ ਹੀ ਨਹੀਂ।'

ਦੂਤਾਂ ਸਾਰੀ ਵਾਰਤਾ ਚੰਦੂ ਨੂੰ ਜਾ ਦੱਸੀ।

ਅਸੂ ੪੮

(ਜਹਾਂਗੀਰ ਪਾਸ ਚੁਗਲੀ)

ਚੰਦੂ ਨੇ ਜਹਾਂਗੀਰ ਨੂੰ ਦੱਸਿਆ, ਕਿ ਗੁਰੂ ਜੀ ਹੈਜ਼ੇ ਨਾਲ ਸਮਾਏ ਹਨ। ਜਹਾਂਗੀਰ ਨੇ ਬੜਾ ਅਫ਼ਸੋਸ ਕੀਤਾ।

ਫਿਰ ਚੰਦੂ ਨੇ ਗੁਰੂ ਹਰਿਗੋਬਿੰਦ ਜੀ ਬਾਰੇ ਕਿਹਾ, ਕਿ ਉਹ ਫ਼ੌਜ ਤਿਆਰ ਕਰ ਰਹੇ ਹਨ। ਕਿਤੇ ਐਸਾ ਨਾ ਹੋਵੇ ਕਿ ਕੋਈ ਗੜਬੜ ਕਰ ਦੇਣ।

ਜਹਾਂਗੀਰ ਨੇ ਕਿੰਚ ਬੇਗ ਤੇ ਵਜ਼ੀਰ ਖ਼ਾਨ ਨੂੰ ਗੁਰੂ ਜੀ ਵੱਲ ਭੇਜਿਆ।

ਅੰਸੂ ੪੯

(ਜਹਾਂਗੀਰ ਦਾ ਸੱਦਾ)

ਕਿੰਚ ਬੇਗ ਤੇ ਵਜ਼ੀਰ ਖ਼ਾਨ ਅੰਮ੍ਰਿਤਸਰ ਆ ਪਹੁੰਚੇ। ਭੇਟਾ ਧਰ ਕੇ ਉਹਨਾਂ

Digitized by Panjab Digital Library | www.panjabdigilib.org

ਬੇਨਤੀ ਕੀਤੀ, ਕਿ ਬਾਦਸ਼ਾਹ ਨੇ ਆਪ ਨੂੰ ਯਾਦ ਕੀਤਾ ਹੈ।
ਗੁਰੂ ਜੀ ਨੇ ਮਾਤਾ ਜੀ ਨਾਲ ਤੇ ਸਾਰੇ ਮੁਖੀ ਸਿੱਖਾਂ ਨਾਲ ਸਲਾਹ ਕੀਤੀ।

ਅੰਸੂ ੫੦

(ਦਿੱਲੀ ਜਾਣ ਦੀ ਤਿਆਰੀ)

ਬਾਬਾ ਬੁੱਢਾ ਜੀ ਨੇ ਦਿੱਲੀ ਜਾਣ ਦੀ ਸਲਾਹ ਦਿੱਤੀ। ਸਭ ਗੱਲਾਂ ਸੁਣ ਕੇ ਭਾਈ ਗੁਰਦਾਸ ਨੇ ਵੀ ਏਹਾ ਸਲਾਹ ਦਿਤੀ।

ਅਗਲੇ ਦਿਨ ਗੁਰੂ ਜੀ ਨੇ ਵਜ਼ੀਰ ਖ਼ਾਂ ਨੂੰ ਦੱਸਿਆ, ਕਿ ਅਸੀਂ ਦਿਲੀ ਚੱਲਾਂਗੇ।

ਵਜ਼ੀਰ ਖ਼ਾਂ ਨੇ ਦੱਸਿਆ, ਕਿ ਮੇਰਾ ਜਲੋਧਰ ਦਾ ਰੋਗ ਸਿੱਖ ਕੋਲੋਂ 'ਸੁਖਮਨੀ' ਸੁਣ ਕੇ ਹਟਿਆ ਸੀ। ਸੋ ਮੈਂ ਗੁਰੂ ਘਰ ਦਾ ਸਿੱਖ ਹਾਂ।

ਅੰਸੂ ੫੧

(ਦੋ ਕੋਹਾਂ ਤੇ ਡੇਰਾ)

ਗੁਰੂ ਜੀ ਨੂੰ ਤੋਰਨ ਲੱਗਿਆਂ ਮਾਤਾ ਗੰਗਾ ਨੇ ਬਹੁਤ ਵੈਰਾਗ ਕੀਤਾ। ਗੁਰੂ ਜੀ ਨੇ ਬਹੁਤ ਧੀਰਜ ਬੰਨ੍ਹਾਇਆ। ਪਹਿਲਾ ਪੜਾ ਦੋ ਕੋਹ 'ਤੇ ਜਾ ਕੀਤਾ।

ਅੰਸੂ ੫੨

(ਗੁਰੂ ਜੀ ਦਿੱਲੀ ਪੁੱਜੇ)

ਭਾਈ ਗੁਰਦਾਸ ਤੇ ਬੁੱਢਾ ਜੀ ਨੂੰ ਵਾਪਸ ਮੋੜ ਕੇ ਗੁਰੂ ਜੀ ਅੱਗੇ ਤੁਰ ਪਏ। ਜਿੱਥੇ ਪੜਾ ਹੁੰਦਾ, ਓਥੇ ਸੰਗਤਾਂ ਇਕੱਠੀਆਂ ਹੋ ਜਾਂਦੀਆਂ। ਸਹਿਜ ਸਹਿਜ ਗੁਨੂ ਜੀ 'ਮਜਨੂੰ ਦੇ ਟਿੱਲੇ' ਤੇ ਜਾ ਉਤਰੇ। ਏਥੇ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਹੈ। (ਦਿੱਲੀ ਵਿਚ) ਏਥੋਂ ਗੁਰੂ ਜੀ ਨੇ ਵਜ਼ੀਰ ਖ਼ਾਂ ਤੇ ਕਿੰਚਬੇਗ ਨੂੰ ਸਿਰੋਪਾਉ ਦੇ ਕੇ ਤੋਰਿਆ।

ਅੰਸੂ ੫੩

(ਮਜਨੂੰ ਦੇ ਟਿੱਲੇ ਵਾਲੇ ਸਾਧ ਨੂੰ ਉਪਦੇਸ਼)

ਵਜ਼ੀਰ ਖ਼ਾਂ ਨੇ ਬਾਦਸ਼ਾਹ ਨੂੰ ਮਿਲ ਕੇ ਗੁਰੂ ਜੀ ਦੇ ਆਉਣ ਦੀ ਖ਼ਬਰ ਦਿਤੀ ਤੇ ਨਾਲ ਹੀ ਗੁਰੂ ਜੀ ਦੀ ਬਹੁਤ ਉਸਤਤ ਕੀਤੀ।

ਗੁਰੂ ਜੀ ਦਾ ਆਉਣਾ ਸੁਣ ਕੇ ਬੇਅੰਤ ਸੰਗਤ ਦਰਸ਼ਨ ਹਿਤ ਆਈ।

ਗੁਰੂ ਜੀ ਇਕੱਲੇ ਬੈਠੇ ਸਨ, ਜਾਂ ਓਥ ਰਹਿਣ ਵਾਲਾ ਸਾਧੂ 'ਮਜਨੂ ਦਾਸ' ਹਾਜ਼ਰ

Digitized by Panjab Digital Library | www.panjabdigilib.org

ਹੋਇਆ। ਚਰਨ ਛੁਹ ਕੇ ਉਸ ਨੇ ਸਵਾਲ ਕੀਤਾ, ਕਿ ਇਹ ਜੱਗ ਸੱਚ ਹੈ ਜਾਂ ਝੂਠ।

ਗੁਰੂ ਜੀ ਨੇ ਕਿਹਾ, ਕਿ ਜੱਗ ਸੁਪਨੇ ਵਾਂਗ ਹੈ। ਜਿਵੇਂ ਸੁਪਨੇ ਵਿਚ ਸਭ ਕੁਛ ਸੱਚ ਨਜ਼ਰ ਆਉਂਦਾ ਹੈ, ਪਰ ਜਾਗਣ 'ਤੇ ਉਹ ਝੂਠ ਸਿੱਧ ਹੋ ਜਾਂਦਾ ਹੈ।

ਅੰਸੂ ੫੪

(ਜਹਾਂਗੀਰ ਨਾਲ ਮੇਲ)

ਵਜ਼ੀਰ ਖ਼ਾਨ ਗੁਰੂ ਜੀ ਨੂੰ ਲੈਣ ਗਿਆ। ਗੁਰੂ ਜੀ ਨੇ ਕਿਹਾ, ਸੰਗਤ ਦਰਸ਼ਨ ਕਰ ਲਵੇ, ਫਿਰ ਆਉਂਦੇ ਹਾਂ। ਵਜ਼ੀਰ ਖ਼ਾਂ ਨੇ ਸ਼ਰਧਾ ਨਾਲ ਪ੍ਰਸਾਦ ਮੰਗਿਆ। ਗੁਰੂ ਜੀ ਨੇ ਪ੍ਰਸਾਦ ਦਾ ਇਕ ਥਾਲ ਵਜ਼ੀਰ ਨੂੰ ਬਖ਼ਸ਼ਿਆ ਤੇ ਇਕ ਬਾਦਸ਼ਾਹ ਵਾਸਤੇ ਭੇਜਿਆ। ਬਾਦਸ਼ਾਹ ਪ੍ਰਸਾਦ ਛਕ ਕੇ ਬਹੁਤ ਪਰਸੰਨ ਹੋਇਆ।

ਜੇਠਾ ਆਦਿ ਪੰਜ ਸਿੱਖ ਨਾਲ ਲੈ ਕੇ ਗੁਰੂ ਜੀ ਡੇਰੇ ਤੋਂ ਚੱਲੇ, ਕਿਲੇ ਵਿਚ ਪਹੁੰਚੇ, ਤਾਂ ਅੱਗੋਂ ਦੋ ਉਮਰਾਉ ਲੈਣ ਆਏ।

ਗੁਰੂ ਜੀ ਨੂੰ ਸਜੀ ਹੋਈ ਚੌਂਕੀ (ਗੱਦੀ) ਉਤੇ ਬਿਠਾਇਆ। ਬਾਦਸ਼ਾਹ ਨੇ ਨਮਸਕਾਰ ਕੀਤੀ।

ਬਾਦਸ਼ਾਹ ਨੇ ਪਰਖਣ ਹਿਤ ਸਵਾਲ ਕੀਤਾ, ਕਿ ਹਿੰਦੂ ਮੁਸਲਮਾਨ ਵਿਚੋਂ ਉੱਤਮ ਕੌਣ ਹੈ ?

ਗੁਰੂ ਜੀ ਨੇ ਉਤਰ ਦਿਤਾ

"ਕਰਨਹਾਰ ਕੋ ਸਿਮਰਹਿ ਜੋਇ।
ਸਭਿ ਤੇ ਦੀਰਘ ਜਾਨਹੁ ਸੋਇ।...੫੦।"

ਫਿਰ ਮਹਾਰਾਜ ਨੇ ਕਬੀਰ ਜੀ ਦਾ ਇਹ ਸਬਦ ਸੁਣਾਇਆ

"ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ।...।"

ਬਾਦਸ਼ਾਹ ਨੇ ਭੇਟਾ ਧਰੀ। ਉਹ ਜੇਠੇ ਨੇ ਸੰਭਾਲ ਲਈ।

ਅੰਸੂ ੫੫

(ਜਹਾਂਗੀਰ ਨਾਲ ਸ਼ਕਾਰ---ਸ਼ੇਰ ਮਾਰਿਆ)

ਗੁਰੂ ਜੀ ਵਾਪਸ ਆਪਣੇ ਡੇਰੇ ਆ ਗਏ।

(ਗੁਰੂ ਜੀ ਦੇ ਮੁੱਖੋਂ ਹਰ ਸਮੇਂ ਏਹਾ ਅਖਵਾਇਆ ਗਿਆ ਹੈ ਕਿ ਅਸਾਂ ਚੰਦੂ ਤੋਂ ਪਿਤਾ ਦਾ ਬਦਲਾ ਲੈਣਾ ਹੈ।)

ਇਕ ਦਿਨ ਗੁਰੂ ਜੀ ਬਾਦਸ ਦੇ ਨਾਲ ਸ਼ਕਾਰ ਖੇਡਣ ਗਏ। ਇਕ ਬਲੀ ਸ਼ੇਰ ਨੂੰ ਗੁਰੂ ਜੀ ਨੇ ਤਲਵਾਰ ਨਾਲ ਮਾਰਿਆ। ਉਸ ਵਿਚੋਂ ਇਕ ਪ੍ਰਕਾਸ਼ ਰੂਪੀ ਜੀਵ

Digitized by Panjab Digital Library | www.panjabdigilib.org

ਨਿਕਲਿਆ। ਬਾਦਸ਼ਾਹ ਦੇ ਪੁਛਣ 'ਤੇ ਗੁਰੂ ਜੀ ਨੇ ਦੱਸਿਆ, ਇਹ ਕਾਸਮ ਬੇਗ ਹੈ।' ਬਾਦਸ਼ਾਹ ਦੇ ਪੁਛਣ 'ਤੇ ਉਸ ਜੀਵ ਨੇ ਦਸਿਆ, 'ਮੈਂ ਕਬੀਲੇ ਵਿਚੋਂ ਅਕਬਰ ਦਾ ਭਾਈ ਲਗਦਾ ਸਾਂ। ਜਦ ਅਕਬਰ ਤੀਸਰੇ ਗੁਰੂ ਜੀ ਦੇ ਦਰਸਨ ਨੂੰ ਗਿਆ, ਮੈਂ ਦਿਲ ਵਿਚ ਸੋਚਿਆ, ਕਿ ਬਾਦਸ਼ਾਹ ਹਿੰਦੂ ਪੀਰ ਨੂੰ ਕਿਉਂ ਪੂਜਦਾ ਹੈ। ਮੈਂ ਗੁਰੂ ਜੀ ਦੀ ਬੜੀ ਨਿੰਦਿਆ ਕੀਤੀ। ਵਧੇਰੇ ਮਾਸ ਖਾਣ ਕਰਕੇ ਮੈਂ ਓਥੇ ਹੀ ਮਰ ਗਿਆ। ਮੈਂ ਹੁਣ ਸ਼ੇਰ ਦੀ ਜੂਨ ਆਇਆ, ਤੇ ਗੁਰੂ ਜੀ ਦੇ ਹੱਥੋਂ ਮਰਨ ਕਰਕੇ ਸੁਰਗ ਨੂੰ ਜਾ ਰਿਹਾ ਹਾਂ।'

(ਸ਼ੇਰ ਦੇ ਪਿਛਲੇ ਜਨਮ ਦੀ ਕਥਾ ਸੁਣਾ ਕੇ ਕਵੀ ਜੀ ਨੇ ਨਿੱਗਰ ਇਤਿਹਾਸ ਨੂੰ ਮਿਥਿਹਾਸ ਬਣਾ ਧਰਿਆ ਹੈ। ਕੌਣ ਮੰਨੇਗਾ ?)

ਅੰਸੂ ੫੬

(ਦਿੱਲੀ ਤੋਂ ਕੂਚ)

ਅਗਲੇ ਦਿਨ ਬਾਦਸ਼ਾਹ ਮਜਨੂ ਦੇ ਟਿੱਲੇ ਗੁਰੂ ਜੀ ਦੇ ਦਰਸ਼ਨ ਕਰਨ ਗਿਆ। ਬਾਦਸ਼ਾਹ ਗੁਰੂ ਜੀ ਨੂੰ ਨਾਲ ਆਗਰੇ ਲੈ ਗਿਆ।

ਕਿਸੇ ਦੇ ਮੂੰਹੋਂ ਬਾਦਸ਼ਾਹ ਨੇ ਸੁਣਿਆਂ ਕਿ ਗੁਰੂ ਜੀ 'ਸੱਚਾ ਪਾਤਸ਼ਾਹ' ਅਖਵਾਉਂਦੇ ਹਨ। ਜਹਾਂਗੀਰ ਦੇ ਦਿਲ ਵਿਚ ਆਈ, ਕਿ ਇਹ ਤਾਂ ਮੇਰੇ ਨਾਲੋਂ ਵੀ ਉੱਚਾ ਪਦ ਹੈ। ਬਾਦਸ਼ਾਹ ਦੇ ਪੁਛਣ 'ਤੇ ਗੁਰੂ ਜੀ ਨੇ ਕਿਹਾ, ਅਸੀਂ ਨਹੀਂ ਅਖਵਾਉਂਦੇ, ਸ਼ਰਧਾਵਾਨ ਕਹਿੰਦੇ ਹਨ।

ਇਕ ਦਿਨ ਸ਼ਕਾਰ ਖੇਡਣ ਗਏ, ਗੁਰੂ ਜੀ ਇਕ ਬਿਰਛ ਥੱਲੇ ਡੇਰਾ ਲਾ ਬੈਠੇ ਤੇ ਕੁਛ ਦੂਰ ਬਾਦਸ਼ਾਹ ਦੂਸਰੇ ਬਿਰਛ ਥੱਲੇ।

ਅੰਸੂ ੫੭

(ਘਾਹੀ ਸਿੱਖ)

ਇਕ ਘਾਹੀ ਸਿੱਖ ਕੁਲੇਖੇ ਨਾਲ ਜਹਾਂਗੀਰ ਪਾਸ ਆ ਗਿਆ। ਬਾਦਸ਼ਾਹ ਅੱਗੇ ਟਕਾ ਰਖ ਕੇ ਉਸਨੇ ਮੱਥਾ ਟੇਕਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ! ਜਨਮ ਮਰਨ ਤੋਂ ਰਹਿਤ ਕਰੋ, ਹੋਰ ਕੋਈ ਕਾਮਨਾ ਨਹੀਂ।'

ਜਹਾਂਗੀਰ ਨੇ ਅਸਲੀਅਤ ਸਮਝਕੇ ਕਿਹਾ, 'ਜਮਾਂ ਤੋਂ ਬਚਾਉਣ ਵਾਲਾ ਸੱਚਾ ਪਾਤਸ਼ਾਹ ਅਹੁ ਦੂਸਰੇ ਬਿਰਛ ਥੱਲੇ ਹੈ। ਮੈਂ ਤਾਂ ਸਿਰਫ਼ ਦੁਨੀਆਂ ਦਾ ਬਾਦਸ਼ਾਹ ਹਾਂ।'

ਘਾਹੀ ਨੇ ਟਕਾ ਉਠਾ ਲਿਆ ਤੇ ਦੂਸਰੇ ਪਾਸੇ ਤੁਰ ਪਿਆ। ਗੁਰੂ ਜੀ ਅੱਗੇ ਟਕਾ ਧਰ ਕੇ ਸਿੱਖ ਨੇ ਓਹਾ ਬੇਨਤੀ ਕੀਤੀ। ਹਜ਼ੂਰ ਨੇ ਕਿਹਾ, ਸਿਮਰਨ ਕਰੋ, ਜਮ ਨੇੜੇ ਨਹੀਂ ਆਵੇਗਾ।

ਆਗਰੇ ਵਿਚ ਇਕ ਸਿੱਖ ਲੜਕੀ ਹਿੰਦੂਆਂ ਘਰ ਵਿਆਹੀ ਹੋਈ ਸੀ। ਸੌਹਰਿਆਂ

Digitized by Panjab Digital Library | www.panjabdigilib.org

ਵੱਲੋਂ ਆਗਿਆ ਨਹੀਂ ਸੀ ਮਿਲਦੀ। ਪਰ ਉਹ ਗੁਰ ਦਰਸ਼ਨ ਵਾਸਤੇ ਅਰਦਾਸਾਂ ਕਰਦੀ ਸੀ। ਗੁਰੂ ਜੀ ਨੇ ਉਸਦੇ ਘਰ ਜਾ ਕੇ ਦਰਸ਼ਨ ਦਿਤੇ।

ਅੰਸੂ ੫੮

(ਨਜੂਮੀ ਸ਼ਾਹ ਕੋਲ)

ਗੁਰੂ ਜੀ ਦੇ ਖ਼ਰਚ ਵਾਸਤੇ ਬਾਦਸ਼ਾਹ ਪੰਜ ਸੌ ਰੋਜ਼ ਭੇਜਦਾ ਸੀ।

ਚੰਦੂ ਨੇ ਨਜੂਮੀ ਨੂੰ ਪੰਜ ਸੌ ਦਿਤਾ ਤੇ ਪੰਜ ਹਜ਼ਾਰ ਹੋਰ ਦੇਣ ਦਾ ਇਕਰਾਰ ਕੀਤਾ। ਚੰਦੂ ਦਾ ਸਿਖਾਇਆ ਨਜੂਮੀ ਬਾਦਸ਼ਾਹ ਕੋਲ ਗਿਆ। ਬੂਰਾ ਜਿਹਾ ਮੂੰਹ ਬਣਾ ਕੇ ਉਸਨੇ ਕਿਹਾ, "ਸ਼ਹਿਨਸ਼ਾਹ 'ਤੇ ਇਸ ਸਮੇਂ ਸਾੜ੍ਹਸਤੀ[1] ਆਈ ਹੋਈ ਹੈ। ਇਸਦਾ ਸਿੱਟਾ ਮੌਤ ਵੀ ਹੋ ਸਕਦੀ ਹੈ। ਇਹ ਅੱਜ ਤੋਂ ਸ਼ੁਰੂ ਹੈ। ਇਸਦਾ ਇਲਾਜ ਹੈ, ਕਿ ਸੋਢੀ ਖੱਤਰੀ, ਜਿਸਦਾ ਨਾਮ ਹਰਿਗੋਬਿੰਦ ਹੋਵੇ, ਉਹ ਗਵਾਲੀਅਰ ਦੇ ਕਿਲੇ ਵਿਚ ਬਹਿ ਕੇ ਤੁਹਾਡੇ ਵਾਸਤੇ ਤਪ ਕਰੇ, ਤਾਂ ਸਾੜ੍ਹਸਤੀ ਟਲ ਸਕਦੀ ਹੈ।"

ਬਾਦਸ਼ਾਹ ਬਹਤ ਡਰ ਗਿਆ। ਚੰਦੂ ਦੇ ਸਿਖਾਏ ਇਕ ਉਮਰਾਵ ਨੇ ਕਿਹਾ, ਕਿ ਅਜੇਹਾ ਮਹਾਪੁਰਸ਼ ਗੁਰੂ ਹਰਿਗੋਂਦਿੰਦ ਹੈ।

ਬਾਦਸ਼ਾਹ ਨੇ ਕਿਹਾ, ਉਹ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਹਨ। ਉਹਨਾਂ ਨੂੰ ਐਸਾ ਨਹੀਂ ਕਿਹਾ ਜਾ ਸਕਦਾ।

ਚੰਦੂ ਤੇ ਉਸਦੇ ਸਾਥੀਆਂ ਨੇ ਬਾਦਸ਼ਾਹ 'ਤੇ ਜ਼ੋਰ ਦਿਤਾ, ਕਿ ਗੁਰੂ ਜੀ ਚਾਲੀ ਦਿਨ ਗਵਾਲੀਅਰ ਕਿਲੇ ਵਿਚ ਤਪ ਕਰਨ, ਤਾਂ ਸਾੜ੍ਹਸਤੀ ਟਲ ਜਾਇਗੀ।

ਅੰਸੂ ੫੯

(ਗਵਾਲੀਅਰ ਪੁੱਜਣਾ)

ਬਾਦਸ਼ਾਹ ਨੇ ਗੁਰੂ ਪਾਸ ਹਾਜ਼ਰ ਹੋ ਕੇ ਸਾਰੀ ਗੱਲ ਕਹਿ ਸੁਣਾਈ। ਗੁਰੂ ਜੀ ਨੇ ਫ਼ੁਰਮਾਇਆ, 'ਸਾੜ੍ਹਸਤੀ ਤੁਹਾਡੇ ਸਿਰ ਨਹੀਂ ਆਈ, ਕਿਸੇ ਹੋਰ ਦੇ ਸਿਰ ਆਈ ਹੈ। ਅਸੀਂ ਗਵਾਲੀਅਰ ਜਾਣ ਵਾਸਤੇ ਤਿਆਰ ਹਾਂ।' ਬਾਦਸ਼ਾਹ ਖ਼ੁਸ਼ ਹੋ ਗਿਆ।

ਬਾਦਸ਼ਾਹ ਨੇ ਕਿਲੇ ਦੇ ਹਾਕਮ ਨੂੰ ਲਿਖ ਦਿਤਾ, ਕਿ ਗੁਰੂ ਜੀ ਦਾ ਪੂਰਾ ਸਤਕਾਰ ਕੀਤਾ ਜਾਵੇ। ਡੇਰਾ ਦਿੱਲੀ ਹੀ ਛਡ ਕੇ ਗੁਰੂ ਜੀ ਪੰਜਾਂ ਸਿੱਖਾਂ ਸਮੇਤ ਗਵਾਲੀਅਰ ਜਾ ਪੁੱਜੇ।

ਓਥੇ ਅੱਗੇ ਕਈ ਰਾਜੇ ਕੈਦ ਸਨ। ਕਿਲੇਦਾਰ ਹਰਿਦਾਸ ਸੀ। ਹਰਿਦਾਸ ਨੇ

---

1 ਗ੍ਰਹਿ ਨਛੱਤਰਾਂ ਦਾ ਅਜੇਹਾ ਮੇਲ, ਜੋ ਸਾਢੇ ਸੱਤ ਵਰ੍ਹੇ, ਜਾਂ ਮਹੀਨੇ, ਜਾਂ ਦਿਨ ਰਹਿੰਦਾ ਹੈ, ਜਿਸ ਦਾ ਅਸਰ ਬਹੁਤ ਬੁਰਾ ਹੁੰਦਾ ਹੈ।

Digitized by Panjab Digital Library | www.panjabdigilib.org

ਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਚੰਗਾ ਅਸਥਾਨ ਦਿਤਾ। ਸੁਣ ਕੇ ਸਭ ਰਾਜੇ ਦਰਸ਼ਨਾਂ ਨੂੰ ਆਏ।

ਬਾਦਸ਼ਾਹ ਪਾਸੋਂ ਜੋ ਗੁਰੂ ਜੀ ਦੇ ਖ਼ਰਚ ਵਾਸਤੇ ਮਿਲਦਾ, ਉਹ ਸਭ ਕੈਦੀਆਂ ਦੇ ਭੋਜਨ ਵਾਸਤੇ ਖ਼ਰਚ ਦੇਂਦੇ। ਨਾਲ ਦੇ ਸਿੱਖ ਇਕ ਠਠਿਆਰ ਦੀ ਦੁਕਾਨ 'ਤੇ ਕੰਮ ਕਰਕੇ ਜੋ ਮਜ਼ਦੂਰੀ ਲਿਆਉਂਦੇ, ਗੁਰੂ ਜੀ ਉਸ ਦਾ ਭੋਜਨ ਕਰਦੇ।

ਅੰਸੂ ੬੦

(ਸਿੱਖਾਂ ਦੀ ਸਲਾਹ)

ਚੰਦੂ ਨੇ ਗਵਾਲੀਅਰ ਦੇ ਕਿਲੇਦਾਰ ਹਰਿਦਾਸ ਨੂੰ ਖ਼ਤ ਲਿਖਿਆ, ਤੇ ਨਾਲ ਪੰਜ ਹਜ਼ਾਰ ਰਿਸ਼ਵਤ ਵਜੋਂ ਭੇਜਿਆ। ਲਿਖਿਆ, ਕਿ ਇਹ ਜ਼ਹਿਰ ਵਾਲੀ ਪੁਸ਼ਾਕ ਗੁਰੂ ਜੀ ਨੂੰ ਪਹਿਨਾ ਦੇਵੋ, ਤਾਂ ਉਹ ਮਰ ਜਾਣਗੇ। ਮੈਂ ਤੈਨੂੰ ਬਾਦਸ਼ਾਹ ਪਾਸੋਂ ਕੋਈ ਪਿੰਡ ਦੁਆ ਦੇਵਾਂਗਾ।

ਹਰਿਦਾਸ ਨੇ ਉਹ ਖ਼ਤ ਗੁਰੂ ਜੀ ਨੂੰ ਜਾ ਦਿਤਾ। ਗੁਰੂ ਜੀ ਨੇ ਪੜ੍ਹ ਕੇ ਸਾੜ ਦਿਤਾ।

"ਸਭਿ ਪਢਿ ਕਰਿ ਸਤਿਗੁਰਨਿ ਸੁਨਾਯੋ।
ਪੁਨ ਪਾਵਕ ਮੈਂ ਸੋ ਖਤ ਪਾਯੋ।...੧੨।"

ਹਰਿਦਾਸ ਨੇ ਚੰਦੂ ਦੇ ਆਦਮੀ ਨੂੰ ਸਾਫ਼ ਜਵਾਬ ਦੇ ਦਿਤਾ।

ਮਾਤਾ ਗੰਗਾ ਜੀ ਦੇ ਭੇਜੇ ਬਾਬਾ ਬੁਢਾ ਜੀ ਗਵਾਲੀਅਰ ਜਾ ਪੁੱਜੇ। ਸਾਰੇ ਸਿੱਖਾਂ ਨੇ ਮਿਲ ਕੇ ਸਲਾਹ ਕੀਤੀ, ਕਿ ਬਾਦਸ਼ਾਹ ਨੂੰ ਕੁਛ ਭੈ ਵਿਖਾਉਣਾ ਚਾਹੀਦਾ ਹੈ।

ਅੰਸੂ ੬੧

(ਜਹਾਂਗੀਰ ਨੂੰ ਸ਼ੇਰ ਨੇ ਡਰਾਇਆ)

ਬਾਬਾ ਬੁਢਾ ਜੀ ਨੇ ਗੁਰੂ ਜੀ ਨੂੰ ਮਿਲ ਕੇ ਸਾਰੇ ਹਾਲ ਦੱਸੇ, ਕਿ ਮਾਤਾ ਜੀ ਕਿਵੇਂ ਯਾਦ ਕਰ ਰਹੇ ਹਨ। ਮਹਾਰਾਜ ਨੇ ਕਿਹਾ, ਫ਼ਿਕਰ ਨਾ ਕਰੋ, ਅਸੀਂ ਛੇਤੀ ਆਵਾਂਗੇ।

ਚੰਦੂ ਆਦਿ ਉਮਰਾਉ ਬਾਦਸ਼ਾਹ ਨੂੰ ਪ੍ਰੇਰ ਕੇ ਵਾਪਸ ਦਿੱਲੀ ਲੈ ਗਏ।

ਪਿਰਾਣੇ ਤੇ ਜੇਠੇ ਨੇ ਰਾਤ ਸ਼ੇਰ ਬਣ ਕੇ ਜਹਾਂਗੀਰ ਨੂੰ ਡਰਾਇਆ। ਜਹਾਂਗੀਰ ਨੇ ਗੁਰੂ ਜੀ ਦਾ ਨਾਮ ਲਿਆ, ਤਾਂ ਸ਼ੇਰ ਛਡ ਗਏ।

ਚੰਦੂ ਦੇ ਸਾਥੀਆਂ ਕਿਹਾ, ਐਵੇਂ ਭੂਤਾਂ ਦਾ ਅਸਰ ਸੀ, ਆਪ ਫ਼ਿਕਰ ਨਾ ਕਰੋ।

Digitized by Panjab Digital Library | www.panjabdigilib.org

ਅੰਸੂ ੬੨

(ਜੇਠੇ ਨੂੰ ਉਪਦੇਸ)

ਬਾਦਸ਼ਾਹ ਬੜੀ ਤਕੜਾਈ ਕਰਕੇ ਸੁੱਤਾ। ਅਧੀ ਰਾਤ ਨੂੰ ਸ਼ੇਰ ਫੇਰ ਆ ਪਏ। ਬਾਦਸ਼ਾਹ ਨੇ ਗੁਰੂ ਜੀ ਨੂੰ ਯਾਦ ਕੀਤਾ, ਤਾਂ ਉਹਨਾਂ ਆ ਕੇ ਸ਼ੇਰਾਂ ਨੂੰ ਹਟਾਇਆ। ਸ਼ੇਰਾਂ ਨੇ ਕਿਹਾ, ਰਾਤ ਅੰਖੇ ਵੇਲੇ ਗੁਰੂ ਨੂੰ ਯਾਦ ਕਰਦਾ ਏਂ, ਤੇ ਦਿਨੇ ਭੁੱਲ ਜਾਂਦਾ ਏਂ ?

ਅਗਲੇ ਦਿਨ ਬਾਦਸ਼ਾਹ ਨੇ ਹਕੀਮ ਬੁਲਾ ਲਏ। ਜੇਠਾ ਵੀ ਹਕੀਮ ਬਣ ਕੇ ਚਲਾ ਗਿਆ। ਬਾਕੀ ਹਕੀਮਾਂ ਨੂੰ ਮਰਜ਼ ਦਾ ਪਤਾ ਨਾ ਚੱਲਿਆ।

ਜੇਠੇ ਨੇ ਕਿਹਾ, ਮੈਂ ਬਾਦਸ਼ਾਹ ਨੂੰ ਇਕਾਂਤ ਵਿਚ ਸਭ ਕੁਛ ਦੱਸ ਸਕਦਾ ਹਾਂ। ਦੋਵੇਂ ਇਕੱਲੇ ਰਹਿ ਗਏ, ਤਾਂ ਜੇਠੇ ਨੇ ਕਿਹਾ, ਕਿ ਤੁਹਾਨੂੰ ਰਾਤ ਸ਼ੇਰ ਡਰਾਉ ਦੇ ਹਨ। ਜੇ ਗੁਰੂ ਜੀ ਨਾ ਬਚਾਉਂਦੇ, ਤਾਂ ਦੋਵੇਂ ਤੁਹਾਨੂੰ ਖਾ ਜਾਂਦੇ। ਤੁਸਾਂ ਗੁਰੂ ਜੀ ਨੂੰ ਚਾਲੀ ਦਿਨ ਵਾਸਤੇ ਕਿਲੇ ਵਿਚ ਭੇਜਿਆ ਸੀ, ਪਰ ਸਮਾਂ ਬੀਤਣ 'ਤੇ ਵੀ ਤੁਸਾਂ ਗੁਰੂ ਜੀ ਨੂੰ ਬੁਲਾਇਆ ਨਹੀਂ। ਜੇ ਤੁਸਾਂ ਗੁਰੂ ਜੀ ਨੂੰ ਅੱਜ ਹੀ ਨਾ ਬੁਲਾਇਆ, ਤਾਂ ਸ਼ੇਰ ਤੁਹਾਨੂੰ ਖਾ ਜਾਣਗੇ।

ਬਾਦਸ਼ਾਹ ਨੇ ਜੇਠੇ ਨੂੰ ਧਨ ਦੇਣਾ ਚਾਹਿਆ, ਪਰ ਜੇਠੇ ਨੇ ਲਿਆ ਨਾ।

ਉਸੇ ਵੇਲੇ ਬਾਦਸ਼ਾਹ ਨੇ ਨਜ਼ਰਾਨਾ ਦੇ ਕੇ ਗੁਰੂ ਜੀ ਵੱਲ ਆਦਮੀ ਭੇਜ ਦਿਤਾ।

ਜੇਠਾ ਗੁਰੂ ਜੀ ਪਾਸ ਪੁੱਜਾ, ਤਾਂ ਗੁਰੂ ਜੀ ਨੇ ਹੁਕਮ ਕੀਤਾ, ਕਿ ਜਮਨਾ ਤੋਂ ਗੰਗਾ ਸਾਗਰ ਭਰ ਲਿਆਉ। ਜੇਠਾ ਲੈ ਆਇਆ। ਗੁਰੂ ਜੀ ਨੇ ਕਿਹਾ, ਫਿਰ ਓਥੇ ਹੀ ਪਲਟ ਆਉ। ਜੇਠਾ ਪਲਟ ਆਇਆ। ਗੁਰਦੇਵ ਨੇ ਕਿਹਾ, ਜਿਵੇਂ ਦਰਿਆ ਵਿਚੋਂ ਪਾਣੀ ਭਰਨ ਨਾਲ ਘਟਿਆ ਨਹੀਂ, ਤੇ ਪਲਟਣ ਨਾਲ ਵਧਿਆ ਨਹੀਂ। ਕੀ ਗੁਰੂ ਵਿਚ ਸ਼ਕਤੀ ਨਹੀਂ ? ਤੁਸਾਂ ਸ਼ਕਤੀ ਕਿਉਂ ਵਿਖਾਈ। ਜੇਠੇ ਨੇ ਹੱਥ ਜੋੜ ਕੇ ਕਿਹਾ, 'ਮੈਂ ਆਪਣੇ ਵਾਸਤੇ ਨਹੀਂ ਕੀਤਾ, ਸਾਰੀ ਸੰਗਤ ਵਾਸਤੇ, ਤੇ ਖ਼ਾਸ ਕਰ ਮਾਤਾ ਜੀ ਦੇ ਹੁਕਮ ਨਾਲ ਐਸਾ ਕੀਤਾ ਹੈ।

ਅੰਸੂ ੬੩

(ਵਜ਼ੀਰ ਖ਼ਾਂ ਲੈਣ ਆਇਆ)

ਗੁਰੂ ਜੀ ਨੂੰ ਖ਼ਬਰ ਪਹੁੰਚੀ, ਕਿ ਆਗਰੇ ਵਿਚ ਘੋੜਿਆਂ ਵਾਸਤੇ ਘਾਹ ਪੂਰਾ ਨਹੀਂ ਮਿਲਦਾ। ਗੁਰੂ ਜੀ ਨੇ ਬੁੱਢਾ ਜੀ ਨੂੰ ਭੇਜਿਆ। ਉਹ ਡੇਰਾ ਆਗਰੇ ਤੋਂ ਦਿੱਲੀ ਦੇ ਨੇੜੇ ਲੈ ਆਏ।

ਬਾਦਸ਼ਾਹ ਦਾ ਆਦਮੀ ਆਇਆ, ਪਰ ਗੁਰੂ ਜੀ ਨੇ ਗਵਾਲੀਅਰ ਤੋਂ ਜਾਣ ਤੋਂ ਇਨਕਾਰ ਕਰ ਦਿਤਾ। ਫਿਰ ਬਾਦਸ਼ਾਹ ਨੇ ਵਜ਼ੀਰ ਖ਼ਾਨ ਨੂੰ ਬੁਲਾਇਆ।

ਵਜ਼ੀਰ ਖ਼ਾਂ ਨੇ ਗੁਰੂ ਨਾਨਕ ਤੇ ਬਾਬਰ ਦਾ ਮਿਲਾਪ, ਫਿਰ ਹਮਾਯੂੰ ਤੇ ਗੁਰੂ

Digitized by Panjab Digital Library | www.panjabdigilib.org

ਅੰਗਦ ਜੀ ਦਾ ਮੇਲ, ਤੇ ਫਿਰ ਅਕਬਰ ਦੇ ਚਤੌੜ ਦੀ ਸਾਖੀ, ਤੇ ਪਰਗਣੇ ਦੇ ਪਟੇ ਦਾ ਹਵਾਲਾ ਦਿਤਾ। ਜਹਾਂਗੀਰ ਨੇ ਵਜ਼ੀਰ ਖ਼ਾਂ ਨੂੰ ਸਿਰੋਪਾਉ ਦਿਤਾ ਤੇ ਗੁਰੂ ਜੀ ਪਾਸ ਭੇਜਿਆ।

ਵਜ਼ੀਰ ਖ਼ਾਨ ਦਾ ਆਉਣਾ ਸੁਣ ਕੇ ਕੈਦੀ ਰਾਜੇ ਆਣ ਹਾਜ਼ਰ ਹੋਏ। ਉਹਨਾਂ ਪ੍ਰਾਰਥਨਾ ਕੀਤੀ, ਕਿ ਸਾਡੀ ਬੰਦ ਖ਼ਲਾਸ ਕਰਾਓ। ਗੁਰੂ ਜੀ ਨੇ ਹਾਮੀ ਭਰ ਦਿਤੀ।

ਅੰਸੂ ੬੪

(ਮੀਆਂ ਮੀਰ ਜਹਾਂਗੀਰ ਕੋਲ)

ਇਕ ਬਿਰਧ ਪੀਰ (ਮੀਆਂ ਮੀਰ) ਦਿੱਲੀ ਆਇਆ ਸੁਣਿਆਂ, ਤਾਂ ਜਹਾਂਗੀਰ ਉਸ ਪਾਸ ਗਿਆ। ਪੀਰ ਨੇ ਗੁਰੂ ਅਰਜਨ ਦੇਵ ਜੀ ਦੀ ਸਾਰੀ ਕਹਾਣੀ ਸੁਣਾਈ। ਬਾਦਸ਼ਾਹ ਨੇ ਕਿਹਾ, ਕਿ ਇਹ ਸਭ ਕੁਛ ਚੰਦੂ ਨੇ ਕਰਵਾਇਆ ਹੈ। (ਮੀਆਂ ਮੀਰ ਜੀ ਦਾ ਨਾਮ ਨਹੀਂ ਲਿਖਿਆ ਤਾਂ ਇਕ ਪੀਰ ਲਿਖਿਆ ਹੈ।)

ਅੰਸੂ ੬੫

(ਵਜ਼ੀਰ ਖ਼ਾਂ ਵਾਪਸ ਮੁੜਿਆ)

ਗੁਰੂ ਜੀ ਨੇ ਵਜ਼ੀਰ ਖ਼ਾਨ ਨੂੰ ਕਿਹਾ, ਕਿ ਜਿੰਨਾ ਚਿਰ ਬਾਦਸ਼ਾਹ ਇਹਨਾਂ ਕੈਦੀ ਰਾਜਿਆਂ ਨੂੰ ਰਿਹਾ ਨਹੀਂ ਕਰੇਗਾ, ਅਸੀਂ ਕਿਲੇ ਵਿਚੋਂ ਬਾਹਰ ਨਹੀਂ ਜਾਵਾਂਗੇ।

ਵਜ਼ੀਰ ਖ਼ਾਂ ਨੇ ਵਾਪਸ ਜਾ ਕੇ ਬਾਦਸ਼ਾਹ ਨੂੰ ਜਾ ਦੱਸਿਆ। ਉਸਨੇ ਕਿਹਾ, ਕਿ ਰਾਜੇ ਗੁਰੂ ਜੀ ਦੀ ਆੱਗਿਆ ਵਿਚ ਹਨ। ਗੁਰੂ ਜੀ ਤੁਹਾਡੇ ਉਤੇ ਮੇਹਰਬਾਨ ਹਨ, ਤਾਂ ਰਾਜੇ ਗੜਬੜ ਨਹੀਂ ਕਰਨਗੇ।

ਅੰਸੂ ੬੬

(ਬੰਦੀ ਛੋੜ ਦਿੱਲੀ ਆਏ)

ਬਾਦਸ਼ਾਹ ਨੇ ਹੁਕਮ ਭੇਜ ਦਿਤਾ, ਕਿ ਜਿੰਨੇ ਰਾਜੇ ਗੁਰੂ ਜੀ ਦਾ ਪੱਲਾ ਫੜਕੇ ਬਾਹਰ ਆ ਸਕਣ, ਆ ਜਾਣ। ਗੁਰੂ ਜੀ ਉਹਨਾਂ ਨੂੰ ਨਾਲ ਲੈ ਕੇ ਦਰਸ਼ਨ ਦੇਣ।

ਵਜ਼ੀਰ ਖ਼ਾਂ ਨੇ ਬਾਦਸ਼ਾਹ ਦਾ ਹੁਕਮ ਕਿਲੇ ਵਿਚ ਜਾ ਪੁਚਾਇਆ। ਗੁਰੂ ਜੀ ਨੇ ਪੰਜਾਹ ਪੱਲਿਆਂ (ਕਲੀਆਂ) ਵਾਲਾ ਜਾਮਾ ਪਹਿਨਿਆਂ। ਪੰਜਾਹ ਰਾਜਿਆਂ ਨੇ ਇਕ ਇਕ ਪੱਲਾ ਪਕੜ ਲਿਆ। ਦੋ ਬਾਕੀ ਰਹਿ ਗਏ। ਹਜ਼ੂਰ ਦੇ ਜਾਮੇ ਦੇ ਦੋ ਬੰਦ (ਲੱਕ ਉਦਾਲੇ ਬੱਧੇ ਪਟਕੇ ਦੇ ਦੋਵੇਂ ਪੱਲੇ) ਪਕੜ ਕੇ ਉਹ ਵੀ ਬਾਹਰ ਆ ਗਏ।

ਗੁਰੂ ਜੀ ਨੇ ਹਰਿਦਾਸ ਨੂੰ ਹੁਕਮ ਦਿਤਾ, ਤੂੰ ਰਾਜਿਆਂ ਨੂੰ ਨਾਲ ਲੈਕੇ ਦਿੱਲੀ ਆ। ਅਸੀਂ ਚਲਦੇ ਹਾਂ।

ਚੌਥੀ ਰਾਸ ਸਮਾਪਤ

Digitized by Panjab Digital Library | www.panjabdigilib.org

ਪੰਜਵੀਂ ਰਾਸ

ਅੰਸੂ ੧

(ਮੰਗਲ)

ਪਹਿਲਾ ਦੋਹਾ ਈਸ਼ਵਰ ਦੀ ਅਰਾਧਨਾ ਹੈ। ਪਰ ਦੂਸਰਾ ਛੰਦ ਸੁਰਸਤੀ ਦੇਵੀ ਦੀ ਵਡਿਆਈ ਹੈ। (ਕਵੀ ਜੀ ਪੂਰੇ ਦੇਵੀ ਭਗਤ ਹਨ।) ਅੱਗੇ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਤੇ ਨਾਮ ਰਸੀਏ ਸਿੱਖਾਂ ਨੂੰ ਪ੍ਰਣਾਮ ਹੈ।

ਗੁਰੂ ਜੀ ਦਿੱਲੀ ਵਿਚ 'ਮਜਨੂੰ ਦੇ ਟਿੱਲੇ' ਆ ਟਿਕੇ। ਵਜ਼ੀਰ ਖ਼ਾਂ ਨੇ ਬਾਦਸ਼ਾਹ ਨੂੰ ਜਾ ਖ਼ਬਰ ਦਿੱਤੀ।

ਬਾਦਸ਼ਾਹ ਦੀ ਬੇਨਤੀ ਮੰਨ ਕੇ ਅਗਲੇ ਦਿਨ ਗੁਰੂ ਦੀ ਮਿਲਨ ਗਏ। ਬਾਦਸ਼ਾਹ ਨੇ ਨਮਸਕਾਰ ਕਰਕੇ ਚੰਦਨ ਦੀ ਚੌਕੀ ਤੇ ਬਿਠਾਏ।

ਅੰਸੂ ੨

(ਸ਼ਾਹ ਨੇ ਚੰਦੂ ਤੋਂ ਮਾਲਾ ਮੰਗੀ)

ਗੁਰੂ ਜਾ ਦੇ ਹੱਥ ਵਿਚ ਕਪੂਰੀ ਸਿਮਰਨਾ ਵੇਖ ਕੇ ਬਾਦਸ਼ਾਹ ਨੇ ਮੰਗ ਕੀਤੀ, ਕਿ ਇਕ ਮਣਕਾ ਬਖ਼ਸ਼ ਦਿਹੋ, ਮੈਂ ਤਸਬੀ ਦਾ ਅਮਾਮ[1] ਬਣਾਵਾਂਗਾ।

ਗੁਰੂ ਜੀ ਨੇ ਫ਼ੁਰਮਾਇਆ, ਇਸ ਤੋਂ ਵੀ ਵਧੀਆ ਪੰਜਵੇਂ ਪਾਤਸ਼ਾਹ ਦੀ ਮਾਲਾ ਚੰਦੂ ਦੇ ਘਰ ਹੈ, ਆਪ ਮੰਗਵਾ ਲਵੋ।

ਹੁਕਮ ਪਾ ਕੇ ਚੰਦੂ ਘਰ ਗਿਆ। ਉਸਨੇ ਵੇਖਿਆ, ਕਿ ਗੁਰੂ ਜੀ ਦੀ ਮਾਲਾ ਦੇ ਸਾਰੇ ਮਣਕੇ ਚੂਹੇ ਟੁੱਕ ਗਏ ਹਨ। ਚੰਦੂ ਉਸਦੇ ਨਾਲਦਾ ਮਣਕਾ ਬਜ਼ਾਰ ਵਿਚੋਂ ਭਾਲ ਰਿਹਾ, ਪਰ ਮਿਲਿਆ ਨਾ। ਬਾਦਸ਼ਾਹ ਨੇ ਉਡੀਕ ਕੇ ਫਿਰ ਸਖ਼ਤ ਹੁਕਮ ਭੇਜਿਆ।

---

1 (ਤਸਬੀ ਦਾ ਅਮਾਮ, ਮੇਰੂ ਮਣਕਾ, ਜਿਸ ਵਿਚਦੀ ਦੋਵੇਂ ਧਾਗੇ ਲੰਘਦੇ ਹਨ। ਤਸਬੀ ਵਾਲੇ ਉਸ ਮਣਕੇ ਨੂੰ ਨਹੀਂ ਉਲੰਘਦੇ। ਉਸ 'ਤੇ ਆ ਕੇ ਫਿਰ ਉਲਟੇ ਪਾਸੇ ਤਸਬੀ ਫੇਰਨ ਲੱਗ ਪੈਂਦੇ ਹਨ।)

Digitized by Panjab Digital Library | www.panjabdigilib.org

ਅੰਸੂ ੩

(ਚੰਦੂ ਗੁਰੂ ਜੀ ਦੇ ਹਵਾਲੇ)

ਚੰਦੂ ਹਾਜ਼ਰ ਹੋਇਆ, ਤਾਂ ਬਾਦਸ਼ਾਹ ਨੇ ਸਾਰਾ ਦੋਸ਼ ਉਸਦੇ ਸਿਰ ਮੜ੍ਹਿਆ, ਤੇ ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿਤਾ। ਬਿਧੀਏ ਤੇ ਜੇਠੇ ਨੇ ਚੰਦੂ ਦੀਆਂ ਮੁਸ਼ਕਾਂ ਬੰਨ ਲਈਆਂ।

ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ,

"ਜੋ ਅਪਰਾਧੀ ਬਡੋ ਹਮਾਰਾ।
ਦੇ ਕਰ ਅਪਨੇ ਦੋਸ਼ ਉਤਾਰਾ ।੩੬।"

(ਕੀ ਏਨੇ ਨਾਲ ਜਹਾਂਗੀਰ ਦੋਸ਼ ਤੋਂ ਬਰੀ ਹੋ ਗਿਆ ? ਕਵੀ ਜੀ ਤਾਂ ਐਸਾ ਹੀ ਜ਼ਾਹਿਰ ਕਰਦੇ ਹਨ। ਪਰ 'ਤੁਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਗੁਰੂ ਜੀ ਦੇ ਕਤਲ ਦਾ ਹੁਕਮ ਦੇਂਦਾ ਹੈ। ਇਹ ਜਾਨਣ ਵਾਲਾ ਉਸਨੂੰ ਕਿਵੇਂ ਨਿਰਦੋਸ਼ ਮੰਨੇਗਾ ?)

ਚੰਦੂ ਨੂੰ ਲੈ ਕੇ ਗੁਰੂ ਜੀ ਕਿਲੇ ਤੋਂ ਬਾਹਰ ਆ ਗਏ। ਹਜ਼ੂਰ ਨੇ ਜੇਠ ਨੂੰ ਕਿਹਾ, ਕਿ ਇਸਨੂੰ ਬਜ਼ਾਰ ਵਿਚ ਦੀ ਲਿਆਓ। ਤੇ ਹਰ ਸਿੱਖ ਇਸਨੂੰ ਪੰਜ ਜੁੱਤੀਆਂ ਮਾਰੇ।

ਸਾਰੇ ਬਜ਼ਾਰ ਵਿਚ ਚੰਦੂ ਨੂੰ ਜੁੱਤੀਆਂ ਦੀ ਮਾਰ ਪੈਂਦੀ ਗਈ। ਸਿੱਖ ਇਸ ਹਾਲਤ ਵਿਚ ਉਸਨੂੰ ਡੇਰੇ ਲੈ ਕੇ ਗਏ।

ਅੰਸੂ ੪

(ਅੰਮ੍ਰਿਤਸਰ ਖ਼ਬਰ ਪੁੱਜੀ)

ਗੁਰੂ ਹਰਿਗੋਬਿੰਦ ਜੀ ਨੇ ਪਿਤਾ ਦਾ ਵੈਰ ਲੈ ਲਿਆ। ਜੇ ਵੈਰ ਨਾ ਲੈ ਸਕਦੇ, ਤਾਂ (ਲੋਕ ਕਹਿੰਦੇ),

"ਲਿਯੋ ਨ ਗਯੋ ਬੈਰ ਪਿਤ ਕੇਰਾ।
ਕਯੋਂ ਸੁਤ ਜਨਮਯੋ ਮੰਦ ਬਡੇਰਾ ?...੩।"

(ਇਹ ਸ਼ਬਦ ਬਹੁਤ ਕੌੜੇ ਹਨ। ਇਜੇਹੇ ਸ਼ਬਦ ਵਰਤਣੇ ਨਹੀਂ ਸੀ ਚਾਹੀਦੇ।)

ਗੁਰੂ ਜੀ ਦੇ ਬੁਲਾਏ ਬਾਬਾ ਬੁਢਾ ਜੀ ਵੀ ਆ ਗਏ।

ਚੰਦੂ ਨੂੰ ਇਕ ਕਿੱਲੇ ਨਾਲ ਬੰਨ੍ਹ ਦਿਤਾ, ਤੇ ਕੁੱਤਿਆਂ ਦੇ ਨਾਲ ਖਾਣ ਪੀਣ ਵਾਸਤੇ ਦਿਤਾ। ਹਰ ਸਿੱਖ ਜੁੱਤੀਆਂ ਮਾਰਦਾ।

ਅਗਲੇ ਦਿਨ ਸਾਰੀ ਖ਼ਬਰ ਅੰਮ੍ਰਿਤਸਰ ਭੇਜ ਦਿਤੀ।

Digitized by Panjab Digital Library | www.panjabdigilib.org

ਅੰਸੂ ੫

(ਮਜਨੂ ਪ੍ਰਸੰਗ)

ਅਗਲੇ ਦਿਨ ਬਾਦਸ਼ਾਹ ਦਰਸ਼ਨ ਨੂੰ ਹਾਜ਼ਰ ਹੋਇਆ। ਉਹਨੇ ਚੰਦੂ ਦੀ ਪਤਨੀ ਤੇ ਪੁੱਤਰ ਵੀ ਗੁਰੂ ਜੀ ਦੇ ਹਵਾਲੇ ਕੀਤਾ। ਗੁਰੂ ਜੀ ਨੇ ਉਹਨਾਂ ਨੂੰ ਛੱਡ ਦਿਤਾ। ਕਿਹਾ ਜਿਸਨੇ ਪਾਪ ਕੀਤਾ ਹੈ, ਓਹਾ ਭੁਰੇਗਾ।

ਫਿਰ ਰਾਜ਼ੇ ਹਾਜ਼ਰ ਹੋਏ। ਉਹਨਾਂ ਬਾਦਸ਼ਾਹ ਦੇ ਆਗਿਆਕਾਰ ਰਹਿਣਾ ਮੰਨਿਆਂ ਬਾਦਸ਼ਾਹ ਨੇ ਉਹਨਾਂ ਨੂੰ ਸਿਰੋਪਾਉ ਦੇ ਕੇ ਵਿਦਿਆ ਕੀਤਾ।

ਬਾਦਸ਼ਾਹ ਵੀ ਵਿਦਿਆ ਹੋ ਗਿਆ, ਤਾਂ

"ਸਤਿਗੁਰ ਥਿਰੇ ਆਪਨੇ ਡੇਰੇ।
ਸੁੱਖਾ ਪਾਨ ਕੀਨਿ ਤਿਸ ਬੇਰੇ ।੩੫।"

(ਕਵੀ ਜੀ ਨੂੰ ਸੁੱਖੇ ਨਾਲ ਕਿੰਨਾ ਮੋਹ ਹੈ। ਜਦੋਂ ਆਪਣਾ ਵੇਲਾ ਹੁੰਦਾ ਹੈ, ਨਾਲ ਗੁਰੂ ਜੀ ਨੂੰ ਵੀ ਛਕਾ ਲੈਂਦੇ ਹਨ। ਇਹ ਬਹੁਤ ਵੱਡਾ ਅਪਰਾਧ ਹੈ, ਗੁਰੂ ਜੀ ਨੂੰ ਸੁੱਖੇ ਦੇ ਆਦੀ ਦੱਸਣਾ।)

ਪਿਰਾਣੇ ਦੇ ਪੁਛਣ 'ਤੇ ਗੁਰੂ ਜੀ ਨੇ ਲੇਲਾਂ ਮਜਨੂ ਦੀ ਕਥਾ ਸੁਣਾਈ। "ਲੇਲਾਂ ਬਾਦਸ਼ਾਹ ਦੀ ਸੁੰਦਰ ਲੜਕੀ ਸੀ। ਮਜਨੂੰ ਉਸ ਤੇ ਮੋਹਤ ਸੀ। ਇਕ ਊਠਣੀ ਅਸਵਾਰ ਨੂੰ ਸੁਨੇਹਾ ਦੇਂਦਾ ਮਜਨੂੰ ਲਾਹੌਰ ਤੋਂ ਏਥੇ ਆ ਪੁੱਜਾ। ਲੇਲਾਂ ਨੇ ਕਿਹਾ, ਤੂੰ ਏਥੇ ਹੀ ਖਲੋ, ਮੈਂ ਆ ਕੇ ਮਿਲਦੀ ਹਾਂ। ਲੇਲਾਂ ਨੂੰ ਯਾਦ ਨਾ ਰਿਹਾ। ਮਜਨੂੰ ਕਈ ਸਾਲ ਏਥੇ ਖਲਾ ਲੱਕੜ ਵਾਂਗ ਸੁੱਕ ਗਿਆ। ਇਕ ਲੱਕੜਹਾਰੇ ਨੇ ਆ ਕੇ ਕੁਹਾੜਾ ਮਾਰਿਆ, ਤਾਂ ਮਜਨੂੰ ਨੇ ਕਿਹਾ, 'ਲੇਲਾਂ! ਤੂੰ ਆ ਗਈ?' ਸ਼ਾਹ ਨੂੰ ਪਤਾ ਲਗਾ, ਤਾਂ ਉਹਨੇ ਲੇਲਾਂ ਨੂੰ ਭੇਜਿਆ। ਲੇਲਾਂ ਨੂੰ ਮਿਲ ਕੇ ਫਿਰ ਉਸਦੀ ਰੱਬ ਵੱਲ ਲਗਨ ਲੱਗ ਗਈ।"

(ਅਸਲੀ ਮਜਨੂੰ ਅਰਬ ਦੇਸ ਵਿਚ ਹੋਇਆ ਹੈ। ਉਸਦਾ ਨਾਮ 'ਕੈਸ' ਸੀ। ਪਰ ਲੈਲਾਂ ਪਿਛੇ ਸੌਦਾਈ ਹੋਣ ਕਰਕੇ ਉਸਨੂੰ ਲੋਕ ਮਜਨੂੰ ਆਖਣ ਲੱਗ ਪਏ। ਮਜਨੂੰ ਦਾ ਅਰਥ ਹੈ ਪਾਗ਼ਲ।)

ਅੰਸੂ ੬

(ਬੇਗਮਾਂ)

ਅਗਲੇ ਦਿਨ ਬਾਦਸ਼ਾਹ ਨੇ ਗੁਰੂ ਜੀ ਨੂੰ ਬੁਲਾਇਆ। ਹਜ਼ੂਰ ਗਏ। ਬਾਦਸ਼ਾਹ ਨੇ ਸਤਕਾਰ ਸਹਿਤ ਚੌਕੀ 'ਤੇ ਬਿਠਾਇਆ।

ਗੁਰੂ ਜੀ ਨੇ ਕਿਹਾ, ਹੁਣ ਸਾਡਾ ਅੰਮ੍ਰਿਤਸਰ ਜਾਣਾ ਬਣਦਾ ਹੈ। ਬਾਦਸ਼ਾਹ ਨੇ ਕਿਹਾ, ਅਸੀਂ ਵੀ ਨਾਲ ਚਲਾਂਗੇ। ਅੱਗੇ ਕਸ਼ਮੀਰ ਜਾਣ ਦੀ ਇੱਛਿਆ ਹੈ।

ਨਜੂਮੀ ਨੇ ਦੱਸਿਆ, ਕਿ ਵੀਰਵਾਰ ਤਰੋਦਸੀ ਵਾਲੇ ਦਿਨ ਤੁਰੋ।

Digitized by Panjab Digital Library | www.panjabdigilib.org

ਹਰਿਦਾਸ ਚਰਨੀ ਲੱਗਾ, ਤਾਂ ਗੁਰੂ ਜੀ ਨੇ ਕਿਹਾ, ਵਾਪਸ ਗਵਾਲੀਅਰ ਜਾਓ, ਤੇ ਸਿਮਰਨ ਕਰੋ।

ਜੇਠੇ ਨੇ ਕਿਹਾ, ਚੰਦੂ ਦੀ ਪਤਨੀ ਤੇ ਪੁੱਤਰ ਨੂੰ ਵੀ ਸਜ਼ਾ ਦੇਣੀ ਚਾਹੀਦੀ ਸੀ। ਹਜ਼ੂਰ ਨੇ ਕਿਹਾ, ਇਸਤਰੀ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ, ਪਰ ਇਸਦੇ ਪੁੱਤਰ ਨੂੰ ਅਸੀਂ ਜੰਗ ਵਿਚ ਮਾਰਾਂਗੇ।

ਇਕ ਦਿਨ ਬੇਗਮਾਂ ਨੇ ਜਹਾਂਗੀਰ ਨੂੰ ਪੁਛਿਆ, ਕਿ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੀਆਂ ਹਾਂ। ਦੱਸੋ ਉਹਨਾਂ ਦੇ ਨਾਲ ਕੋਈ ਪਤਨੀ ਵੀ ਹੈ ? ਬਾਦਸ਼ਾਹ ਨੇ ਕਿਹਾ, ਪਤਾ ਨਹੀਂ। ਫਿਰ ਬੇਗਮਾਂ ਨੂੰ ਕਿਹਾ,

"ਕਰਹੁ ਪੀਰ ਕੋ ਪਰਖਨਿ ਅਬੈ।
ਕਾਮ ਬਸੀ ਹੁਇ, ਕੈ ਨਹਿਂ ਕਬੈ।...੪੪।"

(ਐਸਾ ਸੋਚਣਾ, ਕਿ ਬਾਦਸ਼ਾਹ ਨੇ ਆਪਣੀਆਂ ਬੇਗਮਾਂ ਨੂੰ ਗੁਰੂ ਜੀ ਨੂੰ ਪਰਖਣ ਵਾਸਤੇ ਕਿਹਾ, ਕੁਛ ਜਚਦਾ ਨਹੀਂ। ਇਤਿਹਾਸ ਲੇਖਕ ਨੂੰ ਸੰਭਲਕੇ ਚੱਲਣਾ ਚਾਹੀਦਾ ਹੈ।)

ਅੰਸੂ ੭

(ਬੇਗਮਾਂ)

ਅਗਲੇ ਦਿਨ ਬੇਗਮਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ। ਗੁਰੂ ਜੀ ਨੇ ਫ਼ੁਰਮਾਇਆ, ਕਿ ਪਤੀ ਬ੍ਰਤ ਰਹਿਣਾ ਇਸਤਰੀ ਦਾ ਉਤਮ ਧਰਮ ਹੈ।

ਇਕ ਬੇਗਮ ਨੇ ਸਵਾਲ ਕੀਤਾ,

"ਕਹੋ ਪੀਰ ਜੀ ! ਸਾਥ ਨ ਦਾਰਾ[1]।
ਤਰਨ ਬੈਸ[2] ਕਿਮ ਹੋਤਿ ਗੁਜਾਰਾ ? ੧੬।"

(ਕਿਸੇ ਵਿੱਦਵਾਨ ਦੀ ਲਿਖਤ ਪੜ੍ਹੀ ਸੀ, ਕਿ ਗੁਰੂ ਜੀ ਦੇ ਮਹਿਲ ਵੀ ਗਵਾਲੀਅਰ ਨਾਲ ਸਨ। ਪਰ ਕਵੀ ਜੀ ਮੰਨਦੇ ਹਨ, ਕਿ ਮਹਿਲ ਨਾਲ ਨਹੀਂ ਸਨ। ਐਸਾ ਉਸਨੇ ਗੁਰਦੇਵ ਦੀ ਸਤਾਨ ਦੀਆਂ ਜਨਮ ਤਾਰੀਖ਼ਾਂ ਤੋਂ ਮੰਨਿਆਂ ਜਾਪਦਾ ਹੈ। ਅਸੀਂ ਇਸਦਾ ਉਤਰ 'ਮਨੁੱਖਤਾ ਦੇ ਗੁਰੂ' ਨਾਮੇ ਪੁਸਤਕ ਵਿਚ ਦੇ ਆਏ ਹਾਂ।)

ਗੁਰੂ ਜੀ ਨੇ ਕਿਹਾ, ਇਸ ਥੋੜੇ ਜੇਹੇ ਸੁਖ ਬਦਲੇ ਪ੍ਰਭੂ ਸਿਮਰਨ ਦਾ ਵੱਡਾ ਸੁਖ ਨਹੀਂ ਗੁਆਉਣਾ ਚਾਹੀਦਾ।

(ਅੱਗੇ ਕਵੀ ਜੀ ਨੇ ਕੁਛ ਵਾਸ਼ਨਾ ਭੜਕਾਊ ਵਾਰਤਾ ਕਹੀ ਹੈ, ਜੋ ਸੋਭਾ ਨਹੀਂ ਦੇਂਦੀ।)

ਬੇਗਮਾਂ ਨਮਸਕਾਰ ਕਰਕੇ ਚਲੀਆਂ ਗਈਆਂ। ਉਹਨਾਂ ਬਾਦਸ਼ਾਹ ਨੂੰ ਜਾ ਦੱਸਿਆ,

---

1 ਇਸਤਰੀ। 2 ਜਵਾਨ ਉਮਰ।

Digitized by Panjab Digital Library | www.panjabdigilib.org

ਕਿ ਪੀਰ ਕਾਮਿਲ ਹੈ।

ਗੁਰੂ ਜੀ ਦੇ ਨਾਲ ਬਾਦਸ਼ਾਹ ਗੋਇੰਦਵਾਲ ਗਿਆ।

ਅੰਸੂ ੮

(ਅੰਮ੍ਰਿਤਸਰ ਪੁੱਜੇ)

ਗੋਇੰਦਵਾਲ ਤੋਂ ਚੱਲ ਕੇ ਬਾਦਸ਼ਾਹ ਤੇ ਗੁਰੂ ਜੀ ਤਰਨ ਤਾਰਨ ਪੁੱਜੇ। ਅਗਲੇ ਦਿਨ ਗੁਰੂ ਜੀ ਅੰਮ੍ਰਿਤਸਰ ਪੁਜੇ ਤੇ ਜਹਾਂਗੀਰ ਨੇ ਗੁਮਟਾਲੇ ਕੋਲ ਡੇਰਾ ਕੀਤਾ।

ਗੁਰੂ ਜੀ ਪਹਿਲਾਂ ਅਕਾਲ ਤਖ਼ਤ ਗਏ, ਤੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਤੇ ਫਿਰ ਜਾ ਕੇ ਮਾਤਾ ਗੰਗਾ ਜੀ ਨੂੰ ਮਿਲੇ।

ਗੁਰੂ ਜੀ ਨੇ ਵਜ਼ੀਰ ਖ਼ਾਨ ਨੂੰ ਕਿਹਾ, ਕਿ ਸਵੇਰੇ ਆ ਕੇ ਬਾਦਸ਼ਾਹ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਲਵੇ।

ਅੰਸੂ ੯

(ਅੰਮ੍ਰਿਤਸਰ ਬਿਰਾਜਣਾ)

ਅਗਲੇ ਦਿਨ ਬਾਦਸ਼ਾਹ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਇਆ, ਤੇ ਭੇਟਾ ਧਰੀ। ਗੁਰੂ ਜੀ ਨੇ ਉਸਨੂੰ ਸਿਰੋਪਾਉ ਦਿਤਾ। ਜਿੰਨੇ ਉਮਰਾਉ ਨਾਲ ਆਏ, ਸਭ ਨੂੰ ਸਿਰੋਪਾਉ ਮਿਲੇ।

ਅਗਲੇ ਦਿਨ ਬਾਦਸ਼ਾਹ ਦੀਆਂ ਬੇਗਮਾਂ ਵੀ ਆਈਆਂ। ਉਹਨਾਂ ਹਰਿਮੰਦਰ ਸਾਹਿਬ ਦਰਸ਼ਨ ਕੀਤੇ, ਤੇ ਫਿਰ ਮਾਤਾ ਗੰਗਾ ਜੀ ਤੇ ਮਾਤਾ ਦਮੋਦਰੀ ਨੂੰ ਮਿਲੀਆਂ। ਮਾਤਾ ਜੀ ਨੇ ਬੇਗਮਾਂ ਨੂੰ ਸੁੰਦਰ ਬਸਤਰ ਦਿਤੇ।

ਵਜ਼ੀਰ ਖ਼ਾਨ ਤੇ ਕਿੰਚ ਬੇਗ ਨੂੰ ਬਾਦਸ਼ਾਹ ਨੇ ਹੁਕਮ ਦਿਤਾ, ਕਿ ਗੁਰੂ ਜੀ ਨੂੰ ਨਾਲ ਲੈ ਕੇ ਲਾਹੌਰ ਆਉਣ। ਆਪ ਬਾਦਸ਼ਾਹ ਲਾਹੌਰ ਨੂੰ ਤੁਰ ਗਿਆ।

ਅੰਸੂ ੧੦

(ਗੁਰੂ ਜੀ ਲਾਹੌਰ ਗਏ)

ਚੰਦੂ ਦੇ ਗਲ ਵਿਚ ਸੰਗਲੀ ਪਾ ਕੇ ਅੰਮ੍ਰਿਤਸਰ ਦੁਕਾਨਾਂ ਤੋਂ ਕੌਡੀਆਂ ਮੰਗਵਾਈਆਂ। ਥਾਂ ਥਾਂ ਲੋਕ ਉਸਨੂੰ ਜੁੱਤੀਆਂ ਮਾਰਦੇ।

ਦੋ-ਚਾਰ ਦਿਨ ਅੰਮ੍ਰਿਤਸਰ ਰਹਿ ਕੇ ਵਜ਼ੀਰ ਖ਼ਾਨ ਦੇ ਜ਼ੋਰ ਦੇਣ 'ਤੇ ਗੁਰੂ ਜੀ ਲਾਹੌਰ ਨੂੰ ਤਿਆਰ ਹੋ ਪਏ।

ਇਕ ਰਾਤ ਰਾਹ ਵਿਚ ਰਹਿ ਕੇ ਗੁਰੂ ਜੀ ਨੇ ਲਾਹੌਰ 'ਮੁਜੰਗ' ਵਿਚ ਜਾ

Digitized by Panjab Digital Library | www.panjabdigilib.org

ਡੇਰਾ ਕੀਤਾ ।

ਅਗਲੇ ਦਿਨ ਪਹਿਲਾਂ ਮਹਾਰਾਜ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਤੇ ਗਏ । ਫਿਰ ਬਾਉਲੀ, ਤੇ ਅਗ੍ਹਾਂ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਅਸਥਾਨ 'ਤੇ ਪੁੱਜੇ । ਜੇਠੇ ਨੇ ਸਾਰੀ ਕਥਾ ਸੁਣਾਈ ।

(ਏਥੇ ਕਵੀ ਜੀ ਪੰਜਵੇਂ ਪਾਤਸ਼ਾਹ ਦਾ ਸਸਕਾਰ ਹੋਇਆ ਮੰਨਦੇ ਹਨ ।)

"ਕਰਿ ਸਸਕਾਰ ਭਲੀ ਬਿਧ ਨਾਲੇ ।੪੧।"

ਗੁਰੂ ਜੀ ਨੇ ਓਥੇ ਮੰਜੀ ਸਥਾਪਨ ਕਰਕੇ (ਯਾਦਗਾਰ ਬਣਾ ਕੇ) ਓਥੋਂ ਦੀ ਸੇਵਾ ਭਾਈ ਲੰਗਾਹ ਨੂੰ ਸੌਂਪੀ ।

ਅੰਸੂ ੧੧

(ਚੰਦੂ ਦੀ ਮੌਤ)

ਲਾਹੌਰ ਦੇ ਬਜ਼ਾਰਾਂ ਵਿਚ ਚੰਦੂ ਨੂੰ ਫੇਰਿਆ, ਤੇ ਦੁਕਾਨਾਂ ਤੋਂ ਕੌਡੀਆਂ ਮੰਗਵਾਈਆਂ । ਲੋਕ ਉਸਨੂੰ ਜੁੱਤੀਆਂ ਮਾਰਦੇ ਤੇ ਸਿਰ ਵਿਚ ਘੱਟਾ ਪਾਉਂਦੇ । ਜੇਠਾ ਲੋਕਾਂ ਨੂੰ ਰੋਕਦਾ, ਕਿ ਜੁੱਤੀ ਜ਼ੋਰ ਦੀ ਨਾ ਮਾਰੋ, ਇਹ ਮਰ ਨਾ ਜਾਏ ।

ਬਜ਼ਾਰ ਵਿਚ ਫਿਰਦੇ ਫਿਰਦੇ ਜਦ ਉਸ ਭਠਿਆਰੇ ਦੀ ਦੁਕਾਨ 'ਤੇ ਪੁੱਜੇ, ਜਿਸ ਨੇ ਗੁਰੂ ਜੀ 'ਤੇ ਰੇਤ ਪਾਈ ਸੀ, ਤਾਂ ਉਸਨੇ ਤਪਦਾ ਕੜਛਾ ਚੰਦੂ ਦੇ ਪੇਟ 'ਤੇ ਮਾਰਿਆ, ਜਿਸ ਨਾਲ ਆਂਦਰਾਂ ਬਾਹਰ ਆ ਗਈਆਂ । ਇਸ ਤਰਾਂ ਚੰਦੂ ਦੀ ਮੌਤ ਹੋਈ ।

ਅੰਸੂ ੧੨

(ਕਸ਼ਮੀਰ ਵੱਲ ਰਵਾਨਗੀ)

ਚੰਦੂ ਦੀ ਲੋਥ ਰਾਵੀ ਵਿਚ ਰੁੜ੍ਹ ਦਿੱਤੀ ।

(ਏਥੇ ਫਿਰ ਲੇਖਕ ਜਹਾਂਗੀਰ ਨੂੰ ਨਿਰਦੋਸ਼ ਸਾਬਤ ਕਰਦਾ ਹੈ ।) ਗੁਰੂ ਜੀ ਜਹਾਂਗੀਰ ਨੂੰ ਕਹਿੰਦੇ ਹਨ,

"ਤੁਮ ਨੇ ਕੁਛ ਗੁਰੁ ਦਰੋਹ ਨ ਧਰਯੋ ।
ਕਹੇ ਦੁਸ਼ਟ ਕੇ ਜੋ ਕੁਛੁ ਕਰਯੋ ।੧੬।"

(ਮਾਲੂਮ ਹੁੰਦਾ ਹੈ, ਕਿ ਸੰਤੋਖ ਸਿੰਘ ਜੀ ਨੂੰ 'ਤੁਜ਼ਕਿ ਜਹਾਂਗੀਰੀ' ਦੀ ਲਿਖਤ ਦਾ ਪਤਾ ਨਹੀਂ । ਇਸ ਵਾਸਤੇ ਜਹਾਂਗੀਰ ਨੂੰ ਨਿਰਦੋਸ਼ ਕਹਿ ਰਹੇ ਹਨ ।)

ਮੇਹਰਵਾਨ ਨੇ ਚੰਦੂ ਦੇ. ਪੁੱਤਰ ਨੂੰ ਮਿਲ ਕੇ ਸ਼ਾਹ ਜਹਾਨ ਪਾਸ ਜਾ ਫ਼ਰਯਾਦ ਕੀਤੀ, ਕਿ ਉਹ ਜਹਾਂਗੀਰ ਨੂੰ ਸਮਝਾ ਕੇ ਸਾਨੂੰ ਇਨਸਾਫ਼ ਦੁਆਏ ।

ਜਹਾਂਗੀਰ ਆਪ ਕਸ਼ਮੀਰ ਨੂੰ ਤੁਰ ਗਿਆ, ਤੇ ਸ਼ਾਹਜਹਾਨ ਨੂੰ ਲਾਹੌਰ ਗੁਰੂ ਜੀ ਪਾਸ ਛੱਡ ਗਿਆ ।

Digitized by Panjab Digital Library | www.panjabdigilib.org

ਅੰਸੂ ੧੩

(ਮੇਹਰਬਾਨ ਨੂੰ ਮੇਲ ਹਿਤ ਸਮਝਾਉਣਾ)

ਗੁਰੂ ਜੀ ਨੇ ਮੇਲ ਮਿਲਾਪ ਕਰਨ ਦੀ ਇੱਛਿਆ ਨਾਲ ਮੇਹਰਬਾਨ ਪਾਸ ਪੈੜੇ ਤੇ ਪਿਰਾਣੇ ਨੂੰ ਭੇਜਿਆ। ਉਹਨਾਂ ਬਥੇਰਾ ਸਮਝਾਇਆ, ਪਰ ਮੇਹਰਬਾਨ ਨਾ ਮੰਨਿਆਂ। ਉਹਨੇ ਨਿਰਾਦਰ ਕਰਕੇ ਪੈੜੇ ਤੇ ਪਿਰਾਣੇ ਨੂੰ ਓਥੋਂ ਕਢ ਦਿਤਾ।

ਫਿਰ ਗੁਰੂ ਜੀ ਆਪ ਗਏ। ਮੇਹਰਬਾਨ ਜਾਂ ਉਸਦਾ ਕੋਈ ਸੇਵਕ ਸਤਕਾਰ ਵਜੋਂ ਉਠਿਆ ਨਹੀਂ।

ਅੰਸੂ ੧੪

(ਗੁਰੂ ਜੀ ਮੇਹਰਬਾਨ ਪਾਸ)

ਮੇਹਰਬਾਨ ਪਲੰਘ 'ਤੇ ਬੈਠਾ ਸੀ। ਗੁਰੂ ਜੀ ਉਸਦੇ ਆਦਰ ਵਜੋਂ ਥੱਲੇ ਫ਼ਰਸ਼ ਤੇ ਬੈਠ ਗਏ। ਗੁਰੂ ਜੀ ਨੇ ਮਨਾਉਣ ਦਾ ਬੜਾ ਯਤਨ ਕੀਤਾ, ਪਰ ਮੇਹਰਬਾਨ ਅੱਗੋਂ ਕਠੋਰ ਬਚਨ ਹੀ ਕਹਿੰਦਾ ਰਿਹਾ। ਅੰਤ ਗੁਰੂ ਜੀ ਸਰਾਪ ਦੇ ਕੇ ਓਥੋਂ ਉਠ ਆਏ। ਸ਼ਰਾਪ ਸੀ, ਕਿ ਤੁਸੀਂ ਸਿੱਖਾਂ ਪਾਸੋਂ ਪਾਹੁਲ ਲੈ ਕੇ ਹੀ ਇਹਨਾਂ ਸੰਗ ਮਿਲੋਗੇ, ਨਹੀਂ ਤਾਂ ਰੁਲਦੇ ਰਹੋਗੇ।

ਗੁਰੂ ਜੀ ਵਾਪਸ ਆ ਗਏ। ਪਿੱਛੋਂ ਮੇਹਰਬਾਨ ਡੀਂਗਾਂ ਮਾਰਦਾ ਰਿਹਾ।

ਅੰਸੂ ੧੫

(ਕਾਬਲ ਦੇ ਸਿੱਖ ਤੋਂ ਸ਼ਾਹ ਨੇ ਘੋੜਾ ਖੋਹਿਆ)

ਸੱਤਾ ਬਲਵੰਡ ਸਰੀਰ ਤਿਆਗ ਗਏ। ਉਹਨਾਂ ਦੀ ਥਾਂ ਰਬਾਬੀ ਬਾਬਕ ਆ ਗਿਆ।

ਜਹਾਂਗੀਰ ਗੁਜ਼ਰ ਗਿਆ, ਤਾਂ ਸ਼ਾਹਜਹਾਨ ਤਖ਼ਤ 'ਤੇ ਬੈਠਾ।

ਕਾਬਲ ਦੇ ਸਿੱਖ 'ਸੁਜਾਨ' ਨੇ ਗੁਰੂ ਜੀ ਵਾਸਤੇ ਇਕ ਲੱਖ ਦਾ ਸੁੰਦਰ ਘੋੜਾ ਖ਼ਰੀਦਿਆ। ਕਾਬਲ ਦੀ ਸੰਗਤ ਨਾਲ ਉਹ ਘੋੜਾ ਲੈ ਕੇ ਆ ਰਿਹਾ ਸੀ। ਲਾਹੌਰ ਤੋਂ ਥੋੜਾ ਦੂਰ ਉਹ ਘੋੜਾ ਬਾਦਸ਼ਾਹ ਦੇ ਆਦਮੀਆਂ ਨੇ ਖੋਹ ਲਿਆ। ਸਿੱਖ ਗੁਰੂ ਜੀ ਪਾਸ ਆ ਫ਼ਰਯਾਦੀ ਹੋਇਆ। ਗੁਰੂ ਜੀ ਨੇ ਕਹਾ, ਸਾਡਾ ਘੋੜਾ ਸਾਡੇ ਪਾਸ ਆ ਜਾਵੇਗਾ।

ਅੰਸੂ ੧੬

ਕੁਛ ਦਿਨਾਂ ਵਿਚ ਹੀ ਘੋੜਾ ਬੀਮਾਰ ਹੋ ਗਿਆ। ਬਾਦਸ਼ਾਹ ਨੇ ਘੋੜਾ ਰੁਸਤਮ ਖ਼ਾਂ

Digitized by Panjab Digital Library | www.panjabdigilib.org

ਕਾਜ਼ੀ ਨੂੰ ਦੇ ਦਿਤਾ। ਕਾਜ਼ੀ ਨੇ ਅਗ੍ਹਾਂ ਗੁਰੂ ਜੀ ਪਾਸ ਦਸ ਹਜ਼ਾਰ ਦਾ ਵੇਚ ਦਿਤਾ। ਗੁਰੂ ਜੀ ਨੇ ਕਾਗ਼ਜ਼ ਲਿਖ ਦਿਤਾ, ਕਿ ਆਈ ਭੇਟਾ ਵਿਚੋਂ ਦਸ ਹਜ਼ਾਰ ਦੇ ਦਿਆਂਗੇ।

———

ਅੰਸੂ ੧੭

(ਕਾਜ਼ੀ ਨਾਲ ਝਗੜਾ)

ਕਾਜ਼ੀ ਰੁਪੈ ਲੈਣ ਵਾਸਤੇ ਦੋ ਤ੍ਰਿੰਨ ਵਾਰ ਆਇਆ। ਅੰਤ ਉਹਨੇ ਗੁੱਸੇ ਵਿਚ ਆ ਕੇ ਬਾਬੇ ਬੁਢੇ ਨੂੰ ਕਿਹਾ

"ਇਕ ਬਿਰ ਕਹਿ ਕਰ ਹਜ਼ਰਤ ਨਾਲ।
ਲੈਹੋਂ ਬਨਿ ਦਮਾਦ ਤਿਸ ਕਾਲ।...੪੩।
ਸੁਨਿ ਬ੍ਰਿਧ ਭਾਖਯੋ ਸਹਜ ਸੁਭਾਇ।
'ਤੁਮਰੇ ਗੁਰ ਦਮਾਦ ਬਨਿ ਜਾਇਂ।...੪੪।"

ਕਾਜ਼ੀ ਗੁੱਸੇ ਹੋ ਕੇ ਚਲਾ ਗਿਆ।

———

ਅੰਸੂ ੧੮

(ਕਾਜ਼ੀ ਤੇ ਕੌਲਾਂ)

ਗੁਰੂ ਜੀ ਬਾਬੇ ਬੁਢੇ ਦਾ ਵਾਕ ਸੁਣ ਕੇ ਸੋਚਾਂ ਵਿਚ ਪੈ ਗਏ। (ਏਥੇ ਕਵੀ ਜੀ ਪੁਰਾਣੇ ਅਵਤਾਰਾਂ ਦੇ ਸਰਾਪਾਂ ਦਾ ਜ਼ਿਕਰ ਕਰਦੇ ਹਨ, ਜੋ ਪੂਰੇ ਕਰਨੇ ਪਏ।)

ਗੁਰੂ ਜੀ ਸੁੰਦਰ ਬਸਤਰ ਤੇ ਜ਼ੇਵਰ ਪਹਿਨ ਕੇ ਘੋੜੇ ਤੇ ਅਸਵਾਰ ਕਾਜ਼ੀ ਦੇ ਘਰ ਕੋਲ ਦੀ ਗੁਜ਼ਰੇ। ਕਾਜ਼ੀ ਦੀ ਲੜਕੀ (ਕੌਲਾਂ) ਨੇ ਬਾਰੀ ਵਿਚੋਂ ਵੇਖਿਆ, ਤਾਂ ਗੁਰੂ ਜੀ ਨੇ ਸਾਮ੍ਹਣੇ ਘੋੜਾ ਖਲਾਰ ਲਿਆ।

ਏਨੇ ਨੂੰ ਕਾਜ਼ੀ ਆ ਗਿਆ। ਉਹਨੇ ਲੜਕੀ ਨੂੰ ਚਾਬਕਾਂ ਨਾਲ ਮਾਰਿਆ। ਲੜਕੀ ਦੀ ਮਾਂ ਨੇ ਛੁਡਾਇਆ।

———

ਅੰਸੂ ੧੯

(ਕੌਲਾਂ ਦੀ ਪ੍ਰਾਰਥਨਾਂ)

ਕੌਲਾਂ ਨੇ ਦਾਸੀ ਹੱਥ ਗੁਰੂ ਜੀ ਪਾਸ ਪੱਤਰ ਭੇਜਿਆ।
ਗੁਰੂ ਜੀ ਨੇ ਉਤਰ ਲਿਖਿਆ,

"ਜੋ ਜਹਾਜ਼ ਚਢਿ ਗਏ ਹਮਾਰੇ।
ਦੀਨ ਦੁਨੀ ਹਮ ਤਿਸ ਰਖਵਾਰੇ।੨੮।"

ਕੌਲਾਂ ਨੇ ਫਿਰ ਚਿੱਠੀ ਲਿਖੀ, ਕਿ ਜਾਂ ਆਪਣੀ ਸ਼ਰਨ ਵਿਚ ਲੈ ਲਵੋ, ਜਾਂ ਮੈਂ

Digitized by Panjab Digital Library | www.panjabdigilib.org

ਮਰ ਜਾਵਾਂਗੀ। ਗੁਰੂ ਜੀ ਨੇ ਉਤਰ ਦਿਤਾ, ਕਿ ਅਸੀਂ ਅੰਮ੍ਰਿਤਸਰ ਜਾਂਦੇ ਹੋਏ ਤੈਨੂੰ ਨਾਲ ਲੈ ਜਾਵਾਂਗੇ।

ਅੰਸੂ ੨੦

(ਮੀਆਂ ਮੀਰ ਨਾਲ ਮਿਲਾਪ)

ਪਿਛਲੇ ਪਹਿਰ ਮੀਆਂ ਮੀਰ ਗੁਰੂ ਜੀ ਦੇ ਦਰਸ਼ਨਾਂ ਨੂੰ ਤੁਰਿਆ। ਓਧਰੋਂ ਗੁਰੂ ਜੀ ਮੀਆਂ ਮੀਰ ਨੂੰ ਮਿਲਨ ਵਾਸਤੇ ਤੁਰ ਪਏ। ਮੀਆਂ ਮੀਰ ਘਰ ਤੋਂ ਥੋੜੀ ਦੂਰ ਹੀ ਗਿਆ ਸੀ, ਜਾਂ ਗੁਰੂ ਜੀ ਆ ਮਿਲੇ। ਮੀਆਂ ਮੀਰ ਗੁਰੂ ਜੀ ਨੂੰ ਆਪਣੇ ਅਸਥਾਨ 'ਤੇ ਲੈ ਗਿਆ। ਕੁਛ ਰੱਬੀ ਬਾਤਾਂ ਹੋਈਆਂ। ਫਿਰ ਪੀਰ ਨੇ ਬੜੇ ਸਤਿਕਾਰ ਨਾਲ ਗੁਰੂ ਜੀ ਨੂੰ ਵਿਦਿਆ ਕੀਤਾ।

ਪਿਛੋਂ ਮੁਰੀਦਾਂ ਨੇ ਮੀਆਂ ਮੀਰ ਨੂੰ ਪੁਛਿਆ, ਕਿ ਤੁਸਾਂ ਹਿੰਦੂ ਪੀਰ ਦਾ ਏਨਾ ਸਤਕਾਰ ਕਿਉਂ ਕੀਤਾ ਹੈ। ਏਥੋਂ ਤਕ, ਕਿ ਸ਼ਾਹਜਹਾਨ ਨੇ ਵੀ ਇਹ ਸਵਾਲ ਉਠਾਇਆ।

ਮੀਆਂ ਮੀਰ ਨੇ ਕਿਹਾ, ਗੁਰੂ ਹਰਿਗੋਬਿੰਦ ਪੀਰਾਂ ਦੇ ਪੀਰ ਤੇ ਰੱਬ ਦਾ ਰੂਪ ਹਨ।

ਅੰਸੂ ੨੧

(ਕੌਲਾਂ ਗੁਰੂ ਜੀ ਦੀ ਸ਼ਰਣ ਵਿਚ)

ਕੌਲਾਂ ਨੇ ਦਾਸੀ ਭੇਜ ਕੇ ਗੁਰੂ ਜੀ ਤੋਂ ਪਤਾ ਕਰ ਲਿਆ, ਕਿ ਕਦ ਚੱਲਣਾ ਹੈ।

ਗੁਰੂ ਜੀ ਨੇ ਬਾਬਾ ਬੁਢਾ ਦੇ ਅਧੀਨ ਡੇਰਾ ਅੰਮ੍ਰਿਤਸਰ ਨੂੰ ਤੋਰ ਦਿਤਾ। ਢਾਡੀਆਂ ਨੂੰ ਹੁਕਮ ਕੀਤਾ, ਕਿ ਉਹ ਸਾਰੀ ਰਾਤ ਵਾਰਾਂ ਗਾਉਂਦੇ ਰਹਿਣ।

ਅਧੀ ਰਾਤ ਗੁਰੂ ਜੀ ਘੋੜੇ 'ਤੇ ਚੜ੍ਹ ਕੇ ਕਾਜ਼ੀ ਦੇ ਘਰ ਕੋਲ ਜਾ ਪੁੱਜੇ।

ਅੰਸੂ ੨੨

(ਅੰਮ੍ਰਿਤਸਰ ਆਏ)

ਕੌਲਾਂ ਬਾਰੀ ਵਿਚੋਂ ਰੱਸੇ ਰਾਹੀਂ ਉਤਰ ਕੇ ਗੁਰੂ ਜੀ ਦੇ ਚਰਨੀ ਆ ਲੱਗੀ। ਗੁਰੂ ਜੀ ਨੇ ਘੋੜੇ 'ਤੇ ਪਿਛੇ ਬਿਠਾ ਲਈ।

"ਗਹੀ ਬਾਂਹੁ ਗੁਰ ਬੇਲ ਚਢਾਈ।...੫।"

ਅੱਗੇ ਜੇਠਾ ਆਦਿ ਪੰਜ ਸਿੱਖ ਖਲੇ ਸਨ, ਉਹ ਵੀ ਨਾਲ ਤੁਰ ਪਏ। ਰਾਤੋ ਰਾਤ ਗੁਰੂ ਜੀ ਮਾਦੋ ਕੇ ਬਰਾੜ (ਬਰਾੜ) ਆ ਟਿਕੇ। ਲਾਗੇ ਇਕ ਛਪੜੀ ਸੀ। ਗੁਰੂ ਜੀ ਨੇ ਉਸਦਾ ਨਾਮ 'ਗੁਰੂ ਸਰ' ਰੱਖ ਦਿਤਾ। ਓਥੇ ਸਵੇਰੇ ਇਸ਼ਨਾਨ ਕੀਤਾ।

Digitized by Panjab Digital Library | www.panjabdigilib.org

ਇਕ ਸਿੱਖ ਭੇਜ ਕੇ ਗੁਰੂ ਜੀ ਨੇ ਕੌਲਾਂ ਵਾਸਤੇ ਪਾਲਕੀ ਮੰਗਵਾ ਲਈ। ਫਿਰ ਸਭ ਅੰਮ੍ਰਿਤਸਰ ਪਹੁੰਚੇ।

ਮਾਤਾ ਗੰਗਾ ਜੀ ਨੂੰ ਸਿੱਖਾਂ ਨੇ ਦੱਸਿਆ, ਕਿ ਇਹ ਕਾਜ਼ੀ ਦੀ ਲੜਕੀ ਹੈ, ਜੋ ਗੁਰੂ ਜੀ ਡੋਲਾ ਲਿਆਏ ਹਨ।

ਮਾਤਾ ਗੰਗਾ ਜੀ ਨੇ ਇਸ ਕਾਰਨ ਗੁਰੂ ਜੀ ਨਾਲ ਬਹੁਤ ਰੋਸ ਕੀਤਾ। ਗੁਰੂ ਜੀ ਨੇ ਉਤਰ ਦਿਤਾ,

"ਕਹਤਿ ਭਏ, ਹਮਰੇ ਬਸਿ ਨਾਹੀਂ।
ਹੁਤੀ ਜਿ ਬਸਿ, ਤੌ ਕਹਤੇ ਕਾਹੀਂ।
ਬਲੀ ਪੁਰਖ ਨੇ ਇਮ ਕਰਿਵਾਯੋ।
ਕਿਯ ਬਿਚਾਰ, ਕੁਛ ਬਸਿ ਨ ਬਸਾਯੋ।੪੦।"

ਭਾਵ, ਬਾਬਾ ਬੁਢਾ ਜੀ ਦੇ ਬਚਨ ਕਾਰਨ—ਕਿ ਗੁਰੂ ਜੀ ਕਾਜ਼ੀ ਦੇ ਜਵਾਈ ਬਣਨਗੇ—ਇਹ ਕਾਰਜ ਕੀਤਾ ਹੈ।

ਮਾਤਾ ਗੰਗਾ ਜੀ ਨੇ ਕੌਲਾਂ ਨੂੰ ਮਹਿਲਾਂ ਵਿਚ ਦਾਖ਼ਲ ਨਹੀਂ ਹੋਣ ਦਿਤਾ। ਉਸਨੂੰ ਵੱਖਰੇ ਤੰਬੂ ਵਿਚ ਰਖਿਆ ਗਿਆ। ਫਿਰ ਓਥੇ ਕੌਲਾਂ ਵਾਸਤੇ ਘਰ ਬਨਾਉਣ ਦਾ ਹੁਕਮ ਦਿਤਾ।

ਅੰਸੂ ੨੩

(ਕਾਜ਼ੀ ਧਨ ਲੈਣ ਆਇਆ)

ਕਾਜ਼ੀ ਸਵੇਰੇ ਗੁਰੂ ਜੀ ਦੇ ਡੇਰੇ ਗਿਆ, ਤਾਂ ਪਤਾ ਲੱਗਾ, ਕਿ ਗੁਰੂ ਜੀ ਅੰਮ੍ਰਿਤਸਰ ਚਲੇ ਗਏ ਹਨ। ਕਾਜ਼ੀ ਓਸੇ ਵੇਲੇ ਅੰਮ੍ਰਿਤਸਰ ਨੂੰ ਉਠ ਧਾਇਆ। ਗੁਰੂ ਜੀ ਸ਼ਕਾਰ ਖੇਡਣ ਗਏ, ਕਾਜ਼ੀ ਨੂੰ ਬਾਹਰ ਹੀ ਮਿਲ ਪਏ। ਗੁਰੂ ਜੀ ਨੇ ਕਿਹਾ, ਚਲੋ, ਧਨ ਦੇਂਦੇ ਹਾਂ।

ਇਕ ਸਿੱਖ ਨੂੰ ਗੁਰੂ ਜੀ ਨੇ ਕੌਲਾਂ ਵੱਲ ਤੋਰ ਦਿਤਾ, ਕਿ ਉਹ ਆਪਣੇ ਬਾਪ ਵਾਸਤੇ ਪ੍ਰਸਾਦ ਤਿਆਰ ਕਰੇ।

ਸੇਵਕ ਨੇ ਕਾਜ਼ੀ ਨੂੰ ਕੌਲਾਂ ਦੇ ਅਸਥਾਨ ਪੁਚਾ ਦਿਤਾ।

ਅੰਸੂ ੨੪

(ਕਾਜ਼ੀ ਗੁੱਸੇ ਹੋ ਕੇ ਵਾਪਸ)

ਕਾਜ਼ੀ ਬੈਠਾ ਖਾਣਾ ਖਾ ਰਿਹਾ ਸੀ, ਜਾਂ ਕੌਲਾਂ ਸਾਮ੍ਹਣੇ ਆ ਗਈ। ਕਾਜ਼ੀ ਗੁੱਸੇ ਵਿਚ ਭੜਕ ਉਠਿਆ।

ਸਿੱਖ ਉਸਨੂੰ ਪਕੜ ਕੇ ਗੁਰੂ ਜੀ ਦੇ ਸਾਮ੍ਹਣੇ ਲੈ ਗਏ। ਗੁਰੂ ਜੀ ਨੇ ਕਿਹਾ,

Digitized by Panjab Digital Library | www.panjabdigilib.org

ਆਪਣੇ ਪੈਸੇ ਲੈ ਜਾਉ। ਕਾਜ਼ੀ ਨੇ ਕਿਹਾ, ਹੁਣ ਮੈਂ ਇਹ ਸਾਰਾ ਬਦਲਾ ਬਾਦਸ਼ਾਹ ਰਾਹੀਂ ਲਵਾਂਗਾ, ਤੁਸਾਂ ਮੇਰੀ ਇੱਜ਼ਤ ਰੋਲੀ ਹੈ। ਗੁਰੂ ਜੀ ਨੇ ਕਿਹਾ, ਇਹ ਸਭ ਕੁਛ ਬਾਬਾ ਬੁਢੇ ਦੇ ਬਚਨ ਮੁਤਾਬਕ ਹੋਇਆ ਹੈ। ਕਾਜ਼ੀ ਗ਼ੁੱਸੇ ਹੋ ਕੇ ਚਲਾ ਗਿਆ।

(ਇਤਿਹਾਸ ਖੋਜੀਆਂ ਦੇ ਮੱਤ ਅਨਸਾਰ ਕੌਲਾਂ ਇਕ ਹਿੰਦੂ ਲੜਕੀ ਸੀ, ਜੋ ਕਾਜ਼ੀ ਦੇ ਘਰ ਵਿਚ 'ਗ਼ੁਲਾਮ' ਵਜੋਂ ਕੈਦ ਸੀ। ਹਿੰਦੂਆਂ ਵਾਲਾ ਨਾਮ—ਕੌਲਾਂ—ਬਹੁਤ ਵੱਡਾ ਸਬੂਤ ਹੈ। ਮੀਆਂ ਮੀਰ ਦੀ ਸਿਫ਼ਾਰਸ਼ 'ਤੇ ਗੁਰੂ ਜੀ ਨੇ ਕੌਲਾਂ ਨੂੰ ਉਸ ਕੈਦ ਵਿਚੋਂ ਕਢਿਆ। ਗੁਰੂ ਜੀ ਨੇ ਕੌਲਾਂ ਨੂੰ ਕਦੇ ਵੀ ਆਪਣੇ ਮਹਿਲ ਨਹੀਂ ਮੰਨਿਆਂ। ਕੌਲਾਂ ਦੇ ਦਿਲ ਵਿਚ ਵੀ ਗੁਰੂ ਜੀ ਵਾਸਤੇ ਇਕ ਮਹਾਨ ਪੀਰ ਵਜੋਂ ਸ਼ਰਧਾ ਹੈ।)

ਅੰਸੂ ੨੫

(ਕਾਜ਼ੀ ਸ਼ਾਹ ਕੋਲ ਫ਼ਰਿਯਾਦੀ)

ਕਾਜ਼ੀ ਨੇ ਨੰਗੇ ਸਿਰ ਜਾ ਕੇ ਬਾਦਸ਼ਾਹ ਪਾਸ ਫ਼ਰਯਾਦ ਕੀਤੀ। ਕੋਲੋਂ ਵਜ਼ੀਰ ਖ਼ਾਂ ਨੇ ਕਿਹਾ, ਇਸਦੀ ਕੰਨਿਆਂ ਜਵਾਨ ਸੀ, ਪਰ ਇਹ ਉਸਦਾ ਵਿਆਹ ਕਰਨ ਦੀ ਥਾਂ ਰੋਜ਼ ਉਸਨੂੰ ਕੁੱਟਦਾ ਮਾਰਦਾ ਸੀ। ਸੋ ਉਹ ਨੱਸ ਕੇ ਅੰਮ੍ਰਿਤਸਰ ਚਲੀ ਗਈ ਹੈ। ਬਾਦਸ਼ਾਹ ਨੇ ਕਾਜ਼ੀ ਨੂੰ ਝਿੜਕ ਕੇ ਕੱਢ ਦਿਤਾ।

ਵਜ਼ੀਰ ਖ਼ਾਂ ਨੇ ਗਵਾਲੀਅਰ ਤੇ ਚੰਦੂ ਦੀ ਕਹਾਣੀ ਸੁਣਾ ਕੇ ਬਾਦਸ਼ਾਹ ਨੂੰ ਸਮਝਾਇਆ, ਕਿ ਜਹਾਂਗੀਰ ਮਹਾਰਾਜ ਦਾ ਕਿੰਨਾ ਆਦਰ ਕਰਦਾ ਸੀ।

ਉਧਰ ਮਸੰਦ ਐਵੇਂ ਡਰੀ ਜਾਣ, ਕਿ ਬੱਸ ਹੁਣ ਸ਼ਾਹੀ ਫ਼ੌਜ ਚੜ੍ਹ ਕੇ ਆਈ ਲੋ। ਮਸੰਦਾਂ ਦੀਆਂ ਗੱਲਾਂ ਸੁਣ ਕੇ ਮਾਤਾ ਗੰਗਾ ਜੀ ਵੀ ਘਬਰਾ ਗਏ।

ਏਨੇ ਚਿਰ ਤਕ ਸਾਰੀ ਖ਼ਬਰ ਪਹੁੰਚ ਗਈ, ਤੇ ਸਭ ਸ਼ਾਂਤ ਹੋ ਗਏ।

ਅੰਸੂ ੨੬

(ਦੂਸਰੇ ਵਿਆਹ ਦੀ ਤਿਆਰੀ)

ਗੁਰੂ ਜੀ ਸ਼ਸਤਰਾਂ ਦਾ ਅਭਿਆਸ ਨਿੱਤ ਕਰਦੇ ਕਰਾਉਂਦੇ ਰਹਿੰਦੇ।

ਹਰੀਚੰਦ ਜੀ ਵੱਲੋਂ ਵਿਆਹ ਦੀ ਚਿੱਠੀ ਆ ਗਈ, ਵਿਸਾਖੀ ਵਾਲੇ ਦਿਨ ਬਾਰੇ। ਵਿਆਹ ਦੀ ਤਿਆਰੀ ਸ਼ੁਰੂ ਹੋ ਗਈ। ਸਭ ਥਾਂਈਂ ਰੀਂਢਾਂ ਭੇਜ ਦਿਤੀਆਂ।

ਅੰਸੂ ੨੭

(ਜੰਞ)

ਖਡੂਰ, ਗੋਇੰਦਵਾਲ, ਮੌ, ਆਦਿ ਸਭ ਥਾਂਵਾਂ ਤੋਂ ਸੰਬੰਧੀ ਤੇ ਸ਼ਰਧਾਲ ਆ ਗਏ।

Digitized by Panjab Digital Library | www.panjabdigilib.org

ਬੜੇ ਸ਼ਾਹੀ ਠਾਠ ਨਾਲ ਜੰਞ ਗਈ। ਸੁੱਟ ਕੀਤੀ, ਤੇ ਭੋਜਨ ਸਮੇਂ 'ਜੂਠ' ਵਿਚ ਧਨ ਪਾਇਆ।

"ਜੂਠ ਬਿਖੈ ਬਹੁ ਧਨ ਕੋ ਡਾਰੇ।...੪੨।"

(ਕਵੀ ਜੀ ਦੇ ਸਮੇਂ ਜੋ ਸਰਦਾਰਾਂ ਦੇ ਰਿਵਾਜ ਸਨ, ਉਹਨਾਂ ਓਹਾ ਲਿਖ ਦਿਤੇ ਹਨ। ਗੁਰੂ ਘਰ ਅਜੇਹੀ ਮਨਮਤ ਨਹੀਂ ਮੰਨੀ ਜਾ ਸਕਦੀ।)

ਹਰੀਚੰਦ ਤੇ ਹਰਦੇਈ ਨੇ ਬੜੀ ਸ਼ਰਧਾ ਨਾਲ ਕੰਨਿਆਂ ਨੂੰ ਤੋਰਿਆ ਤੇ ਦਾਜ ਦਿਤਾ।

ਅੰਸੂ ੨੮

(ਨਾਨਕ ਮਤਾ)

ਦੂਸਰੇ ਮਹਿਲ ਨਾਨਕੀ ਜੀ ਆਏ। ਮਾਤਾ ਗੰਗਾ ਜੀ ਨੇ ਸਭ ਚੱਾ ਮਲ੍ਹਾਰ ਕੀਤੇ।

ਨਾਨਕ ਮਤੇ ਇਕ ਸਿੱਖ ਗੁਰੂ ਅਸਥਾਨ ਦੀ ਸੇਵਾ ਕਰਿਆ ਕਰਦਾ। ਪਰ ਜੋਗੀ ਉਸਨੂੰ ਬਹੁਤ ਤੰਗ ਕਰਦੇ ਰਹਿੰਦੇ।

ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਦਾ ਪਿੱਪਲ ਸਾੜ ਦਿਤਾ। ਅਲਮਸਤ ਨੇ ਛੇਵੇਂ ਗੁਰੂ ਅੱਗੇ ਅਰਦਾਸ ਕੀਤੀ।

ਅੰਸੂ ੨੯

(ਡਰੋਲੀ---ਸਾਈਂ ਦਾਸ ਤੇ ਰਾਮੋ)

ਮਾਤਾ ਦਮੋਦਰੀ ਜੀ ਦੀ ਵੱਡੀ ਭੈਣ ਰਾਮੋ ਨੱਗਰ ਡਰੋਲੀ ਦੇ ਸਾਂਈਦਾਸ ਨਾਲ ਵਿਆਹੀ ਹੋਈ ਸੀ। ਕੁਛ ਸਮਾਂ ਸਾਂਈਦਾਸ ਡੱਲੇ ਵਸਦਾ ਰਿਹਾ। ਦੋਵੇਂ ਜੀ ਸ਼ਰਧਾਲੂ ਸਿੱਖ ਸਨ।

ਉਹਨਾਂ (ਡਰੋਲੀ ਵਿਚ) ਆਪਣਾ ਨਵਾਂ ਘਰ ਬਣਾਇਆ। ਦੋਹਾਂ ਨੇ ਪ੍ਰਣ ਕੀਤਾ, ਕਿ ਪਹਿਲਾਂ ਇਸ ਵਿਚ ਗੁਰੂ ਜੀ ਆ ਕੇ ਬਿਸਰਾਮ ਕਰਨਗੇ, ਤਾਂ ਫਿਰ ਅਸੀਂ ਵਸੋਂ ਕਰਾਂਗੇ। ਗੁਰੂ ਜੀ ਵਾਸਤੇ ਪਲੰਘ, ਬਿਸਤਰੇ, ਸਭ ਸਾਮਾਨ ਤਿਆਰ ਕਰ ਰਖਿਆ ਸੀ। ਉਹ ਹਰ ਸਮੇਂ ਗੁਰੂ ਜੀ ਨੂੰ ਯਾਦ ਕਰਦੇ ਰਹਿੰਦੇ।

ਅੰਸੂ ੩੦

(ਮਾਤਾ ਗੰਗਾ ਜੀ ਡਰੋਲੀ ਪੁੱਜੇ)

ਮਾਤਾ ਗੰਗਾ ਜੀ ਆਪਣੀ ਦੋਹਾਂ ਨੂੰਹਾਂ ਸਮੇਤ ਡਰੋਲੀ ਜਾ ਪੁੱਜੇ। ਨਾਲ ਕੁਛ ਸੇਵਕ ਤੇ ਦਾਸੀਆਂ ਵੀ ਸਨ। ਸਾਂਈਦਾਸ ਤੇ ਰਾਮੋ ਬਹੁਤ ਪਰਸੰਨ ਹੋਏ। ਮਾਤਾ ਜੀ ਨੂੰ

Digitized by Panjab Digital Library | www.panjabdigilib.org

ਨਵੇਂ ਘਰ ਵਿਚ ਉਤਾਰਾ ਦਿਤਾ।

ਅੰਸੂ ੩੧

(ਗੁਰੂ ਜੀ ਨਾਨਕ ਮਤੇ ਗਏ)

ਗੁਰੂ ਜੀ ਫ਼ੌਜ ਸਣੇ ਕਰਤਾਰ ਪੁਰ ਆ ਗਏ। 'ਵੱਡੇ ਮੀਰ' ਪਿੰਡ ਦੇ ਬਹੁਤ ਸਾਰੇ ਪਠਾਣ ਨੌਕਰੀ ਪੇਸ਼ਾ ਸਨ। ਉਹ ਸ਼ਸਤਰ ਪਹਿਨੀ ਦਰਸ਼ਨ ਨੂੰ ਆਏ।

ਅੰਸੂ ੩੨

(ਪੈਂਦੇ ਖ਼ਾਨ)

ਗੁਰੂ ਜੀ ਨੇ ਇਕ ਜੁਆਨ ਪਠਾਣ (ਸੋਲਾਂ ਸਾਲਾ) ਬਾਰੇ ਪੁਛਿਆ। ਇਸਮਾਈਲ ਖ਼ਾਂ ਨੇ ਦੱਸਿਆ, ਇਹ ਮੇਰਾ ਭਾਣਜਾ ਹੈ। ਪਿੱਛਾ ਇਸਦਾ ਆਲਮਪੁਰਾ ਗਿਲਜ਼ੀਆ ਹੈ। ਮਾਤਾ ਪਿਤਾ ਮਰ ਚੁਕੇ ਹਨ। ਇਹ ਮੇਰੇ ਪਾਸ 'ਵੱਡੇ ਮੀਰ' ਹੀ ਪਲਿਆ ਹੈ। ਨਾਮ ਇਸਦਾ ਪੈਂਦੇ ਖ਼ਾਨ ਹੈ।

ਗੁਰੂ ਜੀ ਨੇ ਪੈਂਦੇ ਖ਼ਾਨ ਨੂੰ ਨੌਕਰ ਰੱਖਣ ਦਾ ਬਚਨ ਦਿਤਾ, ਨਾਲੇ ਗਿਆਰਾਂ ਰੁਪੈ ਦਿਤੇ। ਅਗਲੇ ਦਿਨ ਤੋਂ ਪੈਂਦੇ ਖ਼ਾਂ ਨੌਕਰੀ 'ਤੇ ਆ ਗਿਆ, ਤਨਖ਼ਾਹ ਪੰਜ ਰੁਪੈ ਰੋਜ਼।

ਗੁਰੂ ਜੀ ਪੂਰਬ ਨੂੰ ਤੁਰ ਪਏ। ਪਹੋਏ ਦੇ ਰਸਤੇ ਵਿਚ ਇਕ ਪਿੰਡ ਠਹਿਰੇ। ਇਕ ਪਿੰਗਲਾ ਸ਼ਰਨ ਆਇਆ, ਜੋ ਨਿੱਤ ਯਾਦ ਕਰਦਾ ਸੀ। ਗੁਰੂ ਜੀ ਦੀ ਕਿਰਪਾ ਨਾਲ ਉਸਦੇ ਨੇਤਰ ਠੀਕ ਹੋ ਗਏ। ਗੁਰੂ ਜੀ ਨੇ ਕਿਹਾ, ਇਸ ਅਸਥਾਨ ਦੀ ਸਦਾ ਸੇਵਾ ਕਰਿਆ ਕਰੋ।

ਅੰਸੂ ੩੩

(ਨਾਨਕ ਮਤੇ ਪੁੱਜੇ)

ਗੁਰੂ ਜੀ ਸੁਰਸਤੀ ਨਦੀ ਵਿਚ ਇਸ਼ਨਾਨ ਕਰਕੇ ਅੱਗੇ ਗਏ।
ਅੱਗੇ ਚਲ ਕੇ ਗੰਗਾ ਵਿਚ ਇਸ਼ਨਾਨ ਕੀਤਾ ਤੇ ਪੰਡਤਾਂ ਨੂੰ ਦਾਨ ਦਿਤਾ।
ਚਲਦੇ ਚਲਦੇ ਗੁਰੂ ਜੀ ਨਾਨਕ ਮਤੇ ਜਾ ਪੁੱਜੇ। ਅਲਮਸਤ ਨੇ ਚਰਨ ਪਰਸੇ।

Digitized by Panjab Digital Library | www.panjabdigilib.org

ਅੰਸੂ ੩੪

(ਸਿੱਧਾਂ ਨੂੰ ਨਿਰੁਤਰ ਕੀਤਾ)

ਜੋਗੀਆਂ ਨੇ ਪਿੱਪਲ ਸਾੜ ਦਿਤਾ ਸੀ। ਗੁਰੂ ਜੀ ਨੇ ਸਤਿਨਾਮ ਕਹਿ ਕੇ ਪਾਣੀ ਦਾ ਛੱਟਾ ਮਾਰਿਆ, ਤਾਂ ਪਿਪਲ ਹਰਿਆ ਹੋ ਗਿਆ।

"ਇਨ ਛੀਟਨਿ ਤੇ ਚਿੰਨ੍ਹੁਤਿ ਰਹੈ।
ਜਬ ਲੌ ਥਿਰ ਪ੍ਰਥਮੀ ਪਰ ਅਹੈ।੭।"

ਜੋਗੀ ਡਰਦੇ ਗੋਰਖ ਕੋਲ ਜਾ ਪਹੁੰਚੇ। ਉਹਨਾਂ ਸਾਰੀ ਵਾਰਤਾ ਜਾ ਦੱਸੀ। ਬਹੁਤ ਸਾਰੇ ਜੋਗੀ ਗੁਰੂ ਜੀ ਨਾਲ ਚਰਚਾ ਕਰਨ ਆ ਗਏ। ਭੰਗਰ ਨੇ ਕਿਹਾ, ਤੁਸੀਂ ਗ੍ਰਿਸਤੀ ਹੋ। ਤੇ ਅਸੀਂ ਦੁਨੀਆਂ ਤੋਂ ਨਿਆਰੇ ਹਾਂ। ਸਾਡੇ ਨਾਲ ਨਾ ਅੜੋ।

ਜੋਗੀ ਕਰਾਮਾਤਾਂ ਤੇ ਉਤਰ ਆਏ। ਹਨੇਰੀ, ਝੱਖੜ ਤੇ ਪੱਥਰ ਬਰਸਾਉਣ ਲੱਗੇ।

ਅੱਗੋਂ ਗੁਰੂ ਜੀ ਦੀ ਸ਼ਕਤੀ ਨਾਲ ਜੋਗੀਆਂ ਦੇ ਸਰੀਰ ਸੜਨ ਲੱਗੇ। ਤਾਂ ਉਹ ਸਾਰੇ ਨੱਸ ਗਏ।

———

ਅੰਸੂ ੩੫

(ਪੰਜਾਬ ਨੂੰ ਵਾਪਸ)

ਜੋਗੀ ਨਾਨਕ ਮਤੇ ਤੋਂ ਆਪਣਾ ਦਾਅਵਾ ਸਦਾ ਵਾਸਤੇ ਛਡ ਗਏ। ਓਥੋਂ ਦੀ ਸੇਵਾ ਗੁਰੂ ਜੀ ਨੇ 'ਅਲਮਸਤ' ਨੂੰ ਬਖ਼ਸ਼ੀ।

ਗੁਰੂ ਜੀ ਨੇ ਓਥੋਂ ਚੱਲ ਕੇ ਗੰਗਾ ਤੇ ਆ ਇਸ਼ਨਾਨ ਕੀਤਾ ਤੇ ਪੰਡਤਾਂ ਨੂੰ ਬਹੁਤ ਦਾਨ ਦਿਤਾ। ਗੰਗਾ ਤੋਂ ਤੁਰ ਕੇ ਜਮਨਾ 'ਤੇ ਆ ਠਹਿਰੇ। ਜਮਨਾ ਤੋਂ ਚੱਲ ਕੇ ਥਾਨੇਸਰ ਪੁੱਜੇ, ਤੇ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੇ ਦਰਸ਼ਨ ਕੀਤੇ। ਗੁਰੂ ਜੀ ਨੇ ਸਿੱਖਾਂ ਨੂੰ ਗੁਰੂ ਨਾਨਕ ਜੀ ਦਾ ਪ੍ਰਸੰਗ ਸੁਣਾਇਆ।

———

ਅੰਸੂ ੩੬

(ਡਰੋਲੀ ਪੁੱਜੇ)

ਇਕ ਸਿੱਖ ਨੇ ਆ ਸੁਨੇਹਾ ਦਿਤਾ, ਕਿ ਗੁਰੂ ਜੀ ਆ ਰਹੇ ਹਨ। ਸਾਂਈਦਾਸ ਤੇ ਹੋਰ ਸਾਰਾ ਪਰਵਾਰ ਤੇ ਸੰਗਤ ਕੋਹ ਭਰ ਅੱਗੇ ਜਾ ਕੇ ਮਿਲੇ। ਸਭ ਤੋਂ ਪਹਿਲਾਂ ਸਾਂਈਦਾਸ ਚਰਨਾਂ 'ਤੇ ਡਿਗਾ। ਫਿਰ ਸਭ ਪਰਵਾਰ ਮਿਲਿਆ।

ਗੁਰੂ ਜੀ ਨੂੰ ਨਵੇਂ ਘਰ ਵਿਚ ਉਤਾਰਾ ਦਿਤਾ। ਸਭ ਨੇ ਸ਼ਰਧਾ ਨਾਲ ਸੇਵਾ ਕੀਤੀ। ਸੰਬੰਧੀ ਸਮਝ ਕੇ ਨਹੀਂ, ਗੁਰੂ ਸਮਝ ਕੇ ਸੇਵਾ ਕੀਤੀ।

———

Digitized by Panjab Digital Library | www.panjabdigilib.org

ਅੰਸੂ ੩੭

(ਜਨਮ ਗੁਰਦਿਤਾ ਜੀ)

ਭਰੋਲੀ ਵਿਚ ਕੱਤਕ ਪੂਰਨਮਾਸ਼ੀ, ਅੱਧੀ ਰਾਤ ਸਮੇਂ ਗੁਰਦਿੱਤਾ ਜੀ ਜਨਮੇਂ। ਸਾਰੇ ਪਰਵਾਰ ਤੇ ਸੰਗਤ ਵਿਚ ਬਹੁਤ ਖ਼ੁਸ਼ੀ ਹੋਈ।

(ਏਥੇ ਕਵੀ ਜੀ ਕੁਛ ਨਾ-ਭਾਉਂਦੇ ਸ਼ਬਦ ਲਿਖਦੇ ਹਨ।)

"ਕਿਤਕ ਲੋਕ ਇਮ ਕਰਤਿ ਉਚਾਰ।
ਸ੍ਰੀ ਨਾਨਕ ਕੋ ਇਹ ਅਵਤਾਰ।
ਨਹਿਂ ਇਮ ਕਹਹੁ ਅਨੁਚਿਤਿ ਮਹਾਨ।
ਹੋਇ ਨ ਗੁਨ, ਅਵਗੁਨ ਪਹਿਚਾਨ।੨੭।"

(ਬਿਨਾਂ ਅਰਥ ਇਕ ਵਿਚਾਰ ਦੇ ਕੇ ਫਿਰ ਉਸਦਾ ਖੰਡਨ ਕਰਨਾ, ਪਾਠਕ ਨੂੰ ਭੁਲੇਖੇ ਵਿਚ ਪਾਉਣਾ ਹੈ। ਅੱਗੇ, ਵੇਖੋ ਕੀ ਕਹਾਣੀ ਕਰਦੇ ਹਨ।)

ਜਿਸ ਕਾਰਨ ਲੋਕ ਐਸਾ ਕਹਿੰਦੇ ਹਨ, ਉਹ ਵੀ ਸੁਣੋ। ਇਕ ਵਾਰ ਛੇਵੇਂ ਪਾਤਸ਼ਾਹ ਬਾਬਾ ਸ੍ਰੀ ਚੰਦ ਜੀ ਨੂੰ ਮਿਲਨ ਗਏ, ਸ੍ਰੀ ਚੰਦ ਜੀ ਨੇ ਪੁਛਿਆ, ਕਿ ਤੁਹਾਡੇ ਕਿੰਨੇ ਪੁੱਤਰ ਹਨ? ਗੁਰੂ ਜੀ ਨੇ ਕਿਹਾ, ਪੰਜ ਹਨ। ਸ੍ਰੀ ਚੰਦ ਨੇ ਕਿਹਾ, ਪੰਜੇ ਆਪ ਹੀ ਰੱਖਣੇ ਜੇ, ਕਿ ਕੋਈ ਸਾਨੂੰ ਵੀ ਦੇਣਾ ਜੇ। ਗੁਰੂ ਜੀ ਨੇ ਕਿਹਾ, ਜਿਵੇਂ ਤੁਹਾਡਾ ਹੁਕਮ।

ਗੁਰੂ ਜੀ ਨੇ ਬਾਬਾ ਗੁਰਦਿੱਤਾ ਬਾਬੇ ਸ੍ਰੀ ਚੰਦ ਜੀ ਨੂੰ ਸੌਂਪ ਦਿਤਾ। ਸ੍ਰੀ ਚੰਦ ਜੀ ਨੇ ਕਿਹਾ, ਗੁਰੂ ਨਾਨਕ ਦੀ ਗੱਦੀ ਪਹਿਲਾਂ ਹੀ ਤੁਹਾਡੇ ਪਾਸ ਹੈ, ਜੋ ਕੁਛ ਸਾਡੇ ਪਾਸ ਹੈ, ਹੁਣ ਇਹ ਵੀ ਲੈ ਲਵੋ।

ਬਾਬਾ ਸ੍ਰੀ ਚੰਦ ਨੇ ਆਪਣੀ ਟੋਪੀ ਉਤਾਰ ਕੇ ਗੁਰਦਿੱਤਾ ਜੀ ਦੇ ਸਿਰ 'ਤੇ ਧਰ ਦਿਤੀ। ਓਥੋਂ ਉਹਨਾਂ ਦਾ ਨਾਮ 'ਬਾਬਾ ਗੁਰਦਿਤਾ' ਪੈ ਗਿਆ।

"ਸ੍ਰੀ ਨਾਨਕ ਕੋ ਬਾਬਾ ਨਾਮ।
ਜਗ ਮਹਿਂ ਬਿਦਤਿ ਲਖਹਿਂ ਅਭਿਰਾਮ।
ਅਪਰ ਨ ਬਾਬਾ ਕਿਸ ਕੋ ਕਹਯੋ।
ਗੁਰਤਾ ਥਿਰੁ, ਸੁ ਗੁਰੂ ਪਦ ਲਹਯੋ।੪੯।...
ਯਾਂ ਤੇ ਲਖੀਅਹਿ ਰਿਦੇ ਮਝਾਰ।
ਸ੍ਰੀ ਨਾਨਕ ਕੇ ਭੇ ਅਵਿਤਾਰ।੫੦।"

(ਅੱਗੇ ਫਿਰ ਇਸ ਦਾ ਖੰਡਨ ਕਰਦੇ ਹਨ।)

"ਬੈਠੇ ਗਾਦੀ ਨੌ ਗੁਰ ਭਾਰੇ।
ਸੋ ਕਿਸ ਕੇ ਕਹੀਯਹਿ ਅਵਤਾਰੇ।
ਜੇ ਲਖੀਅਹਿ ਬਾਬਾ ਗੁਰਦਿੱਤਾ।
ਸ੍ਰੀ ਨਾਨਕ ਅਵਤਾਰ ਸੁ ਲਿਤਾ।੫੨।"

Digitized by Panjab Digital Library | www.panjabdigilib.org

[ਕਵੀ ਜੀ ਆਪ ਹੀ ਇਹ ਵਿਚਾਰ ਦੇ ਕੇ, ਤੇ ਫਿਰ ਆਪ ਹੀ ਖੰਡਨ ਕਰਦੇ ਹਨ, ਇਹ ਇਕ ਦੋਸ਼ ਹੈ।]

ਅੰਸੂ ੩੮

(ਬਾਬਾ ਬੁੱਢਾ ਜੀ ਨੇ ਚੌਂਕੀ ਤੋਰੀ)

ਵਿਸਾਖੀ ਦਾ ਪੁਰਬ ਗੁਰੂ ਜੀ ਨੇ ਡਰੋਲੀ ਹੀ ਕੀਤਾ। ਸੰਗਤਾਂ ਓਥੇ ਹੀ ਜਾ ਕੱਠੀਆਂ ਹੋਈਆਂ।

ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਅੰਮ੍ਰਿਤਸਰ ਆਉਣ ਵਾਸਤੇ ਬੇਨਤੀ ਲਿਖੀ। ਗੁਰੂ ਜੀ ਨੇ ਉਤਰ ਦਿਤਾ, ਕਿ ਛੇਤੀ ਆ ਰਹੇ ਹਾਂ।

ਉਸ ਸਮੇਂ ਤੋਂ ਬਾਬਾ ਬੁੱਢਾ ਜੀ ਨੇ ਸ਼ਾਮ ਨੂੰ 'ਰਹਿਰਾਸ' ਪਿਛੋਂ ਪਰਕਰਮਾਂ ਵਿਚ 'ਸਬਦ ਚੌਂਕੀ' ਸ਼ੁਰੂ ਕੀਤੀ।

ਕਿਸੇ ਸਿੱਖ ਦਾ ਜਹਾਜ਼ ਸਮੁੰਦਰ ਵਿਚ ਅਟਕ ਗਿਆ। ਉਸਨੇ ਗੁਰ ਜੀ ਨੂੰ ਯਾਦ ਕੀਤਾ, ਤਾਂ ਗੁਰੂ ਜੀ ਨੇ ਉਸਦਾ ਜਹਾਜ਼ ਜਾ ਬੰਨੇ ਲਾਇਆ। ਏਧਰ ਗੁਰੂ ਜੀ ਪਲੰਘ ਉਤੇ ਬਿਰਾਜ ਰਹੇ ਸਨ। ਰਾਮੋ ਪੱਖਾ ਝੱਲ ਰਹੀ ਸੀ। ਉਹਨੇ ਵੇਖਿਆ, ਕਿ ਗੁਰੂ ਜੀ ਦੇ ਕੇਸਾਂ ਵਿਚੋਂ ਪਾਣੀ ਨੁੱਚੜ ਰਿਹਾ ਹੈ। ਰਾਮੋ ਦੇ ਪੁੱਛਣ ਤੇ ਸਾਂਈਦਾਸ ਨੇ ਦੱਸਿਆ, ਕਿ ਗੁਰੂ ਜੀ ਇਕ ਸਿੱਖ ਦਾ ਜਹਾਜ਼ ਬੰਨੇ ਲਾ ਕੇ ਆਏ ਹਨ।

ਗੁਰੂ ਜੀ ਉਠ ਬੈਠੇ। ਉਹਨਾਂ ਪੁੱਛਿਆ, 'ਸਾਂਈਦਾਸ, ਇਹ ਸ਼ਕਤੀ ਕਿੱਥੋਂ ਪਾਈ ਹੈ।' ਉਸਨੇ ਸਿਰ ਝੁਕਾ ਕੇ ਕਿਹਾ, ਹਜ਼ੂਰ ਦੀ ਸੇਵਾ ਵਿਚੋਂ।

ਅੰਸੂ ੩੯

(ਗੁਰੂ ਜੀ ਅੰਮ੍ਰਿਤਸਰ ਆਏ)

ਡਰੋਲੀ ਤੋਂ ਚੱਲ ਕੇ ਗੁਰੂ ਜੀ ਸਣੇ ਪਰਵਾਰ ਤਰਨ ਤਾਰਨ ਤੋਂ ਹੁੰਦੇ ਹੋਏ ਅੰਮ੍ਰਿਤਸਰ ਪੁੱਜੇ। ਸਾਰੀ ਸੰਗਤ ਨੇ ਖ਼ੁਸ਼ੀਆਂ ਮਨਾਈਆਂ।

ਅੰਸੂ ੪੦

(ਕੌਲਾਂ—ਪੈਂਦੇ ਖ਼ਾਨ)

ਕੌਲਾਂ ਨੇ ਵੀ ਆ ਕੇ ਗੁਰੂ ਜੀ ਦੇ ਚਰਨ ਪਰਸੇ, ਤਾਂ ਮਨ ਸ਼ਾਂਤ ਹੋਇਆ।

ਕਰਤਾਰ ਪੁਰ ਤੋਂ ਸੈਨਾ ਬੁਲਾ ਲਈ। ਪੈਂਦੇ ਖ਼ਾਨ ਦੀ ਜਵਾਨੀ ਵੇਖ ਕੇ ਗੁਰੂ ਜੀ ਬੜੇ ਖ਼ੁਸ਼ ਹੋਏ। ਉਸਨੂੰ ਹੋਰ ਕਸਰਤ ਕਰਨ ਵਾਸਤੇ ਕਿਹਾ।

Digitized by Panjab Digital Library | www.panjabdigilib.org

ਅੰਸੂ ੪੧

(ਸਿੱਖਾਂ ਦੇ ਪ੍ਰਸੰਗ)

ਦਰਗਾਹ ਭੰਡਾਰੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, ਕਿ ਕਈ ਵਾਰ ਸਿੱਖ ਗੁਰਬਾਣੀ ਬਾਰੇ ਚਰਚਾ ਕਰਦੇ ਲੜ ਪੈ-ਦੇ ਹਨ।

ਗੁਰੂ ਜੀ ਨੇ ਫ਼ੁਰਮਾਇਆ, ਚਰਚਾ ਚਾਰ ਪ੍ਰਕਾਰ ਦੀ ਹੈ। ਇਕ ਤਾਂ 'ਵਾਦ' ਹੈ। ਜੋ ਅਰਥ ਨਾ ਆਉਣ, ਦੂਸਰੇ ਤੋਂ ਪੁਛ ਲੈਣੇ। ਦੂਸਰੀ ਚਰਚਾ 'ਹੇਤ' ਹੈ। ਜੋ ਅਰਥ ਦੂਸਰੇ ਦੇ ਠੀਕ ਹੋਣ, ਤਾਂ ਪ੍ਰੇਮ ਨਾਲ ਮੰਨ ਲੈਣੇ, ਜਾਂ ਸਮਝਾ ਦੇਣੇ। ਤੀਸਰੀ ਚਰਚਾ 'ਜਲਪ' ਹੈ। ਆਪਣੀ ਕਹੀ 'ਤੇ ਕਾਇਮ ਰਹਿਣਾ ਤੇ ਦੂਸਰੇ ਨੂੰ ਖੰਡਨ ਕਰਨਾ। ਚੌਥੀ ਚਰਚਾ 'ਵਿਤੰਡਾ' ਕਹੀਦੀ ਹੈ। ਦੂਸਰ ਦੇ ਮੱਤ ਨੂੰ ਖੰਡਨ ਕਰਦਿਆਂ ਕ੍ਰੋਧ ਵਿਚ ਆ ਜਾਣਾ। ਸਿੱਖਾਂ ਨੂੰ ਮਗਰਲੀਆਂ ਦੋਹਾਂ ਚਰਚਾ ਤੋਂ ਦੂਰ ਰਹਿਣਾ ਚਾਹੀਦਾ ਹੈ।

ਜਮਾਲ ਨਾਮੇ ਇਕ ਸੇਵਕ ਸ਼ਰਣ ਆਇਆ। ਗੁਰੂ ਜੀ ਨੇ ਕਿਹਾ, ਬਾਣੀ ਪੜ੍ਹਕੇ, ਉਸ ਦੇ ਅਰਥਾਂ ਤੇ ਵਿਚਾਰ ਕਰਕੇ ਉਸ ਤੇ ਅਮਲ ਕਰੋ।

ਅੱਗੇ 'ਬ੍ਰਹਮ' ਬਾਰੇ ਵਿਚਾਰ ਹੈ।

ਭਾਈ ਅਨੰਤਾ ਤੇ ਵਿਧਾਵਣ ਨੇ ਸਵਾਲ ਕੀਤਾ, ਗੁਰੂ ਨਾਨਕ ਦੇਵ ਜੀ ਨੇ ਕੜਾਹ ਪ੍ਰਸਾਦ ਪਰਵਾਨ ਕੀਤਾ ਹੈ, ਹੋਰ ਪਕਵਾਨ ਕਿਉਂ ਨਹੀਂ।

ਗੁਰੂ ਜੀ ਨੇ ਕਿਹਾ, ਜਿਵੇਂ ਸਾਰੇ ਅਵਤਾਰਾਂ ਵਿਚੋਂ ਗੁਰੂ ਨਾਨਕ ਜੀ ਉੱਚੇ ਹਨ, ਓਸੇ ਤਰਾਂ ਸਾਰੇ ਪਕਵਾਨਾਂ ਵਿਚੋਂ ਕੜਾਹ ਪ੍ਰਸਾਦਿ ਉੱਤਮ ਹੈ।

ਭਾਈ ਨਿਵਲਾ ਤੇ ਨਿਹਾਲੂ ਨੇ ਬੇਨਤੀ ਕੀਤੀ, ਕਿ ਸਾਡੀ ਕਲਿਆਣ ਕਿਵੇਂ ਹੋਵੇਗੀ।

ਗੁਰੂ ਜੀ ਨੇ ਕਿਹਾ, ਜਿਵੇਂ ਲੱਕੜੀ ਵਿਚ ਅਗਨ ਹੈ, ਤੇ ਦੁੱਧ ਵਿਚ ਘਿਉ। ਪਰ ਯਤਨ ਕਰਨ ਨਾਲ ਦੋਵੇਂ ਵਸਤੂ ਪ੍ਰਾਪਤ ਹੁੰਦੀਆਂ ਹਨ। ਏਸੇ ਤਰਾਂ ਗੁਰਬਾਣੀ ਵਿਚ ਆਤਮ ਗਿਆਨ ਹੈ, ਪਰ ਮਿਹਨਤ ਨਾਲ ਪ੍ਰਾਪਤ ਹੁੰਦਾ ਹੈ।

ਅੰਸੂ ੪੨

(ਸਿੱਖਾਂ ਦੇ ਪ੍ਰਸੰਗ)

ਤੁਲਸਾ, ਦਰਗਾਹਾ, ਤਖਤੂ, ਤੀਰਥ ਆਦਿ ਦੇ ਪ੍ਰਸ਼ਨ ਦੇ ਉਤਰ ਵਿਚ ਗੁਰੂ ਜੀ ਨੇ ਫ਼ੁਰਮਾਇਆ, ਕਿ ਵਕਤਾ [ਕਹਿਣ ਵਾਲਾ, ਉਪਦੇਸ਼ਕ] ਤੇ ਸਰਤਾਂ ਵਿਚ ਚੰਦਾਂ ਗੁਣ ਹੋਣੇ ਚਾਹੀਦੇ ਹਨ।

(ਸ਼ਾਸਤਰਕਾਰਾਂ ਨੇ ਵਕਤਾ=ਉਪਦੇਸ਼ਕ ਦੇ ਚੰਦਾਂ ਗੁਣ ਮੰਨੇ ਹਨ :-੧. ਵਾਗਮੀ =ਰਸੀਲੀ ਤੇ ਸੁਰੀਲੀ ਵਾਜ ਵਿਚ ਬੋਲ ਸਕਣਾ। ੨. ਵਯਾਸ=ਸਰੋਤਿਆਂ ਦੀ ਰੁਚੀ ਅਨਸਾਰ ਪ੍ਰਸੰਗ ਦਾ ਵਿਸਥਾਰ ਕਰ ਸਕਣ ਵਾਲਾ। ੩. ਸਮਾਸ ਵਤ=ਲੋੜ ਅਨਸਾਰ

Digitized by Panjab Digital Library | www.panjabdigilib.org

ਸੰਖੇਪ ਕਰ ਸਕਣਾ। ੪. ਪ੍ਰਿਯ ਕਥਾ ਪ੍ਰਸਤਾਵ=ਦਿਲ ਲੁਭਾਉਣ ਵਾਲੇ ਢੰਗ ਨਾਲ ਪ੍ਰਸੰਗ ਕਹਿ ਸਕਣਾ। ੫. ਸਪਸ਼ਟ ਵਾਕ=ਸਾਫ਼ ਸ਼ਬਦ ਕਹਿਣ ਵਾਲਾ, ਜਿਸਦੀ ਸਭ ਨੂੰ ਸਮਝ ਆ ਸੱਕੇ। ੬. ਸੰਦੇਹ ਛਿਦ=ਸੰਸਿਆਂ ਨੂੰ ਦੂਰ ਕਰ ਸਕਣਾ। ੭. ਅਸ਼ੇਖ ਸ਼ਾਸਤਰ ਕੁਸ਼ਲ=ਸਾਰੇ ਸ਼ਾਸਤਰਾਂ ਦਾ ਜਾਨਣਹਾਰ। ੮. ਨੱਖਯਾਤ ਵਿਖੇਪ ਕ੍ਰਿਤ=ਕਥਾ ਦੇ ਪ੍ਰਸੰਗ ਵਿਚ ਹੋਰ ਮੱਤਾਂ ਦੇ ਆਸ਼ਯ ਨੂੰ ਸਮਝ ਸਕਣਾ। ੯. ਅਵਯੰਗੋ=ਸੋਹਣੀ ਤਰਾਂ ਸਿੱਧਾ ਬੈਠਣਾ, ਗੁਰਮੁਖਾਂ ਵਾਂਗ ਬੈਠਣਾ। ੧੦. ਜਨ ਰੰਜਕੋ=ਸਰੋਤਿਆਂ ਦੇ ਦਿਲਾਂ ਨੂੰ ਖ਼ੁਸ਼ ਕਰਨਾ। ੧੧. ਜਿਤ ਸਭੋ=ਸਭਾ ਨੂੰ ਜਿਤਣਾ। ੧੨. ਨ ਹੰਕ੍ਰਤੋ=ਹੰਕਾਰ ਰਹਿਤ ਹੋਣਾ। ੧੩. ਧਾਰਮਿਕੋ=ਧਾਰਮਿਕ ਖ਼ਿਆਲਾਂ ਵਾਲਾ ਹੋਣਾ, ਰਹਿਣੀ ਦਾ ਧਨੀ। ਜੋ ਕਹੇ, ਉਸ ਤੇ ਅਮਲ ਕਰਨ ਵਾਲਾ। ੧੪. ਸਤੋਖਾ=ਹਰ ਤਰਾਂ ਸੰਤੋਖ ਰਖਣ ਵਾਲਾ।

ਚੰਦਾਂ ਗੁਣ ਹੀ ਸਰੋਤੇ ਦੇ ਮੰਨੇ ਹਨ।

੧. ਭਗਤੋ ਵਕਤਰੇ=ਸਰੋਤੇ ਦੇ ਦਿਲ ਵਿਚ ਵਕਤੇ ਵਾਸਤੇ ਭਗਤੀ ਭਾਵ ਹੋਵੇ, ਸ਼ਰਧਾ ਹੋਵੇ। ੨. ਅਗਰਬਤਾ=ਨਿਰਹੰਕਾਰ ਹੋਵੇ। ੩. ਸ਼ੁਤਿ ਰੁਚਹਿ=ਸੁਣਨ ਵਿਚ ਰੁਚੀ ਹੋਵ। ੪. ਚੰਚਲ ਹੀਨ=ਚੁੱਜਤਾ ਨਾ ਹੋਵੇ। ੫. ਪਟਹਿ=ਗਲ ਸਮਝਣ ਵਿਚ ਚਤਰ ਹੋਵੇ। ੬. ਪ੍ਰਸ਼ਨ-ਅਦਖਸ਼=ਪ੍ਰਸ਼ਨ ਕਰਨ ਵਿਚ ਚਤਰ ਹੋਵ। ੭. ਬਹੁ ਸ਼ਰੋਤੋ=ਬਹੁਤੇ ਗ੍ਰੰਥਾਂ ਦਾ ਜਾਣੂ ਹੋਵੇ, ਜਾਂ ਬਹੁਤੇ ਵਿੱਦਵਾਨਾਂ ਨੂੰ ਸੁਣਿਆਂ ਹਵੇ। ੮. ਅਨਾਲਸੋ=ਆਲ੍ਹਸੀ ਨਾ ਹੋਵੇ। ੯. ਨਿਦ੍ਰਾ ਜਿਤੀ ਸੁਤਹ=ਸੁਣਨ ਵੇਲੇ ਸੰ ਜਾਣ ਵਾਲਾ ਨਾ ਹੋਵੇ। ੧੦. ਦਾਤਾਤਿ=ਵੰਡ ਕੇ ਖਾਣ ਵਾਲਾ ਹੋਵੇ, ਕਜੂਸ ਨਾ ਹੋਵੇ। ੧੧. ਪਕਤਿ=ਸੁਣ ਕੇ ਉਸ ਉਤੇ ਅਮਲ ਕਰਨ ਵਾਲਾ ਹੋਵੇ। ੧੨. ਕਥੰਤਰਾ=ਸਿਧਾਂਤ ਤੋਂ ਵਿਰੁੱਧ ਵਿਚਾਰਾਂ ਦਾ ਤਿਆਗੀ ਹੋਵੇ। ੧੩. ਸੁਚੈਵ=ਪਵਿੱਤਰ ਰਹਿਣੀ ਬਹਿਣੀ ਵਾਲਾ ਹੋਵੇ। ੧੪. ਪਰਦੰਭੋਜਿਤਾ=ਪਖੰਡੀ ਨਾ ਹੋਵੇ।

(ਵਕਤਾ ਤੇ ਸਰੋਤਾ ਬਾਰੇ ਕਵੀ ਜੀ ਨੇ ਸੰਸਕ੍ਰਿਤ ਦੇ ਦੋ ਸਲੋਕਾਂ ਦੇ ਇਹ ਅਰਥ ਦਿਤੇ ਹਨ। ਪਾਠਕ ਦੀ ਜਾਣਕਾਰੀ ਵਾਸਤੇ ਅਸੀਂ ਉਹ ਸਲੋਕ ਹੇਠਾਂ ਦੇ ਦੇਂਦੇ ਹਾਂ।

ਵਕਤਾ :—

"ਵਾਗਮੀ, ਵਯਾਸ, ਸਮਾਸਵਤ, ਪ੍ਰਿਯ ਕਥਾ ਪ੍ਰਸਤਾਵ, ਸਪਸ਼ਟ ਵਾਕ,
ਸੰਦੇਹ ਛਿਦ, ਅਸ਼ੇਖ ਸ਼ਾਸਤ੍ਰ ਕੁਸ਼ਲ, ਨੱਖਯਾਤ ਵਿਖੇਪ ਕ੍ਰਿਤ।
ਅਵਯੰਗੋ, ਜਨ ਰੰਜਕੋ, ਜਿਤ ਸਭੋ, ਨ ਹੰਕ੍ਰਤੋ, ਧਾਰਮਿਕੋ,
ਸੰਤੋਖੀ ਚ ਚਤਰਦਸ਼ ਗੁਣਾ ਉੱਤਮ ਵਕਤਾ ਪ੍ਰਣੀਤਯ :।"

ਸਰਤਾ :—

"ਭਗਤੋ ਵਕਤਰੇ, ਅਗਰਬਤਾ, ਸ੍ਰੁਤਿ ਰੁਚਹਿ, ਚੰਚਲ ਹੀਨ, ਪਟਹਿ।
ਪ੍ਰਸ਼ਨਾਦਖਯਸਚ, ਬਹੁ ਸ਼੍ਰੁਤੋ, ਅਨਾਲਸੋ, ਨਿੰਦ੍ਰਾ ਜਿਤੀ ਸੁਤਹ।
ਦਾਤਾਤਿ, ਪਕਤਿ, ਕਥੰਤਰਾ, ਸੁਚੈਵ, ਪਰਦੰਭੋਜਿਤਾ, ਸਰੁਬਦਾ।
ਏਤੇਯਸ਼ ਸੰਤ ਨਿਰਮਲ ਗੁਣਾ ਵੈਕੁੰਠੇ ਪ੍ਰਸਸਤਾ ਸਦਾ।"

ਕ੍ਰਿਸ਼ਨ, ਝੰਝੂ ਤੇ ਪੰਮੂ ਪੁਰੀ ਵੀ ਸ਼ਰਨ ਆਏ।

Digitized by Panjab Digital Library | www.panjabdigilib.org

ਧਿੰਗਣ ਤੇ ਮੱਦੂ—ਦੋਵੇਂ ਤੁਖਾਣ—ਬੜੀ ਸੇਵਾ ਕਰਿਆ ਕਰਦੇ ਸੀ। ਦੋਵੇਂ ਸੁਰਗ-ਵਾਸ ਹੋ ਗਏ। ਗੁਰੂ ਜੀ ਨੇ ਦੋਹਾਂ ਦਾ ਹੱਥੀਂ ਸਸਕਾਰ ਕੀਤਾ। ਗੁਰੂ ਜੀ ਨੇ ਦੱਸਿਆ,

"ਇਹ ਨਲ ਨੀਲ ਹੁਤੇ ਅਵਤਾਰ।
ਕਰੀ ਬਿਨੈ ਇਨਹੂੰ ਇਕਬਾਰ।੫੧।
ਹਮ ਕੌ ਭਗਤਿ ਦੇਇ ਬ੍ਰਹਮ ਗਯਾਨ।
ਹੋਵਹਿੰ ਲੀਨ ਅਨੰਦ ਮਹਾਨ।...੫੨।
ਅਬ ਸਤਿਗੁਰ ਕੇ ਸਬਦ ਕਮਾਏ।
ਬ੍ਰਹਮ ਗਯਾਨ ਭੇ, ਨਹੀਂ ਲਖਾਏ।...੫੩।"

(ਬ੍ਰਹਮ ਗਿਆਨੀ ਹੋ ਗਏ, ਪਰ ਆਪਣਾ ਆਪ ਜਤਾਇਆ ਨਹੀਂ। ਪਰ ਕਵੀ ਜੀ ਨੇ ਦੋਹਾਂ ਸਿੱਖਾਂ ਨੂੰ ਨਲ ਤੇ ਨੀਲ ਦੇ ਅਵਤਾਰ ਮੰਨ ਲਿਆ। ਬ੍ਰਹਮਣੀ ਪ੍ਰਭਾਵ।)

ਅੰਸੂ ੪੩

(ਸਿੱਖਾਂ ਦੇ ਪ੍ਰਸੰਗ)

ਬਨਵਾਲੀ ਤੇ ਪਰਸਰਾਮ ਦੋਵੇਂ ਵੈਦ ਸਨ। ਉਹ ਸਿੱਖ ਸੰਗਤਾਂ ਦਾ ਇਲਾਜ ਮੁਫ਼ਤ ਕਰਦੇ।

ਤੀਰਥਾ ਫ਼ੌਜ ਵਿਚ ਨੌਕਰ ਸੀ। ਉਹ ਵੀ ਗੁਰੂ ਜੀ ਦੀ ਸ਼ਰਣ ਆਇਆ। ਗੁਰੂ ਜੀ ਨੇ ਕਿਹਾ, ਸੇਵਾ ਕਰੋ, ਕੋਈ ਬ੍ਰਹਮ ਗਿਆਨੀ ਵੀ ਮਿਲ ਪਵੇਗਾ।

ਭਾਵਾ ਧੀਰੋ ਉਜੈਨ ਦੇ ਰਹਿਣ ਵਾਲਾ ਸੀ। ਛੇ ਮਹੀਨੇ ਪਿਛੋਂ ਉਹ ਦਰਸ਼ਨ ਹਿਤ ਆਉਂਦਾ। ਉਸਨੇ 'ਸੰਤ' ਦੇ ਲੱਛਣ ਪੁਛੇ, ਤਾਂ ਗੁਰੂ ਜੀ ਨੇ ਇਹ ਸਬਦ ਸੁਣਾਇਆ,

"ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ।...।"

(ਸਲੋਕ ਸਹਸ ਕ੍ਰਿਤੀ, ਮ. ੫, ਪੰਨਾ ੧੩੫੭)

ਅੱਗੇ ਇਸਦੇ ਅਰਥ ਹਨ।

ਬੁਰਹਾਨ ਪੁਰ ਦੇ ਭਗਵਾਨ ਦਾਸ ਭਗਤ, ਮਲਕ ਕਟਾਰੂ, ਪਿਰਥੀ ਮੱਲ, ਡੱਲੂ ਭਗਤ, ਸ਼ਾਮਦਾਂਸ, ਸੁੰਦਰ ਆਦਿ ਸਿੱਖ ਮਿਲਕੇ ਕੀਰਤਨ ਕਰਦੇ। ਉਹ ਮਿਲ ਕੇ ਦਰਸ਼ਨ ਕਰਨ ਆਏ। ਉਹਨਾਂ ਕਲਿਆਣ ਦਾ ਰਸਤਾ ਪੁਛਿਆ। ਗੁਰੂ ਜੀ ਨੇ ਇਕ ਮਿਸਾਲ ਦਿਤੀ।

ਖੂਹ ਵਿਚ ਬਿੱਲੀ ਡਿਗ ਕੇ ਮਰ ਗਈ। ਪੰਡਤ ਨੇ ਦੱਸਿਆ, ਕਿ ਬਿੱਲੀ ਕਢਕੇ ਪਿਛੋਂ ਹਜ਼ਾਰ ਡੋਲ ਕਢੋ, ਪਾਣੀ ਸਾਫ਼ ਹੋ ਜਾਇਗਾ। ਉਸ ਪੁਰਸ਼ ਨੇ ਬਿੱਲੀ ਨਾ ਕੱਢੀ ਤੇ ਹਜ਼ਾਰ ਡੋਲ ਕਢਿਆ, ਪਰ ਪਾਣੀ ਦੀ ਦੁਰਗੰਧ ਨਾ ਗਈ। ਫਿਰ ਲੱਖ ਡੋਲ ਕਢਿਆ, ਪਰ ਦੁਰਗੰਧ ਕਾਇਮ ਰਹੀ। ਸੋ ਜਿੰਨਾ ਚਿਰ ਬਿੱਲੀ ਰੂਪ ਹਉਮੈਂ ਅੰਦਰੋਂ ਨਹੀਂ ਕਢਾਂਗੇ, ਆਤਮਾ ਨਿਰਮਲ ਨਹੀਂ ਹੋਵੇਗੀ।

Digitized by Panjab Digital Library | www.panjabdigilib.org

ਅੰਸੂ ੪੪

(ਸਿਖਾਂ ਦੇ ਪ੍ਰਸੰਗ)

ਹੰਡ ਪਿੰਡ ਦਾ ਮਾਈਆ ਸ਼ਰਣ ਆਇਆ। ਗੁਰੂ ਜੀ ਨੇ ਕਿਹਾ ਨਿਸ਼ਕਾਮ ਸੇਵਾ ਸਫਲ ਹੈ।

ਲਖਨਊ ਤੋਂ ਚੂਹੜ ਆਇਆ। ਗੁਰੂ ਜੀ ਨੇ ਫ਼ੁਰਮਾਇਆ, ਸਿੱਖੀ ਦਾ ਮੂਲ ਸ਼ਰਧਾ ਹੈ।

ਭਾਈ ਭਾਨਾ ਪ੍ਰਯਾਗ (ਅਲਾਹਾਬਾਦ) ਤੋਂ ਆਇਆ। ਗੁਰੂ ਜੀ ਨੇ ਨਾਮ ਸਿਮਰਨ ਦਾ ਉਪਦੇਸ਼ ਦਿਤਾ।

ਅੰਸੂ ੪੫

(ਸਿੱਖਾਂ ਦੇ ਪ੍ਰਸੰਗ)

ਜੌਨਪੁਰ ਤੋਂ ਜੱਟੂ ਤਪਾ ਸ਼ਰਨ ਆਇਆ। ਗੁਰੂ ਜੀ ਨੇ ਫ਼ੁਰਮਾਇਆ,

"ਜੋਗ, ਵਿਰਾਗ, ਭਗਤਿ ਅਰੁ ਗਯਾਨ।
ਸਿਮਰੇ ਨਾਮ, ਆਇ ਚਹੁ ਪਾਨ[1] ।੭।"

ਨਵਲਾ ਤੇ ਨਿਹਾਲਾ ਪਟਨੇ ਤੋਂ ਆਏ। ਉਹਨਾਂ ਪੁਛਿਆ,

"ਜਬ ਲੌ ਦਵੈਤ ਹੋਤ ਜਨ ਰਿਦੇ।
ਤ੍ਰਿਪਟੀ ਬਨੀ ਰਹਿਤ ਹੈ ਤਦੇ ।੧੯।
ਏਕ ਉਪਾਸ਼ਿ, ਉਪਾਸ਼ਨਾ, ਤ੍ਰਿਤੀ ਉਪਾਸ਼ਕ ਸੋਯ।
ਧਯਾਤਾ, ਧੇਯ, ਰੁ ਧਯਾਨੁ ਤਿਮ, ਗਯਾਤਾ, ਗਯਾਨ, ਰੁ ਗੇਯ ।੨੦।"

(ਭਗਤੀ ਦੇ ਚਾਰ ਅੰਗ :-ਜੋਗ, ਵਿਰਾਗ, ਭਗਤੀ ਤੇ ਗਿਆਨ ਹਨ। ਤ੍ਰਿਪਟੀ= ਤਿੰਨਾਂ ਵਸਤੂਆਂ ਦਾ ਮੇਲ। ਉਪਾਸ਼ਿ=ਜਿਸਦੀ ਉਪਾਸ਼ਨਾ ਕੀਤੀ ਜਾਵੇ। ਉਪਾਸ਼ਨਾ= ਪੂਜਾ। ਉਪਾਸ਼ਕ=ਪੂਜਾ ਕਰਨ ਵਾਲਾ। ਧਯਾਤਾ=ਧਿਆਨ ਧਰਨ ਵਾਲਾ। ਧੇਯ= ਜਿਸਦਾ ਧਿਆਨ ਧਰਿਆ ਜਾਵੇ। ਗਯਾਤਾ=ਗਿਆਨ ਪ੍ਰਾਪਤ ਕਰਨ ਵਾਲਾ। ਗੇਯ= ਜਿਸਦਾ ਗਿਆਨ ਪ੍ਰਾਪਤ ਕੀਤਾ ਜਾਵੇ।)

ਚਾਰ ਪ੍ਰਕਾਰ ਦੀ ਭਗਤੀ :—੧. ਮਨ ਵਿਚ ਕੋਈ ਕਾਮਨਾ ਰਖ ਕੇ ਸਿਮਰਨ ਕਰਨਾ ਤੇ ਸੰਤਾਂ ਦੀ ਸੇਵਾ ਕਰਨੀ। ੨. ਆਰਤਿ ਭਗਤੀ=ਕਿਸੇ ਦੁੱਖ ਜਾਂ ਕਸ਼ਟ ਦੇ ਦੂਰ ਕਰਨ ਵਾਸਤੇ ਸਿਮਰਨ ਕਰਨਾ। ੩. ਉਪਾਸ਼ਨਾ=ਪ੍ਰਭੂ ਨੂੰ ਪਤੀ ਸਮਝ ਕੇ, ਪਤੀ ਬ੍ਰਤਾ ਵਾਂਗ ਉਸਦੀ ਪੂਜਾ ਕਰਨੀ। ੪. ਗਿਆਨ ਭਗਤੀ=ਹਰ ਥਾਂ ਤੇ ਹਰ ਇਕ ਵਿਚ ਉਸ ਪ੍ਰਭੂ ਨੂੰ ਤਕਣਾ।

---

1 ਪਾਨ=ਹੱਥ। ਹੱਥ ਲੱਗ ਜਾਂਦੇ ਹਨ। ਪ੍ਰਾਪਤਿ ਹੋ ਜਾਂਦੇ ਹਨ।

Digitized by Panjab Digital Library | www.panjabdigilib.org

ਭਾਈ ਜੋਧੇ ਨੇ ਪੁਛਿਆ, ਕਿ ਗਿਆਨ ਕਿਵੇਂ ਪ੍ਰਾਪਤ ਹੋਵੇ। ਗੁਰੂ ਜੀ ਨੇ ਕਿਹਾ, ਭਗਤੀ ਬਿਨਾਂ ਗਿਆਨ ਪ੍ਰਾਪਤ ਨਹੀਂ ਹੁੰਦਾ। ਪਰ ਨਿਰਾ ਗਿਆਨ ਵੀ ਹੰਕਾਰ ਪੈਦਾ ਕਰਦਾ ਹੈ। ਭਗਤੀ ਤੇ ਗਿਆਨ ਦੋਵੇਂ ਜ਼ਰੂਰੀ ਹਨ।

ਅੰਸੂ ੪੬

(ਸਿੱਖਾਂ ਦੇ ਪ੍ਰਸੰਗ)

ਮਹਿਲ ਪੁਰ ਦਾ ਭਾਨੂੰ ਆਇਆ। ਗੁਰੂ ਜੀ ਨੇ ਕਿਹਾ, ਕਰਮ ਕਾਂਡ ਨਾਲ ਹਉਮੈਂ ਵਧਦੀ ਹੈ, ਤੇ ਸਿਮਰਨ ਨਾਲ ਨਮਰਤਾ ਆਉਂਦੀ ਹੈ।

ਗੁਪਾਲ ਨੂੰ ਨਿਵ-ਚੱਲਣ ਦਾ ਉਪਦੇਸ਼ ਦਿਤਾ।

ਆਗਰੇ ਦਾ ਸੁੰਦਰ ਚਢਾ ਸੰਗਤ ਦੀ ਬੜੀ ਸੇਵਾ ਕਰਦਾ।

ਭਾਈ ਮੋਹਣ ਢਾਕੇ ਤੋਂ ਆਇਆ। ਗੁਰੂ ਜੀ ਨੇ ਛੇ ਗੁਣ ਤੇ ਛੇ ਔਗੁਣ ਦੱਸੇ।

ਛੇ ਗੁਣ : ਧਰਮ, ਜੱਸ, ਗਿਆਨ, ਵੈਰਾਗ, ਸ਼ੂਅ (ਬਲ), ਸਮਤਾ।

(ਬਲ, ਐਸ਼ੂਰਜ਼, ਅਰ ਲਛਮੀ, ਯਸ, ਵੈਰਾਗ, ਗਯਾਨ।
ਇਸਤ੍ਰੀ ਮੇਂ ਹੁਇਂ ਭਗਵਤੀ, ਪੁਰਖ ਹੋਇਂ ਭਗਵਾਨ।)

ਛੇ ਵਿਕਾਰ ਜਾਂ ਔਗੁਣ :--ਜੰਮਣਾ ਤੇ ਮਰਨਾ ਸਰੀਰ ਦੇ। ਭੁੱਖ ਤੇ ਤੇਹ, ਪ੍ਰਾਣਾ ਦੇ। ਸੋਗ ਅਤੇ ਖ਼ੁਸ਼ੀ ਮਨ ਦੇ।

ਸਭ ਤੋਂ ਵਧੇਰੇ ਗੁਰੂ ਜੀ ਸਤਿਨਾਮ ਸਿਮਰਨ 'ਤੇ ਜ਼ੋਰ ਦੇਂਦੇ।

ਅੰਸੂ ੪੭

(ਮਾਈ ਭਾਗ ਭਰੀ)

ਗੁਰੂ ਅਰਜਨ ਦੇਵ ਜੀ ਦੇ ਭੇਜੇ ਸੋਢੀ ਮਾਧੋ ਦਾਸ ਨੇ ਕਸ਼ਮੀਰ ਵਿਚ ਸਿੱਖੀ ਬਹੁਤ ਪਰਚਾਰੀ।

ਸੇਵਾ ਦਾਸ ਤੇ ਉਸਦੀ ਮਾਤਾ ਗੁਰੂ ਜੀ ਨੂੰ ਬਹੁਤ ਯਾਦ ਕਰਦੇ ਰਹਿੰਦੇ। ਮਾਈ ਨੇ ਬੜੀ ਸ਼ਰਧਾ ਨਾਲ ਸੂਤ ਕੱਤ ਕੇ ਕੱਪੜਾ ਉਣਾਇਆ। ਘਰ ਵਿਚ ਇਕ ਥਾਂ ਗੁਰੂ ਕਾ ਮਿੱਥ ਕੇ ਓਥੇ ਚੌਂਕੀ ਵਿਛਾ ਕੇ ਉਹ ਬਸਤਰ ਉਪਰ ਰੱਖਿਆ। ਬੜੀ ਸ਼ਰਧਾ ਨਾਲ ਮਾਤਾ ਭਾਗਭਰੀ ਓਥੇ ਧੂਪ ਦੀਪ ਕਰਦੀ ਰਹਿੰਦੀ।

ਅੰਸੂ ੪੮

(ਗੁਰੂ ਜੀ ਸ੍ਰੀ ਨਗਰ ਪੁੱਜੇ)

ਗੁਰੂ ਜੀ ਕਸ਼ਮੀਰ ਵੱਲ ਤੁਰ ਪਏ। ਰਸਤੇ ਵਿਚ 'ਚਪਰਾਹੜ ਪੁਰ' ਪਿੰਡ ਵਿਚ

Digitized by Panjab Digital Library | www.panjabdigilib.org

ਜਾ ਉਤਰੇ । ਇਕ ਪੰਡਤ ਤੋਂ ਪਾਣੀ ਬਾਰੇ ਪੁਛਿਆ, ਤਾਂ ਉਸ ਕਿਹਾ, ਆਪ ਜਾਣੀ ਜਾਣ ਹੋ, ਸਮਰੱਥ ਹੋ, ਜਲ ਨਹੀਂ ਤਾਂ ਕਢ ਲਵੋ । ਗੁਰੂ ਜੀ ਓਥੇ ਹੀ ਉਤਰ ਬੈਠੇ । ਇਕ ਸਿੱਖ ਨੇ ਕਿਹਾ, ਕਿ ਏਥੇ ਪਾਣੀ ਹੀ ਨਹੀਂ । ਗੁਰੂ ਜੀ ਨੇ ਧਰਤੀ ਵਿਚ ਬਰਛਾ ਮਾਰਿਆ, ਤਾਂ ਓਥੋਂ ਪਾਣੀ ਦੀ ਧਾਰ ਫੁੱਟ ਨਿਕਲੀ । ਸਿੱਖਾਂ ਨੇ ਓਥੇ ਟੋਆ ਬਣਾ ਲਿਆ, ਜੋ ਪਾਣੀ ਨਾਲ ਭਰ ਗਿਆ ।

"ਮਾਦਿਕ ਦਾਸ ਆਨਿ ਕਰਿ ਦੀਨਿਸਿ ।
ਸੌਚਾਚਾਰਿ ਸਤਿਗੁਰੂ ਕੀਨਿਸਿ ।...੨੦।"

(ਸੇਵਕ ਨੇ ਨਸ਼ੇ ਵਾਲੀ ਚੀਜ਼ ਲਿਆਕੇ ਗੁਰੂ ਜੀ ਨੂੰ ਦਿਤੀ । ਕਵੀ ਜੀ ਦਾ ਇਸ਼ਾਰਾ ਸ਼ਾਇਦ ਅਫ਼ੀਮ ਵੱਲ ਹੋਵੇ । ਪਰ ਮਹਾਂਬਲੀ ਗੁਰੂ ਨੂੰ ਨਸ਼ਿਆਂ ਦਾ ਆਦੀ ਸਮਝਣਾ ਬਹੁਤ ਵੱਡੀ ਭੁੱਲ ਹੈ ।)

ਓਥੋਂ ਚੱਲ ਕੇ ਗੁਰੂ ਜੀ ਪਹਾੜੀ ਇਲਾਕੇ ਵਿਚ ਜਾ ਦਾਖ਼ਲ ਹੋਏ । ਭਾਈ ਕੱਟੂ ਸ਼ਾਹ ਫਲਾਂ ਦੀ ਭੇਟਾ ਲੈ ਕੇ ਆ ਮਿਲਿਆ ।

ਸਿਰੀ ਨਗਰ ਗੁਰੂ ਜੀ ਕਾਠੀ ਦਰਵਾਜ਼ੇ ਜਾ ਉਤਰੇ ।

ਅੰਸੂ ੪੯

(ਮਾਈ ਭਾਗ ਭਰੀ ਨਿਹਾਲ)

ਗੁਰੂ ਮਹਾਰਾਜ ਮਾਤਾ ਭਾਗਭਰੀ ਦੇ ਘਰ ਜਾ ਉਤਰੇ, ਦੋਵੇਂ ਮਾਂ ਪੁੱਤ ਚਰਨਾਂ ਤੇ ਢਹਿ ਪਏ । ਗੁਰੂ ਜੀ ਨੇ ਫ਼ੁਰਮਾਇਆ, ਜੋ ਬਸਤਰ ਤੂੰ ਸਾਡੇ ਵਾਸਤੇ ਉਣਾਇਆ ਹੈ, ਅਸੀਂ ਉਹ ਪਹਿਨਣ ਆਏ ਹਾਂ ।

ਓਸੇ ਵੇਲੇ ਉਸ ਕੱਪੜੇ ਦਾ ਚੋਲਾ ਸੁਆ ਕੇ ਗੁਰੂ ਜੀ ਨੇ ਗਲ ਪਾ ਲਿਆ । ਓਥੇ ਬੇਅੰਤ ਸੰਗਤਾਂ ਇਕੱਠੀਆਂ ਹੋਣ ਲੱਗ ਪਈਆਂ । ਬਹੁਤ ਸਾਰੇ ਲੋਕ 'ਚਰਨ ਪਾਹੁਲ' ਲੈ ਕੇ ਸਿੱਖ ਬਣੇ ।

ਅੰਸੂ ੫੦

(ਕੱਟੂ ਸ਼ਾਹ ਤੇ ਸੇਵਾ ਦਾਸ ਨੂੰ ਬਖ਼ਸ਼ਸ਼)

ਇਕ ਦਿਨ ਕੱਟੂ ਸ਼ਾਹ ਦੇ ਘਰ ਕੁਛ ਸਿੱਖ ਰਾਤ ਰਹੇ । ਉਹਨਾਂ ਕੋਲ ਸ਼ਹਿਦ ਸੀ । ਸਵੇਰੇ ਤੁਰਨ ਲੱਗੇ, ਤਾਂ ਕੱਟੂ ਸ਼ਾਹ ਨੇ ਕਿਹਾ, ਕੁਛ ਸ਼ਹਿਦ ਵਿਚੋਂ ਮੈਨੂੰ ਦੇ ਦਿਹੋ । ਸਿੱਖਾਂ ਨੇ ਕਿਹਾ, ਇਹ ਗੁਰੂ ਜੀ ਵਾਸਤੇ ਹੈ । ਪਹਿਲਾਂ ਉਹ ਛਕਣਗੇ, ਤਾਂ ਫਿਰ ਹੋਰ ਕਿਸੇ ਨੂੰ ਮਿਲੇਗਾ ।

ਸਿੱਖ ਗੁਰੂ ਦੀ ਹਜ਼ੂਰੀ ਵਿਚ ਪਹੁੰਚੇ । ਸ਼ਹਿਦ ਵੇਖਿਆ, ਤਾਂ ਉਸ ਵਿਚ ਕਿਰਮ ਚੱਲੇ ਹੋਏ ਸਨ । ਸਿੱਖਾਂ ਨੇ ਹੈਰਾਨ ਹੋ ਕੇ ਕਾਰਨ ਪੁੱਛਿਆ, ਤਾਂ ਗੁਰੂ ਜੀ ਨੇ ਕਿਹਾ,

Digitized by Panjab Digital Library | www.panjabdigilib.org

'ਅਸਾਂ ਕੱਟੂ ਸ਼ਾਹ ਰਾਹੀਂ ਸ਼ਹਿਦ ਮੰਗਿਆ ਸੀ, ਤੁਸਾਂ ਦਿਤਾ ਨਾ। ਇਸ ਵਾਸਤੇ ਕਿਰਮ ਚੱਲ ਗਏ ਹਨ। ਵਾਪਸ ਜਾ ਕੇ ਪਹਿਲਾਂ ਕੱਟੂ ਸ਼ਾਹ ਦੀ ਭੇਟਾ ਕਰੋ।'

ਸਿੱਖ ਵਾਪਸ ਕੱਟੂ ਸ਼ਾਹ ਕੋਲ ਆਏ। ਉਸਨੂੰ ਸ਼ਹਿਦ ਦਿਤਾ, ਤਾਂ ਉਹ ਠੀਕ ਸੀ। ਫਿਰ ਬਾਕੀ ਦਾ ਗੁਰੂ ਜੀ ਪਾਸ ਪੁਚਾਇਆ।

ਗੁਰੂ ਜੀ ਦੀ ਹਜ਼ੂਰੀ ਵਿਚ ਮਾਈ ਭਾਗ ਭਰੀ ਨੇ ਸਰੀਰ ਤਿਆਗਿਆ। ਗੁਰੂ ਜੀ ਨੇ ਸੇਵਾ ਦਾਸ ਨੂੰ ਉਸ ਇਲਾਕੇ ਦਾ ਮਸੰਦ ਥਾਪਿਆ।

ਅੰਸੂ ੫੧

(ਕਸ਼ਮੀਰ ਤੋਂ ਵਾਪਸੀ)

ਸਿਰੀ ਨਗਰ ਤੋਂ ਚੱਲ ਕੇ ਗੁਰੂ ਜੀ ਬਾਰਾਂ ਮੂਲੇ ਆ ਪੜਾਅ ਕੀਤਾ। ਏਥੇ ਹੀ 'ਅਦਿੱਤੀ' ਤੇ 'ਕੱਸਯਪ' ਰਿਖੀ ਦੇ ਘਰ 'ਬਾਵਨ ਅਵਤਾਰ' ਹੋਏ ਸਨ। (ਪੁਰਾਣਕ ਕਥਾ)।

ਗੁਰੂ ਜੀ ਹਾਫ਼ਜ਼ਾਬਾਦ ਆ ਉਤਰੇ, ਤਾਂ ਓਥੋਂ ਦੇ ਰਹਿਣ ਵਾਲਾ ਸਿੱਖ ਕਰਮਚੰਦ ਦਰਸ਼ਨ ਹਿਤ ਹਾਜ਼ਰ ਹੋਇਆ। ਕਰਮ ਚੰਦ ਨੇ ਲੰਗਰ ਕੀਤਾ। ਫਿਰ ਉਸਨੇ 'ਜਪੁਜੀ' ਦੇ ਅਰਥ ਪੁਛੇ।

(ਏਥੇ ਕਵੀ ਜੀ ਆਪਣੀ ਵਿੱਦਵਤਾ ਅਨਸਾਰ ਅਰਥ ਕਰਦੇ ਹਨ।)

ਗੁਰੂ ਜੀ ਨੇ ਫ਼ੁਰਮਾਇਆ,

"ਜਥਾ 'ਬੇਦ' ਪਦ ਅਰਥ ਉਚਾਰੈਂ।
ਨਿਜ ,ਸਰੂਪ ਜਾਨਨਿ ਨਿਰਧਾਰੈਂ।
ਤਿਮ 'ਜਪ' ਪਦ ਕੋ ਅਰਥ ਲਖੀਜੈ।
ਜਾਨਨਿ ਆਪਨਿ ਸਰੂਪ ਜਨੀਜੈ।੧੮।"

(ਸੰਸਕ੍ਰਿਤ ਸ਼ਬਦ 'ਵੇਦ' ਦਾ ਧਾਤੂ ਹੈ 'ਵਿਦ', ਜਿਸਦਾ ਅਰਥ ਹੈ ਜਾਨਣਾ। 'ਜਪ' ਸ਼ਬਦ ਦਾ ਧਾਤੂ ਹੈ 'ਗਜਪ', ਅਰਥ ਹੈ ਜਾਨਣਾ।)

'ਜਪੁ' ਦੀਆਂ ਪਹਿਲੀਆਂ ਛੇ ਪਉੜੀਆਂ 'ਮੰਗਲ' ਵਜੋਂ ਹਨ। ਸੱਤਵੀਂ ਪਉੜੀ ਵਿਚ ਵੈਰਾਗ ਹੈ। ਫਿਰ ਚਾਰ ਪਉੜੀਆਂ ਸੁਣਨ ਦੇ ਮਹਾਤਮ ਦੀਆਂ ਹਨ। ਚਾਰ ਵਿਚ 'ਮੰਨਣ' ਦਾ ਮਹਾਤਮ ਹੈ।

ਓਥੋਂ ਚੱਲ ਕੇ ਗੁਰੂ ਜੀ ਤਲਵੰਡੀ (ਨਾਨਕਾਣਾ ਸਾਹਿਬ) ਆ ਗਏ। ਗੁਰੂ ਨਾਨਕ ਦੇਵ ਜੀ ਦੇ ਸਾਰੇ ਅਸਥਾਨ ਫਿਰ ਕੇ ਵੇਖੇ। ਚਾਚਾ ਲਾਲੂ ਜੀ ਦਾ ਪੜੋਤਰਾ ਹਾਜ਼ਰ ਹੋਇਆ। ਗੁਰੂ ਜੀ ਨੇ ਉਸਨੂੰ ਸਿਰੋਪਾਉ ਬਖ਼ਸ਼ਿਆ। ਫਿਰ ਰਾਏ ਬੁਲਾਰ ਦੀ ਅੰਸ ਵਿਚੋਂ ਆਇਆ। ਗੁਰੂ ਜੀ ਨੇ ਉਸਨੂੰ ਵੀ ਸਿਰੋਪਾਉ ਬਖ਼ਸ਼ਿਆ।

ਓਥੋਂ ਅੱਗੇ ਗੁਰੂ ਜੀ ਪਿੰਡ 'ਮੱਦਰ' ਵਿਚ ਆ ਉਤਰੇ।

Digitized by Panjab Digital Library | www.panjabdigilib.org

ਅੰਸੂ ੫੨

(ਤੀਸਰੀ ਸਗਾਈ)

ਇਕ ਸਿੱਖ ਨੇ ਦੱਸਿਆ, ਕਿ ਏਥੇ ਗੁਰੂ ਅਰਜਨ ਜੀ ਦੀ ਖੂੰਡੀ ਤੇ ਜੋੜਾ ਹੈ। ਗੁਰੂ ਜੀ ਨੇ ਉਹ ਮੰਗਵਾ ਕੇ ਵੇਖੇ ਤੇ ਸਤਕਾਰ ਕੀਤਾ।

ਜੇਠੇ ਦੇ ਪੁਛਣ ਤੇ ਭਾਈ ਮਾਣਕ ਨੇ ਦੱਸਿਆ, ਜਦ ਪੰਜਵੇਂ ਪਾਤਸ਼ਾਹ ਏਥੇ ਆਏ, ਤਾਂ ਭਾਈ ਕਿਦਾਰਾ ਮਿਲਿਆ, ਜਿਸਦੇ ਗਲ ਵਿਚ ਹਜੀਰਾਂ ਸਨ। ਉਸਨੇ ਬੜੀ ਸੇਵਾ ਕੀਤੀ।

ਭਾਈ ਗੁਰਦਾਸ ਜੀ ਨੇ ਕਿਹਾ, ਗੁਰੂ ਮਹਾਰਾਜ ਦਾ ਜੋੜਾ ਲੈ ਕੇ ਹਜੀਰਾਂ 'ਤੇ ਫੇਰ। ਕਿਦਾਰੇ ਨੇ ਸ਼ਰਧਾ ਨਾਲ ਗਲ ਦੇ ਉਦਾਲੇ ਜੋੜਾ ਫੇਰਿਆ, ਤਾਂ ਹਜੀਰਾਂ ਹਟ ਗਈਆਂ।

ਗੁਰੂ ਜੀ ਨੇ ਉਹ ਜੋੜਾ ਤੇ ਖੂੰਡੀ ਕਿਦਾਰੇ ਨੂੰ ਦੇ ਦਿਤੀ, ਤੇ ਹੁਕਮ ਕੀਤਾ, ਜਿਸ ਦੇ ਇਹ ਛੁਹਾਉਗੇ, ਉਸਦੀਆਂ ਹਜੀਰਾਂ ਹਟ ਜਾਇਆ ਕਰਨਗੀਆਂ।

ਓਥੋਂ ਚੱਲ ਕੇ ਛੇਵੇਂ ਗੁਰੂ ਨਗਰ 'ਮੱਟਵੇਂ' ਆ ਟਿਕੇ। ਏਥੇ ਪਿੰਡ ਮੰਡਿਯਾਲੀ ਦਾ ਦੁਆਰਾ ਮਰਵਾਹਾ ਹਾਜ਼ਰ ਹੋਇਆ। ਨਾਲ ਹੀ ਉਸਦੀ ਪਤਨੀ ਭਾਗਣ ਸੀ। ਉਹਨਾਂ ਮੱਟਵੀਂ ਹਾਜ਼ਰ ਹੋ ਕੇ ਆਪਣੀ ਕਨਿਆਂ ਦਾ ਰਿਸ਼ਤਾ ਗੁਰੂ ਜੀ ਨੂੰ ਕਰ ਦਿਤਾ। ਨਾਲਦਾ ਹੀ ਵਿਆਹ ਦੇ ਦਿਤਾ।

ਅੰਸੂ ੫੩

(ਤੀਸਰਾ ਵਿਆਹ)

ਗੁਰੂ ਜੀ ਮੰਡਿਆਲੀ ਜੰਞ ਢੁੱਕੇ। ਜੇਠੇ ਨੇ ਸੁੱਟ ਕੀਤੀ। ਪੰਡਤ ਨੇ ਗੁਰੂ ਜੀ ਦੇ ਵੇਦੀ ਨਾਲ ਫੇਰੇ ਕੀਤੇ।

"ਬਿਧੀਆ ਜੇਠਾ ਆਦਿਕ ਸਾਥ।
ਖਾਰਯੋਂ ਪਰ ਬੈਠੇ ਸੁਤ ਨਾਥ।੧੦।
ਨੌਂ ਗ੍ਰਿਹ ਕੋ ਦਿਜ ਨੇ ਪੁਜਵਾਇ।
ਅਗਨਿ ਸਥਾਪਨ ਕੀਨਿ ਬਨਾਇ।
ਸਰਪੀ ਪਾਇ ਹੋਮ ਕੋ ਕਰਯੋ।
ਉਠਿ ਸਤਿਗੁਰ ਚਹੁੰ ਦਿਸ ਤਿਸਿ ਫਿਰਯੋ।੧੧।"

(ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ, ਕਿ ਉਸ ਸਮੇਂ ਸਿੱਖਾਂ ਵਿਚ ਵਿਆਹ ਦੀ ਮਰਯਾਦਾ ਕੀ ਸੀ। ਪਰ ਕਿਆਸ ਕੀਤਾ ਜਾ ਸਕਦਾ ਹੈ, ਕਿ ਜਦ 'ਅਨੰਦ ਸਾਹਿਬ' ਤੇ 'ਲਾਵਾਂ' ਰਚੀਆਂ ਜਾ ਚੁਕੀਆਂ ਸਨ, ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਤਿਆਰ ਹੋ ਚੁਕੀ ਸੀ, ਤਾਂ ਵਿਆਹ ਦੀ ਮਰਯਾਦਾ ਹਿੰਦੂ ਮਤ ਨਾਲੋਂ ਜ਼ਰੂਰ ਕੁਝ ਵਖਰੀ ਹੋ ਗਈ ਹੋਵੇਗੀ। ਪਰ ਕਵੀ ਜੀ ਤਾਂ ਪੰਡਤ ਦੇ ਅਸਰ ਅਧੀਨ ਲਿਖ ਰਹੇ ਹਨ, ਉਹ ਵੈਦਿਕ

Digitized by Panjab Digital Library | www.panjabdigilib.org

ਰੀਤੀ ਤੋਂ ਪਰੇ ਕਿਵੇਂ ਜਾ ਸਕਦੇ ਹਨ ।)

ਵਿਆਹ ਹੋ ਗਿਆ । ਭੋਜਨ ਦਾ ਸਮਾਂ ਆਇਆ ।

"ਅਚਨਿ ਲਗੇ[1] ਗਾਵਤਿ ਬਰ[2] ਨਾਰੀ ।
ਲੇ ਲੇ ਨਾਮ ਉਚਾਰਤਿ ਗਾਰੀ ।...੧੪।"

(ਕੀ ਗੁਰੂ ਜੀ ਨੂੰ ਵੀ ਇਸਤਰੀਆਂ ਗਾਹਲੀਂ ਦੇਂਦੀਆਂ ਸਨ ? ਕਵੀ ਦੀ ਕਲਪਨਾ ।)

ਵਿਦਾਇਗੀ ਸਮੇਂ ਦਵਾਰੇ ਨੇ ਦਾਜ ਵੀ ਦਿਤਾ ।

ਲੰਗਾਹ ਨੇ ਆ ਕੇ ਬੇਨਤੀ ਕੀਤੀ, ਕਿ ਮੁਸਲਮ ਹਾਕਮ ਲਾਹੌਰ ਵਿਚ ਧਰਮਸਾਲਾ ਢਾਹ ਕੇ ਮਸੀਤ ਬਨਾਉਣਾ ਚਾਹੁੰਦੇ ਹਨ । ਗੁਰੂ ਜੀ ਨੇ ਹੌਸਲਾ ਦਿਤਾ, ਕਿ ਧਰਮਸਾਲ ਕਾਇਮ ਰਹੇਗੀ ।

ਗੁਰੂ ਜੀ ਡੋਲੇ ਸਮੇਤ ਅੰਮ੍ਰਿਤਸਰ ਆ ਪਹੁੰਚੇ ।

ਅੰਸੂ ੫੪

(ਬੀਬੀ ਵੀਰੋ ਤੇ ਅਣੀਰਾਏ ਦਾ ਜਨਮ)

ਮਾਤਾ ਦਮੋਦਰੀ ਦੇ ਘਰ ਬੀਬੀ ਵੀਰੋ ਜਨਮੀ ।

ਪੈਂਦੇ ਖ਼ਾਨ ਏਨਾ ਬਲੀ ਸੀ, ਕਿ ਦੋ ਬਲਵਾਨ ਝੋਟਿਆਂ ਨੂੰ ਸਿੰਙਾਂ ਤੋਂ ਫੜ ਕੇ ਭਿੜਨੋਂ ਹਟਾ ਦੇਂਦਾ ਸੀ, ਤੇ ਨੌਂ ਮਣ ਦੀ ਮੁੰਗਲੀ ਫੇਰਦਾ ਸੀ । ਗੁਰੂ ਜੀ ਉਸਨੂੰ ਕਈ ਵਸਤਾਂ ਇਨਾਮ ਦੇਂਦੇ ।

ਮਾਤਾ 'ਮਰਵਾਹੀ' ਤੋਂ ਸੂਰਜ ਮੱਲ ਜਨਮਿਆਂ ।

ਮਾਤਾ ਨਾਨਕੀ ਜੀ ਦੇ ਘਰ ਅਣੀਰਾਏ ਜਨਮੇ ।

ਅੰਸੂ ੫੫

(ਬਾਬਾ ਗੁਰਦਿਤਾ ਦੀ ਸਗਾਈ)

ਪੰਡਤ ਤੋਂ ਸ਼ੁਭ ਦਿਨ ਪੁਛ ਕੇ ਗੁਰੂ ਜੀ ਨੇ ਬਾਬਾ ਗੁਰਦਿੱਤਾ ਦੀ ਸਗਾਈ ਕੀਤੀ ਬਟਾਲੇ ਦੇ ਖੱਤਰੀ ਰਾਮੇ ਦੀ ਪੁੱਤਰੀ ਨਾਲ ।

ਅੰਸੂ ੫੬

(ਸਗਾਈ ਬੀਬੀ ਵੀਰੋ, ਜਨਮ ਅਟੱਲ ਰਾਏ)

ਮੱਲੇਪੁਰ ਦੇ ਖੰਸਲੇ ਖੱਤਰੀ ਧਰਮੇ ਦੇ ਪੁੱਤਰ ਸਾਧੂ ਨਾਲ ਬੀਬੀ ਵੀਰੋ ਦੀ ਸਗਾਈ

---

1 ਪ੍ਰਸਾਦਿ ਛਕਣ ਲਗੇ । 2 ਸੁੰਦਰ ।

Digitized by Panjab Digital Library | www.panjabdigilib.org

ਕਰ ਦਿਤੀ। ਧਰਮਾ ਬਹੁਤ ਗ਼ਰੀਬ ਸੀ।

"ਸੁਨਿ ਦਮੋਦਰੀ ਗੁਰ ਢਿਗ ਆਈ।
ਅਨਿਕ ਭਾਂਤ ਕੀ ਤਰਕ ਉਠਾਈ।
ਕਹਿਤ ਭਈ, 'ਨਹਿੰ ਕੀਨਿ ਬਿਚਾਰ।
ਪੁੱਤ੍ਰੀ ਦੀਨਿਸਿ ਰੰਕ ਅਗਾਰ।੨੨।"

(ਤਰਕ=ਨੁਕਤਾਚੀਨੀ। ਰੰਕ=ਕੰਗਾਲ। ਅਗਾਰ=ਘਰ। ਕੀ ਮਾਤਾ ਦਮੋਦਰੀ ਜੀ ਗੁਰੂ ਜੀ ਨੂੰ ਸਮਰੱਥ ਨਹੀਂ ਸਨ ਸਮਝਦੇ? ਉਹਨਾਂ ਇਹ ਸਵਾਲ ਕਿਉਂ ਉਠਾਇਆ?)

ਮਾਤਾ ਨਾਨਕੀ ਜੀ ਦੇ ਘਰ ਅਟੱਲ ਰਾਏ ਜੀ ਜਨਮੇ।

ਅੰਸੂ ੫੭

(ਕਉਲਾਂ)

ਕਉਲਾਂ ਗੁਰੂ ਪਰਵਾਰ ਵਿਚ ਗਈ। ਮਾਤਾ ਗੰਗਾ ਜੀ ਤੇ ਗੁਰੂ ਜੀ ਦੇ ਮਹਿਲਾਂ ਨੂੰ ਨਮਸਕਾਰ ਕੀਤੀ, ਸਾਹਿਬਜ਼ਾਦਿਆਂ ਨੂੰ ਪਿਆਰ ਕੀਤਾ। ਉਹਦੇ ਮਨ ਵਿਚ ਵੀ ਪੁੱਤਰ ਦੀ ਲਾਲਸਾ ਪੈਦਾ ਹੋਈ। ਉਹ ਸੋਚਦੀ ਹੈ,

"ਜਾਨਿ ਤੁਰਕਨੀ ਮੋਕਹੁ ਤਯਾਗਾ।
ਕਰਤਿ ਕਪਟ ਕੋ, ਨਹਿੰ ਅਨਰਾਗਾ।੧੮।"

ਫਿਰ ਆਪਣੇ ਪ੍ਰੇਮ ਬਾਰੇ ਕਹਿੰਦੀ ਹੈ,

"ਨਿਸ ਦਿਨ ਮਨ ਮਹਿੰ ਬਾਸ ਕਰਤਿ ਹੈਂ।
ਤਿਨ ਮਹਿੰ ਮਨ ਬਿਸਰਾਮ ਧਰਤਿ ਹੈਂ।੨੦।"

ਕੌਲਾਂ ਨੇ ਗਹਿਣੇ ਤੇ ਕੀਮਤੀ ਕੱਪੜੇ ਉਤਾਰ ਦਿਤੇ, ਖਾਣਾ ਪੀਣਾ ਛੱਡ ਦਿਤਾ। ਉਹ ਕਹਿੰਦੀ ਹੈ,

"ਕੈ ਬਰ ਸੁਤ ਕੋ ਲੈਹੋਂ ਪਾਇ।
ਨਾਹਿੰ ਤ ਜੀਵਨਿ ਜਾਇ ਬਿਲਾਇ।...੨੬।"

ਗੁਰੂ ਜੀ ਕੌਲਾਂ ਦੇ ਘਰ ਗਏ।

ਅੰਸੂ ੫੮

(ਕਾਉਲਸਰ)

ਕਉਲਾਂ ਨੇ ਪੁੱਤਰ ਵਾਸਤੇ ਪ੍ਰਾਰਥਨਾ ਕੀਤੀ, ਤੇ ਕਿਹਾ, ਪੁੱਤਰ ਨਾਲ ਹੀ ਦੁਨੀਆਂ 'ਤੇ ਨਾਮ ਰਹਿੰਦਾ ਹੈ। ਗੁਰੂ ਜੀ ਨੇ ਫ਼ੁਰਮਾਇਆ, ਤੇਰੇ ਨਾਮ 'ਤੇ 'ਕੌਲਸਰ' ਬਣਾ ਦੇਂਦੇ ਹਾਂ, ਜਿਸ ਕਾਰਨ ਤੇਰਾ ਸਦਾ ਨਾਮ ਰਹੇਗਾ।

Digitized by Panjab Digital Library | www.panjabdigilib.org

ਓਸੇ ਸਮੇਂ ਤੋਂ 'ਕੌਲਸਰ' ਸ਼ੁਰੂ ਕਰਾ ਦਿਤਾ ।

ਓਧਰ ਬਟਾਲੇ ਤੋਂ ਰਾਮੇ ਨੇ ਗੁਰਦਿੱਤਾ ਜੀ ਦੇ ਵਿਆਹ ਦੀ ਸਾਹੇ ਚਿੱਠੀ ਭੇਜ ਦਿਤੀ, ਇੱਕੀ ਵਿਸਾਖ ਦੀ ।

ਅੰਸੂ ੫

(ਗੁਰਦਿੱਤਾ ਜੀ ਦਾ ਵਿਆਹ)

ਗੁਰਦਿੱਤਾ ਜੀ ਦੀ ਜੰਞ ਚੜ੍ਹੀ । ਤੇਲ, ਵੱਟਣਾ, ਸੇਹਰਾ, ਸਭ ਰੀਤਾਂ ।

"ਗੁਰੂ ਪੁੱਤ੍ਰ ਗੁਰਦਿੱਤਾ ਤਬੈ ।
ਪੋਸ਼ਿਸ਼ ਪੀਤ[1] ਅੰਗ ਧਰਿ ਸਬੈ ।
ਸੁਭਤਿ ਸੇਹਰਾ ਸੁੰਦਰ ਮਾਥੇ ।
ਬਾਂਧ ਕੰਗਣਾ ਹਾਥਹਿਂ ਸਾਥੇ ।੨੧।"

ਸ਼ਾਹੀ ਠਾਠ ਨਾਲ ਜੰਞ ਚੜ੍ਹੀ ।

ਅੰਸੂ ੬੦

(ਬਰਾਤ)

ਢੁਕਾਉ ਵੇਲੇ ਸੁੱਟ ਕੀਤੀ । ਆਤਸ਼ਬਾਜ਼ੀ ਚੱਲੀ ।

ਖਾਣਾ ਖਾਣ ਸਮੇਂ ਇਸਤਰੀਆਂ ਸਿੱਠਣੀਆਂ ਦੇਂਦੀਆਂ ਸਨ । ਜੂਠ ਵਿਚ ਧਨ ਪਾਇਆ ।

(ਕਵੀ ਜੀ ਦੇ ਸਮੇਂ ਸਰਦਾਰਾਂ ਘਰੀਂ ਜੋ ਰਸਮਾਂ ਹੁੰਦੀਆਂ ਸਨ, ਸਭ ਓਹਾ ਚਿੱਤਰ ਪੇਸ਼ ਕੀਤਾ ਹੈ । ਗੁਰੂ ਜੀ ਦੇ ਸਮੇਂ ਦੀ ਸਾਦਗੀ ਤੇ ਸੁਧਾਰ ਪੇਸ਼ ਨਹੀਂ ਕੀਤੇ ।)

(ਵਿਆਹ ਸਮੇਂ ਸਭ ਵੈਦਿਕ ਰੀਤੀ ਹੀ ਲਿਖੀ ਹੈ, ਜੋ ਜਚਦੀ ਨਹੀਂ)

ਵਿਆਹ ਪਿਛੋਂ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਗਏ ।

ਅੰਸ ੬੧

(ਭਾਈ ਮਿਹਰਾ)

ਰਾਮੇ ਨੇ ਆਪਣੀ ਲੜਕੀ 'ਨੇਤੀ' (ਨੱਤੀ) ਨੂੰ ਦਾਜ ਦੇ ਕੇ ਵਿਦਿਆ ਕੀਤਾ । ਬਰਾਤ ਵਾਪਸ ਆਈ । ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਮੱਥਾ ਟੇਕਿਆ । ਬਕਾਲੇ ਦੇ ਰਹਿਣ ਵਾਲਾ ਭਾਈ ਮਿਹਰਾ ਆਇਆ । ਉਸਨੇ ਬੇਨਤੀ ਕੀਤੀ, ਕਿ

---

1 ਪੀਲੀ ਪੁਸ਼ਾਕ ।

Digitized by Panjab Digital Library | www.panjabdigilib.org

ਮੈਂ ਨਵਾਂ ਘਰ ਬਣਾਇਆ ਹੈ, ਪਹਿਲਾਂ ਆਪ ਚੱਲ ਕੇ ਚਰਨ ਪਾਓ। ਗੁਰੂ ਜੀ ਨੇ ਵਾਹਦਾ ਕੀਤਾ, ਕਿ ਕੁਛ ਦਿਨ ਤਕ ਜ਼ਰੂਰ ਆਵਾਂਗੇ।

ਅੰਸ ੬੨

(ਮਾਤਾ ਗੰਗਾ ਜੀ ਸਮਾਏ)

ਗੁਰੂ ਜੀ ਸਣੇ ਪਰਵਾਰ ਬਕਾਲੇ ਭਾਈ ਮਿਹਰੇ ਦੇ ਘਰ ਪੁੱਜੇ। ਸਿੱਖ ਬੜਾ ਪਰਸੰਨ ਹੋਇਆ।

ਮਾਤਾ ਗੰਗਾ ਜੀ ਨੇ ਅੰਤ ਸਮਾਂ ਨੇੜੇ ਆਇਆ ਜਾਣ ਕੇ ਕਿਹਾ, 'ਜਿਵੇਂ ਗੁਰੂ ਅਰਜਨ ਦੇਵ ਜੀ ਦਾ ਸਰੀਰ ਜਲ-ਪਰਵਾਹ ਹੋਇਆ ਸੀ, ਓਸੇ ਤਰਾਂ ਮੇਰਾ ਕਰ ਦੇਣਾ।'

ਬਕਾਲਾ ਨੱਗਰ ਵਿਚ ਮਾਤਾ ਗੰਗਾ ਜੀ ਜੇਠ ਸੁਦੀ ਚੌਥ, ਸੋਮਵਾਰ ਜੋਤੀ ਜੋਤਿ ਸਮਾਏ।

ਮਾਤਾ ਜੀ ਦੇ ਹੁਕਮ ਅਨਸਾਰ ਆਪ ਜੀ ਦੀ ਦੇਹ ਬਿਆਸ ਵਿਚ ਜਲ ਪਰਵਾਹ ਕੀਤੀ ਗਈ।

"ਆਇ ਬਰਨ ਬੰਦਨ ਕੋ ਠਾਨੀ।
ਕਰਯੋ ਪੁਚਾਵਨਿ ਸ਼ੁਭ ਇਸਥਾਨੀ।੨੬।"

(ਬਰਨ=ਪਾਣੀ ਦਾ ਦੇਵਤਾ, ਖ਼ਵਾਜਾ ਖਿਜ਼ਰ। ਬਰਨ ਦੇਵਤਾ ਆ ਹਾਜ਼ਰ ਹੋਇਆ। ਉਸਨੇ ਮਾਤਾ ਜੀ ਨੂੰ ਸ਼ੁਭ ਅਸਥਾਨ=ਸਚਖੰਡ ਪੁਚਾ ਦਿਤਾ। ਬਰਨ ਦੇਵਤਾ, ਪੁਰਾਣਕ ਖ਼ਿਆਲ।)

ਅੰਮ੍ਰਿਤਸਰ ਆ ਕੇ ਮਾਤਾ ਗੰਗਾ ਜੀ ਨਮਿਤ ਪਾਠ ਕਰਾਇਆ।

ਅੰਸੂ ੬੩

(ਜਨਮ ਗੁਰੂ ਤੇਗ਼ ਬਹਾਦਰ ਜੀ)

ਗੁਰੂ ਜੀ ਦੀ ਆਗਿਆ ਲੈ ਕੇ ਬਾਬਾ ਬੁੱਢਾ ਜੀ ਫਿਰ ਬੀੜ ਝਬਾਲ ਚਲੇ ਗਏ। ਕਦੇ ਕਦੇ ਗੁਰੂ ਜੀ ਕੋਲਾਂ ਦੇ ਘਰ ਜਾਂਦੇ, ਤਾਂ ਕੁਛ ਸਿੱਖ ਬੁਰਾ ਮਨਾਉਂਦੇ।

ਵਿਸਾਖ ਵਦੀ ਪੰਜ, ੧੬੬੯ ਬਿ. ਨੂੰ ਸਵਾ ਪਹਿਰ ਰਾਤ ਰਹਿੰਦੀ ਨਾਲ ਮਾਤਾ ਨਾਨਕੀ ਜੀ ਦੇ ਘਰ ਗੁਰੂ ਤੇਗ ਬਹਾਦਰ ਜੀ ਪਰਗਟੇ।

ਅੰਸੂ ੬੪

(ਬੀਬੀ ਵੀਰੋ ਦੇ ਵਿਆਹ ਦੀ ਤਿਆਰੀ)

ਬੀਬੀ ਵੀਰੋ ਜੀ ਅੱਠ ਸਾਲ ਦੇ ਹੋ ਗਏ। ਮਾਤਾ ਜੀ ਦੇ ਕਹਿਣ 'ਤੇ ਵਿਆਹ ਦੀ

Digitized by Panjab Digital Library | www.panjabdigilib.org

ਤਿਆਰੀ ਹੋਣ ਲੱਗੀ। ਜੋਤਸ਼ੀ ਨੇ ਲਗਨ ਵਿਚਾਰੇ ਤੇ ਸਾਹਾ ਸੋਧ ਕੇ ਦੱਸਿਆ, ਕਿ ਜੇਠ ਦੀ ਛੱਬੀ ਸ਼ੁਭ ਹੈ।

(ਪੰਡਤ, ਜੋਤਸ਼ੀ, ਸਾਹਾ ਸੋਧਣਾ, ਕਵੀ ਜੀ ਦੇ ਦਮਾਗ ਵਿਚ ਘਰ ਕਰ ਚੁਕਾ ਹੈ। ਪਰ ਗੁਰਬਾਣੀ ਇਸਦਾ ਵਿਰੋਧ ਕਰਦੀ ਹੈ।)

ਬੀਬੀ ਵੀਰੋ ਦੀ ਸੱਸ ਨੰਦ ਕੌਰ।

ਸਿੱਖ ਇਸ ਗੱਲ ਦੀ ਬਹੁਤ ਚਰਚਾ ਕਰਦੇ, ਕਿ ਇਕ ਮਹਾਰਾਜ ਨੇ ਕੌਲਾਂ ਘਰ ਰੱਖੀ ਹੋਈ ਹੈ ਤੇ ਇਕ ਪੈਂਦੇ ਖ਼ਾਂ ਨੂੰ ਬਹੁਤ ਮੂੰਹ ਲਾਇਆ ਹੈ,।

ਅੰਸੂ ੬੫

(ਸਿੱਖਾਂ ਵਿਚ ਚਰਚਾ)

ਇਸ ਅੰਸੂ ਵਿਚ ਭਾਈ ਗੁਰਦਾਸ ਜੀ ਦੀ ਇਸ ਪਉੜੀ ਦੀ ਵਧੇਰੇ ਵਿਆਖਿਆ ਹੈ:

"ਧਰਮਸਾਲੁ ਕਰਿ ਬਹੀਦਾ, ਇੱਕਤ ਥਾਂ ਨ ਟਿਕੈ ਟਿਕਾਇਆ।...।"

ਲੋਕਾਂ ਪਾਸੋਂ ਗੁਰੂ ਜੀ ਦੀ ਨਿੰਦਿਆ ਸੁਣ ਕੇ ਸਿੱਖ ਬਹੁਤ ਮਹਿਸੂਸ ਕਰਦੇ, ਪਰ ਬਾਬਾ ਬੁਢਾ ਜੀ ਵਰਗੇ ਕਈ ਅਡੋਲ ਰਹੇ। ਬਹੁਤ ਸਾਰੇ ਸਿੱਖ ਰਲ ਕੇ ਬੀੜ ਝਬਾਲ ਬਾਬਾ ਬੁਢਾ ਜੀ ਪਾਸ ਗਏ। ਉਹਨਾਂ ਬੇਨਤੀ ਕੀਤੀ, ਕਿ ਹੋਰ ਨਹੀਂ, ਤਾਂ ਗੁਰੂ ਜੀ ਪਾਸੋਂ ਕਉਲਾਂ ਨੂੰ ਦੂਰ ਕਰਾ ਦਿਹੋ।

ਅੰਸੂ ੬੬

(ਬਬੇਕ ਸਰ ਰਚਨਾ)

ਬਾਬਾ ਬੁਢਾ ਜੀ ਨੂੰ ਨਾਲ ਲੈ ਕੇ ਸਾਰੀ ਸੰਗਤ 'ਰਾਮਸਰ' ਕੋਲ ਪਹੁੰਚ ਕੇ ਗੁਰੂ ਜੀ ਨੂੰ ਮਿਲੀ। ਬੁਢਾ ਜੀ ਨੇ ਬੇਨਤੀ ਕੀਤੀ,

"ਅਬਿ ਕੌਲਾਂ ਕੋ ਤਯਾਗਿ ਭਲੇਰੋ।
ਤਪ ਕੋ ਫਲ ਤਿਨਿ ਲਹਯੋ ਘਨੇਰੋ !੨੩।"

ਹੋਰ ਸਿੱਖਾਂ ਨੇ ਵੀ ਏਹਾ ਬੇਨਤੀ ਕੀਤੀ।

ਗੁਰੂ ਜੀ ਨੇ ਉਤਰ ਦਿਤਾ,

"ਸੁਨਹੁ ਬ੍ਰਿਧ ਜੀ ! ਬਾਕ ਤੁਹਾਰੇ।
ਭਈ ਤਿਨਹੁੰ ਤੇ ਅੰਗੀਕਾਰੇ।੨੭।"

(ਭਾਵ, ਬਾਬਾ ਬੁੱਢਾ ਜੀ ! ਤੁਹਾਡੇ ਵਾਕ ਨਾਲ ਹੀ ਕੌਲਾਂ ਆਈ ਸੀ।)

ਗੁਰੂ ਜੀ ਨੇ ਕਿਹਾ, ਕੌਲਾਂ ਦੀ ਉਮਰ ਪੰਦਰਾਂ ਦਿਨ ਬਾਕੀ ਹੈ।

ਉਸ ਥਾਂ ਤੇ ਗੁਰੂ ਜੀ ਨੇ 'ਬਬੇਕ ਸਰ' ਦਾ ਟੱਪ ਲਾਇਆ।

ਕੌਲਾਂ ਵੱਲੋਂ ਸਿੱਖਾਂ ਦੀ ਚਿੰਤਾ ਮਿਟ ਗਈ।

ਬਾਬਾ ਬੁਢਾ ਜੀ ਫਿਰ ਬੀੜ ਝਬਾਲ ਚਲੇ ਗਏ।

ਪੰਜਵੀਂ ਰਾਸ ਸਮਾਪਤ

Digitized by Panjab Digital Library | www.panjabdigilib.org

ਛੇਵੀਂ ਰਾਸ

ਅੰਸੂ ੧

(ਮੰਗਲ, ਨਾਰਦ ਆਇਆ)

ਪਹਿਲਾ ਦੋਹਾ ਅਕਾਲ ਪੁਰਖ ਦੀ ਉਸਤਤ ਹੈ, ਤੇ ਦੂਸਰਾ ਦੋਹਾ 'ਗਿਰਾ' (ਸੁਰਸਤੀ ਦੇਵੀ) ਨੂੰ ਨਮਸਕਾਰ। ਅੱਗੇ ਗੁਰੂ ਸਾਹਿਬਾਨ ਦੀ ਉਸਤਤ ਹੈ।

ਇਕ ਦਿਨ ਗੁਰੂ ਜੀ ਇਕਾਂਤ ਵਿਚ ਬੈਠੇ ਸਨ, ਜਾ ਨਾਰਦ[1] ਆ ਹਾਜ਼ਰ ਹੋਇਆ। ਪਹਿਲਾਂ ਨਾਰਦ ਨੇ ਗੁਰੂ ਸਾਹਿਬਾਨ ਦੀ ਬਹੁਤ ਉਸਤਤ ਕੀਤੀ। ਫਿਰ ਨਾਰਦ ਨੇ ਗੁਰੂ ਜੀ ਨੂੰ ਜੰਗ ਕਰਨ ਵਾਸਤੇ ਪ੍ਰੇਰਿਆ। ਗੁਰੂ ਜੀ ਨੇ ਕਿਹਾ, ਅਸੀਂ ਤੈਨੂੰ ਹੀ ਉਡੀਕ ਰਹੇ ਸਾਂ। ਹੁਣ ਬਥੇਰੇ ਜੰਗ ਹੋਣਗੇ। ਸੁਣ ਕੇ ਨਾਰਦ ਖ਼ੁਸ਼ ਹੋ ਗਿਆ।

ਇਕ ਪਾਸੇ ਬੀਬੀ ਦੇ ਵਿਆਹ ਦੀ ਤਿਆਰੀ ਹੋ ਰਹੀ ਸੀ। ਦੂਸਰੇ ਪਾਸੇ ਗੁਰੂ ਜੀ ਜੰਗ ਦੀ ਤਿਆਰੀ ਕਰ ਰਹੇ ਸਨ।

ਅੰਸੂ ੨

(ਕਲ੍ਹਾ ਆਈ)

ਗੁਰੂ ਜੀ ਇਕੱਲੇ ਬੈਠੇ ਸਨ। ਨਾਰਦ ਦੀ ਇਸਤਰੀ 'ਕਲ੍ਹਾ' ਆ ਹਾਜ਼ਰ ਹੋਈ।
(ਕਲ੍ਹਾ ਦਾ ਚਿੱਤਰਣ ਬੜਾ ਭਿਆਨਕ ਹੈ।)
ਕਲ੍ਹਾ ਨੇ ਆਪਣੀ ਭੁੱਖ ਦਾ ਰੋਣਾ ਰੋਇਆ।
ਗੁਰੂ ਜੀ ਨੇ ਕਿਹਾ, ਬੱਸ, ਜੁੱਧ ਸ਼ੁਰੂ ਹੋਣ ਵਾਲੇ ਹਨ, ਤੁਸੀਂ ਰੱਜ ਲਿਓ।
ਤਾਰਾ ਚੰਦ ਤੇ ਤਖ਼ਤ ਮੱਲ ਕਾਬਲ ਵਿਚ ਮਸੰਦ ਸਨ। ਉਹ ਸੰਗਤ ਨਾਲ ਭੇਟਾ ਲੈ ਕੇ ਆਏ। ਉਸ ਸਮੇਂ ਦੇਗ (ਲੰਗਰ) ਵਰਤ ਚੁੱਕੀ ਸੀ। ਗੁਰੂ ਜੀ ਨੇ ਸਿੱਖਾਂ ਨੂੰ ਭੇਜਿਆ, ਕਿ ਜੋ ਵਿਆਹ ਵਾਸਤੇ ਪਕਵਾਨ ਬਣੇ ਪਏ ਹਨ, ਉਹ ਲਿਆ ਕੇ ਸੰਗਤ

---

1 (ਹਿੰਦੂ ਮਤ ਅਨੁਸਾਰ ਦੇਵਤਾ 'ਨਾਰਦ' ਲੜਾਈ ਦਾ ਮੂੰਢ 'ਕਲ੍ਹਾ' ਦਾ ਪੜੀ ਹੈ। ਕਵੀ ਜੀ ਨੇ ਵੀ ਨਾਰਦ ਨੂੰ ਯਾਦ ਕਰ ਲਿਆ ਹੈ।)

Digitized by Panjab Digital Library | www.panjabdigilib.org

ਨੂੰ ਛਕਾਓ ।

ਸਿੱਖ ਗਏ । ਮਾਤਾ ਦਮੋਦਰੀ ਜੀ ਨੇ ਕਿਹਾ, ਇਹ ਸਗਨਾਂ ਦੀ ਮਿਠਿਆਈ ਹੈ, ਪਹਿਲਾਂ ਜਾਵੀ ਖਾਣਗੇ, ਤੇ ਫਿਰ ਹੋਰ ਸੰਗਤ ਨੂੰ ਵਰਤੇਗੀ ।

ਸੁਣਕੇ ਗੁਰੂ ਜੀ ਨੇ ਸਰਾਪ ਦੇ ਦਿਤਾ, ਜੇ ਸਾਡੇ ਸਿੱਖਾਂ ਵਾਸਤੇ ਨਹੀਂ, ਤਾਂ ਜੰਞ ਵੀ ਨਹੀਂ ਖਾਇਗੀ, ਇਸਨੂੰ ਮਲੇਛ ਖਾਣਗੇ ।

(ਪਹਿਲਾਂ ਮਾਤਾ ਦਮੋਦਰੀ ਜੀ ਦਾ ਗੁਰੂ ਜੀ ਦਾ ਹੁਕਮ ਨਾ ਮੰਨਣਾ, ਤੇ ਫਿਰ ਗੁਰੂ ਜੀ ਦਾ ਸਰਾਪ ਦੇ ਦੇਣਾ, ਦੋਵੇ ਗੱਲਾਂ ਜਚਦੀਆਂ ਨਹੀਂ । ਉਸ ਸਮੇਂ ਕੁਛ ਰਿਵਾਜ ਹੀ ਅਜੇਹਾ ਸੀ, ਕਿ ਹਰ ਆਉਣ ਵਾਲੀ ਦੁਰਘਟਨਾ ਨਾਲ ਕਿਸੇ ਸਰਾਪ ਨੂੰ ਜੋੜ ਦਿਤਾ ਜਾਂਦਾ ਸੀ ।)

ਏਨੇ ਚਿਰ ਤਕ ਇਕ ਹਲਵਾਈ ਮਿਠਿਆਈ ਲੈ ਆਇਆ । ਗੁਰੂ ਜੀ ਨੇ ਉਹ ਸੰਗਤ ਵਿਚ ਵਰਤਾ ਦਿਤੀ ।

ਅੰਸੂ ੩

(ਸ਼ਕਾਰ)

ਗੁਰੂ ਜੀ ਘਰ ਗਏ, ਤਾਂ ਮਾਤਾ ਦਮੋਦਰੀ ਨੇ ਚਿੰਤਾ ਪਰਗਟ ਕੀਤੀ । ਗੁਰੂ ਜੀ ਨੇ ਕਿਹਾ, ਹੋਣਹਾਰ ਨੇ ਪਹਿਲਾਂ ਤੁਹਾਥੋਂ ਹੀ ਸਭ ਕੁਛ ਕਰਵਾਇਆ ਹੈ ।

ਸ਼ਾਹ ਜਹਾਨ ਉਸ ਸਮੇਂ ਲਾਹੌਰ ਵਿਚ ਸੀ । ਉਹ ਅੰਮ੍ਰਿਤਸਰ ਵੱਲ ਸ਼ਕਾਰ ਚੜ੍ਹਿਆ । ਏਧਰੋਂ ਗੁਰੂ ਜੀ ਵੀ ਓਸੇ ਪਾਸੇ ਸ਼ਕਾਰ ਗਏ । ਗੁਰਦੇਵ ਗੁੰਮਟਾਲੇ ਕੋਲ ਬਿਰਛਾਂ ਦੀ ਛਾਂਵੇਂ ਜਾ ਬੈਠੇ ।

ਅੰਸੂ ੪

(ਬਾਜ਼ ਪਕੜਿਆ)

ਸ਼ਾਹ ਜਹਾਨ ਦਾ ਬਾਜ਼ ਉਡ ਕੇ ਗੁਰੂ ਜੀ ਦੇ ਬਾਜ਼ਾਂ ਨਾਲ ਆ ਮਿਲਿਆ । ਸਿੱਖਾਂ ਪਕੜ ਲਿਆ । ਗੁਰੂ ਜੀ ਨੇ ਕਿਹਾ, ਸਾਡਾ ਬਾਜ਼ ਬਾਦਸ਼ਾਹ ਨੇ ਪਕੜ ਲਿਆ ਸੀ, ਗੁਰੂ ਨਾਨਕ ਨੇ ਉਸਦੇ ਵੱਟੇ ਸਾਨੂੰ ਇਹ ਦੇ ਦਿਤਾ ਹੈ ।

ਏਨੇ ਤਕ ਬਾਦਸ਼ਾਹ ਦੇ ਸ਼ਕਾਰੀ ਆ ਗਏ । ਗੁਰੂ ਜੀ ਨੇ ਬਾਜ਼ ਦੇਣ ਤੋਂ ਇਨਕਾਰ ਕਰ ਦਿਤਾ । ਸ਼ਾਹੀ ਸ਼ਕਾਰੀ ਝਗੜ ਕੇ ਚਲੇ ਗਏ ।

ਅੰਸੂ ੫

(ਸ਼ਾਹੀ ਸੈਨਾ ਦੀ ਚੜ੍ਹਾਈ)

ਗੁਰੂ ਘਰ ਦੇ ਵਿਰੋਧੀਆਂ ਬਾਦਸ਼ਾਹ ਨੂੰ ਬਹੁਤ ਭੜਕਾਇਆ । ਬਾਦਸ਼ਾਹ ਨੇ

Digitized by Panjab Digital Library | www.panjabdigilib.org

ਮੁਗ਼ਲਸ ਖਾਨ (ਮੁਖ਼ਲਸ ਖ਼ਾਨ) ਨੂੰ ਚੜ੍ਹਾਈ ਦਾ ਹੁਕਮ ਦੇ ਦਿਤਾ। ਮੁਖ਼ਲਸ ਖ਼ਾਂ ਨੇ ਸੱਤ ਹਜ਼ਾਰ ਫ਼ੌਜ ਨਾਲ ਚੜ੍ਹਾਈ ਕਰ ਦਿਤੀ। ਲਾਹੌਰ ਦੀ ਸੰਗਤ ਨੇ ਸਾਰਾ ਹਾਲ ਗੁਰੂ ਜੀ ਨੂੰ ਲਿਖ ਦਿਤਾ। ਗੁਰੂ ਜੀ ਨੇ ਲੋਹ ਗੜ੍ਹ ਦੇ ਕਿਲੇ ਵਿਚ ਤਕੜਾਈ ਕਰ ਲਈ।

ਅੰਸੂ ੬

(ਲੋਹਗੜ੍ਹ ਯੁੱਧ)

ਪਿਛਲੇ ਪਹਿਰ ਗੁਰੂ ਜੀ ਨੇ ਸੁੱਖਾ ਪੀਤਾ।

ਰਾਤ ਸਿੱਖ ਨੇ ਆ ਖ਼ਬਰ ਦਿੱਤੀ, ਕਿ ਸ਼ਾਹੀ ਫ਼ੌਜ ਨੇੜੇ ਆ ਪਹੁੰਚੀ ਹੈ। ਗੁਰੂ ਜੀ ਨੇ ਕਿਲ੍ਹੇ ਵਾਲੇ ਸਿੱਖਾਂ ਨੂੰ ਕਿਹਾ, ਲੱਕੜ ਦੀ ਤੋਪ ਚਲਾਓ। ਜੰਗ ਸ਼ੁਰੂ ਹੋ ਗਿਆ।

ਬਿੱਧੀ ਚੰਦ, ਪੋਂਦੇ ਖ਼ਾਨ, ਮੋਹਨ, ਗੁਪਾਲ, ਨਵਲੂ, ਨਿਹਾਲਾ ਆਦਿ ਸੂਰਮੇ ਮੈਦਾਨ ਵਿਚ ਆ ਗੱਜੇ। ਹੋਰ ਪਿਰਾਣਾ, ਜੇਤਾ, ਜਾਤੀ, ਵੀ ਤਿਆਰ ਹੋ ਗਏ।

ਗੁਰੂ ਜੀ ਨੇ ਨਵਲੇ ਨੂੰ ਹੁਕਮ ਦਿਤਾ, ਕਿ ਉਹ ਪਰਵਾਰ ਨੂੰ ਬਾਹਰ ਲੈ ਚੱਲੇ।

ਅੰਸੂ ੭

(ਬੀਬੀ ਵੀਰੋ ਪਿੱਛੇ ਰਹਿ ਗਈ)

ਲੋਹਗੜ੍ਹ ਵਿਚ ਕੇਵਲ ਪੰਝੀ ਸੂਰਮੇ ਰਹਿ ਗਏ।

ਗੁਰੂ ਜੀ ਨੇ ਹੁਕਮ ਦਿਤਾ, ਕਿ ਸਾਮਾਨ ਦਾ ਲਾਲਚ ਛਡ ਕੇ ਸਭ ਰਾਮਸਰ ਵਲ ਨਿਕਲੋ।

ਇਕ ਸਿੱਖ ਕੌਲਾਂ ਵੱਲ ਗਿਆ। ਦੂਸਰੇ ਮਾਤਾ ਦਮੋਦਰੀ ਜੀ ਵੱਲ ਗਏ। ਹੋਰ ਸਾਰਾ ਪਰਵਾਰ ਰਾਮਸਰ ਕੱਠਾ ਹੋ ਗਿਆ, ਪਰ ਬੀਬੀ ਵੀਰੋ ਪਿੱਛੇ ਰਹਿ ਗਈ। ਸਿੰਘਾ ਪ੍ਰੋਹਤ ਤੇ ਬਾਬਕ ਰਬਾਬੀ ਬੀਬੀ ਜੀ ਨੂੰ ਲੈਣ ਗਏ। ਨਸ਼ਾਨੀ ਵਜੋਂ ਗੁਰੂ ਜੀ ਨੇ ਸਿਮਰਨਾ ਦਿਤਾ।

ਅੰਸੂ ੮

(ਲੋਹਗੜ੍ਹ ਯੁੱਧ)

ਲੋਹਗੜ੍ਹ ਦੇ ਸਾਰੇ ਸਿੱਖ ਸ਼ਹੀਦ ਹੋ ਗਏ, ਤਾਂ ਸ਼ਾਹੀ ਸੈਨਾਂ ਮਹਿਲਾਂ ਵਿਚ ਆ ਦਾਖ਼ਲ ਹੋਈ। ਦਿਨ ਦੇ ਭੁੱਖੇ ਉਹ ਮਿਠਿਆਈ 'ਤੇ ਟੁੱਟ ਪਏ।

ਸਿੰਘੇ ਨੇ ਸਿਮਰਨਾ ਵਿਖਾ ਕੇ ਬੀਬੀ ਵੀਰੋ ਨੂੰ ਨਾਲ ਲੈ ਲਿਆ। ਵੈਰੀ ਦੀ ਫ਼ੌਜ ਵਿਚਦੀ ਲੰਘਣ ਲੱਗੇ, ਤਾਂ ਬੀਬੀ ਵੀਰੋ ਦੇ ਪੈਰ ਦੀ ਪਾਜੇਬ ਛਣਕੀ। ਵੈਰੀ ਧਾ ਕੇ ਮਗਰ ਪੈ ਗਏ। ਇਕ ਦੁਸ਼ਮਣ ਸਿੰਘੇ ਵੱਲ ਵਧਿਆ, ਤਾਂ ਬਾਬਕ ਨੇ ਗੋਲੀ ਮਾਰ ਕੇ

Digitized by Panjab Digital Library | www.panjabdigilib.org

ਮਾਰ ਦਿਤਾ। ਸਿੰਘਾ ਤੇ ਬਾਬਕ ਗੁਰੂ ਜੀ ਨੂੰ ਜਾ ਮਿਲੇ।

ਗੁਰੂ ਜੀ ਨੇ ਪਰਵਾਰ ਨੂੰ ਝਬਾਲ ਵੱਲ ਤੋਰ ਦਿਤਾ, ਕਿ ਫੇਰੇ ਓਥੇ ਹੋਣਗੇ। ਕੁਛ ਫ਼ੌਜ ਨੇ ਗੋਇੰਦ ਵਾਲ ਵੱਲ ਰੁਕ ਕੀਤਾ।

ਕੌਲਾਂ ਨੂੰ ਕਰਤਾਰ ਪੁਰ ਨੂੰ ਤੋਰ ਦਿਤਾ।

ਇਕ ਸਿੱਖ ਨੂੰ ਜੰਞ ਵੱਲੇ ਅੱਗੇ ਭੇਜ ਦਿਤਾ, ਕਿ ਜੰਞ ਸਿੱਧੀ ਝਬਾਲ ਆਵੇ।

ਅੰਸੂ ੯

(ਯੁੱਧ)

ਪਰਵਾਰ ਨੂੰ ਤੋਰ ਕੇ ਗੁਰੂ ਜੀ ਜੁੱਧ ਕਰਨ ਲੱਗੇ। ਭਾਈ ਭਾਨੂੰ ਤੇ ਸ਼ੰਮਸ ਖ਼ਾਨ ਦਾ ਘੋਰ ਯੁੱਧ। ਸ਼ੰਮਸ ਖ਼ਾਨ ਭਾਈ ਭਾਨੂੰ ਹੱਥੋਂ ਮਾਰਿਆ ਗਿਆ। ਅਨਵਰ ਖ਼ਾਨ ਨੇ ਭਾਨੂੰ ਨੂੰ ਘੇਰੇ ਵਿਚ ਲੈ ਕੇ ਸ਼ਹੀਦ ਕਰ ਦਿਤਾ।

ਅੰਸੂ ੧੦

(ਅਲੀ ਮੁਹੰਮਦ-ਸਿੰਘਾ ਸੁਰਗ ਸਿਧਾਰੇ)

ਬੜੇ ਘਮਸਾਣ ਯੁੱਧ ਵਿਚ ਅਲੀ ਮੁਹੰਮਦ ਤੇ ਸਿੰਘਾ ਦੋਵੇਂ ਮਾਰੇ ਗਏ।

ਅੰਸੂ ੧੧

(ਨੰਦਾ ਤੇ ਮਿਰਜ਼ਾਬੇਗ ਯੁੱਧ)

ਇਕ ਪਾਸੇ ਪੈਂਦੇ ਖ਼ਾਨ ਨੇ ਹਮਲਾ ਕੀਤਾ, ਤੇ ਇਕ ਪਾਸੇ ਗੁਰੂ ਜੀ ਆਪ ਮੈਦਾਨ ਵਿਚ ਆ ਗਏ। ਘੋਰ ਯੁੱਧ।

ਅੰਤ ਨੰਦਾ ਤੇ ਮਿਰਜ਼ਾਬੇਗ ਦ੍ਵੰਦਵ ਯੁੱਧ ਵਿਚ ਮਾਰੇ ਗਏ।

ਅੰਸੂ ੧੨

(ਯੁੱਧ ਜਾਰੀ)

ਵਲੀ ਬੇਗ ਨੂੰ ਤਲੋਕੇ ਨੇ ਮਾਰ ਗਿਰਾਇਆ। ਫਿਰ ਤੋਤੇ ਨੇ ਜ਼ੈਨ ਖ਼ਾਨ ਨੂੰ ਮਾਰ ਲਿਆ। ਅੰਤ ਬਹੁ ਤਿਆਂ ਵਿਚ ਘਿਰ ਕੇ ਭਾਈ ਤੋਤਾ ਸ਼ਹੀਦ ਹੋ ਗਿਆ। ਬਹਾਦਰ ਖ਼ਾਨ ਦੇ ਹੱਥੋਂ ਨਿਹਾਲੂ ਮਾਰਿਆ ਗਿਆ। ਏਸੇ ਮੁਠਭੇੜ ਵਿਚ ਅਨੰਤਾ ਵੀ ਸ਼ਹੀਦ ਹੋ ਗਿਆ।

Digitized by Panjab Digital Library | www.panjabdigilib.org

ਅੰਸੂ ੧੩

(ਜੁੱਧ ਜਾਰੀ)

ਗੁਰੂ ਜੀ ਦੇ ਸੂਰਮੇ :-ਬਿਧੀ ਚੰਦ, ਪੈਂਦੇ ਖ਼ਾਨ, ਮੋਹਨ, ਗੋਪਾਲਾ, ਜੈਤਾ, ਪਿਰਾਗਾ, ਪੈੜਾ, ਤਖ਼ਤੂ, ਮਲਕ ਜਾਤੀ, ਦੇਵੀਦਾਸ, ਕਿਸ਼ਨਾ, ਊਦਾ, ਦਾਊ, ਦਯਾਲ, ਕਾਗੂ, ਭੱਟੂ, ਹੀਰਾ, ਧੀਰਾ, ਛੱਜੂ, ਗੱਜੂ, ਮੋਹਰੂ, ਸੁਜਾਨਾ, ਦਯਾ ਚੰਦ ਆਦਿ।

ਮੁਸਲਮ ਫ਼ੌਜ ਦੇ ਯੋਧੇ : ਮੁਖ਼ਲਸ ਖ਼ਾਨ, ਕਰੀਮ ਬੇਗ, ਰਹੀਮ ਬੇਗ, ਅਲੀਬੇਗ, ਜੰਗ ਬੇਗ, ਸ਼ਮਸ਼ੇਰ ਬੇਗ, ਖ਼ਵਾਜਾ ਬੇਗ, ਮੌਜ ਬੇਗ, ਹਯਾਤ ਬੇਗ, ਸੁਲਤਾਨ ਬੇਗ, ਕਾਇਮ ਖ਼ਾਂ, ਇਸਮਾਈਲ ਖ਼ਾਂ, ਲੁਤਫ਼ੁੱਲਾ ਖ਼ਾਂ, ਇਨਾਇਤ ਖ਼ਾਂ, ਕਲੰਦਰ ਖ਼ਾਂ, ਮੁਹੰਮਦ ਖ਼ਾਂ, ਸਲਾਬਤ ਖ਼ਾਂ, ਇਲਮਾਸਹਿ ਖ਼ਾਂ, ਜਹਾਨ ਖ਼ਾਂ, ਦੌਲਤ ਖ਼ਾਂ, ਮੁਜ਼ੱਫ਼ਰ ਖ਼ਾਂ, ਹੈਦਰ ਖ਼ਾਂ, ਦਿਦਾਰ ਅਲੀ ਆਦਿ।

ਇਸ ਘਮਸਾਣ ਵਿਚ ਸੱਤ ਹਜ਼ਾਰ ਵੈਰੀ ਦਲ ਮਾਰਿਆ ਗਿਆ।

ਅੰਸੂ ੧੪

(ਦੂਤ ਆਇਆ)

ਮੁਖ਼ਲਸ ਖ਼ਾਨ ਦਾ ਦੂਤ ਗੁਰੂ ਜੀ ਪਾਸ ਆਇਆ। ਉਸਨੇ ਕਿਹਾ, ਕਿ ਲੜਾਈ ਬੰਦ ਕਰ ਦਿਹੋ, ਤੇ ਬਾਜ਼ ਦੇ ਦਿਹੋ। ਮੇਰੇ ਨਾਲ ਬਾਦਸ਼ਾਹ ਕੋਲ ਚੱਲੋ। ਅਸੀਂ ਸ਼ਾਹ ਕੋਲੋਂ ਮਾਫ਼ੀ ਲੈ ਦਿਆਂਗੇ। ਬਾਦਸ਼ਾਹ ਦਾ ਰਾਜ ਬੰਗਾਲ ਤੋਂ ਪੱਛਮ ਤਕ ਹੈ। ਹਿੰਦੂ ਰਾਜੇ ਡੋਲੇ ਲੈ ਲੈ ਮਿਲਦੇ ਹਨ।

ਗੁਰੂ ਜੀ ਨੇ ਉਤਰ ਦਿਤਾ, ਬਾਦਸ਼ਾਹ ਨੇ ਸਾਡੇ ਸਿੱਖ ਪਾਸੋਂ ਘੋੜਾ ਖੁਹ ਲਿਆ ਸੀ। ਅਸਾਂ ਫਿਰ ਉਹ ਕਾਜ਼ੀ ਕੋਲੋਂ ਮੁੱਲ ਲਿਆ ਸੀ। ਇਹ ਬਾਜ਼ ਤਾਂ ਬਾਜ਼ਾਂ ਨਾਲ ਉਡ ਕੇ ਆਇਆ ਹੈ। ਅਸੀਂ ਜੰਗ ਕਰਦੇ ਰਹਾਂਗੇ। ਜਿੰਨੀ ਸੈਨਾ ਮਰਜ਼ੀ ਹੈ ਆਵੇ।

ਅੰਸੂ ੧੫

(ਮੁਖ਼ਲਸਖਾਨ ਯੁੱਧ)

ਰਹਿੰਦੀ ਸੈਨਾ ਲੈ ਕੇ ਮੁਖ਼ਲਸ ਖ਼ਾਂ ਨੇ ਆਖ਼ਰੀ ਹਮਲਾ ਕੀਤਾ। ਇਸ ਘਮਸਾਣ ਵਿਚ ਬਿਧੀ ਚੰਦ ਹੱਥੋਂ ਸੁਲਤਾਨ ਬੇਗ ਮਾਰਿਆ ਗਿਆ।

ਅੰਸੂ ੧੬

(ਗੁਰੂ ਜੀ ਦੀ ਫ਼ਤਹਿ)

ਦੀਦਾਰ ਅਲੀ ਪੈਂਦੇ ਖ਼ਾਂ ਹੱਥੋਂ ਮਾਰਿਆ ਗਿਆ। ਅੰਤ ਮੁਖ਼ਲਸ ਖ਼ਾਂ ਆਪ

Digitized by Panjab Digital Library | www.panjabdigilib.org

ਸਾਮ੍ਹਣੇ ਆਇਆ।

ਮੁਖ਼ਲਸ ਖ਼ਾਂ ਨੇ ਗੁਰੂ ਜੀ ਨੂੰ ਸ਼ਮਸ਼ੇਰ ਯੁੱਧ ਵਾਸਤੇ ਵੰਗਾਰਿਆ। ਗੁਰੂ ਜੀ ਤਲਵਾਰ ਲੈ ਕੇ ਮੈਦਾਨ ਵਿਚ ਆ ਗਏ। ਪਹਿਲਾ ਵਾਰ ਮੁਖ਼ਲਸ ਖ਼ਾਨ ਨੂੰ ਕਰਨ ਵਾਸਤੇ ਕਿਹਾ। ਉਸਦੇ ਸਾਰੇ ਵਾਰ ਖ਼ਾਲੀ ਗਏ। ਗੁਰੂ ਜੀ ਨੇ ਪਹਿਲੇ ਵਾਰ ਨਾਲ ਹੀ ਮੁਖ਼ਲਸ ਖ਼ਾਨ ਨੂੰ ਦੋ ਟੁਕੜੇ ਕਰ ਦਿਤਾ।

ਮੁਖ਼ਲਸ ਖ਼ਾਨ ਦੇ ਮਰਨ ਨਾਲ ਥੋੜੀ ਬਹੁਤੀ ਬਚੀ ਸੈਨਾ ਪਿੜ ਛੱਡ ਕੇ ਨੱਸ ਗਈ। ਇਹ ਗੁਰੂ ਜੀ ਦੀ ਪਹਿਲੀ ਫ਼ਤਹਿ ਸੀ।

ਅੰਸੂ ੧੭

(ਸ਼ਹੀਦਾਂ ਦਾ ਸਸਕਾਰ)

ਭਾਈ ਮੋਹਨ ਤੇ ਗੁਪਾਲਾ ਸਹਿਕਦੇ ਸਨ। ਗੁਰੂ ਜੀ ਨੇ ਦੋਹਾਂ ਨੂੰ ਸੰਭਾਲ ਕੇ ਵਰ ਮੰਗਣ ਲਈ ਕਿਹਾ। ਉਹਨਾਂ ਵਰ ਮੰਗਿਆ,

"ਜਹਿਂ ਜਹਿਂ ਹੁਇ ਅਵਤਾਰ ਤੁਮਾਰਾ।
ਤਹਿਂ ਤਹਿਂ ਰਾਖਹੁ ਸੰਗ ਉਦਾਰਾ।੧੫।"

ਸਾਰੇ ਸ਼ਹੀਦਾਂ ਨੂੰ ਗੁਰੂ ਜੀ ਨੇ ਮੁਕਤੀਦਾਨ ਬਖ਼ਸ਼ਿਆ। ਸਾਰੇ ਸਰੀਰ ਇਕੱਠੇ ਕਰਕੇ ਗੁਰੂ ਕੇ ਮਹਿਲਾਂ ਕੋਲ ਸਭ ਦਾ ਸਸਕਾਰ ਕੀਤਾ ਗਿਆ।

ਏਧਰੋਂ ਵਿਹਲੇ ਹੋ ਕੇ ਗੁਰੂ ਜੀ ਝਬਾਲ ਜਾ ਪਹੁੰਚੇ।

ਅੰਸੂ ੧੮

(ਬੀਬੀ ਵੀਰੋ ਦਾ ਵਿਆਹ)

(ਬੀਬੀ ਵੀਰੋ ਦਾ ਵਿਆਹ ਵੀ ਵੈਦਿਕ ਰੀਤੀ ਨਾਲ ਹੀ ਲਿਖਿਆ ਹੈ। ਜੇ ਗੁਰੂ ਸਾਹਿਬਾਨ ਦੇ ਘਰ ਸਾਰੇ ਕਾਰਜ ਵੈਦਿਕ ਰੀਤੀ ਨਾਲ ਹੀ ਹੁੰਦੇ ਸਨ, ਤਾਂ ਫਿਰ ਪੰਡਤਾਂ ਨੂੰ ਸਰਕਾਰੇ ਸ਼ਕਾਇਤਾਂ ਕਰਨ ਦੀ ਕੀ ਲੋੜ ਸੀ। ਹਾਂ, ਕਵੀ ਜੀ ਦੇ ਸਮੇਂ ਬਹੁਤੇ ਸਿੱਖ ਸਰਦਾਰ ਘਰਾਣਿਆਂ ਵਿਚ ਵੈਦਿਕ ਰੀਤੀ ਸ਼ੁਰੂ ਹੋ ਗਈ ਸੀ। ਓਹਾ ਸਾਰਾ ਵਰਨਣ ਕਵੀ ਜੀ ਨੇ ਕੀਤਾ ਹੈ।)

ਇਕ ਮੁਸਲਮਾਨ ਨੇ ਦੂਰੋਂ ਗੁਰੂ ਜੀ ਤੇ ਬੰਦੂਕ ਚਲਾਈ, ਪਰ ਨਾਲੀ ਫਿਟਣ ਕਾਰਨ ਉਹ ਆਪ ਹੀ ਮਰ ਗਿਆ।

ਬੀਬੀ ਵੀਰੋ ਜੀ ਦਾ ਵਿਆਹ ਹੋਇਆ ੨੬ ਜੇਠ, ੧੬੭੬ ਬਿ. ਝਬਾਲ ਵਿਚ।

"ਸੰਮਤ ਸੋਰਹਿ ਸਹਿਸ ਉਨਾਸੀ।
ਸੁਤਾ ਬਯਾਹ ਕਿਯ ਗੁਰ ਅਬਿਨਾਸੀ।...੩੧।"

ਡੋਲਾ ਵਿਦਿਆ ਕਰਕੇ ਸਾਰਾ ਪਰਵਾਰ ਤਰਨ ਤਾਰਨ ਆ ਗਿਆ। ਕੁਛ ਚਿਰ

Digitized by Panjab Digital Library | www.panjabdigilib.org

ਓਥੇ ਬਿਸਰਾਮ ਕਰਕੇ ਅੱਗੇ ਗੋਇੰਦਵਾਲ ਨੂੰ ਤੁਰ ਪਏ।

ਅੰਸੂ ੧੯

(ਸ਼ਾਹ ਜਹਾਨ ਨੂੰ ਹਾਰ ਦੀ ਖ਼ਬਰ)

ਅਗਲੇ ਦਿਨ ਸ਼ਾਹ ਜਹਾਨ ਨੂੰ ਖ਼ਬਰ ਪਹੁੰਚ ਗਈ, ਕਿ ਫ਼ੌਜ ਦੇ ਸਾਰੇ ਅਫ਼ਸਰ ਮਾਰੇ ਗਏ ਹਨ, ਕੋਈ ਨਹੀਂ ਬਚਿਆ।

ਵਜ਼ੀਰ ਖ਼ਾਂ ਨੇ ਜਹਾਂਗੀਰ ਦੀ ਸਾਰੀ ਕਹਾਣੀ ਸੁਣਾ ਕੇ ਬਾਦਸ਼ਾਹ ਨੂੰ ਮਨਾ ਲਿਆ, ਕਿ ਗੁਰੂ ਜੀ ਨਾਲ ਲੜਨ ਦਾ ਕੋਈ ਲਾਭ ਨਹੀਂ।

ਅੰਸੂ ੨੦

(ਗੁਰੂ ਜੀ ਗੋਇੰਦਵਾਲ ਪੁੱਜੇ)

ਗੁਰੂ ਜੀ ਫ਼ੌਜ ਤੇ ਪਰਵਾਰ ਸਮੇਤ ਗੋਇੰਦਵਾਲ ਜਾ ਪੁੱਜੇ। ਸੁੰਦਰ ਤੇ ਸੁੰਦਰ ਦੀ ਪਤਨੀ ਮਹਿਲਾਂ ਤੇ ਸਾਹਿਬਜ਼ਾਦਿਆਂ ਨੂੰ ਨਾਲ ਘਰ ਲੈ ਗਏ। ਦਮੋਦਰੀ ਜੀ ਨੇ ਵਿਆਹ ਦੀ ਸਾਰੀ ਕਥਾ ਸੁਣਾਈ।

ਅੰਸੂ ੨੧

(ਗੋਇੰਦਵਾਲ ਦਰਸ਼ਨ)

ਸਾਵਣ ਮੱਲ ਗੁਰੂ ਜੀ ਵਾਸਤੇ ਪ੍ਰਸਾਦਿ ਲਿਆਇਆ।

ਅਗਲੇ ਦਿਨ ਓਥੇ ਸਾਰੇ ਗੁਰ ਅਸਥਾਨਾਂ ਦੇ ਦਰਸ਼ਨ ਕਰ ਕੇ ਗੁਰ ਜੀ ਓਥੋਂ ਤੁਰ ਪਏ।

ਅੰਸੂ ੨੨

(ਗੋਇੰਦਵਾਲੋਂ ਕਰਤਾਰ ਪੁਰ)

ਪਰਵਾਰ ਨੂੰ ਗੋਇੰਦਵਾਲ ਛਡ ਕੇ ਗੁਰੂ ਜੀ ਓਥੋਂ ਤੁਰ ਪਏ।

ਓਧਰ ਕੌਲਾਂ ਬੀਮਾਰੀ ਦੀ ਹਾਲਤ ਵਿਚ ਗੁਰੂ ਜੀ ਨੂੰ ਯਾਦ ਕਰ ਰਹੀ ਸੀ। ਸਾਥੀਆਂ ਸਮੇਤ ਗੁਰੂ ਜੀ ਕਰਤਾਰਪੁਰ ਜਾ ਪਹੁੰਚੇ। ਗੁਰ ਅਸਥਾਨ ਦੇ ਦਰਸ਼ਨ ਕਰਕੇ ਫਿਰ ਮਹਾਰਾਜ ਕੌਲਾਂ ਪਾਸ ਗਏ।

Digitized by Panjab Digital Library | www.panjabdigilib.org

ਅੰਸੂ ੨੩

(ਸ਼ੇਰ ਦਾ ਸ਼ਕਾਰ—ਕਉਲਾਂ ਨੂੰ ਉਪਦੇਸ਼)

ਅਗਲੇ ਦਿਨ ਇਕ ਸਿੱਖ ਨੇ ਦੱਸਿਆ, ਕਿ ਐਥੋਂ ਨੇੜੇ ਇਕ ਸ਼ੇਰ ਜਾਨਵਰਾਂ ਨੂੰ ਮਾਰਦਾ ਹੈ। ਗੁਰੂ ਜੀ ਓਸੇ ਸਮੇਂ ਜੋਧਿਆਂ ਨੂੰ ਨਾਲ ਲੈ ਕੇ ਗਏ। ਹਜ਼ੂਰ ਨੇ ਤਲਵਾਰ ਨਾਲ ਉਸ ਸ਼ੇਰ ਨੂੰ ਮਾਰਿਆ।

ਕਉਲਾਂ ਦਾ ਅੰਤ ਸਮਾਂ ਨੇੜੇ ਜਾਣ ਕੇ ਗੁਰੂ ਜੀ ਉਸ ਪਾਸ ਆ ਬੈਠੇ।

ਅੰਸੂ ੨੪

(ਕਉਲਾਂ ਪਰਲੋਕ ਸਿਧਾਰੀ)

ਕਉਲਾਂ ਗੁਰ ਜੀ ਦੇ ਸਾਮ੍ਹਣੇ ਪਰਲੋਕ ਸਿਧਾਰੀ।

ਫਿਰ ਦੀਵਾਨ ਸਜਦਾ, ਤੇ ਯੁੱਧ ਦੀਆਂ ਗੱਲਾਂ ਹੁੰਦੀਆਂ। ਪੈਂਦੇ ਖ਼ਾਂ ਨੂੰ ਆਪਣੀ ਬਹਾਦਰੀ ਦਾ ਬਹੁਤ ਹੰਕਾਰ ਹੋ ਗਿਆ। ਉਹ ਕਹਿੰਦਾ,

"ਮੋ ਬਿਨ ਫਤੇ ਨ ਹੋਤਿ ਲਰਾਈ।
ਗਨ ਜੋਧਾਨਿ ਕੌਮ ਇਨ ਘਾਈ ?੨੫।"

ਛੋਟੇ ਮੀਰ ਵਿਚ ਪੈਂਦੇ ਖਾਨ ਦਾ ਵਿਆਹ ਹੋ ਗਿਆ। ਗੁਰੂ ਜੀ ਨੇ ਓਥੇ ਉਸ ਵਾਸਤੇ ਘਰ ਬਣਵਾ ਦਿਤਾ, ਤੇ ਹੋਰ ਸਭ ਸਾਮਾਨ ਲੈ ਦਿਤਾ। ਫਿਰ ਪੈਂਦੇ ਖ਼ਾਨ ਓਥੇ ਹੀ ਰਹਿਣ ਲੱਗਾ।

ਅਸੂ ੨੫

(ਪਠਾਣ ਉਮਰਾਵ ਸਿੱਖ ਬਣਿਆਂ)

ਸ਼ਕਾਰ ਖੇਡਣ ਵਾਸਤੇ ਜੰਗਲ ਵਿਚ ਗਏ ਗੁਰੂ ਜੀ ਇਕ ਸਥਾਨ 'ਤੇ ਬੈਠ ਗਏ। ਹਜ਼ੂਰ ਪੈਂਦੇ ਖ਼ਾਨ ਨਾਲ ਚੌਪੜ ਖੇਡਣ ਲੱਗੇ।

(ਯੋਧੇ ਗੁਰੂ ਜੀ ਦਾ ਚੌਪੜ ਖੇਡਣਾ ਅਸੰਗਤ ਜਾਪਦਾ ਹੈ।)

ਬਾਦਸ਼ਾਹ ਦਾ ਇਕ ਉਮਰਾਵ (ਅਫ਼ਸਰ) ਮਿਲਨ ਵਾਸਤੇ ਆਇਆ। ਉਹ ਉਮਰਾਵ ਪਹਾੜੀ ਰਾਜ ਤੋਂ ਹਾਰ ਖਾ ਗਿਆ ਸੀ। ਇਸ ਵਾਸਤੇ ਬਾਦਸ਼ਾਹ ਨੇ ਉਸਨੂੰ ਕਢ ਦਿਤਾ ਸੀ।

ਉਹ ਗੁਰੂ ਜੀ ਪਾਸ ਚੋਖਾ ਚਿਰ ਖਲਾ ਰਿਹਾ। ਗੁਰੂ ਜੀ ਨੇ ਉਸ ਵੱਲ ਵੇਖਿਆ ਵੀ ਨਾ। ਉਮਰਾਵ ਪਠਾਣ ਨੂੰ ਗੁੱਸਾ ਆ ਗਿਆ, ਕਿ ਗੁਰੂ ਜੀ ਨੇ ਮੇਰਾ ਆਦਰ ਕਿਉਂ ਨਹੀਂ ਕੀਤਾ। ਉਹਦੇ ਦਿਲ ਵਿਚ ਆਈ, ਕਿ ਤਲਵਾਰ ਨਾਲ ਗੁਰੂ ਜੀ ਦਾ ਸਿਰ ਉਡਾ ਦਿਆਂ।

Digitized by Panjab Digital Library | www.panjabdigilib.org

ਗੁਰੂ ਜੀ ਨੇ ਉਸ ਵੱਲ ਵੇਖ ਕੇ ਕਿਹਾ, 'ਜਿੱਥੇ ਤਲਵਾਰ ਪਰਖਣ ਦੀ ਥਾਂ ਸੀ, ਓਥੋਂ ਤਾਂ ਕੰਡ ਵਿਖਾ ਕੇ ਨੱਸ ਆਇਆ ਏਂ, ਤੇ ਜਿੱਥੇ ਸਿਰ ਝੁਕਾਉਣ ਦੀ ਥਾਂ ਏਂ, ਓਥੇ ਤਲਵਾਰ ਕਢਣ ਵਾਸਤੇ ਸੋਚ ਰਿਹਾ ਏਂ ?'

ਇਉਂ ਦਿਲ ਦੀ ਬੁਝੀ ਗਈ, ਤਾਂ ਪਠਾਣ ਚਰਨੀ ਢਹਿ ਪਿਆ। ਗੁਰੂ ਜੀ ਨੇ ਉਸਨੂੰ ਸਿੱਖ ਬਣਾ ਲਿਆ। ਗੁਰੂ ਜੀ ਦੇ ਹੁਕਮ ਨਾਲ ਉਹ ਘਰ ਚਲਾ ਗਿਆ।

ਬਾਦਸ਼ਾਹ ਨੇ ਉਸਨੂੰ ਬੁਲਾ ਕੇ ਪਹਿਲਾਂ ਨਾਲੋਂ ਵੀ ਅਹੁਦਾ ਵਧਾ ਦਿਤਾ।

ਅੰਸੂ ੨੬

(ਕਰਤਾਰ ਪੁਰ ਤੋਂ ਕੂਚ)

ਇਕ ਸਿੱਖ ਨੇ ਬੇਨਤੀ ਕੀਤੀ, ਕਿ ਨੱਗਰ 'ਬਾਘਾ' ਵਿਚ ਆਪ ਚੱਲੋ। ਦੂਸਰੇ ਸਿੱਖ ਨੇ 'ਰੁਹੇਲਾ' ਨੱਗਰ ਦੱਸਿਆ। ਗੁਰੂ ਜੀ ਨੂੰ ਪਸੰਦ ਆਇਆ। ਗੁਰੂ ਜੀ ਨੇ ਗੁਰਦਿੱਤਾ ਜੀ ਨੂੰ ਪਰਵਾਰ ਪਾਸ ਗੋਇੰਦਵਾਲ ਭੇਜ ਦਿਤਾ। ਆਪ ਮਹਾਰਾਜ ਰੁਹੇਲੇ ਪਿੰਡ ਵੱਲ ਤੁਰ ਪਏ।

ਪੈਂਦੇ ਖ਼ਾਂ ਨੇ ਹਾਜ਼ਰ ਹੋ ਕੇ ਸ਼ਰਧਾ ਪਰਗਟ ਕੀਤੀ,

"ਦੀਰਘ ਮੁਰਸ਼ਦ, ਪਿਤਾ, ਖ਼ੁਦਾਇ।
ਤੁਮ ਹੀ ਹੋ ਮੇਰੇ ਸੁਖਦਾਇ ।੩੨।"

ਗੁਰੂ ਜੀ ਨੇ ਕਿਹਾ, ਤੇਰਾ ਨਕਾਹ ਹੁਣੇ ਹੋਇਆ ਹੈ, ਸੋ ਤੂੰ ਘਰ ਹੀ ਰਹੋ। ਲੋੜ ਪਈ ਤੇ ਬੁਲਾ ਲਵਾਂਗੇ।

ਵੀਰਵਾਰ, ਦੋ ਸਾਵਣ ਨੂੰ ਗੁਰੂ ਜੀ ਕਰਤਾਰ ਪੁਰ ਤੋਂ ਤੁਰ ਪਏ।

ਅੰਸੂ ੨੭

(ਭਗਵਾਨ ਦਾਸ ਘੇਰੜ)

ਬਿਆਸਾ ਦੇ ਸੱਜੇ ਕੰਢੇ ਗੁਰੂ ਜੀ ਨੇ ਇਕ ਥੇਹ 'ਤੇ ਆ ਡੇਰਾ ਕੀਤਾ। ਇਲਾਕੇ ਦਾ ਚੌਧਰੀ 'ਘੇਰੜ' ਉਸ ਥੇਹ ਨੂੰ ਆਪਣੀ ਮਾਲਕੀ ਸਮਝਦਾ ਸੀ। ਉਹ ਆਇਆ ਤੇ ਗੁਰੂ ਜੀ ਦਾ ਸਤਕਾਰ ਕਰਨ ਦੀ ਥਾਂ ਝਗੜ ਕੇ ਚਲਾ ਗਿਆ।

ਗੁਰੂ ਜੀ ਨੇ ਓਥੇ ਨਵਾਂ ਨੱਗਰ ਵਸਾਉਣ ਦਾ ਹੁਕਮ ਦਿਤਾ। ਸਿੱਖ ਕੰਮ ਵਿਚ ਜੁੱਟ ਪਏ।

ਸੁਣ ਕੇ ਘੇਰੜ ਬਹੁਤ ਔਖਾ ਹੋਇਆ। ਉਹ ਗੁੱਸੇ ਭਰਿਆ ਗੁਰਾਂ ਵੱਲ ਤੁਰ ਪਿਆ।

Digitized by Panjab Digital Library | www.panjabdigilib.org

ਅੰਸੂ ੨੮

(ਘੇਰੜ ਦਾ ਬਕਵਾਸ)

ਘੇਰੜ ਆਇਆ ਤੇ ਗੁਰੂ ਜੀ ਨਾਲ ਝਗੜ ਕੇ ਚਲਾ ਗਿਆ। ਸਿੱਖਾਂ ਆਪਣਾ ਕੰਮ ਜਾਰੀ ਰਖਿਆ। ਅਗਲੇ ਦਿਨ ਘੇਰੜ ਫੇਰ ਆ ਗਿਆ। ਉਹਨੇ ਗੁਰੂ ਜੀ ਨੂੰ ਸ਼ਾਹ ਜਹਾਨ ਦੀਆਂ ਧਮਕੀਆਂ ਦਿਤੀਆਂ।

ਅੰਸੂ ੨੯

(ਘੇਰੜ ਦੀ ਮੌਤ)

ਘੇਰੜ ਫੇਰ ਆ ਗਿਆ। ਉਹਨੇ ਪਹਿਲੇ ਗੁਰੂ ਸਾਹਿਬਾਨ ਦੀ ਵੀ ਨਿੰਦਿਆ ਕੀਤੀ, ਤੇ ਨਾਲੇ ਗੁਰੂ ਜੀ ਨੂੰ ਗਾਹਲਾਂ ਦੇਣ ਲੱਗਾ। ਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਉਸਨੂੰ ਮਾਰਨਾ ਸ਼ੁਰੂ ਕੀਤਾ। ਉਹ ਫਿਰ ਵੀ ਗਾਹਲਾਂ ਦਿਤੀ ਜਾਏ। ਨਤੀਜੇ ਵਜੋਂ ਘੇਰੜ ਮਰ ਗਿਆ, ਤੇ ਸਿੱਖਾਂ ਨੇ ਬਿਆਸ ਵਿਚ ਰੁੜ੍ਹਾ ਦਿਤਾ।

ਭਗਵਾਨ ਦਾਸ ਘੇਰੜ ਦੇ ਪੁੱਤਰ ਰਤਨ ਚੰਦ ਨੇ ਕਸਮ ਖਾਧੀ, ਕਿ ਮੈਂ ਪਿਤਾ ਦਾ ਬਦਲਾ ਲਵਾਂਗਾ।

ਚੰਦੂ ਦਾ ਪੁੱਤਰ ਕਰਮ ਚੰਦ ਜਲੰਧਰ ਰਹਿੰਦਾ ਸੀ। ਰਤਨ ਚੰਦ ਉਸਨੂੰ ਜਾ ਮਿਲਿਆ। ਦੋਹਾਂ ਨੇ ਪਿਤਾ ਦਾ ਬਦਲਾ ਲੈਣ ਦੀ ਧਾਰ ਲਈ।

ਅੰਸੂ ੩੦

(ਰਤਨ ਚੰਦ ਤੇ ਕਰਮਚੰਦ ਨੇ ਸੂਬੇਦਾਰ ਨੂੰ ਚੜ੍ਹਾ ਲਿਆਂਦਾ)

ਜਲੰਧਰ ਦਾ ਸੂਬੇਦਾਰ ਅਬਦੁਲ ਖ਼ਾਨ ਸੀ। ਰਤਨ ਚੰਦ ਤੇ ਕਰਮ ਚੰਦ ਦਾ ਪ੍ਰੇਰਿਆ ਉਹ ਬਾਰਾਂ ਹਜ਼ਾਰ ਫ਼ੌਜ ਲੈ ਕੇ ਚੜ੍ਹ ਪਿਆ।

(ਏਥੇ ਰਾਜਾ 'ਸਗਰ' ਦਾ ਜ਼ਿਕਰ ਹੈ, ਜਿਸਦੇ ਸੱਠ ਹਜ਼ਾਰ ਪੁੱਤਰ ਸਨ। ਉਹਨਾਂ 'ਕਪਲ ਮੁਨੀ' ਦਾ ਨਿਰਾਦਰ ਕੀਤਾ, ਤੇ ਮੁਨੀ ਦੇ ਸਰਾਪ ਨਾਲ ਸਾਰ ਭਸਮ ਹੋ ਗਏ। ਕਵੀ ਜੀ ਪੁਰਾਣਕ ਕਹਾਣੀਆਂ ਦੀਆਂ ਬਹੁਤ ਮਿਸਾਲਾਂ ਦੇਂਦੇ ਹਨ।)

ਅੰਸੂ ੩੧

(ਜੰਗ ਦੀ ਤਿਆਰੀ)

ਰੁਹੇਲੇ ਨਗਰ ਤੋਂ ਕੋਹ ਭਰ ਦੂਰ ਥਲੇ ਕੇ ਅਬਦੁਲ ਖ਼ਾਨ ਹਮਲੇ ਦੀ ਤਿਆਰੀ ਕਰਨ ਲੱਗਾ। ਮੁਸਲਮ ਫ਼ੌਜ ਦੇ ਜਰਨੈਲ :—ਬੈਰਮਖ਼ਾਨ, ਮੁਹੰਮਦ ਖ਼ਾਨ, ਬਲਵੰਡ

Digitized by Panjab Digital Library | www.panjabdigilib.org

ਖ਼ਾਨ, ਅਲੀ ਬਖ਼ਸ਼, ਇਮਾਮ ਬਖ਼ਸ਼, ਅਬਦੁਲ ਖ਼ਾਂ ਦੇ ਦੋ ਪੁੱਤਰ ਨਬੀ ਬਖ਼ਸ਼ ਤੇ ਕਰੀਮ ਬਖ਼ਸ਼ ਆਦਿ।

ਗੁਰੂ ਜੀ ਨੂੰ ਖ਼ਬਰ ਪਹੁੰਚੀ, ਕਿ ਪੰਦਰਾਂ ਹਜ਼ਾਰ ਵੈਰੀ ਚੜ੍ਹ ਕੇ ਆ ਗਿਆ ਹੈ। ਗੁਰੂ ਜੀ ਦੇ ਯੋਧੇ : ਜੱਟੂ, ਕਲਿਆਣਾ, ਨਾਨੋ, ਪਿਰਾਗਾ, ਮਥਰਾ, ਜਗਨਾ, ਪਰਸਰਾਮ, ਸ਼ਕਤੂ, ਮੋਲਕ, ਜਾਤੀ ਮਲੱਕ, ਅਨੰਦਾ, ਬਿਧੀ ਚੰਦ, ਆਦਿ।

ਅਬਦੁਲਖ਼ਾਨ ਨੇ ਦੂਤ ਭੇਜਿਆ, ਕਿ ਗੁਰੂ ਜੀ ਇਹ ਅਸਥਾਨ ਛੱਡ ਜਾਣ। ਗੁਰੂ ਜੀ ਨੇ ਉਤਰ ਦਿਤਾ, ਜੇ ਅਬਦੁਲ ਖ਼ਾਨ ਜ਼ਿੰਦਗੀ ਚਾਹੁੰਦਾ ਹੈ, ਤਾਂ ਵਾਪਸ ਮੁੜ ਜਾਏ, ਨਹੀਂ ਤਾਂ ਅਸੀਂ ਤਿਆਰ ਹਾਂ।

ਅਬਦੁਲ ਖ਼ਾਨ ਨੇ ਹੰਕਾਰ ਵਿਚ ਹਮਲਾ ਕਰ ਦਿਤਾ।

ਅੰਸੂ ੩੨

(ਜੰਗ ਆਰੰਭ)

ਜੰਗ ਸ਼ੁਰੂ ਹੋ ਗਿਆ। ਜੱਟੂ ਤੇ ਮੁਹੰਮਦ ਖ਼ਾਨ ਆਮੋ ਸਾਮ੍ਹਣੇ ਹੋਏ। ਦੋਵੇਂ ਯੋਧੇ ਆਪਸ ਵਿਚ ਲੜ ਕੇ ਸ਼ਹੀਦ ਹੋ ਗਏ।

ਅੰਸੂ ੩੩

(ਜੰਗ ਜਾਰੀ)

ਭਾਈ ਮਥਰਾ ਦੇ ਹੱਥੋਂ ਬੈਰਮ ਖ਼ਾਂ ਮਾਰਿਆ ਗਿਆ। ਫ਼ੌਜ ਦੇ ਘੇਰੇ ਵਿਚ ਆ ਕੇ ਮਥਰਾ ਵੀ ਸ਼ਹੀਦ ਹੋ ਗਿਆ।

ਅੰਸੂ ੩੪

(ਜੰਗ ਜਾਰੀ)

ਭਾਈ ਕਲਿਆਣਾ ਤੇ ਬਲਵੰਡ ਖ਼ਾਂ ਆਪਸ ਵਿਚ ਭਿੜ ਕੇ ਪਰਲੋਕ ਸਿਧਾਰੇ।

ਅੰਸੂ ੩੫

(ਜੰਗ ਜਾਰੀ)

ਅਲੀ ਬਖ਼ਸ਼ ਨੂੰ ਭਾਈ ਨਾਨੋ ਨੇ ਮਾਰ ਲਿਆ। ਇਮਾਮ ਬਖ਼ਸ਼ ਹੱਥੋਂ ਭਾਈ ਨਾਨੋ ਸ਼ਹੀਦ ਹੋ ਗਿਆ। ਜਗਨੇ ਦੇ ਹੱਥੋਂ ਇਮਾਮ ਬਖ਼ਸ਼ ਮਾਰਿਆ ਗਿਆ। ਫਿਰ ਬਿਧੀ ਚੰਦ, ਪਿਰਾਗਾ ਆਦਿ ਵੀ ਮੈਦਾਨ ਵਿਚ ਆ ਗਏ। ਓਧਰੋਂ ਨਬੀ ਬਖ਼ਸ਼, ਕਰਮ ਚੰਦ,

Digitized by Panjab Digital Library | www.panjabdigilib.org

ਰਤਨ ਚੰਦ ਆ ਗਏ ।

ਅੰਸੂ ੩੬

(ਜੰਗ ਜਾਰੀ)

ਭਾਈ ਬਿਧੀ ਚੰਦ ਚੰਦੂ ਦੇ ਪੁੱਤਰ ਕਰਮ ਚੰਦ ਨੂੰ ਫੜ ਕੇ ਗੁਰੂ ਜੀ ਪਾਸ ਲੈ ਗਿਆ । ਗੁਰੂ ਜੀ ਨੇ ਕਿਹਾ, ਦੋ ਚਾਰ ਜੁੱਤੀਆਂ ਮਾਰ ਕੇ ਛਡ ਦਿਹੋ । ਕਰਮ ਚੰਦ ਨੇ ਜਾ ਕੇ ਅਬਦੁੱਲਾ ਨੂੰ ਕਿਹਾ, ਮੈਂ ਵੇਖ ਕੇ ਆਇਆ ਹਾਂ । ਗੁਰੂ ਨਾਲ ਹੁਣ ਬਹੁਤ ਥੋੜੇ ਸਿੱਖ ਨੇ, ਸੋ ਆਪ ਅੱਗੇ ਲੱਗ ਕੇ ਹੱਲਾ ਕਰੋ ।

ਅੰਸੂ ੩੭

(ਜੰਗ ਜਾਰੀ)

ਭਾਈ ਸ਼ਕਤੂ, ਪਰਸ ਰਾਮ ਤੇ ਨਬੀ ਬਖ਼ਸ਼, ਤਿੰਨੇ ਘਮਸਾਣ ਵਿਚ ਪਰਲੋਕ ਸਿਧਾਰ ਗਏ ।

ਅੰਸੂ ੩੮

(ਜੰਗ ਜਾਰੀ)

ਕਰੀਮ ਬਖ਼ਸ਼, ਰਤਨ ਚੰਦ ਤੇ ਕਰਮ ਚੰਦ ਨੇ ਇਕੱਠਾ ਹੱਲਾ ਕੀਤਾ ।

ਅੰਸੂ ੩੯

ਬਿਧੀ ਚੰਦ ਹੱਥੋਂ ਕਰੀਮ ਬਖ਼ਸ਼ ਮਾਰਿਆ ਗਿਆ ।

ਅੰਸੂ ੪੦

(ਜੰਗ ਜਾਰੀ)

ਅੰਤ ਅਬਦੁਲ ਖ਼ਾਨ ਨੇ ਆਪ ਹਮਲਾ ਕੀਤਾ ।

ਅੰਸੂ ੪੧

(ਜੰਗ ਜਾਰੀ)

ਇਸ ਅੰਸੂ ਵਿਚ ਘਮਸਾਣ ਯੁੱਧ ਦਾ ਵਰਨਣ ਹੈ ।

Digitized by Panjab Digital Library | www.panjabdigilib.org

ਅੰਸੂ ੪੨

(ਜੰਗ ਜਾਰੀ)

ਅਬਦੁਲ ਖ਼ਾਨ, ਕਰਮ ਚੰਦ ਤੇ ਰਤਨ ਚੰਦ, ਤਿੰਨੇ ਗੁਰੂ ਜੀ ਦੇ ਸਾਮ੍ਹਣੇ ਆ ਗਏ। ਤੀਰਾਂ ਨਾਲ ਚੋਹਾਂ ਦੇ ਘੋੜੇ ਮਾਰੇ ਗਏ।

ਅੰਸੂ ੪੩

(ਲੜਾਈ ਮੁੱਕੀ)

ਗੁਰੂ ਜੀ ਦੇ ਹੱਥੋਂ ਪਹਿਲਾਂ ਰਤਨ ਚੰਦ ਮਾਰਿਆ ਗਿਆ। ਦੂਸਰੇ ਵਾਰ ਵਿਚ ਗੁਰੂ ਜੀ ਨੇ ਅਬਦੁਲ ਖ਼ਾਨ ਨੂੰ ਮਾਰ ਲਿਆ।

ਅੰਤ ਵਿਚ ਚੰਦੂ ਦਾ ਪੁੱਤਰ ਕਰਮ ਚੰਦ ਸਾਮ੍ਹਣੇ ਆਇਆ। ਉਸਨੇ ਵਾਰ ਕੀਤਾ। ਗੁਰੂ ਜੀ ਨੇ ਤਲ਼ਵਾਰ 'ਤੇ ਰੋਕਿਆ। ਦੋਹਾਂ ਦੀਆਂ ਤੁਲਵਾਰਾਂ ਟੁੱਟ ਗਈਆਂ। ਗੁਰੂ ਜੀ ਨੇ ਕਰਮ ਚੰਦ ਨੂੰ ਚੁੱਕ ਕੇ ਧਰਤੀ 'ਤੇ ਮਾਰਿਆ, ਜਿਸ ਤਰਾਂ ਉਸਦੀ ਮੌਤ ਹੋ ਗਈ। ਵਿਰੋਧੀ ਜਰਨੈਲ ਸਾਰੇ ਮਾਰੇ ਗਏ। ਰਹਿੰਦੀ ਸੈਨਾਂ ਪਿੜ ਛਡ ਕੇ ਨੱਸ ਗਈ।

ਅੰਸ਼ੂ ੪੪

(ਯੁੱਧ ਫ਼ਤਹਿ)

ਅਬਦੁਲ ਖ਼ਾਂ, ਉਸਦੇ ਪੁੱਤਰ ਤੇ ਹੋਰ ਜਹਨੈਲ ਦਫ਼ਨਾ ਦਿਤੇ। ਬਾਕੀ ਸਭ ਸਿੱਖਾਂ ਤੇ ਵੈਰੀ ਦੀਆਂ ਲੋਥਾਂ ਦਰਿਆ ਵਿਚ ਰੋੜ੍ਹ ਦਿਤੀਆਂ।

ਅੰਸੂ ੪੫

(ਭਾਈ ਸੁਭਾਗਾ ਘੋੜੇ ਭੇਟ ਲਿਆਇਆ)

ਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਦਾ ਘਰ ਢਾਹ ਕੇ ਓਥੇ ਮਸੀਤ ਬਣਾ ਦਿਤੀ।

ਨਵਾਂ ਨਗਰ ਵਸਾਇਆ। ਸੰਗਤਾਂ ਨੇ ਬਹੁਤ ਭੇਟਾ ਧਰੀਆਂ। ਭਾਈ ਸੁਭਾਗਾ ਪੰਜ ਵਧੀਆ ਘੋੜੇ ਲਿਆਇਆ।

ਅੰਸੂ ੪੬

(ਜਪੁਜੀ ਦਾ ਸ਼ੁਧ ਪਾਠ)

ਗੁਰੂ ਜੀ ਨੇ ਇਕ ਘੋੜਾ ਆਪ ਰੱਖ ਲਿਆ, ਇਕ ਬਿਧੀ ਚੰਦ ਨੂੰ ਦੇ ਦਿਤਾ,

Digitized by Panjab Digital Library | www.panjabdigilib.org

ਇਕ ਗੁਰਦਿੱਤਾ ਜੀ ਨੂੰ, ਇਕ ਪੈਂਦੇ ਖ਼ਾਨ ਨੂੰ ਦੇ ਦਿਤਾ। ਇਕ ਤਬੇਲੇ ਵਿਚ ਰਾਖਵਾਂ ਰੱਖ ਲਿਆ।

ਇਕ ਦਿਨ ਗੁਰੂ ਜੀ ਨੇ ਕਿਹਾ, ਕੋਈ ਸਿੱਖ 'ਜਪੁਜੀ' ਦਾ ਸੁੱਧ ਪਾਠ ਸੁਣਾਵੇ। ਭਾਈ ਗੁਪਾਲੇ ਨੇ ਸੁਣਾਇਆ। ਗੁਰੂ ਜੀ ਸੋਚਣ ਲੱਗੇ, ਕਿ ਇਸਨੂੰ ਗੱਦੀ ਦੇ ਦੇਣੀ ਚਾਹੀਏ। ਪਰ ਅੰਤ 'ਤੇ ਪਹੁੰਚ ਕੇ ਭਾਈ ਗੁਪਾਲੇ ਦੇ ਮਨ ਵਿਚ ਆ ਗਈ, ਕਿ ਪੰਜਵਾਂ ਘੋੜਾ ਮੈਂ ਗੁਰੂ ਜੀ ਤੋਂ ਮੰਗ ਲਵਾਂਗਾ।

ਪਾਠ ਸਮਾਪਤ ਹੋਇਆ। ਗੁਰੂ ਜੀ ਨੇ ਕਿਹਾ, 'ਭਾਈ ਗੁਪਾਲਾ! ਜੇ ਆਪ ਮਨ ਵਿਚ ਕਾਮਨਾ ਨਾ ਕਰਦੇ, ਤਾਂ ਅੱਜ ਗੱਦੀ ਮਿਲ ਜਾਣੀ ਸੀ। ਪਰ ਤੁਸਾਂ ਘੋੜੇ ਦੀ ਕਾਮਨਾ ਕੀਤੀ ਹੈ, ਸੋ ਘੋੜਾ ਲੈ ਲਵੋ।'

ਅੰਸੂ ੪੭

(ਨਾਮ ਨਗਰ, ਹਰਿਗੋਬਿੰਦ ਪੁਰਾ)

ਗੁਰੂ ਜੀ ਨੇ ਨਵਾਂ ਨੱਗਰ ਵਸਾਇਆ। ਵਿਸ਼ਕਰਮਾ ਆਪਣਾ 'ਮੇਧਾਵੀ' ਨਾਮ ਧਰ ਕੇ ਨੱਗਰ ਉਸਾਰਨ ਆਇਆ।

ਬਾਬਾ ਬੁਢਾ ਜੀ, ਭਾਈ ਗੁਰਦਾਸ, ਜੋਧ, ਅਜਿੱਤਾ ਤੇ ਜੀਵਾ ਦਰਸ਼ਨ ਹਿਤ ਆਏ। ਫਿਰ ਸਾਰਾ ਨਗਰ ਫਿਰ ਕੇ ਵੇਖਿਆ, ਬਾਬਾ ਬੁਢਾ ਜੀ ਨੇ ਨੱਗਰ ਦਾ ਨਾਮ 'ਹਰਿਗੋਬਿੰਦ ਪੁਰ' ਧਰਿਆ।

ਅੰਸੂ ੪੮

(ਖਵਾਜਾ ਤੇ ਜਾਨੀ ਸੱਯਦ)

ਇਕ ਕਸ਼ਮੀਰੀ ਖ਼ਵਾਜਾ ਗੁਰੂ ਜੀ ਦੇ ਘੋੜੇ ਦੀ ਸੇਵਾ ਕਰਿਆ ਕਰਦਾ। ਗੁਰੂ ਜੀ ਚਲਦੇ, ਤਾਂ ਉਹ ਘੋੜੇ ਦੇ ਅੱਗੇ ਲਗ ਕੇ ਚਲਦਾ। ਇਕ ਦਿਨ ਗੁਰੂ ਜੀ ਨੇ ਉਸਨੂੰ ਵਰ ਮੰਗਣ ਵਾਸਤੇ ਕਿਹਾ, ਤਾਂ ਉਸਨੇ ਮੰਗਿਆ, ਕਿ ਮੈਂ ਸਦਾ ਗੁਰੂ ਜੀ ਦੀ ਸੇਵਾ ਵਿਚ ਰਹਾਂ।

ਇਕ ਫ਼ਕੀਰ ਸੱਯਦ ਜਾਨੀ ਕਈ ਸੰਤ ਫ਼ਕੀਰਾਂ ਨੂੰ ਪੂਜਣ ਪਿਛੋਂ ਗੁਰੂ ਜੀ ਦੀ ਸ਼ਰਨ ਆਇਆ। ਖ਼ਵਾਜਾ ਦੇ ਦੱਸਣ ਮੁਤਾਬਕ ਉਹਨੇ ਗੁਰੂ ਜੀ ਦੇ ਬਾਰ ਅੱਗੇ ਆ ਆਸਣ ਜਮਾਇਆ। ਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ, ਕਿ ਫ਼ਕੀਰ ਨੂੰ ਪੁੱਛੋ, ਉਸਨੂੰ ਕੀ ਚਾਹੀਦਾ ਹੈ।ਜਾਨੀ ਨੇ ਕਿਹਾ, ਸਿਰਫ ਗੁਰ ਜੀ ਦਾ ਦੀਦਾਰ ਤੇ ਮੇਹਰ ਚਾਹੁੰਦਾ ਹਾ।

ਗੁਰੂ ਜੀ ਨੇ ਸਿੱਖਾਂ ਨੂੰ ਕਹਿ ਕੇ ਉਸ ਪਾਸੇ ਕੰਧ ਕਰਵਾ ਦਿਤੀ। ਜਾਨੀ ਫਿਰ ਵੀ ਓਸੇ ਸਿਦਕ ਨਾਲ ਬੈਠਾ ਰਿਹਾ।

ਸਿੱਖਾਂ ਨੇ ਇਕ ਦਿਨ ਜਾਨੀ ਦੇ ਸਿਦਕ ਪਿਆਰ ਦੀ ਗੱਲ ਕੀਤੀ। ਗੁਰੂ ਜੀ ਨੇ

Digitized by Panjab Digital Library | www.panjabdigilib.org

ਕਿਹਾ, ਜੇ ਉਸਦਾ ਹੱਠ ਪੱਕਾ ਹੈ, ਤਾਂ ਦਰਿਆ ਵਿਚ ਡੁੱਬ ਮਰੇ। ਸਿੱਖਾਂ ਨੇ ਉਸਨੂੰ ਗੁਰੂ ਜੀ ਦਾ ਹੁਕਮ ਜਾ ਸੁਣਾਇਆ। ਜਾਨੀ ਬਹੁਤ ਖ਼ੁਸ਼ ਹੋਇਆ। ਉਸਨੇ ਓਸੇ ਵੇਲੇ ਜਾ ਕੇ ਦਰਿਆ ਵਿਚ ਛਾਲ ਮਾਰ ਦਿਤੀ। ਗੁਰੂ ਜੀ ਨੇ ਸਿੱਖਾਂ ਨੂੰ ਭੇਜ ਕੇ, ਉਸਨੂੰ ਦਰਿਆ ਵਿਚੋਂ ਕਢ ਲਿਆ। ਉਹ ਗੁਰੂ ਜੀ ਦੀ ਸੇਵਾ ਵਿਚ ਲੱਗ ਗਿਆ। ਗੁਰੂ ਜੀ ਨੇ ਉਸਦਾ ਨਾਮ 'ਸੋਹਿਣਾ' ਰੱਖ ਦਿਤਾ।

ਅੰਸੂ ੪੯

(ਬੁੱਢਾ ਜੀ ਤੋਂ ਆਦਿ ਗੁਰਾਂ ਦੀ ਮਹਿਮਾ)

ਗੁਰੂ ਜੀ ਦੇ ਹੁਕਮ ਅਨਸਾਰ ਬਾਬਾ ਬੁੱਢਾ ਜੀ ਪਹਿਲੇ ਗੁਰੂ ਸਾਹਿਬਾਨ ਦੀ ਮਹਿਮਾ ਸੁਣਾਉਂਦੇ ਹਨ।

ਅੰਸੂ ੫੦

(ਕਾਂਸ਼ੀ-ਸੰਗਤ, ਬਾਜ਼ ਬਟੇਰ)

ਬਾਬਾ ਬੁਢਾ ਜੀ ਨੇ ਕਿਹਾ, 'ਗੁਰਦੇਵ! ਹੁਣ ਮੈਂ ਆਪਣੇ ਨੱਗਰ ਜਾਂਦਾ ਹਾਂ। ਅੰਤ ਸਮੇਂ ਮੈਨੂੰ ਦਰਸ਼ਨ ਦੇਣੇ। -

ਬੁੱਢਾ ਜੀ ਦੇ ਨਾਲ ਹੀ ਜੋਧ, ਅਜਿੱਤਾ ਤੇ ਜੀਵਾ ਵੀ ਵਿਦਾ ਹੋ ਗਏ।

ਇਕ ਦਿਨ ਕਾਂਸ਼ੀ ਦੀ ਸੰਗਤ ਆਈ। ਉਸ ਸਮੇਂ ਗੁਰੂ ਜੀ 'ਦਮਦਮੇ' ਬੈਠੇ ਸਨ। ਕਾਂਸ਼ੀ ਦਾ ਇਕ ਸਿੱਖ ਓਥੇ ਜਾ ਪਹੁੰਚਾ। ਅੱਗੇ ਗੁਰੂ ਜੀ ਦੇ ਇਕ ਹੱਥ ਬਾਜ਼ ਸੀ, ਤੇ ਇਕ ਹੱਥ ਬਟੇਰਾ। ਬਾਜ਼ ਬਟੇਰੇ ਦਾ ਮਾਸ ਤੋੜ ਤੋੜ ਖਾ ਰਿਹਾ ਸੀ। ਸਿੱਖ ਦੇ ਮਨ ਵਿਚ ਸ਼ੰਕਾ ਪੈਦਾ ਹੋਇਆ। ਗੁਰੂ ਜੀ ਨੇ ਦੱਸਿਆ, ਇਹ ਬਟੇਰਾ ਪਿਛਲੇ ਜਨਮ ਮਲਾਹ ਸੀ, ਤੇ ਬਾਜ਼ ਚੌਥੇ ਗੁਰਾਂ ਦਾ ਸਿੱਖ ਸੀ। ਉਹ ਕਿਸੇ ਗੁਰੂ ਜੀ ਦੇ ਕਾਰਜ ਵਾਸਤੇ ਦਰਿਆ ਪਾਰ ਕਰਨ ਲੱਗਾ। ਉਸ ਕੋਲ ਸਿਰਫ਼ ਪੰਜ ਪੈਸੇ ਸਨ। ਮਲਾਹ ਪੰਜ ਦੀ ਥਾਂ ਵੀਹ ਮੰਗਦਾ ਸੀ। ਮਲਾਹ ਨੇ ਸਿੱਖ ਨੂੰ ਚੁਕ ਕੇ ਦਰਿਆ ਵਿਚ ਸੁੱਟ ਦਿਤਾ। ਮਰਨ ਲੱਗੇ ਸਿੱਖ ਨੇ ਕਿਹਾ, 'ਤੇਰਾ ਮਾਸ ਤੋੜ ਤੋੜ ਖਾਵਾਂਗਾ।' ਉਹ ਹਿਸਾਬ ਪੂਰਾ ਹੋ ਰਿਹਾ ਹੈ। ਹੁਣ ਇਹ ਦੋਵੇਂ ਸੁਰਗ ਨੂੰ ਜਾਣਗੇ।

ਕੁਛ ਸਮਾਂ ਗੁਜ਼ਾਰ ਕੇ ਗੁਰੂ ਜੀ ਅੰਮ੍ਰਿਤਸਰ ਆ ਗਏ।

ਅੰਸੂ ੫੧

(ਭਾਈ ਗੜ੍ਹੀਆਂ-ਮੀਆਂ ਦੌਲਾ)

ਗੁਰੂ ਜੀ ਨੇ ਭਾਈ ਗੜ੍ਹੀਆ ਨੂੰ ਕਾਰ ਭੇਟ ਲੈਣ ਵਾਸਤੇ ਕਸ਼ਮੀਰ ਭੇਜਿਆ।

Digitized by Panjab Digital Library | www.panjabdigilib.org

ਭਾਈ ਗੜ੍ਹੀਆ ਰਸਤੇ ਵਿਚ ਗੁਜਰਾਤ ਠਹਿਰਿਆ। ਓਥੋਂ ਦੇ ਸੱਖਾਂ ਨੇ ਬਹੁਤ ਸੇਵਾ ਕੀਤੀ ਤੇ ਚਰਨਾਮ੍ਰਿਤ ਲਿਆ।

ਓਥੇ ਰੱਬ ਦੀ ਬੰਦਗੀ ਵਾਲਾ ਮੀਆਂ ਦੌਲਾ ਰਹਿੰਦਾ ਸੀ। ਗੜ੍ਹੀਏ ਪਾਸ ਆ ਕੇ ਉਸਨੇ 'ਸੁਖਮਨੀ' ਸਾਹਿਬ ਸੁਣਨ ਦੀ ਇੱਛਿਆ ਪਰਗਟ ਕੀਤੀ। ਗੜ੍ਹੀਏ ਨੇ ਪਾਠ ਸ਼ੁਰੂ ਕਰ ਦਿਤਾ। ਪਾਠ ਆਇਆ,

"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।
ਭਗਤ ਜਨਾ ਕੈ ਮਨਿ ਬਿਸ੍ਰਾਮ।"

ਮੀਆਂ ਦੌਲਾ ਨੇ ਕਿਹਾ, ਬੱਸ, ਮੇਰਾ ਮਨੋਰਥ ਪੂਰਾ ਹੋ ਗਿਆ।

ਅਗਲੇਰੇ ਦਿਨ ਮੀਆਂ ਦੌਲਾ ਭਾਈ ਗੜ੍ਹੀਏ ਨੂੰ ਤੋਰਨ ਗਿਆ। ਗੜ੍ਹੀਏ ਦੀ ਜੁੱਤੀ ਟੁੱਟੀ ਹੋਈ ਸੀ। ਦੌਲੇ ਦੇ ਦਿਲ ਵਿਚ ਆਈ, ਕਿ ਧਨ ਦੀ ਘਾਟ ਹੈ। ਗੜ੍ਹੀਏ ਨੇ ਸੋਚਿਆ, ਇਸਦਾ ਹੰਕਾਰ ਦੂਰ ਕਰੀਏ। ਉਹਨਾਂ ਜਿਸ ਪਾਸੇ ਵੇਖਿਆ ਸਾਰੀ ਧਰਤੀ ਹੀ ਸੋਨੇ ਦੀ ਨਜ਼ਰ ਆਈ। ਦੌਲੇ ਦਾ ਹੰਕਾਰ ਦੂਰ ਹੋ ਗਿਆ।

(ਥੋੜੀ ਥੋੜੀ ਗੱਲ 'ਤੇ ਕਰਾਮਾਤ।)

ਇਹ ਕਰਾਮਾਤ ਵੇਖ ਕੇ ਮੀਆਂ ਦੌਲਾ ਭਾਈ ਗੜ੍ਹੀਏ ਦੇ ਚਰਨੀ ਲੱਗਾ।

ਕਸ਼ਮੀਰ ਪਹੁੰਚ ਕੇ ਭਾਈ ਗੜ੍ਹੀਏ ਨੇ ਗੁਰੂ ਕੀ ਕਾਰ ਭੇਟ ਇਕੱਠੀ ਕੀਤੀ, ਲੰਗਰ ਲਾਇਆ, ਤੇ ਸਭ ਓਥੇ ਹੀ ਵਰਤਾ ਦਿਤੀ। ਗੜ੍ਹੀਆ ਵਾਪਸ ਆਇਆ। ਗੁਰੂ ਜੀ ਨੇ ਕਿਹਾ, ਇਸਦੀ ਉਗਰਾਹੀ ਸਾਨੂੰ ਪਹੁੰਚ ਗਈ ਹੈ।

ਫਿਰ ਗੜ੍ਹੀਏ ਨੂੰ ਹੁਕਮ ਹੋਇਆ, ਕਿ ਘਰ ਜਾਓ ਤੇ ਓਥੇ ਸਿੱਖੀ ਦਾ ਪਰਚਾਰ ਕਰੋ। ਘਰ ਜਾ ਕੇ ਵੀ ਗੜ੍ਹੀਏ ਦਾ ਓਹਾ ਵਿਹਾਰ ਰਿਹਾ। ਜੋ ਸਵਾਲੀ ਆਵੇ, ਖ਼ਾਲੀ ਨਾ ਜਾਵੇ। ਜਦੋਂ ਗੜ੍ਹੀਏ ਕੋਲੋਂ ਖ਼ਰਚ ਮੁੱਕ ਜਾਵੇ, ਉਹ ਪੰਜ ਰੁਪੈ ਪਿਛੇ ਪੁੱਤਰ ਦਾ ਵਰ ਦੇਣ ਲੱਗ ਪਵੇ।

ਅੰਸੂ ੫੨

(ਪੰਡਤ ਨਿਤਾ ਨੰਦ)

ਗੁਰੂ ਜੀ ਨੇ ਬਟਾਲੇ ਦੇ ਪੰਡਤ ਨਿਤਾ ਨੰਦ ਨੂੰ ਬੁਲਾ ਕੇ ਉਸ ਤੋਂ ਸੰਗਤ ਵਿਚ ਕਥਾ ਸਣਨੀ ਸ਼ੁਰੂ ਕੀਤੀ। ਇਕ ਦਿਨ ਉਸਨੇ ਕਥਾ ਵਿਚ ਕਿਹਾ, ਕਿ ਜੰਮ ਪੁਰੀ ਪਾਰ ਕਰਨ ਲੱਗਿਆਂ ਇਕ ਸਾਲ ਲੱਗ ਜਾਂਦਾ ਹੈ। ਇਸ ਗੱਲ 'ਤੇ ਚਾਰ ਸਿੱਖ ਵਿਚਾਰ ਕਰਨ ਲੱਗ ਪਏ। ਭਾਈ ਸੁਦਰ ਨੇ ਕਿਹਾ, ਕਿ ਮੈਂ ਸਿਰਫ਼ ਚਾਰ ਪਹਿਰ ਵਿਚ ਉਹ ਰਸਤਾ ਪਾਰ ਕਰ ਜਾਵਾਂ। ਭਾਈ ਲਾਲਾ ਬੋਲਿਆ, ਮੈਂ ਸਿਰਫ਼ ਦੋ ਪਹਿਰ ਲਾਵਾਂ। ਭਾਈ ਮੱਯਾ ਨੇ ਕਿਹਾ, ਮੈਂ ਸਿਰਫ਼ ਇਕ ਪਹਿਰ ਲਾਵਾਂਗਾ। ਭਾਈ ਨਿਹਾਲਾ ਬੋਲਿਆ, ਗੁਰੂ ਦੀ ਮੇਹਰ ਨਾਲ ਮੈਂ ਇਕ ਪਲ ਵਿਚ ਸਾਲ ਵਾਲਾ ਪੰਧ ਮੁਕਾ ਦਿਆਂ।

ਸਿੱਖਾਂ ਦੀਆਂ ਗੱਲਾਂ ਸੁਣ ਕੇ ਪੰਡਤ ਨੇ ਗੁਰੂ ਜੀ ਪਾਸ ਸ਼ਕਾਇਤ ਕੀਤੀ, ਕਿ

Digitized by Panjab Digital Library | www.panjabdigilib.org

ਪੁਰਾਣਾਂ ਵਿਚ ਬਿਆਸ ਨੇ ਝੂਠ ਲਿਖਿਆ ਹੈ ?

ਗੁਰੂ ਜੀ ਨੇ ਕਿਹਾ, ਪੁਰਾਣਾਂ ਵਿਚ ਉਹ ਰਸਤਾ ਪਾਪੀਆਂ ਵਾਸਤੇ ਹੈ। ਸਿੱਖ ਉਤੇ ਗੁਰੂ ਦੀ ਕਿਰਪਾ ਹੈ, ਧਰਮ ਰਾਜ ਨਾਲ ਵਾਸਤਾ ਹੀ ਨਹੀਂ। ਸੁਣ ਕੇ ਉਹ ਪੰਡਤ ਸਿੱਖ ਬਣਿਆਂ।

———

ਅੰਸੂ ੫੩

(ਬਾਬਾ ਬੁਢਾ ਸੁਰਗਵਾਸ)

ਬਾਬਾ ਬੁੱਢਾ ਜੀ ਆਪਣੇ ਨਗਰ 'ਰਮਦਾਸ' ਬਿਰਾਜ ਰਹੇ ਸਨ। ਅੰਤ ਸਮਾਂ ਨੇੜੇ ਆਇਆ ਕਰਕੇ ਉਹਨਾਂ ਗੁਰੂ ਜੀ ਨੂੰ ਯਾਦ ਕੀਤਾ।

ਬੁੱਢਾ ਜੀ ਦਾ ਸੁਨੇਹਾ ਲੈ ਕੇ ਸਿੱਖ ਪੁੱਜਾ, ਤਾਂ ਗੁਰੂ ਜੀ ਓਸੇ ਸਮੇਂ ਤਿਆਰ ਹੋ ਤੁਰੇ। ਰਸਤੇ ਵਿਚ ਨਾਮਦੇਵ ਜੀ ਦਾ ਦੇਹੁਰਾ ਆਇਆ। ਗੁਰੂ ਜੀ ਨੇ ਘੋੜੇ ਤੋਂ ਉਤਰ ਕੇ ਨਮਸਕਾਰ ਕੀਤੀ।

(ਕਵੀ ਜੀ ਕਬੀਰ ਨੂੰ ਸਭ ਤੋਂ ਉੱਤਮ ਭਗਤ ਤੇ ਨਾਮਦੇਵ ਨੂੰ ਦੂਸਰੇ ਸਥਾਨ 'ਤੇ ਮੰਨਦੇ ਹਨ।)

"ਬਿਨਾ ਕਬੀਰ ਭਗਤ ਜੇ ਔਰ।
ਸਭਿ ਕੇ ਬਿਖੈ ਲਖਯੋ ਸਰਮੌਰ।.. ੧੭।"

ਗੁਰੂ ਜੀ ਰਮਦਾਸ ਜਾ ਪਹੁੰਚੇ। ਬਾਬਾ ਬੁੱਢਾ ਜੀ ਬਹੁਤ ਪਰਸੰਨ ਹੋਏ। ਬੁੱਢਾ ਜੀ ਨੇ ਆਪਣੇ ਪੁੱਤਰ ਭਾਨੇ ਦੀ ਬਾਂਹ ਗੁਰੂ ਜੀ ਦੇ ਹੱਥ ਪਕੜਾਈ।

ਸਵੇਰ ਸਾਰ ਬਾਬਾ ਬੁਢਾ ਜੀ ਗੁਰੂ ਦੀ ਹਜ਼ੂਰੀ ਵਿਚ ਸਰੀਰ ਤਿਆਗ ਗਏ।

———

ਅੰਸੂ ੫੪

(ਮਾਈ ਦੇਸਾਂ ਨੂੰ ਸੱਤ ਪੁੱਤ)

ਬਾਬਾ ਜੀ ਦਾ ਸਸਕਾਰ ਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਫਿਰ,

"ਦਿਨ ਚੌਥੇ ਮਹਿਂ ਅਸਥਿ ਚੁਨਾਏ।...
ਸ੍ਰੀ ਗੰਗਾ ਮਹਿਂ ਦੀਨ ਪੁਚਾਏ।੨੨।"

(ਲੌ, ਬਾਬਾ ਬੁੱਢਾ ਜੀ ਦੇ ਫੁੱਲ ਵੀ ਕਵੀ ਜੀ ਨੇ ਗੰਗਾ ਪੁਚਾ ਦਿਤੇ ਜੇ। ਕਵੀ ਜੀ ਪੂਰੇ ਗੰਗਾ ਭਗਤ ਨਜ਼ਰ ਆਉਂਦੇ ਹਨ।)

ਤੇਰ੍ਹਵੇਂ'ਤੇ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਇਆ ਗਿਆ। ਗੁਰੂ ਜੀ ਨੇ ਭਾਈ ਭਾਨੇ ਨੂੰ ਪੱਗ ਬੰਨ੍ਹਾਈ।

ਇਕ ਦਿਨ ਦੀਵਾਨ ਵਿਚ ਪੱਟੀ ਦੇ ਰਹਿਣ ਵਾਲੀ ਮਾਈ ਦੇਸਾਂ ਜੱਟੀ ਆਈ। ਉਸਨੇ ਪੁੱਤਰ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ, ਤੇਰੇ ਭਾਗਾਂ ਵਿਚ ਪੁੱਤਰ

Digitized by Panjab Digital Library | www.panjabdigilib.org

ਹੈ ਨਹੀਂ ।

ਮਾਈ ਨਿਰਾਸ ਹੋ ਕੇ ਮੁੜ ਗਈ । ਭਾਈ ਗੁਰਦਾਸ ਨੇ ਢੰਗ ਦੱਸਿਆ, ਕਿ ਕਾਗ਼ਜ਼ ਕਲਮ ਦਵਾਤ ਲੈ ਜਾਹ । ਆਖੀਂ, ਅੱਗੇ ਨਹੀਂ ਲਿਖਿਆ, ਤਾਂ ਹੁਣ ਲਿਖ ਦਿਹੋ ।

ਅਗਲੇ ਦਿਨ ਗੁਰੂ ਜੀ ਸ਼ਕਾਰ ਖੇਡਣ ਵਾਸਤੇ ਚੱਲੇ, ਤਾਂ ਮਾਈ ਨੇ ਸਾਮ੍ਹਣ ਆ ਬੇਨਤੀ ਕੀਤੀ, 'ਲਿਖਣਹਾਰ ਆਪ ਹੀ ਹੋ । ਅੱਗ ਨਹੀਂ ਲਿਖਿਆ, ਤਾਂ ਹੁਣ ਲਿਖ ਦਿਹੋ ।' ਇਹ ਕਹਿ ਕੇ ਮਾਈ ਨੇ ਕਾਗ਼ਜ਼ ਕਲਮ ਅੱਗੇ ਵਧਾ ਦਿਤਾ ।

"ਭਏ ਪ੍ਰਸੰਨ ਗੁਰ ਲਿਖਨਿ ਸੁ ਲਾਗੇ ।
ਗਹੀ ਕਲਮ ਹਯ[1] ਚਾਲ੍ਹਤਿ ਆਗੇ ।੪੪।
ਕਰਨਿ ਇਕਾਂਗ ਚਹਯੋ ਕਰ ਹਾਲਾ[2] ।
ਸਾਤਾ ਲਿਖਯੋ ਗਯੋ ਤਿਸ ਕਾਲਾ ।...੪੫।"

(ਭਾਵ, ਗੁਰੂ ਜੀ ਦੀ ਮਰਜ਼ੀ ਦੇ ਉਲਟ ਏਕੇ ਦੀ ਥਾਂ ਸਾਤਾ ਲਿਖਿਆ ਗਿਆ ? ਮਨ ਨਹੀਂ ਮੰਨਦਾ ।)

ਅੰਸੂ ੫੫

(ਗਊ ਦੇ ਅਲੰਕਾਰ ਵਿਚ ਧਰਤੀ)

ਰਾਵੀ ਦੇ ਨੇੜੇ ਗੁਰੂ ਜੀ ਸ਼ਕਾਰ ਖੇਡ ਰਹੇ ਸਨ । ਇਕ ਪੁਰਸ਼ ਨੇ ਦੱਸਿਆ, ਕਿ ਕਸਾਈ ਨੇੜੇ ਹੀ ਇਕ ਗਊ ਨੂੰ ਮਾਰਨਾ ਚਾਹੁੰਦੇ ਹਨ, ਪਰ ਉਹ ਕਾਬੂ ਨਹੀਂ ਆਉਂਦੀ।

ਗੁਰੂ ਜੀ ਘੋੜਾ ਭਜਾ ਕੇ ਜਾ ਪਹੁੰਚੇ । ਕੁਛ ਕਸਾਈ ਮਾਰ ਦਿਤੇ, ਕੁਛ ਨੱਸ ਗਏ । ਲਾਗੇ ਹੀ ਉਹਨਾਂ ਦਾ ਪਿੰਡ ਸੀ । ਉਹ ਬੰਦੂਕਾਂ ਲੈ ਕੇ ਆ ਗਏ । ਪਿੰਡ ਮੁਸਲਮਾਨਾਂ ਸੀ । ਸਿੱਖਾਂ ਵੀ ਹਥਿਆਰ ਸੰਭਾਲ ਲਏ । ਲੜਾਈ ਵਿਚ ਕੁਛ ਕਸਾਈ ਮਾਰੇ ਗਏ, ਕੁਛ ਨੱਸ ਗਏ । ਸਿੱਖਾਂ ਉਹ ਪਿੰਡ ਸਾੜ ਦਿਤਾ ।

ਉਹ ਗਊ ਧਰਤੀ ਬਣ ਕੇ ਸਾਮ੍ਹਣੇ ਖਲੋ ਗਈ, ਜੋ ਸਿਰਫ਼ ਗੁਰੂ ਜੀ ਨੂੰ ਹੀ ਨਜ਼ਰ ਆਉਂਦੀ ਸੀ । ਉਸਨੇ ਫ਼ਰਯਾਦ ਕੀਤੀ, ਕਿ ਇਹ ਹੁਕਮਰਾਨ ਮੇਰੇ ਤੇ ਬਹੁਤ ਜ਼ੁਲਮ ਕਰਦੇ ਹਨ । ਗੁਰੂ ਜੀ ਨੇ ਕਿਹਾ, ਸਾਡਾ ਪੋਤਰਾ ਅਜੇਹਾ ਪੰਥ ਸਾਜੇਗਾ, ਜੋ ਜ਼ੁਲਮ ਦਾ ਰਾਜ ਖ਼ਤਮ ਕਰ ਦੇਵੇਗਾ ।

ਫਿਰ ਗੁਰੂ ਜੀ ਕਰਤਾਰਪੁਰ (ਰਾਵੀ) ਗੁਰੂ ਨਾਨਕ ਦੇਵ ਜੀ ਦਾ ਅਸਥਾਨ ਵੇਖਣ ਗਏ ।

ਗੁਰੂ ਨਾਨਕ ਦੇਵ ਜੀ ਦੇ ਪੋਤਰੇ ਧਰਮ ਚੰਦ ਨੇ ਸੁਣਿਆਂ, ਤਾਂ ਉਹ ਦੋਹਾਂ ਪੁੱਤਰਾਂ

---

1 ਘੋੜਾ । 2 ਕਰ=ਹੱਥ । ਹਾਲਾ=ਹਿੱਲ ਗਿਆ । ਹੱਥ ਹਿੱਲ ਗਿਆ ।

Digitized by Panjab Digital Library | www.panjabdigilib.org

ਨੂੰ ਨਾਲ ਲੈ ਕੇ ਚਰਨੀ ਲੱਗਾ। ਗੁਰੂ ਜੀ ਨੇ ਇਕ ਹਜ਼ਾਰ ਰੁਪਇਆ ਦਿਤਾ ਤੇ ਸੋਨੇ ਦੇ ਕੰਗਣ ਮਿਹਰ ਚੰਦ ਤੇ ਮਾਣਕ ਚੰਦ ਨੂੰ ਦਿਤੇ।

ਫਿਰ ਗੁਰੂ ਜੀ ਉਸ ਥਾਂ 'ਤੇ ਗਏ, ਜਿੱਥੇ ਬੈਠੇ ਸਿਰੀ ਚੰਦ ਜੀ ਤਪ ਕਰ ਰਹੇ ਸਨ। ਪ੍ਰਣਾਮ ਕੀਤਾ, ਹਾਲ ਚਾਲ ਪੁਛਿਆ, ਤੇ ਗੁਰੂ ਜੀ ਆ ਗਏ। ਕੁਛ ਸਮਾਂ ਗੁਜ਼ਾਰ ਕੇ ਗੁਰੂ ਜੀ ਫਿਰ ਰਮਦਾਸ ਆ ਗਏ।

ਅੰਸੂ ੫੬

(ਅੰਮ੍ਰਿਤਸਰ ਆਏ)

ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਗੁਰੂ ਜੀ ਸੰਗਤ ਸਮੇਤ ਅੰਮ੍ਰਿਤਸਰ ਆ ਪਹੁੰਚੇ।

ਗੁਰੂ ਜੀ ਦੇ ਬੁਲਾਉਣ ਉਤੇ ਸਾਰਾ ਪਰਵਾਰ ਗੋਇੰਦਵਾਲ ਤੋਂ ਅੰਮ੍ਰਿਤਸਰ ਆ ਗਿਆ। ਨਾਲ ਭਾਈ ਸੁੰਦਰ ਵੀ ਆਇਆ।

ਗੁਰੂ ਜੀ ਦਾ ਹੁਕਮ ਪੁੱਜਣ ਤੇ ਪੈਂਦੇ ਖ਼ਾਂ ਸਣੇ ਪਤਨੀ ਦੇ ਆਇਆ। ਉਸਨੂੰ ਕੌਲਾਂ ਦੇ ਘਰ ਵਿਚ ਉਤਾਰਾ ਦਿਤਾ।

ਹਰਿਗੋਬਿੰਦ ਪੁਰ ਦੇ ਜੰਗ ਵਿਚ ਪੰਦਰਾਂ ਹਜ਼ਾਰ ਵਿਚੋਂ ਸਿਰਫ਼ ਇਕ ਹਜ਼ਾਰ ਬਚੇ ਸਨ। ਪੈਂਦੇ ਖ਼ਾਨ ਨੇ ਕਿਹਾ, ਆਪ ਜੀ ਨੇ ਮੈਨੂੰ ਕਿਉਂ ਨਾ ਬੁਲਾਇਆ। ਹਜ਼ੂਰ ਨੇ ਕਿਹਾ, ਕੰਮ ਹੀ ਬੜਾ ਮਾਮੂਲੀ ਸੀ।

ਏਥੇ ਪੈਂਦੇ ਖ਼ਾਨ ਦੇ ਘਰ ਲੜਕੀ ਪੈਦਾ ਹੋਈ। ਪੈਂਦਾ ਫਿਰ ਵਾਪਸ ਆਪਣੇ ਘਰ ਚਲਾ ਗਿਆ।

ਮਾਤਾ ਦਮੋਦਰੀ ਜੀ ਨੇ ਪੋਤਰੇ ਦੀ ਦਾਤ ਮੰਗੀ। ਗੁਰੂ ਜੀ ਨੇ ਕਿਹਾ, ਗੁਰਦਿੱਤਾ ਜੀ ਦੇ ਘਰ ਦੋ ਪੁੱਤਰ ਹੋਣਗੇ।

ਅੰਸੂ ੫੭

(ਧੀਰਮੱਲ ਜਨਮ, ਅਟੱਲ ਰਾਏ ਖੇਡ)

ਗੁਰੂ ਜੀ ਦਾ ਹੁਕਮ ਮੰਨ ਕੇ ਬਾਬਾ ਗੁਰਦਿੱਤਾ ਜੀ ਸਣੇ ਪਰਵਾਰ ਕਰਤਾਰਪੁਰ ਚਲੇ ਗਏ।

੧੬੮੩ ਬਿ. ਮਾਘ ਦੀ ਤੇਰਾ, ਛਨਿਛਰਵਾਰ ਨੂੰ ਬਾਬਾ ਗੁਰਦਿੱਤਾ ਦੇ ਘਰ ਜਨਮਿਆਂ ਧੀਰ ਮੱਲ ਮਾਤਾ ਨੱਤੀ ਦੀ ਕੁੱਖੋਂ।

ਬਾਬਾ ਅਟੱਲ ਜੀ ਨੌਂ ਬਰਸ ਦੇ ਹੋ ਗਏ। ਜੋ ਉਹ ਮੁੱਖੋਂ ਕਹਿੰਦੇ, ਪੂਰਾ ਹੋ ਜਾਂਦਾ।

ਗੁਰਮੁਖ ਨਾਮ ਦੇ ਸੋਨੀ-ਖੱਤਰੀ ਦਾ ਪੁੱਤਰ ਮੋਹਨ ਬਾਬਾ ਅਟੱਲ ਨਾਲ ਖੇਡਿਆ

Digitized by Panjab Digital Library | www.panjabdigilib.org

ਕੋਰਦਾ। ਇਕ ਦਿਨ ਖੁੱਦੋ ਖੂੰਡੀ ਦੀ ਖੇਡ ਵਿਚ ਸ਼ਾਮ ਨੂੰ ਬਾਜ਼ੀ ਮੋਹਨ ਸਿਰ ਰਹਿ ਗਈ।

ਮੋਹਨ ਮਾਪਿਆਂ ਦਾ ਇਕੱਲਾ ਪੁੱਤਰ ਸੀ। ਰਾਤ ਸੱਪ ਲੜਨ ਕਾਰਨ ਮੋਹਨ ਮਰ ਗਿਆ।

ਅੰਸੂ ੫੮

(ਅਟੱਲ ਰਾਏ ਨੇ ਮੋਹਨ ਜਿਵਾਇਆ)

ਅਗਲੇ ਦਿਨ ਬਾਲਕ ਖੇਡਣ ਵਾਸਤੇ ਇਕੱਠੇ ਹੋਏ। ਅਟੱਲ ਰਾਏ ਜੀ ਨੇ ਇਕ ਲੜਕੇ ਨੂੰ ਮੋਹਨ ਨੂੰ ਬੁਲਾਉਣ ਵਾਸਤੇ ਭੇਜਿਆ। ਉਸਨੇ ਆ ਦੱਸਿਆ, ਕਿ ਸੱਪ ਲੜਨ ਕਾਰਨ ਮੋਹਨ ਮਰ ਗਿਆ ਹੈ।

ਬਾਬਾ ਅਟੱਲ ਰਾਏ ਜੀ ਮੋਹਨ ਦੇ ਘਰ ਜਾ ਪਹੁੰਚੇ, ਤੇ ਕਿਹਾ,

"ਉਠਿ ਪਯਾਰੇ! ਦਿਹੁ ਸੀਡ[1] ਹਮਾਰੀ।
ਨਹੀਂ ਸਮੋ, ਕਿਮ ਸੁਪਤਿਯੋ[2] ਭਾਰੀ।੧੨।"

ਮੋਹਨ ਦੇ ਗਲ ਨੂੰ ਖੂੰਡੀ ਪਾ ਕੇ ਬਾਬੇ ਅਟੱਲ ਨੇ ਉਠਾ ਲਿਆ। ਸਾਰੇ ਖ਼ੁਸ਼ੀ ਛਾ ਗਈ।

ਗੁਰੂ ਜੀ ਤਕ ਖ਼ਬਰ ਪਹੁੰਚੀ, ਤਾਂ ਹਜ਼ੂਰ ਨੇ ਸੋਚਿਆ, ਇਹ ਤਾਂ ਰੱਬ ਦੀ ਸ਼ਰੀਕੀ ਹੋਈ। ਰੱਬ ਮਾਰੇ, ਤੇ ਅਸੀਂ ਜ਼ਿੰਦਾ ਕਰ ਦੇਈਏ।

ਅਟੱਲ ਰਾਏ ਜੀ ਗੁਰੂ ਜੀ ਦੇ ਸਾਮ੍ਹਣੇ ਆਏ, ਤਾਂ ਹਜ਼ੂਰ ਨੇ ਰੋਸ ਵਜੋਂ ਕਿਹਾ,

"ਜਰ ਨਹਿਂ ਸਕੇ ਓਜ[3] ਨਿਜ ਅੰਤਰ?
ਕਰਹੁ ਦਿਖਾਵਨਿ ਲਾਇ ਨਿਰੰਤਰ।...੨੯।
ਇਸ ਕਰਿਬੇ ਕੋ ਫਲ ਅਬ ਇਹੀ।
ਜੇ ਤੂੰ ਰਹੈਂ, ਤ ਹਮ ਜਗ ਨਹੀਂ।
ਹਮ ਜੇ ਰਹੈਂ, ਤ ਤੁਮ ਨਹਿਂ ਰਹੋ।
ਇਹੀ ਬਾਕ ਅਬ ਸਾਚੋ ਲਹੋ।੩੦।"

ਗੁਰੂ ਜੀ ਦੇ ਬਚਨ ਸੁਣ ਕੇ ਬਾਬਾ ਅਟੱਲ ਜੀ ਚੁੱਪ ਚਾਪ ਆ ਗਏ, ਤੇ ਕੌਲਸਰ ਕੋਲ ਚਾਦਰ ਤਾਣ ਕੇ ਲੇਟ ਗਏ। ਇਸਤਰਾਂ ਸਰੀਰ ਤਿਆਗ ਗਏ।

ਖ਼ਬਰ ਸੁਣ ਕੇ ਮਾਤਾ ਨਾਨਕੀ ਜੀ ਬਹੁਤ ਰਏ। ਗੁਰੂ ਜੀ ਨੇ ਅਟੱਲ ਰਾਏ ਦਾ ਓਥੇ ਹੀ ਸਸਕਾਰ ਕਰ ਦਿਤਾ, ਤੇ ਕਿਹਾ ਤੇਰਾ ਦੇਹੁਰਾ ਅਟੱਲ ਰਹੇਗਾ।

ਅੰਸੂ ੫੯

ਸੁਣ ਕੇ ਸਾਰੇ ਸੰਬੰਧੀ ਆਏ। ਗੁਰੂ ਜੀ ਨੇ ਸਭ ਨੂੰ ਧੀਰਜ ਦਿਤਾ।

ਛੇਵੀਂ ਰਾਸ ਸਮਾਪਤ

---

1 ਬਾਜੀ। 2 ਸੁੱਤਾ ਪਿਆ ਏਂ। 3 ਬਲ, ਸ਼ਕਤੀ।

Digitized by Panjab Digital Library | www.panjabdigilib.org

ਸੱਤਵੀਂ ਰਾਸ

ਅੰਸੂ ੧

(ਮੰਗਲ)

(ਪਿਛਲੀਆਂ ਰਾਸਾਂ ਵਾਂਗ ਪਹਿਲਾ ਦੋਹਾ ਅਕਾਲ ਪੁਰਖ ਦੀ ਉਸਤਤ ਹੈ, ਤੇ ਦੂਸਰਾ ਸਾਰਦਾ ਦੇਵੀ (ਸੁਰਸਤੀ) ਦੀ ਅਰਾਧਨਾ। (ਕਵੀ ਜੀ ਦੇ ਵਿਸ਼ਵਾਸ ਦਾ ਸਬੂਤ।)

ਅੱਗੇ ਚੌਦਾਂ ਅੰਕ ਤਕ ਗੁਰੂ ਸਾਹਿਬਾਨ ਤੇ ਮਹਾਂਪੁਰਸ਼ਾਂ ਦਾ ਜੱਸ ਗਾਇਆ ਹੈ।

ਪ੍ਰੇਮ ਚੰਦ ਸਿੱਲੀ ਖੱਤਰੀ ਕਰਤਾਰ ਪੁਰ ਵਾਸੀ ਨੇ ਕੰਨਿਆਂ ਦਾ ਰਿਸ਼ਤਾ ਸੂਰਜ ਮੱਲ ਨੂੰ ਕੀਤਾ।

"ਪਾਂਧੇ ਤਬ ਸਭਿ ਬਿਧਿ ਕਰਿਵਾਈ।
ਨਵ ਗ੍ਰਹਿ, ਗਨਪਤਿ ਵਿਸ਼ਨ ਪੁਜਾਈ।...੩੬।"

(ਕੀ ਇਹ ਸਭ ਕੁਛ ਗੁਰੂ ਘਰ ਵਿਚ ਹੁੰਦਾ ਸੀ? ਗੁਰਬਾਣੀ ਉਤੇ ਭਰੋਸਾ ਰੱਖਣ ਵਾਲਾ ਕਿਵੇਂ ਮੰਨੇਗਾ। ਇਹ ਸਭ ਕਵੀ ਜੀ ਵੱਲੋਂ ਪੰਡਤ-ਭਗਤੀ ਦਾ ਪਰਚਾਰ ਹੈ।)

ਸਮਾਗਮ ਪਿਛੋਂ ਗੁਰਦਿੱਤਾ ਜੀ ਕਰਤਾਰ ਪੁਰ ਚਲੇ ਗਏ।

ਅੰਸੂ ੨

(ਭਾਈ ਗੁਰਦਾਸ ਨੇ ਘੋੜੇ ਖ਼ਰੀਦਣੇ)

ਇਕ ਦਿਨ ਸਿੱਖ ਬੈਠੇ ਵਿਚਾਰ ਕਰ ਰਹੇ ਸਨ, ਕਿ ਗੁਰੂ ਦੀ ਕਿਰਪਾ ਨਾਲ ਹੀ ਸਿੱਖ ਮਾਇਆ ਦੇ ਜਾਲ ਤੋਂ ਬਚ ਸਕਦਾ ਹੈ। ਤਾਂ ਕੋਲੋਂ ਭਾਈ ਗੁਰਦਾਸ ਜੀ ਨੇ ਪਉੜੀ ਕਹੀ,

"ਜੇ ਗੁਰ ਸਾਂਗ ਵਰੱਤਦਾ, ਸਿਖ ਸਿਦਕ ਨ ਹਾਰੇ।"

ਸਿੱਖਾਂ ਨੇ ਕਿਹਾ,

"ਪ੍ਰਭੂ ਮਾਯਾ ਨੇ ਘਨੇ ਭ੍ਰਮਾਏ।

Digitized by Panjab Digital Library | www.panjabdigilib.org

ਤਰੀ ਨ ਕਿਮ ਬਿਨ ਗੁਰੂ ਸਹਾਏ[1] ।...੧੧।"

ਭਾਈ ਗੁਰਦਾਸ ਫਿਰ ਵੀ ਆਪਣੀ ਗੱਲ 'ਤੇ ਅੜੇ ਰਹੇ ।

ਇਕ ਦਿਨ ਗੁਰੂ ਜੀ ਨੇ ਕੁਛ ਚੰਗੇ ਘੋੜੇ ਖ਼ਰੀਦਣ ਵਾਸਤੇ ਕਿਹਾ । ਇਕ ਸਿੱਖ ਨੇ ਕਿਹਾ, ਕਾਬਲ ਵਿਚੋਂ ਮਿਲਨਗੇ ।

ਗੁਰੂ ਜੀ ਨੇ ਪੰਜਾਹ ਹਜ਼ਾਰ ਦੇ ਕੇ ਭਾਈ ਗੁਰਦਾਸ ਜੀ ਨੂੰ ਭੇਜਿਆ । ਨਾਲ ਕੁਛ ਸੇਵਕ ਵੀ ਦਿਤੇ । ਤੇ ਹੁਕਮ ਕੀਤਾ, ਮੁੱਲ ਦਾ ਫ਼ੈਸਲਾ ਕਰਕੇ ਘੋੜੇ ਸਾਡੇ ਪਾਸ ਭੇਜ ਦੇਣੇ । ਅਸੀਂ ਪਸੰਦ ਕਰਕੇ ਹੁਕਮ ਭੇਜਾਂਗੇ, ਤਾਂ ਕੀਮਤ ਤਾਰ ਦੇਣੀ ।

ਭਾਈ ਗੁਰਦਾਸ ਜੀ ਕਾਬਲ ਜਾ ਪਹੁੰਚੇ । ਪੰਜਾਹ ਹਜ਼ਾਰ ਦੇ ਘੋੜੇ ਖ਼ਰੀਦ ਕੇ ਗੁਰੂ ਜੀ ਪਾਸ ਭੇਜ ਦਿਤੇ । ਗੁਰੂ ਜੀ ਨੇ ਹੁਕਮ ਭੇਜ ਦਿਤਾ, ਕਿ ਰਕਮ ਤਾਰ ਦਿਓ । ਭਾਈ ਜੀ ਨੇ ਸੌਦਾਗਰ ਬੁਲਾ ਲਏ । ਅੰਦਰ ਜਾ ਕੇ ਗੁਰਦਾਸ ਜੀ ਨੇ ਸੰਦੂਕ ਖੋਹਲੇ, ਤਾਂ ਵਿਚ ਠੀਕਰੀਆਂ ਭਰੀਆਂ ਪਈਆਂ ਸਨ । ਭਾਈ ਗੁਰਦਾਸ ਹੈਰਾਨ ਰਹਿ ਗਿਆ । ਉਹ ਪਿਛਲੇ ਪਾਸਿਓਂ ਤੰਬੂ ਪਾੜ ਕੇ ਨਿਕਲ ਗਿਆ । ਸੰਤਾਂ ਦਾ ਭੇਸ ਬਣਾ ਕੇ ਉਹ ਕਾਂਸ਼ੀ ਜਾ ਵੜਿਆ ।

ਪਿਛੋਂ ਨਾਲ ਦੇ ਸਿੱਖਾਂ ਨੇ ਰੁਪੈ ਤਾਰ ਦਿਤੇ ।

——

ਅੰਸ਼ ੩

(ਭਾਈ ਗੁਰਦਾਸ ਕਾਂਸ਼ੀ ਵਿਚ)

ਬੜੀ ਮੁਸੀਬਤ ਝਾਗ ਕੇ ਭਾਈ ਗੁਰਦਾਸ ਜੀ ਕਾਂਸ਼ੀ ਪੁੱਜੇ । ਓਥੋਂ ਦੇ ਸਿੱਖਾਂ ਨੇ ਪਛਾਣ ਕੇ ਬੜੀ ਸੇਵਾ ਕੀਤੀ । ਓਥੇ ਉਸਨੇ ਗੁਰੂ ਦੇ ਜੱਸ ਵਿਚ ਬਹੁਤ ਕੁਛ (ਕਬਿੱਤ ਸਵੱਯੇ) ਲਿਖਿਆ । ਮਹਿਮਾ ਸੁਣਕੇ ਓਥੋਂ ਦਾ ਰਾਜਾ ਚਰਨ ਪਾਹੁਲ ਲੈ ਕੇ ਸਿੱਖ ਬਣਿਆ । ਰਾਜੇ ਵੱਲੇ ਵੇਖਕੇ ਹੋਰ ਬਹੁਤ ਸਾਰੇ ਸਿੱਖ ਬਣੇ । ਭਾਈ ਗੁਰਦਾਸ ਗੁਰਬਾਣੀ ਅਰਥਾਂ ਨਾਲ ਸਮਝਾਉਂਦੇ । ਉਸਦਾ ਬਹੁਤ ਅਸਰ ਪੈਂਦਾ ।

ਇਕ ਦਿਨ ਕੁਛ ਪੰਡਤਾਂ ਨੇ ਆ ਕੇ ਕਿਹਾ, ਤੁਸੀਂ ਏਥੇ ਸ਼ਿਵਾਂ ਦੀ ਨਗਰੀ ਵਿਚ ਵਾਸ ਕੀਤਾ ਹੈ, ਤਾਂ ਸ਼ਿਵਾਂ ਦੀ ਪੂਜਾ ਵੀ ਕਰੋ ।

ਅਗੋਂ ਭਾਈ ਗੁਰਦਾਸ ਜੀ ਨੇ ਉਤਰ ਦਿਤਾ, 'ਪਤੀ-ਬ੍ਰਤਿ ਇਸਤਰੀ ਦੂਸਰੇ ਆਦਮੀ ਨਾਲ ਸੰਬੰਧ ਜੋੜ ਲਵੇ, ਤਾਂ ਉਹ ਨਿੰਦਣ ਜੋਗ ਹੋ ਜਾਂਦੀ ਹੈ । ਏਸੇ ਤਰਾਂ,

"ਇਮ ਗੁਰ ਤਯਾਗ ਜਪਹਿ ਜੇ ਅੰਰ ।
ਹਲਤਿ ਪਲਤਿ ਮਹਿਂ ਲਹੈ ਨ ਠੌਰ ।੨੦।"

ਏਥੇ ਗੁਰਦਾਸ ਜੀ ਨੇ ਇਹ ਸਵੱਯਾ ਸੁਣਾਇਆ,

---

1 ਗੁਰੂ ਦੀ ਸਹਾਇਤਾ ਬਿਨਾਂ ਕੋਈ ਨਹੀਂ ਤਰਿਆ ।

Digitized by Panjab Digital Library | www.panjabdigilib.org

[1]"ਮਾਤ ਬਿਓਗ ਪਰੈ ਬਛਰਾ, ਅਨ ਗਾਯ ਧਰੈ ਥਨ ਲਾਤ ਲਗਾਵੈ ।...।"

(ਏਥੇ 'ਵਾਹਿਗੁਰੂ' ਸ਼ਬਦ ਦੇ ਅਰਥ ਹਨ, ਜੋ 'ਨਾਨਕ ਪ੍ਰਕਾਸ਼' ਵਿਚ ਆ ਚੁਕੇ ਹਨ[2] ।)

ਅੰਸੂ ੪

(ਪੰਡਤਾਂ ਨਾਲ ਚਰਚਾ)

ਇਸ ਅੰਸੂ ਵਿਚ ਪਹਿਲਾਂ ਗੁਰਬਾਣੀ ਦੀ ਮਹਿਮਾ ਹੈ, ਤੇ ਫਿਰ ਹਰਿਮੰਦਰ ਸਾਹਿਬ ਦੀ। ਪਰ ਇਹਨਾਂ ਮੌਲਕ ਚੀਜ਼ਾਂ ਨੂੰ ਕਵੀ ਜੀ ਨੇ ਪਿਛਲੇ ਜੁੱਗਾਂ ਨਾਲ ਜੋੜਿਆ ਹੈ। ਭਾਈ ਗੁਰਦਾਸ ਜੀ ਮਹਾਨ ਵਿੱਦਵਾਨ ਸਨ। ਉਹਨਾਂ ਨੇ ਪੰਡਤਾਂ ਨੂੰ ਹਰ ਪ੍ਰਸ਼ਨ ਵਿਚ ਨਿਰੁੱਤਰ ਕਰ ਦਿਤਾ।

ਫਿਰ ਭਾਈ ਸਾਹਿਬ ਗੁਰੂ ਜੀ ਦਾ ਵਿਛੋੜਾ ਅਨਭਵ ਕਰ ਰਹੇ ਹਨ।

ਓਧਰ ਗੁਰੂ ਮਹਾਰਾਜ ਵੀ ਭਾਈ ਗੁਰਦਾਸ ਜੀ ਨੂੰ ਯਾਦ ਕਰਦੇ ਹਨ।

ਅੰਸੂ ੫

(ਗੁਰਦਾਸ ਕਾਂਸ਼ੀ ਤੋਂ ਅੰਮ੍ਰਿਤਸਰ)

ਗੁਰੂ ਜੀ ਨੇ ਕਾਂਸ਼ੀ ਦੇ ਰਾਜੇ ਦੇ ਨਾਮ ਹੁਕਮਨਾਮਾ ਲਿਖਿਆ, ਕਿ ਕਾਂਸ਼ੀ ਵਿਚ ਇਕ ਸਾਡਾ ਚੋਰ ਹੈ, ਗੁਰਦਾਸ। ਉਸਦੀਆਂ ਮੁਸ਼ਕਾਂ ਬੰਨ੍ਹ ਕੇ ਸਾਡੇ ਕੋਲ ਭੇਜ ਦਿਓ।

ਰਾਜੇ ਨੇ ਹੁਕਮਨਾਮੇ ਸਾਮ੍ਹਣੇ ਸਿਰ ਝੁਕਾਇਆ, ਤੇ ਸ਼ਹਿਰ ਵਿਚ ਢੰਡੋਰਾ ਫੇਰਿਆ। ਭਾਈ ਗੁਰਦਾਸ ਜੀ ਨੂੰ ਪਤਾ ਲੱਗਾ, ਤਾਂ ਉਹਨਾਂ ਭਰੀ ਸਭਾ ਵਿਚ ਮੰਨਿਆਂ, ਕਿ ਗੁਰੂ ਕਾ ਚੋਰ ਮੈਂ ਹੀ ਹਾਂ। ਰਾਜਾ ਤੇ ਸੰਗਤ ਸੁਣ ਕੇ ਬੜੇ ਹੈਰਾਨ ਹੋਏ।

ਭਾਈ ਗੁਰਦਾਸ ਜੀ ਨੇ ਘੋੜੇ ਖ਼ਰੀਦਣ ਦੀ ਸਾਰੀ ਕਥਾ ਸੁਣਾ ਕੇ ਕਿਹਾ, ਗੁਰੂ ਜੀ ਨੇ ਇਹ ਹੁਕਮ ਮੈਨੂੰ ਬਖ਼ਸ਼ਣ ਵਾਸਤੇ ਦਿਤਾ ਹੈ। ਸੋ ਭਾਈ ਗੁਰਦਾਸ ਜੀ ਸਾਰੀ ਸੰਗਤ ਦੇ ਸਾਮ੍ਹਣੇ ਮੁਸ਼ਕਾਂ ਬੰਨ੍ਹਵਾ ਕੇ ਮੇਵੜੇ ਨਾਲ ਤੁਰ ਪਏ। ਸੰਗਤ ਤੇ ਰਾਜਾ ਦੂਰ ਤਕ ਤੋਰਨ ਗਏ।

ਇਕ ਮਨਜ਼ਲ ਤਾਂ ਏਸਤਰਾਂ ਗਏ। ਫਿਰ ਮੇਵੜੇ ਨੇ ਮੁਸ਼ਕਾਂ ਖੁਹਲ ਦਿਤੀਆਂ।

---

1 ਕੁਛ ਲਿਖਤੀ ਖਰੜਿਆਂ ਵਿਚ ਇਹ ਕਬਿੱਤ ਦਿਤਾ ਹੈ,

"ਜੈਸੇ ਬਛੁਰਾ ਬਿਛਰ ਪਰੈ ਆਨ ਗਾਇ ਥਨ,
ਦੁਗਧ ਨ ਪਾਨ ਕਰੈ, ਮਾਰਤ ਹੈ ਲਾਤ ਕੀ।.....।"

ਕਬਿਤ ਸਵੱਯੇ ।੪੪੧।

2 ਵੇਖੋ 'ਸਿੱਖ ਇਤਿਹਾਸ ਦੇ ਸੋਮੇ', ਭਾਗ ਤੀਜਾ।

Digitized by Panjab Digital Library | www.panjabdigilib.org

ਅੰਮ੍ਰਿਤਸਰ ਕੋਲ ਜਾ ਕੇ ਫਿਰ ਬੰਨ੍ਹ ਲਈਆਂ। ਏਸੇ ਤਰਾਂ ਭਾਈ ਸਾਹਿਬ ਅਕਾਲ ਤਖ਼ਤ ਗੁਰੂ ਜੀ ਦੇ ਜਾ ਪੇਸ਼ ਹੋਏ।

ਗੁਰੂ ਜੀ ਨੇ ਕਿਹਾ, ਤੁਹਾਨੂੰ ਘੋੜੇ ਲੈਣ ਭੇਜਿਆ ਸੀ, ਤੁਸਾਂ ਚੰਗੇ ਖ਼ਰੀਦ ਕੇ ਭੇਜੇ।

ਉਤਰ ਵਿਚ ਭਾਈ ਗੁਰਦਾਸ ਜੀ ਨੇ ਦੋ ਸਵੱਯੇ ਕਹੇ,

"ਜਉ ਗਰਬੈ ਬਹੁ ਬੂੰਦ ਚਿਤੰਤਰ, ਸਨਮੁਖ ਸਿੰਧੁ ਸ਼ੋਭ ਨਹੀਂ ਪਾਵੈ।...।"

(ਕਬਿੱਤ ਸਵੱਯੇ ੫੨੭)

"ਤੋ ਸੋ ਨ ਨਾਥ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ, ਨ ਮੋਸੋ ਭਿਖਾਰੀ।"

(ਕਬਿੱਤ ਸਵੱਯੇ ੫੨੮)

ਅੱਗੇ ਵਧ ਕੇ ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਚਰਨ ਪਕੜ ਲਏ। ਗੁਰੂ ਜੀ ਨੇ ਉਠਾ ਕੇ ਬੜਾ ਆਦਰ ਕੀਤਾ।

ਗੁਰਦਾਸ ਜੀ ਦੇ ਨਾਲ ਕਾਂਸ਼ੀ ਤੋਂ ਸੱਤ ਸੌ ਸਿੱਖ ਆਏ ਸਨ। ਗੁਰੂ ਜੀ ਨੇ ਖ਼ੁਸ਼ ਹੋ ਕੇ ਕਿਹਾ,

"ਸ੍ਰੀ ਹਰਿਗੋਵਿੰਦ ਹੇਰਿ[1] ਅਲਾਯੋ[2]।
ਏਕਲ[3] ਗਯੋ, ਸੁ ਸਾਤ ਸੈ ਲਯਾਯੋ।੪੬।"

ਭਾਈ ਗੁਰਦਾਸ ਜੀ ਨੇ ਪਉੜੀ ਕਹੀ,

"...ਜੇ ਗੁਰ ਭਰਮਾਏ ਸਾਂਗ ਕਰ, ਕਿਆ ਸਿੱਖ ਵਿਚਾਰਾ।"

(ਵਾਰ ੩੫, ਪਉੜੀ ੨੨)

ਭਾਈ ਗੁਰਦਾਸ ਜੀ ਦਾ ਮਾਣ ਪਹਿਲਾਂ ਨਾਲੋਂ ਵੀ ਗੁਰੂ ਘਰ ਵਿਚ ਵਧ ਗਿਆ।

ਅੰਸੂ ੬

(ਸੂਰਜ ਮੱਲ ਦਾ ਵਿਆਹ)

ਬਾਬਾ ਗੁਰਦਿੱਤਾ ਜੀ ਉਸ ਸਮੇਂ ਕਰਤਾਰ ਪੁਰ ਸਨ। ਸੂਰਜ ਮੱਲ ਦਾ ਸਹੁਰਾ ਪ੍ਰੇਮ ਚੰਦ ਵੀ ਓਥੇ ਸੀ। ਉਸਨੇ ਗੁਰਦਿੱਤਾ ਜੀ ਨਾਲ ਸਲਾਹ ਕਰਕੇ, ਪੰਡਤ ਕੋਲੋਂ ਸਾਹਾ ਸੁਧਾ ਕੇ, ਸਤਾਈ ਵਿਸਾਖ ਦੀ ਸਾਹੇ ਚਿੱਠੀ ਅੰਮ੍ਰਿਤਸਰ ਭੇਜ ਦਿਤੀ।

ਬਰਾਤ ਅੰਮ੍ਰਿਤਸਰੋਂ ਚੱਲ ਕੇ ਕਰਤਾਰ ਪੁਰ ਪੁੱਜੀ। ਢੁਕਾਂ ਸਮੇਂ ਸੁੱਟ ਵੀ ਕੀਤੀ ਗਈ।

---

1 ਵੇਖ ਕੇ। 2 ਕਿਹਾ। 3 ਇਕੱਲਾ।

Digitized by Panjab Digital Library | www.panjabdigilib.org

ਅੰਸੂ ੭

(ਸੂਰਜ ਮੱਲ ਦਾ ਵਿਆਹ ਤੇ ਤੇਗ ਬਹਾਦਰ ਜੀ ਦੀ ਮੰਗਣੀ)

ਢੁਕੱਾ ਸਮੇਂ ਆਤਸ਼ਬਾਜ਼ੀ ਵੀ ਚੱਲੀ। ਮਿਲਨੀ ਤੇ ਹੋਰ ਸਭ ਵੈਦਿਕ ਰੀਤਾਂ ਰਸਮਾਂ ਕੀਤੀਆਂ ਗਈਆਂ। ਪ੍ਰਸਾਦਿ ਛਕਣ ਸਮੇਂ ਜੂਠ ਵਿਚ ਧਨ ਪਾਇਆ।

ਸੂਰਜ ਮੱਲ ਜੀ ਦਾ ਵਿਆਹ ਵੇਦੀ ਤੇ ਅਗਨੀ ਉਦਾਲੇ ਹੋਇਆ। ਗਣੇਸ਼, ਗ੍ਰਹਿ ਆਦਿ ਸਭ ਦੀ ਪੂਜਾ ਕੀਤੀ ਗਈ।

(ਕਵੀ ਜੀ ਹਰ ਸ਼ੁਭ ਕਰਮ ਪੰਡਤ ਪਾਸੋਂ ਤੇ ਹਿੰਦੂ ਰੀਤੀ ਅਨਸਾਰ ਹੀ ਕਰਾਉਂਦੇ ਹਨ। ਪੰਡਤ ਪੂਜ।)

ਕਰਤਾਰ ਪੁਰ ਵਾਸੀ ਲਾਲ ਚੰਦ ਤੇ ਬਿਸ਼ਨ ਕੌਰ ਦੀ ਸਪੁੱਤਰੀ ਗੁਜਰੀ ਜੀ ਉਸ ਸਮੇਂ ਪੰਜ ਸਾਲ ਦੇ ਸਨ। ਉਹਨਾਂ ਸਗਾਈ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਅਣੀ ਰਾਏ ਤੋਂ ਪੁਛਿਆ। ਅਣੀ ਰਾਏ ਨੇ ਵਿਆਹ ਤੋਂ ਇਨਕਾਰ ਕਰ ਦਿਤਾ। ਫ਼ੈਸਲਾ ਤੇਗ਼ ਬਹਾਦਰ ਜੀ ਦੀ ਸਗਾਈ ਦਾ ਹੋਇਆ।

(ਵੇਖੋ, ਕਵੀ ਜੀ ਪੰਡਤ ਦੀ ਵਡਿਆਈ ਕਿੱਥੋਂ ਤਕ ਕਰਦੇ ਹਨ। ਪੰਡਤ ਸਗਾਈ ਦਾ ਸੁਨੇਹਾ ਲੈ ਕੇ ਆਉਂਦਾ ਹੈ, ਤਾਂ ਉਹ ਗੁਰੂ ਜੀ ਨੂੰ ਵੀ 'ਅਸ਼ੀਰਵਾਦ' ਦੇਂਦਾ ਹੈ।)

"ਬਿੱਪ੍ਰ ਅਸ਼ੀਰਬਾਦ ਕੋ ਦੀਨਾ।...੩੦।"

ਭਾਈ ਗੁਰਦਾਸ ਨੇ ਨਜੂਮੀ ਨੂੰ ਬੁਲਾ ਕੇ ਭਲਾ ਮਹੂਰਤ ਸੁਧਾਇਆ[1]।
ਏਸੇ ਸ਼ੁਭ ਸਮੇਂ ਤੇਗ਼ ਬਹਾਦਰ ਜੀ ਦੀ ਸਗਾਈ ਗੁਜਰੀ ਜੀ ਨਾਲ ਹੋ ਗਈ।

ਅੰਸੂ ੮

(ਜੰਞ ਵਾਪਸ ਆਈ)

ਪ੍ਰੇਮ ਚੰਦ ਤੇ ਖੇਮ ਕੌਰ ਨੇ ਲੜਕੀ ਨੂੰ ਵਿਦਿਆ ਕੀਤਾ। ਗੁਰੂ ਜੀ ਨੇ ਨੌਂਹ ਪੁੱਤਰ ਨੂੰ ਨਾਲ ਲੈ ਕੇ ਹਰਿਮੰਦਰ ਸਾਹਿਬ ਮੱਥਾ ਟੇਕਿਆ।

ਸ਼ਾਹ ਜਹਾਨ ਜਲੰਧਰ ਆਇਆ, ਤਾਂ ਅਬਦੁਲ ਖ਼ਾਨ ਦਾ ਪੁੱਤਰ ਵਲੀ ਖ਼ਾਨ ਹਾਜ਼ਰ ਹੋਇਆ। ਉਹਨੇ ਰੁਹੇਲੇ ਦੀ ਲੜਾਈ ਬਾਰੇ ਦੱਸਿਆ। ਸ਼ਾਹ ਜਹਾਨ ਨੇ ਕ੍ਰੋਧ ਵਿਚ ਕਿਹਾ, ਕਿ ਵਾਹ ਹਜ਼ਾਰ ਫ਼ੌਜ ਗੁਰੂ ਦੇ ਵਿਰੁੱਧ ਭੇਜੋ।

ਏਨੇ ਤਕ ਵਜ਼ੀਰ ਖ਼ਾਨ ਆ ਗਿਆ। ਉਸਨੇ ਬਾਦਸ਼ਾਹ ਨੂੰ ਕਿਹਾ, ਕਿ ਗੁਰੂ ਸਭ ਦਾ ਸਾਂਝਾ ਹੈ। ਗੁਰੂ ਜੀ ਨੇ ਓਥੇ ਮੁਸਲਮਾਨਾਂ ਵਾਸਤੇ ਮਸੀਤ ਵੀ ਬਣਵਾਈ ਹੈ। ਦੱਸੋ,

---

1 ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਇਸ ਦਾ ਵਿਰੋਧ ਕਰਦੇ ਹਨ।

"ਪੂਛਤ ਨ ਨੌਤਕ ਔ ਬੇਦ ਥਿਤ ਵਾਰ ਕਛੂ,
ਗ੍ਰਿਹ ਔ ਨਿਛਤ੍ਰ ਕੀ ਨ ਸ਼ੰਕਾ ਉਰ ਧਾਰੀ ਹੈ।...੪੪੮।

Digitized by Panjab Digital Library | www.panjabdigilib.org

ਘੋਰੜ ਦੇ ਆਖੇ ਲੱਗ ਕੇ ਬਾਦਸ਼ਾਹ ਦੇ ਹੁਕਮ ਬਿਨਾਂ ਇਹਨਾਂ ਲੜਾਈ ਕਿਉਂ ਛੇੜੀ। ਜੇ ਸ਼ਹਿਨਸ਼ਾਹ ਚਾਹੁੰਦੇ ਹਨ, ਕਿ ਉਹ ਮਸੀਤ ਢਾਹ ਦਿਤੀ ਜਾਏ, ਤਾਂ ਮੈਂ ਜਾ ਕੇ ਢਾਹ ਦੇਂਦਾ ਹਾਂ।

ਬਾਦਸ਼ਾਹ ਨੇ ਸਮਝ ਲਿਆ, ਕਿ ਕਸੂਰ ਸਾਰਾ ਅਬਦੁਲ ਖ਼ਾਨ ਦਾ ਸੀ। ਉਸਨੇ ਵਲੀ ਖ਼ਾਂ ਨੂੰ ਜੁਰਮਾਨਾ ਕੀਤਾ, ਤੇ ਦਰਬਾਰ ਵਿਚੋਂ ਕਢ ਦਿਤਾ।

ਅੰਸੂ ੯

(ਸ੍ਰੀ ਚੰਦ-ਬੁਢਣ ਸ਼ਾਹ)

ਗੁਰੂ ਜੀ ਸ਼ਕਾਰ ਖੇਡਦੇ ਖੇਡਦੇ ਬਾਬਾ ਸ੍ਰੀ ਚੰਦ ਦੇ ਡੇਰੇ ਜਾ ਪਹੁੰਚੇ। ਨਾਲ ਹੀ ਹਜ਼ੂਰ ਦੇ ਚਾਰੇ ਸਾਹਿਬਜ਼ਾਦੇ ਸਨ। ਗੁਰੂ ਜੀ ਨੇ ਸਤਕਾਰ ਵਜੋਂ ਸ੍ਰੀ ਚੰਦ ਨੂੰ ਨਮਸਕਾਰ ਕੀਤੀ। ਸ੍ਰੀ ਚੰਦ ਦੀ ਮੰਗ ਉਤੇ ਗੁਰੂ ਜੀ ਨੇ ਵੱਡਾ ਸਾਹਿਬਜ਼ਾਦਾ ਗੁਰਦਿੱਤਾ ਉਹਨਾਂ ਦੇ ਹਵਾਲੇ ਕਰ ਦਿਤਾ। ਸ੍ਰੀ ਚੰਦ ਜੀ ਨੇ ਆਪਣੀ ਗੱਦੀ ਗੁਰਦਿੱਤਾ ਜੀ ਨੂੰ ਦੇ ਦਿਤੀ।

(ਮੇਰੀ ਰਾਏ ਹੈ, ਕਿ ਬਾਬਾ ਸ੍ਰੀ ਚੰਦ ਜੀ ਨਹੀਂ ਸਨ ਚਾਹੁੰਦੇ, ਕਿ ਉਹਨਾਂ ਦੀ ਕੋਈ ਵੱਖਰੀ ਸੰਪਰਦਾ ਰਹੇ। ਉਹਨਾਂ ਸੋਚਿਆ, ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਪਿੱਛੋਂ ਗੁਰਦਿੱਤਾ ਜੀ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਹੋਣਗੇ। ਮੇਰੀ ਗੱਦੀ ਵੀ ਇਹਨਾਂ ਕੋਲ ਹੋਵੇਗੀ, ਤਾਂ ਆਪੇ ਇਕੋ ਗੱਦੀ, ਇਕੋ ਸਿੱਖ ਸੰਪਰਦਾ ਬਣ ਜਾਇਗੀ। ਮੇਰੀ ਸੰਪਰਦਾ ਵੱਖਰੀ ਨਹੀਂ ਰਹੇਗੀ।)

ਛੇਵੇਂ ਗੁਰੂ ਜੀ ਨੇ ਬੁਢਣ ਸ਼ਾਹ ਦੀ ਕਥਾ ਸੁਣਾਈ। ਗੁਰੂ ਨਾਨਕ ਦੇਵ ਜੀ ਉਸ ਪਾਸ ਗਏ ਸਨ। ਬੁਢਣ ਸ਼ਾਹ ਨੇ ਦੁੱਧ ਪੇਸ਼ ਕੀਤਾ ਸੀ। ਗੁਰੂ ਜੀ ਨੇ ਕਿਹਾ, ਸਾਡੇ ਛੇਵੇਂ ਰੂਪ ਦਾ ਪੁੱਤਰ ਗੁਰਦਿੱਤਾ ਜੀ ਤੁਹਾਡੇ ਪਾਸ ਆਉਣਗੇ ਤੇ ਏਥੇ ਨਵਾਂ ਨੱਗਰ ਵਸਾਉਣਗੇ।

ਛਵੇਂ ਗੁਰੂ ਜੀ ਨੇ ਹੁਕਮ ਕੀਤਾ, ਕਿ ਬੁਢਣ ਸ਼ਾਹ ਦੇ ਨੇੜੇ ਜਾ ਕੇ ਨੱਗਰ ਵਸਾਉ।

ਸਮੇਤ ਪਰਵਾਰ ਬਾਬਾ ਗੁਰਦਿੱਤਾ ਜੀ ਓਥੇ ਜਾ ਪਹੁੰਚੇ।

ਗੁਰਦਿੱਤਾ ਜੀ ਨੇ ਵੇਖਿਆ, ਕਿ ਬੁਢਣ ਸ਼ਾਹ ਬੈਠਾ ਤਪ ਕਰ ਰਿਹਾ ਹੈ, ਤੇ ਸ਼ੇਰ ਉਹਨਾਂ ਦੀਆਂ ਬੱਕਰੀਆਂ ਚਾਰ ਰਿਹਾ ਹੈ।

ਗੁਰਦਿੱਤਾ ਜੀ ਨੇ ਕੋਲ ਜਾ ਕੇ ਕਿਹਾ,

"ਉਠਹੁ ਸੰਤ ਜੀ! ਪੈ[1] ਮੁਝ ਦੀਜੈ।
ਗੁਰ ਸੁਤ ਅਹੌਂ ਛੁਧਤਿ[2] ਲਖਿ ਲੀਜੈ।੫੨।"

ਬੁਢਣ ਸ਼ਾਹ ਬੜਾ ਪਰਸੰਨ ਹੋਇਆ। ਗੁਰਦਿੱਤਾ ਜੀ ਨੂੰ ਬੱਕਰੀ ਦਾ ਦੁੱਧ ਪਿਆਇਆ। ਗੁਰੂ ਨਾਨਕ ਬਾਰੇ ਗੱਲਾਂ ਬਾਤਾਂ ਹੋਈਆਂ।

ਨੇੜੇ ਹੀ ਗੁਰਦਿੱਤਾ ਜੀ ਨੇ ਨੱਗਰ (ਕੀਰਤਪੁਰ) ਵਸਾਇਆ।

---

1 ਦੁੱਧ। 2 ਭੁੱਖ ਲੱਗੀ ਹੈ।

Digitized by Panjab Digital Library | www.panjabdigilib.org

ਅੰਸੂ ੧੦

(ਵਡਾਲੀ ਸੂਰ ਮਾਰਿਆ)

ਬਾਬਾ ਗੁਰਦਿੱਤਾ ਜੀ ਨੇ 'ਗੁਰ ਕੀਰਤਿ ਪੁਰਿ' ਵਸਾਇਆ।

ਓਧਰ ਛੇਵੇਂ ਗੁਰੂ ਵਡਾਲੀ ਆਪਣਾ ਜਨਮ ਅਸਥਾਨ ਵੇਖਣ ਗਏ। ਫਿਰ ਛੇਹਰਟੇ ਇਸ਼ਨਾਨ ਕੀਤਾ, ਤੇ ਭੰਗ ਪੀਤੀ[1]।

ਇਕ ਜ਼ਿਮੀਂਦਾਰ ਨੇ ਆ ਕੇ ਬੇਨਤੀ ਕੀਤੀ, ਕਿ ਇਕ ਬਹੁਤ ਵੱਡਾ ਸੂਰ ਖੇਤ ਦਾ ਬਹੁਤ ਉਜਾੜਾ ਕਰਦਾ ਹੈ। ਗੁਰੂ ਜੀ ਓਸੇ ਵੇਲੇ ਚੜ੍ਹ ਪਏ। ਸੂਰ ਨਿਕਲਿਆ। ਪੈਂਦੇ ਖ਼ਾਂ ਸਾਮ੍ਹਣੇ ਆਇਆ। ਪੈਂਦੇ ਦਾ ਵਾਰ ਸੂਰ ਨੂੰ ਨਾ ਲੱਗਾ। ਪਰ ਸੂਰ ਨੇ ਪੈ ਦੇ ਖ਼ਾਂ ਦਾ ਘੋੜਾ ਜ਼ਖ਼ਮੀ ਕਰ ਦਿਤਾ। ਫਿਰ ਸੂਰ ਗੁਰੂ ਜੀ ਵੱਲ ਆਇਆ। ਗੁਰੂ ਜੀ ਨੇ ਤਲਵਾਰ ਨਾਲ ਸੂਰ ਦੇ ਦੋ ਟੁਕੜੇ ਕਰ ਦਿਤੇ।

ਸੂਰ ਦੇ ਮੂੰਹ ਵਿਚੋਂ ਕੋਈ ਅੱਗ ਵਰਗਾ ਜੀਵ ਨਿਕਲਿਆ, ਜੋ ਗੁਰੂ ਜੀ ਦੇ ਚਰਨ ਛੂਹ ਕੇ ਖ਼ੁਸ਼ ਹੋ ਕੇ ਚਲਾ ਗਿਆ। ਉਹ ਜਾਂ ਗੁਰੂ ਜੀ ਨੂੰ ਦਿੱਸਿਆ, ਜਾਂ ਭਾਈ ਭਾਨੇ ਨੂੰ। ਭਾਨੇ ਨੇ ਉਸਨੂੰ ਪੁੱਛਿਆ, ਤੂੰ ਕੌਣ ਹੈਂ। ਤਾਂ ਉਸਨੇ ਦੱਸਿਆ, ਕਿ ਮੈਂ ਗੁਰੂ ਅਰਜਨ ਦੇਵ ਜੀ ਦਾ ਸਿੱਖ ਸਾਂ। ਜਦ ਮਾਤਾ ਗੰਗਾ ਜੀ ਬਾਬੇ ਬੁੱਢੇ ਪਾਸੋਂ ਵਰ ਲੈਣ ਗਏ, ਤਾਂ ਉਹਨਾਂ ਅੱਗੋਂ ਭਾਜੜ ਪੈਣ ਦਾ ਸਰਾਪ ਦਿਤਾ, ਤਾਂ ਮੈਂ ਬੁਰਾ ਮਨਾਇਆ, ਤੇ ਕਿਹਾ, 'ਤੂੰ ਗਵਾਰ ਜੱਟ ਹੀ ਰਿਹੋਂ ਨਾਂ!' ਤਾਂ ਬਾਬੇ ਬੁੱਢੇ ਨੇ ਮੈਨੂੰ ਸੂਰ ਦੀ ਜੂਨ ਦਾ ਸਰਾਪ ਦੇ ਦਿਤਾ। ਫਿਰ ਮੇਰੀ ਬੇਨਤੀ ਮੰਨ ਕੇ ਬਾਬਾ ਜੀ ਨੇ ਕਿਹਾ, ਤੇਰੀ ਮੁਕਤੀ ਛੇਵੇਂ ਗੁਰੂ ਹੱਥੋਂ ਹੋਵੇਗੀ।

(ਕਵੀ ਜੀ ਬਹੁਤੀਆਂ ਘਟਨਾਵਾਂ ਨੂੰ ਪਿਛਲੇ ਵਰ ਸਰਾਪ ਨਾਲ ਜੋੜ ਕੇ ਇਤਿਹਾਸ ਨੂੰ ਪੁਰਾਣਕ ਕਥਾ ਬਣਾ ਦੇਂਦੇ ਹਨ। ਉਸ ਸਮੇਂ ਦੇ ਲੇਖਕਾਂ ਵਿਚ ਇਹ ਰੁਚੀ ਆਮ ਸੀ।)

ਅੰਸੂ ੭੧

(ਬਾਸਰਕੇ ਬੀੜ ਦਰਸ਼ਨ)

ਗੁਰੂ ਜੀ ਨੇ ਦੁਖਭੰਜਨੀ ਬੇਰ, ਤੇ ਪਿੰਗਲੇ ਦੀ ਸਾਖੀ ਸੁਣਾਈ। ਫਿਰ ਕਈ ਤੀਰਥਾਂ ਦੇ ਨਾਮ ਗਿਣ ਕੇ ਕਿਹਾ, ਇਹ ਸਭ ਨਾਲੋਂ ਮਹਾਨ ਤੀਰਥ ਹੈ।

ਇਕ ਦਿਨ ਸ਼ਕਾਰ ਖੇਡਣ ਗਏ ਗੁਰੂ ਜੀ ਨੇ ਬਾਸਰਕੇ ਤੇ ਫਿਰ ਬੀੜ ਦੇ ਦਰਸ਼ਨ ਕੀਤੇ। ਨਾਲੇ ਦੋਹਾਂ ਥਾਂਵਾਂ ਦੀ ਕਥਾ ਸੁਣਾਈ।

(ਇਹ ਸਾਖੀਆਂ ਪਿੱਛੇ ਆ ਚੁੱਕੀਆਂ ਹਨ।)

---

1 (ਕਵੀ ਜੀ ਨੂੰ ਭੰਗ ਦਾ ਚੇਤਾ ਨਹੀਂ ਭੁਲਦਾ।)

Digitized by Panjab Digital Library | www.panjabdigilib.org

ਗੁਰੂ ਜੀ ਨੇ ਬੀੜ ਵਿਚ ਬਾਬਾ ਬੁੱਢਾ ਜੀ ਦਾ ਅਸਥਾਨ ਬਨਾਉਣ ਦਾ ਹੁਕਮ ਕੀਤਾ।

ਸ਼ਾਮ ਨੂੰ ਵਾਪਸ ਅੰਮ੍ਰਿਤਸਰ ਆ ਗਏ।

ਅਸੂ ੧੨

(ਚੋਲ੍ਹਾ ਸਾਹਿਬ ਗਏ)

ਭਾਦੋਂ ਦੀ ਮੱਸਿਆ ਗੁਰੂ ਜੀ ਸਮੇਤ ਪਰਵਾਰ ਤਰਨ ਤਾਰਨ ਗਏ। ਗੁਰੂ ਜੀ ਨੇ ਫ਼ੁਰਮਾਇਆ, ਏਥੇ ਹਰ ਮੱਸਿਆ ਲੱਗਿਆ ਕਰੇਗੀ, ਤੇ ਭਾਦੋਂ ਦੀ ਮੱਸਿਆ ਦਾ ਮਹਾਤਮ ਵਧੇਰੇ ਹੋਵੇਗਾ।

ਗੁਰਦਾਸ ਜੀ ਦੇ ਕਹਿਣ 'ਤੇ ਗੁਰੂ ਜੀ ਚੋਲ੍ਹਾ ਸਾਹਿਬ ਗਏ। ਗੁਰਦਾਸ ਜੀ ਨੇ ਓਥੋਂ ਦੀ ਕਥਾ ਸੁਣਾਈ, ਕਿ ਪ੍ਰਿਥੀਏ ਦੀ ਈਰਖਾ ਕਾਰਨ ਪੰਜਵੇਂ ਪਾਤਸ਼ਾਹ ਪਹਿਲਾਂ ਸਿਰਹਾਲੀ ਆਏ। ਲੋਕ ਬੜੀ ਪੂਜਾ ਕਰਨ ਲੱਗੇ। ਓਥੇ ਇਕ ਜੋਗੀ ਰਹਿੰਦਾ ਸੀ। ਉਹ ਬਹੁਤ ਸੜਿਆ। ਉਹਨੇ ਲੋਕਾਂ ਨੂੰ ਭੜਕਾਇਆ, ਕਿ ਗੁਰੂ ਬਾਦਸ਼ਾਹ ਦਾ ਭਗੌੜਾ ਹੈ। ਇਸਨੂੰ ਏਥੋਂ ਕਢ ਦਿਓ, ਨਹੀਂ ਤਾਂ ਦੁੱਖ ਪਾਉਗੇ।

ਪਿੰਡ ਦੇ ਲੋਕਾਂ ਨੇ ਗੁਰੂ ਜੀ ਨੂੰ ਪਿੰਡ ਛੱਡ ਜਾਣ ਵਾਸਤੇ ਕਿਹਾ। ਗੁਰੂ ਜੀ ਨੇ ਇਕ ਇੱਟ ਦੇ ਚਾਰ ਟੁਕੜੇ ਕਰਕੇ ਚੌਹੀਂ ਪਾਸੀਂ ਸੁੱਟੇ। ਤਿੰਨ ਟੁਕੜੇ ਬਾਬਾ ਬੁਢਾ ਜੀ ਨੇ ਲਿਆ ਕੇ ਜੋੜ ਦਿਤੇ, ਪਰ ਚੌਥਾ ਨਾ ਲੱਭਾ। ਗੁਰੂ ਜੀ ਨੇ ਕਿਹਾ, ਤਿੰਨੀਂ ਪਾਸੀਂ ਫ਼ਸਲ ਹੋਵੇਗੀ, ਚੌਥੇ ਪਾਸੇ ਕੱਲਰ ਪੈ ਜਾਵੇਗਾ।

ਅੰਸੂ ੧੩

(ਚੋਲ੍ਹਾ-ਭੈਣੀ)

ਪੰਜਵੇਂ ਗੁਰੂ ਜੀ ਇਸ ਨੱਗਰ ਵਿਚ ਆ ਉੱਤਰੇ। ਪਿੰਡ ਦਾ ਪੈਂਚ ਆ ਕੇ ਚਰਨੀ ਲੱਗਾ, ਪ੍ਰਸਾਦ ਭੇਟ ਕੀਤਾ। ਪੈਂਚ (ਨੰਬਰਦਾਰ) ਦੇ ਘਰ ਵਾਲੀ ਗੁਰੂ ਜੀ ਵਾਸਤੇ ਚੂਰੀ ਕੱਟ ਕੇ ਲਿਆਈ। ਗਰ ਜੀ ਬੜੇ ਪਰਸੰਨ ਹੋਏ।

ਸੰਗਤ ਇਕੱਠੀ ਹੋ ਗਈ। ਗੁਰੂ ਜੀ ਦੇ ਪੁਛਣ 'ਤੇ ਲੋਕਾਂ ਨੇ ਪਿੰਡ ਦਾ ਨਾਮ 'ਭੈਣੀ' ਦੱਸਿਆ। ਗੁਰੂ ਜੀ ਨੇ ਕਿਹਾ, ਅੱਜ ਤੋਂ ਇਸਦਾ ਨਾਮ 'ਚੋਲ੍ਹਾ' ਹੋ ਗਿਆ।

ਇਕ ਆਦਮੀ ਨੇ ਵਿਚੋਂ ਕਿਹਾ, 'ਜੀ ਨਾਮ ਭੈਣੀ ਹੈ, ਚੋਲ੍ਹਾ ਕਿਵੇਂ ਹੋ ਗਿਆ।'

ਉਸ ਆਦਮੀ ਨੇ ਤਿੰਨ ਵਾਰ ਵਾਕ ਉਲਟਾਇਆ, ਕਿ ਨਾਮ ਭੈਣੀ ਹੈ। ਗੁਰੂ ਜੀ ਨੇ ਕਿਹਾ, ਇਹ ਕਮਲਾ ਕੀ ਕਹੀ ਜਾਂਦਾ ਹੈ।

ਉਹ ਆਦਮੀ ਓਸੇ ਵੇਲੇ ਕਮਲਾ ਹੋ ਗਿਆ।

ਬਾਕੀ ਲੋਕਾਂ ਨੇ ਬੇਨਤੀ ਕੀਤੀ, ਤਾਂ ਗੁਰੂ ਜੀ ਨੇ ਕਿਹਾ, 'ਵਾਕ ਬਿਲਕੁਲ ਨਹੀਂ

Digitized by Panjab Digital Library | www.panjabdigilib.org

ਬਦਲ ਸਕਦਾ। ਕੁਛ ਸੁੱਧ ਹੋ ਜਾਇਗੀ, ਪਰ ਕੁਛ ਕੁਛ ਕਮਲਾ ਹੀ ਰਹੇਗਾ। ਇਸਦੀ ਕੁਲ ਵਿਚੋਂ ਇਕ ਏਸਤਰਾਂ ਦਾ ਰਿਹਾ ਕਰੇਗਾ।

ਫਿਰ ਨੱਗਰ ਦੇ ਲੋਕਾਂ ਬੇਨਤੀ ਕੀਤੀ, ਕਿ 'ਬੂਹ' ਨੱਗਰ ਦੇ ਲੋਕ ਸਾਡਾ ਮਾਲ ਨਹੀਂ ਚਰਨ ਦੇ ਦੇ। ਗੁਰੂ ਜੀ ਨੇ ਕਿਹਾ, ਬੂਹ ਜੂਹ ਹੋ ਜਾਇਗਾ (ਉਜੜ ਜਾਇਗਾ)

ਨੰਬਰਦਾਰ ਮਾਮਲਾ ਤਾਰਨ ਗਏ, ਤਾਂ ਸਰਕਾਰੀ ਕਾਗ਼ਜ਼ਾਂ ਵਿਚ ਵੀ 'ਭੈਣੀ' ਦੀ ਥਾਂ 'ਚੋਲ੍ਹਾ' ਹੀ ਲਿਖਿਆ ਸੀ।

ਗੁਰੂ ਜੀ ਤਿੰਨ ਦਿਨ ਚੋਲ੍ਹੇ ਰਹਿਕੇ ਓਥੋਂ ਤੁਰ ਪਏ।

ਅੰਸੂ ੧੪

(ਭਾਈ ਹੇਮਾ—ਗੁਰਦਾਸ ਜੀ ਸਮਾਏ)

ਗੁਰੂ ਜੀ ਜਿਸ ਥਾਂ ਆ ਕੇ ਬੈਠੇ, ਸਿੱਖਾਂ ਦੇ ਪੁਛਣ 'ਤੇ ਗੁਰੂ ਜੀ ਨੇ ਦੱਸਿਆ, ਇਹ ਗੁਰੂ ਨਾਨਕ ਜੀ ਦਾ ਅਸਥਾਨ 'ਪੱਠੇ ਵਿੰਡ' ਹੈ। ਇਹ ਬੇਦੀਆਂ ਦਾ ਪਿੰਡ ਸੀ। ਗੁਰੂ ਨਾਨਕ ਜੀ ਏਥੇ ਆ ਬੈਠੇ।

ਬੇਦੀਆਂ ਨੇ ਗੁੱਸੇ ਹੋ ਕੇ ਕਿਹਾ,

"ਕਹਾਂ ਬੇਦੀਅਨਿ ਬੰਸ ਲਜਾਵਾ।
ਬੇਖ ਫਕੀਰ, ਕੁਰਾਹੁ ਚਲਾਵਾ।੪।"

ਬੇਦੀਆਂ ਕਿਹਾ, ਆਪਣੇ ਆਪ ਉਠ ਕੇ ਚਲੇ ਜਾਓ, ਨਹੀਂ ਤਾਂ ਜ਼ਬਰਦਸਤੀ ਉਠਾ ਦਿਆਂਗੇ।

ਗੁਰੂ ਜੀ ਨੇ ਕਿਹਾ, ਜਿਸਦਾ ਮਾਣ ਕਰਦੇ ਹੋ, ਇਹ ਪਿੰਡ ਉਜੜ ਜਾਵੇਗਾ।

ਕੁਛ ਸਮੇਂ ਪਿੱਛੋਂ ਪਿੰਡ ਆਪਸ ਵਿਚ ਲੜ ਕੇ ਉਜੜ ਗਿਆ।

ਭਾਈ ਹੇਮਾ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਛੱਪਰੀ ਵਿਚ ਲੈ ਗਿਆ, ਤੇ ਪ੍ਰਸਾਦ ਛਕਾਇਆ। ਗੁਰੂ ਜੀ ਨੇ ਸਬਦ ਉਚਾਰਿਆ,

"ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ।...।"

(ਸੂਹੀ ਮ: ੫, ਪੰਨਾ ੭੪੫)

ਜਹਾਂਗੀਰ ਦੇ ਇਕ ਅਮਰਾਉ ਦਾ ਪਿੰਡ 'ਖਾਨ ਪੁਰਾ' ਸੀ। ਜੋ ਗੁਰੂ ਜੀ ਦੇ ਸਰਾਪ ਨਾਲ ਉਜੜ ਗਿਆ।

ਪੰਜਵੇਂ ਗੁਰਦੇਵ ਕਈ ਦਿਨ ਭਾਈ ਹੇਮੇ ਪਾਸ ਰਹੇ। ਗੁਰੂ ਜੀ ਦੀ ਹਜ਼ੂਰੀ ਵਿਚ ਹੇਮੇ ਨੇ ਸਰੀਰ ਤਿਆਗਿਆ। ਉਸਦਾ ਸਸਕਾਰ ਕਰਕੇ ਗੁਰੂ ਜੀ ਓਥੋਂ ਤੁਰੇ। ਇਹ ਸਾਰੀ ਕਥਾ ਬਿਧੀਚੰਦ ਨੇ ਸੁਣਾਈ।

ਛੇਵੇਂ ਗੁਰਦੇਵ ਓਥੋਂ ਚੱਲ ਕੇ ਗੋਇੰਦਵਾਲ ਜਾ ਪਹੁੰਚੇ।

ਅੰਤ ਸਮਾਂ ਆ ਗਿਆ ਜਾਣ ਕੇ ਭਾਈ ਗੁਰਦਾਸ ਜੀ ਨੇ ਕਿਹਾ,

"ਡਾਰਹੁ ਭਸਮ ਬਿਪਾਸਾ ਮਾਂਹੀ।

Digitized by Panjab Digital Library | www.panjabdigilib.org

ਮੇਰੀ ਮੜ੍ਹੀ ਕੀਜੀਏ ਨਾਂਹੀ ।੩੮।"

ਗੁਰਦਾਸ ਜੀ ਦੀ ਇੱਛਿਆ ਅਨੁਸਾਰ ਸਭ ਕੁਛ ਕਰਕੇ ਗੁਰੂ ਜੀ ਅੰਮ੍ਰਿਤਸਰ ਆ ਗਏ ।

ਅੰਸ ੧੫

(ਮਿਰਤਕ ਗੁਰ ਮਰਯਾਦਾ—ਭਾਈ ਜੱਲ੍ਹਣ)

ਬਿਧੀ ਚੰਦ ਪਾਸੋਂ ਗੁਰੂ ਜੀ ਨੇ ਭਾਈ ਗੁਰਦਾਸ ਦਾ ਪਾਠ ਕਰਾਇਆ ।

ਇਕ ਦਿਨ ਸ਼ਕਾਰ ਖੇਡਣ ਗਏ ਗੁਰੂ ਜੀ ਜੱਲ੍ਹਣ ਦੇ ਘਰ ਜਾ ਪੁੱਜੇ । ਜੱਲ੍ਹਣ ਤੇ ਉਸਦੀ ਪਤਨੀ 'ਰਾਮਕੀ' ਨੇ ਬਹੁਤ ਸੇਵਾ ਕੀਤੀ । ਗੁਰੂ ਜੀ ਨੇ ਪੁਛਿਆ, ਕਿ ਮੁਗ਼ਲ ਹਾਕਮ ਸਾਡੇ ਵੈਰ ਕਿਉਂ ਪੈ ਗਏ ਹਨ ?

ਜੱਲ੍ਹਣ ਨੇ ਕਿਹਾ, ਮੁਗ਼ਲ ਹਾਕਮਾਂ ਦੇ ਘਰ ਮਾਇਆ ਰੂਪ ਕੁੱਤੀ ਭੌਂਕਦੀ ਰਹੀ ਹੈ । ਤੁਸਾਂ ਓਹਾ ਮਾਇਆ ਪਾਵੇ ਨਾਲ ਬੰਨ੍ਹ ਛੱਡੀ ਹੈ । ਉਸਨੂੰ ਛੱਡ ਦਿਓ, ਤਾਂ ਸਭ ਵਿਰੋਧ ਮੁੱਕ ਜਾਇਗਾ ।

ਗੁਰੂ ਜੀ ਨੇ ਹੱਸ ਕੇ ਕਿਹਾ, ਤੂੰ ਭੋਲਾ ਭਗਤ ਹੈਂ, ਸਿਮਰਨ ਕਰੀ ਜਾਹ ।

ਇਕ ਰਾਤ ਜੱਲ੍ਹਣ ਦੇ ਘਰ ਗੁਜ਼ਾਰ ਕੇ ਗੁਰੂ ਜੀ ਆ ਗਏ ।

ਅੰਸ ੧੬

(ਜਨਮ ਸ੍ਰੀ ਹਰਿਰਾਏ—ਮਾਲਵੇ ਦਾ ਸਫ਼ਰ)

ਗੁਰਦਿੱਤਾ ਜੀ ਕੀਰਤਪੁਰ ਨਿਵਾਸ ਰੱਖ ਰਹੇ ਸਨ । ਮਾਤਾ ਨੱਤੀ ਜੀ ਦੇ ਘਰ ਦੂਸਰਾ ਸਾਹਿਬਜ਼ਾਦਾ ਹੋਇਆ । ਉਹਨਾਂ ਅੰਮ੍ਰਿਤਸਰ ਗੁਰੂ ਮਹਾਰਾਜ ਨੂੰ ਵਧਾਈ ਭੇਜੀ । ਗੁਰੂ ਜੀ ਨੇ ਉਸਦਾ ਨਾਮ 'ਹਰਿਰਾਏ' ਰਖਿਆ ।

ਸਾਂਈਦਾਸ ਵੱਲੋਂ ਸੱਦਾ ਆਇਆ, ਕਿ ਵਿਸਾਖੀ ਏਥੇ ਆ ਕੇ ਮਨਾਉ । ਗੁਰੂ ਜੀ ਨੇ ਵੀ ਸੋਚਿਆ, ਕਿ ਇਸ ਵਾਰ ਯੁੱਧ ਮਾਲਵੇ ਦੇ ਜੰਗਲਾਂ ਵਿਚ ਹੀ ਕਰਨਾ ਚਾਹੀਦਾ ਹੈ।

ਗੁਰੂ ਜੀ ਸਾਰੇ ਪਰਵਾਰ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਤੁਰ ਪਏ ।

ਅੰਸ ੧੭

ਸਹਿਜ ਸਹਿਜ ਮਹਾਰਾਜ ਸਣੇ ਪਰਵਾਰ ਤੇ ਫ਼ੌਜ ਡਰੋਲੀ ਜਾ ਪੁੱਜੇ ।

Digitized by Panjab Digital Library | www.panjabdigilib.org

ਅੰਸੂ ੧੮

(ਵੱਡੇ ਘਰ—ਭਾਈ ਸਾਧੂ)

'ਵੱਡਾ ਘਰ' ਨੱਗਰ ਵਿਚ ਇਕ ਸਿੱਖ 'ਆਕਲ' ਤਖਾਣ ਰਹਿੰਦਾ ਸੀ। ਛੇ ਮਹੀਨੇ ਪਿੱਛੋਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਜਾਂਦਾ। ਉਸਦੀ ਕੰਨਿਆਂ ਵਰ ਜੋਗ ਹੋਈ। ਪੰਡਤ ਰਾਹੀਂ ਉਸਦਾ ਰਿਸ਼ਤਾ 'ਤੁਕਲਾਣੀ' ਨੱਗਰ ਦੇ 'ਸਾਦਾ' ਦੇ ਪੁੱਤਰ 'ਸਾਧੂ' ਨਾਲ ਪੱਕਾ ਹੋਇਆ। 'ਸਾਦਾ' ਸਰਵਰ ਦਾ ਮੁਰੀਦ ਸੀ।

ਸਾਧੂ ਡੋਲੀ ਵਿਆਹ ਕੇ ਜਾ ਰਿਹਾ ਸੀ। ਰਸਤੇ ਵਿਚ ਗੁਰੂ ਸਾਹਿਬ ਦਾ ਡੇਰਾ ਸੀ। ਕੀਰਤਨ ਹੋ ਰਿਹਾ ਸੀ। ਆਕਲ ਦੀ ਕੰਨਿਆਂ ਨੇ ਕਹਾਰਾਂ ਨੂੰ ਕੁਛ ਪਸੇ ਦੇ ਕੇ ਡੋਲਾ ਅਟਕਾ ਲਿਆ, ਤੇ ਗੁਰੂ ਜੀ ਦੇ ਦਰਸ਼ਨਾਂ ਨੂੰ ਚਲੀ ਗਈ। ਗੁਰੂ ਜੀ ਨੇ ਕੰਨਿਆਂ ਦੇ ਵਿਆਹ ਵਾਲੇ ਕੱਪੜੇ ਵੇਖ ਕੇ ਪੁਛਿਆ, ਤਾਂ ਕੰਨਿਆਂ ਨੇ ਸਾਰੀ ਕਹਾਣੀ ਕਹਿ ਸੁਣਾਈ। ਗੁਰੂ ਜੀ ਨੇ ਵਰ ਦਿਤਾ,

"ਸਿੱਖੀ ਦਾਨ ਦੀਨਿ ਹਮ ਤੋਹੀ
ਅਧਿਕ ਸਿੱਖ ਤੇਰੇ ਸੁਤ ਹੋਈ।
ਪਤਿ ਭੀ ਸਿੱਖ ਹੋਇ ਹੈ ਭਲੇ।
ਗੁਰਸਿੱਖੀ ਕੇ ਮਾਰਗ ਚਲੇ।੩੬।"

ਸਾਧੂ ਇਕੱਲੇ ਨੂੰ ਵੇਖ ਕੇ ਉਸ ਦੇ ਪਿਤਾ ਨੇ ਡੋਲੀ ਬਾਰੇ ਪੁਛਿਆ, ਤਾਂ ਉਸ ਨੇ ਦੱਸਿਆ, ਕਿ ਉਹ ਗੁਰੂ ਨੂੰ ਮੱਥਾ ਟੇਕਣ ਗਈ ਹੈ। ਇਹ ਸੁਣ ਕੇ 'ਸਾਦਾ' ਬਹੁਤ ਗੁੱਸੇ ਹੋਇਆ। ਉਹਨੇ ਸਾਧੂ ਨੂੰ ਭੇਜਿਆ। ਸਾਧੂ ਵੀ ਗੁੱਸੇ ਭਰਿਆ ਗਿਆ। ਪਰ ਗੁਰੂ ਜੀ ਦੇ ਦਰਸ਼ਨ ਕਰਕੇ ਤੇ ਉਪਦੇਸ਼ ਸੁਣ ਕੇ ਉਹ ਵੀ ਸਿੱਖ ਬਣ ਗਿਆ।

ਡੋਲੀ ਘਰ ਪਹੁੰਚੀ, ਤਾਂ ਘਰ ਦੇ ਜੋੜੀ ਨੂੰ ਸਰਵਰ ਦੇ ਅਸਥਾਨ 'ਤੇ ਲੈ ਗਏ, ਤੇ ਮੱਥਾ ਟੇਕਣ ਵਾਸਤੇ ਕਿਹਾ। ਸਾਧੂ ਨੇ ਉਸ ਅਸਥਾਨ ਨੂੰ ਲੱਤ ਮਾਰ ਕੇ ਕਿਹਾ, 'ਮੈਂ ਤੁਰਕ ਦੀ ਪੂਜਾ ਤਿਆਗ ਦਿਤੀ ਹੈ।'

"ਗੁਰ ਤੇ ਪਾਹੁਲ ਲੇ ਹਮ ਆਏ।
ਇਸ ਥਲ ਕੋ ਅਬ ਦੇਉਂ ਢਹਾਏ।...੫੦।"

ਘਰਦੇ ਕਹਿਣ, ਇਹਦੀ ਮੱਤ ਮਾਰੀ ਗਈ ਹੈ।

ਸਾਧੂ ਨੇ ਰਾਤ ਉਠ ਕੇ ਸਰਵਰ ਦਾ ਅਸਥਾਨ ਢਾਹ ਦਿਤਾ। ਦਿਨੇ ਘਰ ਦੇ ਬਨਾਉਣ, ਤੇ ਉਹ ਰਾਤ ਨੂੰ ਢਾਹ ਦੇਵੇ।

ਅੰਸੂ ੧੯

(ਸਾਧੂ, ਰੂਪਾ)

ਸਾਲ ਪਿੱਛੋਂ ਸਾਧੂ ਦੇ ਘਰ ਪੁੱਤਰ ਹੋਇਆ। ਉਹ ਗੁਰੂ ਜੀ ਨੂੰ ਮੱਥਾ ਟਿਕਾਉਣ

Digitized by Panjab Digital Library | www.panjabdigilib.org

ਗਏ। ਗੁਰੂ ਜੀ ਨੇ ਉਸਦਾ ਨਾਮ ਰੂਪ ਚੰਦ (ਭਾਈ ਰੂਪਾ) ਰਖਿਆ।

ਜੇਠ ਦੇ ਮਹੀਨੇ ਇਕ ਦਿਨ ਪਿਤਾ ਤੇ ਪੁੱਤਰ (ਸਾਧੂ ਤੇ ਰੂਪਾ) ਜੰਗਲ ਵਿਚ ਲੱਕੜੀਆਂ ਵੱਢ ਰਹੇ ਸਨ। ਜਲ ਦਾ ਭਰਿਆ ਕੁੰਨਾ (ਕੱਪੜੇ ਦੀ ਛੋਟੀ ਮਸ਼ਕ) ਉਹਨਾਂ ਇਕ ਜੰਡ ਨਾਲ ਬੰਨ੍ਹ ਦਿਤਾ। ਤੇਹ ਲੱਗੀ ਤੇ ਉਹ ਪਾਣੀ ਵਾਸਤੇ ਆਏ, ਤਾਂ ਤੱਕਿਆ, ਪਾਣੀ ਬਹਤ ਠੰਢਾ ਸੀ। ਦੋਹਾਂ ਨੇ ਸੋਚਿਆ, ਗਰਮੀਆਂ ਵਿਚ ਐਨਾ ਠੰਢਾ ਪਾਣੀ ਗੁਰੂ ਜੀ ਦੇ ਲਾਇਕ ਹੈ। ਪਹਿਲਾਂ ਗੁਰੂ ਜੀ ਪੀਣਗੇ, ਤਾਂ ਫਿਰ ਪੀਵਾਂਗੇ।

ਗੁਰੂ ਜੀ ਉਸ ਸਮੇਂ ਡਰੋਲੀ ਆਰਾਮ ਕਰ ਰਹੇ ਸਨ। ਓਸੇ ਵੇਲੇ ਘੋੜੇ ਤੇ ਅਸਵਾਰ ਹੋ ਕੇ ਤੀਹ ਕੋਹ ਦੂਰ ਗੁਰੂ ਜੀ ਓਥੇ ਜਾ ਪਹੁੰਚੇ। ਦੋਵੇਂ ਸਿੱਖ ਉਠ ਕੇ ਚਰਨੀ ਲੱਗੇ। ਪਹਿਲਾਂ ਗੁਰੂ ਜੀ ਨੂੰ ਠੰਢਾ ਪਾਣੀ ਪਿਆਇਆ। ਫਿਰ ਦੋਹਾਂ ਨੇ ਆਪ ਪੀਤਾ।

ਅੰਸੂ ੨੦

(ਭਾਈ ਸਾਧੂ, ਰੂਪਾ)

ਗੁਰੂ ਜੀ ਨੇ ਸਿੱਖੀ ਦਾਨ ਬਖ਼ਸ਼ਿਆ, ਤੇ ਕਿਹਾ, ਹੁਣ ਘਰ ਵਿਚ ਬਹਿ ਕੇ ਗੁਰੂ ਕਾ ਲੰਗਰ ਚਲਾਓ, ਤੇ ਸਿੱਖੀ ਦਾ ਪਰਚਾਰ ਕਰੋ।

ਸਾਧੂ ਨੇ ਕਿਹਾ, ਕਿ ਸਾਰਾ ਪਿੰਡ ਮਨ-ਮਤੀਆਂ ਦਾ ਹੈ। ਅਸੀਂ ਤਾਂ ਸਗੋਂ ਉਸ ਵਿਚ ਬਹੁਤ ਔਖੇ ਹਾਂ।

ਗੁਰੂ ਜੀ ਨੇ ਕਿਹਾ, ਇਹ ਪਿੰਡ ਉਜੜ ਜਾਇਗਾ। ਤੁਸੀਂ ਆਪਣਾ ਵੱਖਰਾ ਪਿੰਡ ਵਸਾਉ।

ਸਾਧੂ ਦੀ ਪਤਨੀ ਨੇ ਵੀ ਆ ਕੇ ਦਰਸ਼ਨ ਕੀਤੇ। ਗੁਰੂ ਜੀ ਨੇ ਰੂਪ ਚੰਦ ਨੂੰ ਆਪਣੇ ਬਸਤਰ ਤੇ ਬਸਤਰ ਦਿਤੇ। ਉਹਨੇ ਆਪਣੇ ਸਿਰ 'ਤੇ ਧਰ ਲਏ।

ਪਿਛੋਂ ਬਿਧੀ ਚੰਦ ਆਦ ਕੁਛ ਸਿੱਖ ਵੀ ਪਹੁੰਚ ਗਏ। ਰੂਪਾ ਤੇ ਸਾਧੂ ਗੁਰੂ ਜੀ ਦੇ ਨਾਲ ਤੁਰ ਪਏ। ਚਾਰ ਕੋਹ ਆ ਗਏ, ਤਾਂ ਸੁੰਦਰ ਅਸਥਾਨ ਵੇਖ ਕੇ ਗੁਰੂ ਜੀ ਨੇ ਕਿਹਾ, ਏਥੇ ਆਪਣਾ ਨਵਾਂ ਪਿੰਡ ਵਸਾਉ।

ਪਿਛੋਂ ਪੈਂਦੇ ਖ਼ਾਂ ਆਦਿ ਕੁਛ ਹੋਰ ਵੀ ਪਹੁੰਚ ਪਏ। ਗੁਰੂ ਜੀ ਨੇ ਰਾਤ ਓਥੇ ਹੀ ਡਰਾ ਰੱਖਿਆ। ਸਵੇਰੇ ਉਠ ਕੇ ਗੁਰੂ ਜੀ ਨੇ ਆਪਣੇ ਹੱਥੀਂ ਨਵੇਂ ਪਿੰਡ ਦੀ 'ਮੋਹੜੀ ਗੱਡੀ' ਤੇ ਨਾਮ ਧਰਿਆ 'ਭਾਈ ਰੂਪਾ'।

ਅਗਲੇ ਦਿਨ ਗੁਰੂ ਜੀ ਵਾਪਸ ਡਰੋਲੀ ਆ ਗਏ।

ਅੰਸੂ ੨੧

(ਮਾਤਾ ਦਮੋਦਰੀ ਸੁਰਗਵਾਸ)

ਬਾਬਾ ਗੁਰਦਿੱਤਾ ਜੀ ਸਣੇ ਪਰਵਾਰ ਗੁਰੂ ਜੀ ਦੇ ਦਰਸ਼ਨ ਵਾਸਤੇ ਡਰੋਲੀ ਆਏ।

Digitized by Panjab Digital Library | www.panjabdigilib.org

ਸਭ ਨੇ ਪੁੱਤ ਤੇ ਪੋਤਰਿਆਂ ਨੂੰ ਪਿਆਰ ਕੀਤਾ। ਸਾਰਾ ਪਰਵਾਰ ਮਿਲ ਕੇ ਪਰਸੰਨ ਹੋਇਆ।

ਮਾਤਾ ਦਮੋਦਰੀ ਜੀ ਦਾ ਅੰਤ ਸਮਾਂ ਆ ਗਿਆ। ਆਪ ਕੁਸ਼ਾ[1] ਤੇ ਆਸਣ ਵਿਛਾ ਕੇ ਪੈ ਗਏ। ਗੁਰੂ ਜੀ ਦਾ ਧਿਆਨ ਧਰ ਕੇ ਆਪ ਜੋਤਿ ਵਿਚ ਜੋਤਿ ਸਮੋਂ ਗਏ, ੧੬੮੮ ਬਿ. ਵਿਚ।

ਅੰਸੂ ੨੨

(ਰਾਮੋ ਤੇ ਸਾਈਂ ਦਾਸ ਪਰਲੋਕ ਸਿਧਾਰੇ)

ਥੋੜ ਦਿਨਾਂ ਪਿੱਛੋਂ ਹੀ ਰਾਮੋ ਤੇ ਸਾਂਈਦਾਸ ਪਰਲੋਕ ਸਿਧਾਰ ਗਏ।

"ਸਭਿ ਕੇ ਸਤਿਗੁਰ ਪੁਸ਼ਪ ਚੁਨਾਏ।
ਧਰ ਡੋਰੇ ਸੁਰਿਸਰ ਪਹੁੰਚਾਏ ।੫।"

(ਪੁਸ਼ਪ=ਫੁੱਲ। ਏਥੇ ਥੋੜਾ ਜਿਹਾ ਸ਼ਬਦ-ਜੋੜ ਦਾ ਭੁਲੇਖਾ ਹੈ। ਸੁਰਿਸਰ ਦਾ ਅਰਥ ਹੈ ਮਾਨਸਰੋਵਰ, ਦੇਵਤਿਆਂ ਦਾ ਸਰੋਵਰ। ਤੇ ਸੁਰਸਰਿ ਦਾ ਅਰਥ ਹੈ, ਗੰਗਾ ਨਦੀ। ਮਾਨ ਸਰੋਵਰ ਫੁੱਲ ਭੇਜਣਾ ਅਸੰਭਵ ਹੈ। ਸੋ ਕਵੀ ਜੀ ਦਾ ਮਨੋਰਥ ਗੰਗਾ [ਹਰਿਦੁਆਰ] ਹੀ ਮਾਲੂਮ ਹੁੰਦਾ ਹੈ। ਇਹ ਸਭ ਪੰਡਤਾਂ ਦੇ ਦਬੱਾ ਥੱਲੇ ਹੀ ਨਹੀਂ ਮੰਨਿਆਂ ਜਾ ਸਕਦਾ, ਕਵੀ ਜੀ ਦੇ ਆਪਣੇ ਵਿਚਾਰ ਹੀ ਵਧੇਰੇ ਸਨਾਤਨੀ ਹਨ।)

ਗੁਰੂ ਜੀ ਨੇ ਸਾਰਾ ਪਰਵਾਰ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਰਤਾਰ ਪੁਰ ਭੇਜ ਦਿਤੀ।

ਨਾਲ ਹੀ ਪੈਂਦੇ ਖ਼ਾਨ ਨੂੰ ਵੀ ਘਰ ਭੇਜ ਦਿਤਾ।

ਅੰਸੂ ੨੩

(ਡਰੋਲੀਓਂ ਭਾਈ ਰੂਪੇ)

ਗੁਰੂ ਜੀ ਨੇ ਡਰੋਲੀ ਤੋਂ ਤਿਆਰੀ ਕਰ ਲਈ। ਘੋੜੇ 'ਤੇ ਚੜ੍ਹਨ ਲਗਿਆਂ,

"ਉਠ ਸਤਿਗੁਰ ਹਯ ਕੋ ਕਰਿ ਨਮੋ।
ਸ੍ਰੀ ਨਾਨਕ ਸਿਮਰੇ ਤਿਹ ਸਮੋ।...੨੫।"

(ਹਯ=ਘੋੜਾ। ਗੁਰੂ ਜੀ ਦਾ ਘੋੜੇ ਨੂੰ ਨਮਸਕਾਰ ਕਰਨਾ ਜਚਦਾ ਨਹੀਂ। ਕਈ ਵਾਰ ਕਵੀ ਆਪਣੇ ਲੋਰ ਵਿਚ ਉਹ ਸ਼ਬਦ ਲਿਖ ਜਾਂਦਾ ਹੈ, ਜੋ ਸਿਧਾਂਤ ਦੇ ਉਲਟ ਹੁੰਦੇ ਹਨ। ਐਸਾ ਠੀਕ ਨਹੀਂ।) ਗੁਰੂ ਜੀ ਦੇ ਨਾਲ ਤਿੰਨ ਹਜ਼ਾਰ ਫ਼ੌਜ ਵੀ ਤੁਰ

---

1 ਕੁਸ਼ਾ=ਦੱਭ। ਦੱਭ ਉਤੇ ਆਸਣ ਕਰਨਾ। (ਸਭ ਹਿੰਦੂ ਮੱਤ ਦਾ ਪ੍ਰਭਾਵ ਹੈ। ਮਾਲੂਮ ਹੁੰਦਾ ਹੈ, ਕਵੀ ਜੀ ਨੂੰ ਹਿੰਦੂ ਮਤ ਦੇ ਕਰਮ ਕਾਂਡ ਉਤੇ ਯਕੀਨ ਹੈ।)

Digitized by Panjab Digital Library | www.panjabdigilib.org

ਪਈ। ਇਕ ਰਾਤ ਰਸਤੇ ਵਿਚ ਕੱਟ ਕੇ ਅਗਲੇ ਦਿਨ ਗੁਰਦੇਵ ਨੱਗਰ 'ਭਾਈ ਰੂਪੇ' ਪੁੱਜ ਗਏ।

ਗੁਰੂ ਜੀ ਨੇ ਭਾਈ ਰੂਪੇ ਨੂੰ ਮੰਜੀ ਬਖ਼ਸ਼ੀ। ਨਾਲ ਹੀ ਵਰ ਦਿਤਾ, ਤੇਰੇ ਸੱਤ ਪੁੱਤਰ ਹੋਣਗੇ, ਤੇ ਅਗਾਂਹ ਬਹੁਤ ਬੰਸ ਵਧੇਗੀ।

ਅਸ੍ਟ ੨੪

(ਜੋਧ ਸ਼ਾਹ)

ਜੋਧ ਸ਼ਾਹ ਕਾਂਗੜ ਦਾ ਸਰਦਾਰ ਸੀ।

ਮਿੱਠਾ ਮਹਿਰ ਦੀ ਲੜਕੀ ਅਕਬਰ ਨਾਲ ਵਿਆਹੀ ਸੀ। ਜੋਧ ਸ਼ਾਹ ਮਿੱਠਾ ਮਹਿਰ ਦੀ ਅੰਸ ਵਿਚੋਂ ਸੀ। ਅਕਬਰ ਨੇ ਮਿੱਠਾ ਮਹਿਰ ਨੂੰ ਕਈ ਪਿੰਡ ਦੇ ਦਿਤੇ। ਮਿੱਠਾ ਮਹਿਰ ਦਾ ਪੁੱਤਰ 'ਚੈਨ ਬੇਗ' ਹੋਇਆ। ਚੈਨ ਬੇਗ ਦਾ ਪੁੱਤਰ 'ਉਮਰ ਸ਼ਾਹ' ਹੋਇਆ। ਉਮਰ ਸ਼ਾਹ ਦਾ ਅੱਗੇ ਜੋਧ ਸ਼ਾਹ ਹੋਇਆ। ਜੋਧ ਸ਼ਾਹ ਸਿੱਖਾਂ ਘਰ ਵਿਆਹਿਆ ਗਿਆ। ਉਸ ਸਿੱਖ ਲੜਕੀ ਦੀ ਪ੍ਰੇਰਨਾ ਨਾਲ ਜੋਧ ਸ਼ਾਹ ਗੁਰੂ ਜੀ ਦੇ ਦਰਸ਼ਨ ਵਾਸਤੇ ਆਇਆ। ਨਾਲ ਉਸਦਾ ਭਰਾ ਸਲੇਮ ਸ਼ਾਹ ਵੀ ਆਇਆ। ਜੋਧ ਸ਼ਾਹ ਦੀ ਪਤਨੀ ਨੂੰ ਗੁਰੂ ਨੇ ਸਿੱਖੀ ਦਾ ਵਰ ਦਿਤਾ। ਜੋਧ ਗੁਰੂ ਜੀ ਦਾ ਸਿੱਖ ਬਣਿਆਂ ਤੇ ਸਾਥ ਰਿਹਾ।

ਅੰਸ੍ ੨੫

(ਬਖਤ ਮੱਲ ਤਾਰਾ ਚੰਦ—ਘੋੜੇ),

ਬਖ਼ਤ ਮੱਲ ਤੇ ਤਾਰਾ ਚੰਦ ਕਾਬਲ ਦੇ ਮਸੰਦ ਸਨ। ਉਹ ਸੰਗਤ ਨੂੰ ਨਾਲ ਲੈ ਕੇ ਗੁਰ ਦਰਸ਼ਨ ਨੂੰ ਆਏ। ਰਾਹ ਵਿਚ ਉਹ ਲਾਹੌਰ ਰਹੇ ਸਨ। ਗੁਰੂ ਜੀ ਦੇ ਪੁੱਛਣ ਤੇ ਉਹਨਾਂ ਦੱਸਿਆ, ਕਿ ਸ਼ਾਹ ਜਹਾਨ ਨੇ ਈਦ ਦੇ ਦਿਨ ਬਾਹਰ ਲੋਕਾਂ ਸਾਮ੍ਹਣੇ ਆਉਣਾ ਸੀ। ਉਸਦੇ ਅੱਗੇ ਦੋ ਦਰਿਆਈ ਘੋੜੇ ਦਿਲਬਾਗ਼ ਤੇ ਗੁਲਬਾਗ਼ ਚੱਲ ਰਹੇ ਸਨ। ਸੰਗਤ ਨੇ ਉਹ ਘੋੜੇ ਵੇਖੇ, ਤਾਂ ਸੋਚਿਆ, ਕਿ ਇਹ ਘੋੜੇ ਗੁਰੂ ਜੀ ਪਾਸ ਹੋਣੇ ਚਾਹੀਦੇ ਹਨ।

ਸਭ ਅਸਥਾਨਾਂ ਦੇ ਦਰਸ਼ਨ ਕਰਕੇ ਕਾਬਲ ਦੀ ਸੰਗਤ ਵਾਪਸ ਚਲੀ ਗਈ।

ਅੰਸ੍ ੨੬

(ਦਰਿਆਈ ਘੋੜੇ)

ਘੋੜਿਆਂ ਦੀ ਸਿਫ਼ਤ ਸੁਣ ਕੇ ਗੁਰੂ ਜੀ ਦਾ ਦਿਲ ਕਰ ਆਇਆ ਉਹ ਘੋੜੇ

Digitized by Panjab Digital Library | www.panjabdigilib.org

ਲਿਆਉਣ ਵਾਸਤੇ। ਕੁਛ ਸੰਗਤ ਨੇ ਵੀ ਪ੍ਰੇਰਿਆ। ਸੰਗਤ ਨੇ ਇਹ ਵੀ ਕਿਹਾ, ਕਿ ਬਿਧੀਚੰਦ ਬਿਨਾਂ ਹੋਰ ਕੋਈ ਘੋੜੇ ਨਹੀਂ ਲਿਆ ਸਕਦਾ।

ਗੁਰੂ ਜੀ ਦੇ ਹੁਕਮ ਨਾਲ ਬਿਧੀ ਚੰਦ ਘੋੜੇ ਲਿਆਉਣ ਵਾਸਤੇ ਲਾਹੌਰ ਨੂੰ ਤੁਰ ਪਿਆ।

(ਕਵੀ ਜੀ ਦੀ ਲਿਖਤ ਤੋਂ ਸਿੱਧ ਹੁੰਦਾ ਹੈ, ਕਿ ਉਹ ਘੋੜੇ ਬਾਦਸ਼ਾਹ ਦੇ ਸਨ। ਗੁਰੂ ਜੀ ਨੇ ਬਾਦਸ਼ਾਹ ਦੇ ਘੋੜੇ ਚੋਰੀ ਕਰਨ ਵਾਸਤੇ ਬਿਧੀ ਚੰਦ ਨੂੰ ਭੇਜਿਆ। ਇਹ ਸੱਚ ਮੰਨ ਲਿਆ ਜਾਏ, ਤਾਂ ਕਿਸੇ ਦੀ ਚੀਜ਼ ਚੁਰਾਉਣੀ ਸਿੱਖ ਮਰਯਾਦਾ ਦੇ ਉਲਟ ਹੈ। ਪਰ ਬਾਕੀ ਇਤਿਹਾਸਾਂ ਵਿਚ ਲਿਖਿਆ ਹੈ, ਕਿ ਉਹ ਘੋੜੇ ਕਾਬਲ ਦੀ ਸੰਗਤ ਗੁਰੂ ਜੀ ਵਾਸਤੇ ਲਿਆਈ ਸੀ, ਜੋ ਬਾਦਸ਼ਾਹ ਦੇ ਕਰਮਚਾਰੀਆਂ ਧੱਕੇ ਨਾਲ ਖੋਹ ਲਏ ਸਨ। ਇਹ ਗੱਲ ਮਨ ਨੂੰ ਵਧੇਰੇ ਜਚਦੀ ਹੈ। ਗੁਰੂ ਜੀ ਦੇ ਘੋੜੇ ਸ਼ਾਹੀ ਹਾਕਮਾਂ ਨੇ ਖੋਹ ਲਏ ਸਨ, ਜੋ ਬਿਧੀਚੰਦ ਲਿਆਇਆ।)

ਲਾਹੌਰ ਜਾ ਕੇ ਬਿਧੀ ਚੰਦ ਜੀਵਣ ਤਖਾਣ ਦੇ ਘਰ ਠਹਿਰਿਆ। ਬਿਧੀ ਚੰਦ ਦੀ ਇੱਛਿਆ ਅਨਸਾਰ ਜੀਵਣ ਨੇ ਇਕ ਰੰਬਾ ਬਣਾ ਦਿਤਾ। ਰੰਬਾ ਤੇ ਚਾਦਰ ਲੈ ਕੇ ਅਗਲੇ ਦਿਨ ਬਿਧੀ ਚੰਦ ਰਾਵੀ ਤੋਂ ਘਾਹ ਖੋਤਣ ਚਲਾ ਗਿਆ।

ਅੰਸੂ ੨੭

(ਬਿਧੀ ਚੰਦ ਘਸਿਆਰਾ)

ਘਾਹ ਦੀ ਪੰਡ ਖੋਤ ਕੇ ਬਿਧੀਆ ਕਿਲੇ ਦੇ ਬੂਹੇ ਅੱਗੇ ਆ ਬੈਠਾ। ਕੋਈ ਮੁੱਲ ਪੁਛਦਾ, ਤਾਂ ਉਹ ਇਕ ਰੁਪਇਆ[1] ਦਸਦਾ।

ਸ਼ਾਮ ਨੂੰ ਘੋੜਿਆਂ ਦੀ ਰਖਵਾਲੀ ਕਰਨ ਵਾਲਾ ਦਰੋਗਾ ਸੌਂਧੇ ਖ਼ਾਂ ਆਇਆ। ਉਸਨੇ ਘਾਹ ਦਾ ਮੁੱਲ ਪੁਛਿਆ, ਤਾਂ ਬਿਧੀਏ ਕਿਹਾ, ਜੋ ਦਿਹੋਗੇ, ਪਰਵਾਨ ਹੈ। ਦਰੋਗਾ ਬਿਧੀਏ ਨੂੰ ਘਾਹ ਚੁਕਾ ਕੇ ਅੰਦਰ ਲੈ ਗਿਆ। ਬਿਧੀਏ ਨੇ ਘੋੜਿਆਂ ਅੱਗੇ ਘਾਹ ਪਾਇਆ, ਤੇ ਨਾਲ ਹੀ ਉਹਨਾਂ ਦੀ ਮਿਹਤ ਕਰਨ ਲੱਗ ਪਿਆ। ਦਰੋਗੇ ਨੇ ਇਕ ਰੁਪਇਆ ਦਿਤਾ। ਬਿਧੀਏ ਨੇ ਰੁਪੈ ਦੇ ਪੈਸੇ ਲੈ ਕੇ ਗ਼ਰੀਬਾਂ ਨੂੰ ਵੰਡ ਦਿਤੇ।

ਰਾਤ ਬਿਧੀਆ ਜੀਵਣ ਦੇ ਘਰ ਪ੍ਰਸਾਦ ਛਕਦਾ, ਤੇ ਬਿਸਰਾਮ ਕਰਦਾ। ਤੜਕੇ ਫਿਰ ਘਾਹ ਲੈਣ ਚਲਾ ਜਾਂਦਾ।

ਬਿਧੀਆ ਸੋਚਦਾ ਹੈ, 'ਬਾਦਸ਼ਾਹ ਨੇ ਕਦੇ ਗੁਰੂ ਜੀ ਦਾ ਘੋੜਾ ਖੁਹ ਲਿਆ ਸੀ। ਮੈਂ ਹੁਣ ਬਦਲਾ ਲਵਾਂਗਾ, ਇਹ ਘੋੜੇ ਲੈ ਜਾਵਾਂਗਾ।'

ਬਿਧੀਏ ਨੇ ਆਪਣਾ ਨਾਮ 'ਕਸੇਰਾ' ਦੱਸਿਆ। ਦਸੌਂਧੇ ਖ਼ਾਂ ਨੇ ਉਸਨੂੰ ਘੋੜਿਆਂ ਦੀ ਸੇਵਾ ਵਾਸਤੇ ਨੌਕਰ ਰੱਖ ਲਿਆ। ਤਨਖ਼ਾਹ ਇਕ ਰੁਪਇਆ ਰੋਜ਼।

---

1 ਓਦੋਂ ਦਾ ਇਕ ਰੁਪਇਆ ਅੱਜ ਦੇ ਦੋ ਸੌ ਰੁਪਏ ਵਰਗਾ ਸੀ।

Digitized by Panjab Digital Library | www.panjabdigilib.org

ਅੰਸੂ ੨੮

(ਕਸੇਰੇ ਨੂੰ ਇਨਾਮ)

ਬਿਧੀ ਚੰਦ ਨੇ ਘੋੜਿਆਂ ਦੀ ਸਾਰੀ ਸੇਵਾ ਆਪ ਸੰਭਾਲ ਲਈ। ਕਿਲੇ ਵਿਚ ਹਰ ਸਮੇਂ ਆਉਣ ਜਾਣ ਦੀ ਉਹਨੂੰ ਖੁੱਲ੍ਹ ਮਿਲ ਗਈ। ਕੁਛ ਸਮੇਂ ਪਿਛੋਂ ਕਸੇਰੇ ਨੂੰ ਰਾਤ ਵੀ ਘੋੜਿਆਂ ਕੋਲ ਰਹਿਣ ਦੀ ਆਗਿਆ ਮਿਲ ਗਈ।

ਬਿਧੀਆ ਘਾਹ ਵਿਚ ਇਕ ਖੰਘਰ ਲੁਕਾ ਕੇ ਲੈ ਆਉਂਦਾ। ਰਾਤ ਨੂੰ ਉਹ ਦਰਿਆ ਵਿਚ ਸੁੱਟ ਦੇਂਦਾ[1], ਜਿਸ ਨਾਲ ਬਹੁਤ ਖੜਾਕ ਹੁੰਦਾ।

ਇਕ ਦਿਨ ਬਾਦਸ਼ਾਹ ਘੋੜੇ ਵੇਖ ਕੇ ਬਹੁਤ ਖ਼ੁਸ਼ ਹੋਇਆ, ਤੇ ਬਿਧੀਏ ਨੂੰ ਇਕ ਹਜ਼ਾਰ ਰੁਪੈ ਇਨਾਮ ਦਿਤਾ। ਬਿਧੀਏ ਨੇ ਉਹ ਦਰੋਗ਼ੇ ਪਾਸ ਰੱਖ ਦਿਤਾ।

ਅੰਸੂ ੨੯

(ਕਸੇਰੇ ਨੇ ਹੋਰ ਭੇਤ ਲੈਣੇ)

ਇਕ ਦਿਨ ਗੱਲਾਂ ਬਾਤਾਂ ਵਿਚ ਕਸੇਰੇ ਨੇ ਘੋੜਿਆਂ ਦੇ ਜ਼ੀਨ (ਕਾਠੀਆਂ) ਬਾਰੇ ਪੁੱਛਿਆ। ਇਕ ਸਾਥੀ ਨੇ ਦੱਸਿਆ, ਕਿ ਸਵਾ ਲੱਖ ਦਾ ਜ਼ੀਨ ਹੈ। ਕਸੇਰਾ ਮੰਨੇ ਨਾ। ਪਰ ਉਹਨੇ ਬੜਾ ਤਰਲਾ ਲਿਆ, ਕਿ ਮੈਨੂੰ ਇਕ ਵਾਰ ਜ਼ਰੂਰ ਵਿਖਾ ਦਿਹੋ।

ਚਾਬੀ ਵਾਲੇ ਨੇ ਕਿਹਾ, ਜੇ ਦਰੋਗਾ ਹੁਕਮ ਦੇ ਦੇਵੇ, ਤਾਂ ਵਿਖਾ ਦਿਆਂਗਾ। ਸੌਂਧੇ ਖ਼ਾਂ ਨੂੰ ਪੁਛਿਆ, ਤਾਂ ਉਸ ਕਿਹਾ, ਈਦ ਵਾਲੇ ਦਿਨ ਵੇਖ ਲੈਣਾ। ਕਸੇਰੇ ਨੇ ਜ਼ਿਦ ਕੀਤੀ, ਕਿ ਪਲ ਦਾ ਭਰੋਸਾ ਨਹੀਂ, ਈਦ ਤਕ ਕੌਣ ਉਡੀਕੇ। ਦਰੋਗ਼ੇ ਨੇ ਆਗਿਆ ਦੇ ਦਿਤੀ। ਚਾਬੀ ਵਾਲੇ ਨੇ ਕੱਢ ਕੇ ਵਿਖਾ ਦਿਤੇ, ਤੇ ਫਿਰ ਪਹਿਲੀ ਥਾਂ ਰੱਖ ਦਿਤੇ। ਕਸੇਰੇ ਨੇ ਸਭ ਕੁਛ ਜਾਚ ਲਿਆ, ਕਿ ਚਾਬੀ ਕਿੱਥੇ ਹੁੰਦੀ ਹੈ।

ਘੋੜਿਆਂ ਨੂੰ ਨਿਹਾਰੀ ਤਕ ਕਸੇਰਾ ਹੀ ਦੇਂਦਾ। ਘੋੜੇ ਉਸ ਨਾਲ ਬਹੁਤ ਹਿਲ ਗਏ। ਕਸੇਰਾ ਖਿੰਘਰ ਵੀ ਰੋਜ਼ ਹੀ ਲਿਆ ਕੇ ਅੱਧੀ ਰਾਤ ਦਰਿਆ ਵਿਚ ਸੁਟਦਾ। ਦੋ ਚਾਰ ਦਿਨ ਵੇਖ ਕੇ ਲੋਕ ਵੀ ਉਸ ਖੜਾਕ ਦੇ ਆਦੀ ਹੋ ਗਏ।

ਅੰਸੂ ੩੦

(ਕਸੇਰੇ ਵੱਲੋਂ ਜ਼ਿਆਫ਼ਤ)

ਇਕ ਦਿਨ ਸਾਥੀਆਂ ਨੇ ਕਿਹਾ, 'ਵੇਖ ਕਸੇਰਾ ਭਾਈ! ਤੈਨੂੰ ਬਾਦਸ਼ਾਹ ਪਾਸੋਂ ਏਨਾ ਇਨਾਮ ਮਿਲਿਆ ਏ, ਪਰ ਤੂੰ ਦੋਸਤਾਂ ਨੂੰ ਖੁਆਇਆ ਪਿਆਇਆ ਕੁਛ ਨਹੀਂ।'

---

1 ਉਸ ਸਮੇਂ ਦਰਿਆ ਰਾਵੀ ਕਿਲ੍ਹੇ ਦੀਆਂ ਕੰਧਾਂ ਨਾਲ ਵਗਦਾ ਸੀ।

Digitized by Panjab Digital Library | www.panjabdigilib.org

ਕਸੇਰੇ ਨੇ ਕਿਹਾ, 'ਭਈ, ਗ਼ਲਤੀ ਹੋ ਗਈ। ਤੁਸੀਂ ਮੁਸਲਮਾਨ ਹੋ, ਤੇ ਮੈਂ ਹਿੰਦੂ। ਖਾਣ ਵਾਸਤੇ ਤੁਸੀਂ ਮਨ ਭਾਉਂਦਾ ਬਣਾ ਲਵੋ, ਤੇ ਸ਼ਰਾਬ ਮੈਂ ਲੈ ਆਉਂਦਾ ਹਾਂ। ਖ਼ੂਬ ਮੌਜ ਮਾਣੋ।'

ਜੀਵਣ ਕੋਲੋਂ ਵੀਹ ਰੁਪੈ ਲੈ ਕੇ ਬਿਧੀਆ ਉਸਦੀ ਵਧੀਆ ਸ਼ਰਾਬ ਲੈ ਆਇਆ। ਪੰਜ ਰੁਪੈ ਉਹਨੇ ਹੋਰ ਸਾਥੀਆਂ ਨੂੰ ਦਿਤੇ, ਕਿ ਇਹਨਾਂ ਦਾ ਨਾਲ ਖਾਣ ਵਾਸਤੇ ਕੁਛ ਲੈ ਆਓ।

ਅੱਧੀ ਰਾਤ ਜਾਂਦੇ ਤਕ ਸਭ ਨੂੰ ਬੇਹੋਸ਼ ਕਰਕੇ ਸੁੱਟ ਦਿਤਾ।

ਅੰਸੂ ੩੧

(ਇਕ ਘੋੜਾ ਲੈ ਗਿਆ)

ਬਿਧੀਏ ਨੇ ਕੁੰਜੀ ਲੈ ਕੇ ਜੰਦਰਾ ਖੁਹਲਿਆ ਤੇ ਜ਼ੀਨ ਕਢਕੇ ਦਿਲਬਾਗ਼ ਉਤੇ ਪਾਇਆ। ਗੁਰੂ ਨੂੰ ਯਾਦ ਕਰਕੇ ਬਿਧੀ ਚੰਦ ਘੋੜੇ ਉਤੇ ਚੜ੍ਹਿਆ ਤੇ ਕਿਲੇ ਦੀ ਕੰਧ ਉਤਦੀ ਰਾਵੀ ਵਿਚ ਛਾਲ ਮਾਰ ਦਿਤੀ। ਘੋੜਾ ਤਰ ਕੇ ਦਰਿਆ ਪਾਰ ਹੋ ਗਿਆ।

ਇਹ ਤੁਕਾਂ ਪੜ੍ਹਦਾ ਬਿਧੀਆ ਰਾਹੇ ਪੈ ਗਿਆ,

"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ।
ਸਿਮਰਿ ਸਿਮਰਿ ਤਿਸੁ ਸਦਾ ਸੰਮਾਲੇ।"

(ਆਸਾ ਮ: ੫, ਪੰਨਾ ੩੯੪)

ਬਿਧੀ ਚੰਦ 'ਭਾਈ ਰੂਪੇ' ਗੁਰੂ ਜੀ ਪਾਸ ਘੋੜਾ ਲੈ ਪੁੱਜਾ। ਗੁਰੂ ਜੀ ਤੇ ਹੋਰ ਸਾਰੇ ਸਿੱਖ ਵੇਖ ਕੇ ਬਹੁਤ ਖ਼ੁਸ਼ ਹੋਏ।

(ਏਥੇ ਫਿਰ ਕਵੀ ਜੀ ਲਿਖਦੇ ਹਨ, ਕਿ ਬਾਦਸ਼ਾਹ ਨੇ ਜੋ ਘੋੜਾ ਗੁਰੂ ਜੀ ਵਾਸਤੇ ਆਉਂਦਾ ਸਿੱਖਾਂ ਪਾਸੋਂ ਖੁਹ ਲਿਆ ਸੀ, ਜੋ ਪਿਛੋਂ ਗੁਰੂ ਜੀ ਨੇ ਕਾਜ਼ੀ ਪਾਸੋਂ ਖ਼ਰੀਦਿਆ ਸੀ, ਬਿਧੀ ਚੰਦ ਨੇ ਉਸਦਾ ਬਦਲਾ ਲਿਆ। ਭਾਵ, ਦਿਲਬਾਗ਼ ਤੇ ਗੁਲਬਾਗ਼ ਬਾਦਸ਼ਾਹ ਦੇ ਹੀ ਸਨ।)

ਅੰਸੂ ੩੨

(ਦਿਲਬਾਗ ਉਦਾਸ)

ਕਿਲੇ ਵਿਚ ਰੌਲਾ ਪੈ ਗਿਆ। ਬਾਦਸ਼ਾਹ ਬਹੁਤ ਖ਼ਫ਼ਾ ਹੋਇਆ। ਖੋਜੀ ਮੰਗਵਾਏ। ਪਰ ਉਹ ਘੋੜੇ ਦਾ ਖੋਜ ਨਾ ਕਢ ਸੱਕੇ।

ਦੂਸਰੇ ਪਾਸੇ ਦਿਲਬਾਗ਼ ਵਿਕੱਲਾ ਬਹੁਤ ਉਦਾਸ ਹੋ ਗਿਆ। ਉਹਨੇ ਦਾਣਾ ਪੱਠਾ ਖਾਣਾ ਛੱਡ ਦਿਤਾ।

Digitized by Panjab Digital Library | www.panjabdigilib.org

ਅੰਸੂ ੩੩

(ਦੂੱਜਾ ਘੋੜਾ—ਜੋਧ ਰਾਏ)

ਗੁਰੂ ਜੀ ਨੇ ਦਿਲਬਾਗ਼ ਦਾ ਨਾਮ 'ਜਾਨਭਾਈ' ਰੱਖ ਦਿਤਾ।

ਘੋੜੇ ਨੂੰ ਉਦਾਸ ਵੇਖ ਕੇ ਗੁਰੂ ਜੀ ਨੇ ਬਿਧੀ ਚੰਦ ਨੂੰ ਹੁਕਮ ਕੀਤਾ, ਕਿ ਹੁਣ ਦਸਰਾ ਵੀ ਲਿਆਉ।

ਗੁਰੂ ਜੀ ਦਾ ਥਾਪੜਾ ਲੈ ਕੇ ਬਿਧੀ ਚੰਦ ਲਾਹੌਰ ਨੂੰ ਤੁਰ ਗਿਆ।

ਜੋਧ ਦੀ ਬੇਨਤੀ ਮੰਨ ਕੇ ਗੁਰੂ ਜੀ ਕਾਂਗੜ ਚਲੇ ਗਏ।

———

ਅੰਸੂ ੩੪

(ਬਿਧੀ ਚੰਦ ਰਮਲੀ ਬਣਿਆਂ)

ਇਸ ਵਾਰ ਬਿਧੀ ਚੰਦ ਭਾਈ ਬਹੋੜਾ ਦੇ ਘਰ ਟਿਕਿਆ। ਉਹ ਬਜਾਜੀ ਦੀ ਦੁਕਾਨ ਕਰਦਾ ਸੀ। ਬਿਧੀਏ ਨੇ ਕਿਹਾ, ਕਿ ਤਿੰਨ ਚੋਗ਼ੇ ਬਣਵਾ ਦਿਹੋ। ਇਕ ਤੋਂ ਦੂਸਰਾ ਛੋਟਾ ਤੇ ਦੂਸਰੇ ਤੋਂ ਤੀਸਰਾ। ਖੁੱਲ੍ਹਾ ਪਾਜਾਮਾ ਤੇ ਵੱਡੀ ਸਾਰੀ ਝਾਲਰ ਵਾਲੀ ਪੱਗ। ਨਾਲੇ ਇਕ ਸੰਗਲੀਆਂ ਦਾ ਗੁੱਛਾ।

ਬਿਧੀ ਚੰਦ ਨੇ ਪੂਰਬੀਏ ਅਲੀ ਦਾ ਭੇਸ ਬਣਾ ਲਿਆ। ਤੇੜ ਪਾਜਾਮਾ, ਜਿਸਦਾ ਨਾਲਾ ਲਮਕਦਾ ਸੀ। ਸਭ ਤੋਂ ਪਹਿਲਾਂ ਨੀਂਵਾਂ ਚੋਗ਼ਾ, ਉਸ ਤੋਂ ਉਪਰ ਛੋਟਾ ਤੇ ਉਸ ਉਤੇ ਸਭ ਤੋਂ ਛੋਟਾ। ਸਿਰ 'ਤੇ ਵੱਡੀ ਸਾਰੀ ਪੱਗ। ਦਾੜ੍ਹਾ ਅੱਧ ਵਿਚੋਂ ਚੀਰ ਕੇ ਦੋਹੀਂ ਪਾਸੀਂ ਕੰਨਾ ਉਦਾਲੇ ਵਲ ਕੇ ਬੰਨ੍ਹ ਲਿਆ। ਨੋਕਦਾਰ ਕੱਢੀ ਹੋਈ ਜੁੱਤੀ, ਤੇ ਹੱਥ ਵਿਚ ਸੰਗਲੀ। ਇਹ ਭੇਸ ਬਣਾ ਕੇ ਬਿਧੀ ਚੰਦ ਕਿਲ੍ਹੇ ਕੋਲ ਜਾ ਨਿਕਲਿਆ।

———

ਅੰਸੂ ੩੫

(ਬਿਧੀ ਚੰਦ ਦਰਬਾਰ ਵਿਚ)

ਬਿਧੀਚੰਦ ਕਿਲੇ ਦੇ ਸਾਮ੍ਹਣੇ ਜਾ ਬੈਠਾ ਤੇ ਲੋਕਾਂ ਨੂੰ ਟੇਵੇ ਦੱਸਣ ਲੱਗਾ। ਆਪਣਾ ਨਾਮ ਉਹ 'ਖੋਜੀ ਗਣਕ' ਦੱਸੇ।

ਕਿਸੇ ਨੌਕਰ ਨੇ ਖੋਜੀ ਬਾਰੇ ਦਰੋਗ਼ੇ ਨੂੰ ਜਾ ਦੱਸਿਆ। ਦਰੋਗ਼ੇ ਨੇ ਬਾਦਸ਼ਾਹ ਨੂੰ ਖ਼ਬਰ ਦਿਤੀ। ਬਾਦਸ਼ਾਹ ਨੇ ਖੋਜੀ ਨੂੰ ਅੰਦਰ ਬੁਲਾ ਲਿਆ।

ਕਚਹਿਰੀ ਵਿਚ ਖਲੋ ਕੇ ਬਿਧੀ ਚੰਦ ਨੇ ਰਮਲੀਆਂ ਵਾਂਗ ਸੰਗਲੀ ਸੁੱਟ ਕੇ,ਸੁੰਘ ਕੇ, ਤੇ ਫਿਰ ਪੱਟਿਆਂ ਤੇ ਗਿਣਕੇ ਕਿਹਾ, "ਬਾਦਸ਼ਾਹ! ਮੈਂ ਇਹ ਦੱਸ ਸਕਾਂਗਾ, ਕਿ ਘੋੜਾ ਕੌਣ ਤੇ ਕਿਵੇਂ ਲੈ ਗਿਆ ਹੈ, ਤੇ ਇਸ ਵੇਲੇ ਕਿੱਥੇ ਹੈ, ਪਰ ਪਹਿਲਾਂ ਮੈਨੂੰ ਉਹ ਥਾਂ ਵਿਖਾ ਦਿਹੋ।"

Digitized by Panjab Digital Library | www.panjabdigilib.org

ਬਾਦਸ਼ਾਹ ਨੇ ਘੋੜੇ ਦਾ ਪਤਾ ਦੇਣ ਬਦਲੇ ਚਾਰ ਲੱਖ ਦੇਣ ਦਾ ਵਾਹਦਾ ਕੀਤਾ। ਬਾਦਸ਼ਾਹ ਰਮਲੀ ਨਾਲ ਉਸ ਥਾਂ ਜਾ ਪਹੁੰਚਾ, ਜਿਥੋਂ ਘੋੜਾ ਚੋਰੀ ਹੋਇਆ ਸੀ।

ਅੰਸੂ ੩੬

(ਦੂੱਜਾ ਘੋੜਾ ਲੈ ਗਿਆ)

ਬਿਧੀ ਚੰਦ ਨੇ ਬੜੇ ਢੰਗ ਨਾਲ ਚਾਲ ਚੱਲੀ, ਸੁਲਝੇ ਹੋਏ ਰਮਲੀ ਵਾਂਗ ਉਸ ਨੇ ਸਭ ਵਿਖਾਵਾ ਕੀਤਾ।

ਬਾਦਸ਼ਾਹ ਨੇ ਕਿਹਾ, ਜੇ ਰਾਤ ਹੀ ਤੂੰ ਦੱਸ ਦੇਵੇਂ, ਤਾਂ ਸਵਾ ਲੱਖ ਇਨਾਮ ਹੋਰ ਦਿਆਂਗੇ।

ਬਿਧੀਏ ਨੇ ਕਿਹਾ, ਕਿ ਕਿਲੇ ਦੇ ਸਾਰੇ ਦਰਵਾਜ਼ੇ ਬੰਦ ਕਰਕੇ ਚਾਬੀਆਂ ਮੈਨੂੰ ਦੇ ਦੇਵੋ, ਤੇ ਸਭ ਅਪਣੇ ਆਪਣੇ ਥਾਂ ਉਸ ਰਾਤ ਵਾਂਗ ਸੌਂ ਜਾਵੋ। ਫਿਰ ਸਹੀ ਪਤਾ ਲੱਗ ਸਕੇਗਾ।

ਸਾਰਿਆਂ ਨੂੰ ਅੰਦਰ ਬੰਦ ਕਰਕੇ ਤੇ ਘੋੜੇ 'ਤੇ ਅਸਵਾਰ ਹੋ ਕੇ ਬਿਧੀ ਚੰਦ ਨੇ ਸਭ ਕੁਛ ਦੱਸ ਦਿਤਾ, ਕਿ ਮੈਂ ਬਿਧੀ ਚੰਦ ਹਾਂ। ਪਹਿਲਾ ਘੋੜਾ ਕਸੇਰਾ ਬਣ ਕੇ ਲੈ ਗਿਆ ਸਾਂ, ਤੇ ਇਹ ਨਜੂਮੀ ਬਣ ਕੇ। ਪਹਿਲਾ ਘੋੜਾ ਇਸ ਸਮੇਂ 'ਭਾਈ ਰੂਪੇ' ਗੁਰੂ ਹਰਿਗੋਬਿੰਦ ਸਾਹਿਬ ਪਾਸ ਹੈ।

ਤੁਸਾਂ ਜੋ ਮੈਨੂੰ ਤਨਖ਼ਾਹ ਤੇ ਇਨਾਮ ਦਿਤੇ ਸਨ, ਸਭ ਦਰੋਗ਼ੇ ਪਾਸ ਹਨ। ਤੇ ਹੁਣ ਵਾਲਾ ਪੰਜ ਲੱਖ ਇਨਾਮ ਵੀ। ਸੋ ਮੇਰਾ ਕਰਜ਼ ਘੋੜਿਆਂ ਦੇ ਮੁੱਲ ਨਾਲੋਂ ਵਧੇਰੇ ਹੈ। ਰਹਿੰਦੀ ਰਕਮ ਮੈਨੂੰ ਭੇਜ ਦੇਣੀ।

ਇਹ ਕਹਿ ਕੇ ਬਿਧੀ ਚੰਦ ਨੇ ਘੋੜਾ ਦੁੜਾਇਆ ਤੇ ਕਿਲੇ ਦੀ ਕੰਧ ਉਪਰ ਦੀ ਦਰਿਆ ਵਿਚ ਛਾਲ ਮਾਰ ਦਿਤੀ। ਚਾਬੀਆਂ ਦਰਿਆ ਵਿਚ ਸੁੱਟ ਦਿਤੀਆਂ, ਤੇ ਘੋੜਾ ਲੈ ਕੇ ਆਪਣੇ ਰਾਹੇ ਪੈ ਗਿਆ।

ਅੰਸੂ ੩੭

(ਗੁਰੂ ਦੇ ਹਜ਼ੂਰ)

ਦੂਸਰਾ ਘੋੜਾ ਲੈ ਕੇ ਬਿਧੀ ਚੰਦ 'ਭਾਈ ਰੂਪੇ' ਤੋਂ ਹੋ ਕੇ 'ਕਾਂਗੜ' ਗੁਰੂ ਜੀ ਦੇ ਹਜ਼ੂਰ ਜਾ ਪਹੁੰਚਾ। ਗੁਰੂ ਜੀ ਨੇ ਵਰ ਦਿਤਾ,

"ਬਿਧੀ ਚੰਦ ਛੀਨਾ, ਗੁਰ ਸੀਨਾ।...।੨੦।"

ਗੁਰੂ ਜੀ ਦੇ ਹੁਕਮ ਨਾਲ ਬਿਧੀ ਚੰਬ ਨੇ ਸਾਰੀ ਵਾਰਤਾ ਸੰਗਤ ਵਿਚ ਸੁਣਾਈ, ਜਿਵੇਂ ਉਹ ਦੂਸਰਾ ਘੋੜਾ ਗੁਲਬਾਗ਼ ਲਿਆਇਆ ਸੀ।

Digitized by Panjab Digital Library | www.panjabdigilib.org

ਅੰਸੂ ੩੮

(ਯੁੱਧ ਦੀ ਤਿਆਰੀ)

ਜੰਗ ਨੂੰ ਅਟੱਲ ਸਮਝ ਕੇ ਗੁਰੂ ਜੀ ਤਿਆਰੀ ਕਰਨ ਲੱਗੇ। ਭਾਈ ਜੋਧ ਨਾਲ ਫ਼ੈਸਲਾ ਹੋਇਆ, ਕਿ 'ਨਥਾਣੇ' ਵੱਲ ਜੰਗਲ ਵਿਚ ਇਕ ਢਾਬ ਹੈ, ਉਹ ਰੋਕ ਲਈ ਜਾਵੇ।

ਅੰਸੂ ੩੯

(ਕਾਂਗੜ ਤੋਂ ਕੂਚ)

ਗੁਰੂ ਜੀ ਕਾਂਗੜ ਛੱਡ ਕੇ ਜੰਗਲ ਵੱਲ ਤੁਰ ਪਏ। ਜੋਧ ਵੀ ਨਾਲ ਤੁਰਿਆ। ਗੁਰੂ ਜੀ ਨੇ 'ਗੁਲਬਾਗ਼' ਦਾ ਨਾਮ 'ਸੁਹੇਲਾ' ਰੱਖਿਆ।

ਤਿੰਨ ਹਜ਼ਾਰ ਫ਼ੌਜ ਗੁਰੂ ਜੀ ਦੀ ਸੀ, ਤੇ ਇਕ ਹਜ਼ਾਰ ਜੋਧ ਦੀ, ਰਲ ਕੇ ਕੁੱਲ ਚਾਰ ਹਜ਼ਾਰ ਹੋ ਗਈ।

ਕਾਂਗੜ ਤੋਂ ਦੱਖਣ ਵੱਲ ਪਾਣੀ ਦੀ ਢਾਬ ਸੀ ਜੰਗਲ ਵਿਚ। ਗੁਰੂ ਜੀ ਨੇ ਜਾ ਕੇ ਉਸ ਉਤੇ ਕਬਜ਼ਾ ਕਰ ਲਿਆ।

ਅੰਸੂ ੪੦

(ਜੰਗ ਆਰੰਭ)

ਉਸ ਢਾਬ ਦੇ ਦੋਹੀਂ ਪਾਸੀਂ—ਇਕ ਪਾਸੇ ਪਿੰਡ ਲਹਿਰਾ ਹੈ, ਤੇ ਇਕ ਪਾਸੇ ਮਰੂਾਜ ਹੈ। ਉਹ ਦੋਵੇਂ ਪਿੰਡ ਗੁਰੂ ਹਰਿਰਾਏ ਸਾਹਿਬ ਨੇ ਵਸਾਏ ਸਨ।

ਦੂਸਰੇ ਪਾਸੇ, ਸਾਰੇ ਜੰਦਰੇ ਤੋੜ ਕੇ ਬਾਦਸ਼ਾਹ ਤੇ ਉਸਦੇ ਨੌਕਰ ਕਮਰਿਆਂ ਚੋਂ ਬਾਹਰ ਨਿਕਲੇ। ਗ਼ੁੱਸ ਵਿਚ ਆ ਕੇ ਬਾਦਸ਼ਾਹ ਨੇ ਸਾਰੇ ਜਰਨੈਲ ਬੁਲਾ ਲਏ।

ਅੰਸੂ ੪੧

(ਲਲਾ ਬੇਗ ਦੀ ਚੜ੍ਹਾਈ)

ਬਾਦਸ਼ਾਹ ਨੇ ਆਪ ਚੜ੍ਹਾਈ ਕਰਨ ਬਾਰੇ ਕਿਹਾ, ਤਾਂ ਵਜ਼ੀਰ ਖ਼ਾਨ ਤੇ ਕਿੰਚ ਬੇਗ ਨੇ ਇਸਦਾ ਵਿਰੋਧ ਕੀਤਾ। ਉਹਨਾਂ ਕਿਹਾ, ਕਿ ਛੋਟੀ ਜੇਹੀ ਮੁਹਿੰਮ 'ਤੇ ਬਾਦਸ਼ਾਹ ਦਾ ਜਾਣਾ ਠੀਕ ਨਹੀਂ, ਕਿਸੇ ਜਰਨੈਲ ਨੂੰ ਭੇਜ ਦਿਓ।

ਲਲਾ ਬੇਗ ਜੁੱਧ ਵਾਸਤੇ ਤਿਆਰ ਹੋਇਆ। ਨਾਲ ਉਸਦਾ ਭਾਈ ਕਮਰ ਬੇਗ, ਤੇ ਦੋਵੇਂ ਪੁੱਤਰ ਕਾਸਮ ਬੇਗ ਤੇ ਸ਼ੁਮਸ ਬੇਗ ਤਿਆਰ ਹੋ ਪਏ। ਨਾਲ ਹੀ ਲਲਾ ਬੇਗ

Digitized by Panjab Digital Library | www.panjabdigilib.org

ਦਾ ਭਣੇਵਾਂ ਚੜ੍ਹਿਆ। ਕੁੱਲ ਪੈਂਤੀ ਹਜ਼ਾਰ ਫ਼ੌਜ ਚੜ੍ਹੀ।

ਅੰਸੂ ੪੨

(ਸ਼ਾਹੀ ਫ਼ੌਜ ਮਾਲਵੇ ਪੁੱਜੀ)

ਗੁਰੂ ਜੀ ਨੇ ਭਾਈ ਬਹਿਲੋ ਨੂੰ ਕਿਹਾ,

"ਭੂਤ ਪ੍ਰੇਤ ਚਾਰਿਹੁ ਦਿਸਿ ਕੇਰੇ।
ਸ੍ਰੀ ਗੁਰ ਬਸੀ ਕਰੇ ਸਭਿ ਤੇਰੇ ।੩੦।
ਤਿਨ ਤੇ ਸੁਧ ਮੰਗਵਾਇ ਸੁਨਾਵਹੁ।
ਜਹਿਂ ਲਸ਼ਕਰ, ਅਬ ਤਹਾਂ ਬਤਾਵਹੁ।...੩੧।"

(ਇਸ ਦਾ ਅਰਥ ਹੈ, ਕਿ ਮਹਾਰਾਜ ਭੂਤਾਂ ਪ੍ਰੇਤਾਂ 'ਤੇ ਯਕੀਨ ਰੱਖਦੇ ਸਨ। ਆਪ ਜਾਣੀ ਜਾਣ ਨਹੀਂ, ਭੂਤਾਂ ਰਾਹੀਂ ਪਤਾ ਮੰਗਾਉਂਦੇ ਹਨ। ਫਿਰ ਭੂਤਾਂ ਦੇ ਬਲ ਨਾਲ ਹੀ ਵੈਰੀ ਨੂੰ ਤਬਾਹ ਕਿਉਂ ਨਾ ਕਰ ਦਿਤਾ। ਸਹੀ ਗੱਲ ਹੈ, ਕਿ ਕਵੀ ਜੀ ਪੁਰਾਣਕ ਕਥਾਵਾਂ 'ਤੇ ਪੂਰਾ ਭਰੋਸਾ ਰਖਦੇ ਹਨ। ਓਹਾ ਦੇਵੀ ਦੇਵਤੇ, ਓਹਾ ਭੂਤ ਪ੍ਰੇਤ। ਪੰਡਤਾਂ ਵਾਲਾ ਵਹਿਮ।)

ਭਾਈ ਬਹਿਲੋ ਨੇ ਪ੍ਰੇਤ ਭੇਜਿਆ। ਉਸਨੇ ਆ ਕੇ ਦੱਸਿਆ, ਕਿ ਵੈਰੀ ਦਰਿਆ ਪਾਰ ਕਰ ਰਿਹਾ ਹੈ।

ਗੁਰੂ ਜੀ ਨੇ ਕਿਹਾ, ਕਿਸੇ ਪ੍ਰੇਤ ਨੂੰ ਭੇਜ ਦਿਹ, ਜੋ ਸਾਨੂੰ ਵੈਰੀ ਦੇ ਟਿਕਾਣੇ ਦਾ ਪਤਾ ਦੇਂਦਾ ਰਹੇ।

ਬਹਿਲੋ ਨੇ ਇਕ ਭੂਤਨੀ ਭੇਜੀ। ਤੁਰਕ ਦਲ ਵਿਚ ਇਕ ਮੌਲਾਣਾ ਭੂਤ-ਵਿੱਦਿਆ ਜਾਣਦਾ ਸੀ। ਉਸਨੇ ਉਹ ਭੂਤਨੀ ਫੜ ਕੇ ਕੈਦ ਕਰ ਲਈ।

ਗੁਰੂ ਜੀ ਦੇ ਪੁਛਣ ਤੇ ਬਹਿਲੋ ਨੇ ਕਿਹਾ, ਕਿ ਵੈਰੀ ਦਲ ਦਾ ਪਤਾ ਕਰਨ ਇਕ ਭੂਤਨੀ ਭੇਜੀ ਹੈ। ਗੁਰੂ ਜੀ ਨੇ ਕਿਹਾ, ਤੇਰੀ ਭੂਤਨੀ ਵੈਰੀ ਨੇ ਕੈਦ ਕਰ ਲਈ ਹੈ। ਤੇ ਵੈਰੀ ਦਲ ਆ ਰਿਹਾ ਹੈ।

(ਕਵੀ ਜੀ ਇਹ ਇਤਿਹਾਸ ਲਿਖ ਰਹੇ ਹਨ, ਜਾਂ 'ਭੂਤਨਾਥ' ਦਾ ਅਗਲਾ ਭਾਗ ?

ਅੰਸੂ ੪੩

(ਹਸਨ ਖ਼ਾਂ ਦੂਤ)

ਲਲਾ ਬੇਗ ਨੇ ਹਸਨ ਖ਼ਾਂ ਨੂੰ ਭੇਜਿਆ, ਕਿ ਗੁਰੂ ਜੀ ਦੀ ਫ਼ੌਜ ਦਾ ਭੇਤ ਲਿਆਵੇ। ਉਹ ਭੇਸ ਬਦਲ ਕੇ ਗਿਆ, ਪਰ ਪਕੜਿਆ ਗਿਆ। ਸਿੱਖ ਉਸਨੂੰ ਮਾਰਦੇ ਕੁੱਟਦੇ ਗੁਰੂ ਜੀ ਪਾਸ ਲੈ ਗਏ। ਉਸਨੇ ਦੁਸ਼ਮਣ ਦਲ ਦੀ ਸਾਰੀ ਖ਼ਬਰ ਗੁਰੂ ਜੀ ਨੂੰ ਦੇ ਦਿਤੀ। ਗੁਰੂ ਜੀ ਨੇ ਉਸਨੂੰ ਪੱਗ ਦੇ ਕੇ ਛੱਡ ਦਿਤਾ, ਕਿ ਜਾਹ, ਜਾ ਕੇ ਲਲਾ ਬੇਗ ਨੂੰ ਸਾਰਾ

Digitized by Panjab Digital Library | www.panjabdigilib.org

ਹਾਲ ਦੱਸ ਦਿਹ ।

ਹਸਨ ਖ਼ਾਂ ਵਾਪਸ ਲਲਾ ਬੇਗ ਪਾਸ ਗਿਆ । ਉਸਨੇ ਗੁਰੂ ਜੀ ਤੇ ਯੋਧੇ ਸਿੱਖਾਂ ਦੀ ਬੜੀ ਤਾਰੀਫ਼ ਕੀਤੀ । ਲਲਾ ਬੇਗ ਨੇ ਸੋਚਿਆ, ਹਸਨ ਖ਼ਾਂ ਰਿਸ਼ਵਤ ਲੈ ਕੇ ਵੈਰੀ ਨਾਲ ਮਿਲ ਗਿਆ ਹੈ । ਉਹਨੇ ਕੁੱਟ ਮਾਰ ਕੇ ਉਹਨੂੰ ਫ਼ੌਜ ਵਿਚੋਂ ਕੱਢ ਦਿਤਾ ।

. ਹਸਨ ਖ਼ਾਂ ਵਾਪਸ ਗੁਰੂ ਜੀ ਦੇ ਚਰਨੀ ਜਾ ਪਿਆ । ਗੁਰੂ ਜੀ ਨੇ ਉਸਨੂੰ ਪਾਸ ਰੱਖ ਲਿਆ । ਤੇ ਨਾਲ ਹੀ ਵਰ ਦਿਤਾ, ਕਿ ਬਾਦਸ਼ਾਹ ਤੇਰਾ ਰੁਤਬਾ ਵਧਾ ਕੇ ਕਾਬਲ ਦਾ ਹਾਕਮ ਬਣਾ ਦੇਵੇਗਾ ।

ਅੰਸੂ ੪੪

(ਜੰਗ ਸ਼ੁਰੂ)

ਵੈਰੀ ਮਾਰ ਹੇਠ ਆਏ, ਤਾਂ ਸਿੱਖਾਂ ਨੇ ਅੱਗੋਂ ਤੀਰਾਂ ਗੋਲੀਆਂ ਨਾਲ ਸਵਾਗਤ ਕੀਤਾ । ਗੁਰੂ ਜੀ ਨੇ ਜੋਧ ਰਾਇ ਤੇ ਜਾਤੀ ਮਲਕ ਨੂੰ ਹਮਲੇ ਦਾ ਹੁਕਮ ਦਿਤਾ ।

ਓਧਰੋਂ ਸੱਤ ਹਜ਼ਾਰ ਫ਼ੌਜ ਲੈ ਕੇ ਕਮਰਬੇਗ ਸਾਮ੍ਹਣੇ ਆਇਆ । ਉਸਦੇ ਸਾਮ੍ਹਣੇ ਜੋਧ ਰਾਇ ਦਾ ਭਰਾ ਸ਼ਾਹ ਸਲੇਮ ਆ ਗੱਜਿਆ । ਉਸਦੇ ਨਾਲ ਪੰਜ ਸੌ ਜਵਾਨ ਸੀ । ਪਰ ਉਸ ਪੰਜ ਸੌ ਨੇ ਵੈਰੀ ਦਾ ਬਹੁਤ ਨੁਕਸਾਨ ਕੀਤਾ ।

ਅੰਸੂ ੪੫

(ਜੰਗ ਜਾਰੀ)

ਫਿਰ ਭੀਖਨ ਖ਼ਾਨ ਤੇ ਗੁਲ ਖ਼ਾਨ ਮੈਦਾਨ ਵਿਚ ਆ ਗਏ । ਉਹਨਾਂ ਨਾਲ ਅੱਠ ਹਜ਼ਾਰ ਫ਼ੌਜ ਸੀ । ਰਾਤ ਦੇ ਹਨ੍ਹੇਰੇ ਵਿਚ ਸੱਤ ਹਜ਼ਾਰ ਪਹਿਲੀ ਤੇ ਅੱਠ ਹਜ਼ਾਰ ਇਹ, ਵੈਰੀ ਦੀ ਸੈਨਾ ਮਾਰੀ ਗਈ ।

(ਜੰਗ ਦਾ ਵਰਣਨ ਬਹੁਤ ਸੁੰਦਰ ਹੈ ।)

ਅੰਸੂ ੪੬

(ਜੰਗ ਜਾਰੀ)

ਕਹਿਰ ਦੀ ਸਰਦੀ ਤੇ ਹਨੇਰੀ ਰਾਤ, ਬਹੁਤ ਸਾਰੇ ਵੈਰੀ ਆਪਸ ਵਿਚ ਹੀ ਲੜ ਮਰੇ ।

Digitized by Panjab Digital Library | www.panjabdigilib.org

ਅੰਸੂ ੪੭

(ਦਿਨ ਚੜ੍ਹੇ ਦਾ ਜੰਗ)

ਰਾਤ ਰਾਤ ਵਿਚ ਪੰਝੀ ਹਜ਼ਾਰ ਵੈਰੀ ਮਾਰਿਆ ਗਿਆ ।

ਹਸਨ ਖ਼ਾਂ ਗੁਰੂ ਜੀ ਪਾਸ ਖਲਾ ਸਭ ਵੈਰੀ ਜਰਨੈਲਾਂ ਬਾਰੇ ਦੱਸ ਰਿਹਾ ਸੀ, ਕਿ ਕਿਹੜਾ ਕੌਣ ਹੈ । ਲਲਾ ਬੇਗ ਦੇ ਸੁਨਹਿਰੀ ਖੋਲ ਸੀ । ਗੁਰੂ ਜੀ ਨੇ ਤੀਰ ਮਾਰ ਕੇ ਉਹ ਉਡਾ ਦਿਤਾ ।

ਅੰਸੂ ੪੮

(ਜੰਗ ਜਾਰੀ)

ਲਲਾ ਬੇਗ ਨੇ ਕ੍ਰੋਧ ਵਿਚ ਆ ਕੇ ਸਾਰੀ ਫ਼ੌਜ ਜੰਗ ਵਿਚ ਝੋਕ ਦਿਤੀ । ਇਸ ਹਮਲੇ ਵਿਚ ਵੈਰੀ ਦਾ ਬਹੁਤ ਨੁਕਸਾਨ ਹੋਇਆ ।

ਅੰਸੂ ੪੯

(ਕਾਬਲੀ ਬੇਗ ਮਰਿਆ)

ਕਾਬਲੀ ਬੇਗ ਮੰਨਿਆਂ ਹੋਇਆ ਯੋਧਾ ਸੀ । ਉਸਨੇ ਗੁਰੂ ਜੀ ਨੂੰ ਤਲਵਾਰ ਯੁੱਧ ਵਾਸਤੇ ਵੰਗਾਰਿਆ, ਤੇ ਕਈ ਵਾਰ ਕੀਤੇ । ਅੰਤ ਗੁਰੂ ਜੀ ਦੇ ਵਾਰ ਨਾਲ ਕਾਬਲੀ ਬੇਗ ਇਕ ਤੋਂ ਦੋ ਹੋ ਕੇ ਡਿਗ ਪਿਆ ।

ਅੰਸੂ ੫੦

(ਕੰਬਰ ਬੇਗ ਮਰਿਆ)

ਕੰਬਰ ਬੇਗ ਤੇ ਜੋਧ ਰਾਇ ਦਾ ਟਾਕਰਾ ਹੋਇਆ । ਕੰਬਰ ਬੇਗ ਜੋਧ ਰਾਏ ਦੇ ਹੱਥੋਂ ਮਾਰਿਆ ਗਿਆ ।

ਅੰਸੂ ੫੧

(ਕਾਸਮ ਬੇਗ ਮਰਿਆ)

ਕਾਸਮ ਬੇਗ ਨੇ ਹੱਲਾ ਕੀਤਾ, ਤਾਂ ਉਹ ਭਾਈ ਲੱਖੂ ਹੱਥੋਂ ਮਾਰਿਆ ਗਿਆ ।

Digitized by Panjab Digital Library | www.panjabdigilib.org

ਅੰਸੂ ੫੨

(ਭਾਈ ਜੇਠਾ---ਸ਼ੰਮਸ ਬੇਗ ਮਰਿਆ)

ਵੈਰੀ ਦੇ ਘੇਰੇ ਵਿਚ ਆ ਕੇ ਭਾਈ ਜੇਠਾ ਸ਼ਹੀਦ ਹੋ ਗਿਆ। ਸ਼ੰਮਸ ਬੇਗ ਜਾਤੀ ਮਲਿਕ ਦੇ ਹੱਥੋਂ ਮਾਰਿਆ ਗਿਆ।

ਅੰਸੂ ੫੩

(ਲਲਾ ਬੇਗ ਮਰਿਆ)

ਗ਼ੁਲ ਖ਼ਾਂ ਤੇ ਫ਼ੈਜ਼ ਖ਼ਾਂ ਨੇ ਲਲਾ ਬੇਗ ਨੂੰ ਲੜਨ ਵਾਸਤੇ ਪ੍ਰੇਰਿਆ।

ਲਲਾ ਬੇਗ ਤੇ ਗੁਰੂ ਜੀ ਦਾ ਦੰਦਵ ਯੁੱਧ। ਇਕ ਪਾਸੇ ਲਲਾ ਬੇਗ ਦਾ ਘੋੜਾ ਮਾਰਿਆ ਤੇ ਓਧਰੋਂ ਗੁਰੂ ਜੀ ਦਾ ਘੋੜਾ ਸੁਹੇਲਾ ਮਾਰਿਆ ਗਿਆ।

ਅੰਤ ਗੁਰੂ ਜੀ ਦੇ ਹੱਥੋਂ ਲਲਾ ਬੇਗ ਮਾਰਿਆ ਗਿਆ।

ਅੰਸੂ ੫੪

(ਗੁਰੂ ਜੀ ਦੀ ਜਿੱਤ)

ਇਸ ਯੁੱਧ ਵਿਚ ਗੁਰੂ ਜੀ ਦੇ ਬਾਰਾਂ ਸੌ ਜਵਾਨ ਸ਼ਹੀਦ ਹੋਏ। ਜੋਧ ਰਾਇ ਜ਼ਖ਼ਮੀ ਹੋ ਗਿਆ ਸੀ।

ਵੈਰੀ ਦਲ ਦੇ ਜੋ ਆਦਮੀ ਬਚੇ, ਉਹ ਹਸਨ ਖ਼ਾਨ ਨਾਲ ਗੁਰੂ ਜੀ ਪਾਸ ਆਏ, ਤੇ ਗੁਰੂ ਕੇ ਲੰਗਰ ਵਿਚੋਂ ਪ੍ਰਸਾਦ ਛਕਿਆ।

ਗੁਰੂ ਜੀ ਦੇ ਹੁਕਮ ਨਾਲ ਸਿੱਖ ਸ਼ਹੀਦਾਂ ਦਾ ਇਕੇ ਥਾਂ ਸਸਕਾਰ ਕੀਤਾ ਗਿਆ, ਤੇ ਮੁਸਲਮਾਨਾਂ ਨੂੰ ਦਫ਼ਨਾ ਦਿਤਾ ਗਿਆ। ਉਸ ਉਪਰ ਇਕ ਥੜਾ ਬਣਾ ਦਿਤਾ ਗਿਆ।

ਮਰੂਾਜ ਪਿੰਡ ਦੇ ਇਕ ਆਦਮੀ ਨੇ ਵੈਰੀ ਦੀ ਇਕ ਸੁੰਦਰ ਤਲਵਾਰ ਲੁਕਾ ਲਈ। ਗੁਰੂ ਜੀ ਨੇ ਕਿਹਾ, ਉਹ ਤਲਵਾਰ ਲਿਆ ਕੇ ਇਸ ਥੜੇ ਉਤੇ ਗੱਡ ਦਿਹ। ਪਰ ਉਹ ਮੁੱਕਰ ਗਿਆ, ਕਿ ਮੇਰੇ ਪਾਸ ਤਲਵਾਰ ਨਹੀਂ।

ਗੁਰੂ ਜੀ ਨੇ ਸਰਾਪ ਦੇ ਦਿਤਾ, ਤੂੰ ਤਲਵਾਰ ਲੁਕਾ ਲਈ ਹੈ, ਸੋ ਤੇਰੀ ਅੰਸ ਵਿਚ ਤਲਵਾਰ ਚਲਦੀ ਰਹੇਗੀ।

ਹਸਨ ਖ਼ਾਂ ਸ਼ਰਣ ਆਇਆ, ਤਾਂ ਗੁਰੂ ਜੀ ਨੇ ਕਿਹਾ, ਬਚੀ ਫ਼ੌਜ ਲੈ ਕੇ ਬਾਦਸ਼ਾਹ ਕੋਲ ਚਲਾ ਜਾਹ, ਤੇ ਉਸਨੂੰ ਸਾਰਾ ਹਾਲ ਦੱਸ। ਉਹ ਤੈਨੂੰ ਕਾਬਲ ਦਾ ਸੂਬਾ ਬਣਾ ਦੇਵੇਗਾ।

ਬਚੇ ਸਾਥੀਆਂ ਨੂੰ ਨਾਲ ਲੈ ਕੇ ਹਸਨ ਖ਼ਾਂ ਲਾਹੌਰ ਜਾ ਪੁੱਜਾ।

Digitized by Panjab Digital Library | www.panjabdigilib.org

ਅੰਸੂ ੫੫

(ਹਸਨ ਖ਼ਾਂ ਕਾਬਲ ਦਾ ਸੂਬਾ ਬਣਿਆਂ)

ਬਾਦਸ਼ਾਹ ਨੇ ਸਾਮ੍ਹਣੇ ਬੁਲਾ ਕੇ ਹਸਨ ਖ਼ਾਂ ਤੋਂ ਜੰਗ ਦਾ ਹਾਲ ਪੁਛਿਆ। ਹਸਨ ਖ਼ਾਂ ਨੇ ਸਾਰਾ ਹਾਲ ਵੇਰਵੇ ਨਾਲ ਦੱਸਿਆ, ਕਿ ਮੇਰੇ ਨਾਲ ਆਹ ਇਕ ਸੌ ਅਸਵਾਰ ਬਚਿਆ ਹੈ।

ਕੋਲੋਂ ਵਜ਼ੀਰ ਖ਼ਾਂ ਨੇ ਕਿਹਾ, ਗੁਰੂ ਕਰਾਮਾਤੀ ਹੈ। ਆਪ ਜੀ ਦੇ ਵੱਡੇ ਨਾਨਕ ਪੀਰ ਨੂੰ ਮੰਨਦੇ ਸਨ। ਹਮਾਯੂੰ, ਅਕਬਰ ਤੇ ਜਹਾਂਗੀਰ ਦਾ ਗੁਰੂਆਂ ਨਾਲ ਸੰਬੰਧਤ ਇਤਿਹਾਸ ਸੁਣਾ ਕੇ ਵਜ਼ੀਰ ਖ਼ਾਂ ਨੇ ਸਮਝਾਇਆ, ਕਿ ਗੁਰੂ ਨਾਲ ਵੈਰ ਤਿਆਗ ਦੇਣਾ ਚਾਹੀਦਾ ਹੈ।

ਬਾਦਸ਼ਾਹ ਦੇ ਗੱਲ ਦਿਲ ਲੱਗੀ। ਉਹਨੇ ਹਸਨ ਖ਼ਾਂ ਨੂੰ ਕਾਬਲ ਦਾ ਸੂਬੇਦਾਰ ਬਣਾ ਕੇ ਭੇਜ ਦਿਤਾ।

ਅੰਸੂ ੫੬

(ਨਿਥਾਣੇ ਵਾਲਾ ਕਾਲੂ ਨਾਥ)

ਜਿਥੇ ਜੰਗ ਹੋਇਆ, ਗੁਰੂ ਜੀ ਨੇ ਉਸ ਅਸਥਾਨ ਦਾ ਨਾਮ 'ਗੁਰੂ ਸਰ' ਰੱਖ ਦਿਤਾ।

ਜੋਧ ਰਾਇ ਦੇ ਕਹਿਣ ਤੇ ਗੁਰੂ ਜੀ ਕਾਂਗੜ ਜਾਣ ਵਾਸਤੇ ਤਿਆਰ ਹੋ ਪਏ। ਲਾਗੇ ਨਥਾਣੇ ਵਿਚ 'ਕਾਲੂ ਨਾਥ' ਰਹਿੰਦਾ ਸੀ। ਗੁਰੂ ਜੀ ਨੇ ਉਸ ਵੱਲ ਸਿੱਖ ਭੇਜਿਆ। ਸਿੱਖ ਨੇ ਸੋਚਿਆ, ਜੇ ਨਾਥ ਮੈਨੂੰ ਗੋਰੀ ਗਊ ਦਾ ਦੁੱਧ ਪਿਆਵੇ, ਤਾਂ ਕਰਾਮਾਤੀ ਮੰਨਾਂਗਾ।

ਗੁਰੂ ਜੀ ਉਸ ਪਿੰਡ ਆ ਅਟਕੇ। ਕਾਲੂ ਦੋ ਘੜੇ ਦੁੱਧ ਦੇ ਲੈ ਕੇ ਹਾਜ਼ਰ ਹੋਇਆ। ਗੁਰੂ ਜੀ ਨੇ ਉਸਨੂੰ 'ਕਾਲੂ ਨਾਥ' ਕਿਹਾ, ਤੇ ਅਜ਼ਮਤਮੰਦ ਹੋਣ ਦਾ ਵਰ ਦਿਤਾ।

ਉਸ ਨਾਲ ਜਿਹੜਾ ਬਾਲਕ ਦੂਸਰਾ ਘੜਾ ਦੁੱਧ ਦਾ ਚੁੱਕ ਕੇ ਲਿਆਇਆ ਸੀ, ਗੁਰੂ ਜੀ ਨੇ ਉਸਨੂੰ ਵਿਚੋਂ ਇਕ ਚੁਲੀ ਦੁਧ ਪਿਆ ਦਿਤਾ, ਤਾਂ ਉਸਨੂੰ ਤੀਨ ਲੋਕ ਦੀ ਸੋਝੀ ਹੋ ਗਈ। ਕਾਲੂ ਨੇ ਉਸਦੇ ਸਿਰ 'ਤੇ ਹਥ ਧਰ ਕੇ ਉਹ ਸਾਰੀ ਸ਼ਕਤੀ ਖਿੱਚ ਲਈ।

ਗੁਰੂ ਜੀ ਨੇ ਕਾਲੂ ਨਾਥ ਦਾ ਭਾਵ ਸਮਝ ਲਿਆ, ਕਿ ਇਸਦੇ ਮਨ ਵਿਚ ਉਸ ਬਾਲਕ ਵਾਸਤੇ ਈਰਖਾ ਆ ਗਈ ਹੈ।

ਕਾਲੂ ਕੋਲ ਇਕ ਸੁੰਦਰ ਲੋਟਾ ਸੀ। ਗੁਰੂ ਜੀ ਨੇ ਉਹ ਮੰਗ ਲਿਆ। ਉਸਨੇ ਦੇਣ ਤੋਂ ਨਾਂਹ ਕਰ ਦਿਤੀ, ਤਾਂ ਉਸ ਵਿਚੋਂ ਸਾਰੀ ਸ਼ਕਤੀ ਜਾਂਦੀ ਰਹੀ।

Digitized by Panjab Digital Library | www.panjabdigilib.org

ਅੰਸੂ ੫੭

(ਕਾਂਗੜ ਪੁੱਜੇ)

ਗੁਰੂ ਜੀ ਕਾਂਗੜ ਜਾ ਪੁੱਜੇ। ਤਿੰਨ ਦਿਨ ਓਥੇ ਰਹੇ। ਚੌਥੇ ਦਿਨ ਗੁਰੂ ਜੀ ਸ਼ਕਾਰ ਗਏ। ਯੋਧੇ ਨਾਲ ਸਨ। ਇਕ ਥਾਂ ਜੰਗਲ ਵਿਚ ਹੀ ਡੇਰਾ ਲਾ ਦਿਤਾ। ਇਕ ਅਜਗਰ (ਬਹੁਤ ਵੱਡਾ ਸੱਪ) ਨਿਕਲ ਆਇਆ। ਸਿੱਖ ਮਾਰਨ ਲੱਗੇ, ਤਾਂ ਗੁਰੂ ਜੀ ਨੇ ਕਿਹਾ, ਇਸਨੂੰ ਅੱਗੇ ਆਉਣ ਦਿਓ। ਸੱਪ ਨੇੜੇ ਆਇਆ, ਤਾਂ ਗੁਰੂ ਜੀ ਨੇ ਉਸਦੇ ਸਿਰ 'ਤੇ ਆਪਣੇ ਪੈਰ ਦਾ ਅੰਗੂਠਾ ਛੁਹਾਇਆ। ਸੱਪ ਮਰ ਗਿਆ। ਉਸਦੇ ਸਾਰੇ ਸਰੀਰ ਵਿਚ ਕਿਰਮ ਚੱਲੇ ਹੋਏ ਸਨ, ਜੋ ਉਸਨੂੰ ਖਾ ਰਹੇ ਸਨ।

ਗੁਰੂ ਜੀ ਨੇ ਦੱਸਿਆ, ਇਹ ਪਿਛਲੇ ਜਨਮ ਇਕ ਹੰਕਾਰੀ ਮਹੰਤ ਸੀ, ਤੇ ਇਹ ਕਿਰਮ ਇਸਦੇ ਚੇਲੇ ਸਨ। ਇਸਨੇ ਹੰਕਾਰ ਵਿਚ ਸਿਮਰਨ ਨਹੀਂ ਸੀ ਕੀਤਾ।

ਅੰਸੂ ੫੮

(ਕਾਂਗੜ ਡੇਰਾ)

ਜਿੱਥੇ ਗੁਰੂ ਜੀ ਨੇ ਡੇਰਾ ਕੀਤਾ, ਓਥੇ ਰਸੋਈਏ ਰਸੋਈ ਬਨਾਉਣ ਵਾਸਤੇ ਜ਼ਮੀਨ ਖੋਦਣ ਲੱਗੇ, ਤਾਂ ਹੇਠੋਂ ਮਨੁੱਖਾਂ ਦੀਆਂ ਬਹੁਤ ਸਾਰੀਆਂ ਹੱਡੀਆਂ ਨਿਕਲੀਆਂ। ਗੁਰੂ ਜੀ ਨੇ ਦੱਸਿਆ, ਕਿ ਇਕ ਸਮੇਂ ਕਾਲ ਪੈ ਜਾਣ ਕਰਕੇ ਇਹ ਸਾਰੇ ਆਦਮੀ ਭੁੱਖ ਨਾਲ ਮਰ ਗਏ ਸਨ।

ਅਗਲੇ ਦਿਨ ਗੁਰੂ ਜੀ ਨੇ ਕਾਂਗੜ ਜਾ ਡੇਰਾ ਕੀਤਾ। ਜੋਧ ਰਾਏ ਨੇ ਬਹੁਤ ਸੇਵਾ ਕੀਤੀ। ਅਗਲੇ ਦਿਨ ਗੁਰਦੇਵ ਚੱਲਣ ਲੱਗੇ, ਤਾਂ ਜੋਧ ਦੀ ਪਤਨੀ ਨੇ ਪੁਛਿਆ, ਕਿ ਹੁਣ ਕਦੋਂ ਆਉਗੇ। ਗੁਰੂ ਜੀ ਨੇ ਉਤਰ ਦਿਤਾ, ਕਿ ਤੁਹਾਡੀ ਅੰਸ ਪਾਸ ਸਾਡਾ ਉਤਰ-ਅਧਿਕਾਰੀ ਆਇਗਾ।

ਅੰਸੂ ੫੯

(ਕਾਂਗੜ ਤੋਂ ਫਤੂਹੀ ਰਾਹਕ)

ਸਾਧੂ ਤੇ ਰੂਪੇ ਨੂੰ ਹੁਕਮ ਹੋਇਆ, ਘਰ ਜਾ ਕੇ ਦੇਗ ਚਲਾਓ, ਤੁਹਾਡਾ ਵਰ ਤੇ ਸਰਾਪ ਪੂਰਾ ਹੋਇਆ ਕਰੇਗਾ।

ਚਲਦੇ ਚਲਦੇ ਗੁਰੂ ਜੀ ਨੇ 'ਗੁਜਰਵਾਲ' ਆ ਪੜਾਅ ਕੀਤਾ। ਓਥੇ 'ਫਤੂਹੀ ਰਾਹਕ' ਆ ਕੇ ਚਰਨੀ ਲੱਗਾ। ਉਸ ਕੋਲ ਸੁੰਦਰ ਬਾਜ਼ ਸੀ। 'ਫਤੂਹੀ' ਨੇ ਬਾਜ਼ ਦੇ ਬੜੇ ਗੁਣ ਦੱਸੇ। ਗੁਰੂ ਜੀ ਨੇ ਕਿਹਾ, ਫਿਰ ਇਹ ਸੁੰਦਰ ਬਾਜ਼ ਗੁਰੂ ਨੂੰ ਅਰਪਨ ਕਰ ਦੇਹ। 'ਫਤੂਹੀ' ਨੇ ਕਿਹਾ, 'ਮਹਾਰਾਜ! ਆਪ ਪਾਸ ਤਾਂ ਬਹੁਤ ਬਾਜ਼ ਹਨ, ਮੇਰੇ ਪਾਸ ਇਹ

Digitized by Panjab Digital Library | www.panjabdigilib.org

ਇਕੋ ਹੈ। ਇਹ ਮੈਂ ਦੇ ਨਹੀਂ ਸਕਦਾ।'

ਗੁਰੂ ਜੀ ਨੇ ਹੱਸ ਕੇ ਕਿਹਾ, 'ਜੇਹੜੀ ਵਸਤੂ ਗੁਰੂ ਜੋਗ ਹੈ, ਉਹ ਗੁਰੂ ਕੋਲ ਜ਼ਰੂਰ ਪਹੁੰਚ ਜਾਇਗੀ।'

ਘਰ ਪਹੁੰਚ ਕੇ 'ਫਤੂਹੀ' ਨੇ ਬਾਜ਼ ਅੱਡੇ ਤੇ ਬਿਠਾ ਦਿਤਾ। ਬਾਜ਼ ਇਕ ਰੇਸ਼ਮ ਦੀ ਡੋਰੀ ਨਿਗਲ ਗਿਆ। ਇਸ ਕਾਰਨ ਉਹ ਮਰਨ-ਵਾਲਾ ਹੋ ਗਿਆ। 'ਫਤੂਹੀ' ਦੇ ਦਿਲ ਵਿਚ ਬੜਾ ਪਛਤਾਵਾ ਹੋਇਆ। ਉਹ ਬਾਜ਼ ਲੈ ਕੇ ਗੁਰੂ ਜੀ ਪਾਸ ਜਾ ਪਹੁੰਚਿਆ, ਤੇ ਸਾਰੀ ਸਾਖੀ ਸੁਣਾ ਕੇ ਮਾਫ਼ੀ ਮੰਗੀ।

ਗੁਰੂ ਜੀ ਨੇ ਬਾਜ਼ ਨੂੰ ਹੱਥ 'ਤੇ ਬਿਠਾ ਕੇ ਕਿਹਾ, 'ਜਿਵੇਂ ਡੋਰੀ ਨਿਗਲੀ ਹੈ, ਓਵੇਂ ਉਗਲੱਛ ਦਿਹ।' ਬਾਜ਼ ਨੇ ਡੋਰੀ ਉਗਲੱਛ ਦਿਤੀ ਤੇ ਨਵਾਂ ਨਰੋਆ ਹੋ ਗਿਆ। 'ਫਤੂਹੀ' ਕੁੱਲ ਬਖ਼ਸ਼ਾ ਕੇ ਚਲਾ ਗਿਆ।

ਅੰਸੂ ੬੦

(ਕਰਤਾਰ ਪੁਰ ਪੁੱਜੇ)

ਗੁਰੂ ਜੀ ਦਾ ਸਾਰਾ ਪਰਵਾਰ ਪਹਿਲਾਂ ਹੀ ਕਰਤਾਰ ਪੁਰ ਸੀ। ਗੁਰੂ ਜੀ ਵੀ ਸਣੇ ਫ਼ੌਜ ਕਰਤਾਰ ਪੁਰ ਆ ਪਹੁੰਚੇ। ਸਭ ਪਰਵਾਰ ਤੇ ਸੰਗਤਾਂ ਸ਼ਰਧਾ ਨਾਲ ਮਿਲੀਆਂ।

ਅੰਸੂ ੬੧

(ਕਰਤਾਰ ਪੁਰ ਦਰਬਾਰ)

ਗੁਰੂ ਜੀ ਦਾ ਆਉਣਾ ਸੁਣ ਕੇ ਪੈਂਦੇ ਖ਼ਾਂ ਵੀ ਆਇਆ। ਬਿਧੀ ਚੰਦ ਨੇ ਜੰਗ ਦਾ ਸਾਰਾ ਹਾਲ ਸੁਣਾਇਆ। ਪੈਂਦੇ ਖ਼ਾਨ ਨੇ ਕਿਹਾ, ਜੇ ਮੈਂ ਹੁੰਦਾ, ਤਾਂ ਗੁਰੂ ਜੀ ਨੂੰ ਆਪ ਕਿਉਂ ਲੜਨਾ ਪੈਂਦਾ।

ਗੁਰੂ ਜੀ ਪਾਸ ਵੀ ਪੈਂਦੇ ਨੇ ਗਿਲ੍ਹਾ ਕੀਤਾ, ਕਿ ਹਜ਼ੂਰ ਨੇ ਮੈਨੂੰ ਕਿਉਂ ਨਹੀਂ ਬੁਲਾਇਆ।

ਦਰਬਾਰ ਸਮਾਪਤ ਹੋਇਆ। ਗੁਰੂ ਜੀ ਮਹਿਲਾਂ ਵਿਚ ਚਲੇ ਗਏ।

ਸੱਤਵੀਂ ਰਾਸ ਸਮਾਪਤ

Digitized by Panjab Digital Library | www.panjabdigilib.org

ਅੱਠਵੀਂ ਰਾਸ

ਅੰਸੂ ੧

(ਮੰਗਲ)

ਪਿਛਲੀਆਂ ਰਾਸਾਂ ਵਾਂਗ ਹੀ ਪਹਿਲਾ ਦੋਹਾ ਅਕਾਲਪੁਰਖ ਤੀ ਉਸਤਤ ਹੈ। ਅੰਕ ਦੋ ਤੇ ਤਿੰਨ ਵਿਚ ਦੇਵੀ 'ਭਵਾਨੀ' ਦੀ ਅਰਾਧਨਾ ਹੈ।

ਅਗਲੇ ਅੰਕਾਂ ਵਿਚ ਗੁਰੂ ਸਾਹਿਬਾਨ ਨੂੰ ਨਮਸਕਾਰ ਹੈ।

ਭਾਈ ਰਾਮ ਕੁਇਰ ਜੀ ਕਥਾ ਸੁਣਾ ਰਹੇ ਹਨ।

ਮਾਤਾ ਨਾਨਕੀ ਜੀ ਦੇ ਪੁੱਛਣ 'ਤੇ ਭਾਈ ਬਿਧੀ ਚੰਦ ਆਪਣੀ ਪਹਿਲੀ ਕਹਾਣੀ ਸੁਣਾਉਂਦਾ ਹੈ। 'ਮੈਂ ਬਹੁਤ ਚੋਰੀਆਂ ਕਰਦਾ ਸਾਂ। ਇਕ ਵਾਰ ਮੈਂ ਮਹੀਂ ਕਢ ਕੇ ਨੱਗਰ 'ਚੋਹਲੇ' ਪੁੱਜਾ, ਤਾਂ ਪਿਛੋਂ ਵਾਹਰ ਆ ਮਿਲੀ। ਮੈਂ ਓਥੇ ਗੁਰੂ ਕੇ ਸਿੱਖ ਭਾਈ ਅਦਲੀ ਦੇ ਚਰਨੀ ਢਹਿ ਪਿਆ, ਕਿ ਮੈਨੂੰ ਬਚਾਉ। ਅਦਲੀ ਨੇ ਕਿਹਾ, ਗੁਰੂ ਅਰਜਨ ਦੇਵ ਜੀ ਦਾ ਸਿਮਰਨ ਕਰੋ, ਤੇ ਫਿਰ ਉਹਨਾਂ ਦੇ ਸਿੱਖ ਬਣੋ। ਮੈਂ ਗੁਰੂ ਜੀ ਨੂੰ ਯਾਦ ਕਰਨ ਲੱਗਾ। ਮਹੀਂ ਲਾਗੇ ਛੱਪੜ ਵਿਚ ਬੈਠੀਆਂ ਸਨ। ਵਾਹਰ ਨੇ ਆ ਕੇ ਵੇਖੀਆਂ। ਉਹਨਾਂ ਦੀਆਂ ਮਹੀਂ ਕਾਲੀਆਂ ਸਨ। ਪਰ ਛੱਪੜ ਵਿਚ ਬੈਠੀਆਂ ਸਭ ਭੂਰੀਆਂ(ਬੂਰੀਆਂ) ਹੋ ਗਈਆਂ। ਵਾਹਰ ਵਾਪਸ ਮੁੜ ਗਈ। ਮੈਂ ਸਾਰੀਆਂ ਮਹੀਂ ਧਰਮਸਾਲ ਦੀਆਂ ਸੰਗਤਾਂ ਨੂੰ ਦੇ ਦਿਤੀਆਂ।

"ਧਰਮ ਸਾਲ ਸਿਖ ਸੰਤ ਕੋ ਦੀਨੀ ਤਬ ਸਾਰੀ।...੩੬।"

ਭਾਈ ਅਦਲੀ ਨੂੰ ਨਾਲ ਲੈ ਕੇ ਮੈਂ ਅੰਮ੍ਰਿਤਸਰ ਨੂੰ ਤੁਰ ਪਿਆ।

ਅੰਸੂ ੨

(ਕਥਾ ਬਿਧੀ ਚੰਦ)

(ਬਿਧੀ ਚੰਦ ਆਪਣੀ ਜ਼ਬਾਨੀ ਸੁਣਾ ਰਿਹਾ ਹੈ।)

ਮੈਂ ਭਾਈ ਅਦਲੀ ਨਾਲ ਪੰਜਵੇਂ ਗੁਰੂ ਦੀ ਸ਼ਰਨ ਆ ਪਿਆ। ਹਜ਼ੂਰ ਨੇ ਚਰਨ ਪਾਹੁਲ ਦੇ ਕੇ ਮੈਨੂੰ ਆਪਣਾ ਸਿੱਖ ਬਣਾ ਲਿਆ। ਗੁਰੂ ਜੀ ਨੇ ਹੁਕਮ ਕੀਤਾ, ਕਿ ਮੈਂ

Digitized by Panjab Digital Library | www.panjabdigilib.org

ਚੋਰੀ ਛੱਡ ਦਿਆਂ ।

"ਸੁਨਿ ਗੁਰ ਤੇ ਮੈਂ ਤਬ ਕਹਯੋ, ਮੁਹਿ ਪਰਯੋ ਸੁਭਾਉ ।
ਛੁਟਹਿ ਨ ਚੋਰੀ ਚਹਤਿ ਚਿਤ, ਇਹ ਸਾਚ ਅਲਾਊਂ ।੫।
ਸੁਨਿ ਪ੍ਰਸੰਨ ਬਿਕਸੇ ਬਦਨ, ਪੁਨ ਬਾਕ ਬਖਾਨਾ ।
ਜੇ ਚੋਰੀ ਤੇ ਹਟਤਿ ਨਹਿਂ ਇਮ ਕਰਹੁ ਸੁਜਾਨਾ ।
ਰੰਕ ਹੋਇ ਦੁਖ ਅਸਨ ਜਿਹ, ਕੁਛ ਹਾਥ ਨ ਆਵੈ ।
ਤਿਸ ਹਿਤ ਕਰਿ ਉਪਕਾਰ ਕੋ, ਅਚਿ ਕਰਿ ਤ੍ਰਿਪਤਾਵੈ ।੬।"

(ਭਾਵ, ਗੁਰੂ ਜੀ ਨੇ ਉਪਕਾਰ ਹਿਤ ਚੋਰੀ ਕਰਨ ਦੀ ਆਗਿਆ ਦੇ ਦਿਤੀ । ਪਰ ਪੰਜਵੇਂ ਪਾਤਸ਼ਾਹ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ : "ਚੋਰ ਕੀ ਹਾਮਾ ਭੁਰੇ ਨ ਕੇਇ । ਚੋਰੁ ਕੀਆ ਚੰਗਾ ਕਿਉ ਹੋਇ ।" ਇਸ ਲਈ ਗੁਰੂ ਜੀ ਦੇ ਮੁੱਖ ਤੋਂ ਚੋਰੀ ਦੀ ਆਗਿਆ ਦੇਣਾ ਜਚਦਾ ਨਹੀਂ ।)

(ਬਿਧੀ ਚੰਦ ਕਹਿੰਦਾ ਹੈ :) ਫਿਰ ਮੈਂ ਆਪਣੇ ਨਾਨਕੇ 'ਸਿਰਹਾਲੀ' ਚਲਾ ਗਿਆ।

"ਜਬ ਕਬ ਰੁਚਿ ਉਪਜੈ ਰਿਦੈ, ਗਮਨੌ ਹਿਤ ਚੋਰੀ ।
ਰੰਕਨ ਕੋ ਪਿਖ ਦੇਤਿ ਭਾ, ਉਰ ਗੁਰ ਪਗ ਡੋਰੀ ।੮।"

ਇਕ ਦਿਨ ਇਕ ਗ਼ਰੀਬ ਨੇ ਲੜਕੀ ਦੇ ਵਿਆਹ ਵਾਸਤੇ ਪੰਜ ਸੌ ਰੁਪੈ ਮੰਗੇ । ਮੈਂ ਉਸ ਨਾਲ ਵਾਹਦਾ ਕਰ ਲਿਆ । 'ਚੰਬੇਦੂਣ' (ਜਾਂ ਚੰਬੇਦੂਲ) ਦੇ ਪੱਤਣ ਤੇ ਜਹਾਂਗੀਰ ਦੀ ਬੇਗਮ ਦਾ ਉਤਾਰਾ ਸੀ । ਅਧੀ ਰਾਤ ਮੈਂ ਪਾਹਰੂਆਂ ਵਿਚ ਮਿਲ ਕੇ ਜਾ ਪਹੁੰਚਾ । ਤੰਬੂ ਵਿਚ ਜਾ ਕੇ ਮੈਂ ਸੰਦੂਕ ਖੁਹਲੇ । ਵਿਚੋਂ ਸਿਰਫ਼ ਪੰਜ ਸੌ ਰੁਪੈ ਲੈ ਆਇਆ । ਬਾਕੀ ਸਭ ਕੁਛ ਓਵੇਂ ਪਿਆ ਰਹਿਣ ਦਿਤਾ । ਉਹ ਪੰਜ ਸੌ ਮੈਂ ਪੰਡਤਾਣੀ ਨੂੰ ਲਿਆ ਦਿਤਾ । ਉਸ ਨਾਲ ਉਸਦੀ ਕੰਨਿਆਂ ਦਾ ਵਿਆਹ ਹੋ ਗਿਆ ।

ਸਵੇਰੇ ਬੇਗਮ ਜਾਗੀ, ਤਾਂ ਉਹਨੇ ਜ਼ੇਵਰਾਂ ਦੇ ਸਾਰੇ ਡੱਬੇ ਖੁੱਲ੍ਹੇ ਵੇਖੇ । ਉਸਨੇ ਜਹਾਂਗੀਰ ਨੂੰ ਦੱਸਿਆ, ਕਿ ਚੋਰ ਸਿਰਫ਼ ਪੰਜ ਸੌ ਰੁਪੈ ਲੈ ਗਿਆ ਹੈ, ਤੇ ਲੱਖਾਂ ਰੁਪੈ ਦੇ ਗਹਿਣੇ ਛਡ ਗਿਆ ਹੈ ।

ਜਹਾਂਗੀਰ ਨੇ ਆਸੇ ਪਾਸੇ ਦੇ ਪਿੰਡਾਂ ਦੇ ਲੋਕ ਫੜ ਕੇ ਬੜੀ ਸਜ਼ਾ ਦਿਤੀ । ਉਹ ਲੋਕ ਮੇਰੇ ਕੋਲ ਆਏ, ਕਿ ਕਿਵੇਂ ਸਾਨੂੰ ਮਾਰ ਤੋਂ ਬਚਾ । ਮੈਂ ਜਾ ਕੇ ਬਾਦਸ਼ਾਹ ਨੂੰ ਸਾਫ਼ ਕਹਿ ਦਿਤਾ, ਮੈਂ ਪਰਉਪਕਾਰ ਵਾਸਤੇ ਪੰਜ ਸੌ ਲੈ ਗਿਆ ਸਾਂ । ਮੈਂ ਆਪਣੇ ਲਾਲਚ ਵਾਸਤੇ ਚੋਰੀ ਨਹੀਂ ਕੀਤੀ । ਮੈਂ ਗੁਰੂ ਅਰਜਨ ਦਾ ਸਿੱਖ ਹਾਂ ।

ਬਾਦਸ਼ਾਹ ਨੇ ਗੁਰੂ ਜੀ ਦਾ ਨਾਮ ਸੁਣ ਕੇ ਸਾਰੇ ਛੱਡ ਦਿਤੇ । ਮੈਂ ਕਦੇ ਕਦੇ ਪਰਉਪਕਾਰ ਵਾਸਤੇ ਚੋਰੀ ਕਰ ਲੈਂਦਾ ਹਾਂ, ਆਪਣੇ ਵਾਸਤੇ ਨਹੀਂ ।"

ਮਾਤਾ ਨਾਨਕੀ ਜੀ ਨੇ ਕਿਹਾ, ਫਿਰ ਮੈਨੂੰ ਤੂੰ ਜਹਾਂਗੀਰ ਦੀਆਂ ਬੇਗਮਾਂ ਦੇ ਕੀਮਤੀ ਗਹਿਣੇ ਲਿਆ ਕੇ ਦਿਹ ।

Digitized by Panjab Digital Library | www.panjabdigilib.org

ਅੰਸੂ ੩

(ਬਿਧੀ ਚੰਦ ਦੀ ਕਥਾ)

ਗੋਇੰਦਵਾਲ ਦੇ ਪੱਤਣ ਤੇ ਬਾਦਸ਼ਾਹ ਦਾ ਡੇਰਾ ਸੀ। ਪਹਿਰ ਦੇ ਤੜਕੇ ਓਥੋਂ ਕਾਫ਼ਲਾ ਤੁਰ ਪਿਆ। ਬੇਗਮ ਸਮੇਤ ਗਹਿਣਿਆਂ ਦੇ ਡੱਬੇ ਦੀ ਹਥਣੀ 'ਤੇ ਅਸਵਾਰ ਸੀ। ਸਖ਼ਤ ਹਨੇਰਾ ਸੀ। ਹਥਨੀ ਪੇਸ਼ਾਬ ਕਰਨ ਵਾਸਤੇ ਖਲੋਤੀ, ਤਾਂ ਬਿਧੀ ਚੰਦ ਰੱਸੇ ਨੂੰ ਹੱਥ ਪਾ ਕੇ ਹਥਣੀ 'ਤੇ ਚੜ੍ਹ ਗਿਆ, ਤੇ ਬੇਗਮ ਦੇ ਕੋਲੋਂ ਗਹਿਣਿਆਂ ਦੀ ਸੰਦੂਕੜੀ ਲੈ ਕੇ ਦੌੜ ਗਿਆ। ਪਹਿਰੇਦਾਰ ਆਸੇ ਪਾਸੇ ਵੇਖ ਰਹੇ, ਪਰ ਹਨੇਰੇ ਦੇ ਆਸਰੇ ਬਿਧੀ ਚੰਦ ਨਿਕਲ ਗਿਆ। ਉਸਨੇ ਗਹਿਣੇ ਕਰਤਾਰਪੁਰ ਮਾਤਾ ਨਾਨਕੀ ਜੀ ਦੇ ਸਾਮ੍ਹਣੇ ਜਾ ਧਰੇ।

(ਜੇ ਇਹ ਕਹਾਣੀ ਸੰਤੋਖ ਸਿੰਘ ਜੀ ਦੀ ਹੀ ਲਿਖੀ ਹੈ, ਤਾਂ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ। ਤੇ ਜੇ ਕਿਸੇ ਨੇ ਪਿਛੋਂ ਮਿਲਾਵਟ ਕੀਤੀ ਹੈ, ਤਾਂ ਉਸਦੀ ਅਕਲ ਉਤੇ ਹਾਸਾ ਆਉਂਦਾ ਹੈ। ਉਸ ਸਮੇਂ ਬਾਦਸ਼ਾਹ ਸ਼ਾਹਜਹਾਨ ਸੀ, ਪਰ ਲੇਖਕ 'ਜਹਾਂਗੀਰ' ਲਿਖਦਾ ਹੈ। ਸੋ ਕਹਾਣੀ ਸਮੂਲਚੋਂ ਝੂਠੀ ਹੈ। ਮਾਤਾ ਨਾਨਕੀ ਜੀ ਬਿਧੀ ਚੰਦ ਨੂੰ ਚੋਰੀ ਦਾ ਹੁਕਮ ਨਹੀਂ ਸੀ ਦੇ ਸਕਦੇ।)

ਮਾਤਾ ਨਾਨਕੀ ਜੀ ਨੇ ਉਹ ਗਹਿਣੇ ਪਹਿਨਣੇ ਪਸੰਦ ਨਹੀਂ ਕੀਤੇ। ਗੁਰੂ ਜੀ ਨੂੰ ਵਿਖਾ ਕੇ, ਤੇ ਸਾਰੀ ਕਹਾਣੀ ਦੱਸ ਕੇ ਕੁਛ ਗਹਿਣੇ ਪੈਂਦੇ ਖ਼ਾਂ ਦੀ ਪਤਨੀ ਨੂੰ ਦੇ ਦਿਤੇ, ਤੇ ਕੁਛ ਬਾਬਕ ਦੀ ਪਤਨੀ ਨੂੰ।

ਅੰਸੂ ੪

(ਬਿਧੀ ਚੰਦ—ਬਾਲੂ ਹਸਨਾ)

ਬ੍ਰਿਧੀਆ ਆਪਣੀ ਕਥਾ ਸੁਣਾ ਰਿਹਾ ਹੈ।

"ਸ੍ਰੀ ਅਰਜਨ ਮੁਝ ਸੰਗ ਉਚਾਰਾ।
ਤੁਵ ਸਿਰ ਚੋਰੀ ਲੇਖ ਉਦਾਰਾ।
ਜੇ ਅਬ ਚਹਹੁ, ਕਰਹੁ ਉਪਕਾਰਾ।
ਪਰ ਧਨ ਆਪ ਨ ਲਿਹੁ ਕਰ ਧਾਰਾ।੭।"

(ਉਦਾਰਾ=ਪਰਗਟ। ਕਰਧਾਰਾ=ਆਪਣੇ ਹੱਥ ਵਿਚ ਨਾ ਲਵੋ, ਭਾਵ, ਆਪ ਨਾ ਵਰਤੋ। ਸਮੁੱਚਾ ਅਰਥ ਹੈ, ਗੁਰੂ ਅਰਜਨ ਦੇਵ ਜੀ ਨੇ ਕਿਹਾ, ਤੇਰੇ ਲੇਖਾਂ ਵਿਚ ਚੋਰੀ ਲਿਖੀ ਹੈ। ਸੋ ਤੂੰ ਹੁਣ ਪਰਉਪਕਾਰ ਹਿਤ ਚੋਰੀ ਕਰ ਸਕਦਾ ਹੈਂ। ਇਸ ਲਿਖਤ ਦਾ ਭਾਵ ਹੈ, ਕਿ ਗੁਰੂ ਜੀ ਚੋਰੀ ਨੂੰ ਸ਼ਹਿ ਦੇਂਦੇ ਹਨ।)

ਬਿਧੀ ਚੰਦ ਕਹਿੰਦਾ ਹੈ, ਇਕ ਨਿਰਧਨ ਪਰਵਾਰ ਭੁੱਖਾ ਬੈਠਾ ਸੀ, ਤੇ ਜਵਾਨ ਕੰਨਿਆਂ ਦੇ ਵਿਆਹੁਣ ਵਾਸਤੇ ਉਹਨਾਂ ਪਾਸ ਕੁਛ ਨਹੀਂ ਸੀ। ਬਿਧੀ ਚੰਦ ਇਕ

Digitized by Panjab Digital Library | www.panjabdigilib.org

ਵਿਆਹ ਵਾਲੇ ਘਰ ਵਰਤਾਵਾ ਲੱਗ ਗਿਆ। ਇਸ ਬਹਾਨੇ ਪਕਵਾਨ ਦਾ ਟੋਕਰਾ ਭਰ ਕੇ ਉਹ ਉਹਨਾਂ ਗ਼ਰੀਬਾਂ ਘਰ ਲੈ ਗਿਆ।

ਫਿਰ ਬਿਧੀਆ ਇਕ ਬਨੀਏਂ ਘਰ ਜਾ ਵੜਿਆ। ਬਨੀਆਂ ਰੋਕੜ ਮਿਲਾ ਰਿਹਾ ਸੀ। ਏਸੇ ਕੰਮ ਵਿਚ ਤਿੰਨ ਪਹਿਰ ਰਾਤ ਬੀਤ ਗਈ। ਉਸਦੀ ਪਤਨੀ ਦੁੱਧ ਲੈ ਕੇ ਆਈ। ਬਨੀਆਂ ਅੱਗੋਂ ਲੜ ਪਿਆ। ਇਸਤਰਾਂ ਦੋਵੇਂ ਸੌਂ ਗਏ। ਬਿਧੀਏ ਨੇ ਉਸ ਬਨੀਏਂ ਘਰੋਂ ਰੁਪਇਆਂ ਦੀ ਥੈਲੀ ਕਢ ਕੇ ਉਸ ਨਿਰਧਨ ਨੂੰ ਜਾ ਦਿਤੀ। ਇਹ ਸਾਰੀ ਸਾਖੀ ਬਿਧੀਏ ਨੇ ਗੁਰੂ ਜੀ ਨੂੰ ਜਾ ਦੱਸੀ। ਤਾਂ,

"ਗੁਰ ਪ੍ਰਸੰਨ ਮਨ, ਸਿਰ ਕਰ ਧਰਯੋ।
ਕਹਯੋ, ਲੇਖ ਚੋਰੀ ਅਬ ਟਰਯੋ।...੨੪।"

ਇਕ 'ਬਾਲੂ' ਨਾਮ ਦਾ ਸਿੱਖ ਗੁਰੂ ਜੀ ਦੇ ਘੋੜੇ ਦੇ ਅੱਗੇ ਅੱਗੇ ਦੌੜਿਆ ਕਰੇ, ਤੇ ਹਰ ਵੇਲੇ ਹੱਸਦਾ ਰਹੇ। ਗੁਰੂ ਜੀ ਨੇ ਉਸਦਾ ਨਾਮ 'ਬਾਲੂ ਹਸਨਾ' ਰੱਖ ਦਿਤਾ। ਗੁਰੂ ਜੀ ਨੇ ਉਸਨੂੰ ਹੁਕਮ ਕੀਤਾ, ਕਿ ਉਹ ਬਾਬਾ ਗੁਰਦਿੱਤਾ ਜੀ ਨਾਲ ਰਿਹਾ ਕਰੇ।

ਇਕ ਦਿਨ ਬਾਬਾ ਗੁਰਦਿੱਤਾ ਜੀ ਸ਼ਕਾਰ ਮਗਰ ਦੂਰ ਨਿਕਲ ਗਏ। ਬਾਕੀ ਸਿੱਖ ਬਹੁਤ ਪਿੱਛੇ ਰਹਿ ਗਏ, ਇਕ 'ਬਾਲੂ ਹਸਨਾ' ਨਾਲ ਨਿਭਿਆ। ਬਾਬਾ ਗੁਰਦਿੱਤਾ ਜੀ ਨੇ ਉਸਨੂੰ ਟੋਪੀ ਬਖ਼ਸ਼ ਦਿਤੀ, ਜਿਸ ਨਾਲ ਉਸ ਵਿਚ ਰਿੱਧ-ਸਿੱਧ ਆ ਗਈ। ਫਿਰ ਗੁਰੂ ਜੀ ਨੇ ਕਿਹਾ, ਤੇਰੀ ਸੇਵਾ ਪੂਰੀ ਹੋ ਗਈ ਹੈ, ਹੁਣ ਘਰ ਬਹਿ ਕੇ ਸਿਮਰਨ ਕਰੋ।

ਦੀਵਾਨ ਸਜਿਆ ਹੋਇਆ ਸੀ। ਪੈ ਦੇ ਖ਼ਾਨ ਸ਼ਰਨ ਆਇਆ। ਉਸ ਨੇ ਕਿਹਾ, 'ਗੁਰਦੇਵ! ਮੇਰੇ ਘਰ ਪੁੱਤਰ ਹੋਇਆ ਹੈ, ਨਾਮ ਰੱਖੋ।' ਗੁਰੂ ਜੀ ਨੇ 'ਸੈਦੇ ਖ਼ਾਨ' ਨਾਮ ਰਖਿਆ, ਤੇ ਨਾਲ ਹੀ ਕਿਹਾ,

"ਤਵ ਸੁਤ ਕੋ ਸੁਤ ਜੋ ਉਪਜੈ ਹੈ।
ਹਮ ਤੇ ਪਲਟਾ ਸੋ ਪੁਨ ਪੈ ਹੈ।...੪੧।"

(ਲਉ, ਗੁਰੂ ਜੀ ਨੇ ਅਗੇਤਰਾ ਹੀ ਵਾਕ ਕਰ ਦਿਤਾ ਜੇ।)

ਅੰਸੂ ੫

(ਤੇਗ ਬਹਾਦਰ ਜੀ ਦਾ ਵਿਆਹ)

ਛੋਟੇ ਮੀਰ ਵਿਚ ਉਸਮਾਨ ਖ਼ਾਂ ਰਹਿੰਦਾ ਸੀ। ਉਹ ਸਰਕਾਰੀ ਨੌਕਰ ਸੀ। ਪੈਂਦੇ ਖ਼ਾਂ ਨੇ ਆਪਣੀ ਲੜਕੀ ਉਸਮਾਨ ਖ਼ਾਂ ਨਾਲ ਵਿਆਹ ਦਿਤੀ। ਉਸਮਾਨ ਖ਼ਾਂ ਫਿਰ ਪੈਂਦੇ ਖ਼ਾਂ ਦੇ ਘਰ ਹੀ ਰਹਿਣ ਲੱਗਾ।

ਗੁਜਰੀ ਜੀ ਦੇ ਮਾਤਾ ਪਿਤਾ (ਲਾਲਚੰਦ ਤੇ ਬਿਸ਼ਨ ਕੌਰ) ਨੇ ਸਾਹਾ ਸੁਧਾਂ ਕੇ ਫੱਗਣ ਨੌਮੀ ਦੀ ਸਾਹੇ ਚਿੱਠੀ ਭੇਜ ਦਿਤੀ। ਗੁਰੂ ਜੀ ਦੇ ਪਰਵਾਰ ਵਿਚ ਬਹੁਤ ਖ਼ੁਸ਼ੀ ਹੋਈ। ਸਾਰੇ ਸੰਬੰਧੀ ਵਿਆਹ 'ਤੇ ਆਏ।

ਜੰਞ ਦੀ ਤਿਆਰੀ, ਵਟਣਾ, ਸੇਹਰਾ, ਸੁੱਟ, ਮਿਲਨੀ, ਸਭ ਸੰਸਾਰੀਆਂ ਵਾਲੀਆਂ

Digitized by Panjab Digital Library | www.panjabdigilib.org

ਰਸਮਾਂ ਕੀਤੀਆਂ ।

ਅੰਸੂ ੬

(ਤੇਗ ਬਹਾਦਰ ਜੀ ਦਾ ਵਿਆਹ)

ਏਥੇ ਵੀ ਪੰਡਤ ਨੇ ਗਣਪਤ, ਦੇਵਤੇ ਆਦਿ ਪੂਜੇ, ਅੱਗ, ਹੋਮ, ਸਭ ਹਿੰਦੂ ਰੀਤੀ, ਤੇ ਵੇਦੀ ਨਾਲ ਫੇਰੇ ਲਿਖੇ ਹਨ । ਵਿਆਹ ਫੱਗਣ ਨੌਮੀ, ੧੬੫੬ ਬਿ. ਨੂੰ ਹੋਇਆ ।

ਮੇਲੀ ਵਾਪਸ ਪਰਤਣ ਲੱਗੇ । ਭਾਈ ਜੋਧ ਰਾਏ ਨੇ ਆਪਣੇ ਪੁੱਤਰ 'ਫੱਤਾ' ਨੂੰ ਗੁਰੂ ਜੀ ਦੇ ਚਰਨੀ ਲਾਇਆ ।

ਅੰਸੂ ੭

(ਸਿੱਖਾਂ ਵੱਲੋਂ ਭੇਟਾ)

ਜਿੱਥੇ ਵੀ ਗੁਰੂ ਜੀ ਹੁੰਦੇ ਸਨ, ਓਥੇ ਵਿਸਾਖੀ ਤੇ ਦੀਵਾਲੀ ਦੇ ਮੇੱਲੇ ਲਗਦੇ ਸਨ।

ਵਿਸਾਖੀ ਦੇ ਮੇੱਲੇ 'ਤੇ 'ਬਦਖ਼ਸ਼ਾਂ' ਤੋਂ ਇਕ ਸਿੱਖ ਸੌਦਾਗਰ ਆਇਆ । ਉਹ ਆਪਣੇ ਦਸਵੰਧ ਦੀਆਂ ਬਹੁਤ ਸੁੰਦਰ ਵਸਤਾਂ ਲਿਆਇਆ : ਚਿੱਟਾ ਬਾਜ਼, ਸੁੰਦਰ ਘੋੜਾ ਤਲਵਾਰ, ਕਲਗੀ, ਸੁੰਦਰ ਬਸਤਰ, ਤੇ ਕੁਛ ਧਨ ।

ਅੰਸੂ ੮

(ਪੈਂਦੇ ਖ਼ਾਂ ਨੂੰ ਬਖ਼ਸ਼ਸ਼ਾਂ)

ਗੁਰੂ ਜੀ ਨੇ ਬਾਜ਼ ਬਾਬਾ ਗੁਰਦਿੱਤਾ ਜੀ ਨੂੰ ਦੇ ਦਿਤਾ । ਘੋੜਾ, ਪੁਸ਼ਾਕ ਤੇ ਖੰਡਾ ਪੈਂਦੇ ਖ਼ਾਂ ਨੂੰ ਬਖ਼ਸ਼ ਦਿਤੇ । ਨਾਲ ਹੀ ਗੁਰੂ ਜੀ ਨੇ ਹੁਕਮ ਦਿਤਾ, ਕਿ ਜਦ ਸਾਡੇ ਪਾਸ ਆਵੇਂ, ਇਹ ਸਾਰੀਆਂ ਵਸਤਾਂ ਪਹਿਨ ਕੇ ਤੇ ਘੋੜੇ ਤੇ ਚੜ੍ਹ ਕੇ ਆਉਣਾ ।

ਵਾਪਸ ਜਾਂਦਾ ਪੈਂਦੇ ਖ਼ਾਂ ਸੋਚ ਰਿਹਾ ਸੀ, ਮੇਰੇ ਵਰਗਾ ਹੋਰ ਕੋਈ ਸੂਰਮਾ ਨਹੀਂ । ਤਾਂ ਹੀ ਗੁਰੂ ਜੀ ਮੈਨੂੰ ਇਹ ਵਸਤਾਂ ਬਖ਼ਸ਼ਦੇ ਹਨ । ਉਸ ਨੂੰ ਇਸ ਗੱਲ ਦਾ ਬਹੁਤ ਹੰਕਾਰ ਹੋ ਗਿਆ ।

ਪੈਂਦਾ ਘਰ ਪੁੱਜਾ, ਤਾਂ ਉਸਦੇ ਜਵਾਈ ਉਸਮਾਨ ਖ਼ਾਂ ਨੇ ਇਹ ਸਾਰੀਆਂ ਚੀਜ਼ਾਂ ਮੰਗੀਆਂ । ਪੈਂਦੇ ਨੇ ਕਿਹਾ, ਗੁਰੂ ਜੀ ਦੀ ਆਗਿਆ ਨਹੀਂ । ਮੈਂ ਇਹ ਚੀਜ਼ਾਂ ਨਹੀਂ ਦੇ ਸਕਦਾ, ਹੋਰ ਜੋ ਕੁਛ ਵੀ ਘਰ ਵਿਚ ਹੈ, ਸਭ ਤੇਰਾ ਹੀ ਹੈ ।

Digitized by Panjab Digital Library | www.panjabdigilib.org

ਅੰਸੂ ੯

(ਪੈਂਦੇ ਖ਼ਾਨ ਉਸਮਾਨ ਤੇ ਬਾਜ਼)

ਉਸਮਾਨ ਖ਼ਾਂ ਨੇ ਜਾ ਕੇ ਆਪਣੀ ਸੱਸ ਨੂੰ ਕਿਹਾ, 'ਜੋ ਚੀਜ਼ਾਂ ਅੱਬਾ ਨੂੰ ਅੱਜ ਗੁਰੂ ਪਾਸੋਂ ਮਿਲੀਆਂ ਹਨ, ਮੈਂ ਮੰਗੀਆਂ ਸਨ, ਪਰ ਅੱਬਾ ਨੇ ਇਨਕਾਰ ਕਰ ਦਿਤਾ ਹੈ। ਬੱਸ, ਜਾਂ ਉਹ ਚੀਜ਼ਾਂ ਮੈਨੂੰ ਮਿਲ ਜਾਣ, ਨਹੀਂ ਤਾਂ ਮੈਂ ਖ਼ੁਦਕੁਸ਼ੀ (ਆਤਮ ਘਾਤ) ਕਰ ਲਵਾਂਗਾ।'

ਸੱਸ ਨੇ ਦਿਲਾਸਾ ਦਿਤਾ, ਕਿ ਤੂੰ ਚਿੰਤਾ ਨਾ ਕਰ।

ਇਸਤਰੀ ਨੇ ਪੈਂਦੇ ਖ਼ਾਂ ਤੋਂ ਜ਼ਬਰਦਸਤੀ ਸਾਰੀਆਂ ਚੀਜ਼ਾਂ ਜਵਾਈ ਨੂੰ ਦੇ ਦਿਤੀਆਂ। ਪੈਂਦਾ ਬਹੁਤ ਉਦਾਸ ਹੋਇਆ।

ਅਗਲੇ ਦਿਨ ਉਸਮਾਨ ਖ਼ਾਂ ਓਹਾ ਬਸਤਰ ਸ਼ਸਤਰ ਪਹਿਨ ਕੇ, ਓਸੇ ਘੋੜੇ ਤੇ ਚੜ੍ਹ ਕੇ ਸ਼ਕਾਰ ਚੜ੍ਹ ਪਿਆ।

ਓਧਰੋਂ ਬਾਬਾ ਗੁਰਦਿਤਾ ਜੀ ਵੀ ਨਵਾਂ ਬਾਜ਼ ਲੈ ਕੇ ਓਸੇ ਪਾਸੇ ਸ਼ਕਾਰ ਚੜ੍ਹੇ। ਬਾਬਾ ਜੀ ਨੇ ਬਾਜ਼ ਛਡਿਆ, ਪਰ ਉਹ ਰੱਜਿਆ ਹੋਣ ਕਰਕੇ ਦੂਰ ਉਡ ਗਿਆ। ਉਹ ਉਸਮਾਨ ਖ਼ਾਂ ਫੜ ਕੇ ਘਰ ਲੈ ਗਿਆ। ਪੈਂਦੇ ਖ਼ਾਂ ਨੇ ਬਾਜ਼ ਪਛਾਣ ਲਿਆ। ਉਹਨੇ ਕਿਹਾ, 'ਲਿਆਓ, ਬਾਜ਼ ਦੇ ਦਿਹੋ, ਮੈਂ ਇਹ ਗੁਰੂ ਜੀ ਦੀ ਭੇਟਾ ਕਰਕੇ ਬਾਕੀ ਚੀਜ਼ਾਂ ਵੱਲੋਂ ਭੁੱਲ ਬਖ਼ਸ਼ਵਾ ਲਵਾਂਗਾ।'

ਉਸਮਾਨ ਖ਼ਾਂ ਨੇ ਅੱਗੋਂ ਤਾਹਨੇ ਨਾਲ ਕਿਹਾ, 'ਤੂੰ ਤਾਂ ਹਿੰਦੂ ਪੀਰ ਦੇ ਪਿਛੇ ਲੱਗ ਕੇ ਦੀਨ ਗੁਆ ਲਿਆ ਏ। ਗੁਰੂ ਨੇ ਬਾਦਸ਼ਾਹ ਦਾ ਬਾਜ਼ ਫੜਿਆ ਸੀ, ਮੈਂ ਗੁਰੂ ਕਾ ਬਾਜ਼ ਫੜ ਲਿਆ ਹੈ। ਮੈਥੋਂ ਲੜ ਕੇ ਲੈ ਲਵੇ।'

ਏਨੇ ਤਕ ਗੁਰਦਿੱਤਾ ਜੀ ਦੇ ਮੀਰ ਸ਼ਕਾਰੀ ਆ ਪਹੁੰਚੇ। ਆਪਣੀ ਘਰਦੀ ਦੇ ਦਬਾਏ ਹੋਏ ਪੈਂਦੇ ਖ਼ਾਂ ਨੇ ਕਹਿ ਦਿਤਾ, ਕਿ ਸਾਡੇ ਘਰ ਬਾਜ਼ ਨਹੀਂ ਹੈ।

ਅੰਸੂ ੧੦

(ਪੈਂਦਾ ਗੁਰੂ ਕੇ ਹਜ਼ੂਰ)

ਬਾਬਾ ਗੁਰਦਿੱਤਾ ਜੀ ਨੇ ਸਾਰੀ ਗੱਲ ਗੁਰੂ ਜੀ ਨੂੰ ਆਣ ਦੱਸੀ। ਮੇਲੇ ਦੇ ਦਿਨ ਬੀਤ ਗਏ, ਬਹੁਤੀ ਸੰਗਤ ਚਲੀ ਗਈ, ਤਾਂ ਗੁਰੂ ਜੀ ਨੇ ਪੈਂਦੇ ਨੂੰ ਬੁਲਾ ਭੇਜਿਆ।

ਪੈਂਦੇ ਖ਼ਾਂ ਓਸੇ ਤਰਾਂ ਪੈਦਲ ਹੀ ਆ ਗਿਆ। ਗੁਰਦੇਵ ਨੇ ਕਿਹਾ, 'ਤੂੰ ਉਹ ਬਸਤਰ ਸ਼ਸਤਰ ਪਹਿਨ ਕੇ ਤੇ ਘੋੜੇ 'ਤੇ ਚੜ੍ਹ ਕੇ ਕਿਉਂ ਨਹੀਂ ਆਇਆ।'

ਪੈਂਦੇ ਬਹਾਨਾ ਲਾਇਆ, ਕਿ ਮੈਂ ਹੁਕਮ ਸੁਣਦੇ ਸਾਰ ਆ ਗਿਆ ਹਾਂ। ਫ਼ਿਰ ਬਾਜ਼ ਬਾਰੇ ਪੁਛਿਆ, ਤਾਂ ਉਹ ਸਾਫ਼ ਮੁੱਕਰ ਗਿਆ।

ਗੁਰੂ ਜੀ ਨੇ ਤਿੰਨ ਵਾਰ ਪੁਛਿਆ, ਪਰ ਪੈਂਦਾ ਤਿਨੇ ਵਾਰ ਮੁੱਕਰ ਗਿਆ।

Digitized by Panjab Digital Library | www.panjabdigilib.org

ਉਲਟਾ ਉਹ ਕੁਛ ਗਰਮ ਹੋ ਕੇ ਬੋਲਿਆ ।

ਗੁਰੂ ਜੀ ਦਾ ਇਸ਼ਾਰਾ ਪਾ ਕੇ ਬਿਧੀ ਚੰਦ ਗਿਆ, ਤੇ ਉਹ ਸਾਰੀਆਂ ਚੀਜ਼ਾਂ ਪੈਂਦੇ ਦੇ ਘਰੋਂ ਲੈ ਆਇਆ ।

ਗੁਰੂ ਜੀ ਨੇ ਫਿਰ ਪੁਛਿਆ, ਤਾਂ ਪੈਂਦਾ ਗੁਰੂ ਜੀ ਦੇ ਚਰਨਾਂ ਦੀ ਸਹੁੰ ਖਾ ਗਿਆ ।

ਅੰਸੂ ੧੧

(ਪੈਂਦਾ ਬੇਮੁਖ)

ਗੁਰੂ ਜੀ ਦਾ ਇਸ਼ਾਰਾ ਪਾ ਕੇ ਬਿਧੀ ਚੰਦ ਨੇ ਸਾਰੀਆਂ ਚੀਜ਼ਾਂ ਸਾਮ੍ਹਣੇ ਲਿਆ ਧਰੀਆਂ । ਆਪਣੀ ਭੁੱਲ ਮੰਨਣ ਦੀ ਥਾਂ ਪੈਂਦੇ ਨੇ ਉਲਟਾ ਇਲਜ਼ਾਮ ਲਾਇਆ, ਇਹ ਸਿੱਖਾਂ ਨੇ ਆਪ ਹੀ ਲੁਕਾ ਰਖੀਆਂ ਸੀ । ਪੈਂਦੇ ਨੇ ਕੁਛ ਕੌੜੇ ਸ਼ਬਦ ਬੋਲੇ, ਤਾਂ ਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਨੇ ਉਸਨੂੰ ਮਾਰ ਕੁੱਟ ਕੇ ਦਰਬਾਰ ਵਿਚੋਂ ਕੱਢ ਦਿਤਾ । ਪੈਂਦੇ ਨੇ ਕਿਹਾ, ਮੈਂ ਇਸਦਾ ਬਦਲਾ ਲਵਾਂਗਾ ।

ਪੈਂਦੇ ਖ਼ਾਂ ਘਰ ਗਿਆ, ਤਾਂ ਉਸਮਾਨ ਨੇ ਹੌਸਲਾ ਦਿਤਾ, ਕਿ ਬਾਦਸ਼ਾਹ ਨਾਲ ਮਿਲ ਕੇ ਆਪਾਂ ਬਦਲਾ ਲਵਾਂਗੇ ।

ਪੈਂਦੇ ਖ਼ਾਂ ਨੇ ਇਲਾਕੇ ਵਿਚੋਂ ਪੰਜ ਸੌ ਮੁਖੀ ਪਠਾਣ ਨਾਲ ਰੰਦ ਲਏ । ਜਲੰਧਰ ਦਾ ਸੂਬੇਦਾਰ ਕੁਤਬ ਖ਼ਾਂ ਪੈਂਦੇ ਦੇ ਚਾਚੇ ਦਾ ਪੁੱਤਰ ਸੀ । ਪੰਜ ਸੌ ਪਠਾਣ ਨਾਲ ਲੈ ਕੇ ਪੈਂਦੇ ਖ਼ਾਂ ਕੁਤਬ ਖ਼ਾਂ ਨੂੰ ਜਾ ਮਿਲਿਆ, ਤੇ ਗੁਰੂ ਪਾਸੋਂ ਬਦਲਾ ਲੈਣ ਦੀ ਗੱਲ ਕਹੀ ।

ਅੰਸ ੧੨

(ਕੁਤਬ ਖ਼ਾਂ ਨਾਲ ਸਲਾਹ)

ਕੁਤਬ ਖ਼ਾਂ ਨੇ ਪਹਿਲਾਂ ਬਹੁਤ ਸਮਝਾਇਆ, ਕਿ ਗੁਰੂ ਨਾਲ ਨਿਮਕ ਹਰਾਮੀ ਨਾ ਕਰ । ਪਰ ਜਦ ਪੈਂਦੇ ਖ਼ਾਂ ਆਪਣੀ ਜ਼ਿਦ ਤੇ ਅੜਿਆ ਰਿਹਾ, ਤਾਂ ਕੁਤਬ ਖ਼ਾਂ ਉਸ ਨਾਲ ਬਾਦਸ਼ਾਹ ਤਕ ਚੱਲਣ ਲਈ ਤਿਆਰ ਹੋ ਗਿਆ । ਉਸ ਕਿਹਾ, ਤੁਸੀਂ ਪੰਜ ਸੌ ਚੱਲੋ, ਮੈਂ ਮਗਰ ਮਗਰ ਆਉਂਦਾ ਹਾਂ ।

ਪੈਂਦੇ ਖ਼ਾਂ ਪੰਜ ਸੌ ਸਾਥੀਆਂ ਸਮੇਤ ਲਾਹੌਰ ਜਾ ਪੁੱਜਾ । ਵਜ਼ੀਰ ਖ਼ਾਂ ਨੂੰ ਪਤਾ ਲੱਗਾ, ਤਾਂ ਉਹ ਪੈਂਦੇ ਦੀ ਅਰਜ਼ੀ ਬਾਦਸ਼ਾਹ ਤਕ ਨਾ ਪਹੁੰਚਣ ਦੇਵੇ । ਇਸਤਰਾਂ ਇਕ ਮਹੀਨਾ ਬੀਤ ਗਿਆ । ਕੁਤਬ ਖ਼ਾਂ ਆ ਗਿਆ । ਉਸਨੇ ਢੰਗ ਦੱਸਿਆ, ਕਿ ਸਵੇਰ ਵੇਲੇ ਲੰਮੇ ਵਾਂਸ ਨਾਲ ਕੁਕੜੀ ਬੰਨ੍ਹ ਕੇ ਬਾਦਸ਼ਾਹ ਦੇ ਮਹਿਲ ਕੋਲ ਉਸਨੂੰ ਹਿਲਾਓ । ਕੁਕੜੀ ਦੀ ਵਾਜ ਸੁਣ ਕੇ ਬਾਦਸ਼ਾਹ ਬੁਲਾ ਲਵੇਗਾ ।

Digitized by Panjab Digital Library | www.panjabdigilib.org

ਅੰਸੂ ੧੩

(ਫ਼ਰਿਯਾਦ ਪੁੱਜੀ)

ਪੈਂਦੇ ਤੇ ਉਸਦੇ ਸਾਥੀਆਂ ਨੇ ਅੱਧੀ ਰਾਤ ਵਾਂਸ ਨਾਲ ਕੁਕੜੀ ਬੰਨ੍ਹ ਕੇ ਤੇ ਨਾਲੇ ਮਿਸਾਲ ਬੰਨ੍ਹ ਕੇ (ਸੰਮਨ ਬੁਰਜ ਦੇ ਪਿਛਲੇ ਪਾਸੇ) ਵਾਂਸ ਨੂੰ ਹਿਲਾਇਆ। ਓਧਰੋਂ ਕੁਕੜੀ ਚਿਲਾਈ ਤੇ ਓਧਰੋਂ ਪਠਾਣ ਨੇ 'ਫ਼ਰਯਾਦ, ਫ਼ਰਯਾਦ' ਦਾ ਰੌਲਾ ਪਾਇਆ। ਬਾਦਸ਼ਾਹ ਜਾਗ ਪਿਆ। ਉਸਨੇ ਆਦਮੀ ਭੇਜਿਆ, ਕਿ ਫ਼ਰਯਾਦੀ ਸਵੇਰੇ ਪੇਸ਼ ਹੋਣ।

ਪੈਂਦੇ ਖ਼ਾਂ ਸਵੇਰੇ ਪੇਸ਼ ਹੋਇਆ। ਕੁਤਬ ਖ਼ਾਂ ਨੇ ਬਾਦਸ਼ਾਹ ਕੋਲ ਉਸਦੀ ਵਕਾਲਤ ਕੀਤੀ। ਪਰ ਵਜ਼ੀਰ ਖ਼ਾਂ ਨੇ ਹਕੀਕਤ ਦੱਸ ਕੇ ਪੈਂਦੇ ਸਿਰ ਦੋਸ਼ ਥਪਿਆ।

ਵਜ਼ੀਰ ਖ਼ਾਂ ਨੂੰ ਬਾਦਸ਼ਾਹ ਨੇ ਕਿਸੇ ਕੰਮ ਭੇਜ ਦਿਤਾ। ਇਹ ਮੌਕਿਆ ਪਾ ਕੇ ਪਹਿਰੇਦਾਰ ਬਾਹਰ ਗਿਆ। ਪੈਂਦੇ ਖ਼ਾਂ ਨੇ ਪੰਜ ਸੌ ਉਸ ਨੂੰ ਦਿਤਾ। ਉਸ ਨੇ ਬਾਦਸ਼ਾਹ ਤਕ ਗੱਲ ਪੁਚਾ ਦਿਤੀ।

ਪਹਿਰੇਦਾਰ ਨੇ ਸਲਾਬਤ ਖ਼ਾਂ ਨਾਲ ਜਾ ਗੰਢੀ। ਸਲਾਬਤ ਖ਼ਾਂ ਨੇ ਪੈਂਦੇ ਖ਼ਾਂ ਤੋਂ ਪੰਜ ਸੌ ਲੈ ਕੇ ਬਾਦਸ਼ਾਹ ਦੇ ਪੇਸ਼ ਜਾ ਕੀਤਾ।

ਅੰਸੂ ੧੪

(ਕਾਲੇ ਖ਼ਾਂ ਨੇ ਬੀੜਾ ਚੁਕਿਆ)

ਪੈਂਦੇ ਖ਼ਾਂ ਤੇ ਕੁਤਬ ਖ਼ਾਂ ਨੇ ਬਾਦਸ਼ਾਹ ਪਾਸ ਫ਼ਰਯਾਦ ਕੀਤੀ। ਪੈਂਦੇ ਖ਼ਾਂ ਨੇ ਨਾਲੇ ਆਪਣੀ ਵਡਿਆਈ ਕੀਤੀ, ਤੇ ਨਾਲੇ ਗੁਰੂ ਜੀ ਤੋਂ ਬਦਲਾ ਲੈਣ ਵਾਸਤੇ ਬਾਦਸ਼ਾਹ ਤੋਂ ਮੱਦਦ ਮੰਗੀ।

ਬਾਦਸ਼ਾਹ ਦੇ ਵੰਗਾਰਨ ਤੇ ਪਿਸ਼ਾਵਰ ਦੇ ਸੂਬੇਦਾਰ (ਮੁਖ਼ਲਸ ਖ਼ਾਂ ਦੇ ਭਾਈ) ਕਾਲੇ ਖ਼ਾਂ ਨੇ ਗੁਰੂ ਜੀ ਦੇ ਟਾਕਰੇ ਦਾ ਬੀੜਾ ਚੁ ਕਆ। ਅਬਦੁਲ ਖ਼ਾਂ ਦਾ ਮਿੱਤਰ ਅਨਵਰ ਖ਼ਾਂ ਵੀ ਨਾਲ ਤਿਆਰ ਹੋ ਪਿਆ।

ਬਾਦਸ਼ਾਹ ਨੇ ਸਭ ਨੂੰ ਸਿਰੋਪਾਓ ਦੇ ਕੇ ਤੋਰਿਆ।

ਅੰਸ ੧੫

(ਸ਼ਾਹੀ ਸੈਨਾ ਦੀ ਚੜ੍ਹਾਈ)

ਲਾਹੌਰ ਤੋਂ ਸ਼ਾਹੀ ਸੈਨਾ ਚੱਲੀ, ਤੇ ਜਲੰਧਰ ਕੋਲ ਆ ਪਹੁੰਚੀ। ਸਾਰਿਆਂ ਨੇ ਸਲਾਹ ਕਰ ਕੇ ਅਨਵਰ ਖ਼ਾਂ ਨੂੰ ਗੁਰੂ ਜੀ ਪਾਸ ਭੇਜਿਆ, ਕਿ ਉਹ ਢੰਗ ਨਾਲ ਸਾਰਾ ਭੇਤ ਲਵੇ।

Digitized by Panjab Digital Library | www.panjabdigilib.org

ਅੰਸੂ ੧੬

(ਗੁਰੂ ਜੀ ਦੀ ਤਸਵੀਰ ਬਣੀ)

(ਪਹਿਲੇ ਕੁਛ ਛੰਦਾਂ ਵਿਚ ਗੁਰੂ ਜੀ ਦੀ ਉਸਤਤ ਹੈ।)

ਕੁੱਕੋ ਦਾ ਪੁੱਤਰ ਅਨੰਤਾ ਸੀ। ਰਸੋਈਏ ਨੇ ਉਸ ਨੂੰ ਕਿਹਾ, ਕਿ ਗੁਲੇਲ ਲੈ ਕੇ ਕਾਂਵਾਂ ਨੂੰ ਉਡਾਈ ਰੱਖ। ਅਨੰਤੇ ਨੇ ਗੁਲੇਲਾ ਮਾਰਿਆ, ਜਿਸ ਨਾਲ ਇਕ ਕਾਂ ਲੰਗੜਾ ਹੋ ਗਿਆ।

ਗੁਰੂ ਜੀ ਨੇ ਭੋਜਨ ਛਕ ਕੇ ਕਾਂਵਾਂ ਨੂੰ ਟੁਕੜੇ ਪਾਏ,ਤਾਂ ਉਹ ਕਾਂ ਵੀ ਲੰਗੜਾਉਂਦਾ ਆਇਆ। ਗੁਰੂ ਜੀ ਦੇ ਮੁਖੋਂ ਸੁਤੇ ਨਿਕਲ ਗਿਆ, 'ਜਿਸ ਨੇ ਇਸ ਕਾਂ ਨੂੰ ਮਾਰਿਆ ਹੈ, ਉਹ ਨਰਕਾਂ ਨੂੰ ਜਾਵੇ।'

ਕੁੱਕੋ ਤੇ ਅਨੰਤਾ ਭਾਈ ਬਿਧੀ ਚੰਦ ਪਾਸ ਗਏ। ਉਸ ਨੇ ਸਹਾਇਤਾ ਦੀ ਹਾਮੀ ਭਰੀ।

ਗੁਰੂ ਜੀ ਸ਼ਕਾਰ ਖੇਡਦੇ ਛੋਟੇ ਮੀਰ ਕੋਲ ਬੈਠੇ ਸਨ, ਜਾਂ ਬਿਧੀ ਚੰਦ ਨੇ ਅਨੰਤੇ ਦੀ ਕਹਾਣੀ ਸੁਣਾ ਕੇ ਕਿਹਾ, ਕਿ

"ਦੇਹੁ ਰਸਾਤਲ[1] ਮੱਹਿ ਪ੍ਰਭੂ, ਅਬ ਸਿਸ[2] ਅਪ੍ਰਾਧ ਛਿਮਹੁ ਸੁਖਦਾਇ ।੧੧।"

"ਕਹਯੋ ਗੁਰੂ, ਸਿਸ ਕੋ ਨ ਰਸਾਤਲ, ਤੂੰ ਮਮ ਪ੍ਰਯ ਹੈ ਅਨੰਦ ਬਿਸਾਲ।
ਛੋਟਾ ਮੀਰ ਰਸਾਤਲ ਪਹੁੰਚੈ, ਜਹਾਂ ਬਸਹਿਂ ਨਰ ਕੁਟਿਲ ਕੁਚਾਲ।...੧੨।"

ਗੁਰੂ ਜੀ ਸ਼ਕਾਰ ਖੇਡ ਕੇ ਵਾਪਸ ਆ ਰਹੇ ਸਨ। ਦੋ ਤਖਾਣ ਸਿੱਖ ਦਰਸ਼ਨ ਹਿਤ ਆਏ। ਉਹ ਮੁਸੱਵਰ ਸਨ। ਬਿਧੀ ਚੰਦ ਨੇ ਗੁਰੂ ਜੀ ਦੀ ਤਸਵੀਰ ਬਨਾਉਣ ਵਾਸਤੇ ਕਿਹਾ, ਤਾਂ ਉਹਨਾਂ ਸ਼ਰਧਾ ਨਾਲ ਕਿਹਾ, ਗੁਰਦੇਵ ਕਿਰਪਾ ਕਰਨ, ਤਾਂ ਤਸਵੀਰ ਬਣ ਸਕਦੀ ਹੈ।

ਏਸੇ ਸਮੇਂ ਇਕ ਸਿੱਖ ਨੇ ਆ ਕੇ ਖ਼ਬਰ ਦਿਤੀ, ਕਿ ਪੈਂਦੇ ਖ਼ਾਂ ਬਹੁਤ ਸਾਰੀ ਫ਼ੌਜ ਚੜ੍ਹਾ ਲਿਆਇਆ ਹੈ, ਤੇ ਫ਼ੌਜ ਜਲੰਧਰ ਕੋਲ ਬੈਠੀ ਹੈ।

ਉਹਨਾਂ ਮੁਸੱਵਰਾਂ ਨੇ ਗੁਰੂ ਜੀ ਦੀ ਤਸਵੀਰ ਪੇਸ਼ ਕੀਤੀ।

ਅੰਸੂ ੧੭

(ਖ੍ਵਾਜਾ ਅਨਵਰ ਦੂਤ)

ਖ਼੍ਵਾਜਾ ਅਨਵਰ ਅੱਗੇ ਵਜ਼ੀਰ ਖ਼ਾਂ ਦਾ ਭੇਜਿਆ ਕਈ ਵਾਰ ਗੁਰੂ ਜੀ ਪਾਸ ਆਇਆ ਸੀ। ਇਸ ਵਾਰ ਉਹ ਦਿਲ ਵਿਚ ਖੋਟ ਲੈ ਕੇ ਆਇਆ। ਉਹਨੇ ਦੋ ਦੀਨਾਰ ਇਕ ਹੱਥ ਦੇ ਹੇਠਾਂ ਤੇ ਇਕ ਉਪਰ ਧਰ ਕੇ ਪੇਸ਼ ਕੀਤਾ। ਉਹ ਵੇਖਣਾ ਚਾਹੁੰਦਾ ਸੀ, ਕਿ

---

1 ਨਰਕ। 2 ਬਾਲਕ।

Digitized by Panjab Digital Library | www.panjabdigilib.org

ਗੁਰੂ ਕਰਾਮਾਤੀ ਹੈ, ਜਾਂ ਨਹੀਂ ।

ਗੁਰੂ ਜੀ ਨੇ ਕਿਹਾ, ਤੇਰੇ ਦਿਲ ਵਿਚ ਖੋਟ ਹੈ, ਜਦ ਜੋੜਾ ਫੁੱਟ ਜਾਵੇ, ਤਾਂ ਕੁਸਗਨ ਹੁੰਦਾ ਹੈ ।

ਗੁਰੂ ਜੀ ਨੇ ਅਨਵਰ ਨੂੰ ਇਕ ਪਾਸੇ ਬਿਠਾ ਦਿਤਾ ।

ਸੰਗਤਾਂ ਆਉਂਦੀਆਂ, ਮੱਥਾ ਟੇਕਦੀਆਂ ਤੇ ਭੇਟਾ ਧਰਦੀਆਂ । ਬੇਅੰਤ ਭੇਟਾ ਆਈ ।

ਇਕ ਸੁਨਿਆਰੇ ਨੇ ਬਹੁਤ ਕੀਮਤੀ ਚੌਪੜ ਭੇਟਾ ਧਰਿਆ ।

ਕੁਛ ਚਿਰ ਪਿਛੋਂ ਅਨਵਰ ਨੇ ਕਿਹਾ, ਕਿ ਆਪ ਨੇ ਮੇਰੀ ਭੇਟਾ ਪਰਵਾਨ ਨਹੀਂ ਕੀਤੀ । ਇਹ ਚੌਪੜ ਬੜਾ ਸੁੰਦਰ ਹੈ । ਮੇਰੀ ਇਛਿਆ ਹੈ, ਕਿ ਬਾਜ਼ੀ ਲਾ ਕੇ ਵੇਖੀ ਜਾਏ, ਕੁਛ ਸ਼ਰਤ ਲਾ ਕੇ ।

ਦੋ ਬਾਜ਼ੀਆਂ ਹੋਈਆਂ, ਪੰਦ-ਪੰਜ ਸੌ ਸ਼ਰਤ ਲਗਾ ਕੇ । ਅਨਵਰ ਦੋਵੇਂ ਹਾਰ ਗਿਆ ।

(ਇਕ ਮਹਾਨ ਧਾਰਮਿਕ ਗੁਰਦੇਵ ਦਾ ਚੌਪੜ ਖੇਡਣਾ ਮਨ ਨੂੰ ਜਚਦਾ ਨਹੀਂ । ਸ਼ਾਇਦ ਇਹ ਪ੍ਰਸੰਗ ਨੂੰ ਰੌਚਕ ਬਨਾਉਣ ਵਾਸਤੇ ਹੈ ।)

ਅੰਸੂ ੧੮

(ਅਨਵਰ ਨੂੰ ਹਾਰ)

ਅਨਵਰ ਨੇ ਫਿਰ ਬਾਜ਼ੀ ਸ਼ੁਰੂ ਕਰ ਦਿਤੀ । ਉਸ ਨੇ ਵੇਖਿਆ, ਕਿ ਮੈਂ ਤੀਸਰੀ ਬਾਜ਼ੀ ਵੀ ਹਾਰ ਚੱਲਿਆ ਹਾਂ, ਤਾਂ ਉਸ ਨੇ ਚੌਪੜ ਉਲਟ ਦਿਤਾ, ਤੇ ਗੁਰੂ ਜੀ ਦੇ ਵਿਰੁਧ ਬਕਣਾ ਸ਼ੁਰੂ ਕਰ ਦਿਤਾ । ਵਧਦਾ ਵਧਦਾ ਉਹ ਗੁਰੂ ਨਾਨਕ ਦੇਵ ਜੀ ਦੀ ਨਿੰਦਿਆ ਤਕ ਪਹੁੰਚ ਗਿਆ । ਸਿੱਟੇ ਵਜੋਂ ਗੁਰੂ ਜੀ ਦਾ ਹੁਕਮ ਪਾ ਕੇ ਬਿਧੀ ਚੰਦ ਨੇ ਜੁੱਤੀਆਂ ਮਾਰ ਕੇ ਕਢ ਦਿਤਾ ।

ਏਸੇ ਸਮੇਂ ਜਾਤੀ ਮਲਕ ਨੇ ਆ ਕੇ ਗੁਰੂ ਜੀ ਨੂੰ ਦੱਸਿਆ, ਕਿ ਪੈਂਦੇ ਖ਼ਾਂ ਇਕ ਲੱਖ ਦੇ ਕਰੀਬ ਫ਼ੌਜ ਲੈ ਕੇ ਆਇਆ ਹੈ, ਤੇ ਅਨਵਰ ਨੂੰ ਭੇਤ ਲੈਣ ਵਾਸਤੇ ਭੇਜਿਆ ਸੀ । ਹੁਣ ਇਸ ਨੂੰ ਬਖ਼ਸ਼ ਦਿਓ, ਤੇ ਜਿੱਤਿਆ ਪੈਸਾ ਵਾਪਸ ਕਰ ਦਿਓ ।

ਗੁਰ ਜੀ ਨੇ ਪੰਦਰਾਂ ਸੌ ਵਾਪਸ ਕਰ ਦਿਤਾ, ਤੇ ਉਸ ਨੂੰ ਜਾਣ ਦੀ ਆਗਿਆ ਦੇ ਦਿਤੀ । ਸ਼ਾਮ ਨੂੰ ਅਨਵਰ ਕਾਲੇ ਖ਼ਾਂ ਪਾਸ ਜਾ ਪਹੁੰਚਿਆ ।

ਅੰਸੂ ੧੯

(ਸ਼ਾਹੀ ਸੈਨਾ ਦੀ ਚੜ੍ਹਾਈ)

ਅਨਵਰ ਨੇ ਕਾਲੇ ਖ਼ਾਂ ਨੂੰ ਦੱਸਿਆ, ਕਿ ਮੈਂ ਸਾਰਾ ਭੇਤ ਲੈ ਆਇਆ ਹਾਂ । ਗੁਰੂ

Digitized by Panjab Digital Library | www.panjabdigilib.org

ਕੌਲ ਫ਼ੌਜ ਬਹੁਤ ਥੋੜ੍ਹੀ ਹੈ, ਤੇ ਉਸ ਨੂੰ ਸ਼ਾਹੀ ਫ਼ੌਜ ਦੇ ਆਉਣ ਦਾ ਪਤਾ ਨਹੀਂ। ਸੋ ਸਾਨੂੰ ਰਾਤ ਹੀ ਹਮਲਾ ਕਰ ਕੇ ਗੁਰੂ ਜੀ ਨੂੰ ਪਕੜ ਲੈਣਾ ਚਾਹੀਦਾ ਹੈ।

"ਤਬ ਲੌ ਧੀਰਮਲ ਕੀ ਪਾਤੀ।
ਪਹੁੰਚੀ ਤਿਨ ਢਿਗ ਕੁਮਤਿ ਕੁਬਾਤੀ[1] ।...੧੫।...
ਪੈਂਦੇ ਖ਼ਾਨ! ਮੈਂ ਪੱਖੀ ਤੇਰਾ।
ਨਹਿੰ ਅਪਮਾਨ ਸਹੈ ਮਨ ਮੇਰਾ।੧੬।"

ਧੀਰ ਮੱਲ ਦੀ ਚਿੱਠੀ ਪੜ੍ਹ ਕੇ ਵੈਰੀ ਬਹੁਤ ਖ਼ੁਸ਼ ਹੋਏ, ਤੇ ਧੀਰ ਮੱਲ ਨੂੰ ਚਿੱਠੀ ਦਾ ਉਤਰ ਲਿਖ ਦਿਤਾ।

ਕਾਲੇ ਖ਼ਾਂ ਨੇ ਦੁਆਬੇ ਦੀ ਫ਼ੌਜ ਵੀ ਇਕੱਠੀ ਕਰ ਲਈ।

"ਸਗਰੀ ਭਈ ਪਝੱਤੂ ਹਜ਼ਾਰ।
ਅਪਰ ਸੈਂਕਰੇ ਮਿਲਿ ਅਸਵਾਰ।੨੬।"

ਸ਼ਾਹੀ ਫ਼ੌਜ ਲੱਖ ਤੋਂ ਕੁਛ ਹੀ ਘੱਟ ਸੀ।

ਵੈਰੀ ਛੋਟੇ ਮੀਰ ਕੋਲ ਇਕੱਠੇ ਹੋ ਗਏ। ਉਹਨਾਂ ਨਾਲ ਮਲਕ ਦਾਤਾਰ ਵੀ ਆ ਮਿਲਿਆ।

ਅੰਸੂ ੨੦

(ਜੰਗ ਆਰੰਭ)

ਗੁਰੂ ਜੀ ਪਾਸ ਉਸ ਸਮੇਂ ਅਠਾਰਾਂ ਸੌ ਜਵਾਨ ਸੀ। ਗੁਰੂ ਜੀ ਦੇ ਹੁਕਮ ਨਾਲ ਭਾਈ ਲੱਖੂ, ਮਿਹਰ ਚੰਦ ਤੇ ਅਮੀਆਂ ਚੜ੍ਹੇ। ਉਹਨਾਂ ਨਾਲ ਨੌਂ ਸੌ ਜਵਾਨ ਸੀ।

ਗੁਰਦਿੱਤਾ ਜੀ ਨੂੰ ਹੁਕਮ ਹੋਇਆ, ਕਿ ਸੂਰਜ ਚੜ੍ਹਨ ਤਕ ਨੱਗਰ ਦੀ ਰਖਿਆ ਕਰੋ।

ਦੁਸ਼ਮਣ ਨੇ ਹਮਲਾ ਕੀਤਾ। ਰਾਤ ਦੇ ਹਨ੍ਹੇਰੇ ਵਿਚ ਘਮਸਾਣ ਦਾ ਜੰਗ ਹੋਇਆ।

ਅੰਸੂ ੨੧

(ਰਾਤ ਦਾ ਜੰਗ)

ਹਨੇਰੀ ਰਾਤ ਵਿਚ ਬੜਾ ਭਿਆਨਕ ਜੰਗ ਹੋਇਆ। ਦਿਨ ਚੜ੍ਹੇ ਕਾਲੇ ਖ਼ਾਂ ਨੇ ਵੇਖਿਆ, ਕਿ ਹਨ੍ਹੇਰੇ ਵਿਚ ਅੱਧੀ-ਕੁ ਫ਼ੌਜ ਮਰ ਗਈ ਹੈ।

---

1 ਖੋਟੀਆਂ ਗੱਲਾਂ ਵਾਲੀ ਪਤਰਕਾ।

Digitized by Panjab Digital Library | www.panjabdigilib.org

ਅੰਸੂ ੨੨

(ਜੰਗ ਜਾਰੀ)

ਸਾਰੇ ਅੰਸੂ ਵਿਚ ਯੁੱਧ ਦਾ ਬਹੁਤ ਸੁੰਦਰ ਵਰਣਨ ਹੈ।

ਅੰਸੂ ੨੩

(ਅਨਵਰ ਮਰਿਆ)

ਅਨਵਰ ਤੇ ਬਿਧੀ ਚੰਦ ਦਾ ਜੰਗ। ਅਨਵਰ ਦਾ ਤੀਰ ਬਿਧੀ ਚੰਦ ਦੇ ਘੋੜੇ ਦੀ ਕਾਠੀ ਵਿਚ ਲੱਗਾ। ਬਿਧੀ ਚੰਦ ਦਾ ਤੀਰ ਅਨਵਰ ਦੇ ਮੱਥੇ ਵਿਚ ਲੱਗਾ, ਤੇ ਉਹ ਥਾਂ ਮਰ ਗਿਆ।

ਅੰਸੂ ੨੪

(ਜੰਗ ਜਾਰੀ)

ਜੰਗ ਦਾ ਬੀਰ ਰਸੀ ਚਿੱਤਰ ਬਹੁਤ ਹੀ ਸੁੰਦਰ ਹੈ।

ਅੰਸੂ ੨੫

(ਜੰਗ ਜਾਰੀ)

ਇਸ ਜੰਗ ਵਿਚ ਗੁਰਦਿੱਤਾ ਜੀ, ਸੂਰਜ ਮੱਲ ਜੀ, ਤੇ (ਗੁਰੂ) ਤੇਗ਼ ਬਹਾਦਰ ਜੀ ਵੀ ਲੜੇ। ਸਵਾ ਪਹਿਰ ਰਾਤ ਰਹਿਦੀ ਤੋਂ ਜੁੱਧ ਸ਼ੁਰੂ ਹੋਇਆ ਸੀ, ਇਸ ਸਮੇਂ ਪਹਿਰ ਦਿਨ ਚੜ੍ਹ ਆਇਆ।

ਅੰਸੂ ੨੬

(ਭਾਈ ਲੱਖੂ ਸ਼ਹੀਦ)

ਭਾਈ ਲੱਖੂ ਵੈਰੀ ਦੇ ਘੇਰੇ ਵਿਚ ਆ ਗਿਆ, ਤੇ ਯੋਧਿਆਂ ਵਾਂਗ ਸ਼ਹੀਦੀ ਪਾ ਗਿਆ।

ਕਾਲੇ ਖ਼ਾਂ ਨੇ ਪੈਂਦੇ ਖ਼ਾਂ ਨੂੰ ਵੰਗਾਰਿਆ, ਕਿ ਹੁਣ ਗੁਰੂ ਵੱਲ ਹੋ।

Digitized by Panjab Digital Library | www.panjabdigilib.org

ਅੰਸੂ ੨੭

(ਪੈਂਦੇ ਖ਼ਾਂ ਦਾ ਅੰਤ)

ਪੈਂਦੇ ਖ਼ਾਂ ਤੇ ਗੁਰੂ ਜੀ ਆਮ੍ਹੋ ਸਾਮ੍ਹਣੇ ਹੋ ਗਏ। ਗੁਰੂ ਜੀ ਨੇ ਕਿਹਾ, ਪਹਿਲਾਂ ਵਾਰ ਕਰ ਲੈ। ਪੈਂਦੇ ਖ਼ਾਂ ਦਾ ਪਹਿਲਾ ਵਾਰ ਗੁਰੂ ਜੀ ਦੀ ਰਕਾਬ ਉਤੇ ਲੱਗਾ। ਪੈਂਦੇ ਦਾ ਦੂਸਰਾ ਵਾਰ ਗੁਰੂ ਜੀ ਨੇ ਢਾਲ ਉਤੇ ਰੋਕ ਲਿਆ। ਪੈਂਦੇ ਦਾ ਤੀਸਰਾ ਵਾਰ ਗੁਰੂ ਜੀ ਨੇ ਤੇਗ 'ਤੇ ਰੋਕ ਲਿਆ। ਪੈਂਦੇ ਦੀ ਤਲਵਾਰ ਟੁੱਟ ਗਈ। ਉਸ ਹਾਲਤ ਵਿਚ ਗੁਰੂ ਜੀ ਨੇ ਮੋੜਵਾਂ ਵਾਰ ਨਾ ਕੀਤਾ।

(ਏਥੇ ਕਵੀ ਜੀ ਕੁਛ ਭਾਵਕ ਹੋ ਗਏ ਹਨ।)

ਪੈਂਦੇ ਖ਼ਾਂ ਨੇ ਸੱਖਣੇ ਹੱਥੀਂ ਗੁਰੂ ਜੀ ਨੂੰ ਪੈਰ ਤੋਂ ਫੜ ਕੇ ਘੋੜੇ ਤੋਂ ਉਲਟਾਉਣਾ ਚਾਹਿਆ। ਗੁਰੂ ਜੀ ਨੇ ਪੈਰ ਛੁਡਾ ਲਿਆ। ਫਿਰ ਗੁਰੂ ਜੀ ਨੇ ਵਾਰ ਕਰ ਕੇ ਪੈਂਦੇ ਨੂੰ ਗੇਲੀ ਵਾਂਗ ਚੀਰ ਦਿਤਾ।

"ਜਬ ਗਿਰਨ ਲਾਗ, ਕਹਿੰ ਗੁਰ ਉਦਾਰ।
'ਤੁਵ ਤੁਰਕ ਜਨਮ, ਕਲਮਾ ਉਚਾਰ' ।੫੪।
ਗਿਰਨ ਲਗਯੋ ਪੈਂਦਾ ਕਹੈ, 'ਸ੍ਰੀ ਗੁਰ ਤੁਵ ਤਰਵਾਰ।
ਭਈ ਰੂਪ ਕਲਮਾ ਅਬਹਿ, ਕਰੀਯਹਿ ਮੋਹਿ ਉਧਾਰ' ।੫੫।"

ਅੰਸੂ ੨੮

(ਉਸਮਾਨ ਮਰਿਆ)

ਪੈਰਾਂ ਵਿਚ ਪਿਆ ਪੈਂਦਾ ਤੜਪ ਰਿਹਾ ਸੀ।

"ਸਿਪਰ[1] ਸਾਥ ਕੀਨਸਿ ਤਬ ਛਾਯਾ।
ਹੋਤ ਬਦਨ ਪਰ ਘਾਮ[2] ਮਿਟਾਯਾ।
ਦੇਖਤਿ ਖਰੇ ਅੱਸ਼ੂ ਦ੍ਰਿਗ[3] ਝਰੈਂ।
ਪੈਂਦ ਖ਼ਾਨ ਕੇ ਮੁਖ ਪਰ ਪਰੈਂ ।੫।"

ਪੈਂਦੇ ਖ਼ਾਂ ਦੇ ਨਾਲ ਉਸਮਾਨ ਖ਼ਾਂ ਵੀ ਗੁਰੂ ਜੀ ਵੱਲ ਵਧ ਰਿਹਾ ਸੀ। ਉਸਨੂੰ ਬਾਬਾ ਗੁਰਦਿੱਤਾ ਜੀ ਨੇ ਰੋਕ ਲਿਆ। ਉਸਮਾਨ ਦਾ ਤੀਰ ਘੋੜੇ ਦੀ ਕਾਠੀ ਵਿਚ ਲੱਗਾ, ਪਰ ਬਾਬਾ ਗੁਰਦਿੱਤਾ ਜੀ ਦਾ ਤੀਰ ਉਸਮਾਨ ਦਾ ਮੱਥਾ ਚੀਰ ਕੇ ਪਾਰ ਨਿਕਲ ਗਿਆ।

"ਪਰਯੋ ਨਿਕਟ ਬਾਬਾ ਚਲਿ ਗਯੋ।
ਜਾਨ ਸਖਾ ਸਮ ਤਬ ਹੁਦਨਯੋ। ..੧੬।"

ਬਿਧੀਚੰਦ ਨੇ ਆ ਕੇ ਗੁਰਦਿੱਤਾ ਜੀ ਨੂੰ ਸਾਵਧਾਨ ਕੀਤਾ। ਉਸੇ ਅਵਸਥਾ ਵਿਚ

---

1 ਢਾਲ। 2 ਧੁੱਪ। 3 ਨੇਤਰ, ਅੱਖਾਂ।

Digitized by Panjab Digital Library | www.panjabdigilib.org

ਬਿਧੀ ਚੰਦ ਬਾਬਾ ਜੀ ਨੂੰ ਗੁਰੂ ਜੀ ਪਾਸ ਲੈ ਗਿਆ। ਗੁਰੂ ਜੀ ਨੇ ਗੁਰਦਿੱਤਾ ਜੀ ਨੂੰ ਘਰ ਭੇਜ ਦਿਤਾ।

———

ਅੰਸੂ ੨੯

(ਮਿਹਰਾ ਤੇ ਕੁਤਬ ਖ਼ਾਂ ਦੀ ਮੌਤ)

ਭਾਈ ਮਿਹਰਾ ਤੇ ਅਮੀਆਂ ਵੈਰੀ ਦੇ ਘੇਰੇ ਵਿਚ ਆ ਗਏ, ਤੇ ਸੈਂਕੜਿਆਂ ਨੂੰ ਮਾਰ ਕੇ ਆਪ ਸ਼ਹੀਦ ਹੋ ਗਏ।

ਦੂਸਰੇ ਪਾਸੇ ਕੁਤਬ ਖ਼ਾਂ ਗੁਰੂ ਜੀ ਦੇ ਸਾਮ੍ਹਣੇ ਆ ਡਟਿਆ। ਕੁਤਬ ਖ਼ਾਂ ਦੇ ਸਾਰੇ ਵਾਰ ਖ਼ਾਲੀ ਗਏ। ਗੁਰੂ ਜੀ ਨੇ ਇਕੇ ਵਾਰ ਨਾਲ ਕੁਤਬ ਖ਼ਾਂ ਦਾ ਸਿਰ ਧੜ ਤੋਂ ਵੱਖ ਕਰ ਦਿਤਾ।

———

ਅੰਸੂ ੩੦

(ਜੰਗ ਜਾਰੀ)

ਇਸ ਸਮੇਂ ਕਾਲੇ ਖ਼ਾਂ ਕੋਲ ਹਜ਼ਾਰ-ਕੁ ਫ਼ੌਜ ਰਹਿ ਗਈ ਸੀ।

ਕਾਲੇ ਖ਼ਾਂ ਸੋਚਦਾ ਹੈ,

"ਸਦਾ ਕੌਨ ਜੀਵੈ, ਮਰੈ ਬੈਸ ਬੀਤੇ।
ਭਲੇ ਜੀਵ ਸੋਈ, ਜਸੰ ਜਾਂਹਿ ਲੀਤੇ।...੧੦।"

ਮਨ ਵਿਚ ਇਹ ਧਾਰ ਕੇ ਰਹਿਦੀ ਫ਼ੌਜ ਲੈ ਕੇ ਕਾਲੇ ਖ਼ਾਂ ਗੁਰੂ ਜੀ ਦੇ ਸਾਮ੍ਹਣੇ ਆਇਆ।

———

ਅੰਸੂ ੩੧

(ਕਾਲੇ ਖ਼ਾਂ ਦਾ ਮਰਨਾ)

ਕਾਲੇ ਖ਼ਾਂ ਨੇ ਤੀਰ ਚਲਾਇਆ, ਜੋ ਗੁਰੂ ਜੀ ਦੇ ਮੱਥੇ ਵਿਚ ਲੱਗਾ, ਤੇ ਮਾਮੂਲੀ ਮਾਸ ਨੂੰ ਛੋਹਿਆ।

"ਬੂੰਦ ਰਕਤ ਕੀ ਨਿਕਸੀ ਲਾਲ।
ਮਨਹੁੰ ਤਿਲਕ ਜੈ ਕੋ ਲਗਿ ਭਾਲ।੧੦।"

(ਇਉਂ ਸਮਝੋ, ਕਿ ਮੱਥੇ ਵਿਚ ਜਿੱਤ ਦਾ ਤਿਲਕ ਲੱਗਾ ਹੋਵੇ।)

ਫਿਰ ਗੁਰੂ ਜੀ ਨੇ ਤੀਰ ਚਲਾਇਆ, ਜਿਸ ਨਾਲ ਕਾਲੇ ਖ਼ਾਂ ਦਾ ਘੋੜਾ ਮਾਰਿਆ ਗਿਆ।

ਕਾਲੇ ਖ਼ਾਂ ਨੇ ਵੰਗਾਰਿਆ, ਕਿ ਹੁਣ ਸੂਰਮਿਆਂ ਵਾਂਗ ਪੈਦਲ ਹੋ ਕੇ ਤਲਵਾਰ

Digitized by Panjab Digital Library | www.panjabdigilib.org

ਨਾਲ ਲੜੋ।

ਗੁਰੂ ਜੀ ਨੇ ਘੋੜੇ ਤੋਂ ਉੱਤਰ ਕੇ ਤਲਵਾਰ ਸੰਭਾਲ ਲਈ। ਕਾਲੇ ਖ਼ਾਂ ਨੇ ਕਈ ਵਾਰ ਕੀਤੇ, ਜੋ ਖ਼ਾਲੀ ਗਏ। ਅੰਤ ਗੁਰੂ ਜੀ ਨੇ ਅਜੇਹਾ ਵਾਰ ਕੀਤਾ, ਜਿਸ ਨਾਲ ਕਾਲੇ ਖ਼ਾਂ ਅੱਧ ਵਿਚੋਂ ਚੀਰਿਆ ਗਿਆ। ਜਰਨੈਲ ਦੇ ਮਰਨ ਕਾਰਨ ਬਾਕੀ ਫ਼ੌਜ ਨੱਸ ਉਠੀ। ਉਸ ਵੇਲੇ ਦਿਨ ਚਾਰ ਘੜੀਆਂ ਖਲਾ ਸੀ।

"ਕੁਛਕ ਊਨ ਲੱਛ[1] ਤੁਰਕ ਸੰਘਾਰੇ।
ਗੁਰ ਕੇ ਬੀਰ ਸਾਤ ਸੈ ਮਾਰੇ।੪੫।"

ਅੰਸੂ ੩੨

(ਕੀਰਤ ਪੁਰ ਨੂੰ ਤਿਆਰੀ)

ਗੁਰੂ ਜੀ ਦੇ ਹੁਕਮ ਨਾਲ ਸਾਰੇ ਸ਼ਹੀਦ ਸਿੱਖਾਂ ਦਾ ਸਸਕਾਰ ਕੀਤਾ ਗਿਆ। ਕਰਤਾਰ ਪੁਰ ਦੇ ਉਦਾਲੇ ਮੁਰਦਿਆਂ ਦੀ ਬਦਬੂ ਫੈਲ ਗਈ।

ਓਧਰ ਬੁਢਣ ਸ਼ਾਹ ਦਾ ਅੰਤ ਸਮਾਂ ਨੇੜੇ ਆ ਗਿਆ। ਗੁਰੂ ਜੀ ਨੇ ਕੀਰਤਪੁਰ ਵੱਲ ਤਿਆਰੀ ਕਰ ਲਈ।

ਤੀਸਰਾ ਕਾਰਨ ਸੀ, ਕਿ ਇਸ ਜੰਗ ਵਿਚ ਮਰੇ ਪਠਾਣਾਂ ਦੇ ਰਿਸ਼ਤੇਦਾਰ ਇਲਾਕੇ ਵਿਚ ਬਹੁਤ ਸਨ। ਉਹਨਾਂ ਦੇ ਮਨਾਂ ਵਿਚ ਈਰਖਾ ਰਹੇਗੀ। ਇਸ ਲਈ ਗੁਰੂ ਜੀ ਨੇ ਕਰਤਾਰਪੁਰ ਤੋਂ ਤਿਆਰੀ ਕਰ ਲਈ।

ਬਿਧੀ ਚੰਦ ਦਾ ਪੁੱਤਰ ਲਾਲ ਚੰਦ ਵੀ ਨਾਲ ਸੀ।

ਬਿਧੀ ਚੰਦ ਨੇ ਗੁਰੂ ਜੀ ਨੂੰ ਕਿਹਾ, ਕਿ ਧੀਰਮੱਲ ਨਾਲ ਜਾਣ ਵਾਸਤੇ ਤਿਆਰ ਨਹੀਂ। ਉਸਨੇ ਆਪਣੀ ਸਾਤਾ ਨੂੰ ਵੀ ਕੋਲ ਰੱਖ ਲਿਆ ਹੈ।

"ਨਿਜ ਮਾਤਾ ਕੌ ਰਾਖਯੋ ਪਾਸ।
ਕਹਿ ਬਹੁ ਬਿਧਿ ਕੀ ਪ੍ਰੀਤਿ ਅਵਾਸ[2]।
ਬਡਨਿ ਹਮਾਰੇ ਨਗਰ ਬਸਾਯੋ।
ਮਿਲ ਤੁਰਕਨ ਸੌਂ ਰਹੈਂ ਇਥਾਯੋ।੨੬।
ਹਮ ਨਹਿਂ ਤਿਨ ਸੌਂ ਵੈਰ ਕਮਾਵੈਂ।
ਤੁਰਕਨ ਕੇ ਅਨੁਸਾਰਿ ਬਿਤਾਵੈਂ।
ਸ੍ਰੀ ਗੁਰੂ ਗ੍ਰੰਥ ਰਾਖ ਕਰਿ ਲੀਨੋ।
ਗੁਪਤ ਛੁਪਾਵਨਿ ਕਿਤ ਹੂੰ ਕੀਨੋ।੨੭।"

ਸਾਰਾ ਪਰਵਾਰ ਤੇ ਸਿੱਖ ਤਿਆਰ ਹੋ ਗਏ, ਤਾਂ ਗੁਰੂ ਜੀ ਨੇ ਕਰਤਾਰ ਪੁਰ ਤੋਂ ਕੂਚ ਕਰ ਦਿਤਾ।

---

1. ਲੱਖ ਤੋਂ ਕੁਛ ਘੱਟ। 2. ਘਰ।

Digitized by Panjab Digital Library | www.panjabdigilib.org

ਅੰਸੂ ੩੩

(ਕੀਰਤਪੁਰ ਪੁੱਜੇ—ਬੁਢਣ ਸਾਹ)

ਸਾਰਾ ਵਹੀਰ ਸਤਲੁਜ ਤੋਂ ਪਾਰ ਹੋਇਆ। ਅੱਗੇ ਗੁਰੂ ਜੀ ਨੇ ਇਕ ਅਸਥਾਨ ਨੂੰ ਨਮਸਕਾਰ ਕੀਤੀ। ਬਿਧੀ ਚੰਦ ਦੇ ਪੁਛਣ ਤੇ ਗੁਰੂ ਜੀ ਨੇ ਕਿਹ,

"ਸੁਨਿ ਸ੍ਰੀ ਹਰਿਗੋਵਿੰਦ ਬਖਾਨਾ।
ਜਾਨਹੁ ਬਹੁ ਕਾਰਨ ਇਸ ਥਾਨਾ।
ਰਿਖ 'ਬਸ਼ਿਸ਼ਟ' ਤਪ ਕੀਨ ਘਨੇਰੇ।
ਸ਼ਤ[1] ਸੁਤ[2] ਮ੍ਰਿਤਕ ਸੁਣੇ ਜਿਸ ਬੇਰੇ[3] ।੧੯।
ਬੂਡਨ ਲਗਯੋ ਨਦੀ ਇਸ ਮਾਂਹੀ।
ਤਪ ਕੇ ਤੇਜ ਡੁਬਾਯੋ ਨਾਂਹੀ।
ਸੌ ਪ੍ਰਵਾਹ ਅਪਨੇ ਕਰਿ ਲੀਨੇ[4]।
ਸਭਿ ਬਲ ਮਹਿੰ ਲਘੁ ਜਲ ਕਰਿ ਦੀਨੇ ।੨੦।
ਪੁਨਹਿ ਪਾਂਸ[5] ਨਿਜ ਗਰ ਮੈਂ ਡਾਰੀ।
ਗਿਰਯੋ ਅਲਪ[6] ਸਲਿਤਾ ਕੇ ਬਾਰੀ[7]।
ਤਿਸ ਨੇ ਪਾਂਸ ਕਟੀ ਰਿਖ ਜੋਵਾ।
ਨਾਮ 'ਬਿਪਾਸਾ'[8] ਤਬ ਤੇ ਹੋਵਾ ।੨੧।
ਬਹੁਰ ਸੁਨਹੁ ਦੇਵੀ ਕੋ ਥਾਨ।
ਜਗਤ ਈਸ਼ਰੀ ਅਸਰੁਨਿ ਹਾਨ[9]।
ਦਸਮ ਰੂਪ ਧਰਿ ਜਬ ਹਮ ਰਹੈਂ।
ਅਨਿਕ ਬਿਲਾਸ ਕਰਤਿ ਸੁਖ ਲਹੈਂ ।੨੨।"

(ਏਨੀ ਟੂਕ ਇਸ ਵਾਸਤੇ ਦਿਤੀ ਹੈ, ਕਿ ਕਵੀ ਦੇ ਨਿਸਚੇ ਅਨਸਾਰ ਗੁਰੂ ਜੀ ਨੇ ਰਿਖੀ ਦੇ ਤੇ ਦੇਵੀ ਦੇ ਅਸਥਾਨ ਨੂੰ ਨਮਸਕਾਰ ਕੀਤੀ ਸੀ। ਬ੍ਰਹਿਮਣੀ ਧਰਮ ਦਾ ਅਸਰ।)

ਕੀਰਤ ਪੁਰ ਦੋ ਕੋਹ ਰਹਿ ਗਿਆ ਸੀ। ਏਥੇ 'ਜਾਨ ਭਾਈ' ਘੋੜੇ ਨੇ ਪਾਣੀ ਪੀਤਾ ਤੇ ਮਰ ਗਿਆ। ਕਿਉਂਕਿ ਉਸਨੂੰ ਜੰਗ ਵਿਚ ਕਈ ਫੱਟ ਲੱਗੇ ਸਨ।

ਗੁਰੂ ਜੀ ਕੀਰਤ ਪੁਰ ਪੁੱਜੇ। ਓਥੇ ਹਜ਼ੂਰ ਬੁੱਢਣ ਸ਼ਾਹ ਕੋਲ ਗਏ। ਬੁਢਣ ਸ਼ਾਹ ਦੀ ਸਮਾਧੀ ਖੁੱਲ੍ਹ ਗਈ। ਉਹ ਗੁਰੂ ਜੀ ਦੀ ਉਸਤਤ ਕਰਦਾ ਹੈ:

"ਨਮੋ ਨਮੋ ਤੁਮ ਕੋ ਜਗ ਸ੍ਵਾਮੀ।

---

1. ਸੌ। 2. ਪੁੱਤਰ। 3. ਜਿਸ ਸਮੇਂ। 4. ਸਤਲੁਜ ਨੇ ਆਪਣੇ ਸੌ ਪ੍ਰਵਾਹ (ਵਹਿਣ) ਕਰ ਲਏ। 5. ਫਾਂਸੀ। 6. ਛੋਟਾ, ਥੋੜਾ। 7. ਨਦੀ ਦੇ ਪਾਣੀ ਵਿਚ। 8. ਉਸ ਸਮੇਂ ਤੋਂ ਇਸ ਦਾ ਨਾਮ 'ਬਿਪਾਸਾ' ਪੈ ਗਿਆ। 9. ਜਗਤ ਦੀ ਈਸ਼ਵਰ, ਦੈਂਤਾਂ ਦਾ ਨਾਸ ਕਰਨ ਵਾਲੀ।

Digitized by Panjab Digital Library | www.panjabdigilib.org

ਨਮੋ ਨਮੋ ਪ੍ਰਭੁ ਅੰਤਰਜਾਮੀ ।੩੨।...
ਸਚਦਾਨੰਦ ਸਰੂਪ ਤੁਮਾਰਾ ।
ਮੱਛ, ਕੱਛ, ਬਾਵਨ ਤਨ ਧਾਰਾ ।੩੩।
'ਸੂਕਰ' ਸ੍ਰੀ ਨਰਸਿੰਘ ਬਨੇ ਹੋ ।
ਰਾਮ ਚੰਦ, ਸ੍ਰੀ ਕ੍ਰਿਸ਼ਨ ਭਨੇ ਹੋ ।...੩੪।''

(ਇਕ ਮੁਸਲਮਾਨ ਫ਼ਕੀਰ ਦੇ ਮੂੰਹੋਂ ਬ੍ਰਹਿਮਣੀ ਧਰਮ ਦੇ ਅਵਤਾਰਾਂ :—ਮੱਛ, ਕਛੂ, ਬਾਵਨ ਅਵਤਾਰ, ਸੂਕਰ [ਵਿਰਾਹ=ਸੂਰ] ਨਰਸਿੰਘ, ਰਾਮ ਚੰਦ, ਕ੍ਰਿਸ਼ਨ ਆਦਿ ਨਾਲ ਗੁਰੂ ਜੀ ਨੂੰ ਉਪਮਾ ਦੇਣੀ, ਕਵੀ ਜੀ ਦੀ ਕਲਪਨਾ ਹੀ ਹੈ ।)

ਬਾਬਾ ਗੁਰਦਿੱਤਾ ਜੀ ਨੂੰ ਬੁਢਣ ਸ਼ਾਹ ਕੋਲ ਛਡ ਕੇ ਗੁਰੂ ਜੀ (ਕੀਰਤਪੁਰ) ਘਰ ਆ ਕੇ ਕਮਰ ਕਸਾ ਖੋਹਲਿਆ । ਹਜ਼ੂਰ ਦੇ ਸਰੀਰ 'ਤੇ ਤੀਰ ਆਦਿ ਦੇ ਬਹੱਤਰ ਫੱਟ ਲਗੇ ਹੋਏ ਸਨ ।

''ਤੀਰ ਆਦਿ ਕੇ ਘਾਵ ਬਿਸਾਲਾ[1] ।
ਲਗੇ ਬਹੱਤਰ ਜਬ ਰਣ ਘਾਲਾ ।੪੦।''

ਓਧਰ ਬੁਢਣ ਸ਼ਾਹ ਨੇ ਬਾਬਾ ਗੁਰਦਿੱਤਾ ਜੀ ਪਾਸ ਬੇਨਤੀ ਕੀਤੀ, ਕਿ ਜਦ ਆਪ ਸਰੀਰ ਤਿਆਗੋ, ਤਾਂ ਤੁਹਾਡਾ ਦੇਹੁਰਾ ਇਸ ਥਾਂ ਬਣੇ ।

ਅੰਸੂ ੩੪

(ਬੁੱਢਣ ਸ਼ਾਹ ਸੁਰਗਵਾਸ—ਬਾਦਸ਼ਾਹ ਨੂੰ ਹਾਰ ਦੀ ਖ਼ਬਰ)

ਅੰਤ ਸਮੇਂ ਗੁਰੂ ਜੀ ਬੁਢਣ ਸ਼ਾਹ ਕੋਲ ਪੁੱਜੇ । ਬੁਢਣ ਸ਼ਾਹ ਨੇ,

''ਹਾਥ ਜੋਰ ਤਬ ਸਕਲ ਸੁਨਾਈ ।
ਬਰਖ ਪੰਚ ਸੈ ਬੈਸ ਬਿਤਾਈ ।...੪।''

(ਬੁਢਣ ਸ਼ਾਹ ਦੀ ਉਮਰ ਪੰਜ ਸੌ ਸਾਲ ।)

ਗੁਰੂ ਜੀ ਦੀ ਹਜ਼ੂਰੀ ਵਿਚ ਬੁੱਢਣ ਸ਼ਾਹ ਨੇ ਸਰੀਰ ਤਿਆਗਿਆ ।

ਧੀਰ ਮੱਲ ਕਰਤਾਰ ਪੁਰ ਹੀ ਰਹਿ ਗਿਆ ਸੀ । ਪਿੱਛੇ ਪਿਆ ਗੁਰੂ ਜੀ ਦਾ ਸਾਰਾ ਸਾਮਾਨ ਉਸ ਨੇ ਸੰਭਾਲ ਲਿਆ । ਫਿਰ ਸਰਕਾਰ ਤੋਂ ਡਰਦਿਆਂ ਧੀਰਮੱਲ ਨੇ ਬਾਦਸ਼ਾਹ ਨੂੰ ਚਿੱਠੀ ਲਿਖੀ,

''ਹਮ ਹਮੇਸ਼ ਹਜ਼ਰਤ ਅਨੁਸਾਰੀ ।
ਜਥਾ ਅਪਰ ਖ਼ਲਕਤ ਹੈ ਸਾਰੀ ।...੧੨।''

ਸ਼ਾਹ ਨੂੰ ਇਸ ਲੜਾਈ ਦੀ ਸਾਰੀ ਖ਼ਬਰ ਪਹੁੰਚੀ, ਤਾਂ ਉਹ ਬਹੁਤ ਹੈਰਾਨ ਹੋਇਆ ।

---

1. ਬਹੁਤ ।

Digitized by Panjab Digital Library | www.panjabdigilib.org

ਵਜ਼ੀਰ ਖ਼ਾਂ ਨੇ ਪਿਛਲੇ ਗੁਰੂ ਸਾਹਿਬਾਨ ਤੇ ਮੁਗ਼ਲ ਬਾਦਸ਼ਾਹਾਂ ਦਾ ਹਵਾਲਾ ਦੇਂਦਿਆਂ ਕਿਹਾ, ਕਿ ਤੁਹਾਡੇ ਵੱਡਿਆਂ ਨੇ ਗੁਰੂ ਸਾਹਿਬਾਨ ਦੇ ਵਰ ਨਾਲ ਸਭ ਕੁਛ ਪ੍ਰਾਪਤ ਕੀਤਾ ਸੀ।

"ਗੜ੍ਹ ਚਿਤੌੜ ਤਿਨ ਬਚ ਤੇ ਟੂਟਯੋ।
ਦ੍ਵਾਦਸ ਬਰਖਨ ਜੋ ਨਹਿੰ ਛੂਟਿਯੋ ।੧੯।"

ਗੁਰੂ ਨਾਲ ਸਾਰਾ ਸੰਸਾਰ ਵੀ ਲੜੇਗਾ, ਤਾਂ ਹਾਰ ਜਾਇਗਾ।

ਏਨੇ ਨੂੰ ਧੀਰ ਮੱਲ ਦੀ ਚਿੱਠੀ ਪਹੁੰਚ ਗਈ। ਵਜ਼ੀਰ ਖ਼ਾਂ ਨੇ ਸੋਚਿਆ, ਕਿ ਇਹ ਚਿੱਠੀ ਬਾਦਸ਼ਾਹ ਨੂੰ ਨਹੀਂ ਸੁਨਾਉਣੀ ਚਾਹੀਦੀ। ਸੋ ਉਸਨੇ ਬਾਦਸ਼ਾਹ ਨੂੰ ਏਨਾ ਹੀ ਦੱਸਿਆ, ਕਿ ਦੂਸਰਾ ਘੋੜਾ ਵੀ ਜੰਗ ਵਿਚ ਮਰ ਗਿਆ ਹੈ।

ਵਜ਼ੀਰ ਖ਼ਾਂ ਦੇ ਉਪਦੇਸ਼ ਦਾ ਬਾਦਸ਼ਾਹ ਦੇ ਮਨ 'ਤੇ ਬਹੁਤ ਅਸਰ ਹੋਇਆ। ਸੋ ਬਾਦਸ਼ਾਹ ਨੇ

"ਹਾਥ ਜੋਰ ਗੁਰ ਦਿਸਿ ਮੁਖ ਕਰਕੈ।
ਸਿਜਦਾ ਕੀਨਿ ਧਰਨਿ ਸਿਰ ਧਰਿ ਕੈ।
'ਅਬ ਮੈਂ ਦਰੋਹ ਨ ਤੁਮ ਸੰਗ ਕਰੌਂ।
ਜਬ ਲਗਿ ਪ੍ਰਾਨ ਦੇਹ ਮੈਂ ਧਰੌਂ ।੩੨।
ਪਾਛਲ ਬਾਤ ਛਿਮਾ ਸਭਿ ਕਰੀਅਹਿ।
ਮੋ ਪਰ ਨਹੀਂ ਕੋਪ ਕੋ ਧਰੀਅਹਿ।...੩੩।"

ਵਜ਼ੀਰ ਖ਼ਾਂ ਨੇ ਧੀਰਮੱਲ ਨੂੰ ਲਿਖ ਦਿਤਾ,

"ਗੁਰ ਘਰ ਸੋਂ ਨਹਿੰ ਸ਼ਾਹੁ ਬਿਗਾਰਹਿ।
ਬੰਦਨ ਕਰੀ, ਭਯੋ ਅਨੁਸਾਰਹਿ ।...੩੪।"

ਓਧਰ ਗੁਰੂ ਜੀ ਪਾਸ ਹਰ ਸਮੇਂ ਸੰਗਤਾਂ ਆਉਂਦੀਆਂ ਤੇ ਭੇਟਾ ਚੜ੍ਹਾਉਂਦੀਆਂ। ਇਕ ਥਾਂ ਦੇ ਸਿੱਖਾਂ ਨੇ ਅਰਦਾਸ ਕੀਤੀ, ਕਿ ਗੁਰੂ ਜੀ ਓਥੇ ਦਰਸ਼ਨ ਦੇਣ। ਗੁਰੂ ਜੀ ਨੇ ਬਿਧੀ ਚੰਦ ਨੂੰ ਜਾਣ ਦਾ ਹੁਕਮ ਕੀਤਾ।

ਅੰਸੂ ੩੫

(ਬਿਧੀ ਚੰਦ ਸੁੰਦਰ ਸ਼ਾਹ ਪਾਸ)

ਸੁੰਦਰ ਸ਼ਾਹ ਫ਼ਕੀਰ 'ਦੇਉਨਗਰ' ਰਹਿੰਦਾ ਸੀ। ਬਿਧੀਚੰਦ ਓਥੇ ਜਾ ਪੁੱਜਾ। ਬਿਧੀ ਚੰਦ ਇਕ ਸੁੱਕੇ ਬਿਰਛ ਹੇਠ ਬੈਠ ਗਿਆ, ਤਾਂ ਉਹ ਹਰਿਆ ਹੋ ਗਿਆ। ਇਹ ਕਰਾਮਾਤ ਵੇਖ ਕੇ ਲੋਕ ਬਿਧੀ ਚੰਦ ਦੀ ਪੂਜਾ ਕਰਨ ਲੱਗ ਪਏ।

ਸੁੰਦਰ ਸ਼ਾਹ ਨੇ ਖ਼ਬਰ ਸੁਣੀ, ਤਾਂ ਬਿਧੀ ਚੰਦ ਉਤੇ ਰੁਅਬ ਪਾਉਣ ਵਾਸਤੇ ਉਹ ਸ਼ੇਰ 'ਤੇ ਚੜ੍ਹ ਕੇ ਗਿਆ। ਬਿਧੀ ਚੰਦ ਨੇ ਸ਼ੇਰ ਵੱਲ ਤਕਿਆ, ਤਾਂ ਸ਼ੇਰ ਓਥੇ ਹੀ ਪੱਥਰ ਵਾਂਗ ਅਹਿੱਲ ਹੋ ਗਿਆ। ਸੁੰਦਰ ਸ਼ਾਹ ਸਾਰਾ ਕਰਾਮਾਤੀ ਜ਼ੋਰ ਲਾ ਰਿਹਾ, ਪਰ ਸ਼ੇਰ

Digitized by Panjab Digital Library | www.panjabdigilib.org

ਹਿੱਲਿਆ ਤਕ ਨਾ ।

ਇਹ ਕਰਾਮਾਤ ਵੇਖ ਕੇ ਸੁੰਦਰ ਸ਼ਾਹ ਚਰਨੀ ਢਹਿ ਪਿਆ ।

ਸੁੰਦਰ ਸ਼ਾਹ ਨੇ ਸ਼ੇਰ ਵਾਸਤੇ ਬੇਨਤੀ ਕੀਤੀ, ਤਾਂ ਬਿਧੀਚੰਦ ਨੇ ਕਿਹਾ, ਸਤਿਨਾਮ ਕਹਿ ਕੇ ਇਸ 'ਤੇ ਜਲ ਛਿੜਕੋ ।

ਸੁੰਦਰ ਸ਼ਾਹ ਨੇ ਐਸਾ ਕੀਤਾ, ਤਾਂ ਸ਼ੇਰ ਦਾ ਤਾਂ ਅੰਤ ਹੋ ਗਿਆ, ਪਰ ਉਸਦੀ ਥਾਂ ਇਕ ਸੁੰਦਰ ਸਰੀਰ ਸਾਮ੍ਹਣੇ ਨਜ਼ਰ ਆਇਆ। ਸੁੰਦਰ ਸ਼ਾਹ ਨੇ ਪੁਛਿਆ ਤੂੰ ਕੌਣ ਹੈਂ? ਤਾਂ ਉਸਨੇ ਦੱਸਿਆ, ਕਿ ਮੈਂ ਗੰਧਰਬਾਂ ਦਾ ਰਾਜਾ ਹਾਂ । ਇਕ ਵਾਰ ਸਭਾ ਵਿਚ ਦੁਰਬਾਸ਼ਾ ਰਿਖੀ ਆਇਆ । ਮੈਂ ਉਸ ਵੱਲ ਘੂਰ ਕੇ ਤਕਿਆ, ਦੁਰਬਾਸ਼ਾ ਨੇ ਸ਼ੇਰ ਦੀ ਜੂਨ ਦਾ ਸਰਾਪ ਦੇ ਦਿਤਾ । ਮੈਂ ਸਰਾਪ ਦੇ ਅੰਤ ਬਾਰੇ ਪੁਛਿਆ, ਤਾਂ ਉਸਨੇ ਕਿਹਾ, ਛੇਵੇਂ ਗੁਰੂ ਦੇ ਸਿੱਖ ਦੀ ਕਿਰਪਾ ਨਾਲ ਤੇਰਾ ਸਰਾਪ ਮਿਟੇਗਾ । ਇਹ ਕਹਿ ਕੇ ਉਹ ਗੰਧਰਬ ਰਾਜ ਅਕਾਸ਼ ਨੂੰ ਚਲਾ ਗਿਆ ।

(ਕਵੀ ਜੀ ਦੀ ਕਰਾਮਾਤ । ਸ਼ੇਰ ਨੂੰ ਗੰਧਰਬਾਂ ਦਾ ਰਾਜਾ ਬਣਾ ਦਿਤਾ । ਗੰਧਰਬ =ਦੇਵਤਿਆਂ ਦੇ ਰਾਗੀ ।)

ਸੁੰਦਰ ਸ਼ਾਹ ਬਿਧੀ ਚੰਦ ਦੇ ਚਰਨੀ ਲੱਗਾ । ਉਸਨੇ ਬੇਨਤੀ ਕੀਤੀ, ਕਿ ਅੰਤ ਸਮੇਂ ਬਿਧੀਚੰਦ ਜੀ ਉਸਦੇ ਕੋਲ ਹੋਣ । ਬਿਧੀ ਚੰਦ ਨੇ ਕਿਹਾ, ਫ਼ਿਕਰ ਨਾ ਕਰੋ, ਆਪਣਾ ਅੰਤ ਸਮਾਂ ਇਕੋ ਹੈ ।

ਫਿਰ ਗੁਰੂ ਜੀ ਦੇ ਹੁਕਮ ਅਨੁਸਾਰ ਸਮੁੰਦਰ ਦੇ ਇਕ ਟਾਪੂ 'ਤੇ 'ਮੇਨਾਕ ਪੁਰ' ਬਿਧੀ ਚੰਦ ਜਾ ਪਹੁੰਚਾ । ਓਥੇ ਇਕ ਮਹੀਨਾ ਰਹਿ ਕੇ ਸਿੱਖੀ ਦਾ ਪਰਚਾਰ ਕੀਤਾ । ਸਿੱਖਾਂ ਨੇ ਗੁਰੂ ਜੀ ਵਾਸਤੇ ਘੋੜੇ ਤੇ ਹੋਰ ਬਹੁਤ ਕੀਮਤੀ ਵਸਤੂ ਭੇਟਾ ਕੀਤੀਆਂ । ਸਭ ਭੇਟਾ ਲੈ ਕੇ ਬਿਧੀਚੰਦ ਵਾਪਸ ਕਰਤਪੁਰ ਆ ਪਹੁੰਚਾ ।

ਅੰਸੂ ੩੬

(ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ)

ਬਾਬਾ ਗੁਰਦਿੱਤਾ ਜੀ ਸ਼ਕਾਰ ਚੜ੍ਹੇ, ਪਰ ਸ਼ਕਾਰ ਮਿਲਿਆ ਕੋਈ ਨਾ । ਦਰਖ਼ਤਾਂ ਵਿਚ ਇਕ ਗਊ ਖਲੀ ਸੀ । ਗੁਰਦਿੱਤਾ ਜੀ ਦੇ ਇਕ ਸੇਵਕ ਨੇ ਉਸ ਨੂੰ ਬਾਰਾਂ ਸਿੰਙਾਂ ਜਾਂ ਹਰਨ ਸਮਝ ਕੇ ਗਲੀ ਚਲਾਈ, ਜਿਸ ਨਾਲ ਗਾਂ ਮਰ ਗਈ । ਪਹਾੜੀਆਂ ਨੇ ਉਸ ਸੇਵਕ ਨੂੰ ਪਕੜ ਲਿਆ ।

ਏਨੇ ਤਕ ਗੁਰਦਿੱਤਾ ਜੀ ਵੀ ਪਹੁੰਚ ਗਏ । ਉਹ ਦੁਬਧਾ ਵਿਚ ਪੈ ਗਏ, ਕਿ ਹੁਣ ਕੀ ਕੀਤਾ ਜਾਵੇ ।

Digitized by Panjab Digital Library | www.panjabdigilib.org

ਅੰਸੂ ੩੭

(ਗੁਰਦਿੱਤਾ ਜੀ ਪਰਲੋਕ ਸਿਧਾਰੇ)

ਬੜੀ ਸੋਚ ਵਿਚਾਰ ਪਿਛੋਂ ਸੇਵਕਾਂ ਦੇ ਕਹਿਣ 'ਤੇ ਗੁਰਦਿੱਤਾ ਜੀ ਨੇ ਗਊ ਜ਼ਿੰਦਾ ਕਰ ਦਿਤੀ।

ਗੁਰੂ ਜੀ ਨੂੰ ਸਾਰੀ ਖ਼ਬਰ ਪਹੁੰਚ ਗਈ। ਗੁਰਦਿੱਤਾ ਜੀ ਦਰਸ਼ਨ ਨੂੰ ਹਾਜ਼ਰ ਹੋਏ, ਤਾਂ ਗੁਰੂ ਜੀ ਬਹੁਤ ਨਾਰਾਜ਼ ਹੋਏ। ਸਿੱਖੀ ਕਰਾਮਾਤ ਦੇ ਵਿਰੁੱਧ ਹੈ। ਗੁਰੂ ਜੀ ਨੇ ਕਿਹਾ,

"ਜੇ ਤੁਮ ਰਹਹੁ, ਤ ਹਮ ਤਜਿ ਪ੍ਰਾਨਾ।
ਹਮ ਜਿ ਰਹੈਂ, ਤੁਮ ਕਰਹੁ ਪਯਾਨਾ।...੨੭।"

ਬਾਬਾ ਗੁਰਦਿੱਤਾ ਜੀ ਗੁਰੂ ਜੀ ਨੂੰ ਨਮਸਕਾਰ ਕਰ ਕੇ ਚਲੇ ਗਏ, ਤੇ ਬੁਢਣ ਸ਼ਾਹ ਦੇ ਅਸਥਾਨ ਦੇ ਨੇੜੇ ਜਾ ਕੇ ਸਰੀਰ ਤਿਆਗ ਦਿਤਾ।

ਅੰਸੂ ੩੮

(ਗੁਰਦਿੱਤਾ ਜੀ ਸਮਾਏ)

ਲਭਦੇ ਲਭਦੇ ਸੇਵਕ ਗਏ। ਉਹਨਾਂ ਬਾਬਾ ਜੀ ਦਾ ਸਰੀਰ ਵੇਖਿਆ, ਤਾਂ ਗੁਰੂ ਜੀ ਨੂੰ ਆ ਦੱਸਿਆ। ਸੇਵਕਾਂ ਨਾਲ ਗੁਰੂ ਜੀ ਵੀ ਉਸ ਥਾਂ 'ਤੇ ਗਏ।

"ਉਤਲਾਵਤਿ ਪਹੁੰਚੇ ਤਿਸ ਥਾਨ।
ਪਿਖਯੋ ਪੁੱਤ੍ਰ ਪੌਢਿਯੋ ਬਿਨ ਪ੍ਰਾਨ।੧੮।
ਨਰ ਅਪਰਨ ਸਮ ਸ਼ੋਕ ਉਪਾਯੋ।
ਕਹੁ ਨੰਦਨ, ਕਿਮ ਕਹਾਂ ਸਿਧਾਯੋ।'.....੧੯।"

(ਉਤਲਾਵਤਿ=ਜਲਦੀ, ਛੇਤੀ। ਪੌਢਿਯੋ=ਲੇਟਿਆ ਹੋਇਆ। ਅਪਰਨ ਸਮ=ਦੂਸਰਿਆਂ ਵਾਂਗ। ਨੰਦਨ=ਪੁੱਤਰ। ਆਮ ਲੋਕਾਂ ਵਾਂਗ ਗੁਰੂ ਜੀ ਦਾ ਵਿਰਲਾਪ ਕਰਦਿਆਂ ਦੱਸਣਾ ਠੀਕ ਨਹੀਂ। ਹਜ਼ੂਰ ਤਾਂ ਰੱਬ ਦੀ ਰਜ਼ਾ ਵਿਚ ਰਾਜ਼ੀ ਸਨ।)

ਜਿਹੜੀ ਛੜੀ ਬਾਬਾ ਗੁਰਦਿੱਤਾ ਜੀ ਗੱਡ ਗਏ ਸਨ, ਗੁਰੂ ਜੀ ਨੇ ਕਿਹਾ, ਇਹ ਗੱਡੀ ਰਹਿਣ ਦਿਹੋ, ਇਹ ਬਿਰਛ ਬਣ ਜਾਇਗੀ।

ਬਾਬਾ ਗੁਰਦਿੱਤਾ ਜੀ ਜੋਤੀ ਜੋਤਿ ਸਮਾਏ ਅੱਸੂ ਸੁਦੀ ਦਸਮੀ, ੧੬੯੨ ਬਿ.।

ਇਹ ਖ਼ਬਰ ਸੁਣ ਕੇ ਵੀ ਧੀਰ ਮੱਲ ਤੇ ਉਸ ਦਾ ਮਾਤਾ ਕੀਰਤਪੁਰ ਨਹੀਂ ਆਏ।

ਅੰਸੂ ੩੯

(ਧੀਰ ਮੱਲ ਦੀ ਕਠੋਰਤਾ)

ਗੁਰਦਿੱਤਾ ਜੀ ਦੇ ਸਮਾਂ ਜਾਣ ਦੀ ਖ਼ਬਰ ਸਾਰੇ ਥਾਂਈਂ ਭੇਜੀ ਗਈ। ਕਰਤਾਰਪੁਰ

Digitized by Panjab Digital Library | www.panjabdigilib.org

ਧੀਰ ਮੱਲ ਕੋਲ ਗੁਰੂ ਜੀ ਨੇ ਉਚੇਚਾ ਸੇਵਕ ਭੇਜਿਆ, ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਆਓ, ਪਾਠ ਕਰਨ ਵਾਸਤੇ।

ਮਾਤਾ ਨੇਤੀ (ਨੱਤੀ) ਦੇ ਸਮਝਾਉਣ ਦੇ ਬਾਵਜੂਦ ਧੀਰ ਮੱਲ ਕਰਤਾਰਪੁਰ ਨਾ ਗਿਆ, ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਭੇਜਿਆ। ਮਾਤਾ ਨੇਤੀ (ਬਾਬਾ ਗੁਰਦਿੱਤਾ ਜੀ ਦੀ ਪਤਨੀ) ਕੀਰਤਪੁਰ ਗਈ। ਸਾਰੀਆਂ ਰਸਮਾਂ ਹਰਿਰਾਏ ਜੀ ਨੇ ਨਿਭਾਈਆਂ।

ਅੰਸੂ ੪੦

(ਰਾਏ ਜੋਧ ਆਦਿ ਸਿੱਖ ਆਏ)

ਜਿੱਥੇ ਜਿੱਥੇ ਗੁਰਦਿੱਤਾ ਜੀ ਦੇ ਚਲਾਣੇ ਦੀ ਖ਼ਬਰ ਪੁੱਜੀ, ਸਭ ਸੰਬੰਧੀ ਤੇ ਸੇਵਕ ਕੀਰਤਪੁਰ ਆਏ। ਭੱਲੇ ਤੇ ਤੇਹਣ ਆਦਿ ਰਸਤੇ ਵਿਚ ਕਰਤਾਰਪੁਰ ਰਹੇ। ਧੀਰਮੱਲ ਨੇ ਉਹਨਾਂ ਨਾਲ ਜਾਣ ਤੋਂ ਇਨਕਾਰ ਕਰ ਦਿਤਾ। ਸਗੋਂ ਉਹਨੇ ਦਾਤੂ ਦੇ ਪੁੱਤਰ ਨੂੰ ਬਾਕੀਆਂ ਨਾਲੋਂ ਪਾੜ ਕੇ ਆਪਣੇ ਪਾਸ ਰੋਕ ਲਿਆ।

ਅੰਸੂ ੪੧

(ਹਰਿਰਾਏ ਜੀ ਦੀ ਦਸਤਾਰ ਬੰਦੀ)

"ਅਲਪ ਬੈਸ ਮਹਿੰ ਸ੍ਰੀ ਹਰਿਰਾਇ।
ਕ੍ਰਿਯਾ ਪਿਤਾ ਹਿਤ ਕਰਹਿੰ ਬਨਾਇ।
ਬੀਨ ਪੁਸ਼ਮ ਸੁਰਸਰਿ ਪਹੁੰਚਾਏ।
ਅਪਰ ਜਥੋ ਚਿਤ ਬਿਧੀ ਕਰਾਏ।੨।"

(ਅਲਪ=ਛੋਟੀ। ਬੈਸ=ਉਮਰ। ਬੀਨ=ਚੁਣ ਕੇ। ਪੁਸ਼ਪ=ਫੁੱਲ। ਸੁਰਸਰਿ=ਗੰਗਾ। ਲਓ, ਸਾਹਿਬਜ਼ਾਦੇ ਦੇ ਫੁੱਲ ਵੀ ਕਵੀ ਜੀ ਨੇ ਗੰਗਾ ਪੁਚਾ ਦਿਤੇ ਹਨ।)

ਤੇਰਵੇਂ ਦਿਨ ਗੁਰੂ ਜੀ ਦੀ ਆਗਿਆ ਨਾਲ ਭਾਈ ਭਾਨੇ ਨੇ ਹਰਿਰਾਇ ਜੀ ਨੂੰ ਦਸਤਾਰ ਬੰਨ੍ਹਾਈ।

ਅੰਸੂ ੪੨

(ਕੀਰਤਪੁਰ ਦੀਪਮਾਲਾ)

ਗੁਰੂ ਮਹਾਰਾਜ ਕੀਰਤਪੁਰ ਸਨ। ਸੋ ਦੀਪ ਮਾਲਾ ਦੇ ਸਮੇਂ ਦੇਸ ਬਦੇਸ ਦੀ ਸੰਗਤ ਕੀਰਤਪੁਰ ਹੀ ਪੁੱਜੀ।

Digitized by Panjab Digital Library | www.panjabdigilib.org

ਅੰਸੂ ੪੩

(ਤੇਗ਼ ਬਹਾਦਰ ਜੀ)

ਗੁਰੂ ਜੀ ਹਰਿਰਾਇ ਨੂੰ ਹਰ ਸਮੇਂ ਕੋਲ ਰੱਖਦੇ। ਤੇਗ਼ ਬਹਾਦਰ ਜੀ ਕੁਛ ਵੈਰਾਗ ਮਈ ਬਣਦੇ ਜਾ ਰਹੇ ਸਨ। ਆਪ ਵਧੇਰੇ ਇਕਾਂਤ ਵਿਚ ਰਹਿੰਦੇ। ਇਕ ਦਿਨ ਮਾਤਾ ਨਾਨਕੀ ਜੀ ਦੇ ਪੁਛਣ ਉਤੇ ਗੁਰੂ ਜੀ ਨੇ ਫ਼ੁਰਮਾਇਆ,

"ਅਜਰ ਜਰਨ ਉਰ ਧੀਰ ਧੁਰੰਧਰ।
ਇਸ ਮਨਿੰਦ ਨ ਅਪਰ ਜਗ ਅੰਦਰ ।੨੬।"

ਨਾਲ ਹੀ ਗੁਰੂ ਜੀ ਨੇ ਫ਼ੁਰਮਾਇਆ, ਕਿ ਤੇਗ਼ ਬਹਾਦਰ ਦਾ ਪੁੱਤਰ ਬੜਾ ਯੋਧਾ ਹੋਵੇਗਾ।

ਅੰਸੂ ੪੪

(ਬਿਧੀ ਚੰਦ—ਸੁੰਦਰ ਸ਼ਾਹ ਸਮਾਏ)

ਅੰਤ ਸਮਾਂ ਨੇੜੇ ਆਇਆ ਵੇਖ ਕੇ ਬਿਧੀ ਚੰਦ ਨੇ ਆਪਣੇ ਪੁੱਤਰ ਲਾਲ ਚੰਦ ਦੀ ਬਾਂਹ ਗੁਰੂ ਜੀ ਦੇ ਹੱਥ ਦਿਤੀ, ਤੇ ਆਪ ਸੁੰਦਰ ਸ਼ਾਹ ਵੱਲ ਤਿਆਰ ਹੋ ਪਿਆ।

ਬਿਧੀ ਚੰਦ ਸੁੰਦਰ ਸ਼ਾਹ ਕੋਲ ਜਾ ਪਹੁੰਚਿਆ। ਅੰਤਮ ਇਸ਼ਨਾਨ ਕਰ ਕੇ ਦੋਵੇਂ ਕੁਸ਼ਾ ਵਿਛਾ ਕੇ ਕੱਪੜੇ ਤਾਣ ਕੇ ਲੇਟ ਗਏ, ਤੇ ਸਰੀਰ ਤਿਆਗ ਗਏ।

ਪਿਛੋਂ ਸੇਵਕਾਂ ਨੇ 'ਦੇਉ ਨਗਰ' ਵਿਚ ਸੁੰਦਰ ਸ਼ਾਹ ਨੂੰ ਦਫ਼ਨਾ ਦਿਤਾ, ਤੇ ਬਿਧੀ ਚੰਦ ਦਾ ਸਸਕਾਰ ਕਰ ਦਿਤਾ।

ਅੰਸੂ ੪੫

(ਹਰਿਰਾਏ ਜੀ ਦੇ ਜਾਮੇ ਨਾਲ ਫੁੱਲ ਟੁਟਾ)

ਇਕ ਦਿਨ ਬਾਗ਼ ਵਿਚ ਸੈਰ ਕਰਦਿਆਂ ਹਰਿਰਾਏ ਜੀ ਦੇ ਜਾਮੇ ਨਾਲ ਅੜ ਕੇ ਫੁੱਲ ਟੁੱਟ ਕੇ ਡਿਗ ਪਿਆ। ਗੁਰੂ ਜੀ ਨੇ ਉਪਦੇਸ਼ ਵਜੋਂ ਕਿਹਾ,ਜੋ ਵੱਡਾ ਜਾਮਾ ਪਹਿਨਦਾ ਹੈ, ਉਸ ਨੂੰ ਸੰਭਾਲ ਕੇ ਰਖਣਾ ਚਾਹੀਦਾ ਹੈ। ਇਹ ਉਪਦੇਸ਼ ਹਰਿਰਾਏ ਜੀ ਨੇ ਸਦਾ ਯਾਦ ਰਖਿਆ।

ਅੰਸੂ ੪੬

(ਮਾਤਾ ਨਾਨਕੀ ਤੇ ਮਰਵਾਹੀ)

ਗੁਰੂ ਜੀ ਹਰਿਰਾਏ ਨਾਲ ਬਹੁਤ ਪਿਆਰ ਕਰਦੇ। ਇਸ ਵਾਸਤੇ,

Digitized by Panjab Digital Library | www.panjabdigilib.org

"ਸੂਰਜ ਮਲ ਪਿਤ ਆਸ਼ੈ ਚੀਨਾ ।
ਸ੍ਰੀ ਹਰਿਰਾਏ ਚਹੈਂ ਗੁਰ ਕੀਨਾ ।
ਨਿਜ ਜਨਨੀ ਸੰਗ ਗਾਥ ਬੁਝਾਈ ।
ਦਈ ਚਹਿਤ ਪੌਤ੍ਰ ਬਡਿਆਈ ।੫।"

ਇਸ ਗੱਲ ਦੀ ਮਾਤਾ ਮਰਵਾਹੀ ਦੇ ਦਿਲ ਵਿਚ ਬਹੁਤ ਚਿੰਤਾ ਹੋਈ । ਇਹ ਚਿੰਤਾ ਮਾਤਾ ਨਾਨਕੀ ਜੀ ਦੇ ਦਿਲ ਵਿਚ ਵੀ ਸੀ । 'ਪਤਾ ਨਹੀਂ, ਗੁਰੂ ਜੀ ਕਿਸ ਨੂੰ ਗੱਦੀ ਦੇਂਦੇ ਹਨ ।'

ਮਾਤਾ ਮਰਵਾਹੀ ਜੀ ਨੇ ਇਕ ਦਿਨ ਬੇਨਤੀ ਕਰ ਹੀ ਦਿਤੀ । 'ਸੂਰਜ ਮੱਲ ਹਰ ਤਰ੍ਹਾਂ ਗੱਦੀ ਦੇ ਜੋਗ ਹੈ । ਪਰ ਕੁਛ ਕਹਿੰਦੇ ਹਨ, ਕਿ ਆਪ ਪੋਤਰੇ ਨੂੰ ਗੱਦੀ ਦਿਹੋਗੇ । ਮੇਰਾ ਪੁੱਤਰ ਕੀ ਕਰੇਗਾ ?"

ਗੁਰੂ ਜੀ ਨੇ ਧੀਰਜ ਨਾਲ ਕਿਹਾ, ਗੁਰੂ-ਅੰਸ ਨੂੰ ਕੋਈ ਘਾਟਾ ਨਹੀਂ । ਪਰ ਗੱਦੀ ਤਾਂ ਨਿਰੰਕਾਰ ਦੀ ਦਾਤ ਹੈ । ਜਿਸ ਨੂੰ ਉਹ ਵਡਿਆਈ ਬਖ਼ਸ਼ੇ ।

ਅੰਸੂ ੪੭

(ਅਨੰਦ ਜੀ ਦੇ ਦਰਸ਼ਨ)

ਇਕ ਸਿੱਖ ਨੇ ਖ਼ਬਰ ਦਿਤੀ, ਕਿ ਮੋਹਨ, ਮੋਹਰੀ ਤੇ ਮਨੋਹਰ ਦਾਸ ਪਰਲੋਕ ਸਿਧਾਰ ਗਏ ਹਨ । ਗੁਰੂ ਜੀ ਨੇ ਇਸ ਦਾ ਬਹੁਤ ਅਫ਼ਸੋਸ ਕੀਤਾ ।

ਗੁਰੂ ਜੀ ਨੇ ਭਾਈ ਗੜ੍ਹੀਏ ਨੂੰ ਭੇਜਿਆ, ਕਿ ਉਹ ਗੋਇੰਦਵਾਲ ਤੋਂ ਅਨੰਦ ਜੀ ਨੂੰ ਲਿਆਵੇ ।

ਪਾਲਕੀ ਵਿਚ ਬਹਿ ਕੇ ਅਨੰਦ ਜੀ ਆਏ । ਗੁਰੂ ਜੀ ਅੱਗੋਂ ਲੈਣ ਵਾਸਤੇ ਗਏ । ਸਹਿਜ ਨਾਲ ਜਾ ਕੇ ਗੁਰੂ ਜੀ ਨੇ ਇਕ ਪਾਸਿਓਂ ਪਾਲਕੀ ਚੁਕ ਲਈ । ਅਨੰਦ ਜੀ ਨੂੰ ਪਤਾ ਲਗਾ, ਤਾਂ ਉਹ ਪਾਲਕੀ ਵਿਚੋਂ ਹੇਠਾਂ ਕੁੱਦ ਪਏ । ਫਿਰ ਬੜੀ ਸ਼ਰਧਾ ਨਾਲ ਮਿਲੇ। ਫਿਰ ਘਰ ਲੈ ਜਾ ਕੇ ਅਨੰਦ ਜੀ ਨੂੰ ਸੁੰਦਰ ਪਲੰਘ 'ਤੇ ਬਿਠਾ ਕੇ ਬੜੀ ਸੇਵਾ ਕੀਤੀ ।

ਅਗਲੇ ਦਿਨ ਦੀ ਸਾਰੀ ਚੜ੍ਹਤ-ਭੇਟ ਗੁਰੂ ਜੀ ਨੇ ਅਨੰਦ ਜੀ ਨੂੰ ਸੌਂਪ ਦਿਤੀ । ਅਨੰਦ ਜੀ ਨੇ ਅੱਗੇ ਮਾਨ ਸਿੰਘ ਨੂੰ ਬਖ਼ਸ਼ ਦਿਤੀ ।

ਗੁਰੂ ਜੀ ਨੇ ਅਨੰਦ ਜੀ ਦੀ ਬਹੁਤ ਸੇਵਾ ਕੀਤੀ । ਕੁਛ ਦਿਨਾਂ ਪਿਛੋਂ ਗੁਰੂ ਜੀ ਨੇ ਅਪਣੇ ਵੱਲੋਂ ਸੁੰਦਰ ਪਾਲਕੀ ਦੇ ਕੇ ਅਨੰਦ ਜੀ ਨੂੰ ਗੋਇੰਦਵਾਲ ਭੇਜ ਦਿਤਾ । ਉਹ ਪਾਲਕੀ ਅਜੇ ਵੀ ਗੋਇੰਦਵਾਲ ਪਈ ਹੈ ।

ਅੰਸੂ ੪੮

(ਬਾਬਕ ਸੁਰਗਵਾਸ)

ਬਾਬਕ ਰਬਾਬੀ ਆਪਣੇ ਪੁੱਤਰ ਦੀ ਬਾਂਹ ਗੁਰੂ ਜੀ ਦੇ ਹੱਥ ਫੜਾ ਕੇ ਚਲਾਣਾ ਕਰ

Digitized by Panjab Digital Library | www.panjabdigilib.org

ਗਿਆ। ਉਸ ਦੀ ਬਰਾਦਰੀ ਨੇ ਉਸ ਨੂੰ ਦਫ਼ਨ ਕੀਤਾ।

"ਕਬਰ ਖਨਾਇ ਧਰਯੋ ਤਿਸ ਮਾਂਹੀ।
ਦਫ਼ਨਾਯੋ ਜਸੁ ਭਾਖਹਿੰ ਤਾਂਹੀ ।੨੭।"

(ਪਰ ਮਰਦਾਨੇ ਦਾ ਤਾਂ—ਉਸਦੇ ਕਹਿਣ ਅਨਸਾਰ—ਸਸਕਾਰ ਕੀਤਾ ਗਿਆ ਸੀ।)

ਪਿਛੋਂ ਬਾਬਕ ਦੇ ਪੁੱਤਰ ਕੀਰਤਨ ਕਰਨ ਲੱਗੇ।

ਅੰਸੂ ੪੯

(ਜਾਤੀ ਮਲਕ ਨੂੰ ਉਪਦੇਸ਼)

ਢਾਡੀ ਅਬਦੁਲ ਤੇ ਨੱਥਾ ਨੇ ਗੁਰੂ ਜੀ ਦੇ ਜੰਗ ਦੀ ਵਾਰ ਬਣਾ ਕੇ ਸੁਣਾਈ। ਗੁਰੂ ਜੀ ਨੇ

"ਗਜ, ਤੁਰੰਗ, ਉਪਰ ਸੁਭ ਜ਼ੀਨ।
ਕੰਚਨ ਕੰਕਨ ਜਟਤਿ ਨਵੀਨ।
ਸੁੰਦਰ ਬਸਤਰ ਬਰਨ ਬਹੁ ਕੇਰੇ।
ਦਿਯੋ ਸੰਗ ਬਹੁ ਦਰਬ ਘਨੇਰੇ ।੧੨।"

(ਗਜ=ਹਾਥੀ। ਤੁਰੰਗ=ਘੋੜਾ। ਕੰਚਨ ਕੰਕਨ=ਸੋਨੇ ਤੇ ਕੜੇ। ਬਰਨ ਬਹੁ=ਬਹੁਤੇ ਰੰਗਾਂ ਦੇ। ਦਰਬ=ਧਨ।)

ਜਾਤੀ ਮਲਕ ਗੁਰੂ ਘਰ ਦਾ ਪ੍ਰੋਹਤ ਸੀ, ਤੇ ਜਰਨੈਲ ਵੀ। ਜਾਤੀ ਮਲਕ ਦਾ ਪੁੱਤਰ ਦਯਾ ਰਾਮ ਦਸਵੇਂ ਪਾਤਸ਼ਾਹ ਨਾਲ ਰਿਹਾ।

ਅੰਤ ਸਮੇਂ ਜਾਤੀ ਮਲਕ ਨੂੰ ਗੁਰੂ ਜੀ ਨੇ ਉਪਦੇਸ਼ ਦਿਤਾ, ਕਿ ਇੰਦਰਿਆਂ ਦੇ ਵਿਕਾਰਾਂ ਤੋਂ ਮਨ ਨੂੰ ਰੋਕ ਲੈਣਾ ਹੀ ਕਲਿਆਣ ਹੈ।

ਅੰਸੂ ੫੦

(ਜਾਤੀ ਮਲਕ ਸੁਰਗਵਾਸ)

ਅੰਤ ਸਮਾਂ ਨੇੜੇ ਜਾਣ ਕੇ ਜਾਤੀ ਮਲਕ ਨੇ ਆਪਣੇ ਪੁੱਤਰ ਦਯਾਰਾਮ ਦੀ ਬਾਂਹ ਗੁਰੂ ਜੀ ਦੇ ਹੱਥ ਦੇ ਦਿਤੀ।

ਜਾਤੀ ਮਲਕ ਪਰਲੋਕ ਸਿਧਾਰ ਗਿਆ। ਪਿਛੋਂ ਪੁੱਤਰ ਨੇ ਕਿਰਿਆ ਕੀਤੀ।

"ਦਿਨ ਤੁਦਸ ਜਬ ਹੀ ਮਿਟ ਗਏ।
ਭੋਜਨ ਦਿਜਨ ਬ੍ਰਿੰਦ ਕੋ ਦਏ।
ਜਾਤੀ ਮਲਕ ਹੇਤੁ ਵਥੁ ਆਨ।
ਸੇਜਾਦਿਕ ਦੀਨੀ ਕਰਿ ਦਾਨ ।੬।"

(ਕਵੀ ਜੀ ਇਤਿਹਾਸ ਸਿੱਖਾਂ ਦਾ ਲਿਖ ਰਹੇ ਹਨ, ਤੇ ਕਿਰਿਆ ਕਰਮ ਪੰਡਤਾਂ

Digitized by Panjab Digital Library | www.panjabdigilib.org

ਵਾਲੇ ਦੱਸ ਰਹੇ ਹਨ। ਇਸ ਤੋਂ ਸਿੱਧ ਹੁੰਦਾ ਹੈ,ਕਿ ਆਪ ਪੰਡਤ ਦੇ ਪੂਰੇ ਉਪਾਸ਼ਕ ਸਨ।)

ਗੁਰੂ ਜੀ ਨੇ ਆਪਣਾ ਅੰਤ ਸਮਾਂ ਨਜ਼ਦੀਕ ਜਾਣ ਕੇ ਹੁਕਮਨਾਮੇ ਭੇਜੇ, ਕਿ ਸਭ ਮਸੰਦ ਤੇ ਸੰਗਤਾਂ ਹਾਜ਼ਰ ਹੋਣ।

ਗੁਰੂ ਜੀ ਨੇ ਨੱਤੀ ਨੂੰ ਕਰਤਾਰਪੁਰ ਭੇਜਿਆ ਧੀਰ ਮੱਲ ਨੂੰ ਲਿਆਉਣ ਵਾਸਤੇ। ਨੱਤੀ ਨੇ ਧੀਰ ਮੱਲ ਨੂੰ ਬੜਾ ਸਮਝਾਇਆ, ਪਰ ਉਹ ਕੀਰਤਪੁਰ ਜਾਣਾ ਨਾ ਮੰਨਿਆਂ। ਉਹਨੇ ਕਿਹਾ, ਮੇਰੇ ਪਾਸ ਗ੍ਰੰਥ ਸਾਹਿਬ ਹੈ। ਮੈਂ ਇਸਦੇ ਆਸਰੇ ਗੁਰੂ ਬਣਾਂਗਾ।

ਪਰ ਨੱਤੀ ਦੇ ਵਧੇਰੇ ਜ਼ੋਰ ਦੇਣ 'ਤੇ ਧੀਰਮੱਲ ਕੀਰਤਪੁਰ ਆ ਗਿਆ।

ਅੰਸੂ ੫੧

(ਧੀਰ ਮੱਲ ਦੀ ਹਉਮੈ)

ਧੀਰ ਮੱਲ ਬੰਦਨਾ ਕਰਕੇ ਬੈਠ ਗਿਆ।

ਗੁਰੂ ਜੀ ਨੇ ਪੁਛਿਆ, ਕੀ ਤੂੰ ਕਰਤਾਰਪੁਰ ਹੀ ਰਹਿਣਾ ਚਾਹੁੰਦਾ ਹੈਂ ?

ਧੀਰ ਮੱਲ ਨੇ ਉਤਰ ਦਿਤਾ, 'ਬਾਦਸ਼ਾਹ ਨਾਲ ਸਮਝੌਤਾ ਕਰਕੇ ਤੁਹਾਡੇ ਨੱਗਰ ਦੀ ਰੱਖਿਆ ਕਰ ਰਿਹਾ ਹਾਂ।'

ਗੁਰੂ ਜੀ ਨੇ ਨਿਹੋਰੇ ਨਾਲ ਕਿਹਾ, 'ਚੰਗਾ ਕੀਤਾ ਈ।'

ਹੋੱਲੀ ਆ ਗਈ।

"ਖੇਲਨ ਫਾਗ ਸੰਗਤਾਂ ਸਾਰੀ।
ਰੰਗ ਗੁਲਾਲ ਅੰਬੀਰਨ ਡਾਰੀ।੫।"

(ਕੀ ਗੁਰੂ ਜੀ ਦੇ ਸਮੇਂ ਸਿੱਖ ਹੋੱਲੀ ਖੇਡਦੇ ਸਨ ?)

ਗੁਰੂ ਜੀ ਨੇ ਕਿਹਾ, ਅੱਜ ਤੋਂ ਤਿੰਨ ਦਿਨ ਪਿਛੋਂ ਪੂਰਨਮਾਸ਼ੀ ਦੇ ਦਿਨ ਸਾਡੇ ਦਰਸ਼ਨ ਹੋਣਗੇ।

ਗੁਰੂ ਜੀ ਤਿੰਨ ਦਿਨ ਆਪਣੇ ਅੰਦਰ ਬੈਠੇ ਰਹੇ। ਧੀਰਮੱਲ ਨੇ ਆਪਣੇ ਮਸੰਦਾਂ ਨਾਲ ਸਲਾਹ ਕਰਕੇ ਅਗਲੇ ਦਿਨ ਹੀ ਗੱਦੀ ਲਾ ਲਈ। ਉਸਦੇ ਸਿਰ ਮਸੰਦ ਚੌਰ ਕਰਨ ਤੇ ਉਸਨੂੰ 'ਗੁਰੂ' ਕਹਿਣ। ਭੋਲੇ ਭਾਲੇ ਸਿੱਖਾਂ ਉਸ ਅੱਗੇ ਭੇਟਾ ਧਰੀਆਂ। ਸਵਾ ਪਹਿਰ ਦਿਨ ਚੜ੍ਹੇ ਤਕ ਉਸ ਖ਼ੂਬ ਪੂਜਾ ਕਰਵਾਈ। ਫਿਰ ਉਹ ਆਰਾਮ ਕਰਨ ਚਲਾ ਗਿਆ।

ਕਿਸੇ ਸਿੱਖ ਨੇ ਇਹ ਸਾਰੀ ਗੱਲ ਗੁਰੂ ਜੀ ਨੂੰ ਜਾ ਦੱਸੀ। ਅੱਗੋਂ ਗੁਰੂ ਜੀ ਨੇ

"ਨਿਕਟ ਦਾਸ ਕੋ ਕਹਯੋ ਸੁਨਾਇ।
'ਅਬ ਕੇ ਜੇ ਬਠਹਿ ਕਿਸ ਥਾਇ।
ਕਰਹੁ ਨਿਰਾਦਰ, ਦੇਹੁ ਉਠਾਇ।
ਪੁਰਿ ਤੇ ਵਹਿਰ ਕਰਹੁ ਸਹਿਸਾਏ'।੩੫।"

ਧੀਰ ਮੱਲ ਫੇਰ ਆਪਣੇ ਮਸੰਦਾਂ ਨਾਲ ਆ ਕੇ ਗੱਦੀ ਲਾ ਕੇ ਬੈਠਾ, ਤਾਂ ਗੁਰੂ ਕੇ

Digitized by Panjab Digital Library | www.panjabdigilib.org

ਮਸੰਦਾਂ ਤੇ ਸਿੱਖਾਂ ਨੇ ਨਿਰਾਦਰ ਕਰਕੇ ਉਠਾ ਦਿਤਾ। ਨਾਲ ਹੀ ਕਹਿ ਦਿਤਾ, ਕਿ ਭਲਾ ਚਾਹੁੰਦੇ ਹੋ, ਤਾਂ ਏਥੋਂ ਚਲੇ ਜਾਉ।

ਅੰਸੂ ੫੨

(ਹੋੱਲੀ ਖੇਲਨਾ)

ਇਹ ਨਿਰਾਦਰ ਸਹਿ ਕੇ ਧੀਰਮੱਲ ਵਾਪਸ ਕਰਤਾਰ ਪੁਰ ਚਲਾ ਗਿਆ।

(ਕਵੀ ਜੀ ਲਿਖਦੇ ਹਨ) ਸਾਰੀਆਂ ਸੰਗਤਾਂ ਰੰਗ ਪਾ ਪਾ ਕੇ ਹੋੱਲੀ ਖੇਡ ਰਹੀਆਂ ਸਨ।

"ਮਿਲਯੋ ਗੁਲਾਬ ਗੁਲਾਲ ਉਡੰਤਾ।
ਖੇਲਤਿ ਹੋਰੀ ਸ੍ਰੀ ਜਗ ਕੰਤਾ ।੨੮।"

(ਕੀ ਇੰਹ ਗੱਲ ਮੰਨਣ ਵਿਚ ਆ ਸਕਦੀ ਹੈ, ਕਿ ਮੀਰੀ-ਪੀਰੀ ਦੇ ਮਾਲਕ ਆਪ ਵੀ ਹੋੱਲੀ ਖੇਡਦੇ ਸਨ ? ਹਿੰਦੂ ਸੱਭਯਤਾ ਦਾ ਪ੍ਰਭਾਵ ਹੈ ਲੇਖਕ ਦੇ ਮਨ ਉਤੇ।)

ਅੰਸੂ ੫੩

(ਹਰਿਰਾਇ ਜੀ ਨੂੰ ਗੁਰਿਆਈ)

ਭਰੇ ਦੀਵਾਨ ਵਿਚ ਛੇਵੇਂ ਗੁਰੂ ਜੀ ਨੇ ਹਰਿਰਾਇ ਸਾਹਿਬ ਅੱਗੇ ਪੰਜ ਪੈਸੇ ਤੇ ਨਲਯੇਰ ਰੱਖ ਕੇ ਮੱਥਾ ਟੇਕ ਦਿਤਾ। ਫਿਰ ਭਾਈ ਭਾਨਾ ਜੀ ਨੇ ਹਰਿਰਾਏ ਸਾਹਿਬ ਦੇ ਮੱਥੇ ਵਿਚ ਗੁਰਿਆਈ ਦਾ ਤਿਲਕ ਦਿਤਾ। ਨਾਲ ਹੀ ਭਾਨਾ ਜੀ ਨੇ ਸੱਤਵੇਂ ਪਾਤਸ਼ਾਹ ਨੂੰ ਕਲਗੀ ਜਿਗ੍ਹਾ ਪਹਿਨਾ ਦਿਤਾ। ਫਿਰ ਸਾਰਿਆਂ ਨੇ ਭੇਟਾ ਧਰੀਆਂ ਤੇ ਨਮਸਕਾਰ ਕੀਤੀ।

ਅੰਸੂ ੫੪

(ਸੂਰਜ ਮੱਲ ਤੇ ਮਾਤਾ ਮਰਵਾਹੀ)

ਮਾਤਾ ਮਰਵਾਹੀ ਨੇ ਗੁਰੂ ਜੀ ਪਾਸ ਰੋਸ ਪਰਗਟ ਕੀਤਾ, ਕਿ ਆਪ ਨੇ ਸੂਰਜ ਮੱਲ ਨੂੰ ਛਡ ਕੇ ਪੋਤਰੇ ਨੂੰ ਗੁਰਿਆਈ ਬਖ਼ਸ਼ ਦਿਤੀ ਹੈ। ਮੇਰਾ ਪੁੱਤਰ ਕੀ ਕਰੇਗਾ।

ਹਜ਼ੂਰ ਨੇ ਕਿਹਾ, ਗੁਰਿਆਈ ਰੱਬੀ ਦਾਤ ਹੈ, ਇਸ 'ਤੇ ਕਿਸੇ ਦਾ ਚਾਰਾ ਨਹੀਂ ਚੱਲਦਾ।

ਮਾਤਾ ਮਰਵਾਹੀ ਜੀ ਸਾਮਾਨ ਤੇ ਪੁੱਤਰ ਨੂੰ ਨਾਲ ਲੈ ਕੇ, ਰੁੱਸ ਕੇ ਕੀਰਤ ਪੁਰੋਂ ਤੁਰ ਪਏ। ਗੁਰੂ ਜੀ ਨੂੰ ਪਤਾ ਲੱਗਾ, ਤਾਂ ਉਹਨਾਂ ਭਾਈ ਭਾਨੇ ਨੂੰ ਭੇਜਿਆ, ਜੋ ਮਾਤਾ ਜੀ ਨੂੰ ਮੋੜ ਕੇ ਲਿਆਇਆ। ਮਾਤਾ ਜੀ ਵਾਪਸ ਘਰ ਆ ਗਏ।

Digitized by Panjab Digital Library | www.panjabdigilib.org

ਭਾਈ ਭਾਨਾ ਸੂਰਜ ਮੱਲ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਗਿਆ, ਤੇ ਮਰਵਾਹੀ ਜੀ ਦੇ ਦਿਲ ਦੀ ਗੱਲ ਦੱਸੀ।

ਗੁਰੂ ਜੀ ਨੇ ਪੁਛਿਆ,

"ਕਹੁ ਸੂਰਜ ਮਲ ! ਕਯਾ ਚਿਤ ਅਹੈ।
ਗੁਰੂ ਬਨਨ ਕੋ ਮਨ ਮਹਿੰ ਚਹੈਂ ?'
ਹਾਥ ਜੋਰ ਥਿਰ ਸਮੁਖ ਬਖਾਨਾ।
'ਮੈਂ ਨ ਮਨੋਰਥ ਮਨ ਇਮ ਠਾਨਾ ।੩੭।
ਜੇ ਪ੍ਰਸੰਨਤਾ ਅਪਨੀ ਠਾਨਹੁ।
ਮੁਝ ਕੋ ਦੇਨ ਉਚਿਤੈ ਜਾਨਹੁ।
ਤੌ ਸਿੱਖੀ ਅਪਨੀ ਮੁਝ ਦੀਜੈ।
ਗੁਰਤਾ ਭਾਰ ਨ ਸਹੌਂ ਲਖੀਜੈ।'੩੮ "

ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ,

"ਸਿੱਖੀ ਕੇ ਅਧੀਨ ਹੈਂ ਸਾਰੀ।
ਬਧਹਿ ਬੰਸੁ ਬਹੁ ਤੋਹਿ ਅਗਾਰੀ।
ਗੁਰਤਾ ਭੀ ਪ੍ਰਾਪਤਿ ਹੁਇ ਜੈ ਹੈ।
ਅਧਿਕ ਬਡਾਈ ਕੋ ਤਬ ਪੈ ਹੈਂ ।੪੦।"

(ਕਵੀ ਜੀ ਲਿਖ ਰਹੇ ਹਨ, ਕਿ ਗੁਰੂ ਜੀ ਨੇ ਵਰ ਦਿਤਾ, ਕਿ ਸੂਰਜ ਮੱਲ ਨੂੰ— ਜਾਂ ਉਸਦੀ ਅੰਸ ਨੂੰ— ਗੁਰਿਆਈ ਵੀ ਮਿਲ ਜਾਇਗੀ। ਇਹ ਕਵੀ ਜੀ ਦੀ ਇਤਿਹਾਸਕ ਭੁੱਲ ਹੈ। ਸੂਰਜ ਮੱਲ, ਜਾਂ ਉਸਦੀ ਅੰਸ ਵਿਚੋਂ ਕੋਈ ਗੁਰੂ ਨਹੀਂ ਹੋਇਆ।)

ਅੰਸੂ ੫੫

(ਮਾਤਾ ਨਾਨਕੀ ਜੀ ਦੀ ਬੇਨਤੀ

ਫਿਰ ਮਾਤਾ ਨਾਨਕੀ ਜੀ ਨੇ ਵੀ ਬੇਨਤੀ ਕੀਤੀ। ਕਰਤਾਰ ਪੁਰ ਧੀਰ ਮੱਲ ਨੇ ਸੰਭਾਲ ਲਿਆ ਹੈ, ਕੀਰਤਪੁਰ ਹਰਿਰਾਇ ਜੀ ਦਾ ਹੋ ਗਿਆ। ਮੇਰਾ ਪੁੱਤਰ ਤੇਗ ਬਹਾਦਰ ਕੀ ਕਰੇਗਾ।

ਗੁਰੂ ਜੀ ਨੇ ਵਰ ਦਿਤਾ,

"ਬਿਨ ਗੁਰਤਾ ਗੁਰ ਹੀ ਸਮ ਹੋਇ।
ਪੂਜਨ ਉਚਿਤ ਲਖਹਿ ਸਭਿ ਕੋਇ। ..੩੫।"

(ਐਥੇ ਕਵੀ ਜੀ ਟਪਲਾ ਖਾ ਗਏ ਹਨ। ਸਮਾਂ ਆਉਣ ਉਤੇ ਤੇਗ ਬਹਾਦਰ ਜੀ ਭੀ ਗੁਰੂ ਬਣੇ ਹਨ। ਫਿਰ 'ਬਿਨ ਗੁਰਤਾ ਗੁਰ ਹੀ ਸਮ ਹੋਇ' ਦਾ ਕੀ ਅਰਥ। ਅਸਲ ਵਿਚ ਇਹ ਸ਼ਬਦ ਸੂਰਜ ਮੱਲ ਵਾਸਤੇ ਚਾਹੀਦੇ ਸਨ। ਤੇ 'ਗੁਰਤਾ ਭੀ ਪ੍ਰਾਪਤਿ ਹੁਇ ਜੈ ਹੈ' ਗੁਰੂ ਤੇਗ ਬਹਾਦਰ ਜੀ ਵਾਸਤੇ।)

Digitized by Panjab Digital Library | www.panjabdigilib.org

ਅੰਸੂ ੫੬

(ਹਰਿਰਾਇ ਜੀ ਨੂੰ ਵਰ)

ਇਕ ਦਿਨ ਸਾਰੇ ਮੁਖੀ ਦੇਵਤੇ ਮਨੁੱਖਾਂ ਦਾ ਰੂਪ ਧਾਰ ਕੇ ਗੁਰੂ ਜੀ ਪਾਸ ਆਏ, ਤੇ ਬੇਨਤੀ ਕੀਤੀ, ਕਿ ਹੁਣ ਦੇਵਪੁਰੀ ਨੂੰ ਚੱਲੋ। ਗੁਰੂ ਜੀ ਨੇ ਕਿਹਾ, ਅਸੀਂ ਪਹਿਲਾਂ ਹੀ ਤਿਆਰ ਬੈਠੇ ਹਾਂ।

(ਏਥੇ ਦੇਵਤਿਆਂ ਵੱਲੋਂ ਗੁਰੂ ਜੀ ਦੀ ਉਸਤਤ ਹੈ। ਪਰ ਕਵੀ ਜੀ ਇਕ ਅਨੋਖੀ ਗੱਲ ਕਹਿ ਗਏ ਹਨ।)

"ਲਯੋ ਬੇਦ ਸਾਰੰ ਰਚੀ ਚਾਰੁ ਬਾਨੀ।...੧੬।"

(ਕੀ ਗੁਰਬਾਣੀ ਵੇਦਾਂ ਦਾ ਸਾਰ ਹੈ? ਭਾਵ ਵੇਦਾਂ ਦੇ ਆਸ਼ੇ 'ਤੇ ਆਧਾਰਤ ਹੈ? ਕਵੀ ਸੰਤੋਖ ਸਿੰਘ ਵਰਗੇ ਵਿੱਦਵਾਨ ਨੂੰ ਅਜੇਹਾ ਟਪਲਾ ਤਾਂ ਨਹੀਂ ਸੀ ਲੱਗ ਸਕਦਾ। ਹੋ ਸਕਦਾ ਹੈ, ਇਹ ਗੱਲ ਪੰਡਤਾਂ ਨੂੰ ਖ਼ੁਸ਼ ਕਰਨ ਵਾਸਤੇ ਲਿਖੀ ਗਈ ਹੋਵੇ। ਮੇਰੇ ਵਿਚਾਰ ਅਨਸਾਰ ਗੁਰਬਾਣੀ ਵੇਦਾਂ ਦਾ ਸਾਰ ਨਹੀਂ, ਸਗੋਂ ਬਿਲਕੁਲ ਸੁਤੰਤਰ ਵਿਚਾਰਧਾਰਾ ਹੈ।)

ਬਹੁਤ ਉਸਤਤ ਕਰਕੇ ਦੇਵਤੇ ਚਲੇ ਗਏ।

ਗੁਰੂ ਜੀ ਨੇ ਇਕ ਅਸਥਾਨ ਬਣਾਇਆ, ਜਿਸਦਾ ਨਾਮ 'ਪਤਾਲ ਪੁਰੀ' ਧਰਿਆ।

ਗੁਰੂ ਜੀ ਨੇ ਹਰਿਰਾਇ ਜੀ ਨੂੰ ਕਿਹਾ, ਕਿ ਤੁਸਾਂ ਜੰਗ ਨਹੀਂ ਕਰਨੇ, ਪਰ ਬਾਈ ਸੌ ਜਵਾਨ ਸਦਾ ਕੋਲ ਰਖਣਾ। ਤੁਹਾਡੇ ਤਕ ਕੋਈ ਦੁਸ਼ਮਣ ਨਹੀਂ ਪਹੁੰਚ ਸਕੇਗਾ। ਗੁਰੂ ਜੀ ਨੇ ਇਹ ਵਰ ਦਿਤਾ।

ਅੰਸੂ ੫੭

(ਗੁਰੂ ਹਰਿਗੋਵਿੰਦ ਸੱਚਖੰਡ ਜਾਣਾ)

ਗੁਰੂ ਜੀ ਨੇ ਭਾਈ ਭਾਨੇ ਨੂੰ ਕਿਹਾ, ਕਿ ਆਪਣਾ ਪੁੱਤਰ ਹਰਿਰਾਇ ਜੀ ਪਾਸ ਛੱਡੋ, ਤੇ ਆਪ 'ਰਮਦਾਸ' ਜਾ ਕੇ ਸਰੀਰ ਤਿਆਗੋ।

ਫਿਰ ਭਾਈ ਜੋਧ ਰਾਏ ਤੇ ਭਾਈ ਰੂਪੇ ਨੂੰ ਘਰੋ ਘਰੀ ਜਾਣ ਦਾ ਹੁਕਮ ਦਿਤਾ। ਹੋਰ ਕੁਛ ਸੇਵਕਾ ਨੂੰ ਵੀ ਘਰੀਂ ਚਲੇ ਜਾਣ ਦਾ ਹੁਕਮ ਦਿਤਾ।

ਮਾਤਾ ਨਾਨਕੀ ਜੀ ਨੂੰ ਹੁਕਮ ਹੋਇਆ, ਕਿ ਉਹ 'ਬਕਾਲੇ' ਨਗਰ ਚਲੀ ਜਾਏ। ਜਿੱਥੇ ਮਾਤਾ ਗੰਗਾ ਜੀ ਦਾ (ਸੁਰਗਵਾਸ ਹੋਣ ਦਾ) ਅਸਥਾਨ ਹੈ। ਨਾਲ ਹੀ ਵਰ ਦਿਤਾ ਕਿ ਤੁਸੀਂ ਪੋਤਰੇ ਦਾ ਪ੍ਰਤਾਪ ਵੇਖ ਕੇ ਆਉਗੇ।

ਫਿਰ ਸਭ ਸੰਗਤ ਨੂੰ ਉਪਦੇਸ਼ ਕਰਨ ਪਿਛੋਂ ਹੁਕਮ ਕੀਤਾ, ਕਿ ਪਤਾਲਪੁਰੀ ਕੋਠੇ ਦਾ ਬੂਹਾ ਸੱਤਵੇਂ ਦਿਨ ਖੁਹਲਣਾ।

ਪਤਾਲਪੁਰੀ ਵਿਚ ਸੁੰਦਰ ਕੋਠਾ ਬਣਵਾਇਆ ਸੀ। ਗੁਰੂ ਜੀ ਨੇ ਉਸ ਵਿਚ ਕੁਸ਼ਾ

Digitized by Panjab Digital Library | www.panjabdigilib.org

ਵਿਛਾ ਕੇ ਆਸਣ ਕਰ ਲਿਆ। ਛੇ ਦਿਨ ਆਪ ਦੀ ਸਮਾਧੀ ਲੱਗੀ ਰਹੀ, ਤੇ ਸੱਤਵੇਂ ਦਿਨ ਜੋਤਿ ਵਿਚ ਜੋਤਿ ਸਮਾ ਗਏ।

ਅੰਸੂ ੫੮

(ਸੱਚਖੰਡ ਪ੍ਰਵੇਸ਼)

(ਇਸ ਅੰਸੂ ਵਿਚ ਵਧੇਰੇ ਕਾਵਿਕ ਕਲਪਨਾ ਹੈ।) ਸਭ ਦੇਵਤੇ ਆਏ। ਫਿਰ ਸੁੰਦਰ ਬਬਾਣ ਆਇਆ। ਉਸ ਉਤੇ ਚੜ੍ਹ ਕੇ ਗੁਰੂ ਜੀ ਗਏ। ਸਭ ਦੇਵਦੇ ਆਪਣੀ ਪੁਰੀ ਤਕ ਨਾਲ ਗਏ। ਉਸ ਤੋਂ ਅੱਗੇ ਗੁਰੂ ਜੀ ਸੱਚਖੰਡ ਵਿਚ ਜਾ ਬਿਰਾਜੇ।

ਹੁਕਮ ਅਨਸਾਰ ਛੇ ਦਿਨ ਸੰਗਤਾਂ ਕੋਠੇ ਦੇ ਉਦਾਲੇ ਬੈਠੀਆਂ ਰਹੀਆਂ। ਸੱਤਵੇਂ ਰੋਜ਼ ਸਵਾ ਪਹਿਰ ਦਿਨ ਚੜ੍ਹੇ ਹਰਿਰਾਏ ਜੀ ਨੇ ਬੂਹਾ ਖੁਹਲਿਆ।

ਅੰਸੂ ੫੯

(ਸਰੀਰ ਦਾ ਸਸਕਾਰ)

ਗੁਰੂ ਹਰਿਰਾਏ ਜੀ ਨੇ ਦਰਵਾਜ਼ੇ ਅੱਗੇ ਖਲੋ ਕੇ ਅਰਦਾਸ ਕੀਤੀ, ਤਾਂ ਅੰਦਰੋਂ ਕੁੰਡਾ ਆਪਣੇ ਆਪ ਖੁੱਲ੍ਹ ਗਿਆ। ਗੁਰੂ ਜੀ ਕੰਧ ਨਾਲ ਢੋਹ ਲਾ ਕੇ ਪਦਮ-ਆਸਣ ਬੈਠੇ ਸਨ। ਜੋਤਿ ਜੋਤਿ ਵਿਚ ਸਮਾ ਚੁਕੀ ਸੀ।

ਸਸਕਾਰ ਵਾਸਤੇ ਚੰਦਨ ਦੀ ਚਿਖਾ ਤਿਆਰ ਕੀਤੀ ਗਈ।

"ਜਵ, ਤਿਲ, ਘ੍ਰਿਤ ਆਨੇ ਸਮਦਾਇ।
ਕਾਸ਼ਟ ਕੇ ਅੰਬਾਰ ਲਗਾਏ।੨੧।"

(ਸਭ ਸੰਸਾਰੀਆਂ ਵਾਲੀਆਂ ਰਸਮਾ ਲਿਖ ਧਰੀਆਂ।)

ਸੂਰਜ ਮੱਲ ਨੇ ਚਿਖਾ ਨੂੰ ਅਗਨੀ ਦਿਤੀ।

ਛੇਵੇਂ ਗੁਰੂ ਜੀ ਸਮਾਏ ਚੇਤ ਸੁਦੀ ਪੰਜਵੀਂ, ੧੬੦੦ ਬਿ.।

ਧੀਰਮੱਲ ਨਹੀਂ ਆਇਆ। ਬਾਕੀ ਸੰਗਤ ਤੇ ਰਿਸ਼ਤੇਦਾਰ ਚਲੇ ਗਏ।

ਗੁਰੂ ਜੀ ਦੇ ਹੁਕਮ ਅਨਸਾਰ ਮਾਤਾ ਨਾਨਕੀ ਜੀ ਨੋਂਹ ਤੇ ਪੁੱਤਰ ਨੂੰ ਨਾਲ ਲੈ ਕੇ [ਬਾਬੇ] ਬਕਾਲੇ ਜਾ ਵੱਸੀ।

ਅੰਸੂ ੬੦

(ਭਾਈ ਭਗਤੂ—ਭਾਈ ਫੇਰੂ)

ਭਾਈ ਭਾਨਾ [ਬਾਬਾ ਬੁੱਢਾ ਜੀ ਦਾ] ਆਪਣੇ ਪੁੱਤਰ ਸਰਵਣ ਦੀ ਬਾਂਹ ਗੁਰੂ ਹਰਿਰਾਏ ਜੀ ਦੇ ਹੱਥ ਫੜਾ ਕੇ ਆਪ ਰਮਦਾਸ ਚਲਾ ਗਿਆ। ਰਮਦਾਸ ਆ ਕੇ ਭਾਈ

Digitized by Panjab Digital Library | www.panjabdigilib.org

ਭਾਨਾ ਸਰੀਰ ਤਿਆਗ ਗਿਆ ।

ਕੁਛ ਮਹੀਨਿਆਂ ਪਿੱਛੋਂ ਮਾਤਾ ਮਰਵਾਹੀ ਜੀ ਵੀ ਸਰੀਰ ਤਿਆਗ ਗਏ ।

ਭਾਈ ਭਗਤੂ, ਭਾਈ ਬਹਿਲੋ ਤੇ ਹੋਰ ਮਸੰਦ ਵੀ ਆਏ । ਭਾਈ ਭਗਤੂ ਬਹੁਤ ਬਿਰਧ ਹੋ ਗਿਆ ਸੀ । ਉਸ ਨੇ ਗੁਰੂ ਜੀ ਪਾਸ ਬੇਨਤੀ ਕੀਤੀ, ਕਿ ਕੋਈ ਸੇਵਾ ਬਖ਼ਸ਼ੋ । ਗੁਰੂ ਜੀ ਨੇ ਹਾਸੇ ਨਾਲ ਕਿਹਾ,

"ਅਬ ਸਹੇਰਬੋ ਚਰਖਾ ਚਹੀਅਹਿ ।
ਜਿਸ ਤੇ ਬਿਰਧਾਪਨ ਨਿਰਬਹੀਅਹਿ ।੧੭।"

(ਵਿੱਦਵਾਨ ਇਸ ਦਾ ਅਰਥ ਲੰਦੇ ਹਨ, ਕਿ ਗੁਰੂ ਜੀ ਨੇ ਹਾਸੇ ਨਾਲ ਕਿਹਾ, ਹੁਣ ਵਿਆਹ ਕਰਵਾ ਲੈ ।)

ਇਕ ਦਿਨ ਭਾਈ ਭਗਤੂ ਜੀ ਕਾਮਿਆਂ ਦੀਆਂ ਰੋਟੀਆਂ ਲੈ ਕੇ ਗਏ । ਕਾਮਿਆਂ ਰੋਟੀਆਂ ਨਾਲ ਘਿਉ ਮੰਗਿਆ । ਇਕ ਫਰੀ ਵਾਲਾ ਜਾ ਰਿਹਾ ਸੀ । ਭਗਤੂ ਨੇ ਉਸ ਕੋਲੋਂ ਘਿਉ ਮੰਗਿਆ । ਉਸ ਨੇ ਘਿਉ ਦਾ ਕੁੱਪਾ ਅੱਗੇ ਰੱਖ ਦਿਤਾ । ਕਾਮਿਆਂ ਨੇ ਕੁੱਪੇ ਵਿਚੋਂ ਦਿਲ-ਚਾਹਿਆ ਘਿਉ ਖਾਧਾ । ਭਗਤੂ ਨੇ ਕਿਹਾ, ਭਲਕੇ ਆ ਕੇ ਪੈਸੇ ਲੈ ਜਾਈਂ ।

ਫੇਰੀ ਵਾਲ ਨੇ ਸਵੇਰੇ ਉਠ ਕੇ ਵੇਖਿਆ, ਤਾਂ ਕੁੱਪਾ ਘਿਉ ਨਾਲ ਭਰਿਆ ਹੋਇਆ ਸੀ । ਇਹ ਕਰਾਮਾਤ ਵੇਖ ਕੇ ਫੇਰੀ ਵਾਲਾ ਭਗਤੂ ਦੇ ਚਰਨੀ ਜਾ ਢੱਠਾ । ਭਗਤੂ ਉਸ ਨੂੰ ਗੁਰੂ ਜੀ ਪਾਸ ਲੈ ਗਿਆ । ਉਸ ਨੇ ਆਪਣਾ ਨਾਮ 'ਸੰਗਤ' ਦੱਸਿਆ । ਗੁਰੂ ਜੀ ਨੇ ਉਸ ਨੂੰ ਚਰਨ ਪਾਹੁਲ ਦੇ ਕੇ ਨਾਮ 'ਫੇਰੂ' ਰੱਖ ਦਿਤਾ ।

ਭਾਈ ਫੇਰ ਦੇਗ ਦਾ ਧਨੀ ਹੋਇਆ । ਉਸ ਦੇ ਕਈ ਚੇਲੇ ਹੋਏ । ਉਸ ਦੀ ਸਮਾਧ [ਤਸੀਲ ਚੂਹਣੀਆਂ ਵਿਚ] ਮੌਜੂਦ ਹੈ ।

ਅੱਠਵੀਂ ਰਾਸ ਸਮਾਪਤ

Digitized by Panjab Digital Library | www.panjabdigilib.org

ਨੌਵੀਂ ਰਾਸ

ਅੰਸੁ ੧

(ਮੰਗਲ)

(ਬਾਕੀ ਰਾਸਾਂ ਵਾਂਗ ਪਹਿਲਾ ਛੰਦ ਅਕਾਲ ਪੁਰਖ ਦੀ ਅਰਾਧਨਾ ਹੈ, ਤੇ ਦੂਸਰਾ 'ਸਾਰਸੁਤੀ' (ਸੁਰਸਤੀ ਦੇਵੀ) ਅੱਗੇ ਨਮਸਕਾਰ ਦਾ। ਫਿਰ ਗੁਰੂ ਸਾਹਿਬਾਨ ਦੀ ਵਾਰੀ ਆਈ ਹੈ।)

ਗੁਰੂ ਨਾਨਕ ਦੇਵ ਜੀ ਨੂੰ 'ਪਾਰਬ੍ਰਹਮ' ਦੇ ਅਵਤਾਰ ਮੰਨਿਆਂ ਹੈ :—(ਇਹ ਗੁਰਬਾਣੀ ਦੇ ਸਿਧਾਂਤ ਦੇ ਉਲਟ ਹੈ।)

"ਪਾਰ ਬ੍ਰਹਮ, ਕਰਤਾ ਪੁਰਖ, ਸ੍ਰੀ ਨਾਨਕ ਅਵਤਾਰ।
ਦਾਸਨ ਬ੍ਰਿੰਦ ਅਨੰਦ ਦੇ[1], ਤਿਨ ਪਦ[2] ਬੰਦਨ ਧਾਰਿ ।੩।"

(ਪਹਿਲੇ ਤੇਰਾਂ ਛੰਦ ਮੰਗਲ ਦੇ ਹਨ। ਅੱਗੇ ਵਾਰਤਾ ਆਰੰਭ ਹੁੰਦੀ ਹੈ।)

ਪਹਿਰ ਦੇ ਤੜਕੇ ਉਠ ਕੇ ਗੁਰੂ ਹਰਿਰਾਏ ਜੀ ਇਕ ਸੌ ਇਕ ਗਾਗਰ ਜਲ ਨਾਲ ਇਸ਼ਨਾਨ ਕਰਦੇ। [ਕਾਵਿਕ ਅਤਿ ਕਥਨੀ।] ਫਿਰ ਆਪ ਸਿਮਰਨ ਕਰਦੇ। ਸਵੇਰੇ ਚੰਦਨ, ਕੇਸਰ ਤੇ ਕਪੂਰ ਮਿਲਾ ਕੇ ਗੁਰੂ ਜੀ ਮੱਥੇ ਵਿਚ ਤਿਲਕ ਲਗਾਉਂਦੇ।

(ਕਵੀ ਜੀ ਇਸ ਵਾਸਤੇ ਗੁਰੂਆਂ ਨੂੰ ਵੀ ਤਿਲਕ ਲਗਾਉਂਦੇ ਹਨ, ਕਿ ਕਿਤੇ ਪੰਡਤ ਨਾਰਾਜ਼ ਨਾ ਹੋ ਜਾਏ।)

ਗੁਰੂ ਹਰਿਰਾਏ ਜੀ ਦੇ ਲੰਗਰ ਵਿਚ ਮਾਸ ਨਹੀਂ ਸੀ ਬਣਦਾ।

ਗੁਰੂ ਜੀ ਸ਼ਸਤਰ ਪਹਿਨਦੇ ਸਨ, ਤੇ ਸ਼ਕਾਰ ਵੀ ਖੇਡਦੇ ਸਨ, ਪਰ ਹੁਕਮ ਸੀ, ਕਿ ਕਿਸੇ ਜਾਨਵਰ ਨੂੰ ਮਾਰਨਾ ਨਹੀਂ, ਜਿਉਂਦੇ ਫੜ ਕੇ ਲੈ ਆਉਣਾ ਹੈ। ਇਸ ਤਰ੍ਹਾਂ ਹਜ਼ਾਰਾਂ ਜਾਨਵਰ ਇਕੱਠੇ ਹੋ ਗਏ, ਜਿੰਨ੍ਹਾ ਦੀ ਗੁਰੂ ਜੀ ਪਾਲਣਾ ਕਰਦੇ।

ਅੰਸੁ ੨

(ਵੱਡੀ ਹਰੜ)

ਸ਼ਾਹ ਜਹਾਨ ਦੇ ਚਾਰ ਪੁੱਤਰ ਸਨ : ਦਾਰਾ ਸ਼ਕੋਹ, ਸ਼ੁਜਾ ਮੁਹੰਮਦ, ਨੁਰੰਗਾ

1. ਸਾਰੇ ਸੇਵਕਾਂ ਨੂੰ ਅਨੰਦ ਦੇਣ ਵਾਲੇ। 2. ਚਰਨ, ਪੈਰ।

Digitized by Panjab Digital Library | www.panjabdigilib.org

[ਔਰੰਗਜ਼ੇਬ] ਤੇ ਮੁਰਾਦ।

ਔਰੰਗਜ਼ੇਬ ਨੇ ਦਾਰਾ ਸ਼ਕੋਹ ਨੂੰ ਸ਼ੇਰ ਦੀ ਮੁੱਛ ਖੁਆ ਦਿਤੀ, ਜਿਸ ਕਾਰਨ ਉਹ ਬੀਮਾਰ ਹੋ ਗਿਆ। ਹਕੀਮਾਂ ਨੇ ਦੱਸਿਆ, ਕਿ ਚੌਦਾਂ ਸਰਸਾਹੀ[1] ਦੀ ਹਰੜ ਤੇ ਇਕ ਮਾਸੇ ਦਾ ਲੌਂਗ ਮਿਲੇ, ਤਾਂ ਦਾਰਾ ਸ਼ਕੋਹ ਤਦ ਬਚ ਸਕਦਾ ਹੈ।

ਬਾਦਸ਼ਾਹ ਨੂੰ ਦੱਸ ਪਈ, ਕਿ ਇਹ ਦੋਵੇਂ ਚੀਜ਼ਾਂ ਗੁਰੂ ਹਰਿਰਾਏ ਜੀ ਪਾਸ ਹਨ।

ਬਾਦਸ਼ਾਹ ਨੇ ਬੇਨਤੀ ਲਿਖ ਭੇਜੀ।

ਸੰਗਤ ਦੇ ਪੁਛਣ ਤੇ ਗੁਰੂ ਜੀ ਨੇ ਇਹਨਾਂ ਚੀਜ਼ਾਂ ਦੇ ਗੁਣ ਦੱਸੇ। ਪੇਟ ਦਾ ਕੋਈ ਰੋਗ ਹੋਵੇ, ਤਾਂ ਹਰੜ ਹੱਥ ਵਿਚ ਲੈਣ ਨਾਲ ਜੁਲਾਬ ਲੱਗ ਕੇ ਪੇਟ ਸਾਫ਼ ਹੋ ਜਾਂਦਾ ਹੈ।

ਸਮੁੰਦਰ ਰਿੜਕਣ 'ਤੇ ਜਦ ਧਨੰਤਰ ਨਿਕਲਿਆ ਸੀ, ਤਾਂ ਉਸ ਦੇ ਇਕ ਹੱਥ ਵਿਚ ਇਹ ਹਰੜ ਸੀ, ਤੇ ਇਕ ਹੱਥ ਵਿਚ ਜੋਕ [ਲਹੂ ਚੂਸਣ ਵਾਲੀ][2]।

ਲੌਂਗ ਹੱਥ ਵਿਚ ਲੈਣ ਨਾਲ 'ਸਰਸਾਮ' ਦੂਰ ਹੋ ਜਾਂਦਾ ਹੈ।

ਇਹ ਗੁਣ ਦੱਸਣ ਪਿੱਛੋਂ ਗੁਰੂ ਜੀ ਨੇ ਤਿੰਨੇ ਚੀਜ਼ਾਂ—ਹਰੜ, ਲੌਂਗ ਤੇ 'ਗਜ ਮੋਤੀ'—ਸ਼ਾਹ ਜਹਾਨ ਦੇ ਆਦਮੀ ਨੂੰ ਦੇ ਦਿਤੀਆਂ। ਸ਼ਾਹ ਜਹਾਨ ਨੇ ਅਹਿਸਾਨ ਮੰਨ ਕੇ ਨਮਸਕਾਰ ਕੀਤੀ।

ਅੰਸੂ ੨

(ਬਿਰਧ ਮਾਈ ਦਾ ਪ੍ਰਸਾਦ ਛਕਿਆ)

ਇਕ ਬਿਰਧ ਗ਼ਰੀਬ ਮਾਈ ਹਰ ਵੇਲੇ ਗੁਰੂ ਜੀ ਨੂੰ ਯਾਦ ਕਰਦੀ ਰਹਿੰਦੀ। ਉਹਦੀ ਰੀਝ ਸੀ,ਕਿ ਕਦੇ ਗੁਰੂ ਜੀ ਉਸ ਦੇ ਹੱਥਾਂ ਦੀ ਪੱਕੀ ਰੋਟੀ ਖਾਣ। ਉਹ ਮਜ਼ਦੂਰੀ ਕਰ ਕੇ ਇਕ ਟਕਾ ਲਿਆਈ। ਉਸ ਕਮਾਈ ਨਾਲ ਉਸ ਨੇ ਗੁਰੂ ਜੀ ਵਾਸਤੇ ਦੋ ਪਰੌਂਠੇ ਤਿਆਰ ਕੀਤੇ। ਪੋਣੇ ਵਿਚ ਬੰਨ੍ਹ ਕੇ ਉਹ ਤੁਰ ਪਈ। ਰਸਤੇ ਵਿਚ ਗੁਰੂ ਜੀ ਸ਼ਕਾਰ ਵਾਸਤੇ ਜਾਂਦੇ ਨਜ਼ਰ ਆਏ। ਉਹ ਇਕ ਪਾਸੇ ਹੋ ਕੇ ਖਲੋ ਗਈ। ਗੁਰੂ ਜੀ ਨੇ ਕੋਲ ਆ ਕੇ ਕਿਹਾ, 'ਮਾਤਾ! ਬੜੀ ਭੁੱਖ ਲੱਗੀ ਹੈ, ਜੋ ਭੋਜਨ ਤਿਆਰ ਕਰ ਕੇ ਲਿਆਈ ਹੈਂ, ਲਿਆ ਛਕੀਏ।

ਗੁਰੂ ਜੀ ਨੇ ਓਸੇ ਤਰ੍ਹਾਂ ਘੋੜੇ 'ਤੇ ਅਸਵਾਰ ਬਿਨਾਂ ਹੱਥ ਧੋਤੇ ਹੀ ਪ੍ਰਸਾਦ ਛਕ ਲਿਆ, ਤੇ ਕਿਹਾ, ਬੜਾ ਸਵਾਦ ਆਇਆ ਹੈ। ਮਾਈ ਦੀ ਸ਼ਰਧਾ ਪੂਰਨ ਹੋ ਗਈ।

ਸੇਵਕਾਂ ਨੇ ਕਾਰਨ ਪੁਛਿਆ, ਪਰ ਗੁਰੂ ਜੀ ਚੁੱਪ ਹੀ ਰਹੇ।

---

1. ਇਕ ਸਰਸਾਹੀ ਦੋ ਤੋਲੇ ਦੇ ਬਰਾਬਰ ਹੈ।

2. (ਏਥੇ ਕਵੀ ਜੀ ਨੇ 'ਵੈਦਿਕ' ਤੇ 'ਯੂਨਾਨੀ ਹਿਕਮਤ ਨੂੰ ਮਿਲਾ ਦਿਤਾ ਹੈ। ਹਰੜ ਤੇ ਲੌਂਗ ਦੇ ਗੁਣ 'ਵੈਦਿਕ' ਦੇ ਹਨ, ਤੇ 'ਜੋਕ' ਯੂਨਾਨੀ ਹਿਕਮਤ ਨਾਲ ਸੰਬੰਧਤ ਹੈ। ਵੈਦਿਕ ਲਹੂ ਕੱਢਣ ਦੇ ਵਿਰੁੱਧ ਹੈ। ਜੋਕ ਕਾਰਨ ਕਈ ਬੀਮਾਰੀਆਂ ਪੈਦਾ ਹੁੰਦੀਆਂ ਹਨ।

Digitized by Panjab Digital Library | www.panjabdigilib.org

ਅਗਲੇ ਦਿਨ ਸੇਵਕ ਘਰੋਂ ਪ੍ਰਸਾਦ ਤਿਆਰ ਕਰ ਕੇ ਲੈ ਗਏ। ਓਸੇ ਸਮੇਂ ਸਿੱਖਾਂ ਨੇ ਗੁਰਦੇਵ ਨੂੰ ਪ੍ਰਸਾਦ ਛਕਣ ਵਾਸਤੇ ਕਿਹਾ, ਤਾਂ ਗੁਰੂ ਜੀ ਨੇ ਇਨਕਾਰ ਕਰ ਦਿਤਾ। ਸਿੱਖਾਂ ਦੇ ਪੁਛਣ ਉਤੇ ਗੁਰੂ ਜੀ ਨੇ ਕਿਹਾ, ਕੱਲ੍ਹ ਭੁੱਖ ਕਾਰਨ ਨਹੀਂ, ਉਸ ਮਾਈ ਦੇ ਸੱਚੇ ਪ੍ਰੇਮ ਕਾਰਨ ਛਕਿਆ ਸੀ।

(ਅੱਗੇ ਮਿਸਾਲਾਂ ਹਨ) ਭੀਲਣੀ ਦੇ ਬੇਰ ਖਾਧੇ। ਧੰਨੇ ਦੀ ਲੱਸੀ ਪੀਤੀ। ਨਾਮਦੇਵ ਦਾ ਦੁੱਧ ਪੀਤਾ। ਦਰਜੋਧਨ ਨੂੰ ਛੱਡ ਕੇ ਬਿਦਰ ਨੂੰ ਨਿਵਾਜਿਆ।

ਅੰਸੂ ੪

(ਅਜਗਰ ਮੁਕਤ)

ਗੁਰੂ ਜੀ ਦੇ ਸਾਮ੍ਹਣੇ ਇਕ ਸਿੱਖ ਨੇ ਸਵਾਲ ਕੀਤਾ, ਕਿ ਨਿਰਧਨ ਸਿੱਖ ਕਿਵੇਂ ਸੇਵਾ ਕਰੇ।

ਗੁਰੂ ਜੀ ਸਾਖੀ ਸੁਣਾਉਂਦੇ ਹਨ। ਇਕ ਨਿਰਧਨ ਸਿੱਖ ਦੇ ਘਰ ਚਿੜਾ ਚਿੜੀ ਰਹਿੰਦੇ ਸਨ। ਪਿਛਲੇ ਜਨਮ ਉਹ ਸਿੱਖ-ਸਿੱਖਣੀ ਸਨ। ਪਰ ਉਸ ਚਿੜੇ ਚਿੜੇ ਨੂੰ 'ਗਿਆਨ' ਸੀ। ਉਹ ਚਿੜੀ ਚਿੜਾ ਉਸ ਸਿੱਖ ਦੇ ਘਰੋਂ ਦਾਣਿਆਂ ਦੀ ਚੁੰਝ ਭਰ ਕੇ ਗੁਰੂ ਕੇ ਲੰਗਰ ਵਿਚ ਜਾ ਪਾਉਂਦੇ। ਇਸ ਦਾ ਫਲ, ਜਮਾਂ ਪਾ ਕੇ ਉਹ ਗਰੀਬ ਸਿੱਖ ਧਨੀ ਹੋ ਗਿਆ। ਉਸ ਨੇ ਸੁੰਦਰ ਮਹਿਲ ਬਣਾ ਲਏ। ਚਿੜੇ ਚਿੜੀ ਨੇ ਕਿਸੇ ਹੋਰ ਬਿਰਛ ਤੇ ਜਾ ਆਹਲਣਾ ਪਾਇਆ। ਇਸ ਤਰ੍ਹਾਂ ਜੋ ਰਸਦ ਉਸ ਦੇ ਘਰੋਂ ਲੰਗਰ ਵਿਚ ਜਾਂਦੀ ਸੀ, ਉਹ ਬੰਦ ਹੋ ਗਈ। ਉਹ ਸਿੱਖ ਫਿਰ ਗਰੀਬ ਹੋ ਗਿਆ। (ਗੁਰੂ ਜੀ ਕਹਿੰਦੇ ਹਨ) ਉਸ ਸਿੱਖ ਨੇ ਆ ਕੇ ਸਾਥੋਂ ਕਾਰਨ ਪੁੱਛਿਆ, ਤਾਂ ਅਸਾਂ ਦੱਸਿਆ, ਕਿ ਜੋ ਤੇਰੇ ਘਰੋਂ ਚਿੜੀ ਚਿੜੇ ਰਾਹੀਂ ਲੰਗਰ ਵਾਸਤੇ ਅੰਨ ਆਉਂਦਾ ਸੀ, ਉਹ ਬੰਦ ਹੋ ਗਿਆ ਹੈ। ਇਸ ਵਾਸਤੇ ਗਰੀਬੀ ਆ ਗਈ ਹੈ।

ਗੁਰੂ ਜੀ ਨੇ ਕਿਹਾ, ਹੁਣ ਧਰਮ ਦੀ ਕਿਰਤ ਕਰਕੇ ਉਸ ਵਿਚੋਂ ਚੌਥਾ ਹਿੱਸਾ ਗੁਰੂ ਹਿਤ ਦਿਹੁ। ਉਸਦਾ ਫਲ—

"ਜੋ ਮੁਝ ਅਰਪਹਿ ਸ਼ਰਧਾ ਉਰ ਧਰ,
ਹੋਇ ਸਹੰਸ੍ਰ ਗੁਨਾ ਬਿਸਥਾਰ।...੧੫।"

(ਇਸਤਰਾਂ ਕਈ ਥਾਂਈਂ ਸਿਖਿਆ ਦਾਇਕ ਕਹਾਣੀਆਂ ਕਵੀ ਜੀ ਗੁਰੂ ਜੀ ਦੇ ਮੁੱਖ ਤੋਂ ਅਖਵਾਉਂਦੇ ਹਨ।)

ਇਕ ਦਿਨ ਗੁਰੂ ਜੀ ਸ਼ਕਾਰ ਗਏ। ਜੰਗਲ ਵਿਚ ਇਕ ਅਜਗਰ (ਬਹੁਤ ਵੱਡਾ ਸੱਪ) ਵੇਖਿਆ, ਜਿਸਨੂੰ ਕੀੜੀਆਂ ਤੋੜ ਤੋੜ ਖਾ ਰਹੀਆਂ ਸਨ। ਗੁਰੂ ਜੀ ਨੇ ਬਾਣ ਮਾਰ ਕੇ ਉਸਦਾ ਸਿਰ ਉਡਾ ਦਿਤਾ, ਤਾਂ ਸੱਪ ਮਰ ਕੇ, ਗਤੀ ਪ੍ਰਾਪਤ ਕਰਕੇ ਬਬਾਣ ਤੇ ਚੜ੍ਹ ਕੇ ਚਲਾ ਗਿਆ।

ਸਿੱਖਾਂ ਦੇ ਪੁੱਛਣ 'ਤੇ ਗੁਰੂ ਜੀ ਨੇ ਦੱਸਿਆ, ਇਹ ਵਿੱਦਵਾਨ ਹੰਕਾਰੀ ਤੇ ਪਾਖੰਡੀ

Digitized by Panjab Digital Library | www.panjabdigilib.org

ਪੰਡਤ ਸੀ। ਸੋ ਜਿਸ ਜਿਸ ਨੂੰ ਇਸਨੇ ਪਾਖੰਡ ਨਾਲ ਲੁੱਟਿਆ ਸੀ, ਉਹ ਕੀੜੀਆਂ ਬਣ ਕੇ ਇਸਨੂੰ ਖਾ ਰਹੇ ਸਨ। ਹੁਣ ਸਾਡੇ ਦਰਸ਼ਨ ਕਰਕੇ ਇਹ ਮੁਕਤ ਹੋ ਗਿਆ ਹੈ।

"ਬਿਨਾ ਗਯਾਨ ਜਗ ਗਰੂ ਕਹਾਵਤਿ,
ਸੰਕਟ ਘੋਰ ਲਹੈ ਸੁਖ ਛੀਨ।
ਕਾਚੇ ਗੁਰੁ ਕੇ ਸਿਖ ਹੈ ਜਗ ਮੈਂ,
ਮਾਨੁਖ ਜਨਮੁ ਬਾਦ ਤਿਨ ਚੀਨ।੩੦।"

ਅੰਸੂ ੫

(ਭਾਈ ਗੋਂਦਾ ਧਿਆਨ ਮਗਨ)

ਸ਼ਰਧਾਲੂ ਸਿੱਖ ਭਾਈ ਗੋਂਦੇ ਨੂੰ ਗੁਰੂ ਜੀ ਨੇ ਸਿੱਖੀ ਦੇ ਪਰਚਾਰ ਵਾਸਤੇ ਕਾਬਲ ਭਜ ਦਿਤਾ। ਓਥੇ ਜਾ ਕੇ ਉਸਨੇ ਧਰਮਸਾਲ ਬਣਵਾਈ, ਤੇ ਲੰਗਰ ਸ਼ੁਰੂ ਕੀਤਾ। ਉਹ ਹਰ ਸਮੇਂ ਗੁਰੂ ਚਰਨਾਂ ਵਿਚ ਧਿਆਨ ਰੱਖਦਾ।

ਇਕ ਦਿਨ ਭਾਈ ਗੋ ਦਾ ਗੁਰੂ ਜੀ ਦੇ ਚਰਨਾਂ ਵਿਚ ਧਿਆਨ ਜਮਾ ਕੇ ਜਿਉਂ ਸਮਾਧੀ ਲਾ ਕੇ ਬੈਠਾ, ਕਿ ਦੁਪਹਿਰ ਆ ਗਈ। ਓਧਰ ਕੀਰਤ ਪੁਰ ਗੁਰੂ ਜੀ ਚਰਨ ਇਕੱਠੇ ਕਰਕੇ ਸਿੰਘਾਸਣ 'ਤੇ ਅਡੋਲ ਬੈਠੇ ਰਹੇ, ਨਾ ਕਿਸੇ ਨਾਲ ਗੱਲ ਕਰਨ, ਨਾ ਹਿਲਣ। ਏਸੇ ਤਰਾਂ ਸਾਰਾ ਦਿਨ ਬੀਤ ਗਿਆ। ਸ਼ਾਮ ਨੂੰ ਗੋਂਦੇ ਦੀ ਸਮਾਧੀ ਖੁੱਲ੍ਹੀ, ਤਾਂ ਗੁਰੂ ਜੀ ਉਠੇ।

ਸਿੱਖਾਂ ਦੇ ਪੁੱਛਣ ਤੇ ਗੁਰਦੇਵ ਨੇ ਬੈਠੇ ਰਹਿਣ ਦਾ ਕਾਰਨ ਦੱਸਿਆ।

ਸਮਾਂ ਪਾ ਕੇ ਗੋਂਦਾ ਕਾਬਲ ਦੀ ਸੰਗਤ ਲੈ ਕੇ ਆਇਆ, ਤਾਂ ਸਿੱਖਾਂ ਨੇ ਦੱਸਿਆ, ਕਿ ਇਕ ਦਿਨ ਸ਼ਾਮ ਤਕ ਗੋਂਦਾ ਇਸਤਰਾਂ ਸਮਾਧੀ ਵਿਚ ਬੈਠਾ ਰਿਹਾ ਸੀ।

ਅੰਸੂ ੬

(ਸਿੱਖਾਂ ਨੂੰ ਉਪਦੇਸ਼)

ਹਰ ਸਿੱਖ ਨੂੰ ਗੁਰਦੇਵ ਉਪਦੇਸ਼ ਦੇਂਦੇ, ਕਿ ਗੁਰੂ ਕਾ ਲੰਗਰ ਚਲਾਓ, ਤੇ ਸਿੱਖਾਂ ਦੀ ਸੇਵਾ ਕਰੋ।

ਵਿਸਾਖੀ ਦੇ ਮੌਕੇ 'ਤੇ ਸਿੱਖਾਂ ਨੇ ਦੱਸਿਆ, ਕਿ ਬਹੁਤ ਸਾਰੇ ਸਿੱਖ ਆਪਣੇ ਘਰਾਂ ਵਿਚ ਲੰਗਰ ਚਲਾਉਂਦੇ ਹਨ। ਗੁਰਦੇਵ ਨੇ ਕਿਹਾ, ਕਿ ਕੋਈ ਸਿੱਖ ਸਮਾਂ ਬੀਤਣ ਤੇ ਵੀ ਆਏ, ਤਾਂ ਉਸਨੂੰ ਤਿਆਰ ਕਰਕੇ ਲੰਗਰ ਛਕਾਵੋ। ਤੇ ਬਾਣੀ ਪੜ੍ਹੋ।

Digitized by Panjab Digital Library | www.panjabdigilib.org

ਅੰਸੂ ੭

(ਰਾਜੇ ਹਾਥੀ ਮੰਗਣ ਆਏ)

ਕਿਸੇ ਦੂਰ ਦੇਸ ਦੇ ਰਾਜੇ ਨੇ ਇਕ ਸੁੰਦਰ ਹਾਥੀ ਭੇਟਾ ਕੀਤਾ।

ਕਹਿਲੂਰ ਤੇ ਹੰਡੂਰ ਦੇ ਰਾਜੇ ਨੇ ਸਲਾਹ ਕੀਤੀ, ਕਿ ਗੁਰੂ ਜੀ ਸਾਡੇ ਇਲਾਕੇ ਵਿਚ ਰਹਿੰਦੇ ਹਨ, ਪਰ ਸਾਨੂੰ ਕੁਛ ਨਹੀਂ ਦੇਂਦੇ। ਚਲੋ, ਉਹਨਾਂ ਕੋਲੋਂ ਹਾਥੀ ਮੰਗ ਕੇ ਲੈ ਆਈਏ। ਮਤਾ ਪਕਾ ਕੇ ਰਾਜੇ ਸੈਨਾ ਲੈ ਕੇ ਆ ਗਏ। ਅੱਗੇ ਗੁਰੂ ਜੀ ਦੀਵਾਨ ਵਿਚ ਬੈਠੇ ਸਨ। ਰਾਜੇ ਵੀ ਤਿਆਰ ਹੋ ਕੇ ਨਾਲ ਕੁਛ ਸਿਪਾਹੀ ਲੈ ਕੇ ਆ ਹਾਜ਼ਰ ਹੋਏ।

ਰਾਜੇ ਇਹ ਸਲਾਹ ਕਰਕੇ ਆਏ ਸਨ, ਕਿ ਜੇ ਗੁਰੂ ਜੀ ਨੇ ਹਾਥੀ ਮੰਗਿਆਂ ਨਾ ਦਿਤਾ, ਤਾਂ ਬਲ ਨਾਲ ਖੁਹ ਕੇ ਲੈ ਚੱਲਾਂਗੇ।

ਰਾਜੇ ਸਭਾ ਵਿਚ ਬੈਠੇ ਸਨ। ਗੁਰੂ ਜੀ ਨੇ ਆਪਣੇ ਦੋ ਮੱਲ ਬੁਲਾ ਲਏ। ਗੁਰਦੇਵ ਦੇ ਹੁਕਮ ਨਾਲ ਉਹਨਾਂ ਕੁਸ਼ਤੀ ਵਿਖਾਈ। ਫਿਰ ਗੁਰੂ ਜੀ ਨੇ ਉਹਨਾਂ ਨੂੰ ਪੁਛਿਆ, ਕਿ ਤੁਹਾਡੇ ਵਿਚ ਕਿੰਨਾ-ਕੁ ਬਲ ਹੈ। ਤਾਂ ਉਹਨਾਂ ਕਿਹਾ, ਆਪ ਜੀ ਦਾ ਹੁਕਮ ਹੋਵੇ, ਤਾਂ ਅਸੀਂ ਹੰਡੂਰ ਤੇ ਕਹਿਲੂਰ ਦੇ ਪਹਾੜ ਉਲਟਾ ਸਕਦੇ ਹਾਂ।

ਰਾਜੇ ਡਰ ਕੇ ਗੁਰੂ ਜੀ ਦੇ ਚਰਨਾਂ 'ਤੇ ਆ ਢੱਠੇ। ਗੁਰੂ ਜੀ ਨੇ ਕਿਹਾ, ਇਸ ਘਰ ਆ ਕੇ ਹੰਕਾਰ ਨਹੀਂ ਕਰਨਾ ਚਾਹੀਦਾ।

ਅੰਸੂ ੮

(ਭਗਤ ਭਗਵਾਨ)

ਸਾਰੇ ਦੇਸ ਦਾ ਚਕਰ ਲਾ ਕੇ 'ਭਗਵਾਨ ਗਿਰ' ਗੁਰੂ ਜੀ ਦੀ ਸ਼ਰਨ ਆਇਆ। ਉਸ ਨੇ ਦਿਲ ਵਿਚ ਧਾਰੀ, ਕਿ ਗੁਰੂ ਜੀ 'ਚਤਰਭੁਜ' ਹੋ ਕੇ ਦਰਸ਼ਨ ਦੇਣ, ਤਾਂ ਮੈਂ ਉਹਨਾਂ ਦਾ ਸਿੱਖ ਬਣ ਜਾਵਾਂ। ਗੁਰੂ ਜੀ ਨੇ ਚਤਰਭੁਜ (ਚਾਰ ਬਾਹੀਂ ਵਾਲਾ=ਵਿਸ਼ਨੂੰ) ਬਣ ਕੇ ਦਰਸ਼ਨ ਦਿਤਾ। ਭਗਵਾਨ ਗਿਰ ਚਰਨੀ ਢੱਠਾ, ਤੇ ਬੇਨਤੀ ਕੀਤੀ, ਕਿ ਮੈਨੂੰ ਸਿੱਖ ਬਣਾ ਲਵੋ।

ਗੁਰੂ ਜੀ ਨੇ ਕਿਹਾ, ਤੁਸੀਂ ਬਾਬਾ ਲਖਮੀਦਾਸ ਦੇ ਪੋਤਰੇ ਮਿਹਰਚੰਦ ਪਾਸ ਜਾਓ। ਭਗਵਾਨ ਗਿਰ ਦੇਹੁਰੇ ਗਿਆ। ਮੇਹਰ ਚੰਦ ਨੇ ਉਸ ਨੂੰ ਸਿੱਖ ਬਣਾਇਆ, ਤੇ 'ਭਗਤ ਭਗਵਾਨ' ਨਾਮ ਧਰਿਆ।

ਕੁਛ ਚਿਰ ਭਗਤ ਭਗਵਾਨ ਸਿੱਖੀ ਦਾ ਪਰਚਾਰ ਕਰਦਾ ਰਿਹਾ, ਤੇ ਅੰਤ ਹਾਰਕੇ ਮਿਹਰਚੰਦ ਜੀ ਪਾਸ ਆ ਕੇ ਬੇਨਤੀ ਕੀਤੀ, ਕਿ ਮੇਰਾ ਉਪਦੇਸ਼ ਸੁਣਦਾ ਹੀ ਕੋਈ ਨਹੀਂ। ਮਿਹਰਚੰਦ ਨੇ ਫਿਰ ਗੁਰੂ ਜੀ ਪਾਸ ਭੇਜਿਆ। ਉਹ ਗੁਰਦੇਵ ਦੇ ਚਰਨਾਂ ਤੇ ਆ ਢੱਠਾ। ਗੁਰੂ ਜੀ ਨੇ ਸਿਰ 'ਤੇ ਹੱਥ ਧਰ ਕੇ ਕਿਹਾ, 'ਹੁਣ ਜਾ ਕੇ ਉਪਦੇਸ਼ ਕਰੋ।'

ਭਗਤ ਭਗਵਾਨ ਨੂੰ ਗਿਆਨ ਹੋ ਗਿਆ। ਉਸਨੇ ਫਿਰ ਪੂਰਬ ਦੇਸ ਵਿਚ ਸਿੱਖੀ

Digitized by Panjab Digital Library | www.panjabdigilib.org

ਦਾ ਬਹੁਤ ਪਰਚਾਰ ਕੀਤਾ ।

ਇਕ ਵਾਰ ਸਿੱਖਾਂ ਨੇ ਪੁਛਿਆ, ਕਿ ਬਾਣੀ ਪੜ੍ਹਦੇ ਹਾਂ, ਪਰ ਉਸਦਾ ਅਸਰ ਨਹੀਂ ਹੁੰਦਾ । ਗੁਰੂ ਜੀ ਨੇ ਕਿਹਾ, ਰੋਜ਼ ਪੜ੍ਹਦੇ ਰਹੋ, ਜਿਵੇਂ ਥਿੰਧੇ ਦਾ ਠੀਕਰੀ 'ਤੇ ਅਸਰ ਹੋ ਜਾਂਦਾ ਹੈ, ਓਸੇ ਤਰਾਂ ਨਿੱਤ ਬਾਣੀ ਪੜ੍ਹਨ ਦਾ ਵੀ ਅਸਰ ਹੋਵੇਗਾ ।

ਅੰਸੂ ੯

(ਸ਼ਾਹ ਜਹਾਨ ਬੀਮਾਰ)

ਸ਼ਾਹ ਜਹਾਨ ਦੇ ਚਾਰ ਪੁੱਤਰ ਸਨ, ਪਰ ਵਧੇਰੇ ਮੋਹ ਦਾਰਾ ਸ਼ਕੋਹ ਨਾਲ ਸੀ । ਦੂਸਰਾ ਸ਼ੁਜਾਅ ਮੁਹੰਮਦ । ਉਹ ਬੰਗਾਲ ਵਿਚ ਸੀ । ਤੇ ਔਰੰਗਜ਼ੇਬ ਦੱਖਣ ਵਿਚ । ਚੌਥਾ ਮੁਰਾਦ ਬਖ਼ਸ਼ ਗੁਜਰਾਤ ਵਿਚ ਸੀ ।

ਸ਼ਾਹ ਜਹਾਨ ਦਿੱਲੀ ਵਿਚ ਬੀਮਾਰ ਪੈ ਗਿਆ । ਬਾਹਰ ਲੋਕਾਂ ਵਿਚ ਅਫ਼ਵਾਹ ਫੈਲ ਗਈ, ਕਿ ਸ਼ਾਹ ਜਹਾਨ ਮਰ ਗਿਆ ਹੈ । ਸੋ ਸਾਰੇ ਸੂਬੇ ਆਕੀ ਹੋ ਗਏ ।

ਅੰਸੂ ੧੦

(ਸ਼ੁਜਾਅ 'ਤੇ ਚੜ੍ਹਾਈ)

ਸ਼ੁਜਾਅ ਫ਼ੌਜ ਲੈ ਕੇ ਕਾਂਸ਼ੀ (ਬਨਾਰਸ) ਤਕ ਆ ਗਿਆ । ਦਾਰਾ ਸ਼ਕੋਹ ਨੇ ਰਾਜਾ ਜੈ ਸਿੰਘ ਕਛਵਾਹਾ ਤੇ ਆਪਣੇ ਪੁੱਤਰ ਨੂੰ ਸ਼ੁਜਾਅ ਦੇ ਟਾਕਰੇ 'ਤੇ ਭੇਜਿਆ । ਲੜਾਈ ਵਿਚ ਸ਼ੁਜਾਅ ਹਾਰ ਗਿਆ, ਤੇ ਵਾਪਸ ਬੰਗਾਲ ਨੂੰ ਭੱਜ ਗਿਆ ।

ਅੰਸੂ ੧੧

(ਮੁਰਾਦ ਨਾਲ ਜੰਗ)

ਜੋਧ ਪੁਰ ਦੇ ਰਾਜੇ ਜਸਵੰਤ ਸਿੰਘ ਨੂੰ ਫ਼ੌਜ ਦੇ ਕੇ ਗੁਜਰਾਤ ਵੱਲ ਭੇਜਿਆ । ਜਸਵੰਤ ਸਿੰਘ ਮੁਰਾਦ ਤੋਂ ਹਾਰ ਗਿਆ ।

ਅੰਸੂ ੧੨

(ਦਾਰਾ ਸ਼ਕੋਹ ਤੇ ਔਰੰਗਜ਼ੇਬ)

ਏਧਰ ਦਾਰਾ ਸ਼ਕੋਹ, ਤੇ ਓਧਰ ਔਰੰਗਜ਼ੇਬ ਤੇ ਮੁਰਾਦ । ਚੰਬਲ ਨਦੀ ਕੰਢੇ ਘੋਰ ਯੁੱਧ ਹੋਇਆ ।

Digitized by Panjab Digital Library | www.panjabdigilib.org

ਅੰਸੂ ੧੩

(ਦਾਰਾ ਹਾਰ ਗਿਆ—ਸ਼ਾਹ ਜਹਾਨ ਨਜ਼ਰਬੰਦ)

ਦਾਰਾ ਸ਼ਕੋਹ ਵੱਲੋਂ ਲੜਦਾ ਰਾਮ ਸਿੰਘ ਮਾਰਿਆ ਗਿਆ । ਦਾਰਾ ਸ਼ਕੋਹ ਨੱਸ ਕੇ ਦਿੱਲੀ ਆ ਵੜਿਆ ।

ਮਗਰੇ ਔਰੰਗਜ਼ੇਬ ਆਗਰੇ ਵਿਚ ਆ ਵੜਿਆ । ਸ਼ਾਹ ਜਹਾਨ ਨੂੰ ਆਗਰੇ ਵਿਚ ਔਰੰਗਜ਼ੇਬ ਨੇ ਕੈਦ ਕਰ ਲਿਆ ।

ਔਰੰਗਜ਼ੇਬ ਨੇ ਧੋਖੇ ਨਾਲ ਮੁਰਾਦ ਨੂੰ ਵੀ ਕੈਦ ਕਰ ਨਿਆ । ਫਿਰ ਉਹ ਫ਼ੌਜ ਲੈ ਕੇ ਦਿੱਲੀ 'ਤੇ ਆ ਪਿਆ ।

ਦਿੱਲੀ ਚੋਂ ਨੱਸ ਕੇ ਦਾਰਾ ਸ਼ਕੋਹ ਕੀਰਤਪੁਰ ਆ ਉਤਰਿਆ ।

ਅੰਸੂ ੧੪

(ਦਾਰਾ ਸ਼ਕੋਹ ਦਾ ਸ਼ੌਕਨਾਮਾ)

ਗੁਰੂ ਜੀ ਦੀ ਸਿਫ਼ਤ ਸੁਣ ਕੇ ਦਾਰਾ ਸ਼ਕੋਹ ਨੇ ਗੁਰੂ ਹਰਿਰਾਇ ਜੀ ਨੂੰ ਪੱਤਰ ਲਿਖਿਆ । ਜਿਸ ਵਿਚ ਉਸਨੇ ਪਰਗਟ ਕੀਤਾ, ਕਿ ਉਹ ਪੀਰ ਮੀਆਂ ਮੀਰ ਦਾ ਮੁਰੀਦ ਹੈ । ਗੁਰੂ ਜੀ ਨੇ ਉੱਤਰ ਦਿਤਾ, ਕਿ ਖ਼ੁਦਾ ਦੀ ਦਰਗਾਹ ਤੇਰਾ ਭਲਾ ਹੋਵੇਗਾ ।

ਅੰਸੂ ੧੫

(ਗੁਰੂ ਜੀ ਗੋਇੰਦਵਾਲ ਤੇ ਖਡੂਰ)

ਗੁਰੂ ਜੀ ਸਣੇ ਫ਼ੌਜ ਪਹਿਲਾਂ ਗੋਇੰਦਵਾਲ ਗਏ । ਸਭ ਅਸਥਾਨਾਂ ਦੇ ਦਰਸ਼ਨ ਕੀਤੇ, ਸਭ ਨੂੰ ਮਿਲੇ । ਫਿਰ ਓਥੋਂ ਚੱਲ ਕੇ ਖਡੂਰ ਪਹੁੰਚ, ਤੇ ਗੁਰ ਅਸਥਾਨਾਂ ਦੇ ਦਰਸ਼ਨ ਕੀਤੇ ।

ਗੁਰੂ ਜੀ ਇਕ ਸੌ ਇਕ ਗਾਗਰ ਨਾਲ ਇਸ਼ਨਾਨ ਕਰਦੇ ਸਨ ।

ਦਾਰਾ ਸ਼ਕੋਹ ਦਾ 'ਸ਼ੌਕਨਾਮਾ' ਗੁਰੂ ਜੀ ਨੂੰ ਖਡੂਰ ਮਿਲਿਆ । ਗੁਰੂ ਜੀ ਵਾਪਸ ਗੋਇੰਦਵਾਲ ਜਾ ਪਹੁੰਚੇ ।

ਅੰਸੂ ੧੬

(ਦਾਰਾ ਸ਼ਕੋਹ ਤੇ ਗੁਰੂ ਜੀ ਦਾ ਮੇਲ)

ਜਦ ਦਾਰਾ ਸ਼ਕੋਹ ਕੰਰਤਪੁਰ ਸੀ, ਗੁਰੂ ਜੀ ਉਸ ਸਮੇਂ ਮਾਝੇ ਵਿਚ ਸਨ । ਕੀਰਤਪੁਰੋਂ ਚੱਲ ਕੇ ਦਾਰਾ ਸ਼ਕੋਹ ਗੋਇੰਦਵਾਲ ਪੁੱਜਾ । ਉਸ ਨਾਲ ਪੰਜ ਹਜ਼ਾਰ ਫ਼ੌਜ

Digitized by Panjab Digital Library | www.panjabdigilib.org

ਸੀ। ਗੋਇੰਦਵਾਲ ਉਹ ਗੁਰੂ ਜੀ ਨੂੰ ਮਿਲਿਆ।

ਅੰਸੂ ੧੭

(ਦਾਰਾ ਸ਼ਕੋਹ ਨੂੰ ਉਪਦੇਸ਼)

ਗੁਰੂ ਜੀ ਨੇ ਦਾਰਾ ਸ਼ਕੋਹ ਨੂੰ ਉਪਦੇਸ਼ ਵਜੋਂ ਇਹ ਸਬਦ ਸੁਣਾਇਆ,

"ਨਾਨਕ ਗੁਰੂ ਨ ਚੇਤਨੀ, ਮਨਿ ਆਪਣੈ ਸੁਚੇਤ।...।"

(ਅੱਗੇ ਇਸ ਸਬਦ ਦੀ ਵਿਆਖਿਆ ਹੈ।)

ਅੰਸੂ ੧੮

(ਦਾਰਾ ਸ਼ਕੋਹ—ਔਰੰਗਜ਼ੇਬ ਨਾਲ ਜੰਗ)

ਗੁਰੂ ਜੀ ਨੇ ਦਾਰਾ ਸ਼ਕੋਹ ਨੂੰ ਹੌਸਲਾ ਦਿਤਾ, ਤੇ ਕਿਹਾ, ਕਿ ਰਾਜਿਆਂ ਦਾ ਧਰਮ ਜੰਗ ਕਰਨਾ ਹੈ। ਲਾਹੌਰ ਜਾ ਕੇ ਤਿਆਰੀ ਕਰੋ।

"ਕਰਿ ਲਵਪੁਰਿ[1] ਮੈਂ ਬਹੁਤ ਤਕਰਾਈ।
ਪਾਵਹੁ ਫਤੇ ਮਚਾਇ ਲਰਾਈ।
ਹਮ ਤੇਰੀ ਦਿਸਿ ਹ੍ਵੈ ਕਰਿ ਲਰੈਂ।
ਜਿਤਕ ਸੈਨ ਸਭਿ ਸਨਮੁਖ ਕਰੈਂ।੧੦।"

(ਇਹ ਸਿਰਫ਼ ਏਸੇ ਗ੍ਰੰਥ ਵਿਚ ਆਇਆ ਹੈ, ਕਿ ਗੁਰੂ ਜੀ ਨੇ ਦਾਰਾ ਸ਼ਕੋਹ ਨਾਲ ਜੰਗ ਵਿਚ ਮਦਦ ਕਰਨ ਦਾ ਲਾਰਾ ਲਾਇਆ ਸੀ।)

ਏਥੇ ਹੀ ਦਾਰਾ ਸ਼ਕੋਹ ਨੂੰ ਖ਼ਬਰ ਮਿਲੀ, ਕਿ ਔਰੰਗਜ਼ੇਬ ਦੀ ਫ਼ੌਜ ਆ ਚਹੀ ਹੈ। ਗੁਰੂ ਜੀ ਨੇ ਫਿਰ ਕਿਹਾ,

"ਇਹਾਂ ਠਹਿਰ, ਹਮ ਲਰਹਿਂ ਅਗਾਰੀ।
ਹਮਰੈ ਤੋਪ ਤੁਪਕ ਸਭਿ ਤਯਾਰੀ। ੨੮।"

(ਪਰ ਪਿਛੇ ਕਵੀ ਜੀ ਲਿਖ ਆਏ ਹਨ, ਕਿ ਛੇਵੇਂ ਗੁਰਦੇਵ ਨੇ ਹੁਕਮ ਕੀਤਾ ਸੀ, ਤੁਸਾਂ ਜੰਗ ਨਹੀਂ ਕਰਨਾ।)

ਦਾਰਾ ਓਥੋਂ ਚਲਾ ਗਿਆ। ਬਿਆਸ ਦੇ ਦੂਸਰੇ ਪਾਸੇ ਔਰੰਗਜ਼ੇਬੀ ਫ਼ੌਜ ਆ ਉਤਰੀ। ਗੁਰੂ ਜੀ ਨੇ ਪੱਤਣ ਰੋਕ ਲਿਆ ਤੇ ਤੋਪਾਂ ਦੀ ਛਲਕ ਕੀਤੀ। ਔਰੰਗਜ਼ੇਬੀ ਫ਼ੌਜ ਨੇ ਸਮਝਿਆ, ਸ਼ਾਇਦ ਦਾਰਾ ਸ਼ਕੋਹ ਦੀ ਫ਼ੌਜ ਹੈ। ਸੋ ਉਹ ਰਾਤ ਓਥੇ ਹੀ ਰੁਕ ਗਏ। ਦਿਨੇ ਅਸਲੀਅਤ ਦਾ ਪਤਾ ਲੱਗਾ, ਤਾਂ ਗੁਰੂ ਜੀ ਨੇ ਕਿਹਾ, ਪਹਿਲਾਂ ਸਾਡੀ ਫ਼ਜ ਲੰਘ ਜਾਣ ਦਿਹੋ, ਫਿਰ ਤੁਸਾਂ ਲੰਘ ਜਾਣਾ। ਇਸ ਤਰਾਂ ਸਾਡੀ ਫ਼ੌਜ ਨਾਲ ਟੱਕਰ

---

1. ਲਾਹੌਰ।

Digitized by Panjab Digital Library | www.panjabdigilib.org

ਦਾ ਡਰ ਨਹੀਂ ਰਹੇਗਾ।

(ਸਹੀ ਅਰਥਾਂ ਵਿਚ ਇਹ ਦਾਰਾ ਸ਼ਕੋਹ ਦੀ ਮਦਦ ਸੀ।)

ਦਿਨ ਚੜ੍ਹੇ ਪਹਿਲਾਂ ਗੁਰੂ ਜੀ ਦੀ ਫ਼ੌਜ ਨੇ ਦਰਿਆ ਪਾਰ ਕੀਤਾ, ਫਿਰ ਔਰੰਗਜ਼ੇਬੀ ਫ਼ੌਜ ਨੇ।

ਏਨੇ ਤਕ ਦਾਰਾ ਲਾਹੌਰ ਜਾ ਪੁੱਜਾ। ਔਰੰਗਜ਼ੇਬੀ ਫ਼ੌਜ ਮਗਰ ਆ ਰਹੀ ਸੀ। ਦਾਰਾ ਸ਼ਕੋਹ ਲਾਹੌਰ ਛੱਡ ਕੇ ਮੁਲਤਾਨ ਜਾ ਪਹੁੰਚਾ। ਵੈਰੀ ਦਲ ਮਗਰ ਸੀ। ਦਾਰਾ ਸ਼ਕੋਹ ਭੁੱਖਰ ਜਾ ਅੱਪੜਿਆ। ਏਥੇਂ ਦਾਰਾ ਸ਼ਕੋਹ ਗੁਜਰਾਤ ਜਾ ਪੁੱਜਾ। ਓਥੇ ਬੜੀ ਭਾਰੀ ਲੜਾਈ ਹੋਈ। ਓਥੋਂ ਹਾਰ ਕੇ ਦਾਰਾ ਸ਼ਕੋਹ ਮੈਦਾਨ ਛੱਡ ਗਿਆ।

———

ਅੰਸੂ ੧੯

(ਦਾਰਾ ਸ਼ਕੋਹ ਕੈਦ)

ਦਾਰਾ ਸ਼ਕੋਹ ਦੇ ਜੋ ਕੁਛ ਕੋਲ ਸੀ, ਸਭ ਕੁਛ ਸਾਥੀਆਂ ਨੂੰ ਦੇ ਕੇ ਸਭ ਨੂੰ ਛੁੱਟੀ ਦੇ ਦਿਤੀ, ਸਿਰਫ਼ ਇਕ ਨੌਕਰ ਨਾਲ ਰੱਖ ਲਿਆ। ਪਹਾੜ ਦੀ ਤਰਾਈ ਵਿਚ ਦਾਰਾ ਸ਼ਕੋਹ ਇਕ ਤਕੀਏ ਵਿਚ ਜਾ ਬੈਠਾ ਸੀ। ਭੇਸ ਫ਼ਕੀਰਾਂ ਵਾਲਾ। ਆਪ ਰੋਟੀ ਪਕਾਉਣ ਦੀ ਤਿਆਰੀ ਕੀਤੀ। ਅੱਗ ਬਾਲਣ ਦੀ ਜਾਚ ਨਾ ਆਵੇ।

ਨਫ਼ਰ ਨੇ ਅਫ਼ਸੋਸ ਕੀਤਾ, ਤਾਂ ਦਾਰਾ ਸ਼ਕੋਹ ਨੇ ਕਿਹਾ, ਕਿ ਮੈਨੂੰ ਕੋਈ ਅਫ਼ਸੋਸ ਨਹੀਂ।

ਜੋ ਕੁਛ ਬਾਕੀ ਕੋਲ ਸੀ, ਦਾਰਾ ਸ਼ਕੋਹ ਨੇ ਉਸ ਸੇਵਕ ਨੂੰ ਦੇ ਕੇ ਵਿਦਿਆ ਕਰ ਦਿਤਾ। ਏਨੇ ਤਕ ਔਰੰਗਜ਼ੇਬੀ ਫ਼ੌਜ ਆ ਪਹੁੰਚੀ। ਉਹ ਦਾਰਾ ਸ਼ਕੋਹ ਨੂੰ ਕੈਦ ਕਰਕੇ ਹਾਥੀ ਤੇ ਬਿਠਾ ਕੇ ਦਿੱਲੀ ਨੂੰ ਲੈ ਗਈ।

———

ਅੰਸੂ ੨੦

(ਦਾਰਾ ਸ਼ਕੋਹ ਕਤਲ)

ਔਰੰਗਜ਼ੇਬ ਨੇ ਮੁਲਾਣਿਆਂ ਤੋਂ ਫ਼ਤਵਾ ਲਿਆ, ਤਾਂ ਸਭ ਨੇ ਦਾਰਾ ਸ਼ਕੋਹ ਦੇ ਕਤਲ ਦਾ ਫ਼ੈਸਲਾ ਦਿਤਾ। ਪਰ ਕੁਛ ਰੱਬ ਦੇ ਭੈ ਵਾਲਿਆਂ ਨੇ ਦਾਰਾ ਸ਼ਕੋਹ ਦੀ ਮੌਤ ਦਾ ਵਿਰੋਧ ਕੀਤਾ। ਉਹਨਾਂ ਨੂੰ ਔਰੰਗਜ਼ੇਬ ਨੇ ਸਜ਼ਾਈਂ ਦਿਤੀਆਂ।

ਦਿੱਲੀ ਵਿਚ ਹੀ ਇਕ ਸੂਫ਼ੀ ਫ਼ਕੀਰ 'ਸਰਮਦ' ਰਹਿੰਦਾ ਸੀ। ਉਹ ਮਸਤੀ ਵਿਚ ਕਹਿੰਦਾ ਫਿਰਦਾ ਸੀ,

"ਦਾਰਾ ਸ਼ਕੋਹ ਸ਼ਾਹ ਹਮ ਕੀਨ।

Digitized by Panjab Digital Library | www.panjabdigilib.org

ਸਲਤਨ[1] ਅਬਿਨਾਸ਼ੀ ਤਿਸ ਦੀਨ ।੧੩।''

ਔਰੰਗਜ਼ੇਬ ਨੇ ਹੁਕਮ ਦਿਤਾ, ਕਿ ਦਾਰਾ ਸ਼ਕੋਹ ਨੂੰ ਗਧੇ 'ਤੇ ਚੜ੍ਹਾ ਕੇ ਸ਼ਹਿਰ ਵਿਚ ਫੇਰੋ। ਕੁਛ ਉਮਰਾਵਾਂ ਨੇ ਡਰਦਿਆਂ ਡਰ ਦਆਂ ਕਿਹਾ, ਬਾਦਸ਼ਾਹ ਦੇ ਪੁੱਤਰ ਲਈ ਸੋਭਦਾ ਨਹੀਂ। ਤਾਂ ਔਰੰਗਜ਼ੇਬ ਨੇ ਕਿਹਾ, ਹਾਥੀ 'ਤੇ ਚੜ੍ਹਾ ਕੇ ਲੈ ਜਾਓ, ਸਾਰੇ ਦਰਵਾਜ਼ਿਆਂ 'ਤੇ ਫੇਰ ਕੇ ਫਿਰ 'ਸਰਮਦ' ਕੋਲ ਲੈ ਜਾਓ, ਤੇ ਕਹੋ, ਇਸਨੂੰ ਸਦੀਵੀ ਬਾਦਸ਼ਾਹੀ ਦੇ ਦੇਵੇ।

ਦਾਰਾ ਸ਼ਕੋਹ ਦੇ ਸਿਰ 'ਤੇ ਸਿਹਰਾ ਬੰਨ੍ਹ ਕੇ ਹਾਥੀ 'ਤੇ ਬਿਠਾਇਆ, ਤੇ ਮੌਤ ਦਾ ਹੁਕਮ ਦੇ ਦਿਤਾ।

ਦਾਰਾ ਸ਼ਕੋਹ ਨੂੰ ਇਸ ਹਾਲਤ ਵਿਚ ਸਰਮਦ ਦੇ ਸਾਮ੍ਹਣੇ ਲਿਆਂਦਾ ਗਿਆ। ਫਿਰ ਸ਼ਾਹੀ ਹੁਕਮ ਅਨਸਾਰ ਦਾਰਾ ਸ਼ਕੋਹ ਨੂੰ ਕਤਲ ਕਰ ਦਿਤਾ ਗਿਆ।

ਅੰਸੂ ੨੧

(ਸਰਮਦ)

'ਸਰਮਦ' ਅਮੀਰ ਮਾਪਿਆਂ ਦਾ ਪੁੱਤਰ ਸੀ। ਵੀਹ-ਕ਼ ਸਾਲ ਦੀ ਉਮਰ ਵਿਚ ਮਾਤਾ ਪਿਤਾ ਮਰ ਗਏ। ਸਰਮਦ ਸਾਧੂ ਸੰਤਾਂ ਦੀ ਸੇਵਾ ਵਿਚ ਲੱਗ ਗਿਆ। ਹਰ ਆਏ ਸੰਤ ਫ਼ਕੀਰ ਦੀ ਸੇਵਾ ਕਰਦਾ, ਤੇ ਪੁੱਛਦਾ, ਕੋਈ ਖ਼ੁਦਾ ਦਾ ਰਸਤਾ ਦੱਸੇ।

ਇਕ ਵਾਰ ਸ਼ਾਹ ਹੁਸੈਨ ਜਾਂ ਕੋਈ ਹੋਰ, ਸੰਤ ਉਸ ਕੋਲ ਆਏ, ਉਸ ਸੇਵਾ ਕੀਤੀ। ਤੋਰਨ ਲਗਿਆਂ ਉਸ ਓਹਾ ਸਵਾਲ ਪੁਛਿਆ, 'ਜੇ ਤੁਹਾਨੂੰ ਪਤਾ ਹੈ, ਤਾਂ ਰੱਬ ਦਾ ਰਸਤਾ ਦੱਸੋ।'

ਸੰਤਾਂ ਨੇ ਕਿਹਾ, ਪਹਿਲਾਂ ਜਾ ਕੇ ਸਾਡੇ ਵਾਸਤੇ ਪੰਜ ਰੁਪੈ ਦੀ ਜੁੱਤੀ ਲਿਆ। ਸਰਮਦ ਲੈ ਆਇਆ। ਸੰਤ ਨੇ ਕਿਹਾ,

''ਜੋ ਖ਼ੁਦਾਇ ਕੀ ਖ਼ਾਹਿਸ਼ ਤੋਹਿ।
ਇਹਾ ਥਿਰਹੁ ਆਵਨ ਲਗਿ ਮੋਹਿ ।੧੯।''

ਇਕ ਦੋ ਦਿਨ ਬਾਹਦ ਉਹ ਸੰਤ ਆਇਆ, ਤਾਂ ਸਰਮਦ ਓਥੇ ਖਲਾ ਸੀ। ਸੰਤ ਨੇ ਗਲ ਨਾਲ ਲਾਇਆ।

ਸਰਮਦ ਨੇ ਸਭ ਧਨ ਤੇ ਘਰ ਬਾਰ ਵੇਚ ਕੇ ਸੰਤਾਂ ਫ਼ਕੀਰਾਂ 'ਤੇ ਖ਼ਰਚ ਦਿਤਾ। ਉਹ ਰੱਬ ਦੇ ਰੰਗ ਰੰਗਿਆ ਗਿਆ। ਆਪਣੀ ਮਸਤੀ ਵਿਚ ਉਹ ਦਿੱਲੀ ਦੇ ਬਜ਼ਾਰਾਂ ਵਿਚ ਫਿਰਦਾ ਰਹਿੰਦਾ।

ਇਕ ਦਿਨ ਔਰੰਗਜ਼ੇਬ ਜਾ ਰਿਹਾ ਸੀ। ਰਸਤੇ ਵਿਚ ਸਰਮਦ ਨੰਗਾ ਹੀ ਖਲਾ ਸੀ। ਔਰੰਗਜ਼ੇਬ ਨੇ ਉਸ ਨੂੰ ਕੱਪੜਾ ਦਿਤਾ। ਸਰਮਦ ਨੇ ਉਹ ਸਿਰ 'ਤੇ ਬੰਨ੍ਹ ਲਿਆ।

---

1. ਸਦਾ ਥਿਰ ਰਹਿਣ ਵਾਲੀ ਬਾਦਸ਼ਾਹੀ।

Digitized by Panjab Digital Library | www.panjabdigilib.org

ਔਰੰਗਜ਼ੇਬ ਵਾਪਸ ਪਰਤਿਆ, ਤਾਂ ਸਰਮਦ ਫਿਰ ਓਵੇਂ ਨੰਗਾ ਖਲਾ ਸੀ। ਬਾਦਸ਼ਾਹ ਨੇ ਕਿਹਾ, ਤੂੰ ਇਹ ਕੱਪੜਾ ਤੋੜ ਕਿਉਂ ਨਹੀਂ ਬੱਧਾ। ਸਰਮਦ ਨੇ ਉਤਰ ਦਿਤਾ, 'ਤੂੰ ਬਾਦਸ਼ਾਹ ਹੈਂ। ਤੇਰਾ ਸਤਕਾਰ ਕਰਕੇ ਮੈਂ ਤੇਰਾ ਦਿਤਾ ਕੱਪੜਾ ਸਿਰ 'ਤੇ ਬੱਧਾ ਹੈ। ਤੋੜ ਬੰਨ੍ਹ ਕੇ ਤੇਰੀ ਬੇਇੱਜ਼ਤੀ ਕਰਦਾ ?' ਔਰੰਗਜ਼ੇਬ ਨੇ ਇਸ ਗੱਲ 'ਤੇ ਬਹੁਤ ਕ੍ਰੋਧ ਕੀਤਾ। (ਕਹਿੰਦੇ ਹਨ, ਸਰਮਦ ਨੇ ਉਸ ਸਮੇਂ ਇਹ ਦੋ ਸ਼ਿਅਰ ਕਹੇ ਸਨ।)

"ਆਂ ਸ਼ਾਹ, ਕਿ ਤੁਰਾ ਤਾਜ਼ਿ ਜਹਾਂ ਬਾਨੀ ਦਾਦ।
ਮਾ ਰਾ ਹਮਾਂ ਅਸਬਾਬਿ ਪਰੇਸ਼ਾਨੀ ਦਾਦ।
ਪੋਸ਼ਾਨਦ ਲਿਬਾਸ ਹਰ ਕਿ ਰਾ ਐਬਿ ਦੀਦ।
ਬੇ ਐਬਾਂ ਰਾ ਲਿਬਾਸਿ ਉਰਿਯਾਨੀ ਦਾਦ।"

(ਅਰਥ : ਜਿਸ ਰੱਬ ਨੇ ਤੈਨੂੰ ਜਹਾਨ 'ਤੇ ਰਾਜ ਕਰਨ ਦਾ ਤਾਜ ਦਿਤਾ ਹੈ, ਸਾਨੂੰ ਸਾਰਾ ਸਾਮਾਨ ਪਰੇਸ਼ਾਨੀ ਦਾ ਦਿਤਾ ਹੈ। ਉਹ ਜਿੰਨ੍ਹਾਂ ਵਿਚ ਐਬ ਵੇਖਦਾ ਹੈ, ਉਹਨਾਂ ਨੂੰ ਕੱਪੜੇ ਪੁਆਉਂਦਾ ਹੈ, ਤੇ ਬੇ-ਐਬਾਂ ਨੂੰ ਨੰਗੇਪਨ ਦੀ ਪੁਸ਼ਾਕ ਦੇਂਦਾ ਹੈ।)

ਅੰਸੂ ੨੨

(ਸਰਮਦ ਜਾਰੀ)

ਸਰਮਦ ਕਦੇ ਕਦੇ ਭੰਗ ਵੀ ਪੀ ਲੈਂਦਾ, ਤੇ ਮਸਤ ਬਜ਼ਾਰਾਂ ਵਿਚ ਤੁਰਿਆ ਫਿਰਦਾ।

ਇਕ ਦਿਨ ਮੌਲਵੀ ਨੇ ਕਿਹਾ, ਕਿ ਸ਼ਰ੍ਹਾ ਵਿਚ ਭੰਗ ਪੀਣੀ ਮਨ੍ਹਾਂ ਹੈ। ਸਰਮਦ ਨੇ ਉਤਰ ਦਿਤਾ, ਸ਼ਰ੍ਹਾ ਦੀ ਫਾਹੀ ਤੇਰੇ ਗਲ ਹੈ। ਮੈਂ ਤੋੜ ਛੱਡੀ ਹੈ।

ਸ਼ਕਾਇਤ ਔਰੰਗਜ਼ੇਬ ਤਕ ਜਾ ਪਹੁੰਚੀ। ਬਾਦਸ਼ਾਹ ਦੇ ਹੁਕਮ ਨਾਲ ਸਰਮਦ ਨੂੰ ਬੇੜੀਆਂ ਪਾ ਕੇ ਕੈਦ ਖ਼ਾਨੇ 'ਚ ਬੰਦ ਕਰ ਦਿਤਾ। ਸਰਮਦ ਓਥੇ ਵੀ ਓਸ ਤਰਾਂ ਮਸਤ ਸੀ। ਫਿਰ ਕੈਦ ਵਿਚੋਂ ਰਿਹਾ ਕਰ ਦਿਤਾ ਗਿਆ।

ਸਰਮਦ ਨੂੰ ਕਈ ਵਾਰ ਪਕੜਿਆ, ਤੇ ਰਿਹਾ ਕੀਤਾ। ਉਹ ਦਾਰਾ ਸ਼ਕੋਹ ਦੇ ਹੱਕ ਵਿਚ ਸੀ।

ਇਕ ਦਿਨ ਸਰਮਦ ਨੇ ਮਸਜਿਦ ਦੇ ਬੂਹੇ ਅੱਗੇ ਖਲੋ ਕੇ ਮੌਲਵੀ ਨੂੰ ਕਿਹਾ,

"ਜੋ ਖ਼ੁਦਾਇ ਤੇਰੋ ਅਤਿ ਪਯਾਰੋ।
ਸੋ ਮਮ ਪਾਇਨ ਤਰੇ ਨਿਹਾਰੋ।...੩੦।"

ਇਸ ਅਪਰਾਧ ਬਦਲੇ ਸਰਮਦ ਨੂੰ ਫਿਰ ਕੈਦ ਕਰ ਦਿਤਾ।

ਅੰਸੂ ੨੩

(ਸਰਮਦ ਕਤਲ)

ਏਸੇ ਸਮੇਂ 'ਰੂਮ ਵਲਾਇਤ' ਦਾ ਇਕ ਦੂਤ ਆਇਆ, 'ਸਬਰ' ਤੇ 'ਸ਼ੁਕਰ' ਦੇ

Digitized by Panjab Digital Library | www.panjabdigilib.org

ਅਰਥ ਪੁੱਛਣ ਵਾਸਤੇ ।

ਔਰੰਗਜ਼ੇਬ ਨੇ ਵਿੱਦਵਾਨ ਮੁਲਾਣੇ ਬੁਲਾ ਕੇ ਪੁੱਛਿਆ, ਪਰ ਤਸੱਲੀ ਨਾ ਹੋਈ ।

ਫਿਰ ਉਹ ਦੂਤ ਸਰਮਦ ਪਾਸ ਗਿਆ, ਜੋ ਜੇਹਲ ਵਿਚ ਬੰਦ ਸੀ । ਸਰਮਦ ਨੇ ਕਿਹਾ, ਸਬਰ ਸ਼ੁਕਰ ਦੇ ਅਰਥ ਪੁਛਣ ਹਨ, ਤਾਂ ਸਵੇਰੇ ਆਵੀਂ, ਨਾਲ ਇਕ ਮਸ਼ਕ ਪਾਣੀ ਦੀ ਤੇ ਇਕ ਤਹਿਮਤ ਲੈ ਆਵੀਂ ।

ਅਗਲੀ ਸਵੇਰੇ ਦੂਤ ਦੋਵੇਂ ਚੀਜ਼ਾਂ ਲੈ ਕੇ ਹਾਜ਼ਰ ਹੋਇਆ । ਸਰਮਦ ਨੇ ਇਸ਼ਨਾਨ ਕਰਕੇ, ਤਹਿਮਤ ਬੰਨ੍ਹ ਕੇ ਦੂਤ ਨੂੰ ਕਿਹਾ, ਅੱਖਾਂ ਮੀਟ । ਦੂਤ ਨੇ ਅੱਖਾਂ ਮੀਟ ਕੇ ਵੇਖਿਆ। ਸਰਮਦ ਨੇ ਉਸਦੇ ਸਿਰ ਉਤੇ ਹੱਥ ਧਰਿਆ, ਤਾਂ ਉਸਨੂੰ ਨਜ਼ਰ ਆਇਆ, ਕਿ ਹਜ਼ਾਰਾਂ ਭੂਤ ਪ੍ਰੇਤ ਖਲੇ ਸਰਸਦ ਪਾਸੋਂ ਆਗਿਆ ਮੰਗ ਰਹੇ ਹਨ, ਕਿ ਹੁਕਮ ਹੋਵੇ, ਤਾਂ ਸਾਰੀ ਦਿੱਲੀ ਹੀ ਜਮਨਾ ਵਿਚ ਗ਼ਰਕ ਕਰ ਦੇਈਏ ।

ਸਰਮਦ ਨੇ ਕਿਹਾ, ਰੱਬ ਨੇ ਮੈਨੂੰ ਏਨੀ ਸ਼ਕਤੀ ਬਖ਼ਸ਼ੀ ਹੈ, ਇਸ ਲਈ ਉਸਦਾ ਸ਼ੁਕਰ ਹੈ, ਤੇ ਮੈਂ ਸਭ ਜਰੀ ਬੈਠਾ ਹਾਂ । ਇਹ 'ਸਬਰ' ਹੈ ।

ਅੰਤ ਸ਼ਰ੍ਹਾ ਦੇ ਮੰਨਣ ਤੋਂ ਇਨਕਾਰੀ ਹੋਣ ਕਰਕੇ ਸਰਮਦ ਨੂੰ ਮੌਤ ਦੀ ਸਜ਼ਾ ਦਿਤੀ ਗਈ ।

(ਕਹਿੰਦੇ ਹਨ, ਕਤਲ ਹੋਣ ਸਮੇਂ ਸਰਮਦ ਨੇ ਇਹ ਸ਼ਿਅਰ ਕਿਹਾ,

"ਸਰ ਦਰਿ ਰਾਹਿ ਦਿਲਦਾਰ ਅਦਾ ਸ਼ੁਦ, ਚਿਹ ਬਜਾ ਸ਼ੁਦ ।
ਈਂ ਬਾਰਿ ਗਿਰਾਂ ਬੂਦ ਅਦਾ ਸ਼ੁਦ, ਚਿਹ ਬਜਾ ਸ਼ੁਦ ।")

(ਅਰਥ : ਸਿਰ ਪਿਆਰੇ ਦੇ ਰਾਹ ਵਿਚ ਭੇਟ ਹੋ ਗਿਆ, ਬਹੁਤ ਚੰਗਾ ਹੋਇਆ । ਇਹ ਵੱਡਾ ਬੋਝ ਸੀ, ਅਦਾ ਹੋ ਗਿਆ । ਬਹੁਤ ਚੰਗਾ ਹੋਇਆ ।)

('ਮਿਰਾਤੁਲ ਖ਼ਯਾਲ' ਦੀ ਲਿਖਤ ਅਨਸਾਰ, ਔਰੰਗਜ਼ੇਬ ਨੇ ਆਪਣੇ ਰਾਜ ਦੇ ਤੀਸਰੇ ਸਾਲ ਵਿਚ ਸਰਮਦ ਨੂੰ ਕਤਲ ਕੀਤਾ । ਕਵੀ ਸੰਤੋਖ ਸਿੰਘ ਜੀ ਲਿਖਦੇ ਹਨ, ਕਿ ਦਾਰਾ ਸ਼ਕੋਹ ਦੇ ਕਤਲ ਤੋਂ ਪੰਦਰਾਂ ਦਿਨ ਪਿਛੋਂ ਸਰਮਦ ਕਤਲ ਹੋਇਆ ।)

ਸ਼ਾਹ ਜਹਾਨ ਕੈਦ ਵਿਚ ਰੋਟੀ ਤੇ ਪਾਣੀ ਤਕ ਨੂੰ ਤਰਸ ਰਿਹਾ ਸੀ ।

(ਉਸ ਸਮੇਂ ਸ਼ਾਹ ਜਹਾਨ ਨੇ ਔਰੰਗਜ਼ੇਬ ਨੂੰ ਇਕ ਰੁੱਕਾ ਲਿਖਿਆ, "ਪਿਸ਼ਰਿ ਮਨ, ਬਹਾਦੁਰੇ ਮਨ, ਦੀ ਰੋਜ਼ ਸਾਹਿਬਿ ਲਕ ਸਵਾਰ ਬੂਦਮ, ਇਮਰੋਜ਼ ਮੁਹਤਾਜਿ ਯਕ ਕਾਸਾ ਆਬਮ । ਦਰੀਂ ਦੁਨੀਆ ਮਗ਼ਰੂਰ ਨ ਬਾਇਦ ਬੂਦ, ਦਰ ਹਿੰਦੋਸਤਾਂ ਚਿਹ ਹਿੰਦੂ, ਚਿਹ ਮੁਸਲਮਾਂ ਹਮਾ ਬੇਈਮਾਨ, ਬਰਾਏ ਨਾਨ ਉ ਪਾਰਚਾ ਦੀਨਿ ਖ਼ੁਦ ਰਾ ਮੇ ਫ਼ਰੋਸੰਦ ।

ਆਫਰੀਂ ਬਾਦ ਹਿੰਦੂਆਂ ਹਰ ਬਾਬ,
ਮੁਰਦਹ ਰਾ ਮੇ ਦਿਹੰਦ ਦਾਇਮ ਆਬ ।
ਐ ਪਿਸਰ, ਤੂ ਅਜਬ ਮੁਸਲਮਾਨੀ,
ਜ਼ਿੰਦਾ ਜਾਨਮ, ਬ ਆਬ ਨ ਰਸਾਨੀ ।")

ਅਰਥ : ਐ ਮੇਰੇ ਪੁੱਤਰ, ਮੇਰੇ ਬਹਾਦਰ, ਇਕ ਦਿਨ ਮੈਂ ਇਕ ਲੱਖ ਅਸਵਾਰ ਦਾ ਮਾਲਕ ਸਾਂ, ਤੇ ਅੱਜ ਪਾਣੀ ਦੇ ਇਕ ਪਿਆਲੇ ਦਾ ਮੁਹਤਾਜ ਹਾਂ । ਇਸ ਦੁਨੀਆਂ

Digitized by Panjab Digital Library | www.panjabdigilib.org

ਵਿਚ ਹੰਕਾਰੀ ਨਾ ਬਣ। ਹਿੰਦੁਸਤਾਨ ਵਿਚ ਕੀ ਹਿੰਦੂ, ਕੀ ਮੁਸਲਮਾਨ, ਸਾਰੇ ਬੇਈਮਾਨ ਹਨ, ਜੋ ਰੋਟੀ ਤੇ ਕੱਪੜੇ ਵਾਸਤੇ ਆਪਣਾ ਧਰਮ-ਦੀਨ ਵੇਚਦੇ ਹਨ।

ਹਿੰਦੂਆਂ ਨੂੰ ਹਰ ਪੱਖੋਂ ਆਫ਼ਰੀਨ ਕਹਿੰਦਾ ਹਾਂ। ਉਹ ਸਦਾ ਮਰ ਚੁੱਕੇ ਪਿਤਰਾਂ ਨੂੰ ਪਾਣੀ ਦੇਂਦੇ ਹਨ। ਐ ਪੁੱਤਰ! ਤੂੰ ਅਜੀਬ ਮੁਸਲਮਾਨ ਹੈਂ, ਮੈਂ ਜਿਉਂਦਾ ਹਾਂ, ਪਰ ਤੂੰ ਪਾਣੀ ਨਹੀਂ ਪੁਚਾਉਂਦਾ।)

ਅੰਤ ਸ਼ਾਹ ਜਹਾਨ ਨੂੰ ਕੈਦ ਵਿਚ ਹੀ ਮਾਰਿਆ ਗਿਆ।

ਅੰਸੂ ੨੪

(ਔਰੰਗਜ਼ੇਬ ਦਾ ਫ਼ਕੀਰਾਂ ਤੇ ਵੈਸਵਾਂ ਨਾਲ ਸਲੂਕ)

ਬਹੁਤ ਸਾਰੀਆਂ ਵੈਸਵਾਂ ਨੂੰ ਜਮਨਾ ਵਿਚ ਡੁੱਬ ਕੇ ਮਾਰ ਦਿਤਾ। ਫਿਰ ਪੀਰ ਦੇ ਕਹਿਣ ਉਤੇ ਰਹਿੰਦੀਆਂ ਨੂੰ ਛੱਡ ਦਿਤਾ।

ਫਿਰ ਔਰੰਗਜ਼ੇਬ ਨੇ ਹਾਲ ਖੇਡਣ ਵਾਲੇ ਫ਼ਕੀਰਾਂ ਦੀ ਪ੍ਰੀਖਿਆ ਲਈ। ਹੇਠਾਂ ਤੱਤੀ ਲੋਹ ਤੇ ਉਪਰ ਤਖ਼ਤ ਬਣਾ ਕੇ ਕਵਾਲੀਏ ਤੇ ਫ਼ਕੀਰ ਬਿਠਾਏ। ਸਿਰਫ਼ ਇਕ ਫ਼ਕੀਰ ਨੂੰ 'ਹਾਲ' ਪਿਆ। ਉਹ ਬੇਸੁਧ ਹੋ ਕੇ ਨੱਚਦਾ ਹੋਇਆ, ਲੋਹ 'ਤੇ ਡਿਗਾ, ਤਾਂ ਲੋਹ ਠੰਢੀ ਹੋ ਗਈ। ਬਾਕੀ ਫ਼ਕੀਰਾਂ ਨੂੰ ਛੱਡ ਦਿਤਾ।

ਅੰਸੂ ੨੫

('ਬੇਨਵਾ' ਫ਼ਕੀਰ)

ਔਰੰਗਜ਼ੇਬ ਨੇ ਬਹੁਤ ਸਾਰੇ 'ਬੇਨਵਾ ਫ਼ਕੀਰ'[1] ਫੜ ਕੇ ਬੇੜੀ ਵਿਚ ਚੜ੍ਹਾ ਦਿਤੇ, ਤੇ ਹੁਕਮ ਦਿਤਾ, ਕਿ ਨਦੀ ਵਿਚ ਡੋਬ ਦਿਓ। ਪਿਛੋਂ ਇਕ ਹੋਰ ਫ਼ਕੀਰ ਆ ਗਿਆ। ਉਹਨੇ ਉੱਚੀ ਸਾਰੀ ਕਿਹਾ, 'ਮੈਂ ਔਰੰਗਜ਼ੇਬ ਦਾ ਜਵਾਈ ਹਾਂ, ਮੈਨੂੰ ਕਿਉਂ ਛੱਡ ਚੱਲੇ ਓ।'

ਔਰੰਗਜ਼ੇਬ ਨੇ ਸੋਚਿਆ, ਇਹ ਬਹੁਤ ਢੀਠ ਹਨ, ਮਰਨੋਂ ਨਹੀਂ ਡਰਦੇ। ਸੋ ਸਭ ਨੂੰ ਛੱਡ ਦਿਤਾ।

ਫਿਰ ਮੁਲਾਣਿਆਂ ਨੇ ਬਾਦਸ਼ਾਹ ਨੂੰ ਹਿੰਦੂਆਂ ਦੇ ਵਿਰੁੱਧ ਭੜਕਾਇਆ, ਕਿ ਇਹਨਾਂ ਨੂੰ ਬੁੱਤ ਪੂਜਣ ਤੋਂ ਹਟਾ ਕੇ ਮੁਸਲਮਾਨ ਬਣਾਓ।

---

1. ਫ਼ਕੀਰਾਂ ਦਾ ਇਕ ਫ਼ਿਰਕਾ।

Digitized by Panjab Digital Library | www.panjabdigilib.org

ਅੰਸੂ ੨੬

(ਮਥਰਾ)

ਔਰੰਗਜ਼ੇਬ ਨੇ ਹਿੰਦੂਆਂ 'ਤੇ ਜਜ਼ੀਆ ਲਾ ਦਿਤਾ। ਉਸਨੇ ਮਥਰਾ ਦੇ ਬਹੁਤ ਸਾਰੇ ਮੰਦਰ ਢਾਹ ਦਿਤੇ, ਮੂਰਤੀਆਂ ਤੋੜ ਦਿਤੀਆਂ, ਤੇ ਕਈ ਮੰਦਰਾਂ ਦੀ ਥਾਂ 'ਤੇ ਮਸੀਤਾਂ ਬਣਾ ਦਿਤੀਆਂ।

———

ਅੰਸੂ ੨੭

(ਜੈਪੁਰ)

ਕਿਸੇ ਨੇ ਔਰੰਗਜ਼ੇਬ ਨੂੰ ਦੱਸਿਆ, ਕਿ ਜੈਪੁਰ ਵਿਚ ਰਾਜਾ ਜੈ ਸਿੰਘ ਸਵਾਈ ਨੇ ਬਹੁਤ ਮੰਦਰ ਬਣਵਾਏ ਹਨ।

ਜੈਪੁਰ ਪਹੁੰਚ ਕੇ ਔਰੰਗਜ਼ੇਬ ਨੇ ਮੰਦਰ ਢਾਹੁਣੇ ਸ਼ੁਰੂ ਕਰ ਦਿਤੇ। ਰਾਜਾ ਜੈ ਸਿੰਘ ਕੁਛ ਪਤਵੰਤੇ ਆਦਮੀਆਂ ਨੂੰ ਨਾਲ ਲੈ ਕੇ ਹਾਜ਼ਰ ਹੋਇਆ। ਦੋ ਹਾਥੀ, ਗਿਆਰਾਂ ਘੋੜੇ ਤੇ ਬਹੁਤ ਸਾਰਾ ਧੰਨ ਭੇਟਾ ਵਾਸਤੇ ਲਿਆਇਆ। ਪਰ ਔਰੰਗਜ਼ੇਬ ਨੇ ਉਸਦੀ ਇਕ ਨਾ ਸੁਣੀ। ਉਸਨੇ ਬਹੁਤ ਸਾਰੇ ਮੰਦਰ ਢਾਹ ਦਿਤੇ ਤੇ ਮੂਰਤੀਆਂ ਤੋੜ ਦਿਤੀਆਂ। ਜੈਪੁਰ ਵਿਚ ਗਿਆਰਾਂ ਸੌਂ ਮੰਦਰ ਢਾਹੇ ਗਏ।

———

ਅੰਸੂ ੨੮

(ਪੁਸ਼ਕਰ)

ਫਿਰ ਔਰੰਗਜ਼ੇਬ ਹਿੰਦੂਆਂ ਦੇ ਤੀਰਥ 'ਪੁਸ਼ਕਰ' 'ਤੇ ਜਾ ਧਮਕਿਆ।

ਪੁਸ਼ਕਰ ਵਿਚ ਸਭ ਤੋਂ ਵੱਡਾ 'ਵਰਾਹ ਅਵਤਾਰ' ਦਾ ਮੰਦਰ ਸੀ। ਔਰੰਗਜ਼ੇਬ ਨੇ ਬਹੁਤ ਸਾਰੇ ਮੰਦਰ ਢਾਹ ਦਿੱਤੇ, ਤੇ ਮੂਰਤੀਆਂ ਤੋੜ ਦਿਤੀਆਂ। ਪੁਸ਼ਕਰ ਦਾ ਸਰੋਵਰ ਪੂਰਨ ਵਾਸਤੇ ਮਜ਼ਦੂਰ ਲਾ ਦਿਤੇ।

———

ਅੰਸੂ ੨੯

(ਪੁਸ਼ਕਰ ਜਾਰੀ)

ਪੁਸ਼ਕਰ ਸਰੋਵਰ ਪੂਰਨ ਉਤੇ ਹਜ਼ਾਰਾਂ ਮਜ਼ਦੂਰ ਲਾ ਦਿਤੇ, ਪਰ ਉਹ ਪੂਰਿਆ ਨਾ ਗਿਆ। ਇਕ ਰਾਤ ਪੁਸ਼ਕਰ ਵਿਚੋਂ ਏਨਾ ਹੜ੍ਹ ਆਇਆ, ਕਿ ਪਾਣੀ ਵਿਚ ਬਹੁਤ ਕੁਛ ਰੁੜ੍ਹ ਗਿਆ। ਅੰਤ ਔਰੰਗਜ਼ੇਬ ਨੇ ਪੁਸ਼ਕਰ ਦੀ ਕਰਾਮਾਤ ਮੰਨੀ, ਉਸ ਵਿਚੋਂ ਮਿੱਟੀ ਕਢਵਾਈ, ਤੇ ਢਾਹਿਆ ਮੰਦਰ ਫਿਰ ਬਣਵਾਇਆ। (ਔਰੰਗਜ਼ੇਬ ਦਾ ਪੁਸ਼ਕਰ ਦੀ

Digitized by Panjab Digital Library | www.panjabdigilib.org

ਕਰਾਮਾਤ ਮੰਨਣਾ ਠੀਕ ਨਹੀਂ)

ਏਥੋਂ ਔਰੰਗਜ਼ੇਬ ਅਜਮੇਰ ਨੂੰ ਤੁਰ ਗਿਆ।

ਅੰਸ਼ ੩੦

(ਅਜਮੇਰ)

ਏਥੇ ਚਿਸ਼ਤੀ ਫ਼ਕੀਰਾਂ ਦਾ ਡੇਰਾ (ਖ਼ਾਨਕਾਹ) ਸੀ। ਉਸਦੇ ਹੇਠ ਸੁਰੰਗ ਸੀ, ਜੋ ਮਜਾਵਰਾਂ ਦੇ ਘਰਾਂ ਵਿਚ ਜਾ ਕੇ ਖੁਲ੍ਹਦੀ ਸੀ। ਮੁਹਿੰਮ 'ਤੇ ਜਾਣ ਤੋਂ ਪਹਿਲਾਂ ਰਾਜੇ ਤੇ ਬਾਦਸ਼ਾਹ ਆਉਂਦੇ। ਖ਼ਾਨਕਾਹ ਵਿਚ ਕਮਾਨ ਰੱਖ ਦੇਂਦੇ, ਤੇ ਭੇਟਾ ਧਰਦੇ। ਬਾਹਰੋਂ ਜੰਦਰੇ ਮਾਰ ਕੇ ਪਹਿਰੇਦਾਰ ਖਲ੍ਹਾਰ ਦੇਂਦੇ। ਮਜਾਵਰ ਸੁਰੰਘ ਰਾਹੀਂ ਰਾਤ ਆਉਂਦੇ ਤੇ ਕਮਾਨ ਦਾ ਚਿੱਲਾ ਚੜ੍ਹਾ ਦੇਂਦੇ। ਮੰਨਤਾ ਵਾਲਾ ਸਮਝਦਾ, ਇਹ ਪੀਰਾਂ ਦੀ ਕਰਾਮਾਤ ਹੈ। ਚਿੱਲੇ ਚੜ੍ਹੇ ਨੂੰ ਉਹ ਜਿੱਤ ਦੀ ਨਸ਼ਾਨੀ ਸਮਝਦਾ।

ਔਰੰਗਜ਼ੇਬ ਨੇ ਹੇਠੋਂ ਪੁੱਟਵਾ ਕੇ ਉਹ ਸੁਰੰਗ ਕਢ ਲਈ। ਮਜਾਵਰਾਂ ਦਾ ਪਖੰਡ ਨੰਗਾ ਹੋ ਗਿਆ। ਪਰ ਮਜਾਵਰਾਂ ਨੂੰ ਝਿੜਕ ਝੰਖ ਕਰ ਕੇ ਛੱਡ ਦਿਤਾ।

ਔਰੰਗਜ਼ੇਬ ਨੇ ਸਾਰੇ ਦੇਸ ਵਿਚ ਮੰਦਰ ਢਾਹੁਣ ਦਾ ਹੁਕਮ ਦੇ ਦਿਤਾ।

ਅੰਸ਼ ੩੧

(ਕਾਂਸ਼ੀ)

ਕਾਂਸ਼ੀ ਵਿਚ 'ਵਿਸ਼ਵਨਾਥ' ਦਾ ਮੰਦਰ ਸਭ ਤੋਂ ਮੁਖ ਸੀ। ਔਰੰਗਜ਼ੇਬ ਓਥੇ ਜਾ ਪਹੁੰਚਿਆ। ਉਸ ਵਿਚ ਬਹੁਤ ਵੱਡਾ 'ਸ਼ਿਵਲਿੰਗ' ਸੀ। ਔਰੰਗਜ਼ੇਬ ਓਥੇ ਗਿਆ, ਤਾਂ

"ਤਬ ਸੋ ਲਿੰਗ ਉਖਰ ਕਰਿ ਉਛਰਯੋ।[1]
ਗਯਾਨ ਕੂਪ[2] ਮੈਂ[3] ਤੂਰਨ ਪਰਯੋ। ..੧੮।"

(ਅਨਹੋਣੀ ਕਰਾਮਾਤ। ਸ਼ਿਵਲਿੰਗ ਆਪੇ ਉਛਲ ਕੇ ਖੂਹ ਵਿਚ ਜਾ ਪਿਆ।)

ਔਰੰਗਜ਼ੇਬ ਨੇ ਬਹੁਤ ਸਾਰੇ ਮੰਦਰ ਢਾਹ ਦਿਤੇ, ਮੂਰਤੀਆਂ ਤੋੜ ਦਿਤੀਆਂ।

ਭੈਰੋਂ ਦੀ ਲੱਠ ਉਤੇ ਗੋਲਾ ਚਲਾਇਆ, [ਲੱਠ ਤੋੜਨ ਵਾਸਤੇ]! ਉਸ ਵਿਚੋਂ ਕਾਲਾ ਭੂੰਡ ਨਿਕਲ ਕੇ ਬਾਦਸ਼ਾਹ ਨੂੰ ਜਾ ਲੜਿਆ। ਦੂਸਰਾ ਗੋਲਾ ਚਲਾਇਆ, ਤਾਂ ਲੱਠ ਵਿਚੋਂ ਬਹੁਤ ਸਾਰੇ ਲਾਲ ਤੇ ਪੀਲੇ ਭੂੰਡ (ਖਿੱਲਾਂ) ਨਿਕਲ ਕੇ ਲੋਕਾਂ ਨੂੰ ਲੜਨ ਲੱਗੇ।

ਇਹ ਕਰਾਮਾਤ ਵੇਖ ਕੇ ਔਰੰਗਜ਼ੇਬ ਡਰ ਗਿਆ, ਤੇ ਉਸ (ਭੈਰੋਂ ਦੀ ਲੱਠ) ਦੀ ਮੰਨਤਾ ਕੀਤੀ।

---

1. ਉਛਲ ਕੇ। 2. ਖੂਹ। 3. ਛੇਤੀ, ਜਲਦੀ।

Digitized by Panjab Digital Library | www.panjabdigilib.org

ਅੰਸੂ ੩੨

(ਕਾਂਸ਼ੀ—ਹਿੰਦੂਆਂ ਦੀ ਗਿਰਾਵਟ)

ਪਿੱਛੋਂ ੧੮੬੦ ਬਿ. ਵਿਚ ਹਿੰਦੂ ਮੁਸਲਮ ਫ਼ਸਾਦ ਹੋ ਗਿਆ। ਹਿੰਦੂਆਂ ਨੇ ਮੁਸਲਮਾਨਾਂ ਦਾ 'ਅਮਾਮ ਵਾੜਾ' ਸਾੜ ਦਿਤਾ। ਜਵਾਬ ਵਜੋਂ ਮੁਸਲਮਾਨਾਂ ਨੇ ਭੈਰੋਂ ਦੀ ਲਾਠ ਸਾੜ ਦਿਤੀ।

ਔਰੰਗਜ਼ੇਬ ਨੇ ਸਾਰੇ ਦੇਸ਼ ਵਿਚ ਹਿੰਦੂ ਵੇਸਵਾ ਬੰਦ ਕਰ ਦਿਤੀਆਂ। ਪਰ ਮੁਸਲਮ ਵੇਸਵਾ ਵਾਸਤੇ ਖੁੱਲ੍ਹ ਰਖੀ, ਤਾਂ ਕਿ ਉਹਨਾਂ ਰਾਹੀਂ ਇਸਲਾਮ ਦਾ ਪਰਚਾਰ ਹੋਵੇ।

ਬਹੁਤ ਸਾਰੇ ਹਿੰਦੂ—ਕੁਛ ਲਾਲਚ ਪਿਛੇ, ਅਹੁਦਿਆਂ ਪਿੱਛੇ, ਜਾਂ ਇਸਤਰੀਆਂ ਪਿਛੇ—ਮੁਸਲਮਾਨ ਹੋ ਗਏ।

ਅੰਸੂ ੩੩

(ਔਰੰਗਜ਼ੇਬ ਤੇ ਮੁਲਾਣੇ)

ਕਾਜ਼ੀਆਂ ਮੁਲਾਣਿਆਂ ਨੇ ਔਰੰਗਜ਼ੇਬ ਨੂੰ ਗੁਰੂ ਜੀ ਵਿਰੁੱਧ ਭੜਕਾਇਆ, ਕਿ ਜਾਂ ਗੁਰੂ ਜੀ ਤੋਂ ਕਰਾਮਾਤ ਵੇਖੋ, ਜਾਂ ਇਸਲਾਮ ਵਿਚ ਲੈ ਆਓ।

ਅੰਸੂ ੩੪

(ਔਰੰਗਜ਼ੇਬ ਦੀ ਗੁਰੂ ਜੀ ਵੱਲ ਚਿੱਠੀ)

ਔਰੰਗਜੇਬ ਨੇ ਗੁਰੂ ਜੀ ਨੂੰ ਚਿੱਠੀ ਲਿਖੀ, 'ਤੁਸਾਂ ਦਾਰਾ ਸ਼ਕੋਹ ਦੀ ਮਦਦ ਕੀਤੀ ਸੀ, ਜਿਸਨੂੰ ਮੈਂ ਮਰਵਾ ਦਿਤਾ ਹੈ। ਹੁਣ ਖ਼ੁਸ਼ੀਂ ਆਪ ਆ ਕੇ ਮੈਨੂੰ ਮਿਲੋ, ਤਾਂ ਕਿ ਸੁਲ੍ਹਾ ਸਫ਼ਾਈ ਹੋ ਜਾਏ। ਸਿਰਫ਼ ਮੇਲ ਮਿਲਾਪ ਦੀ ਇੱਛਿਆ ਹੈ।'

ਗੁਰੂ ਜੀ ਨੇ ਉਤਰ ਲਿਖਿਆ, 'ਸਾਡਾ ਤੇਰੇ ਨਾਲ ਕੋਈ ਵਾਸਤਾ ਨਹੀਂ। ਜੇ ਦਾਰਾ ਸ਼ਕੋਹ ਦੀ ਬਾਦਸ਼ਾਹੀ ਬਾਰੇ ਜਾਨਣਾ ਚਾਹੋ, ਤਾਂ ਸੁਪਨੇ ਵਿਚ ਸਭ ਵੇਖ ਸਕੋਗੇ।'

ਔਰੰਗਜ਼ੇਬ ਨੇ ਸੁਪਨੇ ਵਿਚ ਦਾਰਾ ਸ਼ਕੋਹ ਨੂੰ ਤਖ਼ਤ 'ਤੇ ਬੈਠਿਆਂ ਵੇਖਿਆ, ਜਿਸਦੇ ਹੁਕਮ ਵਿਚ ਬਹੁਤ ਸਾਰੇ ਲੋਕ ਖਲੇ ਸਨ, ਤੇ ਹੂਰਾਂ ਸਾਮ੍ਹਣੇ ਨਾਚ ਕਰ ਰਹੀਆਂ ਸਨ। ਔਰੰਗਜ਼ੇਬ ਨੇ ਆਪਣੇ ਸਿਰ 'ਤੇ ਗੰਦਗੀ ਦੀ ਟੋਕਰੀ ਵੇਖੀ।

ਜਾਗਿਆ, ਤਾਂ ਔਰੰਗਜ਼ੇਬ ਬਹੁਤ ਪਰੇਸ਼ਾਨ ਹੋਇਆ।

ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਬਾਦਸ਼ਾਹ ਨੇ ਇਕ ਫ਼ੌਜਦਾਰ ਰਵਾਨਾ ਕੀਤਾ, ਉਹ ਰਾਹ ਵਿਚ ਹੀ ਹੈਜ਼ੇ ਨਾਲ ਮਰ ਗਿਆ।

ਕੁਛ ਸਮੇਂ ਪਿਛੋਂ ਔਰੰਗਜੇਬ ਨੇ ਹੋਰ ਅਫ਼ਸਰ ਭੇਜਿਆ। ਉਹ ਰਾਹ ਵਿਚ ਬੀਮਾਰ ਹੋ ਕੇ ਵਾਪਸ ਮੁੜ ਗਿਆ।

Digitized by Panjab Digital Library | www.panjabdigilib.org

ਤਿੱਜੀ ਵਾਰ ਜੋ ਅਫ਼ਸਰ ਭੇਜਿਆ, ਉਹ ਵੀ ਰਾਹ ਵਿਚ ਹੀ ਮਰ ਗਿਆ ।

ਅੰਸੂ ੩੫

(ਔਰੰਗਜ਼ੇਬ ਦਾ ਦੂਤ ਗੁਰੂ ਜੀ ਪਾਸ)

ਗੁਰੂ ਜੀ ਦੇ ਪਾਸ ਬਾਈ ਸੌ ਅਸਵਾਰ ਹਰ ਸਮੇਂ ਰਹਿੰਦੇ ਸਨ ।

ਔਰੰਗਜ਼ੇਬ ਦਾ ਦੂਤ ਬੜੀ ਨਰਮ ਸ਼ਬਦਾਂ ਵਾਲੀ ਚਿੱਠੀ ਲੈ ਕੇ ਆਇਆ ।

ਅਗਲੇ ਦਿਨ ਗੁਰੂ ਜੀ ਨੇ ਸਾਰੇ ਮੁਖੀ ਸਿੱਖਾਂ ਨੂੰ ਬੁਲਾ ਕੇ ਇਸ ਬਾਰੇ ਸਲਾਹ ਕੀਤੀ ।

ਅੰਸੂ ੩੬

(ਦਿੱਲੀ ਜਾਣ ਬਾਰੇ ਵਿਚਾਰ)

ਸਾਰਿਆਂ ਨੇ ਏਹਾ ਸਲਾਹ ਦਿੱਤੀ, ਕਿ ਗੁਰੂ ਜੀ ਆਪ ਦਿੱਲੀ ਜਾਣ ।)

"ਸੋ ਤੁਮ ਆਪ ਜਹਾਂ ਚਲਿ ਜਾਵਹੁ ।

ਕਾਜ ਸੰਪੂਰਨ ਸਗਲ ਬਨਾਵਹੁ ।੫।"

ਗੁਰੂ ਜੀ ਨੇ ਉਤਰ ਦਿਤਾ, ਸਾਡਾ ਪ੍ਰਣ ਹੈ, ਕਿ

"ਨਹਿੰ ਮਲੇਛ ਕਹੁ ਦਰਸ਼ਨ ਦੇਨਾ ।

ਨਹਿੰ ਕਬ ਤੁਰਕ ਪਤੀ ਕੋ ਲੇਨਾ ।...੧੧।"

ਗੁਰੂ ਜੀ ਨੇ ਏਥੋਂ ਤਕ ਕਿਹਾ, ਕਿ ਜੇ ਬਾਦਸ਼ਾਹ ਫ਼ੌਜ ਭੇਜੇਗਾ, ਤਾਂ ਅਸੀਂ ਜੰਗ ਕਰਾਂਗੇ, ਤੇ ਜੰਗਲ ਦੇਸ ਵਿਚ ਜਾ ਟਿਕਾਂਗੇ ।

ਸਿੱਖਾਂ ਨੇ ਸਲਾਹ ਦਿਤੀ, ਕਿ ਲੜਾਈ ਦਾ ਰਸਤਾ ਨਹੀਂ ਅਪਨਾਉਣਾ ਚਾਹੀਏ ।

ਏਨੇ ਤਕ ਰਾਮਰਾਇ ਆ ਗਿਆ । ਸਾਰੀ ਗੱਲ ਸੁਣ ਕੇ ਉਸਨੇ ਕਿਹਾ, ਕਿ ਬਾਦਸ਼ਾਹ ਪਾਸ ਜਾਣਾ ਚਾਹੀਦਾ ਹੈ ।

ਤਾਂ ਸਾਰਿਆਂ ਨੇ ਰਾਮ ਰਾਏ ਨੂੰ ਹੀ ਜਾਣ ਵਾਸਤੇ ਕਿਹਾ ।

ਰਾਮ ਰਾਇ ਨੇ ਕਿਹਾ, ਗੁਰੂ ਜੀ ਹੁਕਮ ਕਰਨ, ਤਾਂ ਮੈਂ ਜਾਣ ਵਾਸਤੇ ਤਿਆਰ ਹਾਂ ।

ਅੰਸੂ ੩੭

(ਰਾਮ ਰਾਏ ਦਿੱਲੀ)

ਗੁਰੂ ਜੀ ਨੇ ਰਾਮਰਾਏ ਨੂੰ ਵਰ ਦੇ ਕੇ ਤੋਰਿਆ, ਕਿ ਜੋ ਕਹੋਗੇ, ਪੂਰਾ ਹੋਵੇਗਾ । ਨਾਲ ਹੀ ਹਦਾਇਤ ਕੀਤੀ,ਕਿ ਖ਼ੁਸ਼ਾਮਦ ਨਹੀਂ ਕਰਨੀ ।

Digitized by Panjab Digital Library | www.panjabdigilib.org

"ਅਪਨੇ ਬਲ ਭਰੋਸ ਜਿਸ ਨਾਂਹੀ।
ਕਰਨਿ ਕੁਸ਼ਾਮਤ ਕਾਰਜ ਤਾਂਹੀ।...੧੨।"

ਭਾਈ ਤਾਰਾ ਤੇ ਭਾਈ ਬਹਿਲੋ ਦਾ (ਪੜਪੋਤਾ) ਗੁਰਦਾਸ ਰਾਮ ਰਾਏ ਦੇ ਨਾਲ ਭੇਜੇ।

"ਬਿਨ ਤੁਰੰਗ ਰਥ ਪਰ ਅਸਵਾਰੇ।
ਮੁਖ ਤੇ ਬੋਲਯੋ, 'ਚਲਹੁ ਅਗਾਰੇ'।...੨੨।"

ਘੋੜਿਆਂ ਤੋਂ ਬਿਨਾਂ ਹੀ ਰੱਥ ਨੂੰ ਚਕਰ ਦੇ ਕੇ ਰਾਮ ਰਾਏ ਨੇ ਫੇਰ ਗੁਰੂ ਜੀ ਦੇ ਚਰਨ ਆ ਛੋਹੇ।

ਗੁਰੂ ਜੀ ਨੇ ਕਿਹਾ, 'ਘਰ ਤੋਂ ਹੀ ਸ਼ੁਰੂ ਕਰ ਦਿਤਾ ਨੈ ? ਕਰਾਮਾਤ ਵਾਸਤੇ ਅੱਗੇ ਅਜੇ ਬੜੀ ਥਾਂ ਹੈ।'

ਰਾਮ ਰਾਏ ਜੀ ਦਿੱਲੀ ਜਾ ਪਹੁੰਚੇ। ਬਾਦਸ਼ਾਹ ਦੇ ਹੁਕਮ ਨਾਲ ਠੀਕ ਥਾਂ ਉਤਾਰਾ ਦਿਤਾ ਗਿਆ।

ਅੰਸੂ ੩੮

(ਰਾਮ ਰਾਏ ਨੇ ਮਰਿਆ ਬੱਕਰਾ ਜ਼ਿੰਦਾ ਕੀਤਾ)

ਦਿੱਲੀ ਵਿਚ ਰਾਮ ਰਾਏ ਜੀ 'ਮਜਨੂੰ ਦੇ ਟਿੱਲੇ' 'ਤੇ ਟਿਕੇ।

ਕਾਜ਼ੀਆਂ ਨੇ ਮਿਥੀ ਗੋਂਦ ਅਨਸਾਰ ਖਾਣੇ (ਜ਼ਿਆਫ਼ਤ) ਵਾਸਤੇ ਬੱਕਰਾ ਭੇਜਿਆ।

ਰਾਮਰਾਇ ਨੇ ਹੁਕਮ ਦਿਤਾ, ਕਿ ਬੱਕਰੇ ਦੀ ਖੱਲ ਤੇ ਹੱਡੀਆਂ ਸੰਭਾਲ ਕੇ ਰਖਣੀਆਂ ਤੇ ਇਕ ਲੱਤ ਕਾਜ਼ੀ ਦੇ ਘਰ ਭੇਜ ਦਿਹੋ।

ਸਿੱਖਾਂ ਨੇ ਓਵੇਂ ਕੀਤਾ। ਬਾਦਸ਼ਾਹ ਨੇ ਪਤਾ ਕਰ ਲਿਆ, ਕਿ ਬੱਕਰਾ ਖਾਧਾ ਗਿਆ ਹੈ।

ਸਵੇਰੇ ਬਾਦਸ਼ਾਹ ਦੇ ਆਦਮੀ ਗਏ, ਕਿ ਉਹ ਬੱਕਰਾ ਸ਼ਾਹਜ਼ਾਦੇ ਦਾ ਸੀ। ਗ਼ਲਤੀ ਨਾਲ ਭੇਜਿਆ ਗਿਆ ਸੀ। ਆਪ ਉਹ ਬੱਕਰਾ ਵਾਪਸ ਕਰ ਦਿਹੋ, ਤੇ ਹੋਰ ਲੈ ਲਵੋ।

ਰਾਮ ਰਾਏ ਸਭ ਸਮਝ ਗਏ ਸਨ। ਉਹਨਾਂ ਖੱਲ ਤੇ ਹੱਡੀਆਂ ਇਕੱਠੀਆਂ ਕਰਕੇ ਸਤਿਨਾਮ ਕਹਿ ਕੇ ਜਲ ਛਿੜਕਿਆ, ਤਾਂ ਬੱਕਰਾ ਜ਼ਿੰਦਾ ਹੋ ਗਿਆ। ਰਾਮ ਰਾਏ ਨੇ ਬਾਦਸ਼ਾਹ ਦੇ ਆਦਮੀਆਂ ਨੂੰ ਕਿਹਾ, 'ਇਹ ਤਿੰਨਾਂ ਲੱਤਾਂ ਵਾਲਾ ਬੱਕਰਾ ਅਸਾਂ ਜ਼ਿੰਦਾ ਕਰ ਦਿਤਾ ਹੈ। ਇਕ ਲੱਤ ਕਾਜ਼ੀ ਨੇ ਖਾਧੀ ਸੀ, ਉਸਨੂੰ ਕਹੋ, ਉਹ ਚੌਥੀ ਲੱਤ ਸਾਬਤ ਕਰ ਦੇਵੇ।'

ਔਰੰਗਜ਼ੇਬ ਦੀ ਸਾਰੀ ਸਭਾ ਬਹੁਤ ਸ਼ਰਮਸਾਰ ਹੋਈ, ਕਿਉਂਕਿ ਚੌਥੀ ਲੱਤ ਕਾਜ਼ੀ ਸਾਬਤ ਨਾ ਕਰ ਸਕਿਆ।

Digitized by Panjab Digital Library | www.panjabdigilib.org

ਅੰਸ਼ ੩੯

(ਜ਼ਹਿਰੀਲੀ ਪੁਸ਼ਾਕ—ਖਾਣੇ ਤੋਂ ਫੁੱਲ ਬਣਾਏ)

ਜ਼ਹਿਰੀਲੀ ਪੁਸ਼ਾਕ ਭੇਜੀ, ਜਿਸ ਦੇ ਪਹਿਨਣ ਨਾਲ ਆਦਮੀ ਝੱਟ ਪਟ ਮਰ ਜਾਏ। ਰਾਮ ਰਾਏ ਨੇ ਪੁਸ਼ਾਕ ਪਹਿਨ ਲਈ, ਪਰ ਉਸ ਉਤੇ ਕੋਈ ਅਸਰ ਨਾ ਹੋਇਆ।

ਮੁਲਾਣਿਆਂ ਸਲਾਹ ਦਿਤੀ, ਕਿ ਹਿੰਦੂਆਂ ਦਾ ਗੁਰੂ ਜਾਦੂ ਕਰਦਾ ਹੈ। ਤੁਸੀਂ ਆਪਣਾ ਖਾਣਾ ਖੁਆ ਕੇ ਇਸਨੂੰ ਮੁਸਲਮਾਨ ਬਣਾ ਲਵੋ।

ਇਕ ਮੁਸਾਹਿਬ ਹੱਥ ਬਾਦਸ਼ਾਹ ਨੇ ਖਾਣਾ ਭੇਜਿਆ। ਰਾਮ ਰਾਏ ਨੇ ਰੁਮਾਲ ਉਠਾਇਆ, ਤਾਂ ਖਾਣੇ ਦੀ ਥਾਂ ਫੁੱਲ ਪਏ ਸਨ। ਰਾਮ ਰਾਏ ਨੇ ਕਿਹਾ, ਇਹ ਸਾਡ ਵੱਲੋਂ ਬਾਦਸ਼ਾਹ ਵਾਸਤੇ ਲੈ ਜਾਵੋ।

ਅੰਸ਼ ੪੦

(ਖੂਹ ਤੇ ਬੈਠਣਾ, ਮੱਕੇ ਤੋਂ ਫਲ)

ਮੁਲਾਂਣਆਂ ਦੀ ਸਲਾਹ ਨਾਲ ਇਕ ਖੂਹ ਉਤੇ ਚਾਦਰ ਤਾਣ ਕੇ ਬੈਠਣ ਵਾਸਤੇ ਜਗ੍ਹਾ ਬਣਾਈ, ਤਾਂ ਕਿ ਰਾਮ ਰਾਏ ਵਿਚ ਡਿੱਗ ਪਵੇਗਾ।

ਰਾਮ ਰਾਏ ਆ ਕੇ ਉਸ ਉੱਪਰ ਇਉਂ ਬੈਠ ਗਏ, ਜਿਵੇਂ ਸਖ਼ਤ ਧਰਤੀ 'ਤੇ ਬੈਠੇ ਹੋਣ। ਔਰੰਗਜ਼ੇਬ ਬੜਾ ਪ੍ਰਭਾਵਤ ਹੋਇਆ। ਫਿਰ ਉਹ ਕਈ ਵਾਰ ਰਾਮ ਰਾਏ ਨੂੰ ਪਾਸ ਬੁਲਾ ਕੇ ਗੱਲਾਂ ਬਾਤਾਂ ਕਰਦਾ।

ਇਕ ਦਿਨ ਇਕ ਕਾਜ਼ੀ ਮੱਕੇ ਤੋਂ ਆਇਆ, ਤੇ ਬਾਦਸ਼ਾਹ ਵਾਸਤੇ ਓਥੋਂ ਦੇ ਫਲ ਲਿਆਇਆ।

ਬਾਦਸ਼ਾਹ ਦੇ ਕਹਿਣ ਤੇ ਰਾਮਰਾਏ ਨੇ ਓਸੇ ਵੇਲੇ ਮੱਕੇ ਦੇ ਫਲ ਮੰਗਾ ਦਿਤੇ। ਉਹਨੇ ਬੁੱਕਲ ਚੋਂ ਹੱਥ ਬਾਹਰ ਕਢਿਆ, ਤੇ ਬਾਦਸ਼ਾਹ ਅੱਗੇ ਫਲ ਧਰ ਦਿਤੇ।

ਅੰਸ਼ ੪੧

(ਪਦਮਨੀ)

ਪ੍ਰਭਾਵਤ ਹੋ ਕੇ ਬਾਦਸ਼ਾਹ ਰਾਮ ਰਾਏ ਵਾਸਤੇ ਬਹੁਤ ਸੁੰਦਰ ਵਸਤੂ ਭੇਜਦਾ ਰਹਿੰਦਾ।

ਇਕ ਦਿਨ ਬਾਦਸ਼ਾਹ ਨੇ ਪੁਛਿਆ, ਕਿ ਦੱਸੋ, ਮੇਰਾ ਵਧੇਰੇ ਮੋਹ ਕਿਸ ਬੇਗਮ ਨਾਲ ਹੈ। ਰਾਮ ਰਾਏ ਨੇ ਦੱਸ ਦਿਤਾ।

ਇਕ ਦਿਨ ਬਾਦਸ਼ਾਹ ਨੇ ਕਿਹਾ, ਕਿ ਸੰਗਲਾਦੀਪ ਵਿਚ ਇਕ ਪਦਮਨੀ ਹੈ। ਮੈਨੂੰ ਉਹ ਮੰਗਵਾ ਦਿਹੋ।

Digitized by Panjab Digital Library | www.panjabdigilib.org

ਰਾਮ ਰਾਏ ਨੇ ਕਿਹਾ, ਮੰਗਵਾ ਦੇਂਦੇ ਹਾਂ, ਪਰ ਤੇਰੇ ਕੋਲ ਸਿਰਫ਼ ਇਕ ਰਾਤ ਰਹੇਗੀ। ਤੇ ਰਾਮ ਰਾਏ ਨੇ ਉਹ ਪਦਮਣੀ ਮੰਗਵਾ ਦਿਤੀ।

(ਇਸ ਸਾਖ, ਜਾਂ ਕਰਾਮਾਤ ਨਾਲ ਰਾਮ ਰਾਏ ਦੀ ਸੋਭਾ ਘਟਦੀ ਹੈ, ਵਧਦੀ ਨਹੀਂ। ਪਤਾ ਨਹੀਂ, ਕਵੀ ਜੀ ਨੇ ਇਹ ਕਿਉਂ ਲਿਖੀ ਹੈ।)

ਮੁਲਾਣੇ ਬਹੁਤ ਸੜਦੇ। ਉਹਨਾਂ ਸਲਾਹ ਕੀਤੀ, ਕਿ ਲੱਖ ਆਕਾਸ਼ ਤੇ ਲੱਖ ਪਾਤਾਲ ਬਾਰੇ ਸਵਾਲ ਪੁੱਛੋ।

ਅੰਸੂ ੪੨

(ਦੋ ਚੰਦ ਦਿਖਾਏ)

ਮੌਲਵੀਆਂ ਨੇ ਸਵਾਲ ਕੀਤਾ, ਕਿ ਬਾਣੀ ਵਿਚ ਤੁਸਾਂ ਲੱਖ ਆਕਾਸ਼ ਤੇ ਲੱਖ ਪਾਤਾਲ ਕਹੇ ਹਨ। ਉਹਨਾਂ ਦੇ ਚੰਦ ਵੀ ਹੋਣਗੇ। ਤੁਸੀਂ ਇਕ ਚੰਦ ਹੋਰ ਵਿਖਾ ਦਿਓ।

ਰਾਮ ਰਾਏ ਨੇ ਅਸਮਾਨ ਵਿਚ ਦੋ ਚੰਦ ਵਿਖਾ ਦਿਤੇ।

ਇਕ ਦਿਨ ਬਾਦਸ਼ਾਹ ਨੇ ਪੁਛਿਆ, ਕਿ ਮੇਰੇ ਤੋਸ਼ੇਖਾਨੇ ਵਿਚ ਕੀ ਕੁਛ ਕਿੰਨਾ ਕਿੰਨਾ ਹੈ। ਰਾਮ ਰਾਏ ਨੇ ਸਭ ਕੁਛ ਵੇਰਵੇ ਨਾਲ ਦੱਸ ਦਿਤਾ।

ਰਾਮ ਰਾਏ ਦੀ ਭੇਟਾ ਲੈ ਕੇ ਬੇਅੰਤ ਸੰਗਤਾਂ ਆਉਂਦੀਆਂ।

ਅੰਸੂ ੪੩

(ਸ਼ੇਰ ਦਾ ਸ਼ਕਾਰ—ਬਾਜ਼ ਦਾ ਪੂਰਬ ਜਨਮ)

ਔਰੰਗਜ਼ੇਬ ਸ਼ਕਾਰ ਚੜ੍ਹਿਆ, ਤਾਂ ਉਸਨੇ ਰਾਮ ਰਾਏ ਨੂੰ ਵੀ ਨਾਲ ਲੈ ਲਿਆ। ਬਾਦਸ਼ਾਹ ਨੇ ਰਾਮ ਰਾਏ ਨੂੰ ਪੁਛਿਆ, ਅੱਜ ਕੀ ਕੀ ਸ਼ਕਾਰ ਹੱਥ ਆਵੇਗਾ। ਤਾਂ ਰਾਮ ਰਾਏ ਨੇ ਕਿਹਾ, ਸਿਰਫ਼ ਇਕ ਸ਼ੇਰ ਮਿਲੇਗਾ, ਪਰ ਉਹ ਵੀ ਮਾਰਿਆ ਨਹੀਂ ਜਾ ਸਕੇਗਾ।

ਜੰਗਲ ਵਿਚ ਇਕ ਸ਼ੇਰ ਨਿਕਲਿਆ, ਪਰ ਉਹ ਵੀ ਜਿਉਂਦਾ ਜੰਗਲ ਵਿਚ ਭੱਜ ਗਿਆ।

ਇਕ ਦਿਨ ਔਰੰਗਜ਼ੇਬ ਨੇ ਆਪਣੇ ਬਾਜ਼ ਦੇ ਪੂਰਬ ਜਨਮ ਬਾਰੇ ਪੁਛਿਆ।

ਰਾਮਰਾਏ ਜੀ ਨੇ ਦੱਸਿਆ, ਕਿ ਤੇਰੇ ਪਿਤਾ ਦਾ ਇਕ ਵਜ਼ੀਰ ਸੀ। ਇਕ ਰਾਤ ਨੂੰ ਉਸਨੇ ਬੜਾ ਵਧੀਆ ਮਾਸ ਬਣਾਇਆ। ਉਸਦੀ ਰੀਝ ਸੀ, ਕਿ ਉਹ ਬਾਦਸ਼ਾਹ ਨੂੰ ਉਹ ਮਾਸ ਖੁਆਏ। ਉਹ ਲੈ ਕੇ ਜਾ ਰਿਹਾ ਸੀ, ਜਾਂ ਰਾਹ ਵਿਚ ਸੱਪ ਲੜ ਕੇ ਮਰ ਗਿਆ। ਉਸਦੀ ਰੀਝ ਸੀ ਬਾਦਸ਼ਾਹ ਨੂੰ ਮਾਸ ਖੁਆਉਣ ਦੀ, ਸੋ ਹੁਣ ਉਹ ਬਾਜ਼ ਬਣ ਕੇ ਤੁਹਾਨੂੰ ਮਾਸ ਖੁਆ ਰਿਹਾ ਹੈ।

ਬਾਦਸ਼ਾਹ ਨੇ ਕੁਛ ਬਜ਼ੁਰਗਾਂ ਨੂੰ ਪੁੱਛਿਆ, ਤਾਂ ਇਹ ਕਹਾਣੀ ਸੱਚੀ ਨਿਕਲੀ।

Digitized by Panjab Digital Library | www.panjabdigilib.org

ਅੰਸੂ ੪੪

(ਕਲਪ ਬਿਰਛ ਦੇ ਫਲ, ਕੇਸ ਕਾਲੇ ਕੀਤੇ, ਜਮਨਾ 'ਤੇ ਤੁਰੇ)

ਮੁਲਾਣਿਆਂ ਦੇ ਪ੍ਰੇਰਨ 'ਤੇ ਇਕ ਦਿਨ ਬਾਦਸ਼ਾਹ ਨੇ 'ਕਲਪ ਬਿਰਛ'[1] ਦੇ ਫਲ ਮੰਗੇ।

ਰਾਮ ਰਾਏ ਨੇ ਹੱਥ ਉੱਚਾ ਕੀਤਾ, ਤਾਂ ਫਲ ਉਸ ਦੇ ਹੱਥ ਵਿਚ ਆ ਗਿਆ। ਉਸਨੇ ਫਲ ਬਾਦਸ਼ਾਹ ਦੇ ਹੱਥ 'ਤੇ ਧਰ ਦਿਤਾ। ਬਾਦਸ਼ਾਹ ਉਹ ਫਲ ਖਾ ਕੇ ਬਹੁਤ ਖ਼ੁਸ਼ ਹੋਇਆ। ਤੇਰਾਂ ਹਜ਼ਾਰ ਰੁਪੈ ਉਹ ਰੋਜ਼ ਰਾਮ ਰਾਏ ਨੂੰ ਖ਼ਰਚ ਵਾਸਤੇ ਭੇਜਦਾ।

ਇਕ ਦਿਨ ਬਾਦਸ਼ਾਹ ਨੇ ਕਿਹਾ, ਚਿੱਟੀ ਦਾੜ੍ਹੀ ਦੇ ਕਾਰਨ ਮੈਂ ਬੁੱਢਾ ਲੱਗ ਰਿਹਾ ਹਾਂ। ਰਾਮ ਰਾਏ ਨੇ ਕਿਹਾ, 'ਇਕ ਸਾਲ ਵਾਸਤੇ ਤੁਹਾਡੀ ਦਾੜ੍ਹੀ ਕਾਲੀ ਰਹੇਗੀ। ਉਸੇ ਵੇਲੇ ਬਾਦਸ਼ਾਹ ਦੀ ਦਾੜ੍ਹੀ ਕਾਲੀ ਨਜ਼ਰ ਆਉਣ ਲੱਗੀ, ਜੋ ਸਾਲ ਭਰ ਰਹੀ।

ਜਮਨਾ ਠਾਠਾਂ ਮਾਰ ਰਹੀ ਸੀ। ਬਾਦਸ਼ਾਹ ਨੇ ਬੇੜੀ ਲਿਆਉਣ ਵਾਸਤੇ ਹੁਕਮ ਦਿਤਾ, ਤਾ ਕਿ ਜਮਨਾ ਦੀ ਸੈਰ ਕੀਤੀ ਜਾਏ। ਰਾਮ ਰਾਏ ਨੇ ਕਿਹਾ, ਬੇੜੀ ਆਉਂਦਿਆਂ ਦੇਰੀ ਲਗੇਗੀ। ਆਓ, ਆਪਾਂ ਪੈਦਲ ਸੈਰ ਕਰਦੇ ਹਾਂ।

ਬਾਦਸ਼ਾਹ ਦਾ ਹੱਥ ਫੜ ਕੇ ਰਾਮ ਰਾਏ ਜਮਨਾ ਦੇ ਪਾਣੀ ਉਤੇ ਤੁਰ ਪਿਆ। ਉਹ ਇਉਂ ਤੁਰੇ ਜਾਣ, ਜਿਵੇਂ ਖ਼ੁਸ਼ਕ ਧਰਤੀ 'ਤੇ ਤੁਰਦੇ ਹੋਣ। ਚਾਰ ਘੜੀਆਂ ਉਹ ਪਾਣੀ ਉਤੇ ਸੈਰ ਕਰਦੇ ਰਹੇ।

ਅੰਸੂ ੪੫

(ਗੜੇ ਬੰਦ ਕੀਤੇ—ਮਸਤ ਹਾਥੀ 'ਤੇ ਚੜ੍ਹੇ)

ਬੜਾ ਸਖ਼ਤ ਗੜਾ ਵਰ੍ਹ ਰਿਹਾ ਸੀ। ਔਰੰਗਜ਼ੇਬ ਦੇ ਕਹਿਣ ਉਤੇ ਰਾਮ ਰਾਏ ਨੇ ਗੜੇ ਬੰਦ ਕਰਾ ਦਿਤੇ।

ਗਿਣ ਮਿਥ ਕੇ ਇਕ ਦਿਨ ਰਾਮ ਰਾਏ ਨੂੰ ਇਕ ਮਸਤ ਹਾਥੀ 'ਤੇ ਚੜ੍ਹਾ ਦਿਤਾ। ਮਹਾਵਤ ਵੀ ਨੱਸ ਗਿਆ। ਹਾਥੀ ਰਾਮ ਰਾਏ ਦਾ ਹੁਕਮ ਮੰਨ ਕੇ ਓਸੇ ਪਾਸੇ ਮੁੜ ਜਾਏ, ਜਿਧਰ ਉਨ ਛੜੀ ਦਾ ਇਸ਼ਾਰਾ ਕਰੇ।

ਰਾਮ ਰਾਏ ਦੀ ਸੋਭਾ ਬਹੁਤ ਵਧ ਗਈ। ਸੰਗਤਾਂ ਬੇਅੰਤ ਮਾਇਆ ਚੜ੍ਹਾਉਂਦੀਆਂ। ਕਈ ਮਸੰਦ ਤੇ ਮੇਵੜੇ ਵੀ ਨਿੱਤ ਨਾਲ ਰਹਿਣ ਲੱਗੇ।

---

1. (ਸੁਰਗ ਦਾ ਕਲਪਤਿ ਬਿਰਛ, ਜਿਸ ਤੋਂ ਜੋ ਮੰਗੋ, ਮਿਲ ਜਾਂਦਾ ਹੈ। ਇਸਲਾਮੀ ਭਾਸ਼ਾ ਵਿਚ ਇਸ ਨੂੰ ਬਹਿਸ਼ਤ ਦਾ 'ਤੂਬਾ' ਬਿਰਛ ਕਹਿੰਦੇ ਹਨ।)

Digitized by Panjab Digital Library | www.panjabdigilib.org

ਅੰਸੂ ੪੬

(ਨਿੰਦਕ ਦੀ ਜ਼ਬਾਨ ਬੰਦ, ਦਿਨੇ ਤਾਰੇ, ਬਾਜ਼ੀ ਜਿੱਤੀ)

ਇਕ ਦਿਨ ਮੌਲਵੀਆਂ ਨੇ ਸਿੱਖ ਮਰਯਾਦਾ ਦੇ ਵਿਰੁਧ ਬਹੁਤ ਕੁਛ ਕਿਹਾ। ਇਕ ਮੌਲਵੀ ਨੇ ਗੁਰੂ ਨਾਨਕ ਮਹਾਰਾਜ ਦੀ ਬਹੁਤ ਨਿੰਦਿਆ ਕੀਤੀ। ਰਾਮ ਰਾਏ ਨੇ ਕਿਹਾ, ਉਹ ਜ਼ਬਾਨ ਬੰਦ ਹੋ ਜਾਏ, ਜੋ ਗੁਰੂ ਨਾਨਕ ਜੀ ਦੀ ਨਿੰਦਿਆ ਕਰਦੀ ਹੈ। ਉਸ ਨਿੰਦਕ ਦੀ ਜ਼ਬਾਨ ਸਦਾ ਵਾਸਤੇ ਬੰਦ ਹੋ ਗਈ।

ਇਕ ਮੌਲਵੀ ਨੇ ਸਵਾਲ ਕੀਤਾ, ਗੁਰੂ ਜੀ ਕਹਿੰਦੇ ਹਨ,

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।...।"

ਇਸਦਾ ਭਾਵ ਹੈ, ਕਿ ਗੁਰੂ ਦਾ ਤੇਜ ਸੂਰਜ ਨਾਲੋਂ ਬਹੁਤਾ ਹੈ, ਤਾਂ ਤੁਸੀਂ ਦਿਨੇ ਤਾਰੇ ਕਿਉਂ ਨਹੀਂ ਵਿਖਾਉਂਦੇ।

ਰਾਮ ਰਾਏ ਨੇ ਕਿਹਾ, ਇਸ ਸ਼ਬਦ ਦੇ ਅਰਥ ਤੁਸੀਂ ਨਹੀਂ ਸਮਝ ਸਕਦੇ, ਪਰ ਅਸਮਾਨ ਉਤੇ ਤਾਰੇ ਵੇਖ ਲਓ।

ਲੋਕਾਂ ਉਪਰ ਤਕਿਆ, ਤਾਂ ਸੂਰਜ ਦਾ ਤੇਜ ਮੱਧਮ ਪੈ ਗਿਆ, ਤੇ ਤਾਰੇ ਨਜ਼ਰ ਆਉਣ ਲੱਗੇ।

ਬਾਦਸ਼ਾਹ ਨੇ ਰਾਮ ਰਾਏ ਨਾਲ ਚੌਪੜ ਖੇਡਿਆ। ਤਿੰਨ ਬਾਜ਼ੀਆਂ ਹਾਰ ਗਿਆ। ਰਾਮ ਰਾਏ ਨੇ ਬਾਰਾਂ ਹਜ਼ਾਰ ਦੀਨਾਰ (ਮੋਹਰਾਂ) ਜਿੱਤ ਲਏ।

ਅੰਸੂ ੪੭

(ਮਰੀ ਹਟਾਈ—ਬੱਦਲਾਂ ਦੀ ਛਾਂ)

ਦਿੱਲੀ ਵਿਚ 'ਮਰੀ' (ਹੈਜ਼ਾ) ਪੈ ਗਿਆ। ਘਰ ਘਰ ਲੋਕ ਮਰਨ ਲੱਗੇ। ਬਾਦਸ਼ਾਹ ਨੇ ਰਾਮ ਰਾਏ ਨੂੰ ਪੁਛਿਆ। ਉਸਨੇ ਕਿਹਾ, ਸਾਡੇ ਚਰਨ ਧੋ ਕੇ ਜਿਸਦੇ ਮੂੰਹ ਵਿਚ ਪਾ ਦਿਹੋਗੇ, ਉਹ ਨਹੀਂ ਮਰੇਗਾ।

ਸੋ, ਜਿਸਦੇ ਮੂੰਹ ਵਿਚ ਰਾਮ ਰਾਏ ਦੇ ਚਰਨਾਂ ਦਾ ਪਾਣੀ ਪਾ ਦੇਂਦੇ, ਉਹ ਬਚ ਜਾਂਦਾ। ਇਸ ਤਰਾਂ ਹੈਜ਼ੇ ਦੀ ਬੀਮਾਰੀ ਹਟ ਗਈ।

ਬਾਦਸ਼ਾਹ ਤੇ ਰਾਮ ਰਾਏ ਸ਼ਕਾਰ ਖੇਡਦੇ ਦੂਰ ਚਲੇ ਗਏ। ਬੜੀ ਸਖ਼ਤ ਧੁੱਪ ਸੀ। ਬਾਦਸ਼ਾਹ ਦੇ ਕਹਿਣ 'ਤੇ ਰਾਮ ਰਾਏ ਨੇ ਬੱਦਲਾਂ ਦੀ ਛਾਂ ਕਰ ਦਿਤੀ। ਛਾਂ ਸਿਰਫ਼ ਉਹਨਾਂ ਦੋਹਾਂ ਦੇ ਸਿਰ 'ਤੇ ਸੀ।

ਅੰਸੂ ੪੮

(ਪ੍ਰਸੂਤ ਪੀੜਾ ਹਰੀ—ਉਜ਼ਬਕ ਢਹਾਇਆ)

ਔਰੰਗਜ਼ੇਬ ਦੀ ਬੇਗਮ ਪ੍ਰਸੂਤ ਦੇ ਕਸ਼ਟ ਨਾਲ ਤੜਪ ਰਹੀ ਸੀ। ਹਕੀਮ ਤੇ

Digitized by Panjab Digital Library | www.panjabdigilib.org

ਮੌਲਵੀ ਸਾਰਾ ਯਤਨ ਕਰ ਰਹੇ, ਪਰ ਕਸ਼ਟ ਦੂਰ ਨਾ ਹੋਇਆ। ਔਰੰਗਜ਼ੇਬ ਨੇ ਰਾਮ ਰਾਏ ਪਾਸ ਬੇਨਤੀ ਕੀਤੀ। ਰਾਮ ਰਾਏ ਨੇ ਜਲ ਮੰਗਵਾ ਕੇ ਉਪਰ 'ਜਪੁਜੀ' ਦਾ ਪਾਠ ਕਰ ਕੇ ਦਿਤਾ। ਬੇਗਮ ਦੇ ਮੂੰਹ ਵਿਚ ਉਹ ਪਾਣੀ ਪਾਇਆ, ਤਾਂ ਬਹਾਦਰ ਸ਼ਾਹ ਦਾ ਜਨਮ ਹੋਇਆ।

ਔਰੰਗਜ਼ੇਬ ਪਾਸ ਇਕ ਉਜ਼ਬਕ (ਤੁਰਕਾਂ ਵਿਚੋਂ ਇਕ ਜਾਤੀ) ਨਾਮੀ ਪਹਿਲਵਾਨ ਸੀ। ਬਾਦਸ਼ਾਹ ਨੇ ਕਿਹਾ, ਇਸ ਨਾਲ ਕੋਈ ਪਹਿਲਵਾਨ ਟੱਕਰ ਲੈ ਸਕਦਾ ਹੈ?

ਰਾਮ ਰਾਏ ਨੇ ਕਿਹਾ, ਸਾਡੇ ਪਾਸ ਇਕ ਚਮਾਰ ਹੈ।

ਬਾਦਸ਼ਾਹ ਨੇ ਕਿਹਾ,

"ਉਜ਼ਬਕ ਕਹਾਂ, ਸੁ ਕਹਾਂ ਚਮਾਰ।
ਪੀਸਹਿ ਅੰਗ, ਦਾਬ ਦੇ ਮਾਰ ।੨੪।"

ਕੁਸ਼ਤੀ ਹੋਈ। ਚਮਾਰ ਨੇ ਉਜ਼ਬਕ ਪਹਿਲਵਾਨ ਨੂੰ ਢਾਹ ਲਿਆ।

ਅੰਸੂ ੪੯

(ਅਲਾਦੀਨ ਦੀ ਮੌਤ ਦੱਸੀ—ਸੁਪਨਾ ਸੁਣਾਇਆ)

ਸ਼ਾਹੀ ਦਰਬਾਰ ਵਿਚ ਬੈਠਿਆਂ ਰਾਮ ਰਾਏ ਨੇ ਅਲਾਦੀਨ ਦੀ ਮੌਤ ਬਾਰੇ ਦੱਸਿਆ, ਕਿ ਇਸਦੀ ਉਮਰ ਅੱਠ ਦਿਨ ਬਾਕੀ ਹੈ। ਸੋ ਅਲਾਦੀਨ ਅੱਠ ਦਿਨ ਪਿੱਛੋਂ ਮਰ ਗਿਆ।

ਰਾਮ ਰਾਇ ਨੇ ਇਕ ਦਿਨ ਬਾਦਸ਼ਾਹ ਨੂੰ ਕਿਹਾ, ਤੁਸਾਂ ਸਾਨੂੰ ਸੁਪਨੇ ਵਿਚ ਕਿਉਂ ਯਾਦ ਕੀਤਾ ਸੀ। ਤੁਸੀਂ ਜਮਨਾ ਵਿਚ ਮੱਛੀ ਦਾ ਸ਼ਕਾਰ ਕਰਨ ਗਏ, ਮੱਛੀ ਹੱਥ ਨਾ ਆਈ, ਤਾਂ ਤੁਸਾਂ ਸਾਨੂੰ ਯਾਦ ਕੀਤਾ ਸੀ। ਬਾਦਸ਼ਾਹ ਮੰਨ ਗਿਆ।

ਇਕ ਦਿਨ ਬਾਦਸ਼ਾਹ ਤੇ ਰਾਮ ਰਾਏ ਕਿਸ਼ਤੀ 'ਤੇ ਬੈਠੇ ਜਮਨਾ ਵਿਚ ਸੈਰ ਕਰ ਰਹੇ ਸਨ। ਪਾਣੀ ਵਿਚ ਰੁੜ੍ਹੀ ਆ ਰਹੀ ਇਕ ਲੱਕੜ ਕਿਸ਼ਤੀ ਵਿਚ ਵੱਜੀ, ਜਿਸ ਨਾਲ ਕਿਸ਼ਤੀ ਦੋ ਟੁਕੜੇ ਹੋ ਗਈ। ਇਕ ਟੁਕੜੇ 'ਤੇ ਬਾਦਸ਼ਾਹ ਤੇ ਇਕ 'ਤੇ ਰਾਮ ਰਾਇ ਸੀ। ਬਾਦਸ਼ਾਹ ਦੇ ਕਹਿਣ ਤੇ ਰਾਮ ਰਾਏ ਦੀ ਸ਼ਕਤੀ ਨਾਲ ਕਿਸ਼ਤੀ ਫਿਰ ਜੁੜ ਗਈ, ਤੇ ਕਨਾਰੇ ਆ ਲੱਗੀ।

ਇਕ ਦਿਨ ਦਰਬਾਰ ਵਿਚ ਸਿੱਧਾਂ ਦੀ ਗੱਲ ਚੱਲੀ। ਕੁਝ ਆਲਮਾਂ ਨੇ ਕਿਹਾ, ਕਿ ਇਹ ਤਾਂ ਸਭ ਲੋਕਾਂਜਨ (ਲੋਕ=ਅੰਜਨ=ਸਿੱਧਾਂ ਦਾ ਸੁਰਮਾ, ਜਾਂ ਸੁਰਮਾ ਸੁਲੇਮਾਨੀ, ਜਿਸ ਦੇ ਪਾਉਣ ਵਾਲਾ ਦੂਸਰਿਆਂ ਨੂੰ ਨਜ਼ਰ ਨਹੀਂ ਆਉਂਦਾ) ਦੀ ਸ਼ਕਤੀ ਹੈ।

ਬਾਦਸ਼ਾਹ ਦੇ ਮੰਗਣ ਉਤੇ ਰਾਮ ਰਾਏ ਨੇ ਬਾਦਸ਼ਾਹ ਨੂੰ ਸੁਰਮਾ ਪਾ ਦਿਤਾ। ਉਹ ਤਖ਼ਤ ਤੋਂ ਲੋਪ ਹੋ ਗਿਆ। ਰਣਵਾਸ ਵਿਚ ਜਾ ਕੇ ਉਹ ਬੇਗਮਾਂ ਦੇ ਜ਼ੇਵਰ ਉਠਾ ਲਿਆਇਆ। ਮਹਿਲ ਵਿਚ ਰੌਲਾ ਪੈ ਗਿਆ, ਤਾਂ ਬਾਦਸ਼ਾਹ ਨੇ ਅਸਲੀ ਗੱਲ ਦੱਸ ਦਿਤੀ।

Digitized by Panjab Digital Library | www.panjabdigilib.org

(ਕਵੀ ਜੀ ਦੀ ਇਹ ਲਿਖਤ ਸਿੱਧ ਕਰਦੀ ਹੈ, ਕਿ ਔਰੰਗਜ਼ੇਬ ਦੀਆਂ ਵੀ ਕਈ ਬੇਗਮਾਂ ਸਨ।

ਅੰਸੂ ੫੦

(ਗਊ ਜਿਵਾਈ, ਤਸਬੀ ਦਾ ਚੋਰ)

ਗਊ ਮਰੀ ਪਈ ਸੀ। ਵੱਛਾ ਕੋਲ ਖਲਾ ਸੀ। ਔਰੰਗਜ਼ੇਬ ਦੇ ਕਹਿਣ 'ਤੇ ਰਾਮ ਰਾਏ ਨੇ 'ਸਤਿਨਾਮ' ਕਹਿ ਕੇ ਜਲ ਛਿੜਕਿਆ, ਤਾਂ ਗਊ ਜ਼ਿੰਦਾ ਹੋ ਗਈ।

ਔਰੰਗਜ਼ੇਬ ਦੀ ਕੀਮਤੀ ਤਸਬੀ (ਹੀਰਿਆਂ ਦੀ) ਗੁੰਮ ਹੋ ਗਈ। ਰਾਮ ਰਾਏ ਨੇ ਦੱਸਿਆ, ਕਿ ਫ਼ਲਾਨੀ ਬੇਗਮ ਨੇ ਚੁਰਾ ਕੇ ਫ਼ਲਾਨੇ ਥਾਂ ਰੱਖੀ ਹੈ। ਓਥੋਂ ਤਸਬੀ ਮਿਲ ਗਈ।

ਇਕ ਦਿਨ ਇਕ ਅੰਗਰੇਜ਼ ਨੇ ਕੀਮਤੀ ਮੋਤੀ ਭੇਟਾ ਕੀਤਾ। ਔਰੰਗਜ਼ੇਬ ਨੇ ਉਹ ਬੇਗਮ ਨੂੰ ਜਾ ਦਿਤਾ। ਬੇਗਮ ਨੇ ਕਿਹਾ, ਇਸਦੇ ਨਾਲਦਾ ਇਕ ਹੋਰ ਮੰਗਵਾ ਕੇ ਦਿਓ, ਤਾਂ ਨੱਥ ਵਿਚ ਫੱਬੇਗਾ।

ਬਾਦਸ਼ਾਹ ਨੇ ਬੜਾ ਯਤਨ ਕੀਤਾ, ਪਰ ਉਸਦੇ ਨਾਲ ਦਾ ਮੋਤੀ ਕਿਤੋਂ ਨਾ ਮਿਲਿਆ। ਰਾਮ ਰਾਏ ਨੇ ਉਸਦੇ ਨਾਲ ਦਾ ਮੋਤੀ ਲਿਆ ਦਿਤਾ।

ਅੰਸੂ ੫੧

(ਖਾਧਾ ਦੱਸਿਆ—ਛੇ ਰੁੱਤਾਂ ਦੇ ਮੇਵੇ)

ਦਰਬਾਰ ਵਿਚ ਬਾਦਸ਼ਾਹ ਨੇ ਪੁੱਛਿਆ, 'ਕ ਦੱਸੋ, ਅੱਜ ਮੈਂ ਕੀ ਕੁਛ ਖਾਧਾ ਹੈ। ਰਾਮ ਰਾਏ ਨੇ ਸਭ ਕੁਛ ਵੇਰਵੇ ਨਾਲ ਦੱਸ ਦਿਤਾ। ਏਥੋਂ ਤਕ, ਕਿ ਬਰਤਨਾ ਆਦਿ ਦਾ ਵੇਰਵਾ ਵੀ ਦੱਸ ਦਿਤਾ।

ਬਾਦਸ਼ਾਹ ਦੇ ਕਹਿਣ ਉਤੇ ਰਾਮ ਰਾਏ ਨੇ ਛੇਆਂ ਰੁੱਤਾਂ ਵਿਚ ਪੈਦਾ ਹੋਣ ਵਾਲੇ ਫਲ ਮੰਗਵਾ ਦਿਤੇ। ਬਾਦਸ਼ਾਹ ਨੇ ਕਿਹਾ, ਹੁਣ ਉਹ ਬਾਗ਼ ਵਿਖਾਓ, ਜਿੱਥੋਂ ਇਹ ਫਲ ਆਏ ਹਨ।

ਰਾਮ ਰਾਏ ਨੇ ਉਪਰ ਨੂੰ ਵੇਖਿਆ, ਤਾਂ ਅੱਧਾ ਕੋਹ ਤਕ ਤਾਂ ਅੱਗ ਬਲਦੀ ਨਜ਼ਰ ਆਈ, ਤੇ ਉਸਦੇ ਉਪਰ ਬਾਗ਼ ਦਿੱਸਿਆ।

ਅੰਸੂ ੫੨

(ਕੁਛ ਹੋਰ ਕਰਾਮਾਤਾਂ)

ਜੇਠ ਮਹੀਨੇ ਵਿਚ ਸਖ਼ਤ ਲੋ ਵਗ ਰਹੀ ਸੀ। ਰਾਮ ਰਾਏ ਦੇ ਕਹਿਣ ਤੇ ਸਾਰਾ

Digitized by Panjab Digital Library | www.panjabdigilib.org

ਦਿਨ ਠੰਢੀ ਹਵਾ ਚੱਲੀ ।

ਇਕ ਦਿਨ ਜੋਗੀਆਂ ਦੀ ਸਮਾਧੀ ਦੀ ਗੱਲ ਚੱਲੀ, ਤਾਂ ਰਾਮ ਰਾਏ ਨੇ ਕਿਹਾ, ਗੁਰੂ ਘਰ ਵਿਚ ਗਿਆਨ ਦੀ ਸਮਾਧੀ ਪਰਵਾਨ ਹੈ, ਹੋਰ ਨਹੀਂ ।

ਔਰੰਗਜ਼ੇਬ ਦੇ ਕਹਿਣ 'ਤੇ ਰਾਮ ਰਾਏ ਨੇ ਪੰਜ ਦਿਨ ਸਮਾਧੀ ਲਾ ਕੇ ਵਿਖਾਈ ।

ਇਕ ਦਿਨ ਬਾਦਸ਼ਾਹ ਦਾ ਘੋੜਾ ਵਾਕ ਤੋਂ ਬਾਹਰ ਹੋ ਕੇ ਜਮਨਾ ਵਿਚ ਜਾ ਵੜਿਆ । ਘੋੜਾ ਵੀ ਭਿੱਜ ਗਿਆ ਤੇ ਬਾਦਸ਼ਾਹ ਵੀ । ਬਾਦਸ਼ਾਹ ਨੇ ਰਾਮ ਰਾਏ ਅੱਗੇ ਬੇਨਤੀ ਕੀਤੀ, ਕਿ ਅਜੇਹਾ ਘੋੜਾ ਮੰਗਵਾ ਕੇ ਦਿਹੋ, ਜੋ ਪਾਣੀ ਵਿਚ ਨਾ ਭਿੱਜਣ ਦੇਵੇ ।

ਰਾਮ ਰਾਏ ਨੇ ਵਰਣ (ਜਲ ਦਾ ਦੇਵਤਾ) ਦੀ ਪੁਰੀ ਤੋਂ ਘੋੜਾ ਮੰਗਵਾ ਲਿਆ । ਉਹ ਪਾਣੀ ਚੋਂ ਬਾਹਰ ਆ ਗਿਆ । ਰਾਮ ਰਾਏ ਨੇ ਉਹ ਬਾਦਸ਼ਾਹ ਦੇ ਹਵਾਲੇ ਕਰ ਦਿਤਾ (ਦਰਿਆਈ ਘੋੜਾ) ।

ਅੰਸੂ ੫੩

(ਹੋਰ ਕਰਾਮਾਤਾਂ)

ਕਾਜ਼ੀ ਮੁੱਲਾਂ ਬਹੁਤ ਸੜਦੇ ਸਨ । ਉਹਨਾਂ ਦੇ ਕਹਿਣ 'ਤੇ ਬਾਦਸ਼ਾਹ ਨੇ ਦਰਬਾਰ ਵਿਚ ਰਾਮ ਰਾਏ ਵਾਸਤੇ ਵੀ ਬਰਾਬਰ ਤੇ ਆਸਣ ਵਿਛਾ ਦਿਤਾ, ਉਚੱਾ ਨਾ ਬਣਾਇਆ । ਰਾਮ ਰਾਏ ਆਏ, ਤਾਂ ਓਨੀ ਧਰਤੀ ਚੌਂਕੀ ਵਾਂਗ ਉੱਚੀ ਹੋ ਗਈ, ਜਿਸ ਤੇ ਰਾਮ ਰਾਏ ਬੈਠ ਗਏ ।

ਇਕ ਦਿਨ ਮੁਲਾਣਿਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਕੁਝ ਪੱਤਰੇ ਕੱਟ ਕੇ ਰਾਮ ਰਾਏ ਦੇ ਸਿੰਘਾਸਣ ਥੱਲੇ ਰੱਖ ਛੱਡੇ ।

ਰਾਮ ਰਾਏ ਸਭ ਕੁਝ ਸਮਝ ਗਏ । ਉਹਨਾਂ ਉਹ ਪੱਤਰੇ ਕਢਕੇ, ਨਮਸਕਾਰ ਕੀਤੀ ਤੇ ਸਿੰਘਾਸਣ ਤੇ ਬੈਠ ਗਏ ।

ਅੰਸੂ ੫੪

(ਹੋਰ ਕਰਾਮਾਤਾਂ)

ਮੌਲਵੀਆਂ ਨੇ ਬਾਦਸ਼ਾਹ ਨੂੰ ਪ੍ਰੇਰਿਆ, ਕਿ ਰਾਮ ਰਾਏ ਨੂੰ ਮੁਸਲਮਾਨ ਬਣਾ ਲਿਆ ਜਾਵੇ ।

ਰਾਤ ਨੂੰ ਕੁਵੇਲੇ ਤਕ ਗੱਲ ਬਾਤ ਚਲਦੀ ਰਹੀ । ਬਾਕੀ ਮੁਸਾਹਿਬ ਚਲੇ ਗਏ । ਸਭ ਤੋਂ ਪਿਛੋਂ ਬਾਦਸ਼ਾਹ ਤੇ ਰਾਮ ਰਾਏ ਉਠੇ । ਬਾਦਸ਼ਾਹ ਮਹਿਲਾਂ ਵਿਚ ਚਲਾ ਗਿਆ । ਮਿਥੀ ਗੋਂਦ ਅਨਸਾਰ ਬਾਹਰੋਂ ਕਿਲੇ ਦੇ ਬੂਹੇ ਬੰਦ ਹੋ ਗਏ । ਪਹਿਰੇਦਾਰਾਂ ਕਿਹਾ, ਕਿ ਸਾਡੇ ਪਾਸ ਚਾਬੀਆਂ ਨਹੀਂ । ਰਾਮ ਰਾਏ ਨੇ ਕਿਹਾ, ਪਾਲਕੀ ਲੈ ਚੱਲੋ । ਪਾਲਕੀ ਦਰਵਾਜ਼ੇ ਪਾਸ ਗਈ, ਤਾਂ ਆਪੇ ਬੂਹਾ ਖੁੱਲ੍ਹ ਗਿਆ ।

Digitized by Panjab Digital Library | www.panjabdigilib.org

ਮੌਲਵੀਆਂ ਨੇ ਸੂਹੇ ਭੇਜ ਕੇ ਪਤਾ ਲਾਇਆ, ਕਿ ਰਾਮ ਰਾਏ ਕੀ ਖਾਂਦੇ ਪੀਂਦੇ ਹਨ। ਉਹਨਾਂ ਬਾਦਸ਼ਾਹ ਨੂੰ ਦੱਸਿਆ, ਕਿ ਰਾਮ ਰਾਏ ਸ਼ਰਾਬ ਪੀਂਦਾ ਹੈ, ਤੇ ਮਾਸ ਖਾਂਦਾ ਹੈ। ਬਾਦਸ਼ਾਹ ਆਪ ਵੇਖਣ ਗਿਆ। ਰਾਮ ਰਾਏ ਅੱਗੇ ਬੋਤਲ ਪਈ ਸੀ। ਬਾਦਸ਼ਾਹ ਨੇ ਵੇਖਿਆ, ਤਾਂ ਬੋਤਲ ਵਿਚ ਦੁੱਧ ਸੀ, ਤੇ ਖਾਣੇ ਵਿਚ ਸਬਜ਼ੀ।

ਅੰਸੂ ੫੫

(ਬਿਨਾਂ ਕਹਾਰਾਂ ਪਾਲਕੀ)

ਇਕ ਦਿਨ ਕਹਾਰ ਸਮੇਂ ਸਿਰ ਨਾ ਆਏ। ਰਾਮ ਰਾਏ ਨੇ ਪਾਲਕੀ ਵਿਚ ਬਹਿ ਕੇ ਕਿਹਾ, 'ਚੱਲੋ, ਬਿਨਾਂ ਕਹਾਰਾਂ ਤੁੰ ਚੱਲੋ।'

ਸ਼ਹਿਰ ਦੇ ਬਜ਼ਾਰਾਂ ਵਿਚ ਦੀ ਪਾਲਕੀ ਬਿਨਾਂ ਕਹਾਰਾਂ ਤੋਂ ਹੀ ਦਰਬਾਰ ਵਿਚ ਜਾ ਪਹੁੰਚੀ।

ਅੰਸੂ ੫੬

(ਰਾਮ ਰਾਏ ਦੀ ਸਖ਼ਾਵਤ)

ਬਾਦਸ਼ਾਹ ਵਾਸਤੇ ਕਿਸੇ ਨੇ ਸੁੰਦਰ ਕੀਮਤੀ ਕੰਗਣ ਭੇਜੇ। ਰਾਮ ਰਾਏ ਨੇ ਉਹ ਆਪ ਮੰਗ ਲਏ। ਬਾਦਸ਼ਾਹ ਦਾ ਦਿਲ ਤਾਂ ਨਹੀਂ ਸੀ ਕਰਦਾ, ਪਰ ਉਸ ਨੇ ਦੇ ਦਿਤੇ। ਕਈ ਦਿਨ ਰਾਮ ਰਾਏ ਨੇ ਉਹ ਹੱਥਾਂ ਵਿਚ ਪਾਈ ਰੱਖੇ।

ਰਾਮ ਰਾਏ ਪਾਲਕੀ ਵਿਚ ਜਾ ਰਹੇ ਸਨ। ਇਕ 'ਬੇਨਵਾ' ਫ਼ਕੀਰ ਨੇ ਦਾਨ ਮੰਗਿਆ, ਤਾਂ ਰਾਮ ਰਾਏ ਨੇ ਉਹ ਕੰਗਣ ਦੇ ਦਿਤੇ।

ਦੂਤੀਆਂ ਨੇ ਬਾਦਸ਼ਾਹ ਨੂੰ ਜਾ ਭੜਕਾਇਆ। ਬਾਦਸ਼ਾਹ ਨੇ ਕਿਹਾ, ਉਹ ਕੰਗਣ ਹੁਣੇ ਮੰਗਵਾ ਕੇ ਦਿਹੋ।

ਰਾਮ ਰਾਏ ਨੇ ਬਾਦਸ਼ਾਹ ਦੇ ਅੰਦਰੋਂ ਓਹੋ ਜੇਹੇ ਕੰਗਣ ਮੰਗਵਾ ਦਿਤੇ।

ਬਾਦਸ਼ਾਹ ਨੇ ਪੁੱਛਿਆ,

"ਕਯੋਂ ਤੁਮ ਸ਼ਾਹੁਨਸ਼ਾਹੁ ਕਹਾਵਉ।...੪੫।"

ਰਾਮ ਰਾਏ ਨੇ ਕਿਹਾ,

"ਨਿਕਸਯੋ ਸਾਹੁ ਆਇ ਕੈ ਨਾਂਹੀ।
ਅਸ ਨਿਸਚਾ ਹਮਰੇ ਮਨ ਮਾਂਹੀ।੪੬।
ਯਾਂ ਤੇ 'ਸਾਹੁ ਨ ਸਾਹੁ' ਕਹੰਤੇ।
ਇਸ ਬਿਧਿ ਹਮਰੋ ਮਤੋ ਲਖੰਤੇ।...੪੭।"

(ਸ਼ਾਹੁਨਸ਼ਾਹ, ਜਾਂ 'ਸ਼ਾਹਿਨਸ਼ਾਹ' ਸ਼ਬਦ ਦਾ ਥੋੜਾ ਜੇਹਾ ਉਚਾਰਣ ਬਦਲ ਕੇ, ਉਸ ਨੂੰ ਨਵੇਂ ਅਰਥ ਦਿਤੇ ਹਨ।.....ਇਸ ਅੰਸੂ ਵਿਚ ਕਵੀ ਜੀ ਨੇ ਸ਼ਰਾਬ ਵਾਸਤੇ

Digitized by Panjab Digital Library | www.panjabdigilib.org

'ਸੁਰਾਹੀ' ਦੀ ਥਾਂ ਸ਼ਬਦ 'ਬੋਤਲ' ਵਰਤਿਆ ਹੈ। ਇਹ ਸ਼ਬਦ ਅੰਗਰੇਜ਼ੀ ਤੋਂ ਆਇਆ ਹੈ : Bottle ਬਾਟਲ=ਬੋਤਲ। ਕਵੀ ਜੀ ਦੇ ਸਮੇਂ ਤਾਂ ਇਹ ਸ਼ਬਦ—ਬੋਤਲ—ਪ੍ਰਚਲਤ ਹੋ ਚੁਕਾ ਸੀ, ਪਰ ਔਰੰਗਜ਼ੇਬ ਦੇ ਸਮੇਂ ਨਹੀਂ ਸੀ।)

ਅੰਸੂ ੫੭

(ਮਿੱਟੀ ਮੁਸਲਮਾਨ ਕੀ)

ਮੌਲਵੀਆਂ ਦੇ ਸਿਖਾਏ ਇਕ ਦਿਨ ਔਰੰਗਜ਼ੇਬ ਨੇ ਪੁਛਿਆ,

"ਸ੍ਰੀ ਨਾਨਕ ਜੀ ਇਹ ਕਯਾ ਕਹਯੋ ।੫।"

"ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ ।...।"

ਰਾਮ ਰਾਏ ਨੇ ਸੋਚਿਆ, ਜੇ ਅਸਲੀ ਅਰਥ ਕੀਤੇ, ਤਾਂ ਦੋਖੀ ਝਗੜਾ ਵਧਾ ਦੇਣਗੇ।

"ਸ਼ਰ੍ਹਾ ਬਿਖੈ ਮਨ ਬੰਧਯੋਂ ਸ਼ਾਹੂ।
ਠਾਨਹਿ ਦ੍ਵੈਸ਼ ਅਧਿਕ ਮਨ ਮਾਹੂ।
ਬਨੀ ਬਾਤ ਮੇਰੀ ਬਿਗਰੈ ਹੈ।
ਬਹੁਰ ਕਿਸੂ ਬਿਧਿ ਨਹਿੰ ਸੁਧਰੈ ਹੈ ।੬।"

ਸੋ ਰਾਮ ਰਾਏ ਨੇ ਬਾਣੀ ਦੇ ਕੁਛ ਅੱਖਰ ਬਦਲ ਦਿਤੇ। ਕਿਹਾ,

"ਮਿੱਟੀ ਬੇਈਮਾਨ ਕੀ ਕਹੀ।
ਸਕਲ ਤੁਰਕ ਕੀ ਇਹ ਗਤਿ ਨਹੀਂ ।੭।"

(ਅੱਗੇ ਇਸਦੀ ਵਿਆਖਿਆ ਹੈ।)

"ਇੱਤਯਾਦਿਕ ਗੁਰ ਸੁਤ ਨੇ ਕਹਯੋ।
ਸ਼ਾਹੁ ਕੁਸ਼ਾਮਦ ਕੋ ਚਿੱਤ ਚਹਯੋ।
ਅਪਨੇ ਬਲ ਕੀ ਸੁਧ ਬਿਸਰਾਈ।
ਸਤਿਗੁਰ ਗਿਰਾ ਦੀਨਿ ਉਲਟਾਈ ।੮।"

ਇਹ ਗੱਲ ਸੁਣ ਕੇ ਇਕ ਸਿੱਖ ਦਿੱਲੀ ਤੋਂ ਕੀਰਤ ਪੁਰ ਪੁੱਜਾ। ਗੁਰੂ ਜੀ ਨੇ ਸੰਗਤ ਵਿਚ ਉਸ ਤੋਂ ਰਾਮ ਰਾਏ ਬਾਰੇ ਪੁਛਿਆ।

ਸਿੱਖ ਰਾਮ ਰਾਏ ਦੀਆਂ ਕਰਾਮਾਤਾਂ ਬਾਰੇ ਦੱਸਦਾ ਹੈ।

ਅੰਸੂ ੫੮

(ਗੁਰੂ ਜੀ ਨੇ ਰਾਮ ਰਾਏ ਨੂੰ ਤਿਆਗਣਾ)

ਸਿੱਖ ਨੇ ਹੋਰ ਕਈ ਕਰਾਮਾਤਾਂ ਦੱਸ ਕੇ ਕਿਹਾ, ਇਕ ਦਿਨ ਮੌਲਵੀਆਂ ਨੇ 'ਮਿਟੀ ਮੁਸਲਮਾਨ ਕੀ' ਵਾਲੇ ਸ਼ਬਦ ਬਾਰੇ ਪੁਛਿਆ, ਤਾਂ ਕਚਹਿਰੀ ਦਾ ਰੁਕ ਵੇਖ ਕੇ ਰਾਮ ਰਾਇ ਜੀ ਨੇ ਕਹਿ ਦਿਤਾ,

Digitized by Panjab Digital Library | www.panjabdigilib.org

"ਮਿੱਟੀ ਬੇਈਮਾਨ ਕੀ ਅਹੈ ।
ਸਗਲ ਤੁਰਕ ਕੀ ਨਹਿੰ ਗਤਿ ਇਹੈ ।
ਪੁਨ ਇਮਾਨ ਕੀ ਸਤੁਤਿ ਬਖਾਨੀ ।
ਇਮ ਦਲੀਲ ਕੀਨਸਿ ਤਿਨ ਹਾਨੀ ।੮।"

ਸਾਰੀ ਵਾਰਤਾ ਸੁਣ ਕੇ ਗੁਰੂ ਜੀ ਨੇ ਕਿਹਾ, 'ਹੁਣ ਰਾਮ ਰਾਏ ਸਾਡੇ ਮੱਥੇ ਨਾ ਲੱਗੇ ।

"ਅਪਰਾਧੀ ਸ੍ਰੀ ਨਾਨਕ ਕੇਰ ।
ਹਮ ਸੋਂ ਨੇਰ ਹੋਇ ਕਿਮ ਫੇਰ ।੩੧।
ਨਿਜ ਮਨ ਤੇ ਹਮ ਤਯਾਗਨਿ ਕਰਯੋ ।
ਗੁਰਤਾ ਪਦ ਤੇ ਸੋ ਪਰਹਰਿਯੋ ।.. ੩੨।"

ਅੰਸੂ ੫੯

(ਚੌਵੇਂ ਪੁੱਤਰ ਕਿਵੇਂ ਪਰਖੇ)

ਇਕ ਵਾਰ ਇਕ ਸਿੱਖ ਨੇ ਬਹੁਤ ਸਾਰੀਆਂ ਕੀਮਤੀ ਵਸਤੂ ਭੇਟਾ ਧਰੀਆਂ । ਸਿੱਖ ਨੇ ਪੁੱਛਿਆ, ਕਿ ਆਪ ਕਿਸਨੂੰ ਗੱਦੀ ਸੌਂਪੋਗੇ ।

ਗੁਰੂ ਜੀ ਨੇ ਕਿਹਾ, ਸਵੇਰੇ ਪਤਾ ਲੱਗ ਜਾਇਗਾ ।

ਅਗਲੇ ਦਿਨ ਗੁਰੂ ਜੀ ਨੇ ਕਿਹਾ, ਦੋਵੇਂ ਸਾਹਿਬਜ਼ਾਦੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਰਹੇ ਹਨ । ਇਕ ਸੂਈ ਲੈ ਕੇ ਗੁਰੂ ਗ੍ਰੰਥ ਸਾਹਿਬ ਦੇ ਪਲੰਘੇ ਦੇ ਪਾਵੇ ਵਿਚ ਖੁਭੋਵੋ । ਜਿਸਦੇ ਪਾਸੇ ਸੂਈ ਲੱਕੜ ਵਿਚ ਖੁਭ ਜਾਇਗੀ, ਓਹੀ ਗੱਦੀ ਦੇ ਯੋਗ ਹੋਵੇਗਾ । ਕਿਉਂਕਿ ਬਾਣੀ ਪੜ੍ਹਨ ਨਾਲ ਲੱਕੜ ਕੀ, ਪੱਥਰ ਵੀ ਮੋਮ ਹੋ ਜਾਂਦਾ ਹੈ ।

ਸਿੱਖ ਨੇ ਪ੍ਰੀਖਿਆ ਕੀਤੀ, ਤਾਂ ਹਰਿਕ੍ਰਿਸ਼ਨ ਜੀ ਗੱਦੀ ਦੇ ਜੋਗ ਜਾਪੇ ।

"ਸ੍ਰੀ ਹਰਿ ਕ੍ਰਿਸ਼ਨ, ਕ੍ਰਿਸ਼ਨ ਅਵਤਾਰ ।
ਇਹੀ ਸਹਾਰਹਿੰ ਗੁਰਤਾ ਭਾਰ ।੨੯।"

(ਕਵੀ ਜੀ ਅੱਠਵੇਂ ਗੁਰੂ ਜੀ ਨੂੰ ਕ੍ਰਿਸ਼ਨ ਜੀ ਦਾ ਅਵਤਾਰ ਕਹਿੰਦੇ ਹਨ । ਬ੍ਰਹਿਮਣੀ ਧਰਮ ਦਾ ਪ੍ਰਭਾਵ ।)

ਰਾਮ ਰਾਇ ਨੇ ਸੋਚਿਆ, ਗੁਰੂ ਜੀ ਨੇ ਤਿਆਗ ਦਿਤਾ, ਤਾਂ ਕੋਈ ਫ਼ਰਕ ਨਹੀਂ । ਏਥੇ ਮੇਰੀ ਬਥੇਰੀ ਸਿੱਖੀ ਬਣ ਗਈ ਹੈ, ਨਾਲੇ ਬਾਦਸ਼ਾਹ ਨਾਲ ਮੇਲ ਮਿਲਾਪ ਹੈ ।

ਅੰਸੂ ੬੦

(ਰਾਮ ਰਾਇ ਲਾਹੌਰ ਨੂੰ)

ਇਕ ਦਿਨ ਬਾਦਸ਼ਾਹ ਸ਼ਕਾਰ ਗਿਆ । ਰਾਮ ਰਾਏ ਵੀ ਨਾਲ ਸੀ । ਰਾਮ ਰਾਇ

Digitized by Panjab Digital Library | www.panjabdigilib.org

ਨੇ ਹਨੇਰੀ ਤੇ ਗੜਾ ਸ਼ੁਰੂ ਕਰ ਦਿਤਾ। ਪਰ ਜਿਥੇ ਰਾਮ ਰਾਏ ਖਲਾ ਸੀ, ਓਥੇ ਨਾ ਹਨੇਰੀ ਸੀ, ਨਾ ਗੜਾ। ਬਾਦਸ਼ਾਹ ਨੇ ਇਹ ਕੌਤਕ ਵੇਖ ਕੇ ਰਾਮ ਰਾਏ ਨੂੰ ਜਾਣ ਦੀ ਆਗਿਆ ਦੇ ਦਿਤੀ।

ਕੁਛ ਥੋੜੇ ਜੇਹੇ ਸੇਵਕ ਨਾਲ ਲੈ ਕੇ ਰਾਮ ਰਾਏ ਕੁੱਲ ਬਖ਼ਸ਼ਾਉਣ ਵਾਸਤੇ ਕੀਰਤ ਪੁਰ ਨੂੰ ਤੁਰ ਪਿਆ। ਕੀਰਤਪੁਰ ਤੋਂ ਬਾਰਾਂ ਕੋਹ ਦੂਰ ਅਟਕ ਗਿਆ, ਤੇ ਇਕ ਸੇਵਕ ਹੱਥ ਬੇਨਤੀ ਪੱਤਰ ਲਿਖ ਭੇਜਿਆ।

ਗੁਰੂ ਜੀ ਨੇ ਉਤਰ ਲਿਖਿਆ, ਰਾਮ ਰਾਇ ਨੇ ਗੁਰੂ ਨਾਨਕ ਜੀ ਦੀ ਬਾਣੀ ਉਲਟਾਈ ਹੈ। ਉਹ ਮਿੱਟੀ ਸੜਦੀ ਵਿਖਾ ਸਕਦਾ ਸੀ।

"ਯਾਂ ਤੇ ਹਮੈਂ ਨ ਦਰਸ ਦਿਖਾਵਹੁ।
ਜਿਤ ਦਿਸ ਮੁਖ, ਤਿਤ ਹੀ ਚਲਿ ਜਾਵਹੁ।..।੩੧।"

ਜਦ ਰਾਮ ਰਾਇ ਨੂੰ ਇਹ ਹੁਕਮ ਮਿਲਿਆ, ਉਸਦਾ ਮੂੰਹ ਲਾਹੌਰ ਵੱਲ ਸੀ। ਉਹ ਲਾਹੌਰ ਨੂੰ ਤੁਰ ਪਿਆ। ਗੁਰੂ ਜੀ ਨੇ ਲਾਹੌਰ ਦੀ ਸੰਗਤ ਨੂੰ ਹੁਕਮ ਲਿਖ ਭੇਜਿਆ, ਕਿ ਗੁਰੂ ਕੀ ਕਾਰ ਭੇਟ ਕੋਈ ਰਾਮ ਰਾਇ ਨੂੰ ਨਾ ਦੇਵੇ।

ਲਾਹੌਰ ਦੀ ਸੰਗਤ ਨੇ ਸੋਚਿਆ, ਬੜੀ ਔਖੀ ਬਣੀ। ਗੁਰੂ ਜੀ ਦਾ ਹੁਕਮ ਨਹੀਂ ਟਾਲਿਆ ਜਾ ਸਕਦਾ। ਫਿਰ ਗੁਰੂ ਜੀ ਦੇ ਪੁੱਤਰ ਦਾ ਸਤਕਾਰ ਵੀ ਜ਼ਰੂਰੀ ਹੈ। ਉਹ ਕਰਾਮਾਤੀ ਹੈ, ਮਤਾਂ ਸਰਾਪ ਦੇ ਦੇਵੇ। ਉਹਨਾਂ ਰਸਤਾ ਕਢ ਲਿਆ, ਕਿ ਗੁਰੂ ਜੀ ਨੇ ਪੈਸਾ ਟਕਾ ਦੇਣੋ ਵਰਜਿਆ ਹੈ, ਸੋਨਾ ਚਾਂਦੀ ਨਹੀਂ। ਸੋ ਉਹਨਾਂ ਸੋਨਾ ਚਾਂਦੀ ਭੇਟਾ ਲਿਆ ਧਰਿਆ।

ਗੁਰੂ ਜੀ ਨੇ ਕਿਹਾ, ਇਹ ਲਾਹੌਰ ਵਾਲੇ ਅੰਦਰ ਦੇ ਖੋਟੇ ਹਨ।

ਨੌਵੀਂ ਰਾਸ ਸਮਾਪਤ

Digitized by Panjab Digital Library | www.panjabdigilib.org

ਦਸਵੀਂ ਰਾਸ

ਅੰਸੂ ੧

(ਮੰਗਲ)

(ਏਥੇ ਵੀ ਪਹਿਲਾਂ ਪਰਮਾਤਮਾ ਦੀ, ਫਿਰ 'ਸੁਰਸਤੀ ਦੇਵੀ' ਦੀ ਤੇ ਫਿਰ ਗੁਰੂ ਸਾਹਿਬਾਨ ਦੀ ਉਸਤਤ ਹੈ।)

ਮਾਤਾ 'ਨੱਤੀ' ਜੀ ਚਾਹੁੰਦੇ ਸਨ, ਕਿ ਉਹਨਾਂ ਦੇ ਦੋਹਾਂ ਪੁੱਤਰਾਂ (ਧੀਰ ਮੱਲ ਤੇ ਹਰਿਰਾਏ ਜੀ) ਵਿਚ ਮੇਲ ਮਿਲਾਪ ਹੋ ਜਾਏ। ਸੋ ਉਹਨਾਂ ਗੁਰੂ ਹਰਿਰਾਏ ਜੀ ਨੂੰ ਕਰਤਾਰ ਪੁਰ ਜਾਣ ਵਾਸਤੇ ਮਨਾ ਲਿਆ।

ਗੁਰੂ ਜੀ ਕੀਰਤਪੁਰ ਤੋਂ ਮਿਲਨ ਵਾਸਤੇ ਤੁਰ ਪਏ। ਹਜ਼ੂਰ ਕਰਤਾਰ ਪੁਰ ਦੇ ਨੇੜੇ ਪੁੱਜੇ, ਤਾਂ ਧੀਰ ਮੱਲ ਅੱਗੋਂ ਲੈਣ ਆਇਆ। ਦੋਵੇਂ ਭਰਾ ਪਿਆਰ ਨਾਲ ਮਿਲੇ। ਸੰਗਤਾਂ ਨੇ ਗੁਰੂ ਜੀ ਅੱਗੇ ਭੇਟਾ ਧਰੀਆਂ।

ਅੰਸੂ ੨

(ਕਰਤਾਰਪੁਰ ਵਸਾਉਣ ਦੀ ਕਥਾ)

ਬਜ਼ੁਰਗਾਂ ਨੇ ਦੱਸਿਆ, ਕਿ ਸਿੱਖਾਂ ਸਮੇਤ ਗੁਰੂ ਜੀ ਏਥੇ ਆ ਉਤਰੇ। ਕੁਛ ਸਿੱਖਾਂ ਨੇ ਏਥੇ ਨੱਗਰ ਵਸਾਉਣ ਵਾਸਤੇ ਬੇਨਤੀ ਕੀਤੀ। ਦੋ ਧਿਰਾਂ ਦੀ ਏਥੇ ਜ਼ਮੀਨ ਲਗਦੀ ਸੀ, ਇਕ ਧਿਰ ਨੇ ਤਾਂ ਖ਼ੁਸ਼ੀ ਨਾਲ ਜ਼ਮੀਨ ਦੇਣੀ ਮੰਨ ਲਈ। ਦੂਸਰੀ ਧਿਰ ਨੇ ਕਿਹਾ, ਸਾਡੇ ਆਦਮੀ ਵਧੇਰੇ ਹਨ ਤੇ ਧਰਤੀ ਥੋੜੀ ਹੈ। ਤਾਂ

"ਸੁਨਿ ਗੁਰ ਬੋਲੇ ਸਹਜ ਸੁਭਾਇ।
ਨਰ ਥੋਰੇ, ਛਿਤ ਬਹੁ ਰਹਿ ਜਾਇ।...੧੬।"

ਗੁਰੂ ਜੀ ਨੇ ਨੱਗਰ ਦੀ ਉਸਾਰੀ ਸ਼ੁਰੂ ਕਰ ਦਿਤੀ। ਬੇਲਦਾਰ ਨੇ ਕਹੀ ਮਾਰੀ, ਤਾਂ ਉਹਦੀ ਪੱਗ ਲਹਿ ਪਈ। ਲੋਕਾਂ ਨੇ ਕੁਸਗਨ ਮੰਨਿਆਂ। ਗੁਰੂ ਜੀ ਨੇ ਹੱਸ ਕੇ ਕਿਹਾ,

"ਚਢੀ ਕਮਾਨ ਜੁ ਚਢਿ ਇਤ ਆਵੈ।
ਸੋ ਉਤਰਾਂਇ ਅਪਨਿ ਘਰ ਜਾਵੈ।...੨੩।"

Digitized by Panjab Digital Library | www.panjabdigilib.org

(ਭਾਵ, ਜਿਹੜਾ ਏਥੇ ਚੜ੍ਹ ਕੇ ਆਵੇਗਾ, ਉਹ ਹਾਰ ਕੇ ਜਾਵੇਗਾ।)
ਗੁਰੂ ਜੀ ਨੇ ਇਹ ਸੁੰਦਰ ਨੱਗਰ ਵਸਾਉਣਾ ਸ਼ੁਰੂ ਕੀਤਾ।

ਅੰਸ ੩

(ਕਰਤਾਰਪੁਰ ਦੀ ਕਥਾ)

ਮਸੰਦਾਂ ਦੱਸਿਆ, ਕਿ ਲੱਕੜੀ ਨਹੀਂ ਮਿਲ ਰਹੀ। ਇਕ ਸਿੱਖ ਨੇ ਕਿਹਾ, ਇਕ ਬਹੁਤ ਮੋਟੀ ਟਾਹਲੀ ਖਲੀ ਹੈ, ਪਰ ਲੋਕ ਉਸ ਤੋਂ ਡਰਦੇ ਹਨ, ਤੇ ਪੂਜਾ ਕਰਦੇ ਹਨ। (ਭਾਵ, ਉਸ ਵਿਚ ਕੋਈ ਭੂਤ ਪ੍ਰੇਤ ਹੈ।) ਗੁਰੂ ਜੀ ਨੇ ਪਿਰਾਣੇ ਨੂੰ ਭੇਜਿਆ।

ਪਿਰਾਣਾ ਤੇ ਇਕ ਹੋਰ ਕਾਰੀਗਰ ਨਾਲ ਗਏ। ਉਹ ਟਾਹਲੀ ਨੂੰ ਵੱਢਣ ਲੱਗੇ, ਤਾਂ ਉਸ ਵਿਚੋਂ ਵਾਜ ਆਈ, ਕਿ ਗੁਰੂ ਜੀ ਪਾਸ ਮੇਰੀ ਬੇਨਤੀ ਪੁਚਾਓ, ਕਿ ਮੇਰਾ ਘਰ ਨਾ ਉਜਾੜਨ।

ਪਿਰਾਣੇ ਨੇ ਗੁਰੂ ਜੀ ਪਾਸ ਆ ਦੱਸਿਆ।

ਗੁਰੂ ਜੀ ਸੇਵਕਾਂ ਸਮੇਤ ਆਪ ਉਸ ਟਾਹਲੀ ਪਾਸ ਗਏ।

ਟਾਹਲੀ ਵਿਚੋਂ ਵਾਜ ਆਈ, 'ਗੁਰਦੇਵ! ਇਸ ਟਾਹਲੀ ਕਾਰਨ ਹੀ ਮੇਰੀ ਪੂਜਾ ਹੈ। ਮੇਰਾ ਘਰ ਨਾ ਉਜਾੜੋ।'

ਗੁਰੂ ਜੀ ਨੇ ਕਿਹਾ, 'ਤੇਰੀ ਪੂਜਾ ਵਿਚ ਵਿਘਨ ਨਹੀਂ ਪਵੇਗਾ। ਮਕਾਨ ਵਿਚ ਜਿੱਥੇ ਇਸ ਲੱਕੜੀ ਦੇ ਥੰਮ (ਥੰਮਲੇ) ਲਗਣਗੇ, ਓਥੇ ਹੁਣ ਨਾਲੋਂ ਵਧੇਰੇ ਪੂਜਾ ਹੋਵੇਗੀ।'

"ਤਹਠਾਂ ਹੋਵਹਿ ਪੂਜਾ ਤੇਰੀ।
ਅਬ ਤੇ ਭੀ ਬਨ ਜਾਹਿ ਘਨੇਰੀ।
ਪ੍ਰਥਮੇ ਤੋ ਕਹੁ ਮਾਨੇ ਜੋਇ।
ਪਾਛੇ ਹਮਰੋ ਦਰਸ਼ਨ ਹੋਇ ।੩੦।"

(ਏਹੋ ਜੇਹੀਆਂ ਭਰਮ ਪਾਊ ਸਾਖੀਆਂ ਅੰਧ ਵਿਸ਼ਵਾਸ ਵਿਚ ਵਾਧਾ ਕਰਦੀਆਂ ਹਨ ਕੀ ਗੁਰੂ ਨਾਲੋਂ ਉਸ ਲੱਕੜੀ, ਜਾਂ ਲੱਕੜ ਵਿਚ ਵੱਸਣ ਵਾਲੇ ਭੂਤ ਦੀ ਪੂਜਾ ਨੂੰ ਗੁਰਦੇਵ ਪਹਿਲ ਦੇ ਸਕਦੇ ਸਨ? ਸਿੱਖੀ ਵਿਚ ਅਕਾਲ ਪੁਰਖ ਜਾਂ ਗੁਰੂ ਦੀ ਹੀ ਪੂਜਾ ਹੋ ਸਕਦੀ ਹੈ।)

ਉਹ ਲੱਕੜੀ ਅੱਠ ਉਂਗਲਾਂ ਲੰਬਾਈ ਵਿਚ ਘੱਟ ਕੱਟੀ ਗਈ। ਗੁਰੂ ਜੀ ਨੇ ਕਿਹਾ, ਅਰਦਾਸ ਕਰੋ। ਅਰਦਾਸ ਕਰਨ ਨਾਲ ਲੱਕੜੀ ਲੰਮੀ ਹੋ ਗਈ।

ਸੰਗਤਾਂ ਉਸ ਥੰਮ ਦੀ ਪੂਜਾ ਕਰਦੀਆਂ। ਪਿਛੋਂ ਮੁਸਲਮ ਹਾਕਮਾਂ ਨੇ ਉਸ ਥੰਮ ਨੂੰ ਅੱਗ ਲਾਈ, ਤਾਂ ਉਹ ਥੰਮ ਧਰਤੀ ਵਿਚ ਅਲੋਪ ਹੋ ਗਿਆ

"ਆਵਨੀ[1] ਬਿਖੇ ਪ੍ਰਵੇਸ਼ਨਿ ਹੋਯੋ[2]।

---

1. ਧਰਤੀ। 2. ਧਰਤੀ ਵਿਚ ਛਪਨ ਹੋ ਗਿਆ।

Digitized by Panjab Digital Library | www.panjabdigilib.org

ਬਹੁਰ ਕਿਸੂ ਨੇ ਕਹਜੋ ਨ ਜੋਜੋ[1] ।੫੪।''
(ਜਲੰਧਰ ਦੇ ਮੁਸਲਮ ਹਾਕਮ ਨੇ 'ਥੰਮ੍ਹ ਸਾਹਿਬ' ਸਾੜ ਦਿਤਾ ਸੀ ।)

ਅੰਸੂ ੪

(ਭਾਈ ਭਗਤੂ)

ਵਿਸਾਖੀ ਦਾ ਪੁਰਬ ਗੁਰੂ ਜੀ ਨੇ ਕਰਤਾਰਪੁਰ ਹੀ ਮਨਾਇਆ । ਬਹੁਤ ਸੰਗਤ ਆਈ । ਭਾਈ ਭਗਤੂ ਸੰਗਤ ਸਮੇਤ ਆਇਆ । ਸੱਤਵੇਂ ਗੁਰੂ ਜੀ ਭਾਈ ਭਗਤੂ ਨੂੰ ਹਰ ਵਾਰ ਮਜ਼ਾਕ ਕਰਿਆ ਕਰਦੇ, 'ਭਾਈ ਭਗਤੂ ! ਵਿਆਹ ਕਰਾ ਲੈ ।''

ਭਗਤੂ ਨੇ ਸੋਚਿਆ, ਮੇਰਾ ਅੰਤ ਸਮਾਂ ਨੇੜੇ ਆ ਰਿਹਾ ਹੈ । ਇਸ ਤੋਂ ਪਹਿਲਾਂ ਗੁਰੂ ਜੀ ਦਾ ਵਾਕ ਸੱਤ ਕਰ ਦੇਣਾ ਚਾਹੀਦਾ ਹੈ ।

ਭਾਈ ਭਗਤੂ ਘਰੋਂ ਗੁਰੂ ਜੀ ਵੱਲ ਜਾ ਰਿਹਾ ਸੀ । ਇਕ ਬਾਰਾਂ ਸਾਲ ਦੀ ਸੁੰਦਰ ਮੁਟਿਆਰ ਬਾਜਰੇ ਤੋਂ ਚਿੜੀਆਂ ਉਡਾ ਰਹੀ ਸੀ । ਭਾਈ ਭਗਤੂ ਨੇ ਉਸ ਦੇ ਉਦਾਲੇ ਫਿਰ ਕੇ ਕਿਹਾ, ਮੈਂ ਤੇਰੇ ਨਾਲ ਵਿਆਹ ਕਰ ਲਿਆ ਹੈ । ਇਹ ਕਹਿ ਕੇ ਭਗਤੂ ਕਰਤਾਰ ਪੁਰ ਆ ਪੁੱਜਾ ।

ਗੁਰੂ ਜੀ ਨੇ ਪੁੱਛਿਆ, ਤਾਂ ਭਾਈ ਭਗਤੂ ਨੇ ਕਿਹਾ, 'ਹਜ਼ੂਰ ਦਾ ਵਾਕ ਕਿਵੇਂ ਨਿਸਫਲ ਹੋ ਸਕਦਾ ਹੈ । ਮੈਂ ਰਾਹ ਵਿਚ ਵਿਆਹ ਕਰ ਆਇਆ ਹਾਂ ।'

ਭਾਈ ਭਗਤੂ ਕਰਤਾਰਪੁਰ ਕਈ ਦਿਨ ਦਸਤਾਂ ਦੀ ਤਕਲੀਫ਼ ਨਾਲ ਬੀਮਾਰ ਰਿਹਾ । ਕੋਈ ਸਿੱਖ ਪੁਛਦੇ, ਤੁਸੀਂ ਹੋਰ ਅਨੇਕਾਂ ਦੇ ਰੋਗ ਦੂਰ ਕੀਤੇ ਹਨ, ਤਾਂ ਆਪ ਕਿਉਂ ਦੁੱਖ ਭੋਗ ਰਹੇ ਹੋ ।

ਭਾਈ ਭਗਤੂ ਨੇ ਕਿਹਾ, ਸਾਡੇ ਬਰਾੜ ਸੇਵਕ ਸਾਨੂੰ ਚੋਰੀ ਕੀਤੀਆਂ ਗਊਆਂ ਦਾ ਦੁੱਧ ਪਿਆਉਂਦੇ ਰਹੇ ਹਨ । ਅਸਾਂ ਸੋਚਿਆ, ਉਹ ਲੇਖਾ ਏਥੇ ਹੀ ਨਿੱਬੜ ਜਾਏ ।

ਭਾਈ ਭਗਤੂ ਪਰਲੋਕ ਸਿਧਾਰ ਗਏ । ਗੁਰੂ ਜੀ ਨੇ ਆਪ ਉਹਨਾਂ ਦੀ ਚਿਖਾ ਨੂੰ ਅਗਨੀ ਦਿਤੀ ।

ਕਰਤਾਰਪੁਰ ਤੋਂ ਗੁਰੂ ਜੀ ਜੰਗਲ ਦੇਸ ਵੱਲ ਤੁਰ ਪਏ । ਕੁਛ ਦਿਨ ਮੁਕੰਦਪੁਰ ਰਹਿ ਕੇ ਫਿਰ ਅਗ੍ਹਾਂ ਕੂਚ ਕੀਤਾ ।

ਅੰਸੂ ੫

(ਕੌੜੇ ਤੇ ਮਰ੍ਹਾਜਕੇ ਰਾਹਕ)

ਪਹਿਲਾਂ ਜਦ ਛੇਵੇਂ ਗੁਰੂ ਜੀ (ਲਲਾ ਬੇਗ ਦੇ ਜੁੱਧ ਸਮੇਂ) ਏਥੇ ਪਹੁੰਚੇ ਸਨ, ਤਾਂ

---

1. ਨਾ ਵੇਖਿਆ ।

Digitized by Panjab Digital Library | www.panjabdigilib.org

ਬੜਾ ਮੇੱਲਾ ਲੱਗਾ ਸੀ। ਰਾਹਕ ਆਪਣੇ ਵਡੇਰੇ ਦੀ ਪੂਜਾ ਕਰਦੇ ਸਨ। ਉਹਨਾਂ ਦਾ ਖ਼ਿਆਲ ਸੀ, ਕਿ ਜਠੇਰਾ ਉਹਨਾਂ ਦੀਆਂ ਸਭ ਕਾਮਨਾਂ ਪੂਰੀਆਂ ਕਰਦਾ ਹੈ।

ਗੁਰੂ ਜੀ ਨੇ ਰਾਹਕਾਂ ਦੇ ਮੁਖੀ ਦੇ ਸਿਰ 'ਤੇ ਛੜੀ ਧਰ ਕੇ ਕਿਹਾ, ਅੱਖਾਂ ਮੀਟ ਕੇ ਆਪਣਾ ਵਡੇਰਾ ਵੇਖ ਲੈ।

ਮੁਖੀ ਨੇ ਵੇਖਿਆ, ਕਿ ਉਹਨਾਂ ਦਾ ਜਠੇਰਾ ਪਹਾੜੀ ਕਾਂ ਬਣ ਕੇ ਇਕ ਠੇਰੀ ਉਤੇ ਬੈਠਾ ਹੈ।

ਗੁਰੂ ਜੀ ਨੇ ਪੁੱਛਿਆ, ਦੱਸ, ਹੁਣ ਮੇੱਲੇ ਦਾ ਕੀ ਮਨੋਰਥ? ਮੁਖੀਏ ਨੇ ਕਿਹਾ, ਜੀ, ਭੇਡ ਚਾਲ ਹੈ।

ਉਹਨਾਂ ਰਾਹਕਾਂ ਨੇ ਛੇਵੇਂ ਗੁਰੂ ਅੱਗੇ ਭੇਟਾ ਧਰ ਕੇ ਕਿਹਾ, ਸਾਨੂੰ ਸਿੱਖ ਬਣਾ ਲਵੋ। ਗੁਰੂ ਜੀ ਨੇ ਕਿਹਾ, ਤੁਹਾਡੇ ਅੰਦਰ ਜ਼ਮੀਨ ਦੇ ਮਾਲਕ ਹੋਣ ਦਾ ਹੰਕਾਰ ਹੈ। ਨਾ ਸਾਨੂੰ ਤੁਹਾਡੀ ਭੇਟਾ ਪਰਵਾਨ ਹੈ, ਤੇ ਨਾ ਤੁਸੀਂ ਸਿੱਖੀ ਦੇ ਅਧਕਾਰੀ ਹੋ।

ਪਿਛੋਂ ਸੱਤਵੇਂ ਪਾਤਸ਼ਾਹ ਉਸ ਥਾਂ ਆਏ, ਤਾਂ ਉਹਨਾਂ ਮਰ੍ਹਾਜ ਦੇ ਰਾਹਕਾਂ ਨੂੰ ਸਿੱਖ ਬਣਾਇਆ।

"ਸਿੱਖ ਆਪਨੇ ਸਕਲ ਬਣਾਏ।
ਦੇ ਉਪਦੇਸ਼ ਭਲੇ ਮਗ ਪਾਏ।੩੮।"

ਮਗਰ 'ਕੌੜੇ' ਦੇ ਲੋਕ ਹੰਕਾਰੀ ਸਨ, ਉਹਨਾਂ ਨੂੰ ਸਿੱਖ ਨਹੀਂ ਬਣਾਇਆ।

ਅੰਸੂ ੬

(ਮਰ੍ਹਾਜਕੇ ਤੇ ਕੌੜੇ ਦੇ ਰਾਹਕ—ਚਲਦਾ)

(ਕੌੜੇ ਦੇ ਵਸਨੀਕ ਜ਼ਮੀਨ ਦੇ ਮਾਲਕ ਸਨ, ਮਰ੍ਹਾਜ ਵਾਲੇ ਸਾਰੇ ਮੁਜ਼ਾਰੇ, ਜਿੰਨਾਂ ਨੂੰ ਦੂਸਰੇ 'ਟੱਪਰੀ ਵਾਸ' ਕਹਿੰਦੇ ਸਨ।)

ਕੌੜੇ ਵਾਲਿਆਂ ਦਾ ਇਕੋ ਖੂਹ ਸੀ, ਜਿੱਥੋਂ ਸਾਰੇ ਪਾਣੀ ਭਰਦੇ ਸਨ। ਮਰ੍ਹਾਜ ਦੀਆਂ ਇਸਤਰੀਆਂ ਪਾਣੀ ਭਰਨ ਆਉਂਦੀਆਂ, ਤਾਂ 'ਕੌੜੇ' ਦੇ ਗੱਭਰੂ ਉਹਨਾਂ ਨੂੰ ਹਾਸਾ-ਠੱਠਾ ਕਰਦੇ।

ਗੁਰੂ ਹਰਿਰਾਏ ਸਾਹਿਬ ਦਾ ਡੇਰਾ ਉਸ ਥਾਂ ਸੀ। ਮਰ੍ਹਾਜ ਦੀ ਇਕ ਨਵੀਂ ਵਿਆਹੀ ਨੂੰਹ ਪਾਣੀ ਲੈਣ ਗਈ, ਤਾਂ ਕੌੜੇ ਦੇ ਸ਼ਰਾਰਤੀਆਂ ਬਹੁਤ ਬੁਰੀਆਂ ਸ਼ਰਾਰਤਾਂ ਕੀਤੀਆਂ। ਉਹ ਓਥੇ ਹੀ ਘੜਾ ਭੰਨ ਕੇ ਵਾਪਸ ਡੇਰੇ ਆ ਗਈ, ਤੇ ਬਹੁਤ ਰੌਲਾ ਪਾਇਆ।

ਮਰ੍ਹਾਜ ਵਾਲੇ ਮਿਲ ਕੇ ਸੱਤਵੇਂ ਗੁਰੂ ਜੀ ਦੀ ਸ਼ਰਣ ਜਾ ਪਏ।

ਗੁਰੂ ਜੀ ਨੇ 'ਕੌੜੇ' ਵਾਲਿਆਂ ਨੂੰ ਬੁਲਾ ਕੇ ਕਿਹਾ, ਕਿ ਮਰ੍ਹਾਜ ਵਾਲਿਆਂ ਨੂੰ ਪੰਜਾਂ ਹਲਾਂ ਜੋਗੀ ਜ਼ਮੀਨ ਦੇ ਦਿਓ, ਜਿੱਥੇ ਇਹ ਆਪਣੇ ਘਰ ਬਣਾ ਕੇ ਵੱਸ ਜਾਣ। ਪਰ ਕੌੜੇ ਵਾਲੇ ਨਾ ਮੰਨੇ, ਤੇ ਉਠ ਕੇ ਚਲੇ ਗਏ।

Digitized by Panjab Digital Library | www.panjabdigilib.org

ਅੰਸੂ ੭

(ਕੌੜੇ ਤੇ ਮਰੂਾਜ—ਚਲਦਾ)

ਗੁਰੂ ਜੀ ਨੇ ਮਰੂਾਜ ਵਾਲਿਆਂ ਨੂੰ ਕਿਹਾ, ਤੁਮੀਂ ਡੇਰਾ ਕੂਚ ਕਰ ਕੇ ਤੁਰ ਪਉ। ਜਿੱਥੇ ਤੁਹਾਨੂੰ ਰਾਤ ਪੈ ਜਾਏ, ਓਥੇ ਪਿੰਡ ਵਸਾ ਲਵੋ।

ਮਰੂਾਜ ਵਾਲੇ ਤੁਰ ਪਏ। ਸ਼ਾਮ ਨੂੰ ਉਹਨਾਂ ਉਸ ਥਾਂ ਜਾ ਡੇਰਾ ਕੀਤਾ, ਜਿੱਥੇ ਅੱਜ ਕੱਲ੍ਹ ਪਿੰਡ 'ਮਰੂਾਜ' ਹੈ।

ਉਸ ਥਾਂ ਦਾ ਮਾਲਕ 'ਜੈਤ ਪਿਰਾਣਾ' ਬੜਾ ਤਾਕਤਵਰ ਸੀ। ਉਹਨੇ ਆਦਮੀ ਭੇਜਿਆ, ਕਿ ਏਥੋਂ ਉਠ ਕੇ ਚਲੇ ਜਾਓ।

ਮਰੂਾਜ ਵਾਲਿਆਂ ਦਾ ਆਗੂ 'ਨਰਮ ਚੰਦ ਕਾਲਾ' ਸੀ। ਉਸ ਨੇ ਉਤਰ ਦਿਤਾ, ਏਥੇ ਸਾਨੂੰ ਵੱਸਣ ਦਾ ਹੁਕਮ ਗੁਰੂ ਹਰਿਰਾਏ ਸਾਹਿਬ ਨੇ ਦਿਤਾ ਹੈ।

ਪਰ ਜੈਤ ਪਿਰਾਣਾ ਨਾ ਮੰਨਿਆਂ।

ਕਾਲਾ ਫਿਰ ਗੁਰੂ ਜੀ ਦੀ ਸ਼ਰਣ ਆਇਆ। ਉਸ ਨੇ ਕਿਹਾ, ਜੈਤ ਪਿਰਾਣਾ ਬੜਾ ਸੂਰਮਾ ਹੈ। ਉਹ ਸਾਨੂੰ ਵੱਸਣ ਨਹੀਂ ਦੇਂਦਾ। ਗੁਰੂ ਜੀ ਨੇ ਕਿਹਾ, ਤੁਸੀਂ ਤਕੜੇ ਹੋ ਕੇ ਓਥੇ ਵੱਸੋ। ਜੈਤ ਪਿਰਾਣਾ ਆਵੇ, ਤਾਂ ਤਕੜੇ ਹੋ ਕੇ ਲੜਾਈ ਕਰੋ।

ਅੰਸੂ ੮

(ਜੈਤ ਪਿਰਾਣਾ ਮਰਿਆ)

(ਜੈਤ ਪਿਰਾਣੇ ਦੇ ਜਨਮ ਬਾਰੇ) ਪਾਣੀ ਦੇ ਕੰਢੇ ਉਹਨਾਂ ਦਾ ਘਰ ਸੀ। ਜੈਤ ਦੀ ਮਾਂ ਨੇ ਸ਼ੇਰ ਤੇ ਚੜ੍ਹਦੇ ਸੂਰਜ ਨੂੰ ਉਸ ਪਾਣੀ ਵਿਚੋਂ ਵੇਖਿਆ। ਇਸ ਵਾਸਤੇ ਉਹ ਸੂਰਮਾ ਹੈ, ਜੋ ਵੀ ਉਸ ਨਾਲ ਲੜਿਆ, ਮਾਰਿਆ ਗਿਆ।

ਗੁਰੂ ਜੀ ਨੇ ਕਾਲੇ ਨੂੰ ਕਿਹਾ, ਤੁਸੀਂ ਪਿਰਾਣੇ ਨਾਲ ਲੜੋ, ਅਸੀਂ ਤੁਹਾਡੇ ਅੰਗ ਸੰਗ ਹਾਂ।

ਇਸ ਹੌਸ਼ਲੇ 'ਤੇ ਮਰੂਾਜ ਵਾਲੇ ਲੜਨ ਵਾਸਤੇ ਤਿਆਰ ਹੋ ਪਏ।

ਜੈਤ ਪਿਰਾਣਾ ਆਪਣੀ ਧਾੜ ਲੈ ਕੇ ਚੜ੍ਹ ਆਇਆ। ਉਸ ਦੇ ਸਾਮ੍ਹਣੇ 'ਕਾਲਾ' ਆ ਗਿਆ। ਜੈਤ ਨੇ ਬਰਛੀ ਮਾਰੀ। (ਏਥੇ ਕਵੀ ਜੀ ਕਰਾਮਾਤੀ ਢੰਗ ਵਰਤਦੇ ਹਨ।) ਗੁਰੂ ਜੀ ਨੇ ਚਾਰ ਬੀਰ [ਗੁਪਤ ਸੂਰਮੇ] ਭੇਜੇ। ਦੋ ਨੇ ਜੈਤ ਦੇ ਪੈਰ ਪਕੜ ਲਏ, ਤੇ ਦੋ ਨੇ ਉਸ ਦੀਆਂ ਬਾਂਹੀਂ। ਫਿਰ ਵੀ ਜੈਤ ਨੇ ਬਰਛੀ ਮਾਰੀ। ਗੁਰੂ ਜੀ ਨੇ ਅੱਗੇ ਅਹਿਰਨ ਕਰ ਦਿਤੀ। ਬਰਛੀ ਲੋਹੇ ਦੀ ਅਹਿਰਨ ਨੂੰ ਚੀਰ ਕੇ ਗੁਰੂ ਜੀ ਦੀ ਹਥੇਲੀ ਵਿਚ ਜਾ ਲੱਗੀ। (ਸਭ ਕਰਾਮਾਤ)

ਕਾਲੇ ਨੇ ਜਵਾਬੀ ਵਾਰ ਨਾਲ ਜੈਤ ਪਿਰਾਣੇ ਦਾ ਸਿਰ ਉਡਾ ਦਿਤਾ।

Digitized by Panjab Digital Library | www.panjabdigilib.org

ਅੰਸੂ ੯

(ਮਰ੍ਹਾਜ ਪਿੰਡ ਵੱਸਿਆ)

ਮਰ੍ਹਾਜ ਕਿਆਂ ਆ ਕੇ ਗੁਰੂ ਜੀ ਦਾ ਧੰਨਵਾਦ ਕੀਤਾ। ਗੁਰੂ ਜੀ ਨੇ ਆਪਣੀ ਹਥੇਲੀ ਵਿਖਾਈ, ਅਹਿਰਨ ਚੀਰ ਕੇ ਜਿੱਥੇ ਜੈਤ ਦੀ ਬਰਛੀ ਦੀ ਨੋਕ ਚੁਭੀ ਸੀ।

ਮਰ੍ਹਾਜ ਕਿਆਂ ਓਥੇ ਨੱਗਰ 'ਮਰ੍ਹਾਜ' ਵਸਾ ਲਿਆ।

ਮਰ੍ਹਾਜ ਕੇ ਸਿੱਖ ਬਣੇ। ਗੁਰੂ ਜੀ ਨੇ ਹੋਰ ਸਿੱਖਾਂ ਨੂੰ ਪ੍ਰੇਰ ਕੇ ਉਹਨਾਂ ਨਾਲ ਰਿਸ਼ਤੇ ਵੀ ਕਰਵਾ ਦਿਤੇ।

ਕਾਲੇ ਦਾ ਭਰਾ ਭਰਜਾਈ ਮਰ ਗਏ। ਪਿਛੇ ਰਹਿ ਗਏ ਕਾਲੇ ਦੇ ਦੋ ਭਤੀਜੇ 'ਲੋਹੀਆ' ਅਤੇ 'ਸੰਧਲੀ'।

ਇਕ ਦਿਨ ਕਾਲਾ ਦੋਹਾਂ ਭਤੀਜਿਆਂ ਨੂੰ ਨਾਲ ਲੈ ਕੇ ਆਇਆ। ਉਹਨਾਂ ਦੋਹਾਂ ਨੇ ਗੁਰੂ ਸਾਹਿਬ ਦੇ ਸਾਮ੍ਹਣੇ ਆ ਕੇ ਢਿੱਡ ਵਜਾਏ।

ਗੁਰੂ ਜੀ ਨੇ ਵਰ ਦਿਤਾ, ਇਹਨਾਂ ਦੀ ਔਲਾਦ ਰਾਜ ਕਰੇਗੀ।

ਇਸ ਵਰ ਬਾਰੇ ਸੁਣ ਕੇ ਕਾਲੇ ਦੀ ਪਤਨੀ ਬੜੀ ਨਾਰਾਜ਼ ਹੋਈ। ਉਸ ਦੇ ਪ੍ਰੇਰਨ 'ਤੇ ਅਗਲੇ ਦਿਨ ਕਾਲਾ ਆਪਣੇ ਪੁੱਤਰਾਂ ਨੂੰ ਲੈ ਗਿਆ। ਓਸੇ ਤਰ੍ਹਾਂ ਉਹਨਾਂ ਢਿਡ ਵਜਾਏ।

ਗੁਰੂ ਜੀ ਨੇ ਸਾਰੀ ਕਹਾਣੀ ਸੁਣ ਕੇ ਕਿਹਾ, ਇਹ ਵੀ ਆਪਣੀ ਧਰਤੀ ਦੇ ਮਾਲਕ ਹੋਣਗੇ, ਤੇ ਮਾਮਲਾ ਨਹੀਂ ਭਰਨਗੇ।

ਦੋਹਾਂ ਭਤੀਜਿਆਂ ਦੀ ਅੰਸ ਪਟਿਆਲੇ ਤੇ ਨਾਭੇ[1] ਵਾਲੇ ਹਨ। ਕਾਲੇ ਦੀ ਅੰਸ ਵੀ ਮਾਮਲਾ ਮੁਕਤ ਹੈ।

ਅੰਸੂ ੧੦

(ਗੌਰਾ ਦਾ ਜਨਮ—ਭਗਤੂ ਦੀ ਕੰਵਾਰੀ ਪਤਨੀ)

ਭਾਈ ਭਗਤੂ ਦੀ ਪਤਨੀ ਤਿੰਨ ਦਿਨ ਪ੍ਰਸੂਤ-ਕਸ਼ਟ ਨਾਲ ਤੜਪਦੀ ਰਹੀ। ਸੰਗਤਾਂ ਦੇ ਕਹਿਣ ਉਤੇ ਭਗਤੂ ਦੇ ਵਰ ਨਾਲ ਪਹਿਲਾ ਪੁੱਤਰ 'ਗੌਰਾ' ਜਨਮਿਆਂ। ਫਿਰ ਭਗਤੂ ਦੇ ਘਰ ਦੂਸਰਾ ਪੁੱਤਰ 'ਜੀਵਨ' ਹੋਇਆ। ਵੱਡੇ ਪੁੱਤਰ ਨੇ ਬਠਿੰਡੇ ਵਿਚ ਰਾਜ ਕੀਤਾ।

ਜਿਸ ਕੰਨਿਆਂ ਨਾਲ ਭਾਈ ਭਗਤੂ ਖੇਤ ਵਿਚ ਵਿਆਹ ਕਰ ਗਿਆ ਸੀ। ਉਸ ਕੰਨਿਆਂ ਨੇ ਘਰ ਮਾਪਿਆਂ ਨੂੰ ਸਾਰੀ ਗੱਲ ਜਾ ਦੱਸੀ। ਕੰਨਿਆਂ ਨੇ ਕਿਹਾ, ਮੈਂ ਹੁਣ ਹੋਰ ਕਿਸੇ ਨਾਲ ਵਿਆਹ ਨਹੀਂ ਕਰਨਾ। ਜਦ ਇਹ ਖ਼ਬਰ ਪਹੁੰਚੀ, ਕਿ ਭਾਈ ਭਗਤੂ

---

1. ਵੇਖੋ 'ਸਿੱਖ ਮਿਸਲਾਂ ਤੇ ਸਰਦਾਰ ਘਰਾਣੇ।'

Digitized by Panjab Digital Library | www.panjabdigilib.org

ਸੁਰਗਵਾਸ ਹੋ ਗਿਆ ਹੈ, ਤਾਂ ਉਸ ਕੰਨਿਆਂ ਨੇ ਵਿਧਵਾ ਵਾਲੇ ਕੱਪੜੇ ਪਹਿਨ ਲਏ।

ਲੜਕੀ ਦੇ ਪਿਤਾ ਨੇ ਸਾਰੀ ਗੱਲ ਗੌਰੇ ਨੂੰ ਜਾ ਕੇ ਦੱਸੀ। ਗੌਰਾ ਜੰਞ ਲੈ ਕੇ ਆਇਆ। ਭਾਈ ਭਗਤੂ ਦੀ ਛੜੀ ਨਾਲ ਉਸ ਕੰਨਿਆਂ ਦਾ ਵਿਆਹ ਕਰ ਕੇ, ਡੋਲੇ ਵਿਚ ਪਾ ਕੇ ਗੌਰਾ ਆਪਣੇ ਘਰ ਲੈ ਗਿਆ, ਤੇ ਉਸ ਨੂੰ 'ਮਾਤਾ' ਬਣਾ ਕੇ ਰਖਿਆ।

ਗੌਰਾ ਗੁਰੂ ਜੀ ਦੇ ਦਰਸ਼ਨ ਨੂੰ ਗਿਆ, ਤੇ ਭੇਟਾ ਧਰੀਆਂ।

ਗੁਰੂ ਜੀ ਉਪਰ ਉਸ ਸਮੇਂ 'ਜੱਸਾ' ਚੌਰ ਕਰ ਰਿਹਾ ਸੀ। ਉਸ ਨੇ ਗੌਰੇ ਨੂੰ ਮਜ਼ਾਕ ਨਾਲ ਕਿਹਾ, 'ਭਾਈ ਭਗਤੂ ਤਾਂ ਗੁਜ਼ਰ ਗਏ ਹਨ। ਉਹਨਾਂ ਦੀ ਜਵਾਨ ਪਤਨੀ ਮੇਰੇ ਘਰ ਬਿਠਾ ਦਿਓ।'

ਗੁਰੂ ਜੀ ਦੀ ਮੌਜੂਦਗੀ ਵਿਚ ਗੌਰਾ ਗੁੱਸੇ ਨੂੰ ਵਿਚੇ ਵਿਚ ਪੀ ਗਿਆ ਤੇ ਚੁੱਪ ਰਿਹਾ

ਗੌਰੇ ਦਾ ਪੂਰਾ ਨਾਮ 'ਗੌਰ ਸਾਲ' ਵੀ ਲਿਖਿਆ ਹੈ।

ਗੌਰੇ ਨੇ ਫ਼ੈਸਲਾ ਕਰ ਲਿਆ, ਕਿ 'ਜੱਸੇ' ਨੂੰ ਮਾਰ ਕੇ ਇਸ ਬੋਲੀ ਦਾ ਬਦਲਾ ਲੈਣਾ ਹੈ।

ਅੰਸੂ ੧੧

(ਜੱਸੇ ਦੀ ਮੌਤ—ਗੌਰੇ ਨੂੰ ਸਰਾਪ)

ਗੌਰੇ ਨੇ ਆਪਣੇ ਆਦਮੀ ਜੱਸੇ ਨੂੰ ਮਾਰਨ ਵਾਸਤੇ ਉਸ ਦੇ ਮਗਰ ਲਗਾ ਦਿਤੇ। ਇਕ ਦਿਨ ਜੱਸਾ ਇਕੱਲਾ ਘੋੜੇ 'ਤੇ ਫਿਰਦਾ ਬਾਹਰ ਮਿਲ ਪਿਆ। ਗੌਰੇ ਦੇ ਆਦਮੀਆਂ ਨੇ ਗੋਲੀ ਮਾਰ ਕੇ ਜੱਸੇ ਨੂੰ ਮਾਰ ਦਿਤਾ।

ਗੁਰੂ ਜੀ ਨੇ ਜੱਸੇ ਦੀ ਮੌਤ ਦੀ ਖ਼ਬਰ ਸੁਣੀ, ਤਾਂ ਸੋਚਿਆ,

"ਜੇ ਕਰਿ ਇਸ ਕੋ ਕੁਛ ਨਹਿਂ ਕਹੈਂ।
ਨਹੀਂ ਅਦਬ ਸਿੱਖਨਿ ਮਹਿਂ ਰਹੈ।੧੨।"

ਗੁੱਸੇ ਵਿਚ ਆ ਕੇ ਗੁਰੂ ਜੀ ਨੇ ਗੌਰੇ ਨੂੰ ਸਰਾਪ ਦਿਤੇ :

"ਭਗਤ ਕੇਰ ਨਨਾਵਾ[1] ਨਾਇ।
ਤਬ ਤੇ ਧਰਯੋ, ਨ ਅਪਰ ਅਲਾਇ।...।"

ਗੁਰੂ ਜੀ ਨੇ ਗੌਰੇ ਨੂੰ ਇਕ ਸੌ ਇਕ ਸਰਾਪ ਦਿਤੇ : ਨਿਨਾਵਾਂ, ਪੱਥਰ ਦਾ ਕੀੜਾ, ਬਿੱਲੇ ਦੀਆਂ ਅੱਖਾਂ ਵਾਲਾ, ਸੂਰ, ਕੁੱਤਾ, ਬਘਿਆੜ, ਹਰਨ, ਸ਼ੇਰ, ਕੁੱਕੜ, ਤੋਤਾ, ਲਾਲ ਸਿਰ ਵਾਲਾ ਬਗਲਾ, ਕੰਨ ਖਜੂਰਾ, ਸੱਪ, ਕੇਕੜਾ, ਡੱਡੂ, ਕਿਰਲੀ, ਕਨਕੋਲ, ਆਦਿ ਦੀ ਜੂਨ ਭੋਗੇਗਾ। ਫਾਹੇ ਲੱਗ ਕੇ ਮਰੇਗਾ। ਇਸ ਦੀ ਕੁਲ ਦੇ ਬਹੁਤੇ ਅੰਤਰੇ ਜਾਣਗੇ। ਆਦਿ। ਨਾਲ ਹੀ ਕਿਹਾ, ਕਿ ਉਹ ਸਾਡੇ ਮੱਥੇ ਨਾ ਲੱਗੇ। ਨਾ ਹੀ ਕੋਈ ਉਸ ਦੀ ਸਿਫ਼ਾਰਸ਼ ਕਰੇ।

---

1. ਜਿਸ ਦੇ ਪਿਤਾ ਦਾ ਪਤਾ ਨਾ ਹੋਵੇ। ਗਾਹਲ।

Digitized by Panjab Digital Library | www.panjabdigilib.org

ਗੁਰੂ ਜੀ ਨੇ ਜੱਸੇ ਦੀ ਲੱਥ ਮੰਗ਼ਵਾ ਕੇ ਸਸਕਾਰ ਕੀਤਾ। ਅਗਲੇ ਦਿਨ ਗੁਰੂ ਜੀ ਨੇ ਉੱਥੋਂ ਕੂਚ ਕਰ ਦਿਤਾ।

ਗੌਰੇ ਨੇ ਸਭ ਵਾਰਤਾ ਸੁਣੀ, ਤਾਂ ਸਰਾਪ ਬਖ਼ਸ਼ਾਉਣ ਦੀ ਧਾਰ ਕੇ ਗੁਰੂ ਜੀ ਦੇ ਮਗਰ ਲੱਗ ਤੁਰਿਆ। ਉਹ ਗੁਰੂ ਜੀ ਤੋਂ ਮੀਲ-ਕੁ ਦੂਰ ਡੇਰਾ ਕਰ ਲਵੇ।

ਚਲਦੇ ਚਲਦੇ ਗੁਰੂ ਜੀ ਕੀਰਤਪੁਰ ਜਾ ਪਹੁੰਚੇ। ਗੌਰੇ ਨੇ ਇਕ ਕੋਹ ਦੂਰ ਹੀ ਡੇਰਾ ਲਾ ਦਿਤਾ।

ਅੰਸੂ ੧੨

(ਗੁਰੂ ਜੀ ਦਾ ਨਿੱਤ-ਕਰਮ)

(ਗੁਰੂ ਜੀ ਦੀ ਤਾਰੀਫ਼ ਕਰਦੇ ਕਵੀ ਜੀ ਲਿਖਦੇ ਹਨ:)

"ਦੁਇ ਮੁਖ ਮੰਡਲ ਕਾਨਨ ਕੁੰਡਲ।...੧੮।"

(ਕੀ ਗੁਰੂ ਜੀ ਕੰਨਾਂ ਵਿਚ ਕੁੰਡਲ=ਵਾਲੇ ਵੀ ਪਾਉਂਦੇ ਸਨ? ਇਹ ਸਿਰਫ਼ ਕਵਿਤਾ ਅਲੰਕਾਰ ਹੈ, ਅਸਲੀਅਤ ਨਹੀਂ।)

ਗੁਰਦੇਵ ਅੰਮ੍ਰਿਤ ਵੇਲੇ ਸਿਮਰਨ ਕਰਦੇ, ਫਿਰ ਕੀਰਤਨ ਹੁੰਦਾ।

"ਘਸ ਚੰਦਨ ਕੋ ਕੇਸਰ ਸਾਥ।
ਆਨਹਿ ਦਾਸ ਧਰੇ ਜੁਗ ਹਾਥ।
ਸੁਭਹਿ ਗੁਰਮੁਖੀ ਦੀਰਘ ਨੀਕਾ।
ਨਿਜ ਕਰ ਸੰਗ ਨਿਕਾਸਹਿ ਟੀਕਾ।੨੭।"

(ਕਵੀ ਜੀ ਦੇ ਮਨ ਤੇ ਬ੍ਰਹਮਣੀ ਧਰਮ ਦਾ ਏਨਾ ਅਸਰ ਹੈ, ਕਿ ਉਹ ਗੁਰੂ ਸਾਹਿਬਾਨ ਨੂੰ 'ਤਿਲਕ' ਲਾਉਂਦੇ ਸਾਬਤ ਕਰਦੇ ਹਨ।),

ਹਰ ਰੁੱਤ ਵਿਚ ਗੁਰੂ ਜੀ ਇੱਕ ਸੌ ਇੱਕ ਗਾਗਰ ਜਲ ਨਾਲ, ਇਸ਼ਨਾਨ ਕਰਦੇ ਸਨ।

ਅੰਸੂ ੧੩

(ਗੁਰੂ ਜੀ ਦਾ ਡੇਰਾ, ਤੁਰਕਾਂ, ਦੇ ਘੇਰੇ ਵਿਚ)

ਗੁਰੂ ਜੀ ਫ਼ੌਜ ਸਣੇ ਸਤਲੁਜ ਵੱਲ ਗਏ। (ਕਵੀ ਜੀ ਇਸ਼ਾਰਾ ਕਰਦੇ ਹਨ, ਪਰ ਪੂਰਾ ਵੇਰਵਾ ਨਹੀਂ।)

"ਕੇਤਿਕ ਮਹਿਲਾਂ ਕੇ ਸੰਗ ਡੋਹੇ[1]।..੯।"

ਗੁਰੂ ਜੀ ਤੋਂ ਇਕ ਕੋਹ ਦੂਰ ਗੌਰੇ ਨੇ ਵੀ ਆ ਉਤਾਰਾ ਕੀਤਾ। ਉਸ ਦੇ ਨਾਲ

---

1. ਡੋਲੇ।

Digitized by Panjab Digital Library | www.panjabdigilib.org

ਤਿੰਨ ਸੌ ਅਸਵਾਰ ਸੀ ।

ਅਗਲੇ ਦਿਨ ਓਥੋਂ ਸਭ ਤੁਰ ਪਏ । ਗੁਰੂ ਜੀ ਸਣੇ ਫ਼ੌਜ ਅੱਗੇ ਚਲੇ ਗਏ, ਤੇ ਮਾਈਆਂ ਦੇ ਡੋਲੇ ਪਿਛੇ ਰਹਿ ਗਏ । ਉਹਨਾਂ ਦੇ ਮਗਰ ਗੌਰਾ ਆ ਰਿਹਾ ਸੀ ।

ਲਾਹੌਰ ਤੋਂ ਦਿੱਲੀ ਵੱਲ ਇਕ ਮੁਸਲਮ ਅਫ਼ਸਰ ਫ਼ੌਜ ਲੈ ਕੇ ਜਾ ਰਿਹਾ ਸੀ । (ਕਵੀ ਜੀ ਦੇ ਕਥਨ ਅਨਸਾਰ) ਉਹ ਮੁਖ਼ਲਸਖ਼ਾਨ ਦਾ ਪੋਤਰਾ ਸੀ । ਉਹਨਾਂ ਗੁਰੂ ਜੀ ਦੇ ਵਹੀਰ ਨੂੰ ਲੁੱਟਣ ਦਾ ਮਨ ਬਣਾ ਲਿਆ । ਗੁਰੂ ਜੀ ਨੂੰ ਖ਼ਬਰ ਪੁੱਜੀ, ਤਾਂ ਉਹਨਾਂ ਕਿਹਾ, ਸਾਨੂੰ ਪਿਤਾ ਜੀ ਵੱਲੋਂ ਜੰਗ ਕਰਨ ਦੀ ਆਗਿਆ ਨਹੀਂ । ਭਗਤੂ ਦਾ ਨਿਨਾਵਾਂ (ਗੌਰਾ) ਆਪੇ ਬਜਾ ਲਵੇਗਾ ।

ਗੌਰਾ ਮੁਸਲਮ ਫ਼ੌਜ ਨਾਲ ਲੜਨ ਵਾਸਤੇ ਤਿਆਰ ਹੋ ਪਿਆ ।

ਅੰਸੂ ੧੪

(ਗੌਰੇ ਦਾ ਤੁਰਕਾਂ ਨਾਲ ਜੰਗ)

ਤੁਰਕ ਫ਼ੌਜ ਗੁਰੂ ਜੀ ਦਾ ਵਹੀਰ ਲੁੱਟਣ ਵਾਸਤੇ ਅੱਗੇ ਵਧੀ, ਤਾਂ ਗੌਰੇ ਨੇ ਰਸਤਾ ਰੋਕ ਲਿਆ । ਉਹ ਪੂਰੇ ਸੂਰਮਿਆਂ ਵਾਂਗ ਲੜਿਆ । ਏਨੇ ਚਿਰ ਵਹੀਰ ਸਹੀ ਸਲਾਮਤ ਕੀਰਤ ਪੁਰ ਜਾ ਪੁੱਜਾ ।

ਓਧਰ ਰਾਤ ਦੇ ਹਨੇਰੇ ਕਾਰਨ ਲੜਾਈ ਬੰਦ ਹੋਈ । ਗੌਰਾ ਕੀਰਤਪੁਰ ਵੱਲ ਤੁਰ ਪਿਆ, ਪਰ ਨੱਗਰ ਤੋਂ ਇਕ ਕੋਹ ਬਾਹਰ ਹੀ ਡੇਰਾ ਲਾ ਲਿਆ ।

ਸਾਰੀ ਕਹਾਣੀ ਸੁਣ ਕੇ ਗੁਰੂ ਜੀ ਨੇ ਗੌਰੇ ਨੂੰ ਬੁਲਾ ਭੇਜਿਆ । ਗੌਰੇ ਨੇ ਕਿਹਾ, ਮੈਂ ਫ਼ੌਜ ਦਾ ਡੇਰਾ ਕਰਾ ਕੇ ਤੇ ਕੱਪੜੇ ਬਦਲ ਕੇ ਆਉਂਦਾ ਹਾਂ । ਗੁਰੂ ਜੀ ਨੇ ਫਿਰ ਸੇਵਕ ਭੇਜਿਆ, ਕਿ ਹੁਣੇ ਆਵੇ, ਨਹੀਂ ਤਾਂ ਅਸੀਂ ਆਪ ਉਸ ਪਾਸ ਆਵਾਂਗੇ ।

ਗੌਰਾ ਓਸੇ ਤਰਾਂ ਸ਼ਸਤਰ ਪਹਿਨੇ ਤੁਰ ਪਿਆ ।

ਅੰਸੂ ੧੫

(ਗੌਰੇ ਦੇ ਸਰਾਪ ਬਖ਼ਸ਼ੇ)

ਗੌਰੇ ਨੇ ਮਹਾਰਾਜ ਦੇ ਸਾਮ੍ਹਣੇ ਖਲੋ ਕੇ ਹੱਥ ਜੋੜ ਕੇ ਕਿਹਾ,

"ਅਪਰਾਧੀ ਮੈਂ ਨਾਥ ਤਿਹਾਰੋ ।
ਬਖ਼ਸ਼ਹੁ ਅਪਨੋ ਦਾਸ ਬਿਚਾਰੋ ।੪।"

ਗੁਰੂ ਜੀ ਨੇ ਪਰਸੰਨ ਹੋ ਕੇ, ਇੱਕ ਇੱਕ ਕਰਕੇ ਸਾਰੇ ਸਰਾਪ ਬਖ਼ਸ਼ ਦਿਤੇ । ਗੌਰੇ ਨੇ ਹੱਥ ਜੋੜ ਕੇ ਕਿਹਾ, 'ਗੁਰਦੇਵ ! ਹੋਰ ਸਾਰੇ ਸਰਾਪ ਬਖ਼ਸ਼ ਦਿਹੋ, ਪਰ ਇਕ ਫਾਂਸੀ ਵਾਲਾ ਰਹਿਣ ਦਿਹੋ । ਨਹੀਂ ਤਾਂ ਲੋਕ ਕਹਿਣਗੇ, ਗੁਰੂ ਜੀ ਦਾ ਕੋਈ ਸਰਾਪ ਵੀ ਸਫਲ ਨਹੀਂ ਹੋਇਆ ।

Digitized by Panjab Digital Library | www.panjabdigilib.org

ਗੁਰੂ ਜੀ ਨੇ ਕਿਹਾ, 'ਹੱਛਾ, ਫਾਂਸੀ ਵਾਲਾ ਸਰਾਪ ਕਾਇਮ ਰਹੇਗਾ।'

ਫਿਰ ਗੁਰੂ ਜੀ ਨੇ ਪਾਸ ਬਿਠਾ ਕੇ ਉਸਦੇ ਸਰੀਰ ਉਤੇ ਕਈ ਫੱਟ ਲੱਗੇ ਵੇਖੇ।

ਅਗਲੇ ਦਿਨ ਭਰੀ ਸੰਗਤ ਵਿਚ ਗੁਰੂ ਜੀ ਨੇ ਗੌਰੇ ਨੂੰ ਸਿਰੋਪਾਉ ਦੇ ਕੇ ਵਿਦਿਆ ਕੀਤਾ।

ਕੁਛ ਦਿਨ ਪਿਛੋਂ ਗੁਰੂ ਜੀ ਕਰਤਾਰਪੁਰ ਧੀਰਮੱਲ ਕੋਲ ਆ ਗਏ।

"ਧੀਰ ਮੱਲ ਬੂਝੀ ਸੁ ਲਰਾਈ।
'ਕਿਮ ਆਵਤਿ ਇਹ ਬਾਦ ਮਚਾਈ ?੩੭।
ਤੁਰਕਨ ਸੋਂ ਬਿਰੋਧ ਨਹਿਂ ਕਰੀਅਹਿ।
ਛੇਮ ਸਹਿਤ ਘਰ ਸਮਾਂ ਗੁਜ਼ਰੀਅਹਿ।...੩੮।"

ਗੁਰੂ ਜੀ ਨੇ ਲੜਾਈ ਦਾ ਤੇ ਗੌਰੇ ਦਾ ਸਾਰਾ ਹਾਲ ਕਹਿ ਸੁਣਾਇਆ।

ਅੰਸੂ ੧੬

(ਪੰਡਤ ਦਾ ਪੁੱਤਰ ਮੋਇਆ)

ਵਿਸਾਖੀ ਦਾ ਮੇੱਲਾ ਗੁਰੂ ਜੀ ਨੇ ਕਰਤਾਰਪੁਰ ਹੀ ਕੀਤਾ। ਬੇਅੰਤ ਸੰਗਤਾਂ ਆਈਆਂ।

ਪੰਡਤ ਦਾ ਇਕਲੋਤਾ ਪੁੱਤਰ ਬਾਰਾਂ ਸਾਲ ਦੀ ਉਮਰ ਵਿਚ ਮਰ ਗਿਆ। ਉਹਨਾਂ ਲੋਥ ਚੁਕ ਕੇ ਗੁਰੂ ਜੀ ਦੇ ਦੁਆਰੇ 'ਤੇ ਜਾ ਧਰੀ।

ਅੰਸੂ ੧੭

(ਪੰਡਤ ਦਾ ਪੁੱਤਰ ਜਿਵਾਇਆ)

ਮਸੰਦਾਂ ਨੇ ਜਾ ਕੇ ਕਿਹਾ, ਕਿ ਭਾਣਾ ਮੰਨੋ, ਤੇ ਪੁੱਤਰ ਨੂੰ ਲੈ ਜਾਵੋ। ਪੰਡਤ ਨੇ ਕਿਹਾ, ਇਹ ਪੁੱਤਰ ਗੁਰੂ ਨੇ ਦਿੱਤਾ ਸੀ, ਤੇ ਅਸੀਂ ਇਸਨੂੰ ਦਸਵੰਧੀ ਬਣਾਇਆ ਹੈ। ਅਸੀਂ ਕਿਵੇਂ ਚਲੇ ਜਾਈਏ।

(ਦਸਵੰਧੀ=ਜਾਇਦੀ ਕਮਾਈ ਵਿਚੋਂ ਦਸਵੰਧ ਦੇਣ ਦਾ ਪ੍ਰਣ ਹੋਵੇ।)

ਸੰਗਤਾਂ ਨੇ ਪੰਡਤ ਦੀ ਸਿਫ਼ਾਰਸ਼ ਕੀਤੀ, ਤਾਂ ਗੁਰੂ ਜੀ ਨੇ ਕਿਹਾ, ਫਿਰ ਕੋਈ ਆਪਣੀ ਉਮਰ ਦੇ ਦੇਵੇ।

ਸਾਰੀ ਸੰਗਤ ਨੇ ਨੀਂਵੀਂ ਪਾ ਲਈ। ਕੋਈ ਬੋਲਿਆ ਤਕ ਨਾ। ਗੁਰੂ ਜੀ ਨੇ ਤੀਸਰੀ ਵਾਰ ਪੁਛਿਆ, ਤਾਂ ਭਾਈ ਭਗਤੂ ਦਾ ਛੋਟਾ ਪੁੱਤਰ 'ਜੀਵਣ' ਉਠਿਆ। ਚਾਦਰ ਤਾਣ ਕੇ ਉਸਨੇ ਪ੍ਰਾਣ ਤਿਆਗ ਦਿਤੇ। ਓਧਰ ਪੰਡਤ ਦਾ ਪੁੱਤਰ ਜ਼ਿੰਦਾ ਹੋ ਗਿਆ।

Digitized by Panjab Digital Library | www.panjabdigilib.org

ਅੰਸੂ ੧੮

(ਸ਼ਕਰ ਗੰਗ ਦੀ ਕਥਾ)

(ਏਥੇ ਕਵੀ ਜੀ ਰਾਮ ਚੰਦਰ ਜੀ ਦਾ ਜ਼ਿਕਰ ਕਰਦੇ ਹਨ ।)

"ਰਾਮ ਚੰਦਰ ਕੇ ਪੌਰ ਜਿਮ, ਮ੍ਰਿਤਕ ਬਿੱਪ੍ਰ ਸੁਤ ਜਯਾਹਿ ।੧।"

(ਜਿਵੇਂ ਰਾਮ ਚੰਦਰ ਨੇ ਪੰਡਤ ਦਾ ਪੁੱਤਰ ਜ਼ਿੰਦਾ ਕੀਤਾ ਸੀ ।) (ਇਹ ਰਾਮਾਇਣ ਦੀ ਕਥਾ ਹੈ, ਬਨਵਾਸ ਪੂਰਾ ਕਰ ਕੇ, ਜਦ ਰਾਮ ਚੰਦਰ ਜੀ ਤਖ਼ਤ 'ਤੇ ਬੈਠੇ, ਤਾਂ ਇਕ ਪੰਡਤ ਨੇ ਸ਼ਕਾਇਤ ਕੀਤੀ, ਕਿ ਮਹਾਰਾਜ ਦੇ ਰਾਜ ਵਿਚ ਕੋਈ ਪਾਪ ਹੋ ਰਿਹਾ ਹੈ। ਇਸ ਕਾਰਨ ਮੇਰਾ ਪੁੱਤਰ ਮਰ ਗਿਆ ਹੈ। ਬਾਲਮੀਕੀ ਰਾਮਾਇਣ ਅਨੁਸਾਰ 'ਸੰਬੂਕ' ਨਾਮ ਦਾ ਸ਼ੂਦਰ ਈਸ਼ਵਰ ਦੀ ਭਗਤੀ—ਪੁੱਠਾ ਲਟਕ ਕੇ—ਕਰ ਰਿਹਾ ਸੀ। ਬ੍ਰਹਿਮਣੀ ਧਰਮ ਅਨੁਸਾਰ ਸ਼ੂਦਰ ਨੂੰ ਈਸ਼ਵਰ ਭਗਤੀ ਦਾ ਹੱਕ ਨਹੀਂ ਸੀ। ਸੋ ਰਾਮ ਚੰਦਰ ਜੀ ਨੇ 'ਸੰਬੂਕ' ਨੂੰ ਕਤਲ ਕਰ ਦਿਤਾ। ਓਧਰ ਪੰਡਤ ਦਾ ਪੁੱਤਰ ਜਿਉਂ ਪਿਆ। ਕਵੀ ਜੀ ਭਾਈ ਭਗਤੂ ਦੇ ਬਲੀਦਾਨ ਨੂੰ ਉਪ੍ਰੋਕਤ ਘਟਨਾ ਨਾਲ ਮਿਲਾਉਂਦੇ ਹਨ, ਜੋ ਠੀਕ ਨਹੀਂ। ਜੀਵਨ ਨੇ ਖ਼ੁਸ਼ੀ ਨਾਲ ਜੀਵਨ ਅਰਪਣ ਕੀਤਾ ਹੈ।)

ਗੁਰੂ ਜੀ ਨੇ ਕਿਹਾ, ਪਤਾ ਕਰੋ, ਇਸ ਬੱਚੇ ਦੀ ਥਾਂ ਕਿਸ ਨੇ ਆਪਣਾ ਜੀਵਨ ਦਿਤਾ ਹੈ।

ਸਿੱਖਾਂ ਨੇ ਪਤਾ ਕਰ ਕੇ ਦਸਿਆ, ਕਿ ਭਾਈ ਭਗਤੂ ਦਾ ਛੋਟਾ ਪੁੱਤਰ ਜੀਵਨ ਸੁਰਗਵਾਸ ਹ ਗਿਆ ਹੈ।

ਗੁਰੂ ਜੀ ਨੇ ਕਿਹਾ, ਉਸ ਦੇ ਪੁੱਤਰ ਨੂੰ ਸਾਡੇ ਪਾਸ ਲੈ ਆਵੋ।

ਬਰਾੜਾਂ ਨੇ ਆ ਕੇ ਦੱਸਿਆ, 'ਜੀਵਨ ਅਜੇ ਅਠਾਰਾਂ ਬਰਸ ਦਾ ਹੋਇਆ ਸੀ। ਹੁਣੇ ਉਸ ਦਾ ਮੁਕਲਾਵਾ ਆਇਆ ਸੀ, ਉਸ ਦੇ ਘਰ ਬਾਲ ਹੋਣ ਵਾਲਾ ਹੈ।'

ਗੁਰੂ ਜੀ ਨੇ ਵਰ ਦਿਤਾ, ਜੀਵਨ ਦੇ ਘਰ ਜੋ ਪੁੱਤਰ ਹੋਵੇਗਾ, ਉਸ ਦਾ ਨਾਮ 'ਸੰਤ ਦਾਸ' ਰਖਣਾ। ਉਸ ਦੀ ਬੰਸ ਬਹੁਤ ਵਧੇਗੀ।

ਗੌਰੇ ਦੀ ਅੰਸ (ਕਵੀ ਜੀ ਦੇ ਸਮੇਂ) ਥੋੜੀ ਹੀ ਸੀ, ਪਰ ਸੰਤ ਦਾਸ ਦੀ ਅੰਸ ਬਹੁਤ ਵਧੀ।

'ਸ਼ਕਰ ਗੰਗ' (ਇਸ ਨੂੰ 'ਗੰਗ ਸਰ' ਵੀ ਕਹਿੰਦੇ ਹਨ।) ਦਾ ਟੱਪਾ ਪੰਜਵੇਂ ਪਾਤਸ਼ਾਹ ਲਾਇਆ। ਗੁਰੂ ਜੀ ਨੇ ਇਸ ਖੂਹ ਨੂੰ ਵਰ ਦਿਤੇ। ਖੂਹ ਤਿਆਰ ਹੋ ਗਿਆ, ਤਾਂ ਗੁਰੂ ਜੀ ਨੇ ਫ਼ੁਰਮਾਇਆ,

"ਗੰਗਾ ਸ਼੍ਰੋਤ ਹਮਹੁ ਇਤ ਆਨਾ।
ਪਾਵਨ ਕੀਨਿ ਲਾਇ ਉਦਪਾਨਾ।
ਜਿਮ ਇਸ਼ਨਾਨ 'ਸੁਰਸਰੀ' ਕੇਰਾ।
ਮਿਟਹਿੰ ਬ੍ਰਿਦ ਅਘ, ਪਾਵਨ ਫੇਰਾ ।੪੪।"

(ਲਉ, ਏਥੇ ਵੀ ਕਵੀ ਜੀ ਨੇ ਗੰਗਾ ਦਾ ਪ੍ਰਵਾਹ ਲੈ ਆਂਦਾ ਹੈ। ਕਵੀ ਜੀ ਦੀ

Digitized by Panjab Digital Library | www.panjabdigilib.org

ਨਜ਼ਰ ਵਿਚ ਓਹਾ ਜਲ ਪਵਿੱਤਰ ਹੈ, ਜਿੱਥੇ ਗੰਗਾ ਦਾ ਜਲ ਵਹੇ ।)

ਅੰਸੂ ੧੯

(ਰਾਮ ਰਾਏ ਬਾਰੇ)

ਰਾਮ ਰਾਏ ਨੇ ਧੀਰ ਮੱਲ ਨੂੰ ਚਿੱਠੀ ਲਿਖੀ, ਕਿ ਆਪ ਗੁਰੂ ਹਰਿਰਾਏ ਜੀ ਨੂੰ ਸਮਝਾਵੋ, ਕਿ ਗੱਦੀ ਮੈਨੂੰ ਦੇਣ, ਨਹੀਂ ਤਾਂ ਪ੍ਰਿਥੀਏ ਵਾਂਗ ਮੈਂ ਵੀ ਝਗੜਾ ਕਰਦਾ ਰਹਾਂਗਾ ।

ਫਿਰ ਧੀਰ ਮੱਲ ਤੇ ਮਾਤਾ ਨੱਤੀ ਰਲ ਕੇ ਗੁਰੂ ਜੀ ਪਾਸ ਗਏ । ਉਹਨਾਂ ਧੀਰ ਮੱਲ ਦੇ ਵਿਰੋਧ ਦਾ ਹਵਾਲਾ ਦੇਂਦਿਆਂ ਕਿਹਾ, ਕਿ ਰਾਮ ਰਾਏ ਨੂੰ ਗੱਦੀ ਦੇ ਦਿਹੋ, ਤਾਂਕਿ ਘਰ ਭਿਚ ਝਗੜਾ ਨਾ ਵਧੇ ।

ਅੰਸੂ ੨੦

(ਗੁਰੂ ਜੀ ਦਾ ਉੱਤਰ)

ਗੁਰੂ ਜੀ ਨੇ ਫ਼ੁਰਮਾਇਆ, ਕਿ ਗੱਦੀ ਅਧਿਕਾਰੀ ਨੂੰ ਹੀ ਮਿਲੇਗੀ । ਰਾਮਰਾਇ ਨੂੰ ਗੁਰੂ ਨਾਨਕ ਤੇ ਭਰੋਸਾ ਨਹੀਂ ।

ਅਗਲੇ ਦਿਨ ਹੀ ਕਰਤਾਰਪੁਰ ਛੱਡ ਕੇ ਗੁਰੂ ਜੀ ਕੀਹਤਪੁਰ ਆ ਗਏ ।

ਅੰਸੂ ੨੧

(ਸਿੱਖੀ ਜਹਾਜ਼ ਫੁਟਿਆ)

ਇਕ ਦਿਨ ਗੁਰੂ ਜੀ ਬਿਰਾਜ ਰਹੇ ਸਨ । ਕੁਛ ਸਿੱਖ ਸ਼ਬਦ ਪੜ੍ਹਦੇ ਆ ਰਹੇ ਸਨ । ਆਵਾਜ਼ ਕੰਨੀ ਪਈ, ਤਾਂ ਗੁਰਦੇਵ ਛੇਤੀ ਨਾਲ ਪਲੰਘ ਤੋਂ ਉਠੇ, ਤਾਂ ਲੱਤ ਉਤੇ ਕੁਛ ਚੋਟ ਆ ਗਈ । ਸਿੱਖਾਂ ਦੇ ਪੁੱਛਣ 'ਤੇ ਗੁਰੂ ਜੀ ਨੇ ਦੱਸਿਆ,ਕਿ ਗੁਰਬਾਣੀ ਦਾ ਸਤਕਾਰ ਸਭ ਤੋਂ ਉਪਰ ਹੈ ।

"ਜਿਨ ਭੈ ਅਦਬ¡ਨ ਬਾਨੀ ਧਾਰਾ ।
ਜਾਨਹੁ ਸੋ ਦਿੱਖ ਨਹੀਂ ਹਮਾਰਾ ।੨੦।"

ਇਕ ਦਿਨ ਗੁਰਦੇਵ ਇਕ ਪਹਾੜੀ ਉਤੇ ਚੋਖਾ ਚਿਰ ਖਲੇ ਰਹੇ । ਸਿੱਖਾਂ ਦੇ ਪੁੱਛਣ 'ਤੇ ਮਹਾਰਾਜ ਨੇ ਕਿਹਾ, 'ਗੁਰੂ ਨਾਨਕ ਦੀ ਸਿੱਖੀ ਦਾ ਜਹਾਜ਼ ਫੁੱਟ ਗਿਆ ਹੈ । ਸਭ ਵੱਖ ਵੱਖ ਹੋ ਗਏ ਹਨ ।'

ਸਿੱਖਾਂ ਦੇ ਅਰਜ਼ੋਈਆਂ ਕਰਨ 'ਤੇ ਮਹਾਰਾਜ ਨੇ ਫ਼ੁਰਮਾਇਆ, 'ਦਸਵੇਂ ਜਾਮੇਂ ਵਿਚ ਅਸੀਂ ਇਹ ਫੁੱਟਿਆ ਜਹਾਜ਼ ਫਿਰ ਇਕ ਕਰ ਦਿਆਂਗੇ ।'

Digitized by Panjab Digital Library | www.panjabdigilib.org

ਅੰਸੂ ੨੨

(ਧੁੰਧ ਤੇ ਉਤੰਕ ਰਿਖੀ)

ਗੁਰੂ ਜੀ ਨੇ ਸਾਰੇ ਮਸੰਦਾਂ ਤੇ ਸੰਗਤਾਂ ਨੂੰ ਕੀਰਤਪੁਰ ਪੁੱਜਣ ਦੇ ਹੁਕਮਨਾਮੇ ਭੇਜੇ। ਬੇਅੰਤ ਸੰਗਤ ਆਈ। ਗੁਰੂ ਜੀ ਨੇ ਸੰਗਤ ਨੂੰ ਕਥਾ ਸੁਣਾਈ।

ਮਧੁਕੈਟਭ ਦੇ ਸਰੀਰ ਤੋਂ 'ਧੁੰਧ' ਨਾਮ ਦਾ ਰਾਖ਼ਸ਼ ਪੈਦਾ ਹੋਇਆ। ਧੁੰਧ ਨੇ ਇਕ ਪੈਰ 'ਤੇ ਖਲੋ ਕੇ ਬੜਾ ਤਪ ਕੀਤਾ, ਤੇ ਦੇਵਤਿਆਂ ਤੋਂ ਵਰ ਪ੍ਰਾਪਤ ਕੀਤੇ। ਫਿਰ ਉਹਨੇ ਬਹੁਤ ਸਾਰੇ ਦੇਵਤਿਆਂ ਨੂੰ ਜਿੱਤ ਲਿਆ। ਉਹ ਵਿਸ਼ਨੂੰ ਨੂੰ ਜਿੱਤਣ ਵਾਸਤੇ ਭਾਲਦਾ ਰਿਹਾ, ਮਰ ਵਿਸ਼ਨੂੰ ਮਿਲਿਆ ਨਾ। ਸਾਰੇ ਪਾਸੇ ਫ਼ਤਹਿ ਕਰ ਕੇ ਉਹ ਲੰਮੀ ਨੀਂਦ ਸੌਂ ਗਿਆ। ਉਹ ਚੋਖਾ ਚਿਰ ਸੁੱਤਾ ਰਿਹਾ। ਉਹਦੇ ਉਤੇ ਮਿੱਟੀ ਜੰਮ ਗਈ, ਤੇ ਉਪਰ ਦਰਖ਼ਤ ਉਗ ਪਏ। ਸਾਲ ਪਿਛੋਂ ਉਹ ਇਕ ਵਾਰ ਸਾਹ ਲੈਂਦਾ, ਤਾਂ ਹਨ੍ਹੇਰੀ ਆ ਜਾਂਦੀ। ਜਿਸ ਨਾਲ ਕਈ ਦਰਖ਼ਤ ਉਖੜ ਕੇ ਡਿਗ ਪੈਂਦੇ।

ਉਸ ਦੇ ਨੇੜੇ 'ਉਤੰਕ' ਰਿਖੀ ਦਾ ਆਸ਼ਰਮ ਸੀ। ਉਹ ਸਦਾ ਵਿਸ਼ਨੂ ਦਾ ਜਾਪ ਕਰਦਾ। ਵਿਸ਼ਨੂੰ ਪਰਗਟ ਹੋਇਆ। ਉਤੰਕ ਰਿਖੀ ਨੇ ਕਿਹਾ, ਕਿ ਇਹ ਦੈਂਤ (ਧੁੰਧ) ਮੇਰੇ ਤਪ ਵਿਚ ਵਿਘਨ ਪਾਉਂਦਾ ਹੈ। ਇਸ ਨੂੰ ਖ਼ਤਮ ਕਰੋ। ਵਿਸ਼ਨੂੰ ਨੇ ਕਿਹਾ, 'ਇਖਵਾਕ' ਦੀ ਕੁਲ ਵਿਚੋਂ ਜੋ ਰਾਜਾ ਹੈ, ਉਸ ਨੂੰ ਜਾ ਕੇ ਪ੍ਰੇਰੋ। ਮੈਂ ਉਸ ਦੇ ਸਰੀਰ ਵਿਚ ਹੋ ਕੇ ਦੈਂਤ ਨੂੰ ਮਾਰਾਂਗਾ।

ਅੰਸੂ ੨੩

(ਧੁੰਧ ਨਾਲ ਜੰਗ ਦੀ ਤਿਆਰੀ)

ਉਤੰਕ ਮੁਨੀ ਅਯੁੱਧਿਆ ਜਾ ਕੇ ਰਾਜੇ ਨੂੰ ਮਿਲਿਆ, ਕਿ 'ਧੁੰਧ' ਦੈਂਤ ਨੂੰ ਮਾਰਨ ਦਾ ਉੱਦਮ ਕਰੋ। ਰਾਜੇ ਦੇ ਪੁੱਤਰ ਇੱਕੀ ਹਜ਼ਾਰ ਸਨ। ਸਭ ਤਿਆਰ ਹੋ ਪਏ। ਨਾਲ ਇਕ ਖੂਹਣੀ ਫ਼ੌਜ ਵੀ ਚੜ੍ਹੀ।

ਉਤੰਕ ਰਿਖੀ ਉਹਨਾਂ ਨੂੰ ਉਸ ਥਾਂ ਲੈ ਗਿਆ, ਜਿੱਥੇ 'ਧੁੰਧ' ਦੈਂਤ ਮਿੱਟੀ ਥੱਲੇ ਦੱਬਿਆ ਪਿਆ ਸੀ। ਸੈਨਾ ਨੇ ਕਹੀਆਂ ਨਾਲ ਦੈਂਤ ਤੋਂ ਮਿੱਟੀ ਲਾਹੀ। ਦੈਂਤ ਨੇ ਜ਼ੋਰ ਜ਼ੋਰ ਨਾਲ ਸਾਹ ਲਿਆ, ਤਾਂ ਕਈ ਆਦਮੀ ਅਸਮਾਨ ਵਿਚ ਉਡ ਕੇ ਕਿਤੇ ਦੂਰ ਜਾ ਪਏ।

ਅੰਤ ਦੈਂਤ ਉਠ ਬੈਠਾ।

ਅੰਸੂ ੨੪

(ਧੁੰਧ ਦਾ ਮਰਨਾ)

ਯੁੱਧ ਸ਼ੁਰੂ ਹੋ ਗਿਆ। ਉਸ ਰਾਜੇ ਦੇ ਇਕੀ ਹਜ਼ਾਰ ਪੁੱਤਰ ਧੁੰਧ ਨੇ ਮਾਰ ਦਿਤੇ,

Digitized by Panjab Digital Library | www.panjabdigilib.org

ਜਿਵੇਂ ਰਾਜਾ 'ਸਗਰ' ਦੇ ਸੱਠ ਹਜ਼ਾਰ-ਪੁੱਤਰ 'ਕਪਲ ਮੁਨੀ' ਨੇ ਮਾਰ ਦਿਤੇ ਸਨ। ਰਾਜੇ ਦੇ ਤਿੰਨ ਪੁੱਤਰ ਬਾਕੀ ਰਹਿ ਗਏ, ਤਾਂ ਰਾਜਾ ਆਪ ਸਾਮ੍ਹਣੇ ਆ ਗਿਆ। ਵਿਸ਼ਨੂੰ ਜੀ ਰਾਜੇ ਦੇ ਸਰੀਰ ਵਿਚ ਆ ਗਏ।

'ਧੁੰਧ' ਨੇ ਪਹਾੜ ਪੁਟ ਕੇ ਰਾਜੇ ਵੱਲ ਚਲਾਇਆ। ਰਾਜੇ ਨੇ ਚੰਦਰਮੁਖੀ ਬਾਣ ਮਾਰ ਕੇ ਪਹਾੜ ਰਸਤੇ ਵਿਚ ਹੀ ਦੋ ਟੁਕੜੇ ਕਰ ਦਿਤਾ। (ਅਨੋਖਾ ਯੁੱਧ ਵਿਖਾਇਆ ਹੈ) ਅੰਤ ਰਾਜੇ ਨੇ 'ਧੁੰਧ' ਰਾਕਸ਼ ਨੂੰ ਮਾਰ ਗਿਰਾਇਆ। ਦੇਵਤਿਆਂ ਆ ਕੇ ਧੰਨਵਾਦ ਕੀਤਾ, ਤੇ ਰਾਜੇ ਦਾ ਨਾਮ 'ਧੁੰਧ-ਮਾਰ' ਰੱਖ ਦਿਤਾ।

ਰਾਜੇ ਦੇ ਸਿਰਫ਼ ਤਿੰਨ ਪੁੱਤਰ ਬਚੇ ਸਨ, ਜਿੰਨ੍ਹਾ ਤੋਂ ਬੰਸ ਵਧੀ। ਏਸੇ ਦੀ ਕੁਲ ਵਿਚੋਂ ਭਗਵਾਨ ਰਾਮ ਚੰਦਰ ਜੀ ਹੋਏ।

(ਕਵੀ ਜੀ ਏਹੋ ਜੇਹੀਆਂ ਪੁਰਾਣਕ ਕਥਾਵਾਂ ਗੁਰੂ ਮਹਾਰਾਜ ਦੇ ਮੁੱਖੋਂ ਹੀ ਸੁਣਾਉਂਦੇ ਹਨ।)

ਅੰਸੂ ੨੫

(ਵਿਸ਼ਵਾ ਮਿੱਤਰ ਤੇ ਗਾਲਵ ਰਿਖੀ)

ਵਿਸਵਾਮਿਤ੍ਰ ਰਿਖੀ ਨੇ ਤਪ ਕਰ ਕੇ 'ਰਾਜ ਰਿਖੀ' ਤੋਂ 'ਬ੍ਰਹਮ ਰਿਖੀ' ਦੀ ਪਦਵੀ ਪਾਈ। ਉਸ ਦਾ ਚੇਲਾ ਅਗੇ 'ਗਾਲਵ ਰਿਖੀ' ਹੋਇਆ। ਗਾਲਵ ਨੇ ਵਿਸਵਾਮਿਤ੍ਰ ਪਾਸ ਗੁਰੂ ਦੱਛਣਾ ਲੈਣ ਦੀ ਬੇਨਤੀ ਕੀਤੀ, ਪਰ ਵਿਸਵਾਮਿਤ੍ਰ ਨੇ ਇਨਕਾਰ ਕਰ ਦਿਤਾ। ਜਦ ਗਾਲਵ ਨੇ ਵਾਰ ਵਾਰ ਜ਼ਿਦ ਕ ਤੀ, ਤਾਂ ਵਿਸਵਾਮਿਤ੍ਰ ਨੇ ਗੁੱਸੇ ਨਾਲ ਕਿਹਾ, ਕਾਲੇ ਕੰਨਾਂ ਵਾਲੇ ਤੇ ਚੰਦ ਵਰਗੇ ਸੁੰਦਰ ਅੱਠ ਸੌ ਘੋੜੇ ਭੇਟਾ ਕਰ।

ਗਾਲਵ ਬਹੁਤ ਪਰੇਸ਼ਾਨ ਹੋ ਗਿਆ। ਤਾਂ ਉਸ ਦਾ ਮਿਤ੍ਰ 'ਗਰੜ' ਆ ਗਿਆ। ਗਾਲਵ ਨੇ ਆਪਣੀ ਔਕੜ ਦੱਸੀ, ਕਿ ਏਹੋ ਜੇਹੇ ਅੱਠ ਸੌ ਘੋੜੇ ਕਿੱਥੋਂ ਮਿਲਨ। ਗਰੜ ਗਾਲਵ ਨੂੰ ਆਪਣੇ ਪਰਾਂ 'ਤੇ ਬਿਠਾ ਕੇ ਰਾਜਾ 'ਜੁਜਾਤੀ' ਦੇ ਇਲਾਕੇ ਵਿਚ ਲੈ ਗਿਆ। ਜੁਜਾਤੀ ਨੇ ਕਿਹਾ, ਮੈਂ ਜੱਗ ਵਿਚ ਸਭ ਕੁਛ ਦਾਨ ਕਰ ਬੈਠਾ ਹਾਂ। ਮੇਰੀ ਇਕ ਸੁੰਦਰ ਕੰਨਿਆਂ ਹੈ, ਇਹ ਲੈ ਜਾਉ। ਕਿਸੇ ਰਾਜੇ ਨੂੰ ਇਹ ਕੰਨਿਆਂ ਦੇ ਕੇ ਘੋੜੇ ਲੈ ਲਵੋ। ਗਾਲਵ ਰਿਖੀ ਉਸ ਕੰਨਿਆਂ ਨੂੰ ਲੈ ਕੇ ਅਜੁੱਧਿਆ ਜਾ ਪਹੁੰਚਾ। ਰਿਖੀ ਨੇ ਰਾਜ ਨੂੰ ਕਿਹਾ, ਇਹ ਸੁੰਦਰ ਕੰਨਿਆਂ ਪਤਨੀ ਵਜੋਂ ਲੈ ਲਵੋ, ਤੇ ਮੈਨੂੰ ਅੱਠ ਸੌ ਘੋੜੇ ਦੇ ਦਿਹੋ। ਰਾਜੇ ਨੇ ਕਿਹਾ, ਕਿ ਮੇਰੇ ਪਾਸ ਸਿਰਫ਼ ਦੋ ਸੌ ਘੋੜੇ ਹਨ। ਰਿਖੀ ਨੇ ਕਿਹਾ, ਤੁਸੀਂ ਇਹ ਕੰਨਿਆਂ ਰੱਖ ਲਵੋ। ਇਸ ਵਿਚੋਂ ਇਕ ਪੁੱਤਰ ਲੈ ਲਵੋ। ਫਿਰ ਤੁਸਾਂ ਦੇ ਸੌ ਘੋੜੇ ਤੇ ਇਹ ਕੰਨਿਆਂ ਮੈਨੂੰ ਵਾਪਸ ਕਰ ਦੇਣੀ।

ਕੰਨਿਆਂ ਦੇ ਘਰ ਪੁੱਤਰ ਹੋਇਆ। ਫਿਰ ਗਾਲਵ ਰਿਖੀ ਆ ਗਿਆ। ਉਸ ਨੇ ਰਾਜੇ ਨੂੰ ਕਿਹਾ, ਕਿ ਘੋੜੇ ਮੇਰੇ ਅਜੇ ਏਥੇ ਹੀ ਸੰਭਾਲ ਤੇ ਕੰਨਿਆਂ ਵਾਪਸ ਕਰ ਦਿਹ।

ਉਥੋਂ ਕੰਨਿਆਂ ਲੈ ਕੇ ਰਿਖੀ ਕਾਂਸ਼ੀ ਦੇ ਰਾਜੇ 'ਦਿਵੋਦਾਸ' ਪਾਸ ਪੁੱਜਾ। ਰਾਜੇ ਨੇ

Digitized by Panjab Digital Library | www.panjabdigilib.org

ਕਿਹਾ, ਮੇਰੇ ਪਾਸ ਸਿਰਫ਼ ਦੋ ਸੌ ਘੋੜੇ ਹਨ। ਰਿਖੀ ਨੇ ਓਸੇ ਸ਼ਰਤ ਤੇ ਕੰਨਿਆਂ ਕਾਂਸ਼ੀ ਦੇ ਰਾਜੇ ਦੇ ਹਵਾਲੇ ਕਰ ਦਿਤੀ।

ਕਾਂਸ਼ੀ ਦੇ ਰਾਜੇ ਦੇ ਘਰ ਇਕ ਪੁੱਤਰ ਹੋਇਆ, ਜਿਸ ਨੇ ਇਕ ਵਾਰ ਇਕ ਬਾਣ ਨਾਲ ਸਾਰੇ ਦੇਵਤੇ ਮੂਰਛਤ ਕਰ ਦਿਤੇ।

ਫਿਰ ਗਾਲਵ ਉਸ ਕੰਨਿਆਂ ਨੂੰ ਨਾਲ ਲੈ ਕੇ ਰਾਜਾ 'ਉਨੀਸਰ' ਪਾਸ ਗਿਆ। ਓਹਾ ਸ਼ਰਤ ਉਸ ਨਾਲ ਹੋਈ। ਉਨੀਸਰ ਨੇ ਉਸ ਕੰਨਿਆਂ ਵਿਚੋਂ 'ਸ਼ਿਵੀ' ਨਾਮ ਦਾ ਪੁੱਤਰ ਪੈਦਾ ਕੀਤਾ। ਰਿਖੀ ਫਿਰ ਆ ਗਿਆ।

ਗਰੜ ਨੇ ਕਿਹਾ, ਬੱਸ, ਹੋਰ ਅਜੇਹੇ ਘੋੜੇ ਕਿਤੇ ਨਹੀਂ। ਹੁਣ ਤੂੰ ਇਹ ਛੇ ਸੌ ਘੋੜੇ ਤੇ ਦੋ ਸੌ ਘੋੜੇ ਬਦਲੇ ਇਹ ਕੰਨਿਆਂ ਰਿਖੀ ਨੂੰ ਜਾ ਦਿਹ।

ਅੰਸ਼ ੨੬

(ਗਾਲਵ ਦੀ ਭੇਟਾ—ਰਾਜਾ ਜਜਾਤੀ)

ਰਾਜਾ 'ਗਾਂਧੀ' ਦਾ ਪੁੱਤਰ ਸੀ ਵਿਸਵਾਮਿਤ੍ਰ। ਗਾਂਧੀ ਦੀ ਇਕ ਕੰਨਿਆਂ ਵੀ ਬਹੁਤ ਸੁੰਦਰ ਸੀ। ਭ੍ਰਿਗੂ ਦੇ ਪੁੱਤਰ 'ਰਿਚੀਕ' ਮੁਨੀ ਨੇ ਗਾਂਧੀ ਦੀ ਕੰਨਿਆਂ ਪਤਨੀ ਬਨਾਉਣ ਵਾਸਤੇ ਮੰਗੀ। ਉਸ ਸਮੇਂ ਰਿਚੀਕ ਮੁਨੀ ਬਹੁਤ ਬਿਰਧ ਸੀ, ਤੇ ਕੰਨਿਆਂ ਅਜੇ ਛੋਟੀ ਉਮਰ ਦੀ। ਰਾਜਾ ਗਾਂਧੀ ਨੇ ਸ਼ਰਤ ਰੱਖੀ, ਕਿ ਕਾਲੇ ਕੰਨਾਂ ਵਾਲੇ ਸਫ਼ੈਦ ਘੋੜੇ ਅੱਠ ਸੌ ਦੇ ਦਿਹੋ, ਤਾਂ ਕੰਨਿਆਂ ਲੈ ਜਾਵੋ।

ਰਿਚੀਕ ਮੁਨੀ ਵਰਣ (ਜਲ ਦਾ ਦੇਵਤਾ) ਪਾਸ ਗਿਆ, ਤੇ ਅੱਠ ਸੌ ਘੋੜੇ ਮੰਗੇ। ਉਸ ਨੇ ਦੇ ਦਿਤੇ। ਰਿਖੀ ਨੇ ਅੱਠ ਸੌ ਘੋੜੇ ਦੇ ਕੇ ਗਾਂਧੀ ਦੀ ਕੰਨਿਆਂ ਲੈ ਲਈ।

ਉਹਨਾਂ ਵਿਚੋਂ ਦੋ ਸੌ ਘੋੜੇ ਮਰ ਗਏ, ਤੇ ਬਾਕੀ ਛੇ ਸੌ ਇਹ ਹਨ। (ਇਹ ਕਹਾਣੀ ਗਾਲਵ ਨੂੰ ਗਰੜ ਨੇ ਸੁਣਾਈ।)

ਗਾਲਵ ਨੇ ਛੇ ਸੌ ਘੋੜੇ ਤੇ ਉਹ ਕੰਨਿਆਂ ਵਿਸਵਾਮਿਤ੍ਰ ਨੂੰ ਜਾ ਭੇਟਾ ਕੀਤੇ। ਉਸ ਕੰਨਿਆਂ ਵਿਚੋਂ ਵਿਸਵਾਮਿਤ੍ਰ ਦਾ ਪੁੱਤਰ 'ਅਰਿਸ਼ਟ' ਪੈਦਾ ਹੋਇਆ।

ਉਸ ਕੰਨਿਆਂ ਦਾ ਪਿਤਾ 'ਜਜਾਤੀ' ਸੁਰਗ ਵਿਚ ਸੀ। ਉਸ ਨੂੰ ਆਪਣੇ ਜੱਗ ਕੀਤੇ ਦਾ ਹੰਕਾਰ ਹੋ ਗਿਆ, ਤਾਂ ਇੰਦਰ ਨੇ ਉਸ ਨੂੰ ਸੁਰਗ ਵਿਚੋਂ ਕਢ ਦਿਤਾ। ਉਸ ਕੰਨਿਆਂ ਦੇ ਚਾਰੇ ਪੁੱਤਰ 'ਨਈਮ ਖਾਰ' ਵਿਚ ਰਹਿੰਦੇ ਸਨ। ਜਜਾਤੀ ਦੇ ਉਹ ਦੋਹਤਰੇ ਸਨ। ਇੰਦਰ ਨੇ ਜਜਾਤੀ ਨੂੰ 'ਨਈਮ ਖਾਰ' ਵਿਚ ਭੇਜ ਦਿਤਾ। ਦੋਹਤਰਿਆਂ ਨੇ ਆਪਣੇ 'ਪੁੰਨ' ਦੇ ਕੇ ਜਜਾਤੀ ਨੂੰ ਫਿਰ ਸੁਰਗ ਭੇਜ ਦਿਤਾ।

ਗਾਲਵ ਨੇ ਇਸ ਤਰ੍ਹਾਂ ਦੱਛਣਾ ਦੇ ਕੇ ਗੁਰੂ ਨੂੰ ਪਰਸੰਨ ਕੀਤਾ। ਇਹ ਹੈ ਗੁਰੂ-ਸੇਵਾ ਦੀ ਮਹਿਮਾ।

---

1. ਨਈਮਖਾਰ ਤੀਰਥ ਯੂ. ਪੀ. ਦੇ ਸੀਤਾਪੁਰ ਜ਼ਿਲੇ ਵਿਚ ਹੈ।

Digitized by Panjab Digital Library | www.panjabdigilib.org

(ਸਮਝ ਨਹੀਂ ਪੈਂਦੀ, ਕਿ ਕਵੀ ਜੀ ਏਹੋ ਜੇਹੀਆਂ ਪੁਰਾਣਕ ਕਥਾਵਾਂ ਗੁੰਰੂ ਮਹਾਰਾਜ ਦੇ ਮੁੱਖ ਤੋਂ ਅਖਵਾ ਕੇ ਸਿੱਖਾ ਦੀ ਸੇਵਾ ਕਰ ਰਹੇ ਹਨ, ਜਾਂ ਗੁਰੂ ਜੀ ਦਾ ਨਿਰਾਦਰ। ਫਿਰ ਇਸ ਕਥਾ ਵਿਚ ਸਿੱਖਿਆ ਵਾਲੀ ਕਿਹੜੀ ਗੱਲ ਹੈ। ਘੜਿਆਂ ਬਦਲੇ ਇਕ ਕੰਨਿਆਂ ਨੂੰ ਥਾਂ ਥਾਂ ਵੇਚਿਆ ਹੈ। ਅਜੇਹੀਆਂ ਕਥਾਵਾਂ ਕਵੀ ਜੀ ਇਸ ਗ੍ਰੰਥ ਵਿਚ ਨਾ ਲਿਖਦੇ, ਤਾਂ ਚੰਗਾ ਸੀ।)

ਅੰਸੂ ੨੭

(ਗੁਰੂ ਹਰਿਰਾਏ ਜੀ ਜੋਤੀ ਜੋਤ ਸਮਾਏ)

ਗੁਰੂ ਜੀ ਨੇ ਹੁਕਮਨਾਮੇ ਭੇਜ ਕੇ ਸਭ ਮਸੰਦ ਤੇ ਨਾਮਵਰ ਸਿੱਖ ਬੁਲਾ ਲਏ। ਬੇਅੰਤ ਸੰਗਤ ਆ ਗਈ। ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਗੱਦੀ 'ਤੇ ਬਿਠਾ ਕੇ ਸੱਤਵੇਂ ਪਾਤਸ਼ਾਹ ਨੇ ਉਹਨਾਂ ਦੇ ਗੁਰੂ ਹੋਣ ਦਾ ਐਲਾਨ ਕੀਤਾ। ਮਸੰਦਾਂ ਤੇ ਸੰਗਤਾਂ ਨੇ ਭੇਟਾ ਧਰੀਆਂ।

ਜੋਤੀ ਜੋਤਿ ਸਮਾਉਣ ਸਮੇਂ ਗੁਰੂ ਹਰਿਰਾਇ ਜੀ 'ਕੁਸ਼ਾ' ਉਤੇ ਬਿਰਾਜ ਗਏ।

"ਕੁਸ਼[1] ਬਿਸਤਰ ਬਿਸਤਾਰਨ[2] ਕੀਨਸਿ।...੪੨।"

(ਏਥੇ ਫਿਰ ਕਵੀ ਜੀ ਕਰਾਮਾਤ ਦਾ ਆਸਰਾ ਲੈਂਦੇ ਹੰਨ।)

"ਅੰਤਰ ਧਯਾਨ ਦੇਹ ਹੋਇ ਗਈ।
ਪੀਛੇ ਪਾਵਕ ਪਰ ਜ੍ਵਲਤਈ।੪੭।
ਕਾਸ਼ਟ ਜਰੇ ਭਸਮ ਤਿਸ ਥਾਵਾ।
ਬੀਨਤਿ ਫੂਲ ਨਹੀ ਕੁਛ ਪਾਵਾ।...੪੮।"

(ਚਿਖਾ ਉਪਰੋਂ ਦੇਹ ਕਿਤੇ ਅਲੋਪ ਹੋ ਗਈ। ਫੁੱਲ ਚੁਣਨ ਲੱਗੇ, ਤਾਂ ਕੁਛ ਵੀ ਨਾ ਮਿਲਿਆ।)

ਅੰਸੂ ੨੮

(ਰਾਮ ਰਾਏ ਦੀ ਈਰਖਾ)

ਔਰੰਗਜ਼ੇਬ ਦੀ ਫ਼ੌਜ ਬਾਈ ਲੱਖ ਸੀ, ਤੇ ਦਸ ਹਜ਼ਾਰ ਤੋਪਾਂ ਸਨ।

ਹਰਿ ਕ੍ਰਿਸ਼ਨ ਜੀ ਨੂੰ ਗੁਰਿਆਈ ਮਿਲਨ ਦੀ ਖ਼ਬਰ ਸੁਣ ਕੇ ਰਾਮ ਰਾਏ ਬਹੁਤ ਨਾਰਾਜ਼ ਹੋਇਆ।

ਅੰਸੂ ੨੯

(ਰਾਮ ਰਾਏ ਦੀ ਈਰਖਾ)

ਮਸੰਦਾਂ ਨੇ ਸਲਾਹ ਦਿਤੀ, ਕਿ ਤੁਸੀਂ ਸੁਭ ਥਾਂਈਂ ਸੰਗਤਾਂ ਵਿਚ ਅਖਵਾ ਭੇਜੋ, ਕਿ

---

1. ਕੁੱਸ਼ਾ=ਦੱਭ ਦਾ ਵਿਛਾਉਣਾ। 2. ਵਿਛਾਇਆ।

Digitized by Panjab Digital Library | www.panjabdigilib.org

ਹੁਣ ਰਾਮ ਰਾਇ ਜੀ ਗੁਰੂ ਬਣੇ ਹਨ। ਮਸੰਦਾਂ ਇਹ ਵੀ ਸਲਾਹ ਦਿਤੀ, ਕਿ ਛੋਟੇ ਭਾਈ (ਹਰਿ ਕ੍ਰਿਸ਼ਨ ਜੀ) ਨਾਲ ਵੀ ਮੇਲ ਮਿਲਾਪ ਰੱਖੋ।

ਰਾਮ ਰਾਇ ਦੇ ਮਸੰਦ ਥਾਂ ਥਾਂ ਜਾ ਕੇ ਸੰਗਤਾਂ ਤੋਂ ਉਗਰਾਹੀ ਕਰਦੇ। ਉਸ ਵਿਚੋਂ ਥੋੜਾ ਰਾਮ ਰਾਇ ਨੂੰ ਦੇਂਦੇ ਤੇ ਬਾਕੀ ਧਨ ਆਪ ਸੰਭਾਲ ਲੈਂਦੇ। ਇਸ ਤਰ੍ਹਾਂ ਉਸ ਦੇ ਮਸੰਦ ਹੰਕਾਰੀ ਹੋ ਗਏ। ਉਹ ਸਮਝਦੇ, ਕਿਸੇ ਨੂੰ ਗੁਰੂ ਬਨਾਉਣਾ ਸਾਡੇ ਵੱਸ ਹੈ। ਉਹ ਸ਼ਰਾਬ ਪੀਣ ਲਗ ਪਏ, ਤੇ ਵੇਸਵਾ ਗਾਮੀ ਹੋ ਗਏ।

ਅੰਸੂ ੩੦

(ਰਾਮ ਰਾਇ ਦੀ ਈਰਖਾ)

ਰਾਮ ਰਾਇ ਮਸੰਦਾਂ ਨਾਲ ਸਲਾਹ ਕਰਦਾ ਹੈ, ਕਿ ਮੈਂ ਬਾਦਸ਼ਾਹ ਕੋਲ ਜਾ ਕੇ ਸ਼ਕਾਇਤ ਕਰਾਂਗਾ, ਕਿ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਇਆ ਜਾਏ।

ਅੰਸੂ ੩੧

(ਰਾਮ ਰਾਏ ਦੀ ਈਰਖਾ)

ਸਮਾਂ ਪਾ ਕੇ ਰਾਮ ਰਾਇ ਨੇ ਔਰੰਗਜ਼ੇਬ ਪਾਸ ਸ਼ਕਾਇਤ ਕੀਤੀ, ਕਿ ਆਪ ਜੀ ਨਾਲ ਮੇਲ ਮਿਲਾਪ ਰੱਖਣ ਦੇ ਕਾਰਨ ਗੁਰੂ ਜੀ ਨਾਰਾਜ਼ ਹੋ ਕੇ ਛੋਟੇ ਪੁੱਤਰ ਨੂੰ ਗੱਦੀ ਦੇ ਗਏ ਹਨ। ਤੁਹਾਡੇ ਨਾਲ ਮੇਲ ਦਾ ਮੈਨੂੰ ਇਹ ਫਲ ਮਿਲਿਆ ਹੈ।

ਔਰੰਗਜ਼ੇਬ ਨੇ ਕਿਹਾ, ਤੁਸੀਂ ਕਹੋ, ਤਾਂ ਮੈਂ ਕੁਛ ਪਿੰਡ ਦੇ ਦੇਂਦਾ ਹਾਂ।

ਰਾਮ ਰਾਇ ਨੇ ਇਸ ਗੱਲ ਤੇ ਜ਼ੋਰ ਦਿਤਾ, ਕਿ ਹਰਿ ਕ੍ਰਿਸ਼ਨ ਨੂੰ ਦਿੱਲੀ ਬੁਲਾ ਕੇ ਕਰਾਮਾਤ ਵੇਖੋ।

ਅੰਸੂ ੩੨

(ਰਾਮ ਰਾਇ ਦੀ ਈਰਖਾ)

ਔਰੰਗਜ਼ੇਬ ਨੇ ਸੋਚਿਆ, ਜੋ ਈਰਖਾ ਗੱਦੀ ਵਾਸਤੇ ਸਾਡੇ ਘਰ ਵਿਚ ਸੀ, ਓਹਾ ਰਾਮ ਰਾਇ ਦੇ ਦਿਲ ਵਿਚ ਹੈ। ਅੱਠਵੇਂ ਗੁਰੂ ਬਾਲ ਅਵਸਥਾ ਹਨ। ਉਹਨਾਂ ਨੂੰ ਬੁਲਾਉਣਾ ਠੀਕ ਨਹੀਂ।

ਰਾਮ ਰਾਇ ਨੇ ਕਿਹਾ, ਸਖ਼ਤੀ ਨਾਲ ਨਹੀਂ, ਤੁਸੀਂ ਹਰਿ ਕ੍ਰਿਸ਼ਨ ਜੀ ਨੂੰ ਨਰਮੀ ਨਾਲ ਬੁਲਾਓ।

ਏਨੇ ਨੂੰ ਰਾਜਾ ਜੈ ਸਿੰਘ (ਸਵਾਈ ? ਜਾਂ 'ਰਾਜਾ ਮਿਰਜ਼ਾ' ?) ਆ ਗਿਆ। ਉਹ ਗੁਰੂ ਘਰ ਦਾ ਸ਼ਰਧਾਲੂ ਸੀ। ਬਾਦਸ਼ਾਹ ਨੇ ਜੈ ਸਿੰਘ ਨੂੰ ਕਿਹਾ, ਕਿ ਤੁਸੀਂ ਪ੍ਰੇਮ ਤੇ

Digitized by Panjab Digital Library | www.panjabdigilib.org

ਸ਼ਰਧਾ ਨਾਲ ਗੁਰੂ ਜੀ ਨੂੰ ਏਥੇ ਬੁਲਾਵੇ ।

ਅੰਸੂ ੩੩

(ਜੈ ਸਿੰਘ ਦਾ ਦੂਤ ਗੁਰੂ ਜੀ ਨੂੰ ਲੈਣ ਗਿਆ)

ਰਾਮ ਰਾਏ ਆਪਣੇ ਮਸੰਦਾਂ ਨੂੰ ਕਹਿ ਰਿਹਾ ਹੈ,ਕਿ ਹੁਣ ਗੁਰੂ ਦੀ ਇਹ ਪ੍ਰਤੱਗਿਆ ਟੁੱਟ ਜਾਇਗੀ, ਕਿ ਮਲੇਛ ਦੇ ਮੱਥੇ ਨਹੀਂ ਲਗਣਾ ।

ਰਾਮ ਰਾਏ ਦਾ ਮੁਖੀ ਮਸੰਦ ਭਾਈ ਬਹਿਲੋ ਕਾ ਗੁਰਦਾਸ ਸੀ ।

ਰਾਜਾ ਜੈ ਸਿੰਘ ਨੇ ਆਪਣਾ ਮੁਖੀ ਦੂਤ ਤਿਆਰ ਕੀਤਾ ਕੀਰਤਪੁਰ ਜਾਣ ਵਾਸਤੇ।

ਅੰਸੂ ੩੪

(ਜੈ ਸਿੰਘ ਦਾ ਦੂਤ ਕੀਰਤਪੁਰ ਪੁੱਜਾ)

ਦੂਤ ਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦੇ ਦਰਸ਼ਨਾਂ ਦੀ ਆਗਿਆ ਮੰਗੀ, ਤਾਂ ਹੁਕਮ ਹੋਇਆ, ਪਿਛਲੇ ਪਹਿਰ ਦੀਵਾਨ ਵਿਚ ਆਵੇ ।

ਪਿਛਲੇ ਪਹਿਰ ਗਰ ਜੀ ਸਭਾ ਲਗਾ ਕੇ ਬੈਠੇ ।

"ਜਰੇ ਜਰਾਵਨ ਕੁੰਡਲ ਕਰਨ ।

ਕਰਨਿ ਕਟਕ ਹਾਟਿਕ ਸ਼ੁਭ ਬਰਨ ।"੧੬।

(ਕੰਨਾਂ ਵਿਚ ਜੜਾਊ ਕੁੰਡਲ—ਮੁੰਦਰੇ—ਤੇ ਹੱਥਾਂ ਵਿਚ ਸੋਨੇ ਦੇ ਸੁੰਦਰ ਕੜੇ । ਕੀ ਗੁਰੂ ਜੀ ਕੰਨਾਂ ਵਿਚ ਮੁੰਦਰੇ ਪਾਉਂਦੇ ਸਨ ? ਕੇਵਲ ਕਲਪਨਾ ਹੈ ।)

ਭਰੀ ਸੰਗਤ ਵਿਚ ਜੈ ਸਿੰਘ ਦਾ ਦੂਤ ਹਾਜ਼ਰ ਹੋਇਆ । ਉਸ ਨੇ ਰਾਜਾ ਜੈ ਸਿੰਘ ਵੱਲੋਂ ਬੇਨਤੀ ਕੀਤੀ, ਕਿ ਆਪ ਦਿੱਲੀ ਦੀ ਸੰਗਤ ਨੂੰ ਦਰਸ਼ਨ ਦਿਓ, ਨਾਲੇ ਬਾਦਸ਼ਾਹ ਦੀ ਵੀ ਦਰਸ਼ਨ ਕਰਨ ਦੀ ਇਛਿਆ ਹੈ ।

ਸਾਰੇ ਕੀਰਤਪੁਰ ਵਿਚ ਇਸ ਬਾਰੇ ਚਰਚਾ ਹੋਣ ਲੱਗੀ ।

ਅੰਸੂ ੩੫

(ਮੁਖੀਏ ਗੁਰੂ ਜੀ ਪਾਸ)

ਸਾਰੇ ਮਸੰਦ ਤੇ ਮੁਖੀ ਸਿੱਖ ਮਾਤਾ ਜੀ ਤੇ ਗੁਰੂ ਜੀ ਪਾਸ ਇਕੱਠੇ ਹੋਏ । ਇਸ ਗੱਲ ਤੇ ਵਿਚਾਰ ਹੋਣ ਲੱਗੀ । ਗੁਰੂ ਜੀ ਨੇ ਕਿਹਾ, 'ਅਸਾਂ ਮਲੇਛ ਦੇ ਮੱਥੇ ਨਹੀਂ ਲਗਣਾ ।'

ਦੂਤ ਨੇ ਜੈ ਸਿੰਘ ਵੱਲੋਂ ਬੇਨਤੀ ਕੀਤੀ, ਕਿ ਉਸ ਨੂੰ ਆਪਣਾ ਸੇਵਕ ਸਮਝ ਕੇ ਦਰਸ਼ਨ ਦਿਓ ।

Digitized by Panjab Digital Library | www.panjabdigilib.org

ਅੰਸੂ ੩੬

(ਗੁਰੂ ਜੀ ਦਾ ਦਿੱਲੀ ਨੂੰ ਤੁਰਨਾ)

ਗੁਰੂ ਜੀ ਨੇ ਦੂਤ ਨੂੰ ਦੱਸ ਦਿਤਾ, ਕਿ ਰਾਜਾ ਜੈ ਸਿੰਘ ਦੇ ਪ੍ਰੇਮ ਨੂੰ ਮੁੱਖ ਰਖ ਕੇ ਅਸੀਂ ਦਿੱਲੀ ਚੱਲਾਂਗੇ।

ਦੂਤ ਨੇ ਰਾਜੇ ਨੂੰ ਲਿਖ ਦਿਤਾ, ਕਿ ਤੁਹਾਡੇ ਪ੍ਰੇਮ ਸਦਕਾ ਗੁਰੂ ਜੀ ਦਿੱਲੀ ਆ ਰਹੇ ਹਨ।

ਗੁਰੂ ਜੀ ਦਿੱਲੀ ਨੂੰ ਰਵਾਨਾ ਹੋਏ। ਕੁਛ ਫ਼ੌਜ ਵੀ ਨਾਲ ਲੈ ਲਈ।

ਅੰਸੂ ੩੭

(ਸੰਗਤਾਂ ਦੇ ਮੇੱਲੇ)

ਗੁਰੂ ਜੀ ਕੀਰਤਪੁਰ ਤੋਂ ਤੁਰੇ, ਤਾਂ ਸੰਗਤ ਆ ਗਈ। ਇਸ ਵਾਸਤੇ ਨੇੜੇ ਹੀ ਮੁਕਾਮ ਕਰਨਾ ਪਿਆ। ਅਗਲੇ ਦਿਨ ਤੁਰੇ, ਤਾਂ ਪਤਾ ਲੱਗਾ, ਕਿ ਪਿਸ਼ਾਵਰ ਤੇ ਕਸ਼ਮੀਰ ਦੀ ਸੰਗਤ ਆ ਗਈ ਹੈ। ਫਿਰ ਨੇੜੇ ਮੁਕਾਮ ਕਰਨਾ ਪਿਆ। ਕਈ ਦਿਨਾਂ ਵਿਚ ਗੁਰੂ ਜੀ ਨੱਗਰ 'ਪੰਜੋਖਰਾ' ਪੁੱਜੇ।

ਜੈ ਸਿੰਘ ਦਾ ਦੂਤ ਕਾਹਲਾ ਪੈ ਰਿਹਾ ਸੀ, ਕਿ ਛੇਤੀ ਦਿੱਲੀ ਪੁਜਿਆ ਜਾਵੇ।

ਪੰਜੋਖਰੇ ਵਿਚ ਇਕ ਥਾਂ ਰੇਤ ਇਕੱਠੀ ਕਰ ਕੇ ਗੁਰੂ ਜੀ ਨੇ ਝੰਡਾ ਗੱਡ ਦਿਤਾ, ਤੇ ਹੁਕਮ ਕੀਤਾ, ਜੋ ਸਾਡਾ ਸਿੱਖ ਹੈ, ਸਾਡੇ ਮਗਰ ਇਸ ਤੋਂ ਅੱਗੇ ਨਾ ਆਏ। ਏਥੇ ਹੀ ਭੇਟਾ ਚੜ੍ਹਾ ਦੇਵੇ। ਕੁਛ ਸਿੱਖ ਵੀ ਓਥੇ ਛੱਡ ਦਿਤੇ।

ਅੰਸੂ ੩੮

(ਝੀਵਰ ਤੋਂ ਗੀਤਾ ਦੇ ਅਰਥ)

ਰਸਤੇ ਵਿਚ ਗੁਰੂ ਜੀ ਇਕ ਨੱਗਰ ਉਤਰੇ। ਓਥੇ ਇਕ ਵਿੱਦਵਾਨ ਪਰ ਹੰਕਾਰੀ ਪੰਡਤ ਆਇਆ। ਉਸ ਨੇ ਸਿੱਖਾਂ ਨੂੰ ਕਿਹਾ, "ਗੁਰੂ ਜੀ 'ਹਰਿਕ੍ਰਿਸ਼ਨ' ਸਦਾਉਂਦੇ ਹਨ, ਤਾਂ ਕ੍ਰਿਸ਼ਨ ਜੀ ਦੀ ਉਚਾਰੀ ਗੀਤਾ ਦੇ ਅਰਥ ਕਰ ਕੇ ਦੱਸਣ।"

ਗੁਰੂ ਜੀ ਨੇ ਉਤਰ ਦਿਤਾ, 'ਅਸਾਂ ਗੀਤਾ ਦੇ ਅਰਥ ਦੱਸੇ, ਤਾਂ ਤੂੰ ਸਮਝੇਂਗਾ, ਕਿ ਇਹਨਾਂ ਨੇ ਪਹਿਲਾਂ ਪੜ੍ਹੀ ਹੋਈ ਹੈ। ਤੂੰ ਆਪਣੇ ਨੱਗਰ ਵਿਚੋਂ ਕੋਈ ਅਨਪੜ੍ਹ ਤੇ ਮੂਰਖ ਆਦਮੀ ਲਿਆ। ਉਹ ਤੇਰੇ ਹਰ ਸਵਾਲ ਦਾ ਜਵਾਬ ਦੇਵੇਗਾ।'

ਪੰਡਤ ਇਕ ਗੁੰਗਾ ਝਿਉਰ ਲੈ ਗਿਆ। ਗੁਰੂ ਜੀ ਨੇ ਉਸ ਝਿਉਰ ਤੇ ਮੇਹਰ ਦੀ ਨਜ਼ਰ ਕਰ ਕੇ ਕਿਹਾ, 'ਪੰਡਤ ਦੇ ਹਰ ਸਵਾਲ ਦਾ ਉਤਰ ਦਿਹੋ।'

ਪੰਡਤ ਨੇ ਜੋ ਜੋ ਸਵਾਲ ਕੀਤੇ, ਝਿਉਰ ਨੇ ਸਭ ਦਾ ਉਤਰ ਫ਼ੌਰਨ ਦਿਤਾ। ਸਭ

Digitized by Panjab Digital Library | www.panjabdigilib.org

ਵੇਖ ਕੇ ਹੈਰਾਨ ਰਹਿ ਗਏ। ਪੰਡਤ ਚਰਨੀਂ ਢਹਿ ਪਿਆ।

"ਸੁਨਿ ਦਿਜ ਨੇ ਗਰ ਸੂਤ ਉਤਾਰਾ।
ਮੈਂ ਭਾ ਸਿੱਖਯ ਰਾਵਰੇ ਦ੍ਵਾਰਾ।...੪੭।"

ਗੁਰੂ ਜੀ ਦੀ ਚਰਨ-ਪਾਹੁਲ ਲੈ ਕੇ ਪੰਡਤ ਸਿੱਖ ਬਣਿਆਂ।

ਅੰਸੂ ੩੯

(ਗੁਰੂ ਜੀ ਦਿੱਲੀ ਪੁੱਜੇ)

ਗੁਰੂ ਜੀ ਦੇ ਡੇਰੇ ਚੋਂ ਬਾਹਰ ਚਲਾ ਗਿਆ, ਤਾਂ ਝਿਉਰ ਫਿਰ ਪਹਿਲਾਂ ਵਰਗਾ ਹੋ ਗਿਆ।

ਗੁਰੂ ਜੀ ਦਿੱਲੀ ਦੇ ਨੇੜੇ ਜਾ ਪਹੁੰਚੇ। ਦੂਤ ਨੇ ਅੱਗੇ ਜਾ ਕੇ ਰਾਜਾ ਜੈ ਸਿੰਘ ਨੂੰ ਖ਼ਬਰ ਦਿਤੀ।

ਰਾਜਾ ਜੈ ਸਿੰਘ ਗੁਰੂ ਜੀ ਨੂੰ ਅੱਗੋਂ ਲੈਣ ਆਇਆ, ਤੇ ਚਰਨਾਂ ਧਰ ਕੇ ਨਮਸਕਾਰ ਕੀਤੀ। ਗੁਰੂ ਜੀ ਨੂੰ ਰਾਜਾ 'ਜੈ ਸਿੰਘ ਪੁਰੇ' ਲੈ ਗਿਆ। (ਇਹ ਵਸਤੀ ਰਾਜਾ ਜੈ ਸਿੰਘ ਨੇ ਵਸਾਈ ਸੀ। ਇਹ 'ਬੰਗਲਾ ਸਾਹਿਬ' ਦੇ ਨੇੜੇ ਦਾ ਅਸਥਾਨ ਸੀ।) ਜੈ ਸਿੰਘ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ।

ਅੰਸੂ ੪੦

(ਦਿੱਲੀ ਵਿਚ ਨਿਵਾਸ)

ਅਗਲੇ ਦਿਨ ਗੁਰੂ ਜੀ ਨੇ ਰਾਜੇ ਨੂੰ ਸਾਫ਼ ਕਹਿ ਦਿਤਾ, ਕਿ ਅਸੀਂ ਤੁਰਕ ਦੇ ਮੱਥੇ ਨਹੀਂ ਲੱਗਾਂਗੇ।

ਬਾਦਸ਼ਾਹ ਨੇ ਇਕ ਮੁਸਾਹਿਬ ਹੱਥ ਗੁਰੂ ਜੀ ਪਾਸ ਭੇਟਾ ਭੇਜੀ, ਤੇ ਮਿਲਨ ਦੀ ਇੱਛਿਆ ਕੀਤੀ। ਗੁਰੂ ਜੀ ਨੇ ਕਨਾਤ ਵਿਚੋਂ ਉਤਰ ਦਿਤਾ, ਕਿ ਸਾਡਾ ਵੱਡਾ ਭਾਈ ਬਾਦਸ਼ਾਹ ਦੇ ਪਾਸ ਹੈ। ਉਹ ਸਭ ਕਰਾਮਾਤਾਂ ਦਿਖਾ ਸਕਦਾ ਹੈ। ਭਰਾ ਵਰਗਾ ਹਿਤੂ ਵੀ ਕੋਈ ਨਹੀਂ, ਭਰਾ ਵਰਗਾ ਵੈਰੀ ਵੀ ਕੋਈ ਨਹੀਂ। ਅਸੀਂ ਆਪਣੇ ਪਿਤਾ ਜੀ ਦੇ ਹੁਕਮ ਅਨੁਸਾਰ ਚੱਲਣਾ ਹੈ, ਸੋ ਬਾਦਸ਼ਾਹ ਪਾਸ ਨਹੀਂ ਜਾ ਸਕਾਂਗੇ।

ਅੰਸੂ ੪੧

(ਰਾਮ ਰਾਇ ਵੱਲੋਂ ਸਰਾਪ)

ਦਿੱਲੀ ਦੇ ਰੋਗੀ ਆਉਂਦੇ, ਤੇ ਗੁਰੂ ਜੀ ਦੀ ਮਿਹਰ ਨਾਲ ਅਰੋਗ ਹੋ ਜਾਂਦੇ। ਸਾਰੇ ਸ਼ਹਿਰ ਵਿਚ ਬਹੁਤ ਮਹਿਮਾ ਹੋਈ। ਇਹ ਮਹਿਮਾ ਬਾਦਸ਼ਾਹ ਦੇ ਦਰਬਾਰ ਵਿਚ ਵੀ ਜਾ

Digitized by Panjab Digital Library | www.panjabdigilib.org

ਪਹੁੰਚੀ। ਬਾਦਸ਼ਾਹ ਦੇ ਮੁੰਹੋਂ ਗੁਰੂ ਜੀ ਦੀ ਉਸਤਤ ਸੁਣ ਕੇ ਰਾਮ ਰਾਇ ਸੜ ਬਲ ਗਿਆ। ਉਹਨੇ ਸਰਾਪ ਦੇ ਦਿਤਾ, ਕਿ ਹਰਿਕ੍ਰਿਸ਼ਨ ਸੀਤਲਾ ਦਾ ਖਾਜਾ ਹੈ। (ਭਾਵ, ਸੀਤਲਾ=ਚੀਚਕ ਦਾ ਸ਼ਕਾਰ ਹੋ ਜਾਇਗਾ।) ਇਹ ਸਰਾਪ ਸੁਣ ਕੇ ਸਭ ਹੈਰਾਨ ਹੋਏ।

ਅੰਸੂ ੪੨

(ਰਾਮ ਰਾਇ ਬਾਰੇ ਭਵਿੱਖ ਬਾਣੀ)

ਅਗਲੇ ਦਿਨ ਰਾਜਾ ਜੈ ਸਿੰਘ ਨੇ ਰਾਜ-ਦਰਬਾਰ ਦੀ ਗੱਲ ਸੁਣਾਈ, ਕਿ ਰਾਮਰਾਏ ਨੇ ਗੁਰੂ ਜੀ ਨੂੰ ਸਰਾਪ ਦਿਤਾ ਹੈ, ਕਿ ਸੀਤਲਾ ਕਾਰਨ ਸੁਰਗ ਸਿਧਾਰਨਗੇ।

ਗੁਰੂ ਜੀ ਨੇ ਕਿਹਾ, 'ਹੁਣ ਅਸੀਂ ਕੁਛ ਨਾ ਕਹੀਏ, ਤਾਂ ਸੱਤਵੇਂ ਪਾਤਸ਼ਾਹ ਦਾ ਮਾਣ ਘਟੇਗਾ। ਰਾਮ ਰਾਇ ਸਾਰੀ ਉਮਰ ਸੜਦਾ ਰਹੇਗਾ, ਕਈ ਵਿਆਹ ਕਰਾਉਣ ਤੇ ਵੀ ਔਲਾਦ ਨਹੀਂ ਹੋਵੇਗੀ। ਤੇ ਅੰਤ 'ਅਵਗਤਿ ਮੌਤ'[1] ਮਰੇਗਾ।'

ਅੰਸੂ ੪੩

(ਸ਼ਾਹਜ਼ਾਦਾ ਭੇਟਾ ਲੈ ਕੇ ਆਇਆ)

ਔਰੰਗਜ਼ੇਬ ਨੇ ਆਪਣਾ ਸ਼ਾਹਜ਼ਾਦਾ ਭੇਟਾ ਦੇ ਕੇ ਭੇਜਿਆ। ਖ਼ਬਰ ਸੁਣ ਕੇ ਗੁਰੂ ਜੀ ਨੇ ਉਦਾਲੇ ਕਨਾਤ ਤਣਵਾ ਲਈ। ਰਾਜਾ ਜੈ ਸਿੰਘ ਨੇ ਬੇਨਤੀ ਕੀਤੀ, ਕਿ ਬਾਦਸ਼ਾਹ ਹਜ਼ੂਰ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਗੁਰੂ ਜੀ ਨੇ ਉਤਰ ਦਿਤਾ,

"ਇੱਤ੍ਯਾਦਿਕ ਲਖ ਪਿਤਾ ਹਮਾਰੇ।
'ਸ਼ਾਹੁ ਨ ਮਿਲਹੁ', ਕੀਨਿ ਹਟਕਾਰੇ।੩੩।"

(ਇਹਨਾਂ ਸ਼ਬਦਾਂ ਦਾ ਅਰਥ ਨਿਕਲਦਾ ਹੈ, ਕਿ ਬਾਦਸ਼ਾਹ ਨੂੰ ਮਿਲਨ ਤੋਂ ਰੋਕਿਆ ਸੀ।)

ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸਬਦ ਲਿਖਵਾ ਦਿਤਾ,

"ਕਿਆ ਖਾਧੈ, ਕਿਆ ਪੈਧੇ ਹੋਇ।...।"

ਗੁਰੂ ਜੀ ਵੱਲੋਂ ਸ਼ਾਹਜ਼ਾਦੇ ਨੂੰ ਸਿਰੋਪਾਉ ਬਖ਼ਸ਼ਿਆ ਗਿਆ।

ਅੰਸੂ ੪੪

(ਜੈ ਸਿੰਘ ਦੀ ਰਾਣੀ)

ਇਕ ਦਿਨ ਬਾਦਸ਼ਾਹ ਨੇ ਜੈ ਸਿੰਘ ਨੂੰ ਕਿਹਾ, ਕਿ ਤੁਸੀਂ ਕਦੇ ਗੁਰੂ ਜੀ ਦੀ ਪਰਖ

---

1. ਜਿਸ ਮੌਤ ਵਿਚ ਗਤੀ ਨਾ ਹੋਵੇ। (ਮਸੰਦਾਂ ਨੇ ਰਾਮ ਰਾਇ ਜਿਉਂਦੇ ਨੂੰ ਸਾੜਿਆ ਸੀ)।

Digitized by Panjab Digital Library | www.panjabdigilib.org

ਵੀ ਕੀਤੀ ਹੈ ?

ਰਾਜੇ ਨੇ ਕਿਹਾ, ਯਤਨ ਕਰਾਂਗਾ ।

ਰਾਜੇ ਨੇ ਆਪਣੀ ਰਾਣੀ ਨਾਲ ਗੱਲ ਕੀਤੀ । ਤੇ ਅਗਲੇ ਦਿਨ ਗੁਰੂ ਜੀ ਨੂੰ ਰਣਵਾਸ ਵਿਚ ਬੁਲਾਇਆ । ਰਾਣੀ ਆਪ ਮੈਲੇ ਕੱਪੜੇ ਪਹਿਨ ਕੇ ਪਿਛਲੇ ਪਾਸੇ ਜਾ ਬੈਠੀ, ਤੇ ਦਾਸੀਆਂ ਨੂੰ ਸੁੰਦਰ ਬਸਤਰ ਤੇ ਜ਼ੇਵਰ ਪਹਿਨਾ ਕੇ ਅੱਗੇ ਬਿਠਾਇਆ ।

ਅੰਸੂ ੪੫

(ਜੈ ਸਿੰਘ ਗੁਰੂ ਜੀ ਨੂੰ ਲੈਣ ਆਇਆ)

ਗੁਰੂ ਜੀ ਕਮਰੇ ਦਾ ਅੰਦਰੋਂ ਕੁੰਡਾ ਮਾਰ ਕੇ ਬੈਠੇ ਸਨ । ਰਾਜੇ ਨੇ ਤਿੰਨ-ਚਾਰ ਵਾਰ ਬੇਨਤੀ ਕੀਤੀ, ਤਾਂ ਗੁਰੂ ਜੀ ਨੇ ਬੂਹਾ ਖੋਲ੍ਹਿਆ । ਰਾਜੇ ਨੇ ਬੜੀ ਨਮਰਤਾ ਨਾਲ ਰਣਵਾਸ ਵਿਚ ਰਾਣੀਆਂ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ ।

ਗੁਰੂ ਜੀ ਤਿਆਰ ਹੋ ਕੇ ਇਕੱਲੇ ਗਏ ।

ਅੰਸੂ ੪੬

(ਪਟਰਾਣੀ ਪਛਾਣੀ)

ਗੁਰੂ ਜੀ ਰਾਜੇ ਦੇ ਰਣਵਾਸ ਪਹੁੰਚੇ । ਬਹੁਤ ਸਾਰੀਆਂ ਦਾਸੀਆਂ ਜ਼ੇਵਰ ਪਹਿਨੇ ਬੈਠੀਆਂ ਸਨ । ਪਟਰਾਣੀ ਮੈਲੇ ਕੱਪੜੇ ਪਾ ਕੇ ਬੈਠੀ ਸੋਚ ਰਹੀ ਸੀ, ਕਿ ਮਹਾਰਾਜ ਮੇਰੀ ਗੋਦ ਵਿਚ ਆ ਕੇ ਬੈਠਣ ।

ਗੁਰੂ ਜੀ ਹਰ ਦਾਸੀ ਦੇ ਸਿਰ ਤੇ ਛੜੀ ਲਾ ਕੇ ਕਹਿਣ, 'ਇਹ ਨਹੀਂ ਪਟਰਾਣੀ' । ਇਸ ਤਰ੍ਹਾਂ ਸਾਰੀਆਂ ਨੂੰ ਛੜੀ ਛੁਹਾ ਕੇ 'ਇਹ ਪਟਰਾਣੀ ਨਹੀਂ' ਕਹਿੰਦੇ ਗੁਰੂ ਜੀ ਅਸਲ ਪਟਰਾਣੀ ਕੋਲ ਜਾ ਪਹੁੰਚੇ । ਉਸ ਵੱਲ ਵੇਖ ਕੇ ਕਿਹਾ, 'ਤੂੰ ਪਟਰਾਣੀ ਹੈ ।' ਖ਼ੁਸ਼ ਹੋ ਕੇ ਪਟਰਾਣੀ ਨੇ ਗੁਰੂ ਜੀ ਨੂੰ ਗੋਦ ਵਿਚ ਬਿਠਾ ਲਿਆ ।

ਗੁਰੂ ਜੀ ਨੇ ਪਟਰਾਣੀ ਨੂੰ ਕਿਹਾ,

"ਉਠ ਕਰਿ ਸ਼ੁਭ ਆਸਨ ਥਿਤ ਹ੍ਵੈਜੇ ।
ਗੁਰ ਸੰਤਨਿ ਸੋਂ ਨਹਿਂ ਛਲ ਪ੍ਵੈਜੇ ।੩੧।
ਇਸ ਕੋ ਫਲ ਤੁਮ ਕੋ ਹੁਇ ਬੁਰੋ ।
ਸੁਖਦ ਸੰਤਤੀ[1] ਸੇ ਨਹਿਂ ਫਰੋ ।[2]।...੩੨।"

ਰਾਜੇ ਨੇ ਗੁਰੂ ਜੀ ਨੂੰ ਚੁੱਕ ਕੇ ਚੌਕੀ 'ਤੇ ਬਿਠਾਇਆ, ਤੇ ਭੁੱਲ ਬਖ਼ਸ਼ਣ ਵਾਸਤੇ ਬੇਨਤੀ ਕੀਤੀ ।

---

1. ਸੁਖਦੇਣੀ ਔਲਾਦ । 2. ਫਲੋ ।

Digitized by Panjab Digital Library | www.panjabdigilib.org

ਅੰਸੂ ੪੭

(ਰਾਜਾ ਸਿੱਖ ਬਣਿਆਂ)

ਰਾਜੇ ਨੇ ਬਹੁਤ ਮਿਨਤਾਂ ਕਰ ਕੇ ਸਰਾਪ ਬਖ਼ਸ਼ਾਇਆ, ਤੇ ਸਣੇ ਪਰਵਾਰ ਚਰਨਾਮ੍ਰਿਤ ਲੈ ਕੇ ਸਿੱਖ ਬਣਿਆਂ। ਬੜੀ ਸ਼ਰਧਾ ਨਾਲ ਗੁਰੂ ਜੀ ਨੂੰ ਪਰਸਾਦ ਛਕਾਇਆ। ਫਿਰ ਮਹਾਰਾਜ ਨੂੰ ਪਾਨ ਖਾਣ ਵਾਸਤੇ ਦਿਤਾ।

"ਤ੍ਰਿਪਤ ਹੋਇ ਗੁਰ ਹਾਥ ਪਖਾਰੇ।
ਨਾਗ੍ਰਬੇਲ ਨ੍ਰਿਪ ਕੀਨਿ ਅਗਾਰੇ।
ਇਲਾ ਆਦਿ ਜਿਹ ਸਾਥ ਮਿਲਾਈ।
ਲੇ ਕਰ ਮੁਖ ਮੈਂ ਪਾਇ ਚਬਾਈ।੨੮।"

(ਹਾਥ ਪਖਾਰੇ=ਹੱਥ ਸੁੱਚ ਕੀਤੇ, ਧੋਤੇ। ਨਾਗਰਬੇਲ=ਪਾਨ। ਨ੍ਰਿਪ=ਰਾਜਾ। ਇਲਾ=ਇਲਾਇਚੀ। ਤਾਂ ਕੀ ਗੁਰੂ ਜੀ ਪਾਨ ਵੀ ਖਾਂਦੇ ਸਨ? ਅਮੀਰਾਂ ਦੇ ਸਭ ਸ਼ੁਗਲ ਕਵੀ ਜੀ ਨੇ ਲਿਖ ਧਰੇ ਹਨ, ਬਿਨਾਂ ਕੁਛ ਸੋਚੇ ਵਿਚਾਰੇ।)

ਅੰਸੂ ੪੮

ਰਾਮ ਰਾਇ ਦਾ ਸਰਾਪ ਵੀ ਪੂਰਾ ਹੋਵੇ, ਤੇਗ਼ ਬਹਾਦਰ ਜੀ ਗੁਰੂ ਵੀ ਬਣਨ, ਅਜੇਹੀਆਂ ਵਿਚਾਰਾਂ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਸਰੀਰ ਤਿਆਗਣ ਦੀ ਤਿਆਰੀ ਕਰ ਲਈ। ਹਜ਼ੂਰ ਨੂੰ ਬੁਖ਼ਾਰ ਹੋ ਗਿਆ। ਗੁਰੂ ਜੀ ਨੇ ਜੈਪੁਰਾ ਛੱਡ ਕੇ ਬਾਹਰ ਜਾ ਟਿਕਾਣਾ ਕੀਤਾ, ਜਿੱਥੇ (ਕਵੀ ਜੀ ਦੀ ਲਿਖਤ ਅਨੁਸਾਰ)

"ਜਹਾਂ 'ਜੋਗ ਮਾਯਾ' ਕੋ ਮੰਦਰ।
ਪੂਜਹਿਂ ਲੋਕ 'ਕਾਲਕਾ' ਅੰਦਰ।
ਦੇ ਆਗਿਆ ਤਿਤ ਓਰ ਚਲਾਏ।
ਪੀਛੇ ਆਏ ਦਾਸ ਸਮਦਾਏ।੧੪।
ਸਨੇ ਸਨੇ ਚਲਵਾਇ ਕਹਾਰ।
ਪਹੁੰਚੇ ਦੇਵੀ ਕੇ ਦਰਬਾਰ।
ਤਯਾਗ ਪਾਲਕੀ ਅੰਤਰ ਬਰੇ।
ਪੌਰ ਕਿਵਾਰ ਅਸੰਜਤ ਕਰੇ[1]।੧੫।...
ਡੇਢ ਜਾਮ ਲੌ ਅੰਤਰ ਥਿਰੇ।
ਬਾਕ ਬਿਲਾਸ ਕਛੂ ਤਹਿਂ ਕਰੇ।੧੬।"

('ਜੋਗ ਮਾਯਾ' ਦਾ ਮੰਦਰ। ਇਹ ਮੰਦਰ ਪ੍ਰਿਥਵੀ ਰਾਜ ਦੇ ਕਿਲ੍ਹੇ ਦੇ ਅੰਦਰ ਪੈਂਦਾ ਹੈ, ਪਰ 'ਕਾਲਕਾ ਦੇਵੀ' ਜਾਂ 'ਸੀਤਲਾ ਦੇਵੀ' ਦਾ ਮੰਦਰ ਨਹੀਂ। ਇਸ ਮੰਦਰ ਬਾਰੇ ਦੇ

1. ਬੂਹੇ ਭੇੜ ਕੇ ਬੰਦ ਕਰ ਲੀਤੇ।

Digitized by Panjab Digital Library | www.panjabdigilib.org

ਰਵਾਇਤਾਂ ਪਰਚਲਤ ਹਨ : . ੧. ਪ੍ਰਿਥਵੀ ਰਾਜ ਦੀ ਪਤਨੀ 'ਸੰਜੋਗਤਾ' ਏਥੇ ਸਤੀ ਹੋਈ ਸੀ। ਲੋਕ ਇਸ ਅਸਥਾਨ ਨੂੰ 'ਸੰਜੋਗਤਾ ਮਾਤਾ' ਦਾ ਮੰਦਰ ਕਹਿਣ ਲੱਗ ਪਏ। ਪਿਛੋਂ ਇਹ ਸ਼ਬਦ ਵਿਗੜ ਕੇ 'ਜੋਗ ਮਾਯਾ' ਬਣ ਗਿਆ। ੨. ਯੋਗ ਮਾਯਾ ਜਸੋਧਾਂ ਦੀ ਪੁੱਤਰੀ, ਜਿਸ ਨੂੰ ਕੰਸ ਨੇ ਕ੍ਰਿਸ਼ਨ ਦੀ ਭੈਣ ਸਮਝ ਕੇ ਪੱਥਰ 'ਤੇ ਮਾਰ ਕੇ ਮਾਰਿਆ ਸੀ, ਜੋ ਬਿਜਲੀ ਬਣ ਗਈ ਸੀ, ਉਸ-ਦਾ ਧੜ ਏਥੇ ਆ ਡਿੱਗਾ ਸੀ। ਕ੍ਰਿਸ਼ਨ ਦੇ ਕਹਿਣ ਉਤੇ ਪਾਂਡਵਾਂ ਨੇ ਇਹ ਮੰਦਰ ਬਣਵਾਇਆ ਸੀ। ਪਰ ਗੁਰੂ ਜੀ ਦਾ ਉਸ ਦੇਵੀ ਦੇ ਮੰਦਰ ਵਿਚ ਬੂਹੇ ਬੰਦ ਕਰ ਕੇ ਦੇਵੀ ਨਾਲ ਬਚਨ ਬਿਲਾਸ ਕਰਨ ਦਾ ਕੀ ਅਰਥ ਹੈ ?)

ਪਿਛੋਂ ਰਾਜਾ ਜੈ ਸਿੰਘ ਦਾ ਪਰਧਾਨ ਮੰਤਰੀ ਆ ਗਿਆ। ਉਹ ਮਹਾਰਾਜ ਨੂੰ ਇਕ ਸੁੰਦਰ ਅਸਥਾਨ 'ਤੇ ਲੈ ਗਿਆ, ਜਿੱਥੇ ਮਹਾਰਾਜ ਨੇ ਡੇਰਾ ਕੀਤਾ। ਬਾਕੀ ਪਰਵਾਰ ਤੇ ਸੰਗਤ ਸੇਵਕ ਵੀ ਓਥੇ ਆ ਗਏ।

ਅੰਸੂ ੪੯

(ਸਰੀਰ ਨੂੰ ਤਕਲੀਫ਼)

ਰਾਣੀ ਦੀ ਪਰਖ ਦੀ ਕਹਾਣੀ ਸੁਣ ਕੇ ਬਾਦਸ਼ਾਹ ਨੇ ਰਾਜਾ ਜੈ ਸਿੰਘ ਨੂੰ ਕਿਹਾ, ਕਿ ਕਿਸੇ ਵੀ ਢੰਗ ਨਾਲ ਸਾਨੂੰ ਦਰਸ਼ਨ ਕਰਾ।

ਜਿੱਥੇ ਮਹਾਰਾਜ ਨੇ ਬਾਹਰ ਜਮਨਾ ਕੰਢੇ ਡੇਰਾ ਕੀਤਾ ਸੀ, ਰਾਜਾ ਓਥੇ ਜਾ ਪਹੁੰਚਿਆ। ਵੇਖਿਆ, ਤਾਂ ਗੁਰੂ ਜੀ ਨੂੰ ਚੀਚਕ (ਸੀਤਲਾ) ਨਿਕਲੀ ਹੋਈ ਸੀ।

ਰਾਜੇ ਨੇ ਬਾਦਸ਼ਾਹ ਨੂੰ ਸਾਰੀ ਗੱਲ ਜਾ ਦੱਸੀ।

ਅੰਸੂ ੫੦

(ਸ਼ੀਤਲਾ ਨਿਕਲੀ)

ਚੀਚਕ ਬੜੀ ਸੰਘਣੀ ਨਿਕਲ ਆਈ। ਸੰਗਤਾਂ ਨੂੰ ਗੁਰੂ ਜੀ ਦੇ ਪਾਸ ਆਉਣ ਤੋਂ ਰੋਕ ਦਿਤਾ ਗਿਆ।

ਅੰਸੂ ੫੧

(ਸੰਗਤ ਨੂੰ ਉਪਦੇਸ਼)

ਚੇਤ ਚੌਦਸ ਵਾਲੇ ਦਿਨ ਗੁਰੂ ਜੀ ਨੇ ਮਸੰਦਾਂ 'ਤੇ ਮੁਖੀ ਸਿੱਖਾਂ ਨੂੰ ਬੁਲਾ ਕੇ ਕਿਹਾ, ਹੁਣ ਅਸੀਂ ਸੱਚਖੰਡ ਜਾ ਰਹੇ ਹਾਂ।

ਗੁਰੂ ਜੀ ਨੇ ਸੰਗਤ ਨੂੰ ਕਿਹਾ, ਸਦੀਵੀ ਗੁਰੂ ਬਾਣੀ ਹੈ। ਬਾਣੀ ਤੋਂ ਸਭ ਭਾਵਨਾ ਪੂਰਨ ਹੋਣਗੀਆਂ।

ਰਾਜਾ ਜੈ ਸਿੰਘ ਨੂੰ ਬਾਦਸ਼ਾਹ ਨੇ ਕਿਹਾ, ਜਦ ਗੁਰੂ ਜੀ ਸਰੀਰ ਤਿਆਗ ਦੇਣ,

Digitized by Panjab Digital Library | www.panjabdigilib.org

ਸਾਨੂੰ ਪਤਾ ਦੇਣਾ, ਤੇ ਮੇਰੇ ਹੁਕਮ ਬਿਨਾਂ ਸਸਕਾਰ ਨਹੀਂ ਕਰਨਾ ।

ਅੰਸੂ ੫੨

(ਸੰਗਤ ਨੂੰ ਉਪਦੇਸ਼)

ਮਸੰਦ ਗੁਰਬਖ਼ਸ਼ ਹਰ ਸਮੇਂ ਗੁਰੂ ਜੀ ਦੇ ਪਾਸ ਰਹਿੰਦਾ ਸੀ ।

"ਤਜਯੋ ਪ੍ਰਯੰਕ, ਤਰੇ ਗੁਰ ਭਏ ।
ਕੁਸ਼ ਕੋ ਆਸਤਰਨ ਥਿਰ ਥਿਏ ।੩੨।"

(ਪ੍ਰਯੰਕ=ਪਲੰਘ, ਛਡ ਕੇ ਗੁਰੂ ਜੀ ਕੁਸ਼ਾ ਦੇ ਆਸਣ ਉਤੇ ਹੋ ਗਏ । ਕਵੀ ਜੀ ਹਿੰਦੂ ਮੱਤ ਦੇ ਪੱਕੇ ਸ਼ਰਧਾਲੂ ਹਨ । ਕੁਸ਼ਾ ਦਾ ਚੇਤਾ ਨਹੀਂ ਭੁਲਾਉਂਦੇ ।)

ਸੰਗਤ ਦੀ ਪ੍ਰਾਰਥਨਾ ਸੁਣ ਕੇ ਗੁਰੂ ਜੀ ਨੇ ਪੰਜ ਪੈਸੇ ਤੇ ਨਾਰਯਿਲ ਸਾਮ੍ਹਣੇ ਰੱਖ ਕੇ ਸਿਰ ਝੁਕਾ ਕੇ ਕਿਹਾ,

"ਬਾਬਾ ਬਸਹਿ ਜਿ ਗ੍ਰਾਮ ਬਕਾਲੇ ।
ਬਨਿ ਗੁਰ, ਸੰਗਤਿ ਸਕਲ ਸੰਮਾਲੇ । ੩੬।"

ਸਤਕਾਰ ਵਜੋਂ 'ਬਾਬਾ' ਕਿਹਾ, ਨਾਮ ਨਹੀਂ ਲਿਆ ।

ਅੰਸੂ ੫੩

(ਸਚਖੰਡ ਜਾਣਾ)

ਪਹਿਰ ਰਾਤ ਰਹਿੰਦੀ ਗੁਰੂ ਜੀ ਜੋਤ ਵਿਚ ਜੋਤਿ ਸਮਾ ਗਏ । ਅੰਤਿਮ ਸਸਕਾਰ ਦੀ ਤਿਆਰੀ ਹੋਈ । ਦੂਤ ਆਇਆ, ਕਿ ਬਾਦਸ਼ਾਹ ਆ ਰਿਹਾ ਹੈ ।

ਅੰਸੂ ੫੪

(ਸਰੀਰ ਦਾ ਸਸਕਾਰ)

ਅਰਥੀ ਉਠਾਉਣ ਦੀ ਤਿਆਰੀ ਹੋ ਗਈ । ਬਾਦਸ਼ਾਹ ਵੀ ਆ ਪਹੁੰਚਾ । ਉਸਨੇ ਹੁਕਮ ਦਿਤਾ, ਕਿ ਗੁਰੂ ਜੀ ਦੇ ਮੁੱਖ ਤੋਂ ਕੱਪੜਾ ਉਤਾਰੋ । ਇਕ ਸੇਵਕ ਨੇ ਕੱਪੜਾ ਉਤਾਰਿਆ, ਤਾਂ ਔਰੰਗਜ਼ੇਬ ਨੂੰ (ਮਨੁੱਖੀ ਸਰੀਰ ਦੀ ਥਾਂ) ਇਕ ਡੂੰਘੀ ਦਰਾੜ (ਖਾਈ) ਨਜ਼ਰ ਆਈ । ਮਨੁਖੀ ਸਰੀਰ ਕਿਤੇ ਨਜ਼ਰ ਨਾ ਆਇਆ । ਦਰਾੜ ਵਿਚੋਂ ਬਾਦਸ਼ਾਹ ਨੂੰ ਕੁਛ ਬੜਾ ਡਰਾਉਣਾ ਨਜ਼ਰ ਆਇਆ । ਭੈਭੀਤ ਹੋਇਆ ਬਾਦਸ਼ਾਹ ਓਸੇ ਵੇਲੇ ਚਲਾ ਗਿਆ ।

ਸਾਵਣ ਵਦੀ ਦਸਮੀ, ਬੁਧਵਾਰ, ੧੭੧੩ ਬਿ. ਨੂੰ ਗੁਰੂ ਹਰਿਕ੍ਰਿਸ਼ਨ ਜੀ ਪਰਗਟੇ ਸਨ, ਮਾਤਾ ਕਿਸ਼ਨ ਕੌਰ ਦੇ ਘਰ ।

Digitized by Panjab Digital Library | www.panjabdigilib.org

ਪੰਜ ਸਾਲ, ਦੋ ਮਾਹ, ਉਨੱਤੀ ਦਿਨ ਦੀ ਉਮਰ ਵਿਚ ਗੁਰੂ ਬਣੇ, ਦੋ ਸਾਲ, ਪੰਜ ਮਾਹ ਤੇ ਉੱਨੀ ਦਿਨ ਗੁਰਿਆਈ ਕੀਤੀ, ਤੇ ਪਰਲੋਕ ਸਿਧਾਰ ਗਏ।

ਅੰਸੂ ੫੫

(ਸੰਗਤ ਵਿਚ ਵਿਚਾਰ)

੧੭੨੧ ਬਿ. ਬੁਧਵਾਰ, ਚੇਤ ਸੁਦੀ ਚੌਂਦੇ ਨੂੰ ਅੱਠਵੇਂ ਪਾਤਸ਼ਾਹ ਪਰਲੋਕ ਸਿਧਾਰ ਗਏ। ਤਿੰਨ ਦਿਨ ਬੀਤਣ 'ਤੇ ਮਸੰਦ ਫੁੱਲ ਚੁਗਣ ਗਏ, ਤਾਂ ਸਿਰਫ਼ ਭਸਮ ਹੀ ਸੀ, ਜੋ ਜਮਨਾਂ ਵਿਚ ਪਰਵਾਹ ਦਿਤੀ।

ਰਾਜਾ ਜੈ ਸਿੰਘ ਨੇ ਮਾਤਾ ਕ੍ਰਿਸ਼ਨ ਕੌਰ ਨੂੰ ਹੌਸਲਾ ਦਿਤਾ, ਕਿ ਮੈਂ ਆਪ ਜੀ ਦਾ ਸੇਵਕ ਹਾਂ। ਗੁਰੂ ਦਾ ਭਾਣਾ ਮੰਨੋ।

ਅੰਸੂ ੫੬

(ਮਸੰਦਾਂ ਦਾ ਜ਼ੋਰ—ਗੁਰੂ ਦੀ ਭਾਲ)

ਸੰਗਤਾਂ ਸੁਣਨ, ਕਿ ਅੱਠਵੇਂ ਪਾਤਸ਼ਾਹ 'ਬਾਬਾ ਬਕਾਲੇ' ਕਹਿ ਗਏ ਹਨ। ਸੰਗਤਾਂ ਬਕਾਲੇ ਵੱਲ ਤੁਰ ਪਈਆਂ। ਛੋਟੇ ਵੱਡੇ ਸੋਢੀ ਸਭ 'ਬਕਾਲੇ' ਜਾ ਬੈਠੇ।

ਹਰ ਸੋਢੀ ਮਸੰਦਾਂ ਨੂੰ ਆਪਣੇ ਵੱਲ ਖਿਚਣ ਲੱਗਾ। ਉਹ ਕਹਿੰਦੇ, ਜੋ ਧਨ ਆਵੇ, ਤੁਸੀਂ ਸੰਭਾਲੋ, ਪਰ ਸੰਗਤਾਂ ਵਿਚ ਕਹੋ, ਕਿ ਅਸਲੀ ਗੁਰੂ ਏਹਾ ਹੈ।

ਇਸ ਤਰਾਂ ਮਸੰਦਾਂ ਨੂੰ ਬਹੁਤ ਹੰਕਾਰ ਹੋ ਗਿਆ।

"ਨਿਸ਼ਚੈ ਕਰਿ ਜਾਨਹੁ ਇਮ ਗਾਥਾ।
'ਗੁਰੂ ਬਨਾਵਨਿ ਹਮਰੇ ਹਾਥਾ'।...੨੦।"

ਗੱਦੀ ਦੇ ਚਾਹਵਾਨ ਮਸੰਦਾਂ ਦੇ ਰਹਿਮ 'ਤੇ ਹੋ ਗਏ। ਮਸੰਦ ਮਨ ਮਰਜ਼ੀ ਕਰਨ ਲਗ ਪਏ। ਬਾਈ ਸੋਢੀ ਮੰਜੀਆਂ ਲਾ ਬੈਠੇ।

"ਬੀਚ ਬਕਾਲੇ ਮੰਜੀ ਲਾਇ।
ਗੁਰ ਬਾਈਸ[1] ਭਏ ਮੁਦ ਪਾਇ।...੩੦।"

ਸਭ ਤੋਂ ਵਧੇਰੇ ਨਾਮ ਧੀਰ ਮੱਲ ਦਾ ਸੀ। ਉਹ ਆਪਣੇ ਆਪ ਨੂੰ ਹੀ ਅਸਲੀ ਗੁਰੂ ਦਸਦਾ ਸੀ।

ਪਰ ਗੱਦੀ ਦੇ ਅਸਲੀ ਮਾਲਕ ਤੇਗ਼ ਬਹਾਦਰ ਜੀ ਅੰਦਰ ਮਗਨ ਬੈਠੇ ਸਨ।

ਦੱਸਵਾਂ ਰਾਸ ਸਮਾਪਤ

(ਅੱਗੇ ਵੇਖੋ 'ਸਿੱਖ ਇਤਿਹਾਸ ਦੇ ਸੋਮੇ' ਪੰਜਵਾਂ ਭਾਗ)

---

1. (ਸਾਡੇ ਵਿਚਾਰ ਅਨੁਸਾਰ ਸਿਰਫ਼ ਤਿੰਨ ਸੋਢੀ ਗੱਦੀ ਲਾ ਕੇ ਬੈਠੇ ਸਨ। ਵੇਖੋ 'ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਤੇਗ਼ ਬਹਾਦਰ ਜੀ।)

Digitized by Panjab Digital Library | www.panjabdigilib.org

ਸ਼ਬਦਾਰਥ

(ਅੱਖਰ ਕ੍ਰਮ ਅਨੁਸਾਰ)

ਉਤੰਗ=ਉੱਚਾ, ਉਪਰ ।
ਉਤਪਾਤ=ਉਪੱਦਰ ।
ਉਤਲਾਵਤ=ਛੇਤੀ, ਜਲਦੀ ।
ਉਦਰ=ਪੇਟ ।
ਉਦਾਰ=ਕਿਰਪਾਲੂ, ਪਰਗਟ ।
ਉਦੈ=ਪਰਗਟ, ਤਿਆਰ ।
ਉਪਾਰੇ=ਖੋਹਲੇ ।
ਉਭੈ=ਦੋ, ਦੋਵੇਂ ।
ਉਰ=ਹਿਰਦਾ ।
ਊਨ=ਘੱਟ, ਊਣਾ ।
ਓਜ=ਬਲ, ਸ਼ਕਤੀ, ਕਰਾਮਾਤ ।
ਅਸੌਜ=ਅੱਸੂ (ਮਹੀਨਾ ।)
ਅਸੰਜਤ ਕਰਨਾ=ਇਕੱਠਾ ਕਰਨਾ, ਬੰਦ ਕਰਨਾ ।
ਅਸ਼ਟ=ਅੱਠ ।
ਅਸਤਰ=ਮੰਤਰ ਨਾਲ ਚੱਲਣ ਵਾਲਾ ਹਥਿਆਰ ।
ਅਸਥਿ=ਅਸਥੀ, ਹੱਡੀਆਂ, ਮਿਰਤਕ ਦੇ ਫੁੱਲ ।
ਅਸਨ=ਖ਼ੁਰਾਕ, ਭੋਜਨ ।
ਅਸਾਰ=ਅ+ਸਾਰ, ਝੂਠੀਆਂ ।
ਅਸੁਰ=ਅ+ਸੁਰ, ਦੈਂਤ, ਰਾਕਸ਼ ।
ਅਸਮੰਜਸ=ਝਮੇਲਾ, ਉਲਝਣ, ਉਲਟ-ਪੁਲਟ, ਵਿਰੋਧੀ ਖ਼ਿਆਲ ।

ਆਇਸ=ਆਗਿਆ, ਹੁਕਮ ।
ਅਹਿਲਾਦ=ਅਨੰਦ, ਖ਼ੁਸ਼ੀ ।
ਅਹਿਲਾਦੀ=ਅਨੰਦ ਦਾਤਾ ।
ਅਹਾਰ=ਖਾਣਾ, ਭੋਜਨ ।
ਅਘ=ਪਾਪ ।
ਅਘਾਏ=ਰੱਜ ਗਏ ।
ਅਚਨ=ਖਾਣਾ ।
ਅਚੱਲ=ਅ+ਚੱਲ, ਸਦਾ ਥਿਰ, ਨਾ ਹਿੱਲਣ ਵਾਲਾ ।
ਅਛੇਹ=ਇਕ ਰਸ ।
ਅਜਰ=ਅ+ਜਰ, ਨਾ ਜਰਿਆ ਜਾਣ ਵਾਲਾ ।
ਅਨੰਨ=ਅਨਿੰਨ ਭਗਤ, ਜੋ ਓਸੇ ਜੋਗਾ ਹੋਵੇ ।
ਅਨੂਪ=ਅਨ+ਉਪ, ਜਿਸ ਦੀ ਉਪਮਾ ਨਾ ਹੋ ਸਕੇ, ਜਿਸ ਵਰਗਾ ਹੋਰ ਕੋਈ ਨਾ ਹੋਵੇ ।
ਅਨੁਰਾਗ=ਪਿਆਰ, ਮੋਹ, ਲੋਭ ।
ਅਪਰ=ਦੂਸਰਾ, ਹੋਰ ਕੋਈ ।
ਅਭਿਖੇਕ=ਤਿਲਕ ।
ਅਭਿਖੇਕਨ ਰਾਜ=ਰਾਜ ਤਿਲਕ ।
ਅਭਿਰਾਮ=ਸੁੰਦਰ, ਉੱਤਮ, ਨਾਮਵਰ ।
ਅਭਿਲਾਖੀ=ਚਾਹਵਾਨ ।
ਅਰਿ=ਵੈਰੀ ।

Digitized by Panjab Digital Library | www.panjabdigilib.org

ਅਰਣੋਦੇ=ਅਰਣ+-ਉਦੇ,ਚੜ੍ਹਦਾ ਸੂਰਜ।
ਅਲਪ=ਥੋੜਾ, ਛੋਟਾ।
ਅਲੰਬ=ਆਸਰਾ, ਸਹਾਰਾ।
ਅਲਾਯੋ=ਕਿਹਾ।
ਅਵਾਸ=ਘਰ।
ਅਵਿਦਾਤਿ=ਉੱਜਲ, ਤੇਜ਼।
ਅਵਨੀ=ਧਰਤੀ, ਪ੍ਰਿਥਵੀ।
ਅਵਿਲੋਕ=ਵੇਖ ਕੇ।
ਆਨਨ=ਮੁੱਖ, ਚੇਹਰਾ।
ਆਮਿਖ=ਮਾਸ।
ਆਰਬਲ=ਆਰਬਲਾ, ਉਮਰ।
ਆਲੂਦ=ਪਲੀਦ, ਅਪਵਿੱਤਰ, ਲਿਬੜਿਆ ਹੋਇਆ।
ਐਚਨਾ=ਖਿਚਣਾ।
ਐਰਾਵਤੀ=ਰਾਵੀ ਨਦੀ।
ਅੰਸੂ=ਅੰਸ਼ੁ, ਕਿਰਣ, ਹਿੱਸਾ।
ਅੰਚਰ=ਅੰਚਲ, ਆਂਚਲ, ਪੱਲਾ।
ਅੰਤਰ-ਧਯਾਨ ਹੋਣਾ=ਲੋਪ ਹੋ ਜਾਣਾ, ਲੁਕ ਜਾਣਾ।
ਅੰਬਾਰ=ਢੇਰ।
ਇਲਾ=ਇਲਾਇਚੀ।
ਸ਼ਸਤਰ=ਹੱਥ ਨਾਲ ਚੱਲਣ ਵਾਲਾ ਹਥਿਆਰ।
ਸਹੰਸ੍ਰ=ਸਹੰਸਰ, ਹਜ਼ਾਰ।
ਸਕਲ=ਸਾਰੇ, ਸਗਲ।
ਸ਼ਕੇਲੇ=ਇਕੱਠੇ ਕੀਤੇ।
ਸਖਾ=ਮਿੱਤਰ।
ਸਚਿਵ=ਮੰਤਰੀ, ਵਜ਼ੀਰ।
ਸ਼ਤ=ਸਤ, ਸੌ।
ਸਤੁਤਿ=ਉਸਤਤ।
ਸਥਿਤ=ਬੈਠੇ।
ਸਦਨ=ਘਰ।
ਸਪਤ=ਸੌਂਹ, ਸੁਗੰਧ।

ਸਫਰੀ=ਮਛਲੀ।
ਸਮ=ਬਰਾਬਰ।
ਸਮਸਰ=ਬਰਾਬਰ।
ਸਮੀਪ=ਸਮੀਪੀ, ਨੇੜੇ, ਕੋਲ।
ਸਰ=ਸਰੋਵਰ।
ਸਰਿਤਾ=ਨਦੀ।
ਸਰਪੀ=ਘਿਉ।
ਸਰਬ=ਸਾਰਾ।
ਸ੍ਰੀ=ਲਛਮੀ=ਵਿਸ਼ਨੂੰ ਦੀ ਪਤਨੀ।
ਸ਼੍ਰੇਯ=ਉਤਮ, ਮੁਕਤੀ।
ਸਲਿਤਾ=ਨਦੀ।
ਸਲਿਤਾ ਪਤਿ ਸਮੁੰਦਰ। ਨਦੀਆਂ ਦਾ ਪਤੀ।
ਸਾਯੁੱਧ=ਯੁੱਧ ਵਾਸਤੇ ਤਿਆਰ।
ਸਾਰ=ਸੱਚ, ਸੱਚੀਆਂ।
ਸਾਰਸੁਤੀ=ਸਾਰਦਾ, ਸੁਰਸਤੀ ਦੇਵੀ।
ਸਿਸ=ਬਾਲਕ, ਸਿੱਖ, ਚੇਲਾ।
ਸਿਪਰ=ਢਾਲ।
ਸਾਂਡ=ਬਾਜੀ।
ਸੀਤਲਾ=ਚੀਚਕ, ਇਕ ਦੇਵੀ।
ਸ਼ੁਸ਼ਕ=ਖ਼ੁਸ਼ਕ।
ਸੁਖਦਾ=ਸੁੱਖਾਂ ਦੀ ਦਾਤੀ।
ਸੁਤ=ਪੁੱਤਰ।
ਸੁਤਾ=ਪੁੱਤਰੀ।
ਸੁਧਾਰਤਿ=ਫਬਨ।
ਸੁਪ੍ਤਿ=ਸੁੱਤਾ ਹੋਇਆ।
ਸੁਮਗ=ਸੁ+ਮਗ,ਸਿੱਧਾ ਰਸਤਾ,ਮਾਰਗ।
ਸੁਰ=ਦੇਵਤੇ।
ਸੁਰਸਰਿ=ਸੁਰਸਰੀ, ਗੰਗਾ ਨਦੀ।
ਸ੍ਰੁਕਰ=ਸੂਰ।
ਸ੍ਰੁਤ=ਜਨੇਊ।
ਸ੍ਰੁਰਤਾ=ਸੂਰਮਤਾਈ।
ਸੇਖ=ਸ਼ੇਸ਼, ਬਾਕੀ।

Digitized by Panjab Digital Library | www.panjabdigilib.org

ਸੰਘਰ=ਸੰਘਰਸ਼, ਯੁੱਧ ।
ਸੰਘਾਰਨਾ—ਮਾਰਨਾ ।
ਸੰਤਤ=ਅੰਸ, ਔਲਾਦ ।
ਸੰਪਦਾ=ਧਨ, ਦੌਲਤ ।
ਸੰਮਤ=ਸਾਲ ।
ਹਕਾਰਨਾ=ਪੁਕਾਰਨਾ, ਬੁਲਾਉਣਾ ।
ਹਟਕਾਰਨਾ=ਹਟਕਣਾ, ਰੋਕਣਾ ।
ਹਤਹੁ ਮਾਰੋ ।
ਹੰਯੇ=ਘੋੜਾ ।
ਹਰਖ=ਖ਼ੁਸ਼ੀ ।
ਹਲਤਿ ਪਲਤਿ=ਏਥੇ ਓਥੇ, ਦੋਹੀਂ ਜਹਾਨੀ ।
ਹੇਰਿ=ਵੇਖ ਕੇ ।
ਹੋਰੀ=ਹੋਂਲੀ ।
ਕਰ=ਹੱਥ ।
ਕਰੂਰ=ਜ਼ਾਲਮ, ਦੁਸ਼ਟ ।
ਕਲਿ=ਕਲਿਜੁਗ ।
ਕਲੁਖ=ਕਾਖ, ਪਾਪ ।
ਕਾਸ਼ਟ=ਲੱਕੜੀ ।
ਕਾਂਖਾ=ਇੱਛਿਆ, ਖ਼ਾਹਸ਼ ।
ਕਾਨ=ਕਾਨਨ, ਕੰਨ ।
ਕਾਲਿੰਦਰੀ=ਜਮਨਾ ਨਦੀ ।
ਕਿਲਕ=ਕਿੱਲਾ ।
ਕੀਲਕ=ਕਿੱਲੀ ।
ਕੁਸ਼ਾ=ਬ੍ਰਹਿਮਣੀ ਮਤ ਅਨਸਾਰ, ਹੇਠਾਂ ਦੱਭ ਵਿਛਾ ਕੇ, ਉਪਰ ਮਰਨ ਵਾਲੇ ਦਾ ਬਿਸਤਰਾ ਕਰਦੇ ਹਨ। ਮੰਜੇ ਉਤੇ ਕੋਈ ਮਰ ਜਾਏ, ਤਾਂ ਗਤੀ ਨਹੀਂ ਹੁੰਦੀ ।
ਕੁਸ਼ਾਮਤ=ਖ਼ੁਸ਼ਾਮਦ ।
ਕੁਮਗ=ਕੁ ਮਾਰਗ, ਪੁਠਾ ਰਾਹ ।
ਕੁਲਹਿ=ਟੋਪੀ ।
ਕੁਵਿੰਦ=ਜੁਲਾਹਾ ।

ਕੂਲ=ਨਦੀ ।
ਕੋਪ=ਗੁੱਸਾ, ਕ੍ਰੋਧ ।
ਕੰਕਨ=ਕੜਾ ।
ਕੰਚਨ=ਸੋਨਾ ।
ਕੰਪ=ਕੰਬਣੀ ।
ਕੁੰਕਮ=ਕੇਸਰ ।
ਕੁੰਡਲ=ਮੁੰਦਰਾਂ ।
ਖੱਗ=ਪੰਛੀ ।
ਖਟ=ਛੇ ।
ਖਨਾਇ=ਖੋਦ ਕੇ, ਪੁੱਟ ਕੇ ।
ਖੜਗ=ਤਲਵਾਰ ।
ਖਿੰਥਾ=ਗੋਦੜੀ ।
ਖੇਦ=ਦੁੱਖ, ਕਲੇਸ਼ ।
ਗਜ=ਹਾਥੀ ।
ਗਤਿ=ਗਤੀ, ਚਾਲ ।
ਗਨ=ਬਹੁਤ ਸਾਰੇ ।
ਗਨਕ=ਜੋਤਸ਼ੀ ।
ਗਨਪਤਿ=ਗਣੇਸ਼ ।
ਗਮਨ=ਜਾਣਾ ।
ਗਰ=ਗਲ ।
ਗਲੀਨ=ਗੱਲਾਂ ਨਾਲ ।
ਗਲੌਰੀ=ਪਾਨ ।
ਗਿਰਾ=ਬਚਨ, ਵਾਕ ।
ਘਨ=ਬੱਦਲ ।
ਘਾਮ=ਧੁੱਪ ।
ਚਤਰ=ਬੁੱਧੀਵਾਨ ।
ਚਤੁਰ=ਚਾਰ ।
ਚਰਿਤਾ=ਚਰਿਤ, ਚਰਿਤਰ, ਖੇਲ ।
ਚਾਰ=ਸੁੰਦਰ, ਚਾਰੁ ।
ਚਾਰ ਆਸ਼ਰਮ=ਬ੍ਰਹਮ ਚਰਜ, ਗ੍ਰਿਸਤ, ਬਾਨ ਪ੍ਰਸਤ, ਸੰਨਿਆਸ ।
ਚਾਰ ਬੇਦ=ਰਿਗ, ਯਜੁਰ, ਸ਼ਾਮ, ਅਥਰਬਣ ।

Digitized by Panjab Digital Library | www.panjabdigilib.org

ਚਾਰ ਬਰਨ (ਵਰਣ)=ਬ੍ਰਹਿਮਣ, ਛੱਤ੍ਰੀ, ਵੈਸ਼, ਸ਼ੂਦ (ਸ਼ੂਦਰ)।

ਚਾਰ ਪਦਾਰਥ=ਧਰਮ, ਅਰਥ, ਕਾਮ, ਮੋਖ।

ਚਾਰ ਮੋਖ(ਮੁਕਤੀਆਂ)=ਸਾਲੋਕ,ਸਾਰੂਪ, ਸਮੀਪ, ਸਾਬੁਜ।

ਚਿੰਨ੍ਹ=ਨਸ਼ਾਨ।

ਚਿੰਨ੍ਹਤ=ਨਸ਼ਾਨ ਪਏ ਹੋਏ।

ਛਿਤਿ=ਪ੍ਰਿਥਵੀ, ਧਰਤੀ।

ਛੁਧਿਤ=ਭੁੱਖਾ।

ਛੂਛਾ=ਖ਼ਾਲੀ।

ਛੇਮ=ਖੇਮ, ਕੁਸ਼ਲ, ਸੁਖ, ਆਰਾਮ।

ਜਨਨੀ=ਮਾਤਾ।

ਜਲਪਤਿ=ਵਰਣ, ਪਾਣੀ ਦਾ ਦੇਵਤਾ, ਖ਼ਵਾਜਾ ਖ਼ਿਜ਼ਰ।

ਜਾਮ=ਪਹਿਰ।

ਜਾਲ=ਫਾਹੀ, ਪਸਾਰਾ।

ਜੁਗ=ਦੋ।

ਜੁਤਿ=ਸਮੇਤ।

ਜੁਰ=ਜ਼ੂਰ, ਬੁਖ਼ਾਰ, ਤਾਪ।

ਜੋਸੋ=ਵੇਖਿਆ।

ਠਾਂਢੇ=ਖਲੇ।

ਠੌਰ=ਥਾਂ, ਆਸਰਾ।

ਤਸਕਰ=ਚੋਰ।

ਤਨਿਯਾਂ=ਤਨੀਯਾਂ, ਪੁੱਤਰੀ।

ਤਨਵੈ=ਸੋਹਲ ਅੰਗਾਂ ਵਾਲੀ।

ਤਰੁ=ਬਿਰਛ।

ਤਰਕ=ਆਲੋਚਨਾ, ਨੁਕਤਾਚੀਨੀ।

ਤਰਕਨਾ=ਆਲੋਚਨਾ ਕਰਨਾ, ਵਿਰੋਧ ਕਰਨਾ।

ਤਰਨ=ਜਵਾਨ।

ਤਰਨੀ=ਕਿਸ਼ਤੀ, ਬੇੜੀ।

ਤ੍ਰਾਸ=ਡਰ, ਭੈ, ਫ਼ਿਕਰ।

ਤ੍ਰਿਸਟਸਿ=ਤ੍ਰਿਪਤ।

ਤ੍ਰਿਯਾ=ਇਸਤਰੀ।

ਤੇਂਦਸ=ਤਿੰਨ+ਦਸ, ਤੇਰਾਂ।

ਤਾਪ+ਗਰਮੀ।

ਤੁਰਕੇਸ਼ਰ=ਮੁਸਲਮ ਬਾਦਸ਼ਾਹ।

ਤੁਰੰਗ=ਘੋੜਾ।

ਤੂਰਨ=ਛੇਤੀ, ਜਲਦੀ।

ਥਿਰਹੁ=ਠਹਿਰੋ, ਖਲੇ ਰਹੋ।

ਦਹਿਯੋ=ਭਸਮ ਹੋਇਆ, ਨਾਸ ਹੋਇਆ।

ਦਮਾਦ=ਜਵਾਈ, ਦਾਮਾਦ।

ਦਰੀਚੀ=ਬਾਰੀ।

ਦਰਬ=ਧਨ, ਦੌਲਤ।

ਦ੍ਵਾਦਸ=ਬਾਰਾਂ।

ਦ੍ਵੈਸ਼=ਈਰਖਾ।

ਦਾਰਾ=ਇਸਤਰੀ।

ਦਾਰੁਨ=ਭਿਆਨਕ, ਡਰਾਉਣਾ।

ਦਿਜ=ਬ੍ਰਹਮਣ।

ਦਿਜਬਰ=ਉੱਤਮ ਬ੍ਰਹਿਮਣ।

ਦਿਪਤਿ=ਪਰਗਟ, ਜਾਹਰ।

ਦ੍ਰਿਸ਼ਟ=ਅੱਖਾਂ, ਨਜ਼ਰ।

ਦੀਨ=ਗ਼ਰੀਬ, ਦੁਖੀ।

ਦੀਰਘ=ਵੱਡਾ।

ਦੁਤਿਵਾਰ=ਸੁੰਦਰ ਢੰਗ ਨਾਲ।

ਦੁਰ=ਲੁਕਿਆ।

ਦੰਭ=ਪਖੰਡ।

ਧਰਨੀ=ਧਰਤੀ।

ਧੇਨ=ਗਊ।

ਨਖਾ=ਨੌਂਹ, ਨੌਂਹਧਰ।

ਨਤੁ=ਨਹੀਂ ਤਾਂ।

ਨਮੋ=ਨਮਸਕਾਰ।

ਨਵਧਾ ਭਗਤੀ=ਨੌਂ ਪ੍ਰਕਾਰ ਦੀ ਭਗਤੀ

ਨਾਗਰਬੇਲ=ਪਾਨ, ਪਾਨ ਦੀ ਵੇਲ।

ਨਿਹਾਰ=ਵੇਖ।

Digitized by Panjab Digital Library | www.panjabdigilib.org

ਨਿਕੇਤਿ=ਘਰ, ਅੰਦਰ ।
ਨਿਨਾਵਾਂ=ਜਿਸ ਦੇ ਪਿਤਾ ਦਾ ਪਤਾ ਨਾ ਹੋਵੇ । ਗਾਹਲ ।
ਨਿਰਧਾਰੇ=ਸਮਝੇ ।
ਨਿਰਵਾਰੇ=ਦੂਰ ਕਰੇ ।
ਨ੍ਰਿਪ=ਰਾਜਾ ।
ਨੀਕਾ=ਨੀਕੀ ਨੀਕੋ ਸੁੰਦਰ,ਚੰਗਾ ।
ਨੀਰਜ=ਕੰਵਲ ।
ਨੇਹ=ਨੇਹੁੰ, ਪ੍ਰੇਮ ।
ਨੰਦ=ਨੰਦਨ ਪੁੱਤਰ ।
ਪਹਿਤ ਭਾਤ=ਦਾਲ ਚੌਲ ।
ਪਖਾਰਨਾ=ਧੋਣਾ ।
ਪਗ=ਪੈਰ, ਚਰਨ ।
ਪਟ=ਕੱਪੜਾ, ਤਖ਼ਤਾ, ਉਹਲਾ ।
ਪਤ੍ਰੀ=ਚਿੱਠੀ ।
ਪਦ=ਪੈਰ, ਵਾਕ, ਮਿਸਰਾ ।
ਪਪੀਲਕਾ=ਕੀੜੀਆਂ ।
ਪਯ=ਦੁੱਧ ।
ਪਰਹਰਨਾ=ਤਿਆਗਣਾ, ਮਿਟਾਉਣਾ ।
ਪ੍ਰਬੀਨ=ਪੂਰਨ, ਨਿਪੁੰਨ ।
ਪ੍ਰਯੰਕ=ਪਲੰਘ ।
ਪ੍ਰਾਤ=ਸਵੇਰ ।
ਪਲਟਾ=ਬਦਲਾ ।
ਪਾਇਨ=ਪੈਰ ।
ਪਾਂਸ=ਫਾਂਸੀ ।
ਪਾਤਿ=ਪਾਲ, ਪੰਗਤ ।
ਪਾਤਕੀ=ਪਾਪੀ ।
ਪਾਵਕ=ਅੱਗ ।
ਪਾਵਨ=ਪਵਿੱਤਰ ।
ਪਿਜਾਨਾ=ਪਿਆਨਾ, ਜਾਣਾ ।
ਪਿਖਹੁ=ਵੇਖੋ ।
ਪ੍ਰਿਸਟਿ=ਪਿੱਠ, ਸਫ਼ਾ, ਪੰਨਾ ।
ਪ੍ਰਿਥਕ=ਵੱਖਰਾ ।

ਪੁਸ਼ਪ=ਫੁੱਲ ।
ਪੁਰ=ਨੱਗਰ, ਪਿੰਡ ।
ਪੂਰਬ=ਪਹਿਲਾਂ ।
ਪੈ=ਦੁੱਧ ।
ਪੋਸ਼ਸ਼=ਪੁਸ਼ਾਕ ।
ਪੌਢੇ=ਲੇਟੇ ਹੋਏ ।
ਪੌਨ ਹਾਂਕਨਾ=ਪੱਖਾ ਝੱਲਣਾ ।
ਪੌਰ=ਦਰਵਾਜ਼ਾ, ਬੂਹਾ ।
ਪੰਕਜ=ਕੰਵਲ ਫੁੱਲ ।
ਫਾਗ=ਹੋਲੀ ।
ਫਿਰਾਦੀ=ਫ਼ਰਯਾਦੀ ।
ਬਸਾਯੇ=ਵੱਸ ਵਿਚ, ਪੇਸ਼ ਗਈ ।
ਬਖਾਨਾ=ਕਿਹਾ ।
ਬਚ=ਬਚਨ, ਵਾਕ ।
ਬਦਨ=ਮੁੱਖ, ਚਿਹਰਾ ।
ਬਨਿਤਾ=ਇਸਤਰੀ ।
ਬਰ=ਸੁੰਦਰ, ਉੱਤਮ ।
ਬਰਨ=ਵਰਣ, ਪਾਣੀ ਦਾ ਦੇਵਤਾ, ਖ਼ਵਾਜਾ ਖ਼ਿਜਰ ।
ਬਰਨੀ=ਵਰਣਨ ਕੀਤੀ ।
ਬਰਨੇ=ਕਹੇ ।
ਬ੍ਰਿਣ=ਫੋੜਾ ।
ਬਾਇਸ=ਕਾਂ ।
ਬਾਸਨ=ਬਰਤਨ ।
ਬਾਘ=ਸ਼ੇਰ ।
ਬਾਚਕ=ਵਾਚਕ, ਵਾਚਣ ਵਾਲਾ ।
ਬਾਦ=ਝਗੜਾ, ਬਅਰਥ ।
ਬਾਪੀ=ਬਾਉਲੀ ।
ਬਾਪਿਕਾ=ਬਾਉਲੀ ।
ਬਾਵਰੀ=ਪਾਗ਼ਲ, ਕਮਲੀ ।
ਬਿਸ=ਵਿਹੁ, ਜ਼ਹਿਰ ।
ਬਿਸਤਾਰਨਾ=ਬਿਸਤਰਾ ਵਿਛਾਉਣਾ ।
ਬਿਸਦ=ਸਫ਼ੈਦ ।

Digitized by Panjab Digital Library | www.panjabdigilib.org

ਬਿਸਾਲ=ਬਹੁਤਾ ।
ਬਿਸਮਾਏ=ਹੈਰਾਨ ਹੋਏ ।
ਬਿਕਸੇ=ਖ਼ੁਸ਼ ਹੋਏ ।
ਬਿਦਤ=ਪਰਗਟ ।
ਬਿਦਾਰਨਾ=ਢਾਹੁਣਾ ।
ਬਿਪਾਸਾ=ਬਿਆਸਾ ਨਦੀ ।
ਬਿਪ੍=ਬ੍ਰਹਿਮਣ ।
ਬਿਮਲ=ਬਿ+ਮਲ, ਨਿਰਮਲ, ਸਾਫ਼ ।
ਬ੍ਰਿੰਦ=ਸਾਰੇ ।
ਬਿਲਾਏ=ਨਾਸ ਹੋਏ, ਐਵੇਂ ਗਏ ।
ਬੀਨਤ=ਚੁਣਿਆਂ, ਭਾਲਿਆ ।
ਬੀਨ ਲੇ=ਚੁਣ ਲਏ ।
ਬੂਝੀ=ਸੁਣੀ ।
ਬੂਝਨਾ=ਪੁਛਣਾ ।
ਬੈਸ=ਉਮਰ ।
ਬੈਨ=ਬਚਨ ।
ਬੋਹਥਾ=ਜਹਾਜ਼ ।
ਬੋੜਿਆ=ਰੋਹੜਿਆ, ਪਾਇਆ ।
ਭਖਣਾ=ਖਾਣਾ ।
ਭਨੇ=ਕਹੇ ।
ਭਾਖੀ=ਕਹੀ ।
ਭਾਰਜਾ=ਪਤਨੀ ।
ਭਾਲ=ਮੱਥਾ ।
ਭੀਤ=ਕੰਧ ।
ਭੁਜ=ਭੁਜਾ ਬਾਂਹ ।
ਭੂਤਲ=ਭੋਇੰ ।
ਭੂਪ=ਭੂਪਤਿ, ਰਾਜਾ ।
ਭੇਦ=ਫ਼ਰਕ ।
ਭੋਰ=ਸਵੇਰ ।
ਮਸਲਤ=ਸਲਾਹ ।
ਮਸਵਾਣੀ=ਸਿਆਹੀ ।
ਮਹਿਲਾ=ਇਸਤਰੀ ।
ਮਖਤੂਲ=ਰੇਸ਼ਮ, ਪੱਟ ।
ਮੱਜਨ=ਇਸ਼ਨਾਨ ।
ਮਨਿੰਦ=ਵਰਗਾ ।
ਮਰਾਲ=ਹੰਸ ।
ਮਾਦਿਕ=ਨਸ਼ਾ ਦੇਣ ਵਾਲੀ ਵਸਤੂ ।
ਮਾਰਤੰਡ=ਸੂਰਜ ।
ਮ੍ਰਿਤ=ਮ੍ਰਿਤੂ ਮੌਤ ।
ਮ੍ਰਿਤਕਾ=ਮਿੱਟੀ, ਟੋਕਰੀ ।
ਮੁਸ਼ਟ=ਮੁੱਠ ।
ਮੁਚਿਤ=ਛੁਟਦੇ ਹਨ ।
ਮੁਦ=ਖ਼ੁਸ਼ੀ ।
ਮੂੰਡ=ਸਿਰ ।
ਮੇਦ=ਮਿਝ ।
ਰਸਾਤਲ=ਨਰਕ, ਪਾਤਾਲ ।
ਰਤਿ=ਰਤੀ, ਕਾਮਦੇਵ ਦੀ ਪਤਨੀ, ਕਾਮ ਵਾਸ਼ਨਾ ਵੱਲ ਪ੍ਰੇਰਿਤ ਹੋਣਾ।
ਰਵਿ=ਸੂਰਜ ।
ਰਾਉ=ਰਾਜਾ, ਅਮੀਰ ।
ਰਾਜਹੁ=ਰਾਜ ਕਰੋ ।
ਰਾਵਰ=ਰਾਜਾ, ਪ੍ਰਭੂ ।
ਰਿਸ=ਗੁੱਸਾ, ਕ੍ਰੋਧ ।
ਰਿਪੁ=ਵੈਰੀ ।
ਰੁਚਿਰ=ਰੁਚੀ ਪੂਰਨ ਵਾਲਾ,ਚੰਗਾ,ਸੁੰਦਰ
ਰੁਜ=ਰੋਗ, ਬੀਮਾਰੀ ।
ਰੁਦਨ=ਰੋਣਾ, ਵਿਰਲਾਪ ।
ਰੁਧਰ=ਰੁਦਰ, ਲਹੂ ।
ਰੰਕ=ਕੰਗਾਲ, ਗ਼ਰੀਬ ।
ਲਖ=ਜਾਣ ।
ਲਖ ਲਿਆ=ਜਾਣ ਲਿਆ ।
ਲਘੁ=ਛੋਟਾ ।
ਲੱਛ=ਲੱਖ (ਗਿਣਤੀ) ।
ਲਵਪੁਰ=ਲਾਹੌਰ ।
ਵਿਸੇਖ=ਵਿਸ਼ੇਸ਼, ਉਚੇਚਾ, ਵਧੇਰੇ ।
ਵਿਸਨ=ਵਿਸ਼ਨੂ, ਬਿਸ਼ਨੂ, ਬਿਸਨ ।

Digitized by Panjab Digital Library | www.panjabdigilib.org


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1570

Digitized by Panjab Digital Library | www.panjabdigilib.org

ਸੋਹਣ ਸਿੰਘ ਸੀਤਲ



ਸੋਹਣ ਸਿੰਘ ਸੀਤਲ

Digitized by Panjab Digital Library | www.panjabdigilib.org